# ਨਾਮਧਾਰੀ ਲਹਿਰ



ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਨਾਮਧਾਰੀ ਲਹਿਰ

ਸੰਪਾਦਕ

ਹਰਮਿੰਦਰ ਸਿੰਘ ਬੇਦੀ

ਜਸਵਿੰਦਰ ਸਿੰਘ

ਗੁਰੂ ਨਾਨਕ ਦੇਵ ਯੂਨੀਵਰਸਿਟੀ

ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com

©
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
2004

ISBN 81-7770-107-X

# ਨਾਮਧਾਰੀ ਲਹਿਰ

*ਸੰਪਾਦਕ*

ਹਰਮਿੰਦਰ ਸਿੰਘ ਬੇਦੀ
*ਪ੍ਰੋਫੈਸਰ ਤੇ ਮੁਖੀ,*
ਨਾਮਧਾਰੀ ਗੁਰੂ ਰਾਮ ਸਿੰਘ ਚੇਅਰ
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

ਜਸਵਿੰਦਰ ਸਿੰਘ
2348 ਬੀ,
ਰਜਾ ਪਾਰਕ ਸ਼ਕੂਰ ਬਸਤੀ,
ਦਿੱਲੀ-110034.

ਮੁੱਲ : 200/- ਰੁਪਏ

ਡਾ. ਆਰ. ਐਸ. ਬਾਵਾ, ਰਜਿਸਟਰਾਰ ਵਲੋਂ ਪ੍ਰਕਾਸ਼ਿਤ ਅਤੇ ਜਗਜੀਤ ਸਿੰਘ ਵਾਲੀਆ,
ਡਾਇਰੈਕਟਰ ਪ੍ਰੈਸ ਅਤੇ ਪ੍ਰਕਾਸ਼ਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ ਵਲੋਂ ਮੁਦ੍ਰਿਤ।

Sri Satguru Jagjit Singh Ji Elibrary NamdhariElibrary@gmail.com

# ਦੋ ਸ਼ਬਦ

ਨਾਮਧਾਰੀ ਲਹਿਰ ਦਾ ਸਵਤੰਤਰਤਾ ਸੰਗਰਾਮ ਵਿਚ ਉੱਘਾ ਯੋਗਦਾਨ ਹੈ, ਆਰੰਭਕ ਸੁਤੰਤਰਤਾ ਅੰਦੋਲਨ ਦੇ ਮੁੱਖ ਸਰੋਕਾਰ ਨਾਮਧਾਰੀ ਆਗੂਆਂ ਦੇ ਯਤਨਾਂ ਨਾਲ ਹੀ ਜੁੜੇ ਹੋਏ ਸਨ। ਨਾਮਧਾਰੀ ਲਹਿਰ ਨੇ ਲੋਕਾਂ ਵਿਚ ਸਵਦੇਸ਼ੀ ਦੀ ਭਾਵਨਾ ਵੀ ਜਾਗਰਿਤ ਕੀਤੀ ਅਤੇ ਉਨ੍ਹਾਂ ਲੋਕਾਂ ਪ੍ਰਤੀ ਵਿਦਰੋਹ ਵੀ ਪੈਦਾ ਕੀਤਾ ਜਿਨ੍ਹਾਂ ਨੇ ਭਾਰਤ ਨੂੰ ਗੁਲਾਮ ਬਣਾ ਰਖਿਆ ਸੀ। ਨਾਮਧਾਰੀ ਲਹਿਰ ਨੇ ਰਾਜਨੀਤਕ ਚੇਤਨਾ ਦੇ ਨਾਲ ਨਾਲ ਸਮਾਜਿਕ ਜਾਗ੍ਰਤੀ ਵੀ ਪੈਦਾ ਕੀਤੀ। ਸਮਾਜ ਸੁਧਾਰ ਨੂੰ ਵੀ ਨਾਮਧਾਰੀ ਲਹਿਰ ਦੇ ਆਗੂਆਂ ਨੇ ਆਪਣਾ ਮੁੱਖ ਟੀਚਾ ਮਿਥਿਆ, ਇਸੇ ਲਈ ਸਿੱਖ ਭਾਈਚਾਰੇ ਵਿਚ ਵੀ ਆਪਣੇ ਵਿਰਸੇ ਪ੍ਰਤੀ ਮੁੜ ਤੋਂ ਸੁਚੇਤ ਹੋਣ ਦੀ ਤਾਂਘ ਪੈਦਾ ਹੋਈ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੀਆਂ ਜਿਹੜੀਆਂ ਪ੍ਰਸਥਿਤੀਆਂ ਪੈਦਾ ਹੋਈਆਂ, ਉਨ੍ਹਾਂ ਨੇ ਸਿੱਖ ਜਗਤ ਸਾਹਮਣੇ ਕਈ ਪ੍ਰਸ਼ਨ ਖੜੇ ਕਰ ਦਿੱਤੇ ਇਨ੍ਹਾਂ ਪ੍ਰਸ਼ਨਾਂ ਦਾ ਪਹਿਲਾ ਉੱਤਰ ਸਭਿਆਚਾਰਕ, ਸਮਾਜਿਕ ਅਤੇ ਰਾਜਨੀਤਕ ਤੌਰ ਤੇ ਨਾਮਧਾਰੀ ਲਹਿਰ ਨੇ ਹੀ ਸਭ ਤੋਂ ਪਹਿਲਾਂ ਦੇਣ ਦੀ ਕੋਸ਼ਿਸ਼ ਕੀਤੀ। ਇਸ ਸਮੁੱਚੇ ਵਰਤਾਰੇ ਨੇ ਰਾਸ਼ਟਰੀ ਅੰਦੋਲਨ ਨੂੰ ਵੀ ਗਤੀਸ਼ੀਲ ਕੀਤਾ।

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀ ਸਿੱਖਾਂ ਦਾ ਸਨਮਾਨਿਤ ਸਥਾਨ ਹੈ। ਉਹ ਇਕ ਪਾਸੇ ਨਾ ਮਿਲਵਰਤਣ ਅਤੇ ਦੂਜੇ ਪਾਸੇ ਸਵਦੇਸ਼ੀ ਲਹਿਰ ਦੇ ਮੋਢੀ ਸਨ। ਉਨ੍ਹਾਂ ਨੇ 1860 ਵਿਚ ਹੀ ਬਰਤਾਨਵੀ ਵਸਤਾਂ, ਸਰਕਾਰੀ ਸਕੂਲਾਂ, ਅਦਾਲਤਾਂ ਅਤੇ ਡਾਕ ਸੇਵਾਵਾਂ ਦਾ ਬਾਈਕਾਟ ਆਰੰਭ ਕਰ ਦਿੱਤਾ ਸੀ। ਉਨ੍ਹਾਂ ਨੇ ਹੱਥ ਖੱਡੀ ਤੋਂ ਬੁਣੀ ਖਾਦੀ ਪਹਿਨਣ ਉਤੇ ਬਲ ਦਿੱਤਾ। ਇਹ ਅਜੇਹੇ ਦੂਰ-ਅੰਦੇਸ਼ੀ ਭਰੇ ਕਦਮ ਸਨ, ਜੋ ਮਗਰੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਵੱਲੋਂ ਵੀ ਅਪਣਾਏ ਗਏ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਵੱਲੋਂ ਨਾਮਧਾਰੀ ਲਹਿਰ ਦੇ ਸਰਬਪੱਖੀ ਯੋਗਦਾਨ ਨੂੰ ਖੋਜ ਅਤੇ ਇਤਿਹਾਸ ਦੀ ਦ੍ਰਿਸ਼ਟੀ ਤੋਂ ਮੁਲਵਾਨ ਬਣਾਉਣ ਲਈ ਤਿੰਨ ਵਰ੍ਹੇ ਪਹਿਲਾਂ ਰਾਸ਼ਟਰੀ ਸੈਮੀਨਾਰ

Sri Satguru Jagjit Singh Ji Elibrary NamdhariElibrary@gmail.com

ਕੀਤਾ ਸੀ। ਇਸ ਸੈਮੀਨਾਰ ਵਿਚ ਪ੍ਰਸਤੁਤ ਖੋਜ-ਪੱਤਰਾਂ ਨੂੰ ਸੋਧ ਕੇ ਹੱਥਲੀ ਪੁਸਤਕ ਵਿਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਜਲਦੀ ਹੀ ਇਸ ਪੁਸਤਕ ਦਾ ਯੂਨੀਵਰਸਿਟੀ ਵੱਲੋਂ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਵੀ ਅਨੁਵਾਦ ਪ੍ਰਕਾਸ਼ਿਤ ਕੀਤਾ ਜਾਵੇਗਾ। ਮੈਨੂੰ ਆਸ ਹੈ ਕਿ ਭਵਿੱਖ ਵਿਚ ਨਾਮਧਾਰੀ ਚੇਅਰ ਵੱਲੋਂ ਅਜਿਹੇ ਸਾਰਥਿਕ ਯਤਨ ਕੀਤੇ ਜਾਣਗੇ ਜਿਨ੍ਹਾਂ ਸਦਕਾ ਅਸੀਂ ਨਾਮਧਾਰੀ ਲਹਿਰ ਦਾ ਸਹੀ ਪਰਿਪੇਖ ਵਿਚ ਅਧਿਐਨ ਕਰ ਸਕਾਂਗੇ।

ਸ.ਪ. ਸਿੰਘ (ਡਾ.)
*ਕੁਲਪਤੀ*

ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

Sri Satguru Jagjit Singh Ji Elibrary NamdhariElibrary@gmail.com

# ਵਿਸ਼ੈ-ਸੂਚੀ

-ਭੂਮਿਕਾ (ਸੰਪਾਦਕ ਵਲੋਂ)

1. ਯੁੱਗ ਪੁਰਸ਼ ਨਾਮਧਾਰੀ ਸਤਿਗੁਰੂ ਸ੍ਰੀ ਬਾਬਾ ਰਾਮ ਸਿੰਘ ਜੀ 1
*ਡਾ. ਰਤਨ ਸਿੰਘ ਜੱਗੀ*
2. ਨਾਮਧਾਰੀ ਲਹਿਰ : ਵਿਸ਼ਵ ਸਭਿਆਚਾਰ 7
*ਡਾ. ਦਰਸ਼ਨ ਸਿੰਘ*
3. ਨਾਮਧਾਰੀ ਭਾਈਚਾਰੇ ਦੀ ਵਿਲੱਖਣਤਾ ਅਤੇ ਦੇਣ 13
*ਡਾ. ਜੋਗਿੰਦਰ ਸਿੰਘ*
4. ਨਾਮਧਾਰੀ ਲਹਿਰ ਦਾ ਧਾਰਮਿਕ ਤੇ ਦਾਰਸ਼ਨਿਕ ਮਹੱਤਵ : ਨਾਮ ਸਿਮਰਨ ਦੇ ਸੰਦਰਭ ਵਿਚ 24
*ਡਾ. ਜਸਬੀਰ ਸਿੰਘ ਸਾਬਰ*
5. ਨਾਮਧਾਰੀ ਲਹਿਰ ਅਤੇ ਅਹਿੰਸਾਵਾਦੀ ਵਿਚਾਰਧਾਰਾ 38
*ਡਾ. ਹਰਮਿੰਦਰ ਸਿੰਘ ਬੇਦੀ*
6. ਨਾਮਧਾਰੀ ਸਮਾਜ : ਗੁਰੂ ਉਪਦੇਸ਼ਾਂ ਅਤੇ ਸਿਧਾਂਤਾਂ ਦੇ ਸੰਦਰਭ ਵਿਚ 44
*ਸ. ਜਸਵਿੰਦਰ ਸਿੰਘ*
7. ਨਾਮਧਾਰੀ ਲਹਿਰ ਦਾ ਨਾਰੀਵਾਦੀ ਚੇਤਨਾ ਅਤੇ ਸਮਾਜ ਵਿਕਾਸ ਲਈ ਯੋਗਦਾਨ 50
*ਡਾ. ਮਹਿੰਦਰ ਕੌਰ ਗਿੱਲ*
8. ਨਾਮਧਾਰੀ ਲਹਿਰ : ਨਾਰੀਵਾਦੀ ਦ੍ਰਿਸ਼ਟੀਕੋਣ ਅਤੇ ਸਮਾਜਕ ਚੇਤਨਾ 68
*ਡਾ. ਗੁਰਨਾਮ ਕੌਰ ਬੇਦੀ*
9. ਸਤਿਗੁਰੂ ਰਾਮ ਸਿੰਘ ਜੀ ਦਾ ਸਮਾਜ-ਸਭਿਆਚਾਰਕ ਯੋਗਦਾਨ 75
*ਡਾ. ਕੰਵਲਜੀਤ ਕੌਰ ਗ੍ਰੋਵਰ*

Sri Satguru Jagjit Singh Ji Elibrary NamdhariElibrary@gmail.com

10. ਨਾਮਧਾਰੀ ਲਹਿਰ ਦੇ ਸਮਕਾਲੀਨ ਅਤੇ ਪਰਵਰਤੀ ਪ੍ਰਭਾਵ ਸਮਾਜ-ਸਭਿਆਚਾਰਕ ਪਰਿਪੇਖ ਵਿਚ 84
*ਡਾ. ਜਤਿੰਦਰਪਾਲ ਸਿੰਘ ਜੌਲੀ*

11. ਨਾਮਧਾਰੀ : ਸੱਚੇ-ਸੁੱਚੇ ਸੁਤੰਤਰਤਾ ਸੰਗਰਾਮੀਏ 94
*ਡਾ. ਜੋਧ ਸਿੰਘ*

12. ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪੰਜਾਬੀ ਪੱਤਰਕਾਰੀ ਦਾ ਯੋਗਦਾਨ 102
*ਸ. ਸੁਰਜੀਤ ਸਿੰਘ ਜੀਤ*

13. ਨਾਮਧਾਰੀ ਮਤ ਦਾ ਸਾਹਿਤ ਤੇ ਪੱਤਰਕਾਰੀ : (ਮਹੱਤਵ ਅਤੇ ਯੋਗਦਾਨ) 126
*ਡਾ. ਕਿਰਪਾਲ ਸਿੰਘ ਕਸੇਲ*

14. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਵਿਧਾ ਅਤੇ ਵਿਲੱਖਣਤਾ 157
*ਡਾ. ਸਤਿੰਦਰ ਸਿੰਘ ਨੂਰ*

15. ਨਾਮਧਾਰੀ ਕਵੀਆਂ ਦੁਆਰਾ ਰਚਿਤ ਬਾਰਾਂਮਾਹੇ : ਸਰੂਪ ਅਤੇ ਮਹੱਤਵ 162
*ਡਾ. ਬਲਜੀਤ ਕੌਰ*

16. 'ਸਤਿਜੁਗ' ਦੀ ਪੰਜਾਬੀ ਸਾਹਿਤ ਨੂੰ ਦੇਣ 176
*ਡਾ. ਧਰਮ ਸਿੰਘ*

17. ਨਾਮਧਾਰੀ ਪਰੰਪਰਾ ਦਾ ਸੰਗੀਤ ਕਲਾ ਨੂੰ ਯੋਗਦਾਨ 186
*ਡਾ. ਗੁਰਨਾਮ ਸਿੰਘ*

18. ਨਾਮਧਾਰੀ ਸੰਪਰਦਾ ਤੇ ਸੰਗੀਤ : ਸਤਿਗੁਰੂ ਜਗਜੀਤ ਸਿੰਘ ਦੀ ਸੰਗੀਤ ਕਲਾ ਨੂੰ ਦੇਣ 192
*ਡਾ. (ਮਿਸਿਜ਼) ਸ਼ਰਨ ਅਰੋੜਾ*

19. ਨਾਮਧਾਰੀ ਸੰਪ੍ਰਦਾ, ਸੰਗੀਤ ਪਰੰਪਰਾ ਅਤੇ ਸ਼ਾਸਤ੍ਰੀ ਸੰਗੀਤ ਦੀ ਸੰਭਾਲ 202
*ਡਾ. ਵੀਰੇਂਦਰ ਕੁਮਾਰ*

20. ਸੰਗੀਤ ਦਾ ਅਦਭੁਤ ਕੇਂਦਰ ਸ੍ਰੀ ਭੈਣੀ ਸਾਹਿਬ 218
*ਸ. ਜਗਦੀਸ਼ ਸਿੰਘ ਵਰਿਆਮ*
21. ਨਾਮਧਾਰੀ ਪੰਥ : ਵਿਰਸਾ ਤੇ ਵਰਤਮਾਨ 227
*ਡਾ. ਦੇਵਿੰਦਰ ਸਿੰਘ*
22. ਨਾਮਧਾਰੀ ਸੰਪ੍ਰਦਾਇ ਦਾ ਆਧੁਨਿਕ ਪਰਿਪੇਖ 233
*ਡਾ. ਗੁਰਸ਼ਰਨ ਕੌਰ ਜੱਗੀ*
23. ਨਾਮਧਾਰੀ ਲਹਿਰ ਅਤੇ ਗਲੋਬਲ ਚੇਤਨਾ 246
*ਡਾ. ਮਹੀਪ ਸਿੰਘ*
24. ਨਾਮਧਾਰੀ ਲਹਿਰ ਅਤੇ ਇੱਕੀਵੀਂ ਸਦੀ 251
*ਸ. ਤਾਰਾ ਸਿੰਘ ਅਨਜਾਣ*
25. ਇੱਕੀਵੀਂ ਸਦੀ ਵਿਚ ਨਾਮਧਾਰੀ ਫਲਸਫੇ ਦਾ ਰੋਲ 262
*ਡਾ. ਸੱਯਦ ਆਸਿਫ ਸ਼ਾਹਕਾਰ*
26. ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਅਤੇ ਇੱਕੀਵੀਂ ਸਦੀ 268
*ਡਾ. ਰਾਏ ਜਸਬੀਰ ਸਿੰਘ*

ਲੇਖਕ ਪਰਿਚੈ 275

Sri Satguru Jagjit Singh Ji Elibrary NamdhariElibrary@gmail.com

Sri Satguru Jagjit SIngh Ji Elibrary NamdhariElibrary@gmail.com

# ਭੂਮਿਕਾ

ਨਾਮਧਾਰੀ ਲਹਿਰ ਦਾ ਉਦੈ ਭਾਰਤੀ ਇਤਿਹਾਸ ਦੀ ਵਿਸ਼ੇਸ਼ ਘਟਨਾ ਹੈ। ਇਸ ਦਾ ਮੁੱਢ 19ਵੀਂ ਸਦੀ ਦੇ ਦੂਜੇ ਅੱਧ ਵਿਚ ਉਸ ਸਮੇਂ ਹੋਇਆ ਜਦ ਪੰਜਾਬ ਵਿਚ ਸਿੱਖ ਰਾਜ ਦੀਆਂ ਸ਼ਾਮਾਂ ਪੈ ਰਹੀਆਂ ਸਨ। ਇਸ ਲਹਿਰ ਦਾ ਮੁੱਢ ਦੋ ਵਿਰੋਧੀ ਸਥਿਤੀਆਂ ਨਾਲ ਜੁੜਦਾ ਹੈ : ਇਕ ਅੰਦਰਲੀ ਅਤੇ ਦੂਜੀ ਬਾਹਰਲੀ।

ਅੰਦਰਲੀ ਸਥਿਤੀ ਦਾ ਸੰਬੰਧ ਸਿੱਖ ਕੁਲੀਨ ਵਰਗ ਜਾਂ ਸਰਦਾਰੀ ਵਾਲੇ ਜੀਵਨ-ਢੰਗ ਵਿਚ ਆਈ ਗਿਰਾਵਟ; ਕੁਝ ਗੁਰੂ ਵੰਸ਼ਾਂ ਵਲੋਂ ਧਾਰਮਕਤਾ/ ਅਧਿਆਤਮਕਤਾ ਉਤੇ ਕਾਬਜ਼ ਹੋਣ ਦੀ ਪ੍ਰਵਿਰਤੀ ਨਾਲ ਜੁੜਦਾ ਹੈ। ਜਦ ਕਿ ਬਾਹਰਲੀ ਸਥਿਤੀ ਵਿਚ ਅੰਗਰੇਜ਼ਾਂ ਦੀ ਕੂਟਨੀਤੀ ਸੀ ਜਿਸਦੀ ਵਰਤੋਂ ਨਾਲ ਉਹ ਪੰਜਾਬ ਉਪਰ ਕਬਜ਼ਾ ਜਮ੍ਹਾ ਬੈਠੇ ਸਨ।

ਨਾਮਧਾਰੀ ਲਹਿਰ ਇਸ ਅੰਦਰਲੀ ਅਤੇ ਬਾਹਰਲੀ ਸਥਿਤੀ ਵਿਰੁਧ ਰੋਸ ਅਤੇ ਪ੍ਰਤਿਕਿਰਿਆ ਵਜੋਂ ਉਪਜੀ। ਇਸ ਦੇ ਮੋਢੀ ਸਤਿਗੁਰੂ ਰਾਮ ਸਿੰਘ ਸਨ, ਜਿਨ੍ਹਾਂ ਦੀ ਅਗਵਾਈ ਹੇਠ ਭੈਣੀ ਸਾਹਿਬ (ਲੁਧਿਆਣਾ) ਵਿਖੇ ਇਸਦਾ ਸਦਰ ਮੁਕਾਮ ਬਣਿਆ। ਇਸ ਤਰ੍ਹਾਂ ਨਾਮਧਾਰੀ ਲਹਿਰ ਦਾ ਉਦੈ ਦੋ ਕਾਰਣਾਂ ਉਤੇ ਆਧਾਰਿਤ ਸੀ ਇਕ ਤਾਂ ਸਿੱਖ, ਸਿੱਖੀ ਜੀਵਨ-ਜਾਚ ਵਿਚ ਆਈ ਗਿਰਾਵਟ, ਰਹਿਤ-ਮਰਿਯਾਦਾ ਦੀ ਕਮੀ ਅਤੇ ਦੂਜੇ ਬਰਤਾਨਵੀ ਸਾਮਰਾਜ ਵਿਰੁਧ ਸੰਘਰਸ਼ ਅਤੇ ਟੱਕਰ।

ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀ ਸਿੱਖਾਂ ਦਾ ਸਨਮਾਨਿਤ ਸਥਾਨ ਹੈ। ਉਹ ਇਕ ਪਾਸੇ ਨਾ ਮਿਲਵਰਤਨ ਅਤੇ ਦੂਜੇ ਪਾਸੇ ਸ੍ਵਦੇਸ਼ੀ ਲਹਿਰ ਦੇ ਮੋਢੀ ਸਨ। ਉਨ੍ਹਾਂ ਨੇ 1860 ਵਿਚ ਹੀ ਬਰਤਾਨਵੀ ਵਸਤਾਂ, ਸਰਕਾਰੀ ਸਕੂਲਾਂ, ਅਦਾਲਤਾਂ ਅਤੇ ਡਾਕ ਸੇਵਾਵਾਂ ਦਾ ਬਾਈਕਾਟ ਆਰੰਭ ਕਰ ਦਿਤਾ ਸੀ। ਉਨ੍ਹਾਂ ਨੇ ਹੱਥ ਖੱਡੀ ਤੋਂ ਬੁਣੀ ਖਾਦੀ ਪਹਿਨਣ ਉਤੇ ਬਲ ਦਿੱਤਾ। ਇਹ ਅਜੇਹੇ ਦੂਰ-ਅੰਦੇਸ਼ੀ ਭਰੇ ਕਦਮ ਸਨ, ਜੋ ਮਗਰੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਵਲੋਂ ਵੀ ਅਪਣਾਏ ਗਏ।

ਉਕਤ ਟੱਕਰਾਂ ਅਤੇ ਘਟਨਾਵਾਂ ਨੇ ਅੰਗ੍ਰੇਜ਼ ਸਰਕਾਰ ਨੂੰ ਏਨਾ ਭੈ-ਭੀਤ ਕਰ ਦਿੱਤਾ ਕਿ ਇਸਦੇ ਨਤੀਜੇ ਵਜੋਂ ਇਸ ਲਹਿਰ ਨੂੰ ਦਬਾਉਣ ਲਈ ਉਨ੍ਹਾਂ ਨੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਨੂੰ 1872 ਈ. ਵਿਚ ਜਲਾਵਤਨ ਕਰ ਕੇ ਬਰਮਾ (ਹੁਣ ਮਾਇਮਾਰ) ਵਿਖੇ ਨਜ਼ਰਬੰਦ ਕਰ ਦਿੱਤਾ।

ਉਨ੍ਹਾਂ ਤੋਂ ਮਗਰੋਂ ਨਾਮਧਾਰੀ ਸਮਾਜ ਦੀ ਵਾਗਡੋਰ ਉਨ੍ਹਾਂ ਦੇ ਛੋਟੇ ਭਰਾ

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸਤਿਗੁਰੂ ਹਰੀ ਸਿੰਘ ਨੇ ਸੰਭਾਲੀ ਜਿਨ੍ਹਾਂ ਨੂੰ ਸਰਕਾਰ ਵਲੋਂ ਬਹੁਤਾ ਸਮਾਂ ਭੈਣੀ ਸਾਹਿਬ ਤਕ ਹੀ ਸੀਮਿਤ ਰਖਿਆ ਗਿਆ। ਸਤਿਗੁਰੂ ਹਰੀ ਸਿੰਘ ਤੋਂ ਮਗਰੋਂ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਦਾ ਕਾਰਜ-ਕਾਲ ਆਰੰਭ ਹੋਇਆ ਅਤੇ ਉਸ ਉਪਰੰਤ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਅਗਵਾਈ ਕਰ ਰਹੇ ਹਨ।

ਸਿੱਖ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਅਤੇ ਸਿੱਖ ਧਾਰਮਿਕ ਸਿੱਧਾਂਤਾਂ ਦੇ ਪ੍ਰਬਲ ਅਨੁਆਈ ਨਾਮਧਾਰੀ ਸਿੱਖ ਸ਼ੁੱਧਤਾਵਾਦੀ ਰੁਚੀਆਂ ਦੇ ਧਾਰਨੀ ਹਨ, ਜਿਨ੍ਹਾਂ ਵਿਚ ਸਾਦਾ ਚਿੱਟਾ ਲਿਬਾਸ, ਚਿੱਟੀ ਦਸਤਾਰ, ਚਿੱਟੀ ਉੱਨ ਦੀ ਮਾਲਾ ਆਦਿ ਪ੍ਰਮੁਖ ਹਨ। ਉਹ ਗਹਿਣਿਆਂ ਦੀ ਵਰਤੋਂ ਨਹੀਂ ਕਰਦੇ ਅਤੇ ਸ਼ਾਦੀ ਦੀ ਸਾਦਾ ਰਸਮ ਅਪਣਾਉਂਦੇ ਹਨ। ਅਕਸਰ ਸ਼ਾਦੀਆਂ, ਸਮੂਹ ਰੂਪ ਵਿਚ ਕੀਤੀਆਂ ਜਾਂਦੀਆਂ ਹਨ। ਉਹ ਖਾਣ-ਪੀਣ ਵਿਚ ਵੀ ਸ਼ੁੱਧ ਸਾਦਾ ਵੈਸ਼ਨੋ ਭੋਜਨ ਵਰਤਦੇ-ਵਰਤਾਉਂਦੇ ਹਨ। ਉਨ੍ਹਾਂ ਦੀ ਲੰਗਰ-ਸੇਵਾ ਬੜੀ ਸਾਫ ਸੁਥਰੀ ਅਤੇ ਸ਼ੁੱਧਤਾ ਦੀ ਮਿਸਾਲ ਹੈ। ਉਹ ਤਮਾਕੂ, ਸ਼ਰਾਬ ਅਤੇ ਨਸ਼ਿਆਂ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰਦੇ ਹਨ।

ਨਾਮਧਾਰੀ, ਅਕਸਰ ਸ਼ਬਦ ਗਾਇਨ ਜਾਂ ਬੰਦਗੀ ਦੌਰਾਨ ਵਿਸਮਾਦ ਦੀ ਅਵਸਥਾ ਵਿਚ ਪੁੱਜ ਜਾਂਦੇ ਅਤੇ ਕੂਕਾ ਉਚਾਰਨ ਲਗਦੇ, ਜਿਸ ਸਦਕਾ ਇਨ੍ਹਾਂ ਨੂੰ ਕੂਕਾ ਵੀ ਕਿਹਾ ਜਾਣ ਲੱਗਾ।

ਨਾਮਧਾਰੀ ਲਹਿਰ ਦਾ ਮੁਢਲਾ ਇਤਿਹਾਸ ਬਰਤਾਨਵੀ ਸਾਮਰਾਜ ਨਾਲ ਅਨੇਕਾਂ ਘਟਨਾਵਾਂ ਅਤੇ ਟੱਕਰਾਂ ਦਾ ਸੰਘਰਸ਼ਮਈ ਇਤਿਹਾਸ ਰਿਹਾ ਹੈ ਜਿਨ੍ਹਾਂ ਵਿਚ ਅੰਮ੍ਰਿਤਸਰ ਦਾ ਬੁਚੜ-ਬੰਧ, ਮਲੇਰਕੋਟਲੇ ਦੀ ਸ਼ਹਾਦਤ, ਨਾਮਧਾਰੀ ਸਤਿਗੁਰੂ ਰਾਮ ਸਿੰਘ ਦੀ ਜਲਾਵਤਨੀ ਆਦਿ ਪ੍ਰਮੁੱਖ ਹਨ।

ਨਾਮਧਾਰੀ ਲਹਿਰ ਸੰਬੰਧੀ ਇਤਿਹਾਸਕ, ਸਮਾਜਕ, ਧਾਰਮਕ ਅਤੇ ਸਾਹਿਤਿਕ ਤੌਰ ਤੇ ਅਨੇਕਾਂ ਮੁੱਲਵਾਨ ਪ੍ਰਕਾਸ਼ਨਾਵਾਂ ਮਿਲ ਜਾਂਦੀਆਂ ਹਨ ਅਤੇ ਪਤ੍ਰਿਕਾਵਾਂ ਅਤੇ ਅਖਬਾਰ ਵੀ।

ਨਾਮਧਾਰੀ ਲਹਿਰ ਨੇ ਸਮਾਜ ਸੁਧਾਰ, ਧਾਰਮਕ ਤੇ ਸ਼ੁੱਧ ਜੀਵਨ, ਸਭਿਆਚਾਰਕ ਕਦਰਾਂ ਕੀਮਤਾਂ, ਸਿਆਸੀ ਸੰਘਰਸ਼, ਸੰਸਾਰ ਅਮਨ ਅਤੇ ਗਲੋਬਲ ਚੇਤਨਾ ਦੇ ਪੱਧਰਾਂ ਉਤੇ ਜੋ ਸਰਬਪੱਖੀ ਯੋਗਦਾਨ ਪਾਇਆ ਹੈ ਉਨ੍ਹਾਂ ਸਾਰਥਕ ਪੱਖਾਂ ਦਾ ਭਰਪੂਰ ਅਧਿਐਨ ਕਰਨ ਲਈ ਇਕ ਅੰਤਰਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜੋ ਭੈਣੀ ਸਾਹਿਬ ਵਿਖੇ 8-9 ਮਈ 2001 ਸੰਪਨ ਹੋਇਆ।

ਇਹ ਸੈਮੀਨਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਨਾਮਧਾਰੀ ਗੁਰੂ ਰਾਮ

Sri Satguru Jagjit Singh Ji Elibrary NamdhariElibrary@gmail.com

ਸਿੰਘ ਚੇਅਰ ਅਤੇ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਵਿਚ ਦੇਸ਼ ਵਿਦੇਸ਼ ਤੋਂ ਚੋਟੀ ਦੇ ਵਿਦਵਾਨਾਂ ਨੇ ਭਾਗ ਲਿਆ ਅਤੇ ਨਾਮਧਾਰੀ ਸਿੱਖਾਂ ਦੇ ਯੋਗਦਾਨ ਦੇ ਬਹੁ-ਪੱਖੀ ਪਹਿਲੂਆਂ ਬਾਰੇ ਖੋਜ-ਪੱਤਰ ਪੇਸ਼ ਕੀਤੇ ਅਤੇ ਸਿਹਤਮੰਦ ਵਿਚਾਰ-ਚਰਚਾ ਵਿਚ ਸ਼ਾਮਿਲ ਹੋਏ। ਪ੍ਰਸਤੁਤ ਗ੍ਰੰਥ ਵਿਚ ਸੈਮੀਨਾਰ ਵਿਚ ਪੜੇ ਗਏ ਖੋਜ ਪੱਤਰਾਂ ਨੂੰ ਸੰਪਾਦਿਤ ਕੀਤਾ ਜਾ ਰਿਹਾ ਹੈ।

ਇਨ੍ਹਾਂ ਪੱਤਰਾਂ ਵਿਚ ਵਿਦਵਾਨਾਂ ਨੇ ਜੋ ਅਨੁਭਵ ਕੀਤਾ, ਜੋ ਵਿਚਾਰ ਪ੍ਰਗਟਾਏ ਹਨ ਉਹ ਉਨ੍ਹਾਂ ਦਾ ਆਪਣਾ ਅਧਿਕਾਰ ਖੇਤਰ ਹੈ, ਜਿਸ ਨੂੰ ਤਬਦੀਲ ਕਰਨ ਜਾਂ ਰੱਦ ਕਰਨ ਦੀ ਥਾਂ ਸੰਪਾਦਕ ਨੇ ਆਪਣੇ ਵਲੋਂ ਟਿੱਪਣੀ ਦਿਤੀ ਹੈ ਤਾਂ ਜੋ ਦੋਵੇਂ ਪੱਖ ਸਾਹਮਣੇ ਆ ਜਾਣ।

ਨਿਸਚੇ ਹੀ ਇਹ ਪ੍ਰਕਾਸ਼ਨਾ ਇਤਿਹਾਸਕਾਰਾਂ, ਵਿਦਵਾਨਾਂ, ਖੋਜ ਵਿਦਿਆਰਥੀਆਂ ਅਤੇ ਪਾਠਕਾਂ ਲਈ ਬਹੁਤ ਲਾਹੇਵੰਦ ਸਾਬਤ ਹੋਏਗੀ। ਇਨ੍ਹਾਂ ਵਿਚ ਨਾਮਧਾਰੀ ਸਿੱਖ ਲਹਿਰ ਦੇ ਸਾਹਿਤ, ਸਭਿਆਚਾਰ, ਇਤਿਹਾਸ ਤੇ ਰਾਜਨੀਤੀ ਦੇ ਅਨੇਕਾਂ ਪੱਖਾਂ ਦੀ ਨਵੇਂ ਸੰਦਰਭ ਵਿਚ ਵਿਆਖਿਆ ਹੋਈ ਹੈ ਅਤੇ ਕਈ ਨਵੇਂ ਤੱਥ ਉਭਰ ਕੇ ਸਾਹਮਣੇ ਆਏ ਹਨ। ਇਸ ਤੋਂ ਇਲਾਵਾ ਵਿਦਵਾਨਾਂ ਵਲੋਂ ਸੁਝਾਈਆਂ ਅੰਤਰ ਦ੍ਰਿਸ਼ਟੀਆਂ ਵਿਚੋਂ ਆਗਾਮੀ ਖੋਜ ਅਤੇ ਉਚੇਰੇ ਪ੍ਰਜੈਕਟਾਂ ਲਈ ਕਈ ਨਵੀਆਂ ਸੇਧਾਂ ਵੀ ਪ੍ਰਾਪਤ ਕੀਤੀਆਂ ਗਈਆਂ ਹਨ।

ਪ੍ਰਸਤੁੱਤ ਪੁਸਤਕ ਦੇ ਪ੍ਰਕਾਸ਼ਨ ਲਈ ਸੰਪਾਦਕ ਮਾਨਯੋਗ ਕੁਲਪਤੀ ਡਾ. ਐਸ.ਪੀ. ਸਿੰਘ ਦੇ ਰਿਣੀ ਹਨ ਜਿਨ੍ਹਾਂ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਵਿਸ਼ੇਸ਼ ਰੁਚੀ ਲਈ।

ਸੰਪਾਦਕ

Sri Satguru Jagjit Singh Ji Elibrary NamdhariElibrary@gmail.com

# ਯੁੱਗ ਪੁਰਸ਼ ਨਾਮਧਾਰੀ ਗੁਰੂ ਸ੍ਰੀ ਬਾਬਾ ਰਾਮ ਸਿੰਘ ਜੀ

**ਡਾ. ਰਤਨ ਸਿੰਘ ਜੱਗੀ**

ਅੱਜ ਮੈਨੂੰ ਅਵਸਰ ਮਿਲਿਆ ਹੈ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਲਹਿਰ ਨੂੰ ਪ੍ਰਚੰਡ ਰੂਪ ਵਿਚ ਵਿਕਸਿਤ ਕਰਨ ਵਾਲੇ ਮਹਾਂਪੁਰਸ਼ ਸਤਿਗੁਰੂ ਰਾਮ ਸਿੰਘ ਜੀ ਬਾਰੇ ਕੁਝ ਕਹਿਣ ਲਈ। ਮੈਂ 'ਕੁਝ' ਸ਼ਬਦ ਇਸ ਲਈ ਵਰਤਿਆ ਹੈ ਕਿ ਮਹਾਂਪੁਰਸ਼ਾਂ ਦੀ ਗਤਿ ਅਪਰ-ਅਪਾਰ ਅਤੇ ਅਸੀਮ ਹੁੰਦੀ ਹੈ, ਉਸ ਨੂੰ ਸ਼ਬਦਾਂ ਨਾਲ ਪ੍ਰਗਟ ਨਹੀਂ ਕੀਤਾ ਜਾ ਸਕਦਾ ਅਤੇ ਉਹ ਵੀ ਇਕ ਮੇਰੇ ਜਿਹੇ ਸਾਧਾਰਨ ਬੰਦੇ ਤੋਂ। ਫਿਰ ਵੀ ਮੈਂ ਹੱਠ ਕੀਤਾ ਹੈ ਕੁਝ ਕਹਿਣ ਲਈ ਅਤੇ ਮੈਂ ਕੇਵਲ ਉਨ੍ਹਾਂ ਦੇ ਯੁੱਗ ਪੁਰਸ਼ੀ ਚਰਿਤ੍ਰ ਬਾਰੇ ਹੀ ਗੱਲ ਕਹਾਂਗਾ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਦਾ ਜਨਮ, ਸੱਚ ਪੁੱਛੋ ਤਾਂ ਇਤਿਹਾਸ ਦੀ ਇਕ ਮਹੱਤਵਪੂਰਣ ਘਟਨਾ ਹੈ। ਜਦੋਂ ਸਮਾਜ ਵਿਚ ਵਿਕਾਰ ਪੱਸਰ ਜਾਂਦੇ ਹਨ, ਜਦੋਂ ਧਰਮ ਦੀ ਨੀਂਹ ਹਿੱਲ ਜਾਂਦੀ ਹੈ, ਜਦੋਂ ਮਨੁੱਖਤਾ ਆਪਣੇ ਕਰਤੱਵ ਨੂੰ ਭੁਲਾ ਦਿੰਦੀ ਹੈ, ਹਰ ਪਾਸੇ ਅਨਾਚਾਰ ਦਾ ਪਸਾਰ ਹੋ ਜਾਂਦਾ ਹੈ, ਤਦ ਉਸ ਨਿਘਰੇ ਹੋਏ ਸਮਾਜ ਵਿਚੋਂ ਹੀ ਕੋਈ ਮਹਾਨ ਆਤਮਾ ਜਨਮ ਲੈਂਦੀ ਹੈ, ਉਹ ਪੁਰਾਤਨ ਕਾਲ ਨੂੰ ਵਿਚਾਰਦੀ ਹੈ, ਵਰਤਮਾਨ ਦੇ ਨਿਘਾਰ ਨੂੰ ਸਮਝਦੀ ਹੈ ਅਤੇ ਭਵਿੱਖਮੁਖੀ ਉਸਾਰੂ ਸ਼ਕਤੀਆਂ ਨੂੰ ਸੰਜੋ ਕੇ, ਇਕ ਨਵੇਂ ਸਮਾਜ ਨੂੰ ਜਨਮ ਦਿੰਦੀ ਹੈ। ਉਹ ਸਮਾਜ ਪਹਿਲਾਂ ਵਾਲਾ ਨਹੀਂ ਹੁੰਦਾ, ਪਰ ਉਸ ਤੋਂ ਟੁੱਟਿਆ ਹੋਇਆ ਵੀ ਨਹੀਂ ਹੁੰਦਾ। ਆਪਣੇ ਸਭਿਆਚਾਰਕ ਪਿਛੋਕੜ ਉੱਤੇ ਇਕ ਨਵਾਂ ਸਭਿਆਚਾਰ ਉਸਰਦਾ ਹੈ, ਜੋ ਪਹਿਲੇ ਨਾਲ ਸੰਬੰਧ ਰੱਖਣ ਦੇ ਬਾਵਜੂਦ ਪਹਿਲਾਂ ਵਰਗਾ ਨਹੀਂ ਹੁੰਦਾ, ਉਹ ਨਵਾਂ ਹੋ ਕੇ ਵੀ ਨਿਰਾਪੁਰਾ ਨਵਾਂ ਨਹੀਂ ਹੁੰਦਾ। ਅਜਿਹਾ ਉਭਾਰ ਕਿਸੇ ਸਭਿਆਚਾਰ ਵਿਚ ਉਦੋਂ ਹੀ ਆਉਂਦਾ ਹੈ ਜਦੋਂ ਕੋਈ ਮਹਾਂਪੁਰਸ਼ ਜਨਮ ਲੈਂਦਾ ਹੈ। ਇਹ ਮਹਾਂਪੁਰਸ਼ ਹੀ ਯੁਗ ਪੁਰਸ਼ ਹੁੰਦਾ ਹੈ ਅਤੇ ਅਜਿਹੇ ਯੁਗ ਪੁਰਸ਼ ਬਾਰੇ ਹੀ ਅੱਜ ਮੈਂ ਗੱਲ ਕਰਨੀ ਹੈ।

ਯੁਗ ਪੁਰਸ਼ ਸਮੇਂ ਦੀ ਆਵਾਜ਼ ਨੂੰ ਸੁਣਦਾ ਹੈ, ਯੁਗ ਦੀ ਨਬਜ਼ ਨੂੰ ਵੇਖਦਾ ਹੈ ਅਤੇ ਆਪਣਾ ਉਪਚਾਰ ਸੁਝਾਉਂਦਾ ਹੈ। ਬਾਬਾ ਖੜਕ ਸਿੰਘ ਜੀ ਤੋਂ ਵਰੋਸਾਏ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਸਮੇਂ ਦੇ ਸਿੱਖ ਸਮਾਜ ਦੀ ਆਵਾਜ਼

Sri Satguru Jagjit Singh Ji Elibrary NamdhariElibrary@gmail.com

ਨੂੰ ਸੁਣਿਆ। ਮਹਾਰਾਜਾ ਰਣਜੀਤ ਸਿੰਘ ਨੇ ਜਿਸ ਸਮਾਜ ਨੂੰ ਸੁਵਿਵਸਥਿਤ ਢੰਗ ਨਾਲ ਜੋੜ ਕੇ ਖ਼ਾਲਸਾ ਰਾਜ ਕਾਇਮ ਕੀਤਾ, ਉਸ ਸਮਾਜ ਦੇ ਸਰਦਾਰਾਂ ਅਤੇ ਹਾਕਮਾਂ ਵਿਚ ਹੌਲੀ-ਹੌਲੀ ਕੀ ਧਾਰਮਿਕ ਅਤੇ ਕੀ ਸਮਾਜਿਕ ਖੇਤਰ ਵਿਚ ਢਿੱਲ ਆਉਣ ਲੱਗ ਪਈ। ਉਨ੍ਹਾਂ ਵਿਚ ਰਈਸੀ ਰੁਚੀਆਂ ਦਾ ਵਿਕਾਸ ਹੋਇਆ। ਹਰ ਪ੍ਰਕਾਰ ਦੀਆਂ ਜਾਗੀਰਦਾਰੀ ਕਮਜ਼ੋਰੀਆਂ ਨਾਲ ਉਹ ਘਿਰ ਗਏ। ਉਨ੍ਹਾਂ ਅੰਦਰੋਂ ਕੌਮੀ ਏਕਤਾ ਅਤੇ ਕਰਤੱਵ ਨਿਰਬਾਹ ਦੀ ਭਾਵਨਾ ਹੀ ਖਤਮ ਹੁੰਦੀ ਗਈ। ਉਹ ਰਸਮੀ ਆਚਾਰਾਂ ਅਤੇ ਧਾਰਮਿਕ ਅਨੁਸ਼ਠਾਨਾਂ ਦੀ ਪਾਲਣਾ ਵੱਲ ਝੁਕ ਗਏ। ਬ੍ਰਾਹਮਣਵਾਦ ਨੇ ਧਾਰਮਿਕ ਤੌਰ 'ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਆਪਣੀ ਪਕੜ ਵਿਚ ਲੈ ਲਿਆ। ਸਰਦਾਰੀਆਂ ਖੁਆਰੀਆਂ ਵਿਚ ਬਦਲਣ ਲੱਗੀਆਂ। ਖ਼ਾਲਸਾ ਰਾਜ ਚਮਕਿਆ ਅਤੇ ਫਿਰ ਉਸ ਦਾ ਤੇਜ ਸਮਾਪਤ ਹੋ ਗਿਆ। ਇਤਿਹਾਸ ਵਿਚ ਉਹ ਬਿਜਲੀ ਦੀ ਚਮਕ ਵਾਂਗ ਸੀ, ਜੋ ਆਈ, ਚਮਕੀ ਅਤੇ ਫਿਰ ਸਦਾ ਲਈ ਅਲੋਪ ਹੋ ਗਈ।

ਸੰਨ 1837 ਈ: ਵਿਚ ਆਪ ਖ਼ਾਲਸਾ ਰਾਜ ਦੀ ਸੈਨਾ ਵਿਚ ਭਰਤੀ ਹੋਏ। ਨਾਮ ਅਭਿਆਸੀ ਉਹ ਸ਼ੁਰੂ ਤੋਂ ਹੀ ਸਨ। ਉਨ੍ਹਾਂ ਨੇ ਸੈਨਾ ਦੀ ਨੌਕਰੀ ਦੌਰਾਨ ਆਪਣੀ ਅਧਿਆਤਮੀ ਬਿਰਤੀ ਨੂੰ ਪੂਰੀ ਤਰ੍ਹਾਂ ਵਿਕਸਿਤ ਰੱਖਿਆ ਅਤੇ ਆਪਣੇ ਅਨੇਕਾਂ ਸਾਥੀਆਂ ਨੂੰ ਨਾਮ ਦੇ ਰੰਗ ਵਿਚ ਰੰਗ ਦਿੱਤਾ। ਆਪ ਦੀ ਪਲਟਨ ਦਾ ਨਾਂ ਵੀ 'ਭਗਤਾਂ ਵਾਲੀ ਰੈਜੀਮੈਂਟ' ਪੈ ਗਿਆ। ਉਨ੍ਹਾਂ ਦੇ ਸਾਹਮਣੇ ਖ਼ਾਲਸਾ ਰਾਜ ਦਰਿਆ ਦੇ ਢਾਹ ਲੱਗੇ ਕੰਢੇ ਵਾਂਗ ਖੁਰਦਾ ਚਲਾ ਗਿਆ ਅਤੇ ਕੁਝ ਹੀ ਸਮੇਂ ਵਿਚ ਸਭ ਕੁਝ ਢਹਿ ਢੇਰੀ ਹੋ ਗਿਆ। ਆਪ ਨੇ ਫੌਜੀ ਨੌਕਰੀ ਤਿਆਗ ਦਿੱਤੀ ਅਤੇ ਭੈਣੀ ਸਾਹਿਬ ਆ ਕੇ ਨਾਮ ਅਭਿਆਸ ਵਿਚ ਲੀਨ ਹੋ ਗਏ। ਉਨ੍ਹਾਂ ਦੇ ਰੰਗ ਵਿਚ ਰੰਗੇ ਕਈ ਪੁਰਾਣੇ ਫੌਜੀ ਮਿੱਤਰ ਵੀ ਉਨ੍ਹਾਂ ਦੀ ਚਰਨ ਸ਼ਰਨ ਵਿਚ ਆ ਗਏ।

ਸਤਿਗੁਰੂ ਜੀ ਨੇ ਸਭ ਨੂੰ ਗੁਰਬਾਣੀ ਅਨੁਸਾਰ ਆਚਰਣ ਢਾਲਣ ਦਾ ਉਪਦੇਸ਼ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਦੇ ਦਰਸਾਏ ਮਾਰਗ ਉੱਤੇ ਚੱਲਣ ਲਈ ਆਪਣੇ ਅਨੁਯਾਈਆਂ ਵਿਚ ਸ਼ਕਤੀ ਦਾ ਸੰਚਾਰ ਕੀਤਾ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ੀ ਅੰਮ੍ਰਿਤ ਦੀ ਦਾਤ ਨੂੰ ਸੰਨ 1857 ਦੀ ਵਿਸਾਖੀ ਵਾਲੇ ਦਿਨ ਪੁਨਰ-ਸੰਚਾਰਿਤ ਕੀਤਾ ਅਤੇ ਆਚਾਰ-ਵਿਚਾਰ ਤੋਂ ਖ਼ਾਲਸੇ ਨੂੰ ਦ੍ਰਿੜ ਕਰਕੇ ਫਿਰ ਤੋਂ ਕੌਮ ਨੂੰ ਨੌਂ ਬਰ ਨੌਂ ਕਰਕੇ ਸਮਕਾਲੀ ਪਰਿਸਥਿਤੀਆਂ ਦੀ ਹਾਣੀ ਬਣਾਇਆ। ਸਤਿਗੁਰੂ ਜੀ ਇਹ ਚੰਗੀ ਤਰ੍ਹਾਂ ਅਨੁਭਵ ਕਰ ਚੁੱਕੇ ਸਨ ਕਿ ਕੌਮਾਂ ਅਮਲੀ ਜੀਵਨ ਵਿਚ ਸਵੱਛਤਾ ਲਿਆਉਣ ਨਾਲ ਹੀ ਬਲਵਾਨ ਹੁੰਦੀਆਂ ਹਨ। ਇਸ ਨਾਲ ਸਾਂਝੀ ਸ਼ਕਤੀ ਦਾ ਜਨਮ ਹੁੰਦਾ ਹੈ। ਇਹ ਸ਼ਕਤੀ ਹੀ ਕੌਮ ਨੂੰ ਸਿਖ਼ਰ ਵੱਲ ਲੈ ਜਾਂਦੀ ਹੈ। ਕੌਮੀ ਏਕਤਾ ਪੈਦਾ ਕਰਨ ਲਈ ਉਨ੍ਹਾਂ ਨੇ ਵੱਖ-ਵੱਖ ਇਲਾਕਿਆਂ ਦੇ ਦੌਰੇ ਕਰਨੇ

ਸ਼ੁਰੂ ਕੀਤੇ। ਜਿਥੇ ਵੀ ਜਾਂਦੇ, ਉਨ੍ਹਾਂ ਦੇ ਗੌਰਵਸ਼ਾਲੀ ਵਿਅਕਤਿਤਵ ਦੇ ਦਰਸ਼ਨ ਕਰਕੇ ਲੋਕੀ ਮੋਹੇ ਜਾਂਦੇ, ਉਨ੍ਹਾਂ ਦੀ ਛੋਹ ਨਾਲ ਹੀ ਪਤਿਤ ਤੋਂ ਪੁਨੀਤ ਹੋ ਜਾਂਦੇ। ਸਭ ਦਾ ਕਾਇਆ-ਕਲਪ ਹੋ ਜਾਂਦਾ ਤੇ ਇਸ ਤਰ੍ਹਾਂ ਸਿੱਖ ਸਮਾਜ ਵਿਚ ਇਕ ਨਵੀਂ ਜੀਵਨ-ਰੌਂ ਚੱਲ ਪਈ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਅੰਦਰ ਆਤਮਿਕ ਬਲ ਪੈਦਾ ਕਰਨ ਲਈ ਗੁਰਮਤਿ ਸੰਗੀਤ ਦਾ ਮਰਯਾਦਾ ਅਨੁਸਾਰ ਤੰਤਰੀ ਸਾਜ਼ਾਂ ਨਾਲ ਕੀਰਤਨ ਅਧਿਕ ਤੋਂ ਅਧਿਕ ਪ੍ਰਸਾਰਿਤ ਕੀਤਾ। ਇਸ ਨਾਲ ਸਿੱਖਾਂ ਦੀ ਆਤਮਾ ਸਵੱਛ ਹੋ ਗਈ। ਪਰ ਉਨ੍ਹਾ ਅੰਦਰ ਪਸਰੀ ਹੋਈ ਸਿਥਲਤਾ ਨੂੰ ਦੂਰ ਕਰਨ ਲਈ ਬੀਰ ਰਸੀ ਕੀਰਤਨ ਕਰਵਾਉਣਾ ਸ਼ੁਰੂ ਕੀਤਾ, ਜਿਸ ਨੂੰ 'ਹੱਲੇ ਦਾ ਕੀਰਤਨ' ਕਿਹਾ ਜਾਂਦਾ ਹੈ। ਇਸ ਨਾਲ ਸਿੱਖਾਂ ਅੰਦਰ ਅਧਿਆਤਮਿਕ ਅਤੇ ਬੀਰ ਰਸੀ ਭਾਵਨਾ ਪਰਸਪਰ ਮਿਲ ਕੇ ਅਜਿਹੀ ਵਿਕਸਿਤ ਹੋਈ ਕਿ ਕੌਮ, ਧਰਮ ਦੀ ਰੱਖਿਆ, ਦੇਸ਼ ਦੀ ਆਜ਼ਾਦੀ ਦੀ ਰੱਖਿਆ ਅਤੇ ਮਾਨਵਤਾ ਦੇ ਕਲਿਆਣ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਲਈ ਤਿਆਰ ਹੋ ਗਏ। ਕਿਤਨੇ ਹੀ ਨਾਮਧਾਰੀ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੀ ਨਵੀਂ ਚੇਤਨਾ ਤੋਂ ਜਨਤਾ ਨੂੰ ਜਾਣੂ ਕਰਵਾਉਣ ਲਈ ਸਾਰੇ ਪੰਜਾਬ ਵਿਚ ਖਿੱਲਰ ਗਏ ਅਤੇ ਅੰਮ੍ਰਿਤ ਪਾਨ ਕਰਾਉਣ ਦੇ ਸਮਾਗਮ ਹੋਣ ਲੱਗੇ। ਇਥੋਂ ਤਕ ਕਿ ਸਿੱਖ ਇਸਤਰੀਆਂ ਨੂੰ ਵੀ ਖੰਡੇ ਦਾ ਅੰਮ੍ਰਿਤ ਛਕਾਉਣ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਉਚੇਚਾ ਉੱਦਮ ਕੀਤਾ। ਇਸ ਤਰ੍ਹਾਂ ਸਿੱਖਾਂ ਅੰਦਰ ਮਰਜੀਵੜਿਆਂ ਦੇ ਰੂਪ ਵਿਚ ਆਪਣੇ ਅਨੁਯਾਈ ਸੁਸਜਿਤ ਕੀਤੇ। ਨਾਮ ਅਭਿਆਸੀ ਹੋਣ ਕਰਕੇ ਨਾਮਧਾਰੀ ਸਿੰਘਾਂ ਦਾ ਸਰੂਪ ਉੱਪਰੋਂ ਹੰਸਾਂ ਵਰਗਾ ਹੁੰਦਾ ਸੀ, ਪਰ ਸੰਕਟ ਵੇਲੇ ਉਨ੍ਹਾਂ ਦੀਆਂ ਸ਼ਾਂਤ ਪ੍ਰਕਿਰਤੀਆਂ ਵਿਚ ਕਹਿਰਾਂ ਦਾ ਜੋਸ਼ ਉਗਮ ਪੈਂਦਾ ਹੈ। ਫਿਰ ਉਹ ਕਿਸੇ ਸੰਕਟ ਨੂੰ ਸਹਿਣ ਲਈ ਤਿਆਰ ਹੋ ਜਾਂਦੇ ਸਨ। ਨਾਮਧਾਰੀ ਸਿੰਘਾਂ ਦਾ ਇਤਿਹਾਸ ਅਤੇ ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਇਸ ਗੱਲ ਦੀਆਂ ਗਵਾਹ ਹਨ।

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਭਾਵਸ਼ਾਲੀ ਧਰਮ ਪ੍ਰਚਾਰ ਤੋਂ ਅੰਗਰੇਜ਼ ਸਰਕਾਰ ਸੁਚੇਤ ਹੋ ਗਈ। ਸੰਨ 1863 ਤੋਂ 1867 ਤਕ ਚਾਰ ਸਾਲਾਂ ਲਈ ਆਪ ਜੀ ਦੀਆਂ ਗਤੀਵਿਧੀਆਂ ਨੂੰ ਭੈਣੀ ਸਾਹਿਬ ਦੀਆਂ ਹੱਦਾਂ ਤਕ ਸੀਮਿਤ ਕਰ ਦਿੱਤਾ ਗਿਆ। ਪਰ ਇਸ ਤੋਂ ਬਾਅਦ ਫਿਰ ਪ੍ਰਸਾਰ ਦਾ ਕੰਮ ਸ਼ੁਰੂ ਹੋ ਗਿਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੇ ਨਾਮਧਾਰੀ ਆਦਰਸ਼ ਨੂੰ ਅਪਣਾ ਲਿਆ। ਸਤਿਗੁਰੂ ਜੀ ਨੇ ਸਿੱਖਾਂ ਦੀਆਂ ਅਲਸਾਈਆਂ ਹੋਈਆਂ ਸ਼ਕਤੀਆਂ ਨੂੰ ਅਜਿਹਾ ਹੁਲਾਰਾ ਦਿੱਤਾ ਕਿ ਸਮੁੱਚੀ ਕੌਮ ਵਿਵਸਥਿਤ ਲਹਿਰ ਦੇ ਰੂਪ ਵਿਚ ਵਟ ਗਈ। ਨਾਮਧਾਰੀ ਸਿੰਘ ਆਜ਼ਾਦੀ ਦੀ ਸ਼ਮਾ ਦੇ ਪਰਵਾਨੇ ਬਣ ਗਏ। ਮਲੇਰਕੋਟਲਾ ਅਤੇ ਹੋਰਨਾਂ ਥਾਂਵਾਂ 'ਤੇ ਹੋਏ ਸਾਕਿਆਂ

Sri Satguru Jagjit Singh Ji Elibrary NamdhariElibrary@gmail.com

ਨੇ ਦੇਸ਼ ਭਗਤੀ ਦੀ ਚਿਣਗ ਭਾਂਬੜ ਵਿਚ ਬਦਲ ਦਿੱਤੀ। ਭਾਰਤੀਅਤਾ ਦੀ ਆਰਥਿਕਤਾ ਅਤੇ ਧਾਰਮਿਕਤਾ ਦੀ ਪ੍ਰਤੀਕ ਗਊ ਦੀ ਰੱਖਿਆ ਨਾਮਧਾਰੀ ਲਹਿਰ ਦਾ ਮੁੱਦਾ ਬਣ ਗਿਆ।

ਭੈਣੀ ਸਾਹਿਬ ਵਿਚ ਨਜ਼ਰਬੰਦੀ ਦੌਰਾਨ ਆਪ ਨੇ ਆਜ਼ਾਦੀ ਪ੍ਰਾਪਤ ਕਰਨ ਦੀ ਵਿਸਥਾਰ ਸਹਿਤ ਯੋਜਨਾ ਬਣਾਈ। ਉਸ ਵਿਚੋਂ ਇਕ ਪੱਖ ਸੀ ਸਾਰੇ ਧਰਮ ਪ੍ਰਚਾਰ ਨੂੰ ਵਿਵਸਥਿਤ ਕਰਨ ਲਈ 22 ਸੂਬਿਆਂ ਦੀ ਨਿਯੁਕਤੀ ਕਰਨਾ। ਇਸ ਤੋਂ ਇਲਾਵਾ ਬਦੇਸ਼ੀ ਕੱਪੜੇ ਅਤੇ ਹੋਰ ਹਰ ਪ੍ਰਕਾਰ ਦੇ ਸਾਮਾਨ ਦੀ ਵਰਤੋਂ ਨਾ ਕਰਨਾ, ਸਰਕਾਰੀ ਡਾਕ ਸਿਸਟਮ ਦੀ ਥਾਂ ਆਪਣੀ ਡਾਕ ਵਿਵਸਥਾ ਹਰਕਾਰਿਆਂ ਰਾਹੀਂ ਕਰਨਾ, ਸਰਕਾਰੀ ਨੌਕਰੀ ਨਾ ਕਰਨਾ, ਕਚਹਿਰੀਆਂ ਦੀ ਥਾਂ ਪੰਚਾਇਤਾਂ ਵਿਚ ਹਰ ਤਰ੍ਹਾਂ ਦੇ ਝਗੜਿਆਂ ਦਾ ਨਿਪਟਾਰਾ ਕਰਨਾ ਆਦਿ। ਇਹ ਸਭ ਕੁਝ ਕਾਂਗਰਸ ਦੁਆਰਾ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਚਲਾਈ ਨਾਮਿਲਵਰਤਨ ਲਹਿਰ ਦਾ ਬੁਨਿਆਦੀ ਉੱਦਮ ਸੀ।

ਧਾਰਮਿਕਤਾ ਨਾਲ ਜਿਸ ਪ੍ਰਕਾਰ ਦੇਸ਼ ਭਗਤੀ ਦਾ ਸਾਮੰਜਸ ਸਤਿਗੁਰੂ ਰਾਮ ਸਿੰਘ ਨੇ ਕੀਤਾ, ਉਹ ਆਪਣੇ ਆਪ ਵਿਚ ਅਦੁੱਤੀ ਸੀ। ਇਸ ਦੇ ਨਾਲ ਹੀ ਆਪ ਨੇ ਆਪਣੇ ਅਨੁਯਾਈਆਂ ਨੂੰ ਸਮਾਜਕ ਪੱਖ ਤੋਂ ਵੀ ਬਹੁਤ ਉੱਨਤ ਕੀਤਾ। ਪਹਿਲੀ ਗੱਲ ਆਪ ਨੇ ਇਹ ਕੀਤੀ ਕਿ ਆਪਣੇ ਅਨੁਯਾਈਆਂ ਵਿਚ ਸੰਤੋਖ ਦੀ ਭਾਵਨਾ ਭਰੀ, ਜਿਸ ਨਾਲ ਉਨ੍ਹਾਂ ਦੀ ਸੰਸਾਰਕ ਭਟਕਣਾ ਖ਼ਤਮ ਹੋਈ। ਦੂਜੀ ਗੱਲ ਆਪ ਨੇ ਸਮਾਜ ਵਿਚ ਪਸਰੇ ਹੋਏ ਧਾਰਮਿਕ ਅੰਧ-ਵਿਸ਼ਵਾਸਾਂ ਨੂੰ ਖ਼ਤਮ ਕੀਤਾ। ਧਾਰਮਿਕ ਰੀਤੀ-ਰਿਵਾਜ਼, ਮੜ੍ਹੀਆਂ-ਮਸਾਣਾਂ ਦੀ ਪੂਜਾ ਤੋਂ ਨਵ ਸਿਰਜੇ ਸਮਾਜ ਨੂੰ ਖਲਾਸ ਕੀਤਾ।

ਸਤਿਗੁਰੂ ਰਾਮ ਸਿੰਘ ਨੇ ਸਮਜ ਵਿਚ ਜੋ ਮਹੱਤਵਪੂਰਣ ਸੁਧਾਰ ਕੀਤਾ, ਉਹ ਹੈ ਵਿਆਹ ਪ੍ਰਥਾ ਨੂੰ ਸਰਲ ਅਤੇ ਗੁਰਮਤਿ ਮਰਯਾਦਾ ਦੇ ਅਨੁਕੂਲ ਬਣਾਉਣਾ। ਧਰਮ ਦੇ ਤਥਾ-ਕਥਿਤ ਆਗੂਆਂ, ਬ੍ਰਾਹਮਣਾਂ ਅਤੇ ਲਾਗੀਆਂ ਦੁਆਰਾ ਵਿਆਹ ਬਹੁਤ ਖ਼ਰਚੀਲਾ ਬਣਾ ਦਿੱਤਾ ਗਿਆ ਸੀ। ਦਾਜ ਦੀ ਪ੍ਰਥਾ ਅਤੇ ਉਸ ਪਿੱਛੇ ਲੁਕੀ ਆਪਾ-ਪ੍ਰਦਰਸ਼ਨ ਦੀ ਪ੍ਰਵਿਰਤੀ ਨੇ ਸਮਾਜ ਵਿਚ ਅਜਿਹੇ ਕੋਹੜ ਦਾ ਸੰਚਾਰ ਕਰ ਦਿੱਤਾ ਸੀ ਕਿ ਉਸ ਨੂੰ ਖ਼ਤਮ ਕਰਨਾ ਭਾਵੇਂ ਹਰ ਵਿਅਕਤੀ ਚਾਹੁੰਦਾ ਸੀ ਪਰ ਉਸ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ ਸੀ ਹੋ ਰਿਹਾ। ਇਸ ਦਿਸ਼ਾ ਵੱਲ ਸਤਿਗੁਰੂ ਜੀ ਨੇ ਲੋਕਾਂ ਨੂੰ ਭਰਪੂਰ ਅਗਵਾਈ ਦਿੱਤੀ ਅਤੇ ਸੰਨ 1863 ਵਿਚ 'ਖੋਟਿਆਂ' ਪਿੰਡ ਵਿਚ ਗੁਰਮਰਯਾਦਾ ਅਨੁਸਾਰ ਵਿਆਹ ਕਰਨੇ ਸ਼ੁਰੂ ਕੀਤੇ। ਇਸ ਪ੍ਰਕਾਰ ਦੇ ਵਿਆਹ ਨਾਲ ਦੋ ਲਾਭ ਹੋਏ : ਇਕ ਇਹ ਕਿ ਲੋਕ ਵਿਆਹ ਉੱਤੇ ਵਿਅਰਥ ਖ਼ਰਚ ਕਰਨੋਂ

Sri Satguru Jagjit Singh Ji Elibrary NamdhariElibrary@gmail.com

ਬਚ ਗਏ ਅਤੇ ਦੂਜਾ, ਵਿਆਹ 'ਤੇ ਹੋਣ ਵਾਲੇ ਅਤਿ ਅਧਿਕ ਖ਼ਰਚਿਆਂ ਤੋਂ ਬਚਣ ਲਈ ਜੰਮਦਿਆਂ ਹੀ ਬੱਚੀਆਂ ਨੂੰ ਮਾਰਨ ਦੀ ਕੁਪ੍ਰਥਾ ਨੂੰ ਆਪਣੇ ਆਪ ਠਲ੍ਹ ਪੈ ਗਈ।

ਸਤਿਗੁਰੂ ਜੀ ਨੇ ਕੁੜੀਆਂ ਨੂੰ ਜੰਮਦਿਆਂ ਹੀ ਮਾਰਨ ਦੀ ਰੁਚੀ ਵੱਲੋਂ ਲੋਕਾਂ ਦਾ ਮਨ ਮੋੜਨ ਤੋਂ ਇਲਾਵਾ ਵੱਟੇ ਦੇ ਸਾਕ ਕਰਨੇ ਬੰਦ ਕਰਵਾਏ ਅਤੇ ਮ੍ਰਿਤ ਪਤੀ ਨਾਲ ਸਤੀ ਹੋਣ ਦੇ ਭ੍ਰਿਸ਼ਟ ਆਚਾਰ ਨੂੰ ਵੀ ਖ਼ਤਮ ਕੀਤਾ। ਇਸ ਤੋਂ ਇਲਾਵਾ ਛੋਟੀ ਉਮਰ 'ਵਿਚ ਵਿਆਹ ਕਰਨ ਨੂੰ ਵੀ ਅਨੁਚਿਤ ਦੱਸਿਆ ਅਤੇ ਵਿਧਵਾ-ਵਿਆਹ ਦੀ ਵੀ ਖੁੱਲ੍ਹ ਦਿੱਤੀ। ਇਸਤਰੀਆਂ ਦੇ ਜੀਵਨ ਵਿਚ ਇਹ ਕਮਾਲ ਦੀ ਤਬਦੀਲੀ ਸੀ। ਸਿੱਖ ਪਰੰਪਰਾ ਵਿਚ ਇਸਤਰੀ ਨੂੰ ਬੜਾ ਉੱਚਾ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਨੇ 'ਆਸਾ ਦੀ ਵਾਰ' ਵਿਚ ਇਸਤਰੀ ਦੇ ਗੌਰਵ ਨੂੰ ਬੜੀ ਦ੍ਰਿੜਤਾ ਨਾਲ ਸਥਾਪਿਤ ਕੀਤਾ ਹੈ। ਗੁਰੂ ਅਮਰਦਾਸ ਨੇ ਸਤੀ ਦੀ ਪ੍ਰਥਾ ਨੂੰ ਬੰਦ ਕਰਨ ਉੱਤੇ ਬਹੁਤ ਬਲ ਦਿੱਤਾ ਹੈ। ਭਾਈ ਗੁਰਦਾਸ ਨੇ ਇਸਤਰੀ ਨੂੰ 'ਅਰਧ ਸਰੀਰੀ ਮੋਖ ਦੁਆਰੀ' ਮੰਨਿਆ ਹੈ। ਗੁਰੂ ਗੋਬਿੰਦ ਸਿੰਘ ਨੇ ਇਸਤਰੀਆਂ ਨੂੰ ਯੁੱਧ ਵਿਚ ਭਾਗ ਲੈਣ ਲਈ ਵੀ ਤਿਆਰ ਬਰ ਤਿਆਰ ਕੀਤਾ ਹੈ। ਪਰ ਇਸ ਪਰੰਪਰਾ ਵਿਚ ਕਾਲਾਂਤਰ ਵਿਚ ਬ੍ਰਾਹਮਣਵਾਦ ਨੇ ਪ੍ਰਵੇਸ਼ ਕਰਕੇ ਇਸਤਰੀ ਦੇ ਗੌਰਵ ਨੂੰ ਨਕਾਰਨ ਦੇ ਜੋ ਯਤਨ ਕੀਤੇ ਹੋਏ ਸਨ, ਉਨ੍ਹਾਂ ਨੂੰ ਮੁੜ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਿਸ਼ਫਲ ਬਣਾਉਣ ਲਈ ਪੂਰਾ ਉੱਦਮ ਕੀਤਾ ਅਤੇ ਗੁਰੂ ਸਾਹਿਬਾਨ ਦੁਆਰਾ ਚਲਾਈ ਪਰੰਪਰਾ ਨੂੰ ਅੱਗੇ ਤੋਰਦਿਆਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਨੂੰ ਮਰਦ ਦੇ ਬਰਾਬਰ ਸਥਾਨ ਦੇ ਕੇ ਖੰਡੇ ਦਾ ਅੰਮ੍ਰਿਤ ਪਾਨ ਵੀ ਕਰਾਇਆ। ਉਸ ਦੀ ਰਹਿਣੀ ਬਹਿਣੀ ਵਿਚ ਪਰਿਵਰਤਨ ਲਿਆ ਕੇ ਉਸ ਨੂੰ ਅਬਲਾ ਤੋਂ ਸਬਲਾ ਬਣਾਇਆ ਅਤੇ ਸਮਾਜ ਵਿਚ ਮਰਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਪਣਾ ਕਰਤੱਵ ਪਾਲਣ ਲਈ ਪ੍ਰੇਰਿਆ।

ਸਪੱਸ਼ਟ ਹੈ ਕਿ ਨਾਮਧਾਰੀ ਸਤਿਗੁਰੂ ਰਾਮ ਸਿੰਘ ਨੇ ਨਿਘਰੀ ਹੋਈ ਅਵਸਥਾ ਵਿਚੋਂ ਖ਼ਾਲਸੇ ਨੂੰ ਕੱਢਕੇ ਹੋਣੀਆਂ ਦਾ ਸੁਆਮੀ ਬਣਾਇਆ। ਅੱਜ ਜੇ ਅਸੀਂ ਸਿੱਖ ਮਰਯਾਦਾ ਦਾ ਸਹੀ ਪਾਲਣਾ ਨੂੰ ਵੇਖਣ ਦੇ ਇਛੁੱਕ ਹੋਈਏ ਤਾਂ ਸਾਨੂੰ ਨਾਮਧਾਰੀ ਸਿੰਘਾਂ ਦੇ ਕਿਰਦਾਰ ਨੂੰ ਵੇਖਣਾ ਹੋਵੇਗਾ। ਨਸ਼ਿਆਂ ਤੋਂ ਮੁਕਤ, ਸਮਾਜਿਕ ਕੁਰੀਤਾਂ ਤੋਂ ਅਪ੍ਰਭਾਵਿਤ, ਦੇਸ਼ ਭਗਤੀ ਲਈ ਸੁਚੇਤ ਅਤੇ ਨਾਮ ਸਾਧਨਾ ਦੇ ਸ਼ਾਂਤ ਸਰੂਪ ਵਿਚ ਵੀ ਓਜਸਵੀ ਇਰਾਦੇ ਰੱਖਣ ਵਾਲੀ ਨਾਮਧਾਰੀ ਸੰਪ੍ਰਦਾਇ ਦੀ ਹੋਂਦ ਉਸ ਯੁਗ ਪੁਰਸ਼ ਦੀ ਚੇਤਨਾ ਦਾ ਫਲ ਹੈ, ਜਿਸ ਨੂੰ ਅਸੀਂ ਆਦਰ ਨਾਲ ਨਾਮਧਾਰੀ 'ਸਤਿਗੁਰੂ ਸ੍ਰੀ ਬਾਬਾ ਰਾਮ ਸਿੰਘ ਜੀ' ਕਹਿੰਦੇ ਹਾਂ, ਪਰ ਉਹ ਨਿਰੇ ਨਾਮਧਾਰੀ ਸੰਪ੍ਰਦਾਇ ਦੇ ਗੁਰੂ ਨਹੀਂ ਸਨ, ਸਗੋਂ ਉਨ੍ਹਾਂ ਦੇ ਮਨ ਅੰਦਰ ਵਿਸ਼ਵ-ਕਲਿਆਣ ਦਾ ਉਪਕਾਰ ਸਮਾਇਆ ਹੋਇਆ ਸੀ।

ਅੰਤ ਵਿਚ ਮੈਂ ਨਾਮਧਾਰੀ ਸਤਿਗੁਰੂ ਸ੍ਰੀ ਬਾਬਾ ਰਾਮ ਸਿੰਘ ਜੀ ਨੂੰ ਪ੍ਰਣਾਮ ਕਰਦਾ ਹਾਂ ਜਿਨ੍ਹਾਂ ਨੇ ਕੌਮ ਨੂੰ ਜਗਾ ਕੇ ਸੁਤੰਤਰਤਾ ਦੀ ਪ੍ਰਾਪਤੀ ਦੇ ਮਾਰਗ ਉੱਤੇ ਅੱਗੇ ਵਧਾਇਆ। ਉਨ੍ਹਾਂ ਨਾਮਧਾਰੀ ਸ਼ਹੀਦਾਂ ਨੂੰ ਪ੍ਰਣਾਮ ਕਰਦਾ ਹਾਂ ਜਿਨ੍ਹਾਂ ਨੇ ਆਪਣੀ ਜੀਵਨ ਜੋਤਿ ਨੂੰ ਨਾਮਧਾਰੀ ਅੰਦੋਲਨ ਦੀ ਜੋਤਿ ਨੂੰ ਜਗਦਾ ਰੱਖਣ ਲਈ ਉਸ ਨਾਲ ਇਕਸੁਰ ਕਰ ਦਿੱਤਾ ਅਤੇ ਪ੍ਰਣਾਮ ਕਰਦਾ ਹਾਂ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਿਨ੍ਹਾਂ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਦੀ ਚੇਤਨਾ ਪ੍ਰਵਾਹਿਤ ਹੈ ਅਤੇ ਉਨ੍ਹਾਂ ਦੀ ਯੁਗ ਪੁਰਸ਼ੀ ਬਿਰਤੀ ਪ੍ਰਤਿਬਿੰਬਤ ਹੋ ਰਹੀ ਹੈ। ਮੈਂ ਆਪਣੇ ਆਪ ਨੂੰ ਚੰਗੇ ਭਾਗਾਂ ਵਾਲਾ ਸਮਝਦਾ ਹਾਂ ਅਤੇ ਆਪ ਸਭ ਨੂੰ ਵਡਭਾਗੀ ਸਮਝਦਾ ਹਾਂ ਜੋ ਉਸ ਯੁਗ ਜਾਂ ਕਾਲ-ਅਵਧੀ ਵਿਚ ਜੀ ਰਹੇ ਹੋ ਜਦੋਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿਚ ਸਾਡੇ ਵਿਚ ਵਿਦਮਾਨ ਹਨ।

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਲਹਿਰ : ਵਿਸ਼ਵ ਸਭਿਆਚਾਰ

**ਡਾ. ਦਰਸ਼ਨ ਸਿੰਘ**

ਸਾਨੂੰ ਇਹ ਮੰਨ ਕੇ ਚੱਲਣਾ ਚਾਹੀਦਾ ਹੈ ਨਾਮਧਾਰੀ ਦਰਬਾਰ ਜਾਂ ਨਾਮਧਾਰੀ ਸੰਪ੍ਰਦਾਇ ਕੋਈ ਗ਼ੈਰ ਸਿੱਖ ਸੰਪ੍ਰਦਾਇ ਨਹੀਂ ਹੈ ਇਹ ਪਹਿਲਾ Point ਹੈ ਜਿਹੜਾ ਸਾਨੂੰ ਮੰਨ ਕੇ ਚਲਣਾ ਚਾਹੀਦਾ ਹੈ। ਬਲਕਿ ਮੈਂ ਕਈ ਵਾਰ ਇਹ ਕਹਿੰਦਾ ਹਾਂ ਕਿ ਦੋ ਨੁਕਤੇ ਨੇ ਇਸ ਪ੍ਰਸੰਗ ਵਿਚ, ਪਹਿਲਾ 'ਤੇ ਇਹ ਹੈ ਕਿ ਐਸੀ ਕ੍ਰਿਪਾ ਹੋਈ ਹੈ ਗੁਰੂ ਨਾਨਕ ਪਾਤਸ਼ਾਹ ਦੀ ਕਿ ਉਨ੍ਹਾਂ ਦੇ ਵੇਲੇ ਤੋਂ ਹੀ ਸਿੱਖ ਧਰਮ ਵਿਚ ਵੱਖਰੇ ਰੰਗ ਪੈਦਾ ਹੋਣੇ ਸ਼ੁਰੂ ਹੋ ਗਏ ਸਨ ਅਤੇ ਪੰਜ ਸੌ ਸਾਲ ਦੇ ਇਤਿਹਾਸ ਵਿਚ ਕਈ ਥਾਂਵਾਂ 'ਤੇ ਵੱਖਰੇ-ਵੱਖਰੇ ਰੰਗਾਂ ਵਿਚ ਅੰਕੁਰ ਫੁੱਟਿਆ ਹੈ ਅਤ ਵੱਖਰੇ-ਵੱਖਰੇ ਰੂਪਾਂ ਵਿਚ, ਜਦੋਂ ਦਸਵੇਂ ਪਾਤਸ਼ਾਹ ਨੇ ਕਿਹਾ ਹੈ ਕਿ ਨਿਆਰੇ-ਨਿਆਰੇ ਦੇਸ਼ ਨੇ ਨਿਆਰੇ-ਨਿਆਰੇ ਭੇਸ ਨੇ। ਇਨ੍ਹਾਂ ਪਿਆਰੇ ਭੇਸਾਂ ਵਿਚ ਇਕ ਲਹਿਰ, ਜਿਹੜੀ ਲਹਿਰ ਗੁਰੂ ਨਾਨਕ ਪਾਤਸ਼ਾਹ ਨੇ ਚਲਾਈ ਸੀ। ਉਸ ਨੇ ਰੂਪ ਅਖ਼ਤਿਆਰ ਕੀਤੇ ਨੇ। ਉਸ ਦੇ ਨਿਆਰੇ ਨਿਆਰੇ ਰੂਪਾਂ ਵਿਚ ਇਕ ਰੂਪ ਨਾਮਧਾਰੀ ਲਹਿਰ ਦਾ ਹੈ ਅਤੇ ਉਹ ਮੂਲ ਤੌਰ 'ਤੇ (Fundamentally) ਸਿੱਖ ਹਨ। ਸਗੋਂ ਕਈ ਵਾਰ ਇਹ ਕਹਿੰਦਾਂ ਤੇ ਹੁਣ ਵੀ ਕਹਿਣ ਨੂੰ ਤਿਆਰ ਹਾਂ ਕਿ ਆਮ ਸਿੱਖਾਂ ਨਾਲੋਂ ਬਿਹਤਰ ਸਿੱਖ ਨੇ। ਇਸ ਵਿਚ ਇਕ ਗੱਲ ਜਿਹੜੀ ਹੋਰ ਗੱਲ ਹੈ, ਜਿਹੜੇ ਸਾਡੇ ਧਿਆਨ ਦੀ ਮੰਗ ਕਰਦੀ ਹੈ ਕਿ ਇਹ ਮਹਿਜ਼ ਸਮਾਜਿਕ, ਰਾਜਨੈਤਿਕ ਜਾਂ ਧਾਰਮਿਕ ਲਹਿਰ ਹੀ ਨਹੀਂ ਸਗੋਂ ਇਹ ਭਵਿੱਖਮੁਖੀ ਅੰਦੋਲਨ ਵੀ ਹੈ ਕਿ ਆਉਣ ਵਾਲਾ ਜਿਹੜਾ ਸਮਾਜ ਹੈ ਤੁਸੀਂ ਮੇਰੇ ਨਾਲੋਂ ਜ਼ਿਆਦਾ ਪੜ੍ਹੇ ਲਿਖੇ ਸੱਜਣ ਹੋ, ਜ਼ਰਾ ਹੋਰ ਧਿਆਨ ਨਾਲ ਤੇ ਗੰਭੀਰਤਾ ਨਾਲ ਵਿਚਾਰ ਕੇ ਦੇਖੋ ਕਿ ਆਉਣ ਵਾਲਾ ਸਮਾਜ ਸਿਰਫ਼ ਆਰਥਿਕਤਾ ਵਾਲਾ ਹੈ, ਪਹਿਲੇ ਤੇ ਪੁਰਾਣੇ ਸਮਾਜ ਤੋਂ ਜਿਹੜਾ ਅਧਿਆਤਮਕਾ ਦਾ ਸਮਾਜ ਹੈ ਸਾਡੀਆਂ ਬਹੁਤ ਸਾਰੀਆਂ ਪੀੜ੍ਹੀਆਂ ਉਸ ਤੋਂ ਤੰਗ ਆ ਗਈਆਂ ਤੇ ਫਿਰ ਉਸ ਤੋਂ ਬਾਅਦ ਆਰਥਿਕ ਢਾਂਚਾ ਆ [illegible] ਫਿਰ ਆਰਥਿਕਤਾ ਤੋਂ ਵੀ ਤੰਗੀ ਆ ਗਈ। ਮੈਂ ਕਹਿਣਾ ਚਾਹੁੰਦਾ ਹਾਂ ਜਿਹੜਾ [illegible]ਲਿਕ ਤੇ ਅਧਿਆਤਮਕ ਨੂੰ ਜਾਂ ਜਿਹੜੀ ਅਧਿਆਤਮਕ ਤੇ ਦੁਨੀਅਦਾਰੀ ਵੱਖਰੇ ਕਰ [illegible] ਚੱਲਣ ਵਾਲੀ ਸੋਚ ਹੈ ਉਹ ਸਮਜ ਵਿਚ ਨਾ ਪਹਿਲਾਂ ਸਵੀਕਾਰ ਹੋਈ

Sri Satguru Jagjit Singh Ji Elibrary NamdhariElibrary@gmail.com

ਹੈ ਨਾ ਹੁਣ ਹੋਈ ਹੈ ਪਰ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਹੈ ਕਿ ਸਾਨੂੰ ਅਧਿਆਤਮਕ ਆਧਾਰ ਦੇ ਕੇ ਉਸ ਦੇ ਉੱਤੇ ਦੁਨਿਆਵੀ ਸਖਸ਼ੀਅਤ ਦਾ ਵਿਕਾਸ ਕਰਨਾ ਚਾਹੀਦਾ ਹੈ। ਇਹ ਅਧਿਆਤਮਕ ਹੋਵੇ ਤੇ ਜਿਹੜਾ ਵਿਕਾਸ ਹੈ ਉਹ ਕਾਲਿਕ ਹੋਵੇ। ਅਧਿਆਤਮਕ ਦੇ ਆਧਾਰ ਕਰਕੇ ਕਾਲਿਕ/ਦੇਸ਼ਿਕ ਦਾ ਵਿਕਾਸ ਹੋਵੇਗਾ ਇਸ ਗੱਲ ਨੂੰ ਜੇ ਕੋਈ ਸਾਕਾਰ ਰੂਪ ਦੇ ਰਿਹਾ ਹੈ ਤਾਂ ਉਹ ਨਾਮਧਾਰੀ ਦਰਬਾਰ ਹੈ ਅਤੇ ਇਹ ਸਿਰਫ਼ ਸਿੱਖਾਂ ਦੀ ਲੋੜ ਨਹੀਂ ਹੈ ਇਹ ਹਿੰਦੁਸਤਾਨੀਆਂ ਦੀ ਲੋੜ ਨਹੀਂ ਹੈ, ਇਹ ਸਿਰਫ਼ ਪੰਜਾਬੀਆਂ ਦੀ ਲੋੜ ਨਹੀਂ ਹੈ, ਇਹ ਆਉਣ ਵਾਲੀਆਂ ਦੁਨੀਆਂ ਦੀ ਸਭ ਤੋ ਵਿਕਸਿਤ ਹੋਣ ਵਾਲੀ ਸਭਿਅਤਾ ਦੀ ਲੋੜ ਹੈ ਕਿ ਹਰ ਸਮਾਜ ਇਸ ਗੱਲ 'ਤੇ ਜ਼ੋਰ ਦੇਵੇ ਬਲਕਿ ਦੇ ਰਹੀ ਹੈ। ਅੱਜ ਜਿੰਨੇ ਭੌਤਿਕ ਵਿਗਿਆਨ ਨੇ ਉਹ ਜ਼ਿਆਦਾ ਅਧਿਆਤਮਕ ਨੇ ਜਿੰਨੇ ਡਾਕਟਰੀ ਵਿਚ ਨੇ ਉਹ ਜ਼ਿਆਦਾ ਅਧਿਆਤਮਕ ਨੇ ਅਤੇ ਇਹ ਜਾਣਦੇ ਨੇ ਤੇ ਕਹਿੰਦੇ ਨੇ ਕਿ ਜਿੰਨੀ ਦੇਰ ਸਾਡਾ ਅਧਿਆਤਮਕ ਤੱਤ ਕਾਰਜਸ਼ੀਲ ਨਹੀਂ ਹੁੰਦਾ ਓਨੀ ਦੇਰ ਨਾ ਅਸੀਂ ਚੰਗੇ ਡਾਕਟਰ ਬਣ ਸਕਦੇ ਹਾਂ ਨਾ ਚੰਗੇ ਸਾਇੰਸਦਾਨ ਬਣ ਸਕਦੇ ਹਾਂ ਅਤੇ ਨਾ ਅਸੀਂ ਤਕਨੀਕਗ ਬਣ ਸਕਦੇ ਹਾਂ। ਇਸ ਲਈ ਅੰਦਰਲੀ ਅਧਿਆਤਮਕਤਾ ਦਾ ਅੰਕੁਰ ਫੁੱਟੇਗਾ ਤੇ ਉਹ ਸਾਡੇ ਵਿਹਾਰ ਵਿਚ ਸ਼ਾਮਿਲ ਹੋ ਕੇ ਅੱਗੇ ਫੈਲਾਓ ਕਰੇਗਾ ਕਿ ਤੇ ਫਿਰ ਚੰਗਾ ਡਾਕਟਰ, ਚੰਗਾ ਸਾਇੰਸਦਾਨ ਤੇ ਚੰਗਾ ਤਕਨੀਕੀ ਮਾਹਿਰ ਪੈਦਾ ਹੋਵੇਗਾ ਅਤੇ ਇਸ ਬੁਨਿਆਦੀ ਵਿਚਾਰਧਾਰਾ ਨੂੰ ਜਿਉਂਦੇ ਜਾਗਦੇ ਰੂਪ ਵਿਚ ਜੇਕਰ ਕੋਈ ਵਰਤੋਂ ਵਿਚ ਲਿਆ ਰਿਹਾ ਹੈ ਤਾਂ ਉਹ ਨਾਮਧਾਰੀ ਦਰਬਾਰ ਹੈ। ਇਸ ਲਈ ਮੈਂ ਇਹ ਕਹਿ ਰਿਹਾ ਹਾਂ ਕਿ ਆਉਣ ਵਾਲੇ ਸਮਾਜ ਦਾ ਆਧਾਰ ਹੈ ਜਿਸ ਨੇ ਦੁਨੀਆਂ ਭਰ ਨੂੰ ਇਕ ਕਲਚਰ ਦੇਣਾ ਹੈ ਅਤੇ ਇਸ ਕਰਕੇ ਮੈਂ ਗੱਲ ਹੋਰ ਜ਼ੋਰ ਨਾਲ ਕਹਿ ਰਿਹਾ ਹਾਂ ਕਿ ਜਿਹੜੇ ਨਾਮਧਾਰੀ ਦਰਬਾਰ ਨਾਲ ਵਿਆਪਕ ਰੂਪ ਨਾਲ ਜੁੜੇ ਹੋਏ ਹਨ ਇਹ ਉਨ੍ਹਾਂ ਦੀ ਜ਼ੁੰਮੇਵਾਰੀ ਜ਼ਿਆਦਾ ਬਣ ਗਈ ਹੈ। ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਵਿਰਾਸਤ ਨੂੰ ਸਾਰੀ ਦੁਨੀਆਂ ਲਈ ਮੁਹੱਈਆ ਕਰਨ, ਪ੍ਰਾਪਤ ਕਰਨ ਤਾਂ ਕਿ ਉਸ ਵਿਰਾਸਤ ਤੋਂ ਫ਼ਾਇਦਾ ਉਠਾ ਕੇ ਸਰਬੱਤ ਦਾ ਭਲਾ ਹੋ ਸਕੇ ਅਤੇ ਉਸ ਵਿਰਾਸਤ ਤੋਂ ਫ਼ਾਇਦਾ ਉਠਾ ਕੇ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਠੀਕ ਅਤੇ ਅਰੋਗ ਵਿਕਾਸ ਦੇ ਸਕਣ ਅਤੇ ਦੁਨੀਆਂ ਵਿਚ ਇਕ ਸਮਾਜ ਦਾ ਅਰੋਗ ਵਿਕਾਸ ਹੋ ਸਕੇ ਅਤੇ ਗੁਰੂ ਨਾਨਕ ਦੇ ਘਰ ਨੂੰ ਨਾਮਧਾਰੀ ਦਰਬਾਰ ਵੱਲੋਂ ਚਲਾਈ ਲਹਿਰ ਨੂੰ ਇਸ ਦਾ ਲਾਭ ਮਿਲ ਸਕੇ।

ਦੂਸਰੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਕ ਬੁਨਿਆਦੀ ਗੱਲ ਹੈ ਕਿ ਸਿੱਖ ਦਾ ਇਕ ਮਨੋਵਿਗਿਆਨਕ ਮਨੋਵਿਵਸਥਾ ਹੈ, ਮਾਨਸਿਕ ਬਣਤਰ ਹੈ, ਚਾਹੇ ਨਾਮਧਾਰੀ ਦਰਬਾਰ ਵਿਚ ਨਾਮਧਾਰੀ ਦਰਬਾਰ ਪ੍ਰੇਰਕ ਜ਼ਿਆਦਾ ਹੈ, ਉਨ੍ਹਾਂ

ਦੀ ਜ਼ਿਆਦਾ ਹੈ ਮੈਂ ਜ਼ਿੰਮੇਵਾਰੀ ਨਾਲ ਸ਼ਬਦ ਵਰਤ ਰਿਹਾ ਹਾਂ ਕਿ ਨਾਮਧਾਰੀ ਦਰਬਾਰ ਸਿੱਖ ਧਰਮ ਪ੍ਰਤੀ ਜ਼ਿਆਦਾ ਪ੍ਰੇਰਕ ਹੈ। ਇਸ ਲਈ ਉਨ੍ਹਾਂ 'ਚ ਹੀ ਜ਼ਿਆਦਾ ਹੈ ਕਿ ਸਿੱਖ ਦੇ ਮਨ ਵਿਚ ਚਾਅ ਰਹਿੰਦਾ ਹੈ ਕਿ ਕੁਝ ਨਵਾਂ ਕੀਤਾ ਜਾਵੇ ਕਿ ਕੁਝ ਕਿਰਿਆਤਮਕ ਕੀਤਾ ਜਾਵੇ ਗੁਰੂ ਨਾਨਕ ਨੇ ਐਸੀ ਬਖਸ਼ਿਸ਼ ਕੀਤੀ ਸਾਰੇ ਸਿੱਖਾਂ ਉੱਤੇ ਉਨ੍ਹਾਂ ਦੇ ਅੰਦਰ ਇਕ ਅਕਾਂਖਿਆ ਪੈਦਾ ਕੀਤੀ ਕਿ ਕੁਝ ਨਵਾਂ ਕੀਤਾ ਜਾਵੇ ਤੇ ਕੁਝ ਕਿਰਿਆਤਮਕ ਵਧੀਆ ਕੀਤਾ ਜਾਵੇ ਜਿਹੜਾ ਆਉਣ ਵਾਲੇ ਸਮਾਜ ਨੂੰ ਰੋਸ਼ਨੀ ਅਤੇ ਰਸਤਾ ਵਿਖਾ ਸਕੇ ਜਿਹੜੀਆਂ ਇਹ ਦਕੀਆਨੂਸੀ ਗੱਲਾਂ ਨੇ ਗੁਰੂ ਨਾਨਕ ਜੀ ਤੋਂ ਪਹਿਲਾਂ ਸਮਾਜ ਕਰਦਾ ਰਿਹਾ ਸੀ ਜਾਂ ਗੁਰੂ ਨਾਨਕ ਜੀ ਦੇ ਘਰ ਨਾਮਲੇਵਿਆ ਤੋਂ ਬਾਹਰ ਦਾ ਸਮਾਜ ਕਰਦਾ ਸੀ, ਉਨ੍ਹਾਂ ਦਕੀਆਨੂਸੀ ਗੱਲਾਂ ਨਾਲ ਸਿੱਖ ਨੂੰ ਸੰਤੁਸ਼ਟੀ ਨਹੀਂ ਹੁੰਦੀ। ਉਹ ਸੰਤੁਸ਼ਟ ਨਹੀਂ ਹੁੰਦਾ ਇਸ ਕਰਕੇ ਜਿੰਨੇ ਕੁ Reforms ਜਿਤਨੇ ਕੁ ਸੁਧਾਰ ਮੇਰੇ ਤੋਂ ਪਹਿਲੋਂ ਬੋਲਣ ਵਾਲੇ ਸੱਜਣਾਂ ਨੇ ਪਰਚਿਆਂ ਰਾਹੀਂ ਜਾਂ ਭਾਸ਼ਣਾਂ ਰਾਹੀਂ ਆਪ ਜੀ ਅੱਗੇ ਰੱਖੇ ਨੇ ਉਹ ਸੁਧਾਰ ਇਸ ਬਿਰਤੀ ਦਾ ਪ੍ਰਗਟਾਓ ਨੇ ਕਿ ਕੁਝ ਨਾ ਕੁਝ ਨਵਾਂ ਜਾਂ ਕੁਝ ਨਾ ਕੁਝ ਕਿਰਿਆਤਮਕ ਮਨੁੱਖ ਨੂੰ ਕਰਦਾ ਰਹਿਣਾ ਚਾਹੀਦਾ ਹੈ। ਖਾਸ ਕਰਕੇ ਸਿੱਖ ਨੂੰ ਕਰਦੇ ਰਹਿਣਾ ਚਾਹੀਦਾ ਹੈ, ਖਾਸ ਕਰਕੇ ਨਾਮਧਾਰੀ ਵਿਚਾਰਾਂ ਨਾਲ ਚੱਲਣ ਵਾਲੇ ਨੂੰ ਕਰਦੇ ਰਹਿਣਾ ਚਾਹੀਦਾ ਹੈ ਅਤੇ ਨਾਮਧਾਰੀ ਵਿਚਾਰਧਾਰਾ ਸਿੱਖ ਦੀ ਵਿਚਾਰਧਾਰਾ ਹੈ। ਉਸ ਦੇ ਨਾਲ ਜੁੜੇ ਰਹਿਣਾ ਚਾਹੀਦਾ ਹੈ ਤਾਂ ਕਿ ਕੁਝ ਨਾ ਕੁਝ ਆਉਣ ਵਾਲੇ ਸਮਾਜ ਦਾ ਫ਼ਾਇਦਾ ਹੋ ਸਕੇ ਉਨ੍ਹਾਂ ਨੂੰ ਵੀ ਜਗਤ ਵਿਚ ਸ਼ਾਂਤੀ ਮਿਲ ਸਕੇ। ਇਹ ਤੁਹਾਡੀ ਜ਼ਿੰਮੇਵਾਰੀ ਹੈ ਤੇ ਉਸ ਕਿਰਿਆਤਮਕਤਾ ਦਾ ਇਕ ਪ੍ਰਮਾਣ ਹੈ।

ਇਕ ਗੱਲ ਮੈਂ ਹੋਰ ਕਹਿ ਕੇ ਖਤਮ ਕਰਦਾ ਹਾਂ, ਆਪਣੀ ਗੱਲ ਨੂੰ, ਇਕ ਗੱਲ ਬੜੀ ਮੁਨਾਸਬਾਨਾ ਤੌਰ 'ਤੇ ਗਲਤ ਹੋ ਜਾਂਦੀ ਹੈ ਸਾਡੇ ਕੋਲੋਂ, ਖਾਸ ਕਰਕੇ ਉਦੋਂ ਜਦੋਂ ਸਿੱਖ ਵਿਦਵਾਨ ਸੈਮੀਨਾਰ ਵਿਚ ਬੈਠਦੇ ਨੇ, ਇਹ ਬਹੁਤ ਤਕਲੀਫ਼ ਜਨਕ ਹੈ ਕਿ ਮਹਾਰਾਜਾ ਰਣਜੀਤ ਸਿੰਘ ਬਾਰੇ; ਮੁਸਲਮਾਨ ਮਹਾਰਾਜਾ ਰਣਜੀਤ ਸਿੰਘ ਦੀ ਤਾਰੀਫ਼ ਕਰਦੇ ਥਕਦੇ ਨਹੀਂ ਤੁਸੀਂ ਪੜ੍ਹ ਕੇ ਦੇਖ ਲਓ ਬਲਕਿ ਉਹ ਇਹ ਕਹਿੰਦੇ ਨੇ ਦੁਨੀਆਂ ਦੇ ਵਿਚ ਸਮਕਾਲੀ ਸਮਾਜ ਵਿਚ ਸਿਰਫ਼ ਦੋ ਮਹਾਂਨਾਇਕ ਯੋਧੇ ਅਤੇ ਹੁਕਮਰਾਨ ਹੋਏ ਨੇ ਇਕ ਉਹ ਨੈਪੋਲੀਅਨ ਅਤੇ ਇਕ ਮਹਾਰਾਜਾ ਰਣਜੀਤ ਸਿੰਘ ਸਾਰੇ ਦੁਨੀਆਂ ਦੇ ਇਤਿਹਾਸ ਵਿਚ, ਤੇ ਜਦੋਂ ਸਿੱਖ ਵਿਚਾਰ ਕਰਨ ਬੈਠਦੇ ਹਨ ਉਹ ਉਸ ਵਿਚ ਨੁਕਸ ਲੱਭਦੇ ਹਨ। ਮੁਸਲਮਾਨ ਨੁਕਸ ਨਹੀਂ ਲੱਭਦਾ। ਅੰਗਰੇਜ਼ ਉਨ੍ਹਾਂ ਨੂੰ ਹੀਰੋ ਦੀ ਤਰ੍ਹਾਂ ਪੇਸ਼ ਕਰਦਾ ਹੈ ਤੇ ਸਿੱਖ ਵਿਦਵਾਨ, ਜਾਂ ਪ੍ਰਚਾਰਕ ਜਦੋਂ ਪੇਸ਼ ਕਰਦਾ ਹੈ ਤਾਂ ਇਕ ਪ੍ਰਚਾਰਕ ਨੇ ਕਿਹਾ ਕਿ ਉਨ੍ਹਾਂ ਦੀਆਂ ਰਾਣੀਆਂ ਸਤੀਆਂ ਹੋਈਆਂ ਸਨ।

ਸਤੀ ਕੀ ਉਸ ਦੇ ਹੁੰਦਿਆਂ ਹੋਈਆਂ ਸਨ ? ਉਸ ਵਿਚਾਰੇ ਨੂੰ ਮਰਨ ਤੋਂ ਬਾਅਦ ਕੀ ਪਤਾ ਅਤੇ ਜਿਹੜੀਆਂ ਸਤੀ ਹੋਈਆਂ ਉਨ੍ਹਾਂ ਦਾ ਇਕ ਸਮਾਜਿਕ ਪ੍ਰਸੰਗ ਹੈ ਉਹ ਪਹਾੜੀ ਇਲਾਕੇ ਦੀਆਂ ਰਾਣੀਆਂ ਸਨ ਅਤੇ Hill areas ਦੀਆਂ ਰਾਣੀਆਂ ਆਪਣੀ ਪੁਰਾਣੀ ਪਰੰਪਰਾ ਮੁਤਾਬਿਕ, ਵੇਖੋ ਮਹਾਰਾਜਾ ਰਣਜੀਤ ਸਿੰਘ ਬਾਰੇ ਕਿ ਗੱਲ ਮੈਂ ਕਰਕੇ ਇਸ ਪਹਿਲੂ ਤੋਂ ਖਤਮ ਕਰਦਾ ਹਾਂ ਸਿਰਫ਼ ਇਸ ਤੋਂ ਬਾਅਦ ਇਕ ਗੱਲ ਕਰਾਂਗਾ ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਰਾਜ ਸੰਭਾਲਿਆ ਹੈ ਦੁਨੀਆਂ ਭਰ ਦਾ ਤੁਸੀਂ ਇਤਿਹਾਸ ਪੜ੍ਹ ਕੇ ਦੇਖ ਲਵੋ ਇਹ ਮੈਂ ਇਸ ਲਈ ਕਰ ਰਿਹਾ ਕਿਉਂਕਿ ਮੁੜ ਮੁੜ ਕੇ ਇਹ ਗੱਲ ਆਉਂਦੀ ਹੈ ਕਿ ਦੁਨੀਆਂ ਭਰ ਦੇ ਇਤਿਹਾਸ ਵਿਚ ਜਿਹੜੀ ਕੌਮ ਪਹਿਲਾਂ Persecuted ਹੈ Persecuted ਦਾ ਮਤਲਬ ਹੈ ਜਿਸ ਨਾਲ ਮਾਰਕੁਟਾਈ ਕਤਲੇਆਮ ਜਿਸ ਦਾ ਹੋਇਆ ਉਹ ਕੌਮ ਜਦੋਂ ਰਾਜ ਵਿਚ ਆਉਂਦੀ ਹੈ ਤੇ ਜਿਨ੍ਹਾਂ ਨੇ ਉਨ੍ਹਾਂ ਦਾ ਕਤਲੇਆਮ ਕੀਤਾ ਉਹ ਸਭ ਤੋਂ ਪਹਿਲਾਂ ਉਨ੍ਹਾਂ ਦਾ ਕਤਲੇਆਮ ਕਰਦੀ ਹੈ ਇਹ ਇਤਿਹਾਸ ਭਰਿਆ ਹੈ ਯੂਰਪੀ ਇਤਿਹਾਸ, ਅਫ਼ਰੀਕੀ ਇਤਿਹਾਸ, ਭਾਰਤੀ ਇਤਿਹਾਸ ਜੋ ਮਰਜ਼ੀ ਪੜ੍ਹ ਲਓ। ਮਤਲਬ Persecuted ਜਿਹੜੇ ਨੇ ਉਹ Persecutor ਨੂੰ ਸਭ ਤੋਂ ਪਹਿਲਾਂ ਤਬਾਹ ਕਰਦੇ ਹਨ ਕਿ ਇਸ ਨੇ ਸਾਡਾ ਸਤਿਆਨਾਸ ਕੀਤਾ ਹੈ ਤੇ ਮਹਾਰਾਜਾ ਰਣਜੀਤ ਸਿੰਘ ਸਾਰੀ ਦੁਨੀਆਂ ਵਿਚ ਇਕੋ ਇਕ ਮਿਸਾਲ ਹੈ, ਇਹ ਇਤਿਹਾਸ ਵਿਚ ਇਕੋ ਉਦਾਹਰਣ ਹੈ ਜਿਸ ਦੇ ਵੱਡੇ Persecute ਹੋਏ ਜਿਸ ਦੇ ਵੱਡਿਆਂ ਦਾ ਕਤਲੇਆਮ ਹੋਇਆ ਜਦੋਂ ਰਾਜਭਾਗ ਮਿਲਿਆ ਤਾਂ ਉਨ੍ਹਾਂ ਨੇ ਉਹ ਬਦਲ ਦਿੱਤਾ ਉਨ੍ਹਾਂ ਨੇ ਸਭ ਨਾਲ ਰਾਜਭਾਗ ਸ਼ੇਅਰ ਕੀਤਾ, ਵੰਡਿਆ, Power ਵੰਡੀ, ਸਿਧਾਂਤ ਵੰਡੇ, ਸੋਚ ਵੰਡੀ ਦੁਨੀਆਂ ਦੇ ਖਜ਼ਾਨੇ ਵੰਡੇ ਅਤੇ ਕਦੇ ਕਿਸੇ ਨੇ 40 ਸਾਲਾਂ ਦੇ ਰਾਜ ਵਿਚ ਸ਼ਿਕਾਇਤ ਨਹੀਂ ਕੀਤੀ ਕਿ ਕਿਸੇ ਨਾਲ ਜ਼ਿਆਦਤੀ ਗ਼ੈਰ ਸਿੱਖ ਹੋਣ ਕਰਕੇ ਹੋਈ ਹੈ ਜਾਂ ਕਿਸੇ ਨਾਲ ਬਿਹਤਰੀ ਸਿੱਖ ਹੋਣ ਕਰਕੇ ਹੋਈ ਖ਼ੈਰ ਕੀ ਤੁਸੀਂ ਸਾਰੀ ਦੁਨੀਆਂ 'ਚ ਅਜਿਹਾ ਹੁਕਮਰਾਨ ਲੱਭ ਸਕਦੇ ਹੋ। ਇਹ ਦੁਨੀਆਂ ਵਿਚ ਸਿਰਫ਼ ਇਕੋ ਇਕ ਮਿਸਾਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਕਦੇ ਤਖ਼ਤ (ਪਰ ਅੱਜਕਲ੍ਹ ਅਸੀਂ ਤਖ਼ਤ ਵੀ ਬਣਾ ਰਹੇ ਹਾਂ) ਤੇ ਨਹੀਂ ਬੈਠੇ ਸਿਰਫ ਕੁਰਸੀ 'ਤੇ ਬੈਠਦੇ ਸੀ। ਤਾਜ ਵੀ ਨਹੀਂ ਪਹਿਨਿਆ ਉਨ੍ਹਾਂ ਨੇ ਆਪਣੇ ਨਾ ਦੀ ਕਦੀ ਮੋਹਰ ਨਹੀਂ ਚਲਾਈ, ਉਨ੍ਹਾਂ ਨੇ ਸਿੱਕਾ ਨਹੀਂ ਚਲਾਇਆ ਤੇ ਰਾਜ ਭਾਗ ਨਿਸ਼ਾਨੀਆਂ ਹੀ ਹੁੰਦੀਆਂ ਨੇ ਉਹ ਕਹਿੰਦੇ ਸੀ ਇਹ ਰਾਜ ਗੁਰੂ ਨਾਨਕ ਪਾਤਸ਼ਾਹ ਦਾ ਹੈ ਤੇ ਮੈਂ ਤਾਂ ਸੇਵਕ ਹਾਂ। ਸਾਧ ਸੰਗਤ ਮੈਂ ਬਸ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਸਾਰੇ ਜੋ ਵੀ ਸਿੱਖ ਘਰ ਵਿਚ ਪੈਦਾ ਹੋਏ ਹਾਂ ਕਿਸੇ ਵੀ ਰੂਪ ਜਾਂ ਪਹਿਰਾਵੇ ਵਿਚ ਪੈਦਾ ਹੋਏ ਹਾਂ ਅਸੀਂ ਇਸ ਸਮਾਜ ਦੇ ਸੇਵਕ ਹਾਂ ਅਸੀਂ ਸਮਾਜ ਦੇ ਕੇਵਲ ਸੇਵਕ ਹਾਂ ਅਤੇ ਇਹ

Sri Satguru Jagjit Singh Ji Elibrary NamdhariElibrary@gmail.com

ਹੀ ਸਾਡੇ ਵੱਡਿਆਂ ਦੀ ਸਿੱਖਿਆ ਹੈ। ਅਸੀਂ ਉਨ੍ਹਾਂ ਦੀ ਸੇਵਾ ਲੰਗਰ ਰਾਹੀਂ ਕਰੀਏ ਬਰਤਨ ਚੁਣਿਆ ਰਾਹੀਂ ਕਰਕੇ ਕਰੀਏ। ਤਲਵਾਰ ਚੁੱਕ ਕੇ ਕਰੀਏ, ਸਮਾਜਿਕ ਲਹਿਰਾਂ ਸ਼ੁਰੂ ਕਰਕੇ ਕਰੀਏ ਜੋ ਵੀ ਕਰੀਏ ਸਾਡਾ ਬੁਨਿਆਦੀ ਪਹਿਲਾ ਅਤੇ ਆਖ਼ਰੀ ਫ਼ਰਜ਼ ਹੈ ਅਤੇ ਸਿੱਖ ਦਾ ਜਨਮ ਹੀ ਸੇਵਾ ਲਈ ਹੋਇਆ ਹੈ ਅਤੇ ਇਹ ਗੁਰੂ ਨਾਨਕ ਦੀ ਇੱਛਾ ਹੈ, ਘਾਲ ਖਾਏ ਕਿਛੁ ਹਥੋ ਦੇਹੁ।, ਹੋਰ ਕਿਸੇ ਢੰਗ ਰਾਹ ਰਾਹੀਂ ਪਛਾਣ ਹੋਏਗੀ। ਹੋਰ ਕੋਈ ਤਰੀਕਾ ਨਹੀਂ ਰਾਹ ਪਛਾਨਣ ਦਾ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਪਰੰਪਰਾ ਨੂੰ ਅਪਣਾਇਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਪਰੰਪਰਾ ਨੂੰ ਬਢੋਤਰੀ ਦਿੱਤੀ ਸੀ ਅਤੇ ਮੈਂ ਇਹ ਬੇਨਤੀ ਕਰਣਾ ਚਾਹੁੰਦਾ ਹਾਂ ਕਿ ਇਹ ਹਰ ਸਿੱਖ ਦਾ ਇਕ ਫ਼ਰਜ਼ ਹੈ ਅਤੇ ਸੋਚੇ ਮਤ ਕਿ ਕਿਸੇ ਦੀ ਸੇਵਾ ਕਰਕੇ ਕਿਸੇ ਦੇ ਜੂਠ ਭਾਂਡੇ ਮਾਂਜ ਕੇ ਕਿਸੇ ਦੀ ਰੋਟੀ ਜਾਵੇ ਪਾਣੀ ਦੀ ਸੇਵਾ ਕਰਕੇ ਕਿਸੇ ਲਈ ਜਾਨ ਕੁਰਬਾਨ ਕਰਕੇ ਸਿੱਖ ਛੋਟਾ ਹੁੰਦਾ ਹੈ ਇਹ ਕਦੇ ਨਹੀਂ ਹੁੰਦਾ ਸਿੱਖ ਵੱਡਾ ਹੀ ਹੁੰਦਾ ਹੈ ਅਤੇ ਇਸ ਬਾਰੇ ਨਾਮਧਾਰੀ ਲਹਿਰ ਦੇ ਇਤਿਹਾਸ ਨੂੰ ਪੜ੍ਹ ਕੇ ਦੇਖ ਲਓ ਜਦੋਂ ਜਦੋਂ ਵੀ ਕੁਰਬਾਨੀ ਦਿੱਤੀ ਹੈ ਇਹ ਵੱਡੇ ਹੋ ਕੇ ਨਿੱਖਰੇ ਨੇ ਅਤੇ ਇਸ ਵੇਲੇ ਹਾਲਤ ਇਹ ਹੈ ਗੁਰੂ ਸੱਚੇ ਪਾਤਸ਼ਾਹ ਦੀ ਰਹਿਮਤ ਹੈ ਕਿ ਸਾਰੀ ਦੁਨੀਆਂ ਵਿਚ ਸਿੱਖ ਤਾਂ ਹੈ ਹੀ ਵਿਆਪਕ ਰੂਪ ਵਿਚ ਅੰਤਰਰਾਸ਼ਟਰੀ ਸਮਾਜ ਨਾਮਧਾਰੀ ਦਰਬਾਰ ਵੀ ਜੋ ਸਿੱਖਾਂ ਦਾ ਰੂਪ ਹੈ ਉਹ ਵੀ ਵਿਆਪਕ ਰੂਪ ਵਿਚ ਫੈਲਿਆ ਹੈ। ਵਿਸ਼ਵ ਸਮਾਜ ਵਿਚ ਇਹ ਵੱਡਿਆਂ ਦੀ ਬਖਸ਼ਿਸ ਹੈ। ਇਸ ਕਰਕੇ ਜਿਹੜੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਇਕ ਤਾਂ ਸਾਨੂੰ ਸਾਰਿਆਂ ਨੂੰ ਰਲ ਕੇ ਪੰਜਾਬ ਦੇ ਮੁੱਖ ਮੰਤਰੀ ਦਾ ਧੰਨਵਾਦ ਕਰਨਾ ਚਾਹੀਦਾ ਹੈ। ਅੱਜ ਜਿਹੜੇ ਅਸੀਂ ਬੈਠੇ ਹਾਂ ਇਸ ਵਿਚ ਯਤਨ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਹੈ ਇਸ ਵਿਚ ਕੋਈ ਸ਼ੱਕ ਨਹੀਂ ਇਹ ਉਨ੍ਹਾਂ ਦੀ ਮਿਹਰਬਾਨੀ ਹੈ। ਮੈਂ ਇਸ ਬਿੰਦੂ 'ਤੇ ਗੱਲ ਕਰਾਂਗਾ ਪਰ ਇਸ ਦੇ ਪਿੱਛੇ ਜਿਹੜੀ ਸਪਿਰਟ ਹੈ ਜਿਹੜੀ ਪ੍ਰੇਰਨਾ ਹੈ ਅਤੇ ਜਿਹੜੀ ਸੋਚ ਹੈ ਉਹ ਪੰਜਾਬ ਦੇ ਮੁੱਖ ਮੰਤਰੀ ਦੀ ਹੈ ਅਤੇ ਇਸ ਸੋਚ ਦਾ ਮੈਂ ਇਕੋ ਨੁਕਤਾ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ ਅਤੇ ਉਹ ਨੁਕਤਾ ਇਹ ਹੈ ਕਿ ਉਹ ਇਹ ਚਾਹੁੰਦੇ ਨੇ ਅਤੇ ਬੋਲ ਵੀ ਗਏ ਨੇ ਕਿ ਪੰਜਾਬ ਦਾ ਕੋਈ ਵੀ ਬੰਦਾ ਕਿਸੇ ਵੀ ਰੂਪ ਵਿਚ ਇਕ ਦੂਜੇ ਤੋਂ ਮਤਭੇਦ ਵਿਚ ਨਾ ਆਵੇ ਸਾਰੇ ਦਾ ਸਾਰਾ ਇਕ ਸਮਾਜ ਹੈ ਜਾਂ ਇਸ ਇਸ ਵਿਚ ਧਰਮ ਦਾ, ਰਾਜਨੀਤੀ ਦਾ, ਕੋਈ ਦਿਖਾਵੇ ਦਾ, ਕੋਈ ਪਹਿਰਾਵੇ ਦਾ, ਪੂਜਾ ਵਿਧੀ ਦਾ ਫ਼ਰਕ ਜਿਹੜਾ ਹੈ ਉਹ ਇਕ ਦੂਸਰੇ ਦੇ ਭਾਈਚਾਰੇ ਦੇ ਰਸਤੇ ਵਿਚ ਰੁਕਾਵਟ ਨਾ ਬਣੇ ਉਨ੍ਹਾਂ ਦੀ ਸੋਚ ਹੈ ਅਤੇ ਇਹ ਸੋਚ ਨੂੰ ਲੈ ਕੇ ਉਹ ਚੱਲੇ ਨੇ ਉਹ ਬਾਕੀ ਉਨ੍ਹਾਂ ਦੇ ਗੁਣ ਔਗੁਣ ਤੁਸੀਂ ਦੇਖੋ ਪਰ ਇਹ ਜਿਹੜਾ ਨੁਕਤਾ ਹੈ ਇਹ ਸਾਨੂੰ ਜ਼ਰੂਰ ਮਨ ਵਿਚ ਰੱਖਣਾ ਚਾਹੀਦਾ ਹੈ ਕਿ ਸਿੱਖ ਗੁਰੂ

ਨਾਨਕ ਦੇ ਸਿੱਖ ਅਤੇ ਪੰਜਾਬੀ ਮੈਂ 'ਤੇ ਇਹ ਕਹਿੰਦਾਂ ਕਈ ਵਾਰ ਸਟੇਜ ਉੱਤੇ ਕਿ ਪੰਜਾਬ ਦਾ ਜਿਹੜਾ ਬੰਦਾ ਉਹ ਭਾਵੇਂ ਮੰਦਰ ਵਿਚ ਜਾਏ ਭਾਵੇਂ ਮਸਜਿਦ ਵਿਚ ਜਾਵੇ ਭਾਵੇਂ ਚਰਚ ਵਿਚ ਜਾਵੇ ਭਾਵੇਂ ਗੁਰੂਦੁਆਰੇ ਵਿਚ ਜਾਵੇ ਉਹ ਹੈ ਗੁਰੂ ਨਾਨਕ ਦਾ ਸਿੱਖ ਹੀ ਹੈ, ਸਭਿਆਚਾਰਕ ਤੌਰ 'ਤੇ ਉਹ ਸਿੱਧਾ ਗੁਰੂ ਨਾਨਕ ਦੇ ਪ੍ਰਭਾਵ ਅਤੇ ਸਭਿਆਚਾਰ ਵਿਚ ਪੈਦਾ ਹੋਈ ਸਖਸ਼ੀਅਤ ਹੈ, ਅਤੇ ਇਸ ਕਰਕੇ ਗੁਰੂ ਨਾਨਕ ਦੀ ਜਿਹੜੀ ਵਿਚਾਰਧਾਰਾ ਹੈ ਕਿ ਕਿਸੇ ਨਾਲ ਕਿਸੇ ਗੱਲ ਉੱਤੇ ਕੋਈ ਭੇਦ ਪਾਵ ਨਹੀਂ ਹੋਣਾ ਚਾਹੀਦਾ ਇਸੇ ਸੋਚ ਵਿਚੋਂ ਇਹ ਨਾਮਧਾਰੀ ਸਤਿਗੁਰੂ ਰਾਮ ਸਿੰਘ ਚੇਅਰ ਨਿਕਲੀ ਹੈ ਅਤੇ ਏਸੇ ਸੋਚ ਵਿਚੋਂ ਅੱਜ ਦਾ ਇਹ ਸੈਮੀਨਾਰ ਹੋ ਰਿਹਾ ਹੈ ਅਤੇ ਇਸੇ ਸੋਚ ਨੂੰ ਅੱਗੇ ਵਿਆਪਕ ਰੂਪ ਵਿਚ ਪ੍ਰਸਾਰਨ ਵਾਸਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਰਮਚਾਰੀਆਂ ਨੂੰ ਖਾਸ ਕਰਕੇ ਵਾਈਸ-ਚਾਂਸਲਰ ਸਾਹਿਬ ਨੂੰ ਡਾ. ਸਤਿੰਦਰ ਸਿੰਘ ਜੀ ਨੂੰ ਕਿਉਂਕਿ ਉਹ ਮੁਖੀ ਨੇ ਇਸ ਚੇਅਰ ਦੇ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਉਹ ਇਸ ਵਿਚਾਰਧਾਰਾ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਅਤੇ ਪੰਜਾਬ ਵਿਚ ਏਸੇ ਹੀ ਵਿਚਾਰਧਾਰਾ ਨੂੰ ਪ੍ਰਾਥਮਿਕਤਾ ਮਿਲਣੀ ਚਾਹੀਦੀ ਹੈ। ਸਾਧ ਸੰਗਤ ਇਹ ਹੋ ਸਕਦਾ ਹੈ ਕਿ ਕੁਝ ਸ਼ਬਦ ਜੋਸ਼ ਵਿਚ ਗਲਤ ਬੋਲੇ ਗਏ ਹੋਣ ਮੁਆਫ਼ ਕਰਨਾ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਜੀ ਤੋਂ ਖਿਮਾਂ ਚਾਹੁੰਦਾ ਹਾਂ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।

Sri Satguru Jagjit Singh Ji Elibrary NamdhariElibrary@gmail com

# ਨਾਮਧਾਰੀ ਭਾਈਚਾਰੇ ਦੀ ਵਿਲੱਖਣਤਾ ਅਤੇ ਦੇਣ

ਡਾ. ਜੋਗਿੰਦਰ ਸਿੰਘ

ਭਾਰਤ ਦੀ ਸਮੁੱਚੀ ਵਸੋਂ ਵਿਚ ਸਿੱਖ ਭਾਈਚਾਰਾ ਗਣਨਾ ਪੱਖੋਂ ਬਹੁਤ ਛੋਟਾ ਭਾਈਚਾਰਾ ਹੈ ਅਤੇ ਨਾਮਧਾਰੀ, ਜੋ ਸਿੱਖ ਭਾਈਚਾਰੇ ਦਾ ਅਨਿੱਖੜਵਾਂ ਅੰਗ ਹੈ, ਇਸ ਤੋਂ ਵੀ ਛੋਟੇ ਆਕਾਰ ਵਾਲਾ ਹੈ। ਪਰ ਜਿਵੇਂ ਭਾਰਤ ਦੇ ਇਤਿਹਾਸ ਵਿਚ ਸਿੱਖ ਭਾਈਚਾਰੇ ਨੇ ਆਪਣਾ ਨਿਵੇਕਲਾ ਸਥਾਨ ਅਤੇ ਮਹੱਤਵ ਬਣਾ ਲਿਆ ਹੈ ਇਵੇਂ ਹੀ ਨਾਮਧਾਰੀ ਭਾਈਚਾਰੇ ਨੇ ਵੀ ਇਸ ਕਿਸਮ ਦੀ ਪ੍ਰਾਪਤੀ ਕਰ ਲਈ ਹੈ। ਭਾਰਤ ਦੇ ਇਤਿਹਾਸ ਵਿਚ ਚਾਹੇ ਸੁਤੰਤਰਤਾ ਸੰਗਰਾਮ ਦੀ ਗੱਲ ਹੋਵੇ ਜਾਂ ਸਮਾਜ ਸੁਧਾਰ ਦੀਆਂ ਲਹਿਰਾਂ ਦੇ ਯੋਗਦਾਨ ਦੀ ਜਾਂ ਫਿਰ ਭਾਰਤੀ ਸਭਿਆਚਾਰ ਦੀਆਂ ਪਰੰਪਰਾਵਾਂ ਦੀ, ਨਾਮਧਾਰੀ ਭਾਈਚਾਰੇ ਦੇ ਵਿਸ਼ੇਸ਼ ਯੋਗਦਾਨ ਅਤੇ ਮਹੱਤਵ ਦਾ ਹਰ ਵਿਦਵਾਨ ਤੇ ਰਾਜਸੀ ਨੇਤਾ ਨੇ ਮੁਲਾਂਕਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਮਧਾਰੀ ਸਿੱਖਾਂ ਨੇ ਇਤਿਹਾਸ ਦੇ ਪਰਿਪੇਖ ਵਿਚ ਰਾਜਨੀਤਕ ਅਤੇ ਆਰਥਿਕ ਚੁਣੌਤੀਆਂ ਨੂੰ ਨਜਿੱਠਣ ਦਾ ਉਪਰਾਲਾ ਵੀ ਕੀਤਾ ਹੈ ਅਤੇ ਕਰ ਰਹੇ ਹਨ। ਇਸ ਕਰਕੇ ਨਾਮਧਾਰੀ ਭਾਈਚਾਰੇ ਨੂੰ ਸਤਿਕਾਰਿਤ ਨਜ਼ਰ ਨਾਲ ਦੇਖਿਆ ਜਾਂਦਾ ਹੈ। ਡੇਢ ਸੌ ਸਾਲ ਦੇ ਛੋਟੇ ਜਿਹੇ ਅਰਸੇ ਵਿਚ ਕੋਈ ਵਿਰਲਾ ਹੀ ਭਾਈਚਾਰਾ ਹੈ ਜਿਸ ਨੇ ਇਸ ਤਰ੍ਹਾਂ ਦੀ ਪ੍ਰਾਪਤੀ ਕੀਤੀ ਹੋਵੇ।

1849 ਤੋਂ 1947 ਈ: ਤਕ ਭਾਰਤੀਆਂ ਦੀ ਤਰ੍ਹਾਂ ਪੰਜਾਬੀਆਂ ਦੇ ਸਾਹਮਣੇ ਵੀ ਬਰਤਾਨਵੀ ਹਕੂਮਤ ਨੂੰ ਖ਼ਤਮ ਕਰਕੇ ਆਪਣੀ ਸੁਤੰਤਰ ਸਰਕਾਰ ਬਣਾਉਣ ਦੀ ਸਭ ਤੋਂ ਵੱਡੀ ਚੁਣੌਤੀ ਸੀ, ਇਸ ਵਿਚ ਨਾਮਧਾਰੀ ਭਾਈਚਾਰੇ ਨੇ ਖ਼ਾਸਾ ਯੋਗਦਾਨ ਪਾਇਆ ਹੈ। ਇਸ ਯੋਗਦਾਨ ਨੂੰ ਉਜਾਗਰ ਕਰਨ ਲਈ ਪੰਜਾਬ ਅਤੇ ਭਾਰਤ ਦੇ ਵਿਦਵਾਨਾਂ, ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਨੇ ਢੇਰ ਸਾਰਾ ਲਿਖਿਆ ਹੈ। ਇਹ ਗੱਲ ਲੁਕੀ ਹੋਈ ਨਹੀਂ ਕਿ ਪੰਜਾਬ ਵਿਚ ਸੁਤੰਤਰਤਾ ਪ੍ਰਾਪਤੀ ਲਈ 19ਵੀਂ ਸ਼ਤਾਬਦੀ ਦੇ ਦੂਸਰੇ ਅੱਧ ਵਿਚ ਬਾਬਾ ਰਾਮ ਸਿੰਘ ਜੀ ਦੀ ਰਹਿਨੁਮਾਈ ਅਧੀਨ ਬਰਤਾਨਵੀ ਹਕੂਮਤ ਦੇ ਵਿਰੁੱਧ ਸਭ ਤੋਂ ਪਹਿਲੀ ਲੋਕ-ਲਹਿਰ ਦਾ ਉੱਥਾਨ ਹੋਇਆ। ਇਸ ਲੋਕ-ਲਹਿਰ ਵਿਚ ਉਸ ਸਮੇਂ ਦੇ ਪੰਜਾਬ ਦੇ ਸ਼ਿਲਪੀ ਅਤੇ ਕਿਰਸਾਨੀ ਭਾਈਚਾਰੇ

Sri Satguru Jagjit Singh Ji Elibrary NamdhariElibrary@gmail.com

ਦਾ ਬਹੁਤ ਵੱਡਾ ਯੋਗਦਾਨ ਸੀ। ਦਰਅਸਲ 19ਵੀਂ ਸ਼ਤਾਬਦੀ ਦੀ ਨਾਮਧਾਰੀ ਲਹਿਰ ਬਰਤਾਨਵੀ ਹਕੂਮਤ ਦੇ ਅਧੀਨ ਪੈਦਾ ਹੋਏ ਆਰਥਿਕ-ਸੰਕਟ ਦੀ ਤਰਜਮਾਨੀ ਵੀ ਕਰ ਰਹੀ ਸੀ। ਇਸ ਸਮੇਂ ਪੰਜਾਬ ਵਿਚ ਕਿਰਸਾਨੀ ਭਾਈਚਾਰਾ ਸ਼ਾਹੂਕਾਰਾਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਹੋ ਰਿਹਾ ਸੀ ਅਤੇ ਇਨ੍ਹਾਂ ਸ਼ਾਹੂਕਾਰਾਂ ਨੂੰ ਬਰਤਾਨਵੀ ਸਰਕਾਰ ਦੇ ਕਾਨੂੰਨ ਦੀ ਮਦਦ ਪ੍ਰਾਪਤ ਸੀ। ਬੁਨਿਆਦੀ ਆਰਥਿਕ ਸੰਕਟ ਤੋਂ ਇਲਾਵਾ ਇਹ ਨਾਮਧਾਰੀ ਲੋਕ-ਲਹਿਰ ਬਰਤਾਨਵੀ ਹਕੂਮਤ ਦੁਆਰਾ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਮਲੀਆਮੇਟ ਕਰਨ ਦੇ ਵਿਰੁੱਧ ਵੀ ਲਾਮਬੰਦ ਹੋਈ। ਈਸਾਈ ਮਿਸ਼ਨਰੀਆਂ ਨੇ ਸਰਕਾਰ ਦੀ ਸ਼ਹਿ ਉੱਤੇ ਸਿੱਖ ਧਰਮ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਨ। ਚਮੜੇ ਦੇ ਵਿਉਪਾਰ ਨੂੰ ਉਤਸ਼ਾਹਿਤ ਕਰਨ ਦੇ ਅਤੇ 'ਮਾਸ-ਆਹਾਰੀ' ਢੰਗ ਨੂੰ ਵਧਾਉਣ ਲਈ ਗਊ-ਹੱਤਿਆ ਯੋਜਨਾਬੱਧ ਤਰੀਕੇ ਨਾਲ ਮੁੜ ਸੁਰਜੀਤ ਕੀਤੀ ਗਈ ਸੀ। ਗਊ-ਗਰੀਬ ਦੀ ਰੱਖਿਆ ਕਰਨ ਦੀ ਪ੍ਰਾਚੀਨ ਸਿੱਖ ਪਰੰਪਰਾ ਨੂੰ ਬਾਬਾ ਰਾਮ ਸਿੰਘ ਜੀ ਨੇ ਮੁੜ ਸੁਰਜੀਤ ਕੀਤਾ, ਜੋ ਇਸ ਲੋਕ-ਲਹਿਰ ਦੀ ਪਿੱਠਭੂਮੀ ਵਿਚ ਵਿਚਰ ਰਹੀ ਸੀ।

ਮਹਾਤਮਾ ਗਾਂਧੀ ਦੀ ਅਗਵਾਈ ਅਧੀਨ ਜਦੋਂ ਪੰਜਾਬ ਵਿਚ ਨਾ-ਮਿਲਵਰਤਣ ਦੀ ਲੋਕ-ਲਹਿਰ ਦਾ ਉੱਥਾਨ ਹੋਇਆ ਉਦੋਂ ਨਾਮਧਾਰੀ ਭਾਈਚਾਰਾ ਰਾਸ਼ਟਰੀ ਅਤੇ ਦੇਸ਼-ਭਗਤੀ ਦੀ ਭਾਵਨਾ ਅਧੀਨ ਸਰਗਰਮ ਹੋ ਚੁੱਕਾ ਸੀ। ਇਸ ਸਮੇਂ ਭਾਰਤ ਦੀ ਤਰ੍ਹਾਂ ਪੰਜਾਬ ਦਾ ਹਰ ਵਰਗ ਆਰਥਿਕ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਿਹਾ ਸੀ। ਕ੍ਰਿਸ਼ੀ ਅਤੇ ਉਪਭੋਗ ਦੀਆਂ ਵਸਤੂਆਂ ਦੀ ਆਮਦ ਤੇ ਦਰਾਮਦ ਰੁਕ ਗਈ ਸੀ। ਸਿੱਟੇ ਵਜੋਂ ਇਨ੍ਹਾਂ ਵਸਤੂਆਂ ਦੀਆਂ ਕੀਮਤਾਂ ਵਧ ਗਈਆਂ ਸਨ। ਵਿਸ਼ਵ ਯੁੱਧ ਬੰਦ ਹੋਣ ਨਾਲ ਵੱਡੇ ਪੈਮਾਨੇ 'ਤੇ ਭਰਤੀ ਕੀਤੇ ਪੰਜਾਬ ਦੇ ਨੌਜਵਾਨ ਘਰਾਂ ਨੂੰ ਵਾਪਸ ਘੱਲੇ ਜਾ ਰਹੇ ਸਨ। ਨਤੀਜੇ ਵਜੋਂ ਰੋਟੀ-ਰੋਜ਼ੀ ਦੇ ਸਾਧਨ ਸਿਮਟ ਰਹੇ ਸਨ। ਬਰਤਾਨਵੀ ਹਕੂਮਤ ਨੇ ਇਸ ਸੰਕਟ ਨੂੰ ਹੱਲ ਕਰਨ ਦੀ ਬਜਾਏ ਗ਼ਦਰ ਲਹਿਰ ਦੇ ਪਰਿਪੇਖ ਵਿਚ ਰੌਲਟ ਐਕਟ ਵਰਗੇ ਕਾਨੂੰਨ ਪਾਸ ਕਰਨ ਦਾ ਰਸਤਾ ਅਪਨਾਇਆ ਜਿਵੇਂ ਕਿ ਉਸ ਵੇਲੇ ਕਿਹਾ ਜਾਂਦਾ ਸੀ ਕਿ ਇਸ ਕਾਨੂੰਨ ਦੇ ਅਧੀਨ ਨਾ ਕੋਈ ਵਕੀਲ ਤੇ ਨਾ ਦਲੀਲ ਦੀ ਭੂਮਿਕਾ ਸੀ। ਇਨ੍ਹਾਂ ਕਾਨੂੰਨਾਂ ਦੇ ਅਧੀਨ ਬਰਤਾਨਵੀ ਹਕੂਮਤ ਨੇ ਭਾਰਤੀ ਅਤੇ ਪੰਜਾਬੀਆਂ ਦੇ 1919 ਈ: ਦੇ ਉੱਠੇ ਅੰਦੋਲਨ ਨੂੰ ਕੁਚਲਿਆ। ਇਸ ਵਾਤਾਵਰਣ ਦਾ ਅਸਰ ਨਾਮਧਾਰੀ ਭਾਈਚਾਰੇ 'ਤੇ ਵੀ ਪਿਆ ਪਰ ਇਥੇ ਇਹ ਵਰਣਨ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ ਕਿ ਇਸ ਅਸਰ ਨੂੰ ਦਰਸਾਉਣ ਲਈ ਹੋਰ ਇਤਿਹਾਸਕ-ਖੋਜ ਦੀ ਜ਼ਰੂਰਤ ਹੈ। ਪਰ ਇਹ ਗੱਲ ਕਹਿਣ ਵਿਚ ਕੋਈ ਸੰਕੋਚ ਨਹੀਂ ਹੈ ਕਿ ਨਾਮਧਾਰੀਆਂ ਦੇ ਕੋਲ ਬਰਤਾਨਵੀ ਹਕੂਮਤ ਦੇ ਵਿਰੁੱਧ ਲਾਮਬੰਦ ਹੋਣ ਦਾ

Sri Satguru Jagjit Singh Ji Elibrary NamdhariElibrary@gmail.com

ਵਿਰਸਾ ਸੀ ਅਤੇ ਇਸ ਵਿਰਸੇ ਵਿਚ ਸਾਮਰਾਜੀ ਸੰਸਥਾਵਾਂ ਅਤੇ ਵਸਤੂਆ ਦਾ ਬਾਈਕਾਟ ਕਰਨਾ ਵੀ ਸ਼ਾਮਿਲ ਸੀ ਅਰਥਾਤ ਸਵਦੇਸ਼ੀ ਵਿਚਾਰਧਾਰਾ ਦੀ ਚੇਤਨਤਾ ਵੀ ਜ਼ਰੂਰ ਸੀ। ਇਹ ਇਸ ਚੇਤਨਤਾ ਦਾ ਹੀ ਸਦਕਾ ਸੀ ਕਿ ਨਾਮਧਾਰੀਆਂ ਨੇ ਬਰਤਾਨਵੀ ਰਾਜ ਤੇ ਹਕੂਮਤ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਤਿਹਾਸ ਦੇ ਇਸ ਪਰਿਪੇਖ ਵਿਚ ਇਉਂ ਲਗਦਾ ਹੈ ਕਿ ਸਵਦੇਸ਼ੀ ਚੇਤਨਤਾ ਦੀ ਰੂਪ-ਰੇਖਾ ਨਾਮਧਾਰੀ ਜਗਤ ਵਿਚ ਹੋਰ ਸਾਫ਼ ਤੇ ਮਜ਼ਬੂਤ ਹੋਣੀ ਸ਼ੁਰੂ ਹੋ ਗਈ ਸੀ। ਸਿੱਟੇ ਵਜੋਂ ਨਾਮਧਾਰੀ ਸਮੂਹ ਨੇ ਰਾਸ਼ਟਰੀ ਲੋਕ-ਲਹਿਰ, ਜਿਸ ਦੀ ਅਗਵਾਈ ਕਾਂਗਰਸ ਨੇ ਕੀਤੀ, ਵਿਚ ਵਿਸ਼ੇਸ਼ ਯੋਗਦਾਨ ਪਾਇਆ। ਲਾਹੌਰ ਵਿਖੇ ਕੀਤੇ ਗਏ ਕਾਂਗਰਸ ਦੇ ਸਲਾਨਾ ਇਜ਼ਲਾਸ ਵਿਚ ਪਾਸ ਕੀਤੇ ਪੂਰਨ ਸਵਰਾਜ ਦੇ ਮਤੇ ਦਾ ਨਾਮਧਾਰੀਆਂ ਨੇ ਸਮਰਥਨ ਕੀਤਾ। ਜਦੋਂ ਮਹਾਤਮਾ ਗਾਂਧੀ ਨੇ ਸਿਵਲ-ਨਾ-ਫੁਰਮਾਨੀ ਲਹਿਰ ਸ਼ੁਰੂ ਕੀਤੀ ਤਾਂ ਕਾਂਗਰਸ ਨੇ ਮਹਾਰਾਜਾ ਨਿਹਾਲ ਸਿੰਘ ਨੂੰ ਪੰਜਾਬ ਵਿਚ ਇਸ ਲਹਿਰ ਦਾ ਸੰਚਾਲਕ ਨਿਯੁਕਤ ਕੀਤਾ। ਨਾਮਧਾਰੀਆਂ ਨੇ ਕੂਕਾਂ-ਕਾਂਗਰਸ ਦਲ ਵੀ ਬਣਾਇਆ ਤਾਂ ਕਿ ਉਹ ਰਾਸ਼ਟਰੀ ਅੰਦੋਲਨ ਵਿਚ ਸਰਗਰਮ ਹਿੱਸਾ ਪਾ ਸਕਣ।

1930 ਦੇ ਦਹਾਕੇ ਤਕ ਪੰਜਾਬ ਵਿਚ ਫਿਰਕੂ ਤਨਾਅ ਅਤੇ ਫਸਾਦ ਹੋਣੇ ਸ਼ੁਰੂ ਹੋ ਗਏ ਸਨ। ਪੰਜਾਬ ਵਿਚ ਮੁਸਲਮਾਨ, ਹਿੰਦੂ ਅਤੇ ਸਿੱਖਾਂ ਦੀਆਂ ਫਿਰਕੂ ਸੰਸਥਾਵਾਂ ਆਪਣੇ ਆਪਣੇ ਸਵਾਰਥਾਂ ਲਈ ਜਦੋ-ਜਹਿਦ ਕਰ ਰਹੀਆਂ ਸਨ। ਨਾਮਧਾਰੀਆਂ ਨੇ ਇਸ ਫਿਰਕੂ ਤਨਾਅ ਅਤੇ ਹਿੰਸਾ ਦੇ ਵਿਰੋਧ ਵਿਚ ਜਮਹੂਰੀ ਅਤੇ ਧਰਮ ਨਿਰਪੱਖ ਵਿਚਾਰਧਾਰਾ ਦਾ ਸਮਰਥਨ ਕੀਤਾ। ਇਸ ਦਹਾਕੇ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਭੈਣੀ ਸਾਹਿਬ ਰਾਸ਼ਟਰੀਅਤਾ ਦੇ ਰੰਗਮੰਚ ਦਾ ਕੇਂਦਰ-ਬਿੰਦੂ ਬਣ ਚੁੱਕਾ ਸੀ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਦੀ ਰਹਿਨੁਮਾਈ ਦੇ ਅਧੀਨ ਕਾਂਗਰਸ ਅਤੇ ਹੋਰ ਰਾਸ਼ਟਰੀ ਨੇਤਾ ਭੈਣੀ ਸਾਹਿਬ ਵਿਖੇ ਹੋਈਆਂ ਕਾਨਫਰੰਸਾਂ ਵਿਚ ਆਪਣੀ ਸ਼ਮੂਲੀਅਤ ਕਰਦੇ ਰਹੇ। ਇਹ ਨੇਤਾ ਨਾਮਧਾਰੀਆਂ ਦੇ ਸੁਤੰਤਰਤਾ ਸੰਗਰਾਮ ਵਿਚ ਪਾਏ ਯੋਗਦਾਨ ਦੀ ਪ੍ਰਸੰਸਾ ਕਰਨ ਤੋਂ ਨਾ ਰਹਿ ਸਕੇ। ਇਹ ਨੇਤਾ ਨਾਮਧਾਰੀਆਂ ਨੂੰ ਪੰਜਾਬ ਵਿਚ ਸੁਤੰਤਰਤਾ ਸੰਗਰਾਮ ਸ਼ੁਰੂ ਕਰਨ ਦੇ ਮੋਢੀ ਸਮਝਦੇ ਸਨ। ਜਿਸ ਤਰ੍ਹਾਂ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਹਿੰਦੂ-ਮੁਸਲਿਮ ਭਾਈਚਾਰੇ ਦੀ ਏਕਤਾ ਬਣਾਈ ਰੱਖਣ ਲਈ ਕਈ ਕਾਨਫਰੰਸਾਂ ਦਾ ਆਯੋਜਨ ਅਤੇ ਅਗਵਾਈ ਕੀਤੀ ਉਸੇ ਤਰ੍ਹਾਂ ਉਨ੍ਹਾਂ ਨੇ ਸਿੱਖ ਭਾਈਚਾਰੇ ਦੇ ਅੰਦਰੂਨੀ ਤਨਾਅ ਨੂੰ ਘਟਾਉਣ ਲਈ ਅਤੇ ਸਿੱਖ ਸੰਪਰਦਾਵਾਂ ਦੀ ਏਕਤਾ ਲਈ 'ਗੁਰੂ ਨਾਨਕ ਨਾਮ ਲੇਵਾ ਕਾਨਫਰੰਸ' ਦਾ ਆਯੋਜਨ ਕੀਤਾ। ਇਸ ਕਾਨਫਰੰਸ ਵਿਚ ਸਿੱਖ ਪ੍ਰਤੀਨਿਧ ਸੰਸਥਾਵਾਂ ਜਿਵੇਂ ਕਿ ਚੀਫ਼ ਖ਼ਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਸੈਂਟਰਲ ਅਕਾਲੀ

ਅਤੇ ਉਦਾਸੀ, ਨਿਰਮਲਾ ਅਤੇ ਅੱਡਣਸ਼ਾਹੀ ਸੰਪਰਦਾਵਾਂ ਦੇ ਨੁਮਾਇੰਦੇ ਸ਼ਾਮਿਲ ਹੋਏ।

1930 ਦੇ ਦਹਾਕੇ ਵਿਚ ਹੀ, ਨਾਮਧਾਰੀ ਵਿਚਾਰਧਾਰਾ ਕੇਵਲ ਧਾਰਮਿਕ ਜਾਂ ਰਾਜਨੀਤਕ ਮੁੱਦਿਆਂ ਤਕ ਹੀ ਸੀਮਿਤ ਨਹੀਂ ਰਹੀ ਸਗੋਂ ਕਿਰਸਾਨੀ ਦੀਆਂ ਸਮਾਜ ਦੀਆਂ ਆਰਥਿਕ ਤੰਗੀਆਂ ਪ੍ਰਤੀ ਸੰਵੇਦਨਸ਼ੀਲ ਵੀ ਹੋ ਗਈ। ਜਿਵੇਂ ਸਾਨੂੰ ਸਭ ਨੂੰ ਪਤਾ ਹੈ ਕਿ 1930 'ਤਕ ਸੰਸਾਰ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋ ਚੁੱਕਾ ਸੀ। ਪੰਜਾਬ ਵਿਚ ਕਿਰਤੀ ਕਿਸਾਨ ਪਾਰਟੀ, ਸਟੇਟ ਪੀਪਲਜ਼ ਕਾਨਫਰੰਸ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਆਰਥਿਕ ਪ੍ਰੋਗਰਾਮ ਦੀ ਰੂਪ-ਰੇਖਾ ਬਣਾ ਕੇ ਲੋਕਾਂ ਵਿਚ ਪ੍ਰਚਾਰ ਕਰ ਰਹੇ ਸਨ। ਬਰਤਾਨਵੀ ਸਰਕਾਰ 'ਤੇ ਦਬਾਅ ਪਾ ਰਹੇ ਸਨ ਕਿ ਉਹ ਵਧਦੀ ਹੋਈ ਬੇਰੁਜ਼ਗਾਰੀ ਨੂੰ ਰੋਕੇ ਅਤੇ ਵਿਦਿਅਕ ਸੰਸਥਾਵਾਂ ਦਾ ਪ੍ਰਸਾਰ ਕਰੇ। ਨਾਮਧਾਰੀਆਂ ਨੇ ਵੀ ਇਸ ਪ੍ਰੋਗਰਾਮ ਦਾ ਸਮਰਥਨ ਕਰਦੇ ਹੋਏ ਸਰਕਾਰ ਕੋਲੋਂ ਇਹ ਮੰਗ ਕੀਤੀ ਕਿ ਲਗਾਨ ਅਤੇ ਪਾਣੀਆਂ ਦੇ ਟੈਕਸ ਵਿਚ ਕਮੀ ਕਰਕੇ ਕਿਸਾਨਾਂ ਨੂੰ ਰਾਹਤ ਪ੍ਰਦਾਨ ਕੀਤੀ ਜਾਏ।

ਨਾਮਧਾਰੀ ਸਮਾਜ ਦਾ ਇਹ ਪੱਖ ਵੀ ਬਹੁਤ ਮਹੱਤਵਪੂਰਨ ਹੈ ਕਿ ਜਦੋਂ ਵੀ ਸਿੱਖ ਭਾਈਚਾਰੇ ਨੂੰ ਬਾਹਰਲੀਆਂ ਰਾਜਨੀਤਕ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਤਾਂ ਨਾਮਧਾਰੀਆਂ ਨੇ ਆਪਣੀ ਯਥਾ-ਸ਼ਕਤੀ ਅਨੁਸਾਰ ਹਿੱਸਾ ਪਾਇਆ। 1947 ਤੋਂ ਪਹਿਲਾਂ ਤੇ ਹੁਣ ਵੀ ਨਾਮਧਾਰੀ ਭਾਈਚਾਰੇ ਦਾ ਰਾਜਸੀ ਜੀਵਨ ਬੁਨਿਆਦੀ ਤੌਰ 'ਤ ਸਿੱਖ ਭਾਈਚਾਰੇ ਨਾਲ ਜੁੜਿਆ ਹੋਇਆ ਹੈ। ਜਿਵੇਂ ਸਾਨੂੰ ਸਭ ਨੂੰ ਪਤਾ ਹੈ ਕਿ 1930 ਦੇ ਮੁੱਢ ਵਿਚ ਭਾਰਤੀ ਸੰਵਿਧਾਨ ਦੀ ਰੂਪ-ਰੇਖਾ ਵਿਚ ਬੜੀ ਤੇਜ਼ੀ ਨਾਲ ਬਦਲਾਅ ਆ ਰਹੇ ਸਨ। 1932 ਦੇ ਕਮਿਊਨਲ ਅਵਾਰਡ ਨੇ ਪੰਜਾਬ ਵਿਚ ਹਿੰਦੂ ਤੇ ਸਿੱਖ ਘੱਟ ਗਿਣਤੀਆਂ ਦੀ ਨੀਂਦ ਹਰਾਮ ਕਰ ਦਿੱਤੀ ਸੀ। ਇਕ ਲਿਹਾਜ ਨਾਲ ਇਸ ਨੇ ਪੰਜਾਬ ਵਿਚ ਮੁਸਲਿਮ ਰਾਜ ਦੀ ਲੋਕਤੰਤਰੀ ਤਰੀਕੇ ਨਾਲ ਸਥਾਪਤੀ ਕਰ ਦਿੱਤੀ ਸੀ। ਇਹ ਅਵਾਰਡ 1935 ਦੇ ਐਕਟ ਦਾ ਆਧਾਰ ਬਣਿਆ। ਇਸ ਤੋਂ ਵੀ ਵੱਧ 1940 ਵਿਚ ਜਦੋਂ ਮੁਸਲਿਮ ਲੀਗ ਨੇ ਐਮ.ਏ. ਜਿਨਹਾ ਦੀ ਅਗਵਾਈ ਅਧੀਨ ਪਾਕਿਸਤਾਨ ਦਾ ਮਤਾ ਪਾਸ ਕਰ ਦਿੱਤਾ ਤਾਂ ਮੁਸਲਿਮ ਰਾਜ ਦੀ ਸਥਾਪਨਾ ਦਾ ਆਧਾਰ ਹੋ ਪੱਕਾ ਹੋ ਗਿਆ। ਹਿੰਦੂਆਂ ਅਤੇ ਸਿੱਖਾਂ ਲਈ ਇਹ ਇਕ ਬਹੁਤ ਵੱਡੀ ਚੁਣੌਤੀ ਬਣ ਗਈ। 1940 ਤੋਂ 1946 ਦੇ ਥੋੜ੍ਹੇ ਹੀ ਸਾਲਾਂ ਵਿਚ ਪਾਕਿਸਤਾਨ ਬਣਨ ਦੇ ਆਸਾਰ ਬਿਲਕੁਲ ਸਪੱਸ਼ਟ ਹੋ ਰਹੇ ਸਨ। ਇਹ ਚੁਣੌਤੀ ਫ਼ਿਰਕਾਪ੍ਰਸਤੀ ਦੇ 'ਆਦਮ-ਕੱਦ' ਤੋਂ ਵੱਡੀ ਸੀ। ਜਦੋਂ ਅਕਾਲੀ ਅਤੇ ਸਿੱਖ ਨੇਤਾਵਾਂ ਨੇ ਇਸ 'ਦਿਓ-ਕੱਦ' ਚੁਣੌਤੀ ਦਾ ਸਾਹਮਣਾ ਕਰਨ ਲਈ ਸਰਬ ਪਾਰਟੀ ਕਾਨਫਰੰਸ ਦਾ ਆਯੋਜਨ ਕੀਤਾ ਤਾਂ ਨਾਮਧਾਰੀਆਂ ਨੇ ਇਸ ਵਿਚ ਆਪਣੀ ਪੂਰੀ ਸ਼ਕਤੀ ਨਾਲ

Sri Satguru Jagjit Singh Ji Elibrary NamdhariElibrary@gmail.com

ਹਿੱਸਾ ਪਾਇਆ। ਉਨ੍ਹਾਂ ਨੇ ਪੰਥਕ ਪ੍ਰਤੀਨਿਧੀ ਬੋਰਡ ਦੇ ਪ੍ਰੋਗਰਾਮ ਦਾ ਸਮਰਥਨ ਵੀ ਕੀਤਾ। ਜੂਨ 1949 ਵਿਚ ਜਦੋਂ ਸਿੱਖਾਂ ਨੇ ਕੈਬਨਿਟ ਪ੍ਰਪੋਜ਼ਲ ਦੀ ਵਿਰੋਧਤਾ ਕਰਨ ਲਈ ਕੌਂਸਲ ਆਫ਼ ਐਕਸ਼ਨ ਦੀ ਸਥਾਪਨਾ ਕੀਤੀ ਤਾਂ ਨਾਮਧਾਰੀ ਨਿਧਾਨ ਸਿੰਘ ਆਲਮ ਵੀ ਇਸ ਦੇ ਮੈਂਬਰ ਬਣੇ। ਇਸ ਪ੍ਰਸੰਗ ਵਿਚ ਅਟਾਰੀ ਵਿਖੇ ਹੋਈ ਕਾਨਫਰੰਸ ਵਿਚ ਹਿੱਸਾ ਲਿਆ। ਪਰ ਸਭ ਤੋਂ ਵੱਧ ਧਿਆਨਗੋਚਰੀ ਗੱਲ ਇਹ ਹੈ ਕਿ ਨਾਮਧਾਰੀਆ ਨੇ ਹਰ ਪੱਧਰ ਤੇ ਫ਼ਿਰਕਾਪ੍ਰਸਤੀ, ਤਨਾਅ ਅਤੇ ਫਸਾਦਾਂ ਤੋਂ ਉੱਪਰ ਉੱਠ ਕੇ ਮਾਨਵੀ ਕਦਰਾਂ-ਕੀਮਤਾਂ ਦੀ ਰਾਖੀ ਕੀਤੀ। ਉਨ੍ਹਾਂ ਨੇ ਬਹੁਤ ਸਾਰੇ ਮੁਸਲਿਮ ਪਰਿਵਾਰਾਂ ਨੂੰ ਨਾ ਕੇਵਲ ਸਾੜ-ਸਤੀ ਦੇ ਦੌਰ ਵਿਚ ਸ਼ਰਨ ਅਤੇ ਧਰਵਾਸ ਹੀ ਦਿੱਤੀ ਸਗੋਂ ਉਨ੍ਹਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਾਕਿਸਤਾਨ ਪਹੁੰਚਾਉਣ ਲਈ ਕਦਮ ਵੀ ਉਠਾਏ ਅਤੇ ਨਾਲ ਹੀ ਜਿਹੜੇ ਸ਼ਰਨਾਰਥੀ ਆਏ ਸਨ, ਉਨ੍ਹਾਂ ਦੇ ਮੁੜ-ਵਸੇਬੇ ਦਾ ਪੱਕਾ ਪ੍ਰਬੰਧ ਵੀ ਕੀਤਾ।

ਅੱਜ ਦੇ ਮਹਿੰਤਗਿਰੀ ਦਾ ਦੌਰ ਵਿਚ ਨਾਮ ਸਿਮਰਨ ਅਤੇ ਸਾਦੇ ਪਰ ਘੱਟ ਤੋਂ ਘੱਟ ਕੁਝ ਸਮਾਜਿਕ ਅਤੇ ਧਾਰਮਿਕ ਰੀਤੀ-ਰਿਵਾਜ਼ ਕਰਨ ਤੇ ਕਰਾਉਣ ਦੇ ਸੰਬੰਧ ਵਿਚ ਨਾਮਧਾਰੀ ਜੀਵਨ-ਸ਼ੈਲੀ ਅਤਿ ਪ੍ਰਸੰਗਿਕ ਹੈ। ਇਸ ਜੀਵਨ-ਸ਼ੈਲੀ ਦਾ ਨਿਰਮਾਣ ਬਾਬਾ ਬਾਲਕ ਸਿੰਘ ਅਤੇ ਬਾਬਾ ਰਾਮ ਸਿੰਘ ਨੇ ਕੀਤਾ। 19ਵੀਂ ਸ਼ਤਾਬਦੀ ਦਾ ਪੰਜਾਬੀ ਭਾਈਚਾਰਾ ਅਨੇਕਾਂ ਪ੍ਰਕਾਰ ਦੀਆਂ ਰਹੁ-ਰੀਤਾਂ ਦੇ ਭਰਮ-ਜਾਲ ਜਿਵੇਂ ਕੁੜੀਮਾਰ, ਬਾਲ ਵਿਆਹ, ਦਾਜ ਦਹੇਜ ਅਤੇ ਸਤੀ ਆਦਿ ਵਿਚ ਫਸਿਆ ਹੋਇਆ ਸੀ। ਇਨ੍ਹਾਂ ਪ੍ਰਥਾਵਾਂ ਨੇ ਆਮ ਵਿਅਕਤੀ ਦੇ ਜੀਵਨ ਨੂੰ ਦੁਖਦਾਇਕ ਅਤੇ ਅਮਾਨਵੀ ਬਣਾ ਦਿੱਤਾ ਸੀ। ਸਭ ਤੋਂ ਜ਼ਿਆਦਾ ਚਿੰਤਾ ਵਾਲੀ ਗੱਲ ਇਹ ਸੀ ਕਿ ਭੈੜੀਆਂ ਕੁਰੀਤੀਆਂ ਉਸ ਸਮੇਂ ਸਮਾਜ ਦੇ ਉਤਲੇ ਵਰਗ ਅਰਥਾਤ ਵੱਡੀਆਂ ਜਾਤਾਂ ਦੇ ਲੋਕਾਂ ਵਿਚ ਬਹੁਤ ਪ੍ਰਚਲਿਤ ਸਨ। ਮਿਸਾਲ ਦੇ ਤੌਰ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਦਾਹ ਸੰਸਕਾਰ ਦੇ ਨਾਲ ਉਸ ਦੀਆਂ ਰਾਣੀਆਂ ਵੀ ਸਤੀ ਹੋਈਆਂ। ਸਿੱਖ ਸਮਾਜ ਦੇ ਬੇਦੀ ਪਰਿਵਾਰਾਂ ਵਿਚ ਕੁੜੀਮਾਰ ਪ੍ਰਥਾ ਆਮ ਪ੍ਰਚੱਲਿਤ ਸੀ। ਰਾਜਸੀ ਘਰਾਣਿਆਂ ਦੀ ਦੇਖਾ-ਦੇਖੀ ਜਨ-ਸਾਧਾਰਨ ਲੋਕਾਂ ਨੇ ਇਨ੍ਹਾਂ ਰੀਤੀ-ਰਿਵਾਜ਼ਾਂ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ। ਨਾਮਧਾਰੀ ਸਭ ਤੋਂ ਪਹਿਲੀ ਲੋਕ-ਲਹਿਰ ਸੀ, ਜੋ ਇਨ੍ਹਾਂ ਫਜ਼ੂਲ ਅਤੇ ਅਮਾਨਵੀ ਰਹੁ-ਰੀਤਾਂ ਦੇ ਵਿਰੁੱਧ ਲਾਮਬੰਦ ਹੋਈ। ਨਾਮਧਾਰੀ ਰਹਿਤ ਮਰਿਯਾਦਾ ਨੇ ਆਮ ਵਿਅਕਤੀ ਨੂੰ ਇਨ੍ਹਾਂ ਭੈੜੀਆਂ ਕੁਰੀਤੀਆਂ ਤੋਂ ਨਾ ਕੇਵਲ ਰਾਹਤ ਹੀ ਪ੍ਰਦਾਨ ਕਰਵਾਈ ਸਗੋਂ ਮੁਕਤ ਕਰਵਾਉਣ ਦਾ ਯਤਨ ਵੀ ਕੀਤਾ। ਜਿੰਨੇ ਕਰੜੇ ਸ਼ਬਦਾਂ ਵਿਚ ਇਨ੍ਹਾਂ ਰਹੁ-ਰੀਤਾਂ ਅਤੇ ਮਹੰਤ-ਗਿਰੀ ਸਮਾਜ ਦੀ ਆਲੋਚਨਾ, ਨਿੰਦਾ ਤੇ ਵਿਰੋਧ ਨਾਮਧਾਰੀ ਲਹਿਰ ਨੇ ਕੀਤਾ, ਇਸ ਦੀ ਉਦਾਹਰਣ ਪੰਜਾਬ ਦੇ ਉਸ ਸਮੇਂ ਦੇ ਇਤਿਹਾਸ

ਵਿਚ ਕਿਤੇ ਹੋਰ ਨਹੀਂ ਮਿਲਦੀ। ਕੁੜੀ ਮਾਰਨਾ, ਵੇਚਣਾ ਜਾਂ ਵੱਟਾ-ਸੱਟਾ ਕਰਨਾ ਨਾਮਧਾਰੀ ਗੁਰੂ ਦੀਆਂ ਨਜ਼ਰਾਂ ਵਿਚ ਨਾ ਕੇਵਲ ਪਾਪ ਹੀ ਸੀ ਸਗੋਂ ਜੁਲਮ ਵੀ ਸੀ।

ਅਨੰਦ-ਵਿਆਹ ਦੀ ਰਸਮ ਸਿੱਖ ਭਾਈਚਾਰੇ ਲਈ ਇਕ ਰੱਬੀ ਦਾਤ ਸੀ। ਸਵਾ ਰੁਪਏ ਵਿਚ ਵਿਆਹ ਦਾ ਸੰਕਲਪ ਇਕ ਇਨਕਲਾਬੀ ਕਦਮ ਸੀ। ਇਹ ਇਨਕਲਾਬੀ ਇਸ ਕਰਕੇ ਸੀ ਕਿ ਪੰਜਾਬੀ ਭਾਈਚਾਰੇ ਦਾ ਕਿਰਸਾਨੀ ਸਮਾਜ ਗਰੀਬੀ ਅਤੇ ਕਰਜ਼ੇ ਦਾ ਸ਼ਿਕਾਰ ਹੋ ਚੁੱਕਾ ਸੀ। ਅਨੇਕਾਂ ਪ੍ਰਕਾਰ ਦੀਆਂ ਰਹੁ-ਰੀਤਾਂ ਨੂੰ ਅਪਨਾ ਕੇ ਵਿਆਹ ਕਰਨਾ ਕਿਰਸਾਨੀ ਸਮਾਜ ਦੀ ਪਹੁੰਚ ਤੋਂ ਬਾਹਰ ਸੀ। ਸ਼ਾਇਦ ਇਸੇ ਕਰਕੇ ਹੀ ਪਰਿਵਾਰ ਦੇ ਕੁਝ ਮਰਦ ਅਣਵਿਆਹੇ ਰਹਿ ਜਾਂਦੇ ਸਨ ਜਿਹੜੇ ਕਿ ਸਮਾਜਿਕ ਕੁਰੀਤੀਆਂ ਦਾ ਕਾਰਨ ਬਣਦੇ ਸਨ। ਨਾਮਧਾਰੀ ਵਿਚਾਰਧਾਰਾ ਨੇ ਇਸ ਪਿਰਤ ਦੀ ਜ਼ੋਰਦਾਰ ਮੁਖ਼ਾਲਫ਼ਤ ਕੀਤੀ। ਇਨ੍ਹਾਂ ਭੈੜੀਆਂ ਕੁਰੀਤੀਆਂ ਦਾ ਸਭ ਤੋਂ ਵੱਡਾ ਸ਼ਿਕਾਰ ਉਸ ਸਮੇਂ ਦੀ ਔਰਤ ਸੀ। ਉਹ ਨਾ ਕੇਵਲ ਹੀਣਭਾਵਨਾ ਦਾ ਹੀ ਸ਼ਿਕਾਰ ਸੀ ਸਗੋਂ ਉਸ ਦੀ ਉਮਰ ਦਾ ਬਹੁਤ ਵੱਡਾ ਹਿੱਸਾ ਗ਼ੁਲਾਮੀ-ਦਰ-ਗ਼ੁਲਾਮੀ ਵਾਲਾ ਸੀ। ਬਾਬਾ ਰਾਮ ਸਿੰਘ ਇਨ੍ਹਾਂ ਲਾਚਾਰ ਔਰਤਾਂ ਲਈ 'ਮੁਕਤੀ ਦਾਤਾ' ਸੀ। ਇਸ 'ਮੁਕਤੀ ਦਾਤਾ' ਨੇ ਅੰਤਰਜਾਤੀ ਵਿਆਹ ਰਚਾਉਣ ਦੀ ਪਰੰਪਰਾ ਸ਼ੁਰੂ ਕਰਕੇ ਇਕ ਹੋਰ ਇਨਕਲਾਬੀ ਕਦਮ ਚੁੱਕਿਆ। ਉਸ ਸਮੇਂ ਤੇ ਇਸ ਸਮੇਂ ਦੇ ਸਮਾਜ ਵਿਚ ਇਹ ਇਕ ਅਨੋਖੀ ਅਤੇ ਅਚੰਭੇ ਵਾਲੀ ਪਿਰਤ ਸੀ ਤੇ ਹੈ। ਇਸ ਪੱਖੋਂ ਪੰਜਾਬ ਦਾ ਕੋਈ ਵੀ ਭਾਈਚਾਰਾ (ਸ਼ਾਇਦ ਭਾਰਤ ਦਾ ਵੀ) ਅੰਤਰਜਾਤੀ ਵਿਆਹ ਦੁਆਰਾ ਰਚਿਤ ਸਮਾਜ ਦਾ ਮਾਣ ਪ੍ਰਾਪਤ ਨਹੀਂ ਕਰ ਰਿਹਾ। ਸਿੱਖ ਧਰਮ ਅਨੁਸਾਰ ਵਿਆਹ ਕੇਵਲ ਸਮਾਜਕ ਬੰਧਨ ਨਹੀਂ ਹੈ ਅਤੇ ਨਾ ਹੀ ਕਾਮ-ਵਾਸ਼ਨਾ ਦੀ ਪੂਰਤੀ ਦਾ ਸਾਧਨ ਹੈ। ਇਹ ਤਾਂ ਮਰਦ-ਇਸਤਰੀ ਦੇ ਆਤਮਿਕ ਸੁਮੇਲ ਦੀ ਮੂਰਤੀ ਹੈ। ਜ਼ਾਤਪਾਤ ਅਤੇ ਗੋਤ ਦੇ ਆਧਾਰ 'ਤੇ ਵਿਆਹ ਇਸ ਆਤਮਿਕ ਸੁਮੇਲ ਦਾ ਵਿਰੋਧ ਹੈ। ਅੰਤਰਜਾਤੀ ਵਿਆਹ ਸਹੀ ਅਰਥਾਂ ਵਿਚ ਇਨਸਾਨੀਅਤ ਦੀ ਪਹਿਚਾਣ ਹੈ ਪਰ ਅੰਤਰਜਾਤੀ ਵਿਆਹ ਦਾ ਸਮਾਜਕ ਮਹੱਤਵ ਵੀ ਹੈ। ਸਮਾਜ-ਸ਼ਾਸਤਰੀ ਅਤੇ ਦੇਸ਼ ਦੇ ਯੋਜਨ-ਨਿਰਮਾਤਾਵਾਂ ਦਾ ਇਹ ਵਿਸ਼ਵਾਸ ਹੈ ਕਿ ਅੰਤਰਜਾਤੀ ਵਿਆਹ ਸਮਾਜਿਕ ਅਤੇ ਭਾਈਚਾਰਕ ਸਾਂਝ ਦਾ ਅਸਲੀ ਧੁਰਾ ਬਣ ਸਕਦੇ ਸਨ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਅਤੇ ਦੂਰ ਅੰਦੇਸ਼ੀ ਸਿਆਸਤਦਾਨ ਨੇ ਅੰਤਰਜਾਤੀ ਪਰੰਪਰਾ ਦੇ ਮਹੱਤਵ ਨੂੰ ਪਹਿਚਾਣ ਕੇ ਇਸ ਨੂੰ ਅਮਲੀ ਰੂਪ ਦੇਣ ਦੀ ਪ੍ਰਕਿਰਿਆ 'ਤੇ ਜ਼ੋਰ ਦਿੱਤਾ ਸੀ ਪਰ ਬਦਕਿਸਮਤੀ ਨਾਲ ਨਹਿਰੂ ਦੌਰ ਤੋਂ ਪਿੱਛੋਂ ਕਿਸੇ ਹੋਰ ਨੀਤੀਵਾਨ ਨੇ ਇਸ ਵਡਮੁੱਲੀ ਪਰੰਪਰਾ ਦੇ ਮਹੱਤਵ ਨੂੰ ਸਮਝਣ ਦੀ ਜ਼ਰੂਰਤ ਨਹੀਂ ਸਮਝੀ। ਇਸ ਪ੍ਰਸੰਗ ਵਿਚ ਨਾਮਧਾਰੀ ਜਗਤ ਸਮੁੱਚੇ ਭਾਰਤੀਆਂ ਦੀ ਪ੍ਰਸੰਸਾ ਦਾ ਹੱਕਦਾਰ ਹੈ। ਨਾਮਧਾਰੀ ਵਿਦਵਾਨਾਂ ਅਤੇ ਧਾਰਮਿਕ ਨੇਤਾਵਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਸਮੂਹਿਕ ਅੰਤਰਜਾਤੀ ਅਤੇ

Sri Satguru Jagjit Singh Ji Elibrary NamdhariElibrary@gmail.com

ਬਗ਼ੈਰ ਦਾਜ-ਦਹੇਜ ਦੇ ਵਿਆਹ ਦੇ ਅੰਕੜੇ ਇਕੱਠੇ ਕਰਨ ਅਤੇ ਨਾਮਧਾਰੀ ਜਗਤ ਦੇ ਇਸ ਅਲੌਕਿਕ ਪੱਖ ਨੂੰ ਉਜਾਗਰ ਕਰਨ।

ਕਥਨੀ ਅਤੇ ਕਰਨੀ ਨਾਮਧਾਰੀ ਜੀਵਨ-ਸ਼ੈਲੀ ਦਾ ਇਕ ਹੋਰ ਵਿਸ਼ੇਸ਼ ਪੱਖ ਹੈ। ਸਿਆਸੀ ਗੰਧਲੇਪਣ ਅਤੇ ਦੋਹਰੇ ਮਾਪਦੰਡ ਦੇ ਬਾਵਜੂਦ ਵੀ ਆਮ ਨਾਮਧਾਰੀਆਂ ਨੇ ਸਾਦਗੀ ਅਤੇ ਇਮਾਨਦਾਰੀ ਦਾ ਪੱਲਾ ਛੱਡਿਆ ਨਹੀਂ। ਇਹ ਸ਼ਾਇਦ ਇਸ ਕਰਕੇ ਹੀ ਸੰਭਵ ਹੋਇਆ ਹੈ ਕਿਉਂਕਿ ਵਰਤਮਾਨ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿਆਸਤ ਨੂੰ ਧਰਮ 'ਤੇ ਭਾਰੂ ਨਹੀਂ ਹੋਣ ਦਿੱਤਾ ਅਰਥਾਤ ਉਨ੍ਹਾਂ ਨੇ ਸਿੱਖ ਧਰਮ ਦੀ ਕਿਰਤ ਕਰਨ ਤੇ ਵੰਡ ਛਕਣ ਦੀ ਪਰੰਪਰਾ ਨੂੰ ਨਾਮਧਾਰੀ ਜੀਵਨ-ਸ਼ੈਲੀ ਦਾ ਅੰਗ ਬਣਾਉਣ ਵਿਚ ਸਰਗਰਮ ਕੋਸ਼ਿਸ਼ ਕੀਤੀ ਹੈ ਅਤੇ ਯਤਨਸ਼ੀਲ ਹਨ।

19ਵੀਂ ਸ਼ਤਾਬਦੀ ਦੇ ਦੂਸਰੇ ਅੱਧ ਤੋਂ ਹੁਣ ਤਕ ਗੁਰ-ਪ੍ਰਣਾਲੀ ਅਤੇ ਸ਼ਬਦ-ਪ੍ਰਣਾਲੀ ਦੇ ਸਿਧਾਂਤਕ ਮਤਭੇਦਾਂ ਬਾਰੇ ਸੰਜੀਦਗੀ ਨਾਲ ਚਰਚਾ ਹੋ ਰਹੀ ਹੈ। ਪਰ ਸਿੱਖ ਇਤਿਹਾਸ ਵਿਚ ਇਨ੍ਹਾਂ ਦੋਹਾਂ ਪ੍ਰਣਾਲੀਆਂ ਨੇ ਰਹਿਤ ਮਰਿਯਾਦਾ ਉਸਾਰਨ ਅਤੇ ਉਸ ਅਨੁਸਾਰ ਜੀਵਨ ਜੀਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਨਾਮਧਾਰੀ ਭਾਈਚਾਰੇ ਦੀ ਵਿਲੱਖਣਤਾ ਨੂੰ ਉਜਾਗਰ ਕਰਨ ਵਿਚ ਗੁਰੂ-ਪ੍ਰਣਾਲੀ ਦੀ ਖ਼ਾਸ ਭੂਮਿਕਾ ਹੈ। ਇਸ ਪ੍ਰਣਾਲੀ ਅਨੁਸਾਰ ਨਾਮਧਾਰੀ ਗੁਰੂ ਅਤੇ ਸੰਗਤ ਵਿਚਕਾਰ ਸਿੱਧਾ ਸੰਪਰਕ ਸਥਾਪਿਤ ਰਿਹਾ ਹੈ। ਨਾਮਧਾਰੀ ਗੁਰੂ ਦੇ ਆਦੇਸ਼ ਸੰਗਤਾਂ ਲਈ ਰੱਬੀ ਆਦੇਸ਼ ਮੰਨੇ ਜਾਂਦੇ ਹਨ। ਇਨ੍ਹਾਂ ਆਦੇਸ਼ਾਂ ਦੀ ਅਵੱਗਿਆ ਕਰਨਾ ਲਗਭਗ ਅਸੰਭਵ ਹੈ। ਇਸੇ ਤਰ੍ਹਾਂ ਨਾਮਧਾਰੀ ਗੁਰੂ ਦਾ ਨਿਰਮਲ ਅਤੇ ਸ਼ਖ਼ਸੀ ਜੀਵਨ ਸੰਗਤਾਂ ਲਈ ਰਹਿਨੁਮਾਈ ਦਾ ਕੰਮ ਕਰ ਰਿਹਾ ਹੈ। ਗੁਰੂ ਦੀ ਹਾਜ਼ਰੀ ਨੇ ਨਾਮਧਾਰੀ ਅਨੁਸ਼ਾਸਨ ਪ੍ਰਣਾਲੀ ਨੂੰ ਸੰਚਾਰੀ ਅਤੇ ਜੁਆਬਦੇਹ ਬਣਾਈ ਰੱਖਿਆ ਹੈ। ਦਰਅਸਲ ਜੇ ਨਾਮਧਾਰੀ ਜੀਵਨ-ਸ਼ੈਲੀ ਨਿਵੇਕਲੀ ਅਤੇ ਇਨਸਾਨੀਅਤ ਦੇ ਬਹੁਤ ਨੇੜੇ ਹੈ ਤਾਂ ਬੁਨਿਆਦੀ ਤੌਰ 'ਤੇ ਇਸ ਵਿਚ ਗੁਰੂ-ਪ੍ਰਣਾਲੀ ਦਾ ਬਹੁਤ ਵੱਡਾ ਯੋਗਦਾਨ ਹੈ। 'ਯਥਾ ਰਾਜਾ ਤਥਾ ਪਰਜਾ' ਦੀ ਕਹਾਵਤ ਏਥੇ ਢੁਕਵੀਂ ਹੈ। ਨਾਮਧਾਰੀ ਬਾਬਾ ਬਾਲਕ ਸਿੰਘ ਜੀ ਤੋਂ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਤਕ ਕਿਸੇ ਵੀ ਨਾਮਧਾਰੀ ਗੁਰੂ ਨੇ ਪਦਾਰਥਵਾਦੀ ਸਵਾਰਥ ਨੂੰ ਗਿਆਨ 'ਤੇ ਭਾਰੂ ਨਹੀਂ ਹੋਣ ਦਿੱਤਾ। ਨਾਮ ਸਿਮਰਨ ਸ਼ਖ਼ਸੀ ਅਤੇ ਸਮੂਹਿਕ ਜੀਵਨ ਦਾ ਕੇਂਦਰ-ਬਿੰਦੂ ਬਣਿਆ ਰਿਹਾ ਹੈ। ਜੇ ਨਾਮਧਾਰੀ ਜੀਵਨ-ਸ਼ੈਲੀ ਵਿਚ ਥੋਥੇ ਅਤੇ ਲੱਚਰ ਕਿਸਮ ਦੇ ਰੀਤੀ-ਰਿਵਾਜ਼ਾਂ ਦੀ ਅਣਹੋਂਦ ਹੈ ਤਾਂ ਉਹ ਗੁਰੂ ਪ੍ਰਣਾਲੀ ਅਤੇ ਨਾਮ ਸਿਮਰਨ ਕਰਕੇ ਹੀ ਹੈ।

ਇਕ ਅਧਿਐਨ ਅਨੁਸਾਰ 19ਵੀਂ ਸ਼ਤਾਬਦੀ ਦੇ ਦੂਸਰੇ ਅੱਧ ਵਿਚ ਕ੍ਰਿਸ਼ੀ ਅਰਥਚਾਰਾ ਅਤੇ ਭਾਈਚਾਰਾ ਸਮਾਜਕ ਤੇ ਆਰਥਿਕ ਸੰਕਟ ਅਤੇ ਸ਼ੋਸ਼ਣ ਦਾ ਸ਼ਿਕਾਰ

ਹੋ ਚੁੱਕਾ ਸੀ। ਸੰਤ ਖ਼ਾਲਸੇ ਦੀ ਸਿਰਜਣਾ ਕ੍ਰਿਸ਼ੀ ਭਾਈਚਾਰੇ ਨੂੰ ਇਸ ਸ਼ੋਸ਼ਣ ਤੋਂ ਮੁਕਤੀ ਦਿਵਾਉਣ ਦਾ ਇਕ ਸੰਜੀਦਾ ਯਤਨ ਸੀ। ਇਹ ਮੁਕਤੀ ਤਾਂ ਹੀ ਸੰਭਵ ਸੀ ਜੇ ਸਮਕਾਲੀ ਬਰਤਾਨਵੀ ਹਕੂਮਤ ਨੂੰ ਖ਼ਤਮ ਕੀਤਾ ਜਾ ਸਕੇ। ਨਾਮਧਾਰੀ ਰਹਿਤ ਮਰਿਯਾਦਾ ਇਸ ਪ੍ਰਕਾਰ ਬਣਾਈ ਅਤੇ ਲਾਗੂ ਕੀਤੀ ਗਈ ਕਿ ਇਹ ਸੰਤ ਖ਼ਾਲਸਾ ਵਿਚ ਰੂਹਾਨੀ ਸ਼ਕਤੀ ਦੇ ਨਾਲ ਨਾਲ ਜੁਝਾਰੂ ਵਲਵਲਾ ਅਤੇ ਸ਼ਕਤੀ ਵੀ ਪੈਦਾ ਕਰ ਸਕੇ। ਪਰ ਦੂਸਰੇ ਪਾਸੇ ਬਰਤਾਨਵੀ ਹੁਕਮਰਾਨਾਂ ਨੇ ਵੀ ਸਿੱਖ ਇਤਿਹਾਸਕ ਅਤੇ ਧਾਰਮਿਕ ਵਿਰਸੇ ਦੇ ਮਹੱਤਵ ਨੂੰ ਸਮਝ ਕੇ ਨਾਮਧਾਰੀ ਲਹਿਰ ਦੇ ਮੁਕਾਬਲੇ ਸਿੰਘ ਸਭਾ ਲਹਿਰ ਦੀ ਸਰਪ੍ਰਸਤੀ ਕੀਤੀ। ਸਿੰਘ ਸਭਾ ਲਹਿਰ ਦੁਆਰਾ ਰਚਿਤ ਰਹਿਤ ਮਰਿਯਾਦਾ ਬਰਤਾਨਵੀ ਹਕੂਮਤ ਦਾ ਪੱਖ ਪੂਰਦੀ ਸੀ। ਸਿੰਘ ਸਭਾ ਅਧੀਨ ਖ਼ਾਲਸੇ ਦੀ ਜੁਝਾਰੂ ਸ਼ਕਤੀ ਦਾ ਪ੍ਰਯੋਗ ਬਰਤਾਨਵੀ ਸਾਮਰਾਜ ਵਿਸ਼ਾਲ ਅਤੇ ਮਜ਼ਬੂਤ ਬਣਾਉਣ ਲਈ ਕੀਤਾ ਗਿਆ। ਜਦ ਕਿ ਸੰਤ ਖ਼ਾਲਸਾ ਦੀ ਜੁਝਾਰੂ ਤਾਕਤ ਇਸ ਸਾਮਰਾਜ ਨੂੰ ਉਖਾੜਨ ਲਈ ਯਤਨਸ਼ੀਲ ਸੀ। ਪਰ 1920 ਤਕ ਸੰਤ ਖ਼ਾਲਸਾ ਅਤੇ ਤੱਤ ਖ਼ਾਲਸਾ ਦੋਨੋਂ ਹੀ ਸਾਮਰਾਜ ਦੇ ਵਿਰੋਧ ਵਿਚ ਖੜ੍ਹ ਗਏ। ਦੋਨੋਂ ਤਰ੍ਹਾਂ ਦੇ ਖ਼ਾਲਸਿਆਂ ਦੀਆਂ ਰਹਿਤ ਮਰਿਯਾਦਾਵਾਂ ਦਾ ਰੁਖ ਬਰਤਾਨਵੀ ਹਕੂਮਤ ਦੇ ਵਿਰੋਧ ਵਿਚ ਇਸ ਕਰਕੇ ਸੰਭਵ ਸੀ ਕਿ ਇਨ੍ਹਾਂ ਦਾ ਸਮਾਜਿਕ ਪਿਛੋਕੜ ਕਿਰਤੀ-ਕਿਰਸਾਨੀ ਸੀ।

ਰਹਿਤ ਮਰਿਯਾਦਾ ਦੀ ਸਾਰਥਿਕਤਾ ਦਾ ਸਿੱਧਾ ਸੰਬੰਧ ਕਿਸੇ ਵੀ ਭਾਈਚਾਰੇ ਦੇ ਸਮਾਜਕ ਪਿਛੋਕੜ ਨਾਲ ਜੁੜਿਆ ਹੁੰਦਾ ਹੈ। ਜਿਉਂ-ਜਿਉਂ ਸਮਾਜਿਕ ਪਿਛੋਕੜ ਵਿਚ ਤਬਦੀਲੀਆਂ ਆਉਂਦੀਆਂ ਹਨ, ਤਿਉਂ ਤਿਉਂ ਭਾਈਚਾਰੇ ਦੇ ਸਭਿਆਚਾਰ ਦੀਆਂ ਇਖ਼ਲਾਕੀ ਕਦਰਾਂ-ਕੀਮਤਾਂ ਅਤੇ ਰੀਤੀ-ਰਿਵਾਜਾਂ ਵਿਚ ਵੀ ਤਬਦੀਲੀਆਂ ਆਉਂਦੀਆਂ ਹਨ। ਸਮਾਜਿਕ ਪਿਛੋਕੜ ਵਿਚ ਤਬਦੀਲੀਆਂ ਵਿਅਕਤੀ ਦੇ ਕਿੱਤੇ ਅਤੇ ਅਰਥਚਾਰੇ ਨਾਲ ਜੁੜੀਆਂ ਹੁੰਦੀਆਂ ਹਨ। ਇਸ ਪ੍ਰਸੰਗ ਵਿਚ ਨਾਮਧਾਰੀ ਰਹਿਤ ਮਰਿਯਾਦਾ ਨਾਮਧਾਰੀ ਇਤਿਹਾਸ ਵਿਚ ਸਾਰਥਿਕ ਰਹੀ ਹੈ। 19ਵੀਂ ਸ਼ਤਾਬਦੀ ਦੇ ਦੂਸਰੇ ਅੱਧ ਤੋਂ 20ਵੀਂ ਸ਼ਤਾਬਦੀ ਦੇ ਪਹਿਲੇ ਅੱਧ ਤਕ ਨਾਮਧਾਰੀ ਸੰਗਤ ਦੀ ਬਹੁਗਿਣਤੀ ਜੱਟ-ਸਿੱਖ ਕਿਰਸਾਨੀ ਸਮਾਜ ਵਿਚੋਂ ਆਈ। ਗ਼ੈਰ ਕਿਰਸਾਨੀ ਵਰਗ ਥੋੜ੍ਹੀ ਗਿਣਤੀ ਵਿਚ ਸੀ। ਨਾਮਧਾਰੀ ਸੰਗਤ ਵਿਚ ਕਿਰਸਾਨੀ ਅਤੇ ਗ਼ੈਰ-ਕਿਰਸਾਨੀ ਜਨਸੰਖਿਆ ਦਾ ਅਨੁਪਾਤ ਸਿੱਖ ਭਾਈਚਾਰੇ ਦੀ ਸਮੁੱਚੀ ਜਨਸੰਖਿਆ ਦੀ ਕਿਰਸਾਨੀ ਅਤੇ ਗ਼ੈਰ-ਕਿਰਸਾਨੀ ਜਨਸੰਖਿਆ ਦੇ ਅਨੁਪਾਤ ਅਨੁਸਾਰ ਸੀ। ਨਾਮਧਾਰੀ ਸੰਗਤ ਦੇ ਇਸ ਸਮਾਜਿਕ ਪਿਛੋਕੜ ਵਿਚ ਲਗਾਤਾਰ ਤਬਦੀਲੀਆਂ ਆ ਰਹੀਆਂ ਹਨ। ਆਜ਼ਾਦੀ ਤੋਂ ਪਹਿਲੋਂ ਅਤੇ ਬਾਅਦ ਨਾਮਧਾਰੀ ਜਨ-ਅੰਕੜਿਆਂ (demographic) ਦੀ ਅਣਹੋਂਦ ਕਾਰਨ ਨਾਮਧਾਰੀ ਸੰਗਤ ਦੇ ਇਸ ਸਮਾਜਿਕ ਪਿਛੋਕੜ 'ਚ ਲਗਾਤਾਰ

Sri Satguru Jagjit Singh Ji Elibrary NamdhariElibrary@gmail.com

ਆ ਰਹੀਆਂ ਤਬਦੀਲੀਆਂ ਦਾ ਅਧਿਐਨ ਕਰਨਾ ਮੁਸ਼ਕਿਲ ਹੈ। ਇਸ ਕਾਲ ਵਿਚ ਖ਼ਾਸ ਕਰਕੇ 20ਵੀਂ ਸ਼ਤਾਬਦੀ ਦੇ ਦੂਸਰੇ ਅੱਧ ਵਿਚ ਕਾਰੋਬਾਰੀ ਵਰਗ ਨੇ ਵੀ ਨਾਮਧਾਰੀ ਸ਼ਰਨ ਲੈਣੀ ਸ਼ੁਰੂ ਕਰ ਦਿੱਤੀ। ਇਸ ਵਰਗ ਵਿਚ ਦੁਕਾਨਦਾਰ, ਵਿਉਪਾਰੀ ਅਤੇ ਕਾਰਖ਼ਾਨੇਦਾਰ ਸ਼ਾਮਿਲ ਹਨ। ਪੇਸ਼ਾਵਰ ਜਮਾਤ (professional) ਦੀ ਮਾਮੂਲੀ ਗਿਣਤੀ ਰਹੀ ਹੈ। ਕਿਰਤ ਕਮਾਈ ਕਰਨਾ ਇਨ੍ਹਾਂ ਦਾ ਇਤਿਹਾਸਕ ਵਿਰਸਾ ਰਿਹਾ ਹੈ। ਪਿਛਲੀ ਇਕ ਸਦੀ ਵਿਚ ਨਾਮਧਾਰੀ ਰਹਿਤ ਮਰਿਯਾਦਾ ਨਾਮਧਾਰੀ ਸੰਗਤ ਦੀਆਂ ਸਮਾਜਿਕ ਅਤੇ ਆਰਥਿਕ ਅਕਾਂਖਿਆਵਾਂ (aspirations) ਪੂਰਾ ਕਰਨ ਵਿਚ ਯਤਨਸ਼ੀਲ ਰਹੀ ਹੈ।

ਜੇ ਅਸੀਂ ਨਾਮਧਾਰੀ ਅਤੇ ਨਿਰੰਕਾਰੀ ਰਹਿਤ ਮਰਿਯਾਦਾਵਾਂ ਦਾ ਤੁਲਨਾਤਮਕ ਅਧਿਐਨ ਕਰੀਏ ਤਾਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਜਿਵੇਂ ਸਾਨੂੰ ਸਭ ਨੂੰ ਪਤਾ ਹੀ ਹੈ ਕਿ 19ਵੀਂ ਸ਼ਤਾਬਦੀ ਦੇ ਦੂਸਰੇ ਅੱਧ ਵਿਚ ਨਿਰੰਕਾਰੀ ਸੰਗਤ ਦੀ ਸਮਾਜਿਕ ਬਣਤਰ ਨਾਮਧਾਰੀ ਸੰਗਤ ਤੋਂ ਭਿੰਨ ਸੀ। ਨਿਰੰਕਾਰੀ ਸੰਗਤ ਦੀ ਬਹੁਗਿਣਤੀ ਪੱਛਮੀ ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚੋਂ ਸੀ। ਇਸ ਸੰਗਤ ਦਾ ਕਿੱਤਾ ਦੁਕਾਨਦਾਰੀ ਅਤੇ ਵਣਜ-ਵਿਉਪਾਰ ਕਰਨਾ ਸੀ ਜਦਕਿ ਇਸੇ ਸਮੇਂ ਨਾਮਧਾਰੀ ਸੰਗਤ ਦੀ ਸਮਾਜਿਕ ਬਣਤਰ ਵਿਚ ਕਿਰਤੀ-ਕਿਰਸਾਨ ਭਾਈਚਾਰੇ ਦੀ ਬਹੁਗਿਣਤੀ ਸੀ। ਨਿਰੰਕਾਰੀ ਗੁਰੂਆਂ ਦੁਆਰਾ ਰਚਿਤ ਮਰਿਯਾਦਾ ਆਦਿ ਗ੍ਰੰਥ 'ਤੇ ਆਧਾਰਤਿ ਤਾਂ ਜ਼ਰੂਰ ਸੀ ਪਰ ਖ਼ਾਲਸਾ-ਜੁਝਾਰੂ ਰਵਾਇਤਾਂ ਇਸ ਵਿਚੋਂ ਮਨਫ਼ੀ ਸਨ। ਇਸ ਦੇ ਉਲਟ ਨਾਮਧਾਰੀ ਮਰਿਯਾਦਾ ਖ਼ਾਲਸਾ ਰਵਾਇਤਾਂ ਦੇ ਪੁਰਾਤਨ ਸਰੂਪ 'ਤੇ ਆਧਾਰਿਤ ਸੀ। ਦੁਕਾਨਦਾਰ ਅਤੇ ਵਿਉਪਾਰੀ ਵਰਗ ਹਮੇਸ਼ਾ ਹੀ ਸਥਾਪਤੀ ਰਾਜ ਨਾਲ ਜੁੜ ਕੇ ਸ਼ਾਂਤਮਈ ਮਾਰਗ ਅਪਨਾਉਂਦਾ ਰਿਹਾ ਹੈ, ਜਦਕਿ ਕਿਰਤੀ ਕਿਰਸਾਨ ਭਾਈਚਾਰਾ ਸਮਾਜਿਕ ਤੇ ਆਰਥਿਕ ਸੰਕਟ ਵਿਚ ਫਸੇ ਹੋਣ ਕਰਕੇ ਉਸ ਨੂੰ ਸੰਘਰਸ਼ ਦਾ ਰਸਤਾ ਅਪਨਾਉਣਾ ਪੈਂਦਾ ਹੈ। ਸੁਭਾਵਿਕ ਤੌਰ 'ਤੇ ਨਿਰੰਕਾਰੀ ਭਾਈਚਾਰੇ ਨੂੰ ਸਿੱਖ ਧਰਮ ਦੀਆਂ ਸਹਿਜਧਾਰੀ ਅਤੇ ਨਾਮਧਾਰੀ ਭਾਈਚਾਰੇ ਨੂੰ ਖ਼ਾਲਸਾ ਰਵਾਇਤਾਂ ਹੀ ਰਾਸ ਆਉਂਦੀਆਂ ਰਹੀਆਂ ਹਨ। ਇਕ ਹੋਰ ਤੱਤ ਵੀ ਇਸ ਦਲੀਲ ਦੀ ਪ੍ਰੋੜ੍ਹਤਾ ਕਰਦਾ ਹੈ। ਉਹ ਇਹ ਹੈ ਕਿ ਨਿਰੰਕਾਰੀ ਭਾਈਚਾਰਾ ਜੁਝਾਰੂ ਰੂਪ ਵਿਚ ਕਦੀ ਵੀ ਬਰਤਾਨਵੀ ਹਕੂਮਤ ਦੇ ਵਿਰੋਧ ਵਿਚ ਖੜਾ ਨਹੀਂ ਹੋਇਆ ਜਦਕਿ ਨਾਮਧਾਰੀ ਭਾਈਚਾਰੇ ਨੇ ਬਰਤਾਨਵੀ ਸਾਮਰਾਜ ਦਾ ਟਾਕਰਾ ਕੀਤਾ। ਸੋ ਇਸ ਤੋਂ ਸਪੱਸ਼ਟ ਹੈ ਕਿ ਰਹਿਤ ਮਰਿਯਾਦਾ ਅਤੇ ਇਸ ਨੂੰ ਅਪਨਾਉਣ ਵਾਲਿਆਂ ਦੇ ਸਮਾਜਿਕ ਪਿਛੋਕੜ ਵਿਚ ਹਮੇਸ਼ਾਂ ਹੀ ਇਕ ਸੰਬੰਧ ਰਿਹਾ ਹੈ।

ਨਾਮਧਾਰੀ ਸੰਗਤ ਦੀ ਸਮਾਜਿਕ ਬਣਤਰ ਵਿਚ ਤਬਦੀਲੀਆਂ ਆ ਰਹੀਆਂ

Sri Satguru Jagjit Singh Ji Elibrary NamdhariElibrary@gmail.com

ਹਨ। ਇਨ੍ਹਾਂ ਤਬਦੀਲੀਆਂ ਦੀ ਪ੍ਰਕਿਰਿਆ 20ਵੀਂ ਸ਼ਤਾਬਦੀ ਦੇ ਆਰੰਭਕ ਦਹਾਕਿਆਂ ਵਿਚ ਸ਼ੁਰੂ ਹੋ ਗਈ ਸੀ। ਜਿਵੇਂ ਉੱਪਰ ਇਸ਼ਾਰਾ ਕੀਤਾ ਗਿਆ ਹੈ ਕਿ ਇਸ ਸਮੇਂ ਦੁਕਾਨਦਾਰ, ਵਿਉਪਾਰੀ ਅਤੇ ਸਨਅੱਤਕਾਰ, ਪੰਜਾਬ ਦੇ ਖੱਤਰੀ ਅਤੇ ਅਰੋੜਾ ਵੰਸ਼ਾਂ ਵਿਚੋਂ ਬਹੁਗਿਣਤੀ ਵਿਚੋਂ ਆਏ। ਇਨ੍ਹਾਂ ਵਿਚੋਂ ਕੁਝ ਕੁ ਰਾਮਗੜੀਆ ਪਰਿਵਾਰਾਂ ਵਿਚੋਂ ਵੀ ਸਨ। ਆਜ਼ਾਦੀ ਤੋਂ ਬਾਅਦ ਕ੍ਰਿਸ਼ੀ ਦੀ ਪੈਦਾਵਾਰ ਦਾ ਵਿਉਪਾਰੀਕਰਨ, ਵਿਉਪਾਰ ਅਤੇ ਸਨੱਅਤ ਦੇ ਫੈਲਾਅ ਨਾਲ ਨਾਮਧਾਰੀ ਭਾਈਚਾਰੇ ਦੀ ਪਿਛੋਕੜ 'ਚ ਤਬਦੀਲੀਆਂ ਦੀ ਪ੍ਰਕਿਰਿਆ ਹੋਰ ਤੇਜ਼ ਹੋਈ ਹੈ। ਪੰਜਾਬ ਦੇ ਬਟਵਾਰੇ ਨੇ ਇਸ ਪ੍ਰਕਿਰਿਆ ਦੀ ਕਿਸਮ (form) ਨੂੰ ਤਬਦੀਲ ਕੀਤਾ ਹੈ। ਇਸ ਬਟਵਾਰੇ ਨੇ ਪੰਜਾਬੀਆਂ ਦੀ ਤਰ੍ਹਾਂ ਨਾਮਧਾਰੀਆਂ ਨੂੰ ਵੀ ਨਵੇਂ ਅਸਥਾਨਾਂ 'ਤੇ ਵੱਸਣ ਲਈ ਮਜ਼ਬੂਰ ਕੀਤਾ। ਇਹ ਨਵੇਂ ਅਸਥਾਨ ਦਿੱਲੀ, ਕਾਨਪੁਰ, ਮੰਡੀ, ਯਮਨਾ ਨਗਰ ਅਤੇ ਜੀਵਨ ਨਗਰ ਆਦਿ ਹਨ। ਇਨ੍ਹਾਂ ਕਸਬਿਆਂ ਅਤੇ ਨਗਰਾਂ ਵਿਚ ਪੀੜ੍ਹੀ-ਦਰ-ਪੀੜ੍ਹੀ ਚਲੇ ਆ ਰਹੇ ਪਰਿਵਾਰਕ ਕਿੱਤੇ ਨੂੰ ਅਪਣਾਈ ਰੱਖਣਾ ਲਗਭਗ ਅਸੰਭਵ ਸੀ। ਉਸ ਵੇਲੇ ਦੀਆਂ ਪਰਸਥਿਤੀਆਂ ਅਤੇ ਯਥਾ-ਸ਼ਕਤੀ ਅਨੁਸਾਰ ਨਵੇਂ ਕਿੱਤੇ ਅਪਨਾਉਣਾ ਜ਼ਰੂਰੀ ਹੋ ਗਿਆ ਸੀ। ਇਸੇ ਤਰ੍ਹਾਂ ਆਰਥਿਕ ਤੰਗੀਆਂ-ਤੁਰਸ਼ੀਆਂ ਨੇ ਕੁਝ ਨਾਮਧਾਰੀਆਂ ਨੂੰ ਬਦੇਸ਼ਾਂ ਵਿਚ ਜਾ ਕੇ ਰੋਟੀ-ਰੋਜ਼ੀ ਕਮਾਉਣ ਲਈ ਮਜਬੂਰ ਕੀਤਾ। ਨਤੀਜੇ ਵਜੋਂ ਨਾਮਧਾਰੀ ਭਾਈਚਾਰੇ ਦਾ ਇਕ ਛੋਟਾ ਪਰ ਪ੍ਰਭਾਵਸ਼ਾਲੀ ਵਰਗ ਵਿਉਪਾਰੀ ਅਤੇ ਸਨਅਤੀਕਰਨ ਦੇ ਦੌਰ ਵਿਚ ਸ਼ਾਮਿਲ ਹੋ ਚੁੱਕਾ ਹੈ। ਕ੍ਰਿਕਿ ਹਰ ਕਿੱਤੇ ਦੀਆਂ ਆਪਣੀਆਂ ਕਦਰਾਂ-ਕੀਮਤਾਂ ਅਤੇ ਮਜ਼ਬੂਰੀਆਂ (professional ethics and compulsions) ਹੁੰਦੀਆਂ ਹਨ। ਇਸ ਲਈ ਇਨ੍ਹਾਂ ਦਾ ਪ੍ਰਭਾਵ ਤੇ ਕਈ ਵਾਰ ਟਕਰਾਅ ਧਾਰਮਿਕ ਮਰਿਯਾਦਾ ਨਾਲ ਹੋ ਜਾਂਦਾ ਹੈ। ਪਿਤਾ-ਪੁਰਖੀ ਜੀਵਨ-ਸ਼ੈਲੀ ਬਦਲਣੀ ਸ਼ੁਰੂ ਹੋ ਜਾਂਦੀ ਹੈ। ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਕੁਝ ਨਾਮਧਾਰੀ ਪਰਿਵਾਰਾਂ ਦੇ sample ਅਧਿਐਨ ਤੋਂ ਸੰਕੇਤ ਮਿਲ ਰਹੇ ਹਨ ਕਿ ਆਉਣ ਵਾਲੀ ਪੀੜ੍ਹੀ ਪਿਤਾ-ਪੁਰਖੀ ਨਾਮਧਾਰੀ ਮਰਿਯਾਦਾ ਨੂੰ ਪੁਰਾਤਨ ਸਰੂਪ ਵਿਚ ਅਪਨਾਉਣ ਲਈ ਝਿਜਕ ਦਿਖਾ ਰਹੀ ਹੈ। ਜਦ ਤਕ ਸਾਡੇ ਕੋਲ demographic ਤਿਥਤ ਉਪਲਬਧ ਨਹੀਂ ਹੁੰਦਾ, ਇਸ ਪ੍ਰਕਿਰਿਆ ਦੇ ਬਾਰੇ ਠੋਸ ਵਿਚ ਕਹਿਣਾ ਕਾਫੀ ਮੁਸ਼ਕਲ ਹੈ।

## SELECTED BIBLIOGRAPHY

1. Ahluwalia, M.M. Kukas, The Freedom Fighters of the Punjab, Allied Publishers, Delhi, 1965.

Sri Satguru Jagjit Singh Ji Elibrary NamdhariElibrary@gmail com

2. Bajwa, Fauja Singh, Kuka Movement, Motilal Banarsidass, Delhi, 1965.
3. Bali, Yogendra and Kalika, The Warriors in White, Har Anand Publications, New Delhi, 1995.
4. Chhabra, G.S. The Social and Economic History of the Punjab 1849-1901, Sterling Publihers, New Delhi, 1962.
5. Desai, A.R., Social Background of Indian Natinalism, Popular Prakashan, Bombay, 1976.
6. Farquhar, J.N. Modern Religion Movements in India, Munshiram' Manohar Lal, Delhi, 1967.
7. Fuchs, Stephen, Rebellions Prophets, Ashia Publishing House, New Delhi, 1965.
8. Gurmit Singh, Sant Khalsa, Usha Institute of Religious Studies, Sirsa, 1978.
9. Himadri Banerjee, Agrarian Society of the Punjab 1849-1901, Manohar, Delhi, 1982.
10. Joginder Singh, The Sikh Resurgence, National Book Organisation, Delhi, 1997.
11. Jolly, Surjit Kaur, Sikh Revivalist Movements, Gitanjali Publishing House, Delhi, 1988.
12. Khuswant Singh, A History of the Sikhs 1839-1974, Vol. 2, Oxford University Press, Delhi, 1977.
13. Nijar Bakhshish Singh, Punjab Under the British Rule 1849-1947, K.B. Publications, New Delhi, 1974.
14. Oberoi, Harjit, The Construction of Religious Boundaries, Oxford University Press, 1994.
15. Saini, B.S., The Social and Economic History of the Punjab 1901-39, Ess Ess Publication, Delhi, 1975.
16. Saberwal, Satish, Mobile Men :Limits of Social Change in Urban Punjab, Vikas Publishing House, New Delhi, 1976.
17. Tuteja, K.L., Sikh Politics 1920-40, Vishal Publications, Kurukshetar, 1984.
18. Webster, John C.B., The Nirankari Sikhs, Macmillan Co. Delhi, 1975

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਲਹਿਰ ਦਾ ਧਾਰਮਿਕ ਤੇ ਦਾਰਸ਼ਨਿਕ ਮਹੱਤਵ ਨਾਮ ਸਿਮਰਨ ਦੇ ਸੰਦਰਭ ਵਿਚ

ਡਾ. ਜਸਬੀਰ ਸਿੰਘ ਸਾਬਰ

ਨਾਮਧਾਰੀ ਆਗੂ ਬਾਬਾ ਰਾਮ ਸਿੰਘ ਜੀ ਦੇ ਰੰਗੂਨ ਤੋਂ ਲਿਖੇ ਆਪਣੇ ਸੇਵਕਾਂ ਦੇ ਨਾਮ ਹੁਕਮਨਾਮੇ ਅਤੇ ਇਸ ਸੰਪ੍ਰਦਾਇ ਦਾ ਰਚਿਆ ਹੋਰ ਸਾਹਿਤ ਜੇਕਰ ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਇਸ ਤੱਥ ਦੀ ਪੁਸ਼ਟੀ, ਭਲੀ ਭਾਂਤ ਹੋ ਜਾਂਦੀ ਹੈ ਕਿ ਇਹ ਸੰਪ੍ਰਦਾਇ 'ਨਾਮ-ਸਿਮਰਨ' ਨੂੰ ਹਰ ਖੇਤਰ ਵਿਚ ਸਰਬੋਤਮ ਕਮਾਈ ਸਵੀਕਾਰ ਕਰਦਾ ਹੈ। 'ਨਾਮ-ਸਿਮਰਨ' ਇਸ ਲਹਿਰ ਦਾ ਧਰਾਤਲ ਹੈ ਜਿਸ ਉੱਤੇ ਇਸ ਦੀ ਉਸਾਰੀ ਹੋਈ ਹੈ।

'ਨਾਮਧਾਰੀ ਲਹਿਰ ਦਾ ਧਾਰਮਿਕ ਤੇ ਦਾਰਸ਼ਨਿਕ ਮਹੱਤਵ: ਨਾਮ-ਸਿਮਰਨ ਦੇ ਸੰਦਰਭ 'ਵਿਚ' ਵਿਚਾਰਨ ਲਈ ਇਸ ਸੰਪ੍ਰਦਾਇ ਨਾਲ ਜੁੜੇ ਸਾਧਕਾਂ ਦਾ ਨਿਤ-ਕਰਮ, ਸਨਮੁੱਖ ਰੱਖਣਾ ਤੇ ਸਮਝਣਾ ਅਤੀ ਜ਼ਰੂਰੀ ਹੈ। ਇਨ੍ਹਾਂ ਦੀ ਪੋਸ਼ਾਕ, ਗਲ ਵਿਚ ਉਨ ਦੀ ਮਾਲਾ, ਸਿੱਖ ਧਰਮ ਦੇ ਬੁਨਿਆਦੀ ਸਿਧਾਂਤ 'ਨਾਮ ਜਪਣ' ਤੇ 'ਕਿਰਤ ਕਰਨ' ਦਾ ਅਨੁਸਰਣ ਕਰਦੇ ਹਨ। 'ਨਾਮ-ਸਿਮਰਨ', ਹਰੇਕ ਨਾਮਧਾਰੀ ਦਾ ਬੁਨਿਆਦੀ ਫਰਜ਼ ਮੰਨਿਆ ਜਾਂਦਾ ਹੈ। ਇਸ ਲਹਿਰ ਨੇ 'ਨਾਮ-ਸਿਮਰਨ' ਨੂੰ ਸੁਰਜੀਤ ਕਰਨ ਲਈ ਕਿਸ ਪੱਧਰ ਦਾ ਅਤੇ ਕਿਸ ਢੰਗ ਦਾ ਯੋਗਦਾਨ ਪਾਇਆ ਇਹ ਨੁਕਤਾ ਇਸ ਪੇਪਰ ਦਾ ਕੇਂਦਰ-ਬਿੰਦੂ ਹੈ। ਪਰ 'ਨਾਮ-ਸਿਮਰਨ' ਹੈ ਕੀ, ਇਸ ਦਾ ਸਿੱਖ ਧਰਮ ਨਾਲ ਸਰੋਕਾਰ ਕੀ ਹੈ, ਗੁਰਬਾਣੀ ਵਿਚ ਇਸ ਦਾ ਕਿਸ ਪ੍ਰਕਾਰ ਦਾ ਪਰਿਪੇਖ ਉਸਰਦਾ ਹੈ ਅਤੇ ਸਮੇ ਸਮੇ ਇਸ ਸਿਧਾਂਤ ਦਾ ਸਮਾਜਿਕ ਤੇ ਦਾਰਸ਼ਨਿਕ ਖੇਤਰ ਵਿਚ ਪ੍ਰਚਲਨ ਕਿਸ ਪ੍ਰਕਾਰ ਤੇ ਕਿਸ ਰੂਪ ਵਿਚ ਹੁੰਦਾ ਰਿਹਾ, ਨਾਮਧਾਰੀ ਲਹਿਰ ਦਾ ਇਸ ਪ੍ਰਤੀ ਕੀ ਰੁਖ ਰਿਹਾ ਆਦਿ ਕੁੱਝ ਅਜਿਹੇ ਬੁਨਿਆਦੀ ਨੁਕਤੇ ਹਨ ਜੋ ਗੰਭੀਰ ਵਿਚਾਰ ਚਰਚਾ ਦੀ ਮੰਗ ਕਰਦੇ ਹਨ। ਇਸ ਲਈ ਜ਼ਰੂਰੀ ਲਗਦਾ ਹੈ ਕਿ ਇਨ੍ਹਾਂ ਬੁਨਿਆਦੀ ਨੁਕਤਿਆਂ ਨੂੰ ਪਹਿਲਾਂ ਵਿਚਾਰ ਲਿਆ ਜਾਵੇ ਤਾਂ ਹੀ ਇਸ ਦਾ ਸਹੀ ਪਰਿਪੇਖ ਉਸਰਨਾ ਸੰਭਵ ਹੋ ਸਕਦਾ ਹੈ।

Sri Satguru Jagjit Singh Ji Elibrary NamdhariElibrary@gmail.com

ਸਿੱਖ ਧਰਮ ਦੇ ਤਾਰਕਾ ਮੰਡਲ ਵਿਚ 'ਨਾਮ-ਸਿਮਰਨ' ਦੀ ਵਡਿਆਈ, ਅਪਰੰਪਾਰ ਹੈ। ਮਾਨਵ-ਸੰਸਾਰ ਨੂੰ ਗੁਰਬਾਣੀ ਦਾ ਪ੍ਰਥਮ ਤੇ ਪ੍ਰਮੁੱਖ ਉਪਦੇਸ਼ ਹੀ ਏਹੋ ਹੈ ਕਿ ਨਾਮ ਜਪੋ ਅਤੇ ਇਸ ਨਾਮ-ਸਿਮਰਨ ਨੂੰ ਉਪਾਧੀ ਦਿੱਤੀ ਹੈ:

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥[1]

ਏਥੋ ਤੱਕ ਕਿ ਗੁਰਬਾਣੀ ਵਿਚ 'ਤੀਨੇ ਤਾਪ ਨਿਵਾਰਣਹਾਰਾ ਦੁੱਖ ਹੰਤਾ ਸੁਖ ਰਾਸਿ'[2] ਵਾਲੇ ਨਾਮ-ਸਿਮਰਨ ਦੇ ਤੁਲ, ਕਿਸੇ ਪ੍ਰਕਾਰ ਦੇ ਦਾਨ, ਪੁੰਨ, ਹੋਮ-ਯੱਗ, ਪੂਜਾ, ਜਪ, ਤਪ, ਨੇਮ, ਸੁਚ, ਸੰਜਮ, ਤੀਰਥ ਇਸ਼ਨਾਨ, ਕਰਮ, ਗਿਆਨ ਆਦਿ ਨੂੰ ਪ੍ਰਵਾਨ ਹੀ ਨਹੀ ਕੀਤਾ ਗਿਆ

ਹਰਿਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ॥[3]

ਗੁਰਬਾਣੀ ਅਨੁਸਾਰ ਨਾਮ-ਸਿਮਰਨ ਹੈ-ਇਕ ਰਸਾਇਣ, ਮਹਾਂਰਸ, ਸੁਕ੍ਰਿਤ ਕਾਰਜ, ਸੋਚ, ਅਚਾਰ, ਅਹਾਰ, ਤੀਰਥ ਅਤੇ ਰਾਸ ਪੂੰਜੀ। ਗੁਰੂ ਅਰਜਨ ਦੇਵ ਜੀ ਦੇ ਕਥਨ ਅਨੁਸਾਰ ਤਾਂ ਨਾਮ-ਸਿਮਰਨ ਵਿਚ ਅਜਿਹੀ ਸ਼ਕਤੀ ਹੈ ਜੋ ਅਜਾਮਲ ਵਰਗੇ ਪਾਪੀ ਦੇ ਕਟ ਸਕਦੀ ਹੈ - ਪਾਪ, ਦਰੋਪਤੀ ਦੀ ਢਕ ਸਕਦੀ ਹੈ - ਪਤਿ, ਗਨਕਾ ਦੀ ਕਰ ਸਕਦੀ ਹੈ - ਗਤਿ, ਏਥੋ ਤਕ ਕਿ ਜਿਸ ਵਿਅਕਤੀ ਨੂੰ ਕੋਈ ਜਾਣਦਾ ਵੀ ਨਹੀ ਹੁੰਦਾ ਉਸ ਦੀ ਜੈ ਜੈ ਕਾਰ ਕਰਾ ਸਕਦੀ ਹੈ -ਚਹੁੰ ਕੂੰਟੀ:

ਜਿਸੁ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹੁ ਚਹੁਕੁੰਟ ਮਾਨੈ ॥[4]

ਗੁਰੂ ਰਾਮਦਾਸ ਜੀ ਦੇ ਕਥਨ ਅਨੁਸਾਰ ਤਾਂ ਨਾਮ-ਸਿਮਰਨ ਸਿੱਖ ਦੇ ਨਿਤ-ਕਰਮ ਦਾ ਹੈ -ਮੁੱਖ ਨਿਯਮ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ॥
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥[5]

ਦਸਮੇਸ਼ ਗੁਰੂ ਜੀ ਦੇ ਪਰਮ-ਸੇਵਕ ਭਾਈ ਨੰਦ ਲਾਲ ਜੀ ਦਾ ਵੀ ਇਕ ਸ਼ੇਅਰ ਹੈ:

ਦੌਲਤਿ ਜਾਵੀਦ ਬਾਸ਼ਦ ਬੰਦਗੀ ॥
ਬੰਦਗੀ ਕੁਨ ਬੰਦਗੀ ਕੁਨ ਬੰਦਗੀ ॥[6]

ਭਾਵ ਬੰਦਗੀ ਹੀ ਸਦਾ ਥਿਰ ਰਹਿਣ ਵਾਲਾ ਹੈ - ਧਨ । ਮਨੁੱਖ ਤੂੰ ਇਸ ਲਈ ਸਦਾ ਨਾਮ ਸਿਮਰ, ਨਾਮ ਸਿਮਰ, ਨਾਮ ਸਿਮਰ ॥

ਇਤਿਹਾਸਕ ਦ੍ਰਿਸ਼ਟੀ ਤੋ ਯੂਨਾਨੀ ਦਾਨਸ਼ਵਰ ਮਹਾਤਮਾ ਹੇਰਾਕਲਾਈਟਸ ਫੀਲੋ (Heraclitus of Ephesus , Philo) ਅਤੇ ਅਨੈਕਸਾਗੋਰਸ (Anaxagoras) ਨੇ ਹਜ਼ਰਤ ਈਸਾ ਤੋਂ 4-5 ਸਦੀਆਂ ਪਹਿਲਾਂ ਇਕ ਸ਼ਬਦ ਵਰਤਿਆ ਲੋਗੋਸ (Logos) ਅਤੇ ਇਸ ਨੂੰ ਪ੍ਰਵਾਨ ਕੀਤਾ - ਅਬਿਨਾਸ਼ੀ, ਸਰਵ-ਵਿਆਪਕ, ਸ੍ਰਿਸ਼ਟੀ ਰਚੈਤਾ,

ਕਰਤਾ ਅਤੇ ਮਨੁੱਖ ਦਾ ਇਕੋ ਇਕ ਮੁਕਤੀਦਾਤਾ ਦੇ ਰੂਪ ਵਿਚ।[7] ਇਹ ਲੋਗੋਸ ਸ਼ਬਦ ਹੀ ਅਸਲ ਵਿਚ 'ਨਾਮ' ਹੈ। ਪਾਰਸੀਆ ਨੇ ਆਪਣੇ ਧਰਮ ਗ੍ਰੰਥ 'ਯਾਸਨਾ' ਵਿਚ ਏਸੇ ਸ਼ਬਦ ਨੂੰ ਮੰਤਰ ਦੱਸਦਿਆਂ ਨਾਸ਼ਮਾਨ ਮਨੁੱਖ ਦੇ ਸੁਣਨ ਲਈ ਦੱਸਿਆ- ਸਭ ਤੋਂ ਉਤਮ-ਵਸਤੂ ਜੋ ਉਸ ਨੂੰ ਪਰਮਾਤਮਾ ਨਾਲ ਮਿਲਾਪ ਕਰਨ ਦੇ ਯੋਗ ਬਣਾਉਂਦੀ ਹੈ।[8] ਯਹੂਦੀ ਮਤ ਵਾਲੇ ਏਸੇ ਸ਼ਬਦ ਅਥਵਾ ਨਾਮ ਨੂੰ ਅਮਰ, ਅਬਿਨਾਸ਼ੀ ਅਤੇ ਸੱਚਾ ਸ਼ਕਤੀ ਦਾਤਾ ਪ੍ਰਵਾਨ ਕਰਕੇ ਸਿਮਰਦੇ ਹਨ।[9] ਬਾਈਬਲ ਵਿਚ ਵੀ ਸਭ ਕੌਮਾਂ ਤੇ ਨਸਲਾਂ ਦਾ ਮਾਲਕ ਇਕੋ ਇਕ ਪਰਮਾਤਮਾ ਨੂੰ ਪ੍ਰਵਾਨ ਕਰਦਿਆਂ, ਮਾਨਵ-ਮੁਕਤੀ ਦਾ ਸਾਧਨ ਉਸ ਦੇ ਨਾਮ ਨੂੰ ਮੰਨਿਆ ਗਿਆ ਹੈ।[10] ਇਸਲਾਮ ਦੇ ਪਾਕ ਕੁਰਾਨ ਸ਼ਰੀਫ ਵਿਚ ਵੀ ਅੱਲਾ ਦੇ ਕਲਾਮ ਅਥਵਾ ਸਬਦ ਵਿਚ ਭਰੋਸਾ ਰੱਖਣ ਦੀ ਤਾਕੀਦ ਕੀਤੀ ਗਈ ਹੈ।[11]

ਦਰਅਸਲ ਨਾਮ-ਸਿਮਰਨ ਦਾ ਅਰਥ ਹੈ, ਯਾਦ ਕਰਨਾ ਉਸ ਸਰਵ-ਵਿਆਪਕ ਜੋਤਿ ਨੂੰ ਜਿਸ ਦਾ ਪ੍ਰਕਾਸ਼ ਤਮਾਮ ਖੰਡਾਂ, ਬ੍ਰਹਮੰਡਾਂ, ਖਾਣੀਆਂ, ਬਾਣੀਆਂ, ਪੁਰੀਆਂ, ਲੋਆਂ ਵਿਚ ਪਸਰਿਆ ਹੋਇਆ ਹੈ। ਉਸ ਦੀ ਜੋਤਿ-ਪ੍ਰਕਾਸ਼ ਨੂੰ ਜ਼ਰੇ ਜ਼ਰੇ ਵਿਚ ਪ੍ਰਵਾਨ ਕਰਦਿਆਂ ਉਸ ਨਾਲ ਇਕ ਮਨ ਇਕ ਚਿਤ ਹੋ ਕੇ 'ਤੂੰ ਹੀ ਤੂੰ ਹੀਂ' ਦੀ ਧੁੰਨ ਅਲਾਪਣਾ ਉਸ ਦਾ ਸਿਮਰਨ ਹੈ:

ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ।।
ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ।।[12]
-ਰਸਨਾ ਜਪਤੀ ਤੂਹੀ ਤੂਹੀ ।।
ਮਾਤ ਗਰਭ ਤੁਮਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ ।।[13]

ਨਾਮ-ਸਿਮਰਨ ਦੀ ਏਹੋ ਅਵਸਥਾ, ਮਾਨਵ-ਜੀਵ ਨੂੰ ਪਾਰਬ੍ਰਹਮ-ਪਰਮੇਸ਼ਰ ਤਕ ਪਹੁੰਚਣ ਦਾ ਸਾਧਨ ਪ੍ਰਦਾਨ ਕਰਦੀ ਹੈ। ਜੀਵ ਆਤਮਾ ਤੋਂ ਪਰਮਾਤਮਾ ਦੇ ਮੇਲ ਦਾ ਇਹ ਮਾਰਗ, ਪੁਰਸ਼ ਤੋਂ ਆਰੰਭ ਹੋ ਕੇ ਪੁਰਸ਼ੋਤਮ ਤੱਕ ਜਾ ਪੁੱਜਦਾ ਹੈ। ਆਰੰਭ ਵਿਚ ਪੁਰਸ਼ ਦੇ ਸਾਹਮਣੇ ਦੋ ਮਾਰਗ ਹੁੰਦੇ ਹਨ ਇਕ ਮਾਰਗ ਤੇ ਚੱਲ ਕੇ ਉਹ ਮਾਇਆ ਵਿਚ ਗਲਤਾਨ ਹੋ, ਪਦਾਰਥਵਾਦੀ ਸੰਸਾਰ ਵੱਲ ਤੁਰਿਆ ਜਾਂਦਾ ਹੈ ਅਤੇ ਪਦਾਰਥਕ ਭੋਗਾਂ ਵਿਚ ਹੀ ਜੀਵਨ ਗੁਆ ਲੈਂਦਾ ਹੈ। ਦੂਜਾ ਮਾਰਗ ਅਜਿਹਾ ਹੈ ਜੋ ਉਸ ਨੂੰ ਸੰਸਾਰ ਦੀ ਕਾਰ-ਵਿਹਾਰ ਕਰਦਿਆਂ, ਭੋਗੀ ਵਸਤੂਆਂ ਦੀ ਲੋੜੀਂਦੀ ਵਰਤੋਂ ਕਰਦਿਆਂ, ਸੰਸਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ।।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ।।[14]

ਦੇ ਸਨਮੁੱਖ, ਨਿਰਗੁਣ ਨਿਰਾਕਾਰ ਨਿਰੰਕਾਰ ਵੱਲ ਨੂੰ ਲੈ ਜਾਂਦਾ ਹੈ।

*ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਸਾਰੇ 36 ਬਾਣੀਕਾਰਾਂ ਨੇ ਨਾਮ-ਸਿਮਰਨ ਨੂੰ ਅਧਿਆਤਮਕ ਉਚਤਾ ਪ੍ਰਾਪਤ ਕਰਨ ਦਾ ਉਤਮ ਸਾਧਨ ਦਰਸਾਇਆ ਹੈ।

Sri Satguru Jagjit Singh Ji Elibrary NamdhariElibrary@gmail.com

ਗੁਰਬਾਣੀ ਅਨੁਸਾਰ 'ਨਾਮ-ਸਿਮਰਨ', ਇਕ ਅਜਿਹੀ ਮਾਨਸਿਕ ਪ੍ਰਕ੍ਰਿਆ ਹੈ ਜਿਸ ਰਾਹੀ ਜਗਿਆਸੂ ਪਰਮ-ਆਤਮਾ ਨਾਲ ਅਭੇਦ ਹੋ ਸਕਦਾ ਹੈ। ਗੁਰਬਾਣੀ ਵਿਚ ਤਾਂ ਦਾਅਵਾ ਕੀਤਾ ਗਿਆ ਹੈ ਕਿ ਨਾਮ-ਸਿਮਰਨ ਇਕ ਅਜਿਹੀ ਜੁਗਤ ਹੈ, ਢੰਗ ਹੈ, ਤਰੀਕਾ ਹੈ, ਹੁਨਰ ਹੈ, ਕਲਾ ਹੈ, ਕਾਢ ਹੈ, ਸਾਧਨ ਹੈ, ਜੋ ਮਨੁੱਖ ਨੂੰ ਅਸਥੂਲ ਮੰਡਲਾਂ ਤੋਂ ਤੋਰ ਕੇ, ਰਾਹ ਵਿਚ ਆਉਂਦੀਆ ਔਖੀਆ ਘਾਟੀਆ ਤੋਂ ਬਚਾਉਂਦੀ ਲੰਘਾਉਂਦੀ ਉਸ ਸੂਖਸ਼ਮ ਮੰਡਲ ਵਿਚ ਪਹੁੰਚਾ ਦਿੰਦੀ ਹੈ, ਜਿਥੇ ਪੁੱਜ ਕੇ ਮਨੁੱਖ, ਨਿਰੰਕਾਰ ਦੇ ਪ੍ਰਤੱਖ ਦਰਸਨ ਕਰਦਿਆਂ ਉਸ ਨਾਲ ਇਕ ਮਿਕ ਹੋ ਜਾਂਦਾ ਹੈ। ਨਾਮ-ਸਿਮਰਨ ਦੀ ਇਹੋ ਜੁਗਤ, ਮਾਨਵ-ਹਿਰਦੇ ਵਿਚ ਪ੍ਰਭੂ ਜੋਤਿ ਦਾ ਗਿਆਨ-ਪ੍ਰਕਾਸ ਕਰਕੇ, ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ[15] ਦੀ 'ਏਕਤਾ' ਅਤੇ ਵਿਸਮਾਦਕ ਅਨੰਦ ਦੀ ਅਵਸਥਾ ਪੈਦਾ ਕਰ ਦਿੰਦੀ ਹੈ। ਇਹ ਅਵਸਥਾ ਮਾਨਵ-ਮਨ ਵਿਚੋ ਪਦਾਰਥਕ ਸੁੱਖਾਂ ਦੀ ਪਿਆਸ ਅਤੇ ਕਾਮ ਕ੍ਰੋਧ, ਲੋਭ, ਮੋਹ, ਹੰਕਾਰ ਦੀ ਮਿਠਾਸ ਦਾ ਭਰਮ-ਜਾਲ ਮਿਟਾ ਦਿੰਦੀ ਹੈ। ਸਿੱਟੇ ਵਜੋ ਅਜਿਹੇ ਮਾਨਵ-ਮਨ ਵਿਚੋ ਮੋਹ-ਮਾਇਆ ਦੀ ਤ੍ਰਿਸਨਾ, ਭੁੱਖ ਸਭ ਉਤਰ ਜਾਂਦੀ ਹੈ ਅਤੇ ਉਸ ਨੂੰ ਹਰਿ ਨਾਮ-ਸਿਮਰਨ ਤੋ ਬਿਨਾਂ ਕੁੱਝ ਹੋਰ ਸੁੱਝਦਾ ਹੀ ਨਹੀ:

ਜਿਨਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿਨਾਮੁ ਦ੍ਰਿੜਾਵੈ
ਰਾਮ ਰਾਜੇ ॥
ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿਨਾਮੁ ਧਿਆਵੈ ॥[16]

ਅਰਥਾਤ

ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥
ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ
ਪੂਰਨ ਧਿਆਨੁ ॥[17]

ਬਾਣੀਕਾਰਾਂ ਨੇ ਨਾਮ-ਸਿਮਰਨ ਦੇ ਬੇਅੰਤ ਲਾਭ ਦਰਸਾਏ ਹਨ। ਇਹ ਲਾਭ ਅਧਿਆਤਮਕ ਅਤੇ ਵਿਵਹਾਰਕ ਦੋਵਾਂ ਖੇਤਰਾਂ ਵਿਚ ਕਾਰਜਸ਼ੀਲ ਹੁੰਦੇ ਹਨ। ਮਿਸਾਲ ਦੇ ਤੌਰ ਤੇ ਨਾਮ-ਸਿਮਰਨ ਦੀ ਜੁਗਤਿ ਨਾਲ ਨੀਵੀਆਂ ਜਾਤਾਂ ਵਿਚ ਪੈਦਾ ਹੋਣ ਵਾਲੇ ਨਾਮਦੇਵ, ਜੈ ਦੇਵ, ਕਬੀਰ, ਤ੍ਰਿਲੋਚਨ ਤੇ ਰਵਿਦਾਸ ਜੀ ਉਚ-ਪੱਦਵੀ ਨੂੰ ਜਾ ਪ੍ਰਾਪਤ ਹੋਏ:

ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ ॥
ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ ॥[18]

ਏਥੋ ਤੱਕ ਕਿ ਪਾਪ-ਕਰਮ ਕਰਨ ਵਾਲੇ ਪ੍ਰਾਣੀ ਵੀ ਜਦੋ ਇਕ ਮਨ ਇਕ ਚਿਤ ਹੋ ਕੇ, ਨਾਮ-ਸਿਮਰਨ ਦੇ ਮਾਰਗ ਦੇ ਪਾਂਧੀ ਬਣ ਜਾਣ ਤਾਂ ਉਨ੍ਹਾਂ ਦਾ ਜੀਵਨ ਵੀ ਸਦਾ ਸੁੱਖਦਾਈ ਬਣ ਜਾਂਦਾ ਹੈ:

ਹਰਿ ਕੋ ਨਾਮੁ ਸਦਾ ਸੁਖਦਾਈ ॥

ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥
ਰਹਾਉ ॥
ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥
ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥ ੧ ॥
ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥
ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਣਾਈ ॥[19]

ਇਸ ਤਰ੍ਹਾਂ ਨਾਮ-ਸਿਮਰਨ, ਸਾਧਨ ਹੈ ਆਪਾ ਚੀਨਣ ਤੇ ਆਪਾ ਸਵਾਰਨ ਦਾ। ਇਸ ਜੁਗਤਿ ਨਾਲ ਜੁੜੇ ਜਗਿਆਸੂ ਦੇ ਅੰਤਰ-ਆਤਮੇ ਵਿਚ ਅਜਿਹਾ ਗਿਆਨ-ਪ੍ਰਕਾਸ਼ ਹੁੰਦਾ ਹੈ ਜੋ ਉਸ ਦੇ ਸੰਸਾਰਕ ਤੇ ਅਧਿਆਤਮਿਕ ਜੀਵਨ ਨੂੰ ਠੀਕ ਪ੍ਰਸੰਗ ਵਿਚ ਸਮਝਣ ਯੋਗ ਹੋ ਜਾਂਦਾ ਹੈ ਅਤੇ ਮੰਦੇ ਕਰਮ ਛੱਡਦਿਆਂ ਚੰਗੇ ਕਰਮ ਕਰਨ ਲੱਗ ਜਾਂਦਾ ਹੈ। ਸਿੱਟੇ ਵਜੋ ਉਸ ਜਗਿਆਸੂ ਦੀ ਨਿੱਜ-ਕਲਿਆਨ ਤਾਂ ਹੁੰਦੀ ਹੀ ਹੈ ਪਰ ਨਾਲ ਹੀ ਮਾਨਵ-ਸੰਸਾਰ ਦਾ ਭਲਾ ਵੀ ਹੋਣ ਲੱਗ ਪੈਂਦਾ ਹੈ।

ਮਾਨਵ-ਮਨ, ਜਮਾਂਦਰੂ ਸੁਖ-ਪ੍ਰਾਪਤੀ ਦਾ ਇੱਛੁਕ ਹੁੰਦਾ ਹੈ। ਏਸੇ ਲਈ ਉਸ ਵਿਚ ਅਣਗਿਣਤ ਆਸਾ-ਮਨਸਾ ਪੈਦਾ ਹੁੰਦੀਆਂ ਹਨ। ਇਸ ਆਸਾ-ਮਨਸਾ ਦੀ ਪੂਰਤੀ ਲਈ ਉਹ ਦਿਨ-ਰਾਤ ਸਗਲ ਸਿਆਣਪਾਂ ਘੋਟਦਾ ਹੈ, ਕਰਮ-ਕ੍ਰਿਆ ਕਰਦਾ ਹੈ, ਕਠਿਨ ਘਾਲਣਾ ਘਾਲਦਾ ਹੈ ਪਰ ਫੇਰ ਵੀ ਉਸ ਦੀਆਂ ਤਮਾਮ ਇੱਛਾਵਾਂ ਦੀ ਪੂਰਤੀ ਨਹੀਂ ਹੋ ਪਾਂਦੀ। ਜੇਕਰ ਇਕ ਇੱਛਾ ਪੂਰੀ ਹੁੰਦੀ ਹੈ ਤਾਂ ਦੂਜੀ ਉਪਜ ਪੈਂਦੀ ਹੈ ਅਤੇ ਇਹ ਸਿਲਸਿਲਾ ਨਿਰੰਤਰ ਚਲਦਾ ਹੈ। ਇਸ ਤਰ੍ਹਾਂ ਉਹ ਅਨੇਕ ਜਤਨ ਕਰਨ ਦੇ ਬਾਵਜੂਦ ਬਹੁਤੀ ਵਾਰ ਨਿਰਾਸ਼ਤਾ ਦਾ ਮੂੰਹ ਵੇਖਦਾ ਹੈ।

ਗੁਰਬਾਣੀ ਇਸ ਸਮੱਸਿਆ ਦਾ ਸਮਾਧਾਨ ਬੜੇ ਸਰਲ ਢੰਗ ਨਾਲ ਕਰਨ ਦੀ ਜੁਗਤਿ ਦੱਸਦੀ ਹੈ। ਇਹ ਜੁਗਤਿ ਹੈ 'ਨਾਮ-ਸਿਮਰਨ' ਦੀ ਜਿਸ ਨਾਲ ਜਗਿਆਸੂ ਦੀਆਂ ਅਨੇਕ ਇਛਾਵਾਂ ਗੁਰੂ-ਕਿਰਪਾ ਨਾਲ ਸਿਮਰਨ ਕਰਨ ਨਾਲ ਸਹਿਜੇ ਪੂਰੀਆਂ ਹੋ ਜਾਂਦੀਆਂ ਹਨ:

ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥
ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ
ਹਰਿ ਪੁਰਖੁ ਨਿਰੰਜਨਾ॥[20]

ਦਰਅਸਲ 'ਨਾਮ-ਸਿਮਰਨ' ਇਕ ਬਹੁਤ ਹੀ ਸੂਖਸਮ ਸ਼ਕਤੀ ਹੈ ਜੋ ਸਵੈ-ਸਰੂਪ ਨਾਲ ਇਕ ਰੂਪ ਹੋਣ ਦਾ ਸਾਧਨ ਪ੍ਰਦਾਨ ਕਰਦੀ ਹੈ। ਇਸ ਸਾਧਨ ਦੁਆਰਾ ਜਗਿਆਸੂ ਆਪਣੇ ਦਿਲ, ਦਿਮਾਗ ਤੇ ਸਰੀਰ ਦੀ ਪੱਧਰ ਤੋ ਉਪਰ ਉਠ ਕੇ

ਆਪਣੇ ਮੂਲ ਨਾਲ ਜਾ ਜੁੜਦਾ ਹੈ। ਲੋੜ ਹੈ ਇਸ ਸਾਧਨ ਨੂੰ ਠੀਕ ਪ੍ਰਸੰਗ ਵਿਚ ਸਮਝਣ ਤੇ ਵਰਤਣ ਦੀ। ਸਾਇੰਸਦਾਨਾਂ ਨੇ ਹਰੇਕ ਅਸਥੂਲ ਵਸਤੂ ਨੂੰ ਭਿੰਨ ਭਿੰਨ ਤੱਤਾਂ ਦੇ ਸੁਮੇਲ ਤੋ ਬਣੀ ਹੋਈ ਮੰਨਿਆ ਹੈ। ਇਸ ਤਰ੍ਹਾਂ ਜੇਕਰ ਕਿਸੇ ਅਸਥੂਲ ਵਸਤੂ ਨੂੰ ਤੋੜੀ ਜਾਈਏ ਤੋੜੀ ਜਾਈਏ ਤਾਂ ਉਹ ਵਸਤੂ ਮੋਲੀਕਿਊਲਜ਼ (Molecules), ਐਟਮਜ਼ (Atoms), ਇਲੈਕਟਰੋਨਜ਼ (Electrons), ਪਰੋਟੋਨਜ਼ (Protons), ਆਦਿ ਦੀਆਂ ਸ਼ਕਲਾਂ ਬਦਲਦੀ ਹੋਈ ਅੰਤ ਸੂਖਸਮ ਥਰਥਰਾਹਟ (Vibrations) ਤੱਕ ਪੁੱਜ ਜਾਂਦੀ ਹੈ ਅਤੇ ਉਸ ਵਿਚੋ ਅਤਿ ਸੂਖਮ ਰਾਗ ਜਾਂ ਧੁਨੀ (Divine Music or Primal Sound) ਪੈਦਾ ਹੋਣ ਲੱਗਦੀ ਹੈ। ਗੁਰਬਾਣੀ ਵਿਚ ਏਸੇ ਧੁੰਨ ਨੂੰ ਅਨਹਦ ਨਾਦ, ਅਥਵਾ ਮਹਾਂਮੰਤਰ ਆਖਿਆ ਗਿਆ ਹੈ। ਸਪਸ਼ਟ ਹੈ ਕਿ ਇਹ ਅਨਹਦ ਨਾਦ ਅਥਵਾ ਮਹਾਂਮੰਤਰ ਸਰੀਰਕ ਕੰਨਾਂ ਰਾਹੀ ਨਹੀਂ ਸੁਣਿਆ ਜਾ ਸਕਦਾ ਕਿਉਂਕਿ ਇਹ ਤ੍ਰੈ-ਗੁਣ ਅਤੀਤ ਹੁੰਦਾ ਹੈ। ਧੁਰ ਕੀ ਬਾਣੀ ਦੀ ਇਹ ਸੂਖਸਮ ਧੁਨਿ, ਅਬੋਲ ਬੋਲੀ ਹੋਣ ਕਾਰਣ ਕੇਵਲ ਅੰਤਰ ਆਤਮੇ ਰਾਹੀ ਹੀ ਅਨੁਭਵ ਕੀਤੀ ਜਾ ਸਕਦੀ ਹੈ:

ਜਹਾ ਬੋਲ ਤਹ ਅਛਰ ਆਵਾ ।।
ਜਹ ਅਬੋਲ ਤਹ ਮਨੁ ਨ ਰਹਾਵਾ ।।
ਬੋਲ ਅਬੋਲ ਮਧਿ ਹੈ ਸੋਈ ।।
ਜਸ ਓਹੁ ਹੈ ਤਸ ਲਖੈ ਨ ਕੋਈ ।।[21]

ਜਦੋ ਕਿਸੇ ਕਾਮਲ ਪੁਰਸ਼ ਦੇ ਅੰਤਰ-ਆਤਮੇ ਨੂੰ ਇਸ ਮਹਾਂ-ਮੰਤਰ ਦਾ ਅਨੁਭਵ ਹੁੰਦਾ ਹੈ ਤਾਂ ਉਹ ਜਨ-ਕਲਿਆਣ ਲਈ ਆਪਣਾ ਅਨੁਭਵ ਸਾਂਝਾ ਕਰਦਿਆਂ 'ਨਾਮ-ਸਿਮਰਨ' ਦੀ ਪ੍ਰੇਰਨਾ ਕਰਦਾ ਹੈ। ਅਨੁਭਵ ਦੀ ਇਹ ਸਾਂਝ ਹੀ ਗੁਰ-ਮੰਤਰ ਵਿਚ ਰੂਪਾਂਤਰਿਤ ਹੋ ਜਾਂਦੀ ਹੈ।

ਗੁਰ-ਮੰਤਰ ਉਹ ਹੁੰਦਾ ਹੈ ਜੋ ਪ੍ਰਭੂ ਨਾਲ ਇਕ ਸੁਰ ਹੋਏ ਕਿਸੇ ਕਾਮਲ ਪੁਰਸ ਨੇ 'ਸਬਦ-ਰੂਪ' ਵਿਚ ਬਖਸ਼ਿਸ ਕੀਤਾ ਹੋਵੇ। ਏਥੇ 'ਸ਼ਬਦ' ਦੀ ਭੂਮਿਕਾ ਜਗਿਆਸੂ ਨੂੰ ਇਕ ਅਕਾਲ-ਪੁਰਖ ਨਾਲ ਜੋੜਨ ਦੀ ਹੈ ਅਤੇ ਸ਼ਬਦ ਨਾਲ ਜੋੜਨ ਵਾਲੇ ਦੀ ਭੂਮਿਕਾ ਜਗਿਆਸੂ ਨੂੰ ਉਸ ਦੇ ਅੰਤ੍ਰੀਵ-ਆਤਮੇ ਦੀ ਸੁੱਤੀ ਸ਼ਕਤੀ ਨੂੰ ਆਪਣੀ ਆਤਮਿਕ ਸ਼ਕਤੀ ਨਾਲ ਜਗਾਉਂਦਿਆਂ ਉਸ ਨੂੰ ਪ੍ਰਭੂ-ਕਿਰਪਾ ਦਾ ਪਾਤਰ ਬਣਨ ਲਈ ਪ੍ਰੇਰਨਾ ਹੈ। ਪ੍ਰਭੂ-ਕਿਰਪਾ ਨਾਲ ਹੀ ਅਧਿਆਤਮਿਕ-ਮੰਡਲ ਦੀ ਸੋਝੀ ਅਤੇ ਨਾਮ-ਸਿਮਰਨ ਦੀ ਜਾਚ ਆਉਂਦੀ ਹੈ:

ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ।।[22]

ਇਸ ਪ੍ਰਸੰਗ ਵਿਚ ਜਿਹੜਾ ਨੁਕਤਾ ਉਚੇਚੇ ਧਿਆਨ ਦੀ ਮੰਗ ਕਰਦਾ ਹੈ ਉਹ ਇਹ ਹੈ ਕਿ ਗੁਰੂ ਵੱਲੋ ਬਖਸ਼ਿਸ਼ ਕੀਤਾ ਗਿਆ 'ਗੁਰ ਮੰਤਰ' ਕੇਵਲ ਅੱਖਰ ਹੀ ਨਹੀ ਹੁੰਦਾ ਇਸ ਪਿੱਛੇ ਸੂਖਸ਼ਮ ਰੂਪ ਵਿਚ ਉਸ ਦੀ ਆਪਣੀ ਹੋਂਦ, ਨਿਜ

ਅਨੁਭਵ, ਆਤਮਾ, ਜੋਤਿ, ਪ੍ਰੇਮ ਰਸ, ਨਦਰਿ-ਕਰਮ ਆਦਿ ਕਾਰਜਸ਼ੀਲ ਹੁੰਦੀ ਹੈ। ਸ਼ਰਧਾ-ਭਾਵ ਨਾਲ 'ਗੁਰਮੰਤਰ' ਦਾ ਕੀਤਾ ਗਿਆ ਨਿਰੰਤਰ ਅਭਿਆਸ, ਸਹਿਜੇ ਹੀ ਸੂਖਸ਼ਮ ਰੂਪ ਵਿਚ ਬਦਲਕੇ ਪ੍ਰਕਾਸ਼ ਰੂਪ, ਤਤ ਰੂਪ, ਰਸ ਰੂਪ, ਪ੍ਰੇਮ ਰੂਪ, ਜੀਵਨ-ਰੌ, ਨਾਮ ਰੂਪ ਹੋ ਕੇ, ਇਲਾਹੀ ਤਰੰਗ (Vibrations) ਰੁਣ ਝੁਣ, ਅਨਹਦ-ਝੁਣਕਾਰ ਅਤੇ ਅਨਹਦ-ਨਾਦ (Divine Music ) ਵਿਚ ਰੂਪਾਂਤਰਿਤ ਹੋ ਜਾਂਦਾ ਹੈ। ਏਹੋ ਅਵਸਥਾ ਸਾਧਨ ਬਣਦੀ ਹੈ-ਇਕਸੁਰਤਾ ਅਤੇ ਇਕਰੂਪਤਾ ਦੀ।

ਪ੍ਰਸਿੱਧ ਮਨੋਵਿਗਿਆਨੀ ਵਿਲੀਅਮ ਜੇਮਜ਼ ਦਾ ਮੱਤ ਹੈ ਕਿ ਜੈਸਾ ਕਿਸੇ ਜਗਿਆਸੂ ਦਾ ਇਸ਼ਟ ਦੇਵ ਹੋਵੇਗਾ ਉਹ ਵੀ ਉਹੋ ਜਿਹਾ ਹੀ ਬਣੇਗਾ। ਗੁਰਬਾਣੀ ਨੇ ਇਸ ਧਾਰਨਾ ਨੂੰ 'ਜੈਸਾ ਸੇਵੈ ਤੈਸੋ ਹੋਇ' ਆਖਦਿਆਂ 400 ਸਾਲ ਪਹਿਲਾਂ ਹੀ ਸਥਾਪਿਤ ਕਰ ਦਿੱਤਾ ਸੀ। ਸ਼ਾਇਦ ਏਸੇ ਲਈ ਗੁਰਬਾਣੀ ਵਿਚ 'ਇਸ਼ਟ ਦੇਵ' ਦੇ ਪ੍ਰਚਲਿਤ ਲਗਭਗ ਸਾਰੇ ਨਾਂਵ, ਪ੍ਰਭੂ ਹਰੀ, ਪਰਮੇਸ਼ਰ, ਰਾਮ, ਰਹੀਮ, ਕ੍ਰਿਸ਼ਨ, ਅੱਲਾ, ਠਾਕੁਰ, ਸਾਂਈ, ਬੀਠਲ, ਸਾਜਨ, ਪ੍ਰੀਤਮ, ਗੁਸਈਆਂ ਆਦਿ ਪ੍ਰਾਪਤ ਹੋ ਜਾਂਦੇ ਹਨ। ਪਰ ਇਸ ਦੇ ਬਾਵਜੂਦ ਇਨ੍ਹਾਂ ਸਾਰੇ ਇਸ਼ਟ-ਨਾਂਵਾਂ ਨੂੰ ਕ੍ਰਿਤਮ ਨਾਮ ਦਰਸਾਉਂਦਿਆ ਅਤੇ ਪ੍ਰਭੂ ਦੀ-ਏਕਤਵਤਾ ਨੂੰ ਸਪਸ਼ਟ ਰੂਪ ਵਿਚ ਪ੍ਰਗਟਾਉਂਦਿਆਂ, ਉਸ 'ਏਕ' ਦਾ ਹੀ 'ਨਾਮ-ਸਿਮਰਨ' ਕਰਨ ਦਾ ਉਪਦੇਸ਼ ਹੈ:

ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥
ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ॥
ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥
ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ॥[24]

ਕਿਉਂਕਿ ਗੁਰਬਾਣੀ ਵਿਚ ਉਸ 'ਏਕ' ਤੋਂ ਬਿਨਾਂ ਹੋਰ ਕਿਸੇ ਦੀ ਕੋਈ ਮਹੱਤਤਾ ਪ੍ਰਵਾਨ ਹੀ ਨਹੀ ਕੀਤੀ ਗਈ

ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥[25]

ਦਰਅਸਲ ਆਮ ਜੀਵਨ ਵਿਚ ਮਨੁੱਖ, ਮਾਨ ਸਨਮਾਨ ਵਡਿਆਈ, ਧਨ, ਸੁੱਖ ਦੀ ਪ੍ਰਾਪਤੀ ਲਈ ਸਿਰਤੋੜ ਜਤਨ ਕਰਦਾ ਹੈ ਅਤੇ ਏਸੇ ਲਈ ਉਹ ਵਿਆਕੁਲ ਰਹਿੰਦਾ ਹੈ ਕਿ ਉਸ ਦੀਆਂ ਇਹ ਲੋੜਾਂ ਸਦੀਵ ਰੂਪ ਵਿਚ ਪੂਰੀਆ ਹੋ ਜਾਣ। ਪਰ ਦੇਸ਼ ਅਤੇ ਕਾਲ ਦੇ ਪਸਾਰੇ ਵਿਚ ਵਿਦਮਾਨ, ਨਾਮ ਰੂਪ ਜਗਤ ਵਿਚ ਸਦੀਵਤਾ ਹੁੰਦੀ ਹੀ ਨਹੀ। ਪਰਿਵਰਤਨ, ਪਰਿਵਰਧਨ ਅਤੇ ਅਪਕਰਸ਼ ਦੀ ਇਹ ਅਲਖ ਲੀਲਾ, ਨਿਰੰਤਰ ਪ੍ਰਵਾਹਤ ਹੁੰਦੀ ਰਹਿੰਦੀ ਹੈ:

ਲਖੀ ਨ ਜਾਈ ਨਾਨਕ ਲੀਲਾ ॥[26]

ਦੁਨਿਆਵੀ ਜੀਵਨ ਵਿਚ ਮਾਨ ਸਨਮਾਨ, ਸੋਭਾ, ਧਨ ਤੇ ਸੁੱਖ ਆਦਿ ਵੀ ਪਰਿਵਰਤਨ ਦੇ ਨਿਯਮ ਤੋਂ ਮੁਕਤ ਨਹੀ ਹੁੰਦੇ। ਅਧਿਆਤਮਕ ਜੀਵਨ ਵਿਚ 'ਨਾਮ-ਸਿਮਰਨ' ਦੀ ਜੁਗਤਿ ਨਾਲ ਜਿਹੜੀਆਂ ਪ੍ਰਾਪਤੀਆਂ ਹੁੰਦੀਆਂ ਹਨ, ਖੇੜਾ ਆਉਂਦਾ

Sri Satguru Jagjit Singh Ji Elibrary NamdhariElibrary@gmail com

ਹੈ ਉਹੋ ਜਗਿਆਸੂ ਦੇ ਜੀਵਨ ਦੀਆ ਅਟੁੱਟ ਅੰਗ ਬਣਦੀਆ ਹਨ। ਇਸ ਲਈ ਨਾਮ-ਸਿਮਰਨ ਦੀ ਜੁਗਤ ਨਾਲ ਪ੍ਰਾਪਤ ਜੀਵਨ-ਖੇੜੇ ਨੂੰ ਜੇਕਰ ਸਦੀਵੀ ਆਖ ਲਿਆ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀ ਹੋਵੇਗੀ। ਗੁਰਬਾਣੀ ਇਸ ਦੀ ਪੁਸਟੀ ਕਰਦੀ ਹੈ

ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ।।
ਸਾ ਸੋਭਾ ਭਜੁ ਹਰਿ ਕੀ ਸਰਨੀ ।।[27]

ਕੁਝ ਲੋਕ ਇਸ ਵਿਚਾਰ ਦੇ ਧਾਰਨੀ ਹਨ ਕਿ ਨਾਮ-ਸਿਮਰਨ, ਇਕ ਵਿਅਰਥ ਪ੍ਰਕ੍ਰਿਆ ਹੈ ਇਸ ਦਾ ਮਾਨਵ-ਜੀਵਨ ਤੇ ਕੋਈ ਅਸਰ ਨਹੀ ਹੁੰਦਾ। ਪਰ ਵਿਵਹਾਰਕ ਪੱਧਰ ਤੇ ਵਿਚਾਰਿਆਂ ਇਹ ਧਾਰਨਾ ਬਹੁਤੀ ਸਾਰਥਿਕ ਨਹੀ ਲਗਦੀ। ਸਾਧਾਰਨ ਪੱਧਰ ਤੇ ਅਗਰ ਕੋਈ ਕਿਸੇ ਦੇ ਮਾਂ ਬਾਪ ਦਾ ਨਾਮ, ਸਤਿਕਾਰ ਪੂਰਵ ਨਾ ਲਵੇ ਤਾਂ ਚੰਗਾ ਨਹੀ ਸਮਝਿਆ ਜਾਂਦਾ ਅਤੇ ਸੰਬੰਧਿਤ ਮਾ-ਬਾਪ ਦੇ ਬੱਚੇ ਲਾਜਮੀ ਦੁੱਖ ਮਹਿਸੂਸ ਕਰਨਗੇ ਪਰ ਸਤਿਕਾਰ ਦੇਣ ਵਾਲੇ ਨੂੰ ਲਾਜ਼ਮੀ ਸਤਿਕਾਰ ਪ੍ਰਗਟਾਉਣਗੇ। ਜਿਸ ਤਰ੍ਹਾਂ ਮਹਾਬਲੀ, ਯੋਧੇ ਸੂਰਮਿਆਂ ਦੀ ਗਾਥਾ ਸੁਣਦਿਆ ਡੌਲੇ ਫਰਕਣ ਲੱਗ ਜਾਂਦੇ ਹਨ, ਖੂਨ ਖੋਲਣ ਲਗ ਪੈਦਾ ਹੈ ਅਤੇ ਵੈਰਾਗਮਈ ਕਥਾ ਸੁਣ ਕੇ ਅੱਖਾਂ ਵਿਚ ਹੰਝੂ ਉਤਰ ਆਉਂਦੇ ਹਨ ਠੀਕ ਏਸੇ ਤਰ੍ਹਾਂ ਹਰ ਸਬਦ ਦੇ ਪਿੱਛੇ ਉਸ ਦੀ ਸਮਝਣ ਬੁਝਣ ਦੀ ਸਕਤੀ ਲੁਪਤ ਹੁੰਦੀ ਹੈ। ਸ਼ਬਦ ਦੇ ਪਿੱਛੇ ਸਬਦ ਵਾਲੇ ਦਾ ਖ਼ਿਆਲ ਤੇ ਰੂਪ ਹੁੰਦਾ ਹੈ। ਜਦੋ ਅਸੀ ਕਿਸੇ ਦਾ ਨਾਂ ਲੈਂਦੇ ਹਾ ਤਾਂ ਉਸ ਨਾਂ ਪਿੱਛੇ ਨਾਮੀ ਦਾ ਤਸੱਵਰ ਰੂਪਮਾਨ ਹੋ ਜਾਂਦਾ ਹੈ। ਵਾਹਿਗੁਰੂ, ਸਤਿਨਾਮੁ, ਰਾਮ, ਰਹੀਮ, ਅੱਲਾ, ਆਦਿ ਦਾ ਨਾ ਲੈ ਕੇ ਸਿਮਰਨ ਕਰਨ ਨਾਲ ਵੀ ਇਨ੍ਹਾਂ ਦਾ ਤਸੱਵਰ ਸਨਮੁੱਖ ਹੋ ਜਾਂਦਾ ਹੈ। ਇਹ ਤਸੱਵਰ ਹੀ ਸਾਧਕ ਦੇ ਜੀਵਨ ਵਿਚ ਤਬਦੀਲੀ ਲਿਆਉਂਦਾ ਹੈ

ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ।।
ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ।।[28]

ਦਰਅਸਲ ਨਾਮ-ਸਿਮਰਨ ਦੇ ਫਲ ਸੰਬੰਧੀ ਗੁਰਬਾਣੀ ਵਿਚ ਕੀਤੇ ਗਏ ਦਾਅਵੇ, ਬਾਣੀਕਾਰਾਂ ਦੇ ਨਿੱਜ-ਜੀਵਨ ਵਿਚ ਹੰਢਾਏ ਤਜਰਬਿਆਂ ਤੇ ਆਧਾਰਿਤ ਹਨ ਜੋ ਕਦੇ ਵੀ ਗਲਤ ਨਹੀ ਹੋ ਸਕਦੇ। ਜਿਸ ਤਰ੍ਹਾਂ ਵਿਗਿਆਨੀਆਂ ਦੇ ਕੀਤੇ ਤਜਰਬੇ ਪਰਖੇ ਜਾ ਸਕਦੇ ਹਨ ਉਸੇ ਤਰ੍ਹਾਂ ਪਾਵਨ-ਪੁਰਸ਼ਾਂ ਦੇ ਆਤਮਿਕ-ਤਜਰਬੇ ਵੀ ਆਪਣੇ ਅਮਲੀ ਜੀਵਨ ਵਿਚ ਲਿਆ ਕੇ ਵੇਖੇ ਜਾ ਸਕਦੇ ਹਨ। ਕਈਆਂ ਨੇ ਵੇਖੇ ਪਰਖੇ ਵੀ ਹਨ। ਪਰ ਇਸ ਪ੍ਰਸੰਗ ਵਿਚ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਦੁਨਿਆਵੀ ਵੈਰ ਵਿਰੋਧ ਮੁਕਾਉਣ, ਮੁਕਦਮੇ ਜਿੱਤਣ, ਪਰਾਇਆ ਧਨ ਹਥਿਆਉਣ, ਦੂਜਿਆਂ ਦਾ ਹੱਕ ਮਾਰਨ ਆਦਿ ਲਈ ਕੀਤਾ ਨਾਮ-ਸਿਮਰਨ, ਅਧਿਆਤਮਕ-ਮੰਜ਼ਿਲ ਦੀ ਯਾਤਰਾ ਨਹੀ ਕਰਾ ਸਕਦਾ, ਆਤਮਿਕ-ਖੇੜਾ ਨਹੀ ਲਿਆ

ਸਕਦਾ ਅਤੇ ਸੁੱਖ ਸ਼ਾਂਤਮਈ ਜੀਵਨ ਨਹੀ ਬਣਾ ਸਕਦਾ। ਅਜਿਹਾ ਸਿਮਰਨ ਨਿੱਜਵਾਦ ਤੇ ਨਿੱਜ-ਲਾਭ ਦੇ ਘੇਰੇ ਤੱਕ ਸੀਮਤ ਹੁੰਦਾ ਹੈ ਜੋ ਪ੍ਰਭੂ ਦੀ ਖੁਸ਼ਾਮਦ ਨਾਲ ਕੇਵਲ ਆਪਣਾ ਭਲਾ ਲੋਚਦਾ ਹੈ। ਅਜਿਹੇ ਸਾਧਨ ਦੀਆਂ ਕਦਰਾਂ ਕੀਮਤਾਂ ਵੱਖਰੀਆਂ ਹੁੰਦੀਆਂ ਹਨ। ਉਸ ਦਾ ਰੱਬ ਵੀ 'ਏਕ' ਹਸਤੀ ਵਾਲਾ ਨਹੀ ਕੋਈ ਖੁਸ਼ਾਮਦ ਪਸੰਦ ਕਰਨ ਵਾਲਾ ਹੁੰਦਾ ਹੈ। ਇਸ ਲਈ ਅਜਿਹਾ ਸਿਮਰਨ ਚੰਗੇ ਨਤੀਜੇ ਕਿਵੇ ਦੇ ਸਕਦਾ ਹੈ। ਏਸੇ ਲਈ ਗੁਰਬਾਣੀ ਵਿਚ ਇਸ ਜੁਗਤਿ ਨੂੰ ਫੋਕੇ ਕਰਮ-ਕਾਂਡ ਆਖਦਿਆਂ ਨਕਾਰਿਆ ਗਿਆ ਹੈ:

ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥
ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥[29]

ਦਸ਼ਮੇਸ਼ ਪਿਤਾ ਨੇ ਵੀ ਇਸ ਪ੍ਰਕਾਰ ਦੇ ਜਪੁ, ਤਪੁ ਕਰਮਕਾਂਡਾਂ ਨੂੰ ਅਪ੍ਰਵਾਨ ਕੀਤਾ ਹੈ:

ਫੋਕਟ ਧਰਮ ਜਿਤੇ ਜਗ ਕਰ ਹੀ ॥
ਨਰਕਿ ਕੁੰਡ ਭੀਤਰ ਤੇ ਪਰਹੀ ॥[30]

ਇਸ ਲਈ ਗੁਰਬਾਣੀ ਅਨੁਸਾਰ ਨਾਮ-ਸਿਮਰਨ ਸਰਬ ਸੁੱਖਾਂ ਦਾ ਸਾਗਰ ਹੈ ਜੋ ਅਗਨ ਸੋਕ ਸਾਗਰ ਦੀ ਤਪਸ਼ ਮਿਟਾ ਦਿੰਦਾ ਹੈ:

ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥[31]

ਇਹ ਐਸੀ ਅਮੋਲਕ ਦਾਤ ਹੈ ਕਿ ਇਸ ਤੋਂ ਬਗੈਰ ਜੀਵਨ ਮੌਤ ਤੁਲ, ਫਿਕਾ, ਨੀਰਸ ਤੇ ਵਿਅਰਥ ਬਣ ਜਾਂਦਾ ਹੈ। ਗੁਰੂ ਰਾਮਦਾਸ ਜੀ ਠੀਕ ਹੀ ਆਖਦੇ ਹਨ ਕਿ:

ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥[32]

ਸ਼ਾਇਦ ਏਸੇ ਲਈ ਗੁਰੂ ਨਾਨਕ ਸਾਹਿਬ ਨੇ ਦਾਤਾਰ ਤੋਂ ਮੰਗ ਹੀ ਏਹੋ ਕੀਤੀ ਕਿ:

ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥[33]

ਗੁਰਬਾਣੀ ਵਿਚ ਪ੍ਰਸਤੁਤ ਕੀਤੀ ਗਈ 'ਨਾਮ-ਸਿਮਰਨ' ਦੀ ਔਸ਼ਧੀ, ਦੇਸ਼, ਕਾਲ, ਰੰਗ, ਨਸਲ ਦੀਆਂ ਹੱਦ-ਬੰਦੀਆਂ ਤੋਂ ਮੁਕਤ, ਹਰ ਮਾਨਵ-ਮਨ ਲਈ 'ਅਮਿਓ ਰਸ' ਅਤੇ ਸੰਜੀਵਨੀ ਬੂਟੀ ਸੀ। ਸਿਖੀ-ਜੀਵਨ ਵਿਚ ਨਾਮ-ਸਿਮਰਨ ਦਾ ਗ੍ਰਾਫ਼, ਪੂਰਵ ਮਿਸਲ ਕਾਲ ਤੱਕ ਤਾਂ ਉਚਾਈ ਵੱਲ ਜਾਂਦਾ ਰਿਹਾ ਪਰ ਮਿਸਲਾਂ ਦੇ ਸਮੇ ਸਿੱਖ ਆਚਰਨ ਵਿਚੋ ਇਸ ਪ੍ਰਤੀ ਅਵੇਸਲਾਪਨ ਦਿਨ-ਬ-ਦਿਨ ਵਧਦਾ ਹੀ ਗਿਆ। ਆਸ ਕੀਤੀ ਜਾਂਦੀ ਸੀ ਕਿ ਸਿੱਖ ਰਾਜ ਦੀ ਸਥਾਪਤੀ ਇਸ ਅਵੇਸਲੇਪਨ ਤੋਂ ਸਿੱਖਾ ਨੂੰ ਸੁਚੇਤ ਕਰਕੇ 'ਨਾਮ-ਸਿਮਰਨ' ਵੱਲ ਧਿਆਨ ਕੇਂਦ੍ਰਿਤ ਕਰੇਗੀ ਪਰ ਸਿੱਖ-ਜੀਵਨ ਵਿਚ ਨਿਰੰਤਰ ਵਧਦੀ ਚਰਿਤ੍ਰਹੀਨਤਾ ਖਾਸ ਤੌਰ ਤੇ ਸਿੱਖ ਰਾਜਿਆਂ, ਮਹਾਰਾਜਿਆਂ ਤੇ ਸਰਦਾਰਾਂ ਦੇ ਗਿਰਾਵਟ ਭਰਪੂਰ ਆਚਰਨ ਨੇ ਇਸ ਆਸ ਨੂੰ

Sri Satguru Jagjit Singh Ji Elibrary NamdhariElibrary@gmail.com

ਹੁਕਮਨਾਮੇ ਵਿਚ ਵਿਦਮਾਨ ਹੈ ਪਰ 21 ਹੁਕਮਨਾਮਿਆਂ ਵਿਚ (3, 5, 6, 7, 10, 13, 15, 17, 18, 20, 23, 25, 28, 33, 34, 39, 45, 49, 56, 57 ਅਤੇ 61) ਇਸ ਦਾ ਜ਼ਿਕਰ ਬਹੁਤ ਸ਼ਿੱਦਤ ਨਾਲ ਕੀਤਾ ਗਿਆ ਹੈ। ਮਿਸਾਲ ਦੇ ਤੌਰ ਤੇ ਹੁਕਮਨਾਮਾ ਨੰ 3 ਏਥੇ ਉਲਿਖਤ ਹੈ:

"ਨਾਮ ਕੀ ਤਾ ਅਮਿਤ ਵਡਾਈ ਹੈ ।। ਮੈ ਜੀਉ ਕਿਆ ਕਹਿ ਸਕਦਾ ਹਾਂ । ਸੋ ਮੈ ਵਾਰ ਵਾਰ ਲਿਖਦਾ ਹਾਂ ਸੰਗਤ ਕੀ ਓਰ ਜੋ ਬਡੇ ਝਾਲਾਗੇ ਨਾਵਣਾ। ਸੋ ਗੁਰੂ ਸਾਹਿਬ ਦਾ ਹੁਕਮ ਹੈ ਜੋ ਸਵਾ ਪਹਿਰ ਰਾਤ ਰਹਿੰਦੀ ਕੇ ਸਾਥ ਇਸਨਾਨ ਕਰੇ ਸਮੇਤ ਕੇਸੀ, ਗੁਰਬਾਣੀ ਦਾ ਤੇ ਨਾਮ ਦਾ ਉਚਾਰ ਕਰੇ ਉਸ ਕੋ ਮੋਤੀ ਦਾਨ ਕਾ ਪੁੰਨ ਹੁੰਦਾ ਹੈ, ਫੇਰ ਸੁਵਰਨ ਦਾ, ਫੇਰ ਰੁਪੇ ਦਾ, ਫੇਰ ਤਾਂਬੇ ਦਾ, ਫੇਰ ਅੰਨ ਦਾ, ਫੇਰ ਦੁੱਧ ਦਾ, ਫੇਰ ਜਲ ਦਾ।"[34] ਹੋਰ ਵੇਖੋ ਹੁਕਮਨਾਮਾ ਨੰ. 10.

"ਹੋਰ ਭਾਈ ਖਾਲਸਾ ਜੀ ਸਾਰੀ ਸੰਗਤ ਨੂੰ ਏਹੁ ਹੁਕਮ ਹੈ ਜੋ ਸਭਨੇ ਤਾ ਬਾਣੀ ਕੰਠ ਕਰਨੀ ਬੁਢੇ ਬਾਲੇ ਨੇ ਅਰ ਪਿਛਲੀ ਰਾਤ ਉਠਕੇ ਜ਼ਰੂਰ ਇਸਨਾਨੁ ਕਰਨਾ, ਜਨਾਨੇ, ਮਰਦਾਨੇ ਜ਼ਰੂਰ ਬਾਣੀ ਕੰਠ ਕਰਨੀ। ਹਰਦਾਸ (ਅਰਦਾਸ) ਏਹੁ ਸਰਬਤ ਸੰਗਤ ਨੂੰ ਸੁਣਾਇ ਦੇਣੀ। ਜੇ ਬਣਿਆਵੇ ਤਾਂ ਪੰਜ ਗਰੰਥ ਕੰਠ ਕਰਨੇ ਨਹੀ ਤਾ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਆਸਾ ਦੀ ਵਾਰ, ਸੁਖਮਨੀ ਜ਼ਰੂਰ ਕੰਠ ਕਰਨੇ ਅਰੁ ਨਿਤ ਨਾਇ ਕੇ ਝਲਾਗੇ ਪੜਨੇ ਅਰ ਲੜਕੀ ਲੜਕੇ ਨੂੰ ਅਖਰ ਪੜਾਉਣੇ। ਫੇਰ ਬਾਣੀ ਕੰਠ ਕਰਨ, ਅਰ ਗ੍ਰੰਥ ਸਾਹਿਬ ਦਾ ਭੋਗ ਪਾਉਣਾ ਜਥਾ ਸਕਤਿ ਪ੍ਰਸਾਦਿ ਕਰਨਾ।

ਏਸ ਰੀਤ ਦੇ ਵਿਚ ਜੋ ਚਲੇਗਾ ਭਾਈ ਖਾਲਸਾ ਜੀ ਉਸ ਨੂੰ ਦੁੱਖ ਬੀ ਨ ਹੋਊਗਾ। ਸੈ ਉਪਾਧਾ ਉਸਦੇ ਸਿਰੋ ਟਲ ਜਾਣਗੀਆਂ, ਏਹੁ ਬਚਨ ਮੇਰੇ ਜਰੂਰ ਮਨਣੇ। ਏਹ ਨਫ਼ੇ ਦਾ ਕੰਮ ਹੈ।"[35]

ਏਸੇ ਤਰ੍ਹਾਂ ਨਾਮ ਦੀ ਵਡਿਆਈ ਹੁਕਮਨਾਮਾ ਨੰ:45 ਵਿਚ ਦਰਜ ਹੈ:

ਮੈ ਤੇ ਬਥੇਰੇ ਉਪਾ ਕਰਿ ਦੇਖੇ ਸੁਖ ਦੇ ਬਾਸਤੇ, ਸੁਖ ਨ ਹੋਆ। ਜਾ ਸੁਖ ਹੋਆ, ਤਾ ਨਾਮ ਤੇ ਹੀ ਹੋਆ ਭਾਈ। ਤਾ ਹੀ ਮੈ ਸਭ ਕਿਸੇ ਨੂੰ ਆਖਦਾ ਹਾਂ ਭਾਈ ਨਾਮ ਜਪੋ, ਨਾਮ ਜਪੋ, ਅਖੀ ਦੇਖ ਕੇ ਨਾਮ ਕੀ ਬਡਾਈ ਕੋ ।[36]

ਹੁਕਮਨਾਮਾ ਨੰ: 39 ਵਿਚ ਬਾਬਾ ਜੀ ਦਾ ਇਕ ਕਥਨ ਜੋ ਸਾਡੇ ਧਿਆਨ ਦੀ ਉਚੇਚੀ ਮੰਗ ਕਰਦਾ ਹੈ ਉਹ ਹੈ ਉਨ੍ਹਾਂ ਦੇ ਮਨ-ਮੰਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਜੋ ਉਨ੍ਹਾਂ ਲਈ ਗੁਰਦੁਆਰਿਆਂ ਨਾਲੋ ਵਧੇਰੇ ਮਹੱਤਾ ਰੱਖਦਾ ਸੀ। ਬਾਬਾ ਜੀ ਦੇ ਆਪਣੇ ਬੋਲਾਂ ਅਨੁਸਾਰ ਇਹ ਕਥਨ ਇਸ ਪ੍ਰਕਾਰ ਦਰਜ ਹੈ 'ਜੋ ਕੋਈ ਗੁਰਦੁਆਰਿਆਂ ਦਾ ਮਾਣ ਕਰੇ ਤਾਂ ਸਭ ਤੇ ਵੱਡਾ ਗੁਰਦੁਆਰਾ ਗਰੰਥ ਸਾਹਿਬ ਜੀ ਹਨ, ਜੋ ਹਮਾਰੇ ਪਾਸ ਬੀ ਹੈਨ। ਤੁਸੀ ਰਖੋ ਗੁਰਦੁਆਰਿਆ ਕੋ।'[37]

ਘੋਰ ਨਿਰਾਸ਼ਾ ਵਿਚ ਬਦਲ ਦਿੱਤਾ। ਉਹ ਆਪਣੇ ਪੂਰਵ ਗੁਰੂਆਂ ਦੇ ਉਪਦੇਸਾ ਨੂੰ ਵਿਸਾਰ ਕੇ, ਸਰੀਰਕ ਆਨੰਦ ਵਿਚ ਗਲਤਾਨ ਹੋਣ ਲੱਗ ਪਏ ਅਤੇ ਆਤਮਿਕ ਅਨੰਦ ਦੇਣ ਵਾਲੇ 'ਨਾਮ-ਸਿਮਰਨ' ਤੋ ਪਿੱਠ ਕਰ ਲਈ। ਗੁਰਬਾਣੀ ਪੜ੍ਹਨੀ, ਕੀਰਤਨ ਕਰਨਾ ਤੇ ਸੁਣਨਾ, ਸਿਮਰਨ ਕਰਨਾ ਆਦਿ ਸਿੱਖ ਸਰਦਾਰਾ ਦੇ ਜੀਵਨ ਵਿਚੋ ਲਗਭਗ ਮਨਫ਼ੀ ਹੋ ਚੁੱਕੇ ਸਨ।

ਇਸ ਪਦਾਰਥਵਾਦੀ ਅਤੇ ਸਰੀਰਕ ਭੋਗਾਂ ਵਾਲੀ ਮਾਨਸਿਕਤਾ ਵਿਚ ਰਚਿਤ ਮਾਨਵ-ਚੇਤਨਾ ਨੂੰ ਝੰਜੋੜਨ, ਮੋੜਨ ਤੇ ਮੁੜ ਪ੍ਰਭੂ ਨਾਲ ਜੋੜਨ ਦੀ ਜੋ ਭੂਮਿਕਾ ਬਾਬਾ ਰਾਮ ਸਿੰਘ ਜੀ ਨੇ ਨਿਭਾਈ ਉਹ ਨਾ ਕੇਵਲ ਬਹੁਮੁੱਲੀ ਹੈ ਸਗੋ ਇਤਿਹਾਸਕ ਆਖੀ ਜਾ ਸਕਦੀ ਹੈ। ਇਸ ਦੀ ਪੁਸ਼ਟੀ ਕਰਦੇ ਹਨ ਬਾਬਾ ਜੀ ਦੇ ਆਪਣੀ ਜਲਾਵਤਨੀ ਸਮੇ ਰੰਗੂਨ ਜੇਲ ਤੋ ਲਿਖੇ ਸੰਗਤਾਂ ਦੇ ਨਾਮ ਉਪਦੇਸ ਰੂਪ ਵਿਚ ਉਹ ਪੱਤਰ, ਜਿਨ੍ਹਾਂ ਨੂੰ ਨਾਮਧਾਰੀ ਦਰਬਾਰ 'ਹੁਕਮਨਾਮਿਆਂ' ਵਜੋ ਸਤਿਕਾਰਦਾ ਹੈ।

ਇਹ ਹੁਕਮਨਾਮੇ ਗਿਣਤੀ ਵਿਚ ਭਾਵੇ ਕੇਵਲ 65 ਹੀ ਹਨ ਲੇਕਿਨ ਇਨ੍ਹਾਂ ਵਿਚ ਪ੍ਰਸਤੁਤ ਕੀਤੀ ਗਈ ਮਹਾਂਸਾਗਰ ਵਰਗੀ ਵਿਸ਼ਾਲ ਜੀਵਨ-ਦ੍ਰਿਸਟੀ, ਵਿਸ਼ੇਸ਼ ਰੂਪ ਵਿਚ ਵਿਚਾਰਨੀ ਬਣਦੀ ਹੈ। ਇਨ੍ਹਾਂ ਹੁਕਮਨਾਮਿਆ ਦੀ ਵਿਸ਼ੇਸ਼ਤਾ ਇਹ ਹੈ ਕਿ ਲਗਭਗ ਹਰ ਹੁਕਮਨਾਮੇ ਵਿਚ ਸਿੱਖ-ਸੰਗਤਾਂ ਨੂੰ ਬਾਣੀ ਪੜ੍ਹਨ, ਸਿਮਰਨ ਕਰਨ, ਤਨ ਦੀ ਸਵੱਛਤਾ ਅਤੇ ਮਨ ਦੀ ਨਿਰਮਲਤਾ ਰੱਖਣ ਉਤੇ ਵਧੇਰੇ ਬਲ ਦਿੱਤਾ ਗਿਆ ਹੈ।

ਨਾਮਧਾਰੀ ਦਰਬਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦਾ ਇਕੋ ਜਿਹਾ ਸਤਿਕਾਰ ਕਰਨ ਦੀ ਪਰੰਪਰਾ ਨਿਰੰਤਰ ਜਾਰੀ ਹੈ। ਬਾਬਾ ਰਾਮ ਸਿੰਘ ਜੀ ਦੇ ਸਮੇ ਤੋ ਹੀ ਜਪੁ, ਜਾਪੁ, ਰਹਿਰਾਸ ਅਤੇ ਆਸਾ ਦੀ ਵਾਰ ਉਤੇ ਵਿਸ਼ੇਸ਼ ਬੱਲ ਦਿੱਤਾ ਜਾਂਦਾ ਰਿਹਾ ਹੈ। ਦਸਮ ਗ੍ਰੰਥ ਦੀ ਇਕ ਹੋਰ ਬਾਣੀ 'ਚੰਡੀ ਦੀ ਵਾਰ' ਦਾ ਜਾਪ ਵੀ ਵਿਸ਼ੇਸ਼ ਰੂਪ ਵਿਚ ਨਿਤਨੇਮ ਦੀਆਂ ਬਾਣੀਆਂ ਵਿਚ ਸ਼ਾਮਿਲ ਹੈ। ਇਸ ਦਾ ਸਪਸ਼ਟ ਕਾਰਣ ਲਗਦਾ ਹੈ ਇਸ ਰਚਨਾ ਵਿਚਲੀ ਉਹ ਜੁਝਾਰੂ ਸੁਰ, ਜੋ ਮਨੁੱਖ ਨੂੰ ਸਵੈਮਾਨ ਨਾਲ ਜੀਵਨ ਜਿਉਣ ਦੀ ਪ੍ਰੇਰਨਾ ਕਰਦੀ ਹੈ।

ਰੰਗੂਨ ਦੀ ਜੇਲ ਚੋ ਬਾਬਾ ਰਾਮ ਸਿੰਘ ਜੀ ਨੇ ਜੋ ਹੁਕਮਨਾਮੇ ਲਿਖੇ ਉਨ੍ਹਾਂ ਵਿਚ ਸਿੱਖਾਂ ਨੂੰ ਨਾਮ-ਸਿਮਰਨ ਕਰਨ, ਬਾਣੀ ਪੜਨ, ਪਾਠ ਕਰਨ ਅਤੇ ਭੋਗ ਪੁਆਉਣ ਅਤੇ ਜਪੁ, ਜਾਪੁ, ਰਹਿਰਾਸ, ਸੁਖਮਨੀ, ਆਸਾ ਦੀ ਵਾਰ, ਆਰਤੀ, ਸੋਹਿਲਾ ਆਦਿ ਬਾਣੀਆਂ ਨੂੰ ਰੋਜ਼ਾਨਾ ਪੜ੍ਹਨ ਦੀ ਵਾਰ ਵਾਰ ਤਾਕੀਦ ਕੀਤੀ ਗਈ ਹੈ। ਇਹ ਹੁਕਮਨਾਮੇ, ਸੁਆਸ ਸੁਆਸ, ਨਾਮ-ਸਿਮਰਨ, ਪਹਿਰ ਰਾਤ ਉਠ ਕੇ ਸਕੇਸ਼ ਇਸ਼ਨਾਨ ਕਰਨ, ਬਾਣੀਆਂ ਪੜਨ, ਗੁਰ ਉਪਦੇਸ਼ਾਂ ਤੇ ਅਮਲ ਕਰਨ ਅਤੇ ਮਾੜੇ ਕੰਮਾਂ ਨੂੰ ਤਿਆਗਣ ਦੀ ਪ੍ਰੇਰਨਾ ਕਰਦੇ ਹਨ। ਇਹ ਭਾਵਨਾ ਲਗਪਗ ਹਰ

Sri Satguru Jagjit Singh Ji Elibrary NamdhariElibrary@gmail com

ਬਾਬਾ ਜੀ ਦੇ ਇਸ ਕਥਨ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਗੁਰਦੁਆਰੇ ਦੀ ਹੋਂਦ ਤੇ ਮਹੱਤਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਾਰਣ ਹੈ, ਇਨ੍ਹਾਂ ਦੀ ਅਣਹੋਂਦ ਵਿਚ ਗੁਰਦੁਆਰੇ ਦਾ ਕੋਈ ਮਹੱਤਵ ਨਹੀ। ਭਾਵ ਕਿ ਬਾਬਾ ਰਾਮ ਸਿੰਘ ਜੀ ਸ਼ਬਦ-ਗੁਰੂ ਦੇ ਉਪਾਸਕ ਸਨ, ਇਮਾਰਤ ਦੇ ਨਹੀ।

ਹੁਕਮਨਾਮਾ ਨੰ 6 ਵਿਚ ਵੀ ਬਾਬਾ ਜੀ ਦਾ ਇਕ ਕਥਨ ਡੂੰਘੀ ਸੋਚ ਵਿਚਾਰ ਦੀ ਮੰਗ ਕਰਦਾ ਹੈ। ਇਸ ਹੁਕਮਨਾਮੇ ਅਨੁਸਾਰ ਕਿ 'ਤੁਸੀ ਤਾਂ ਭਾਈ ਸਿਖਾਂ ਵਾਲੀ ਕੀਤੀ ਮੇਰੇ ਵਿਚ ਤਾਂ ਗੁਰੂ ਲਛਨ ਬਾਲ ਜਿਨਾ ਬੀ ਨਹੀ ਹੈ'[38]

ਨਾਮਧਾਰੀ ਦਰਬਾਰ ਦੀ ਇਕ ਹੋਰ ਰਚਨਾ 'ਸਿਖ ਇਤਿਹਾਸ ਦੇ ਚੋਣਵੇ ਸਵਾਲ ਜਵਾਬ' ਵੀ ਇਸ ਸੰਦਰਭ ਵਿਚ ਵਿਚਾਰਨਯੋਗ ਹੈ। ਇਹ ਪੁਸਤਕ ਬਾਬਾ ਰਾਮ ਸਿੰਘ ਜੀ ਦੇ ਜੀਵਨ ਬਾਰੇ ਰੋਸ਼ਨੀ ਪਾਉਂਦਿਆਂ ਦੱਸਦੀ ਹੈ ਕਿ ਉਨ੍ਹਾਂ ਦੇ ਸਮੇ ਉਹ ਆਪ ਤੇ ਉਨ੍ਹਾਂ ਦੇ ਸਾਥੀ 'ਅੱਧੀ ਰਾਤ ਦੇ ਟੁੱਟਦੇ ਹੀ ਸੇਜ ਤਿਆਗ ਦਿੰਦੇ ਅਤੇ ਇਸਨਾਨ ਕਰ ਸਿਮਰਨ ਵਿਚ ਜੁੱਟ ਜਾਂਦੇ। ਦਿਨ ਚੜੇ ਕਾਰ-ਵਿਹਾਰ ਕਰਦੇ ਉਪਰੰਤ ਲੋੜੇ ਵੇਲੇ ਫੇਰ ਭਜਨ ਵਿਚ ਜੁੜ ਜਾਂਦੇ।'[39]

ਬਾਬਾ ਰਾਮ ਸਿੰਘ ਜੀ ਦੇ ਯੁੱਗ ਵਿਚ ਦੇਸ਼ ਉਤੇ ਅੰਗਰੇਜ਼ਾਂ ਦਾ ਰਾਜ ਸੀ ਜੋ ਬਾਬਾ ਜੀ ਵੱਲੋ ਕੀਤੇ ਜਾ ਰਹੇ ਸਿਖੀ ਧਰਮ ਪ੍ਰਚਾਰ ਨੂੰ ਆਪਣੀ ਹਕੂਮਤ ਲਈ ਖਤਰਾ ਸਮਝਦੇ ਸਨ ਜਿਸ ਕਰਕੇ ਉਨ੍ਹਾਂ ਨੇ ਬਾਬਾ ਜੀ ਨੂੰ ਗੁਰਦੁਆਰਾ ਭੈਣੀ ਸਾਹਿਬ ਵਿਚ ਹੀ ਨਜ਼ਰਬੰਦ ਕਰ ਦਿੱਤਾ। ਪਰ ਬਾਬਾ ਜੀ ਨੇ ਸਿੱਖੀ ਦੇ ਮੂਲ ਉਦੇਸ਼ਾਂ ਦੇ ਪ੍ਰਚਾਰ ਲਈ ਆਰੰਭ ਕੀਤੀ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਣ ਹਿੱਤ ਪੰਜਾਬ ਵਿਚ ਪੰਜ ਸੂਬੇ ਨਿਯੁਕਤ ਕਰ ਦਿੱਤੇ ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਸਨ। 1.ਬਾਬਾ ਸਾਹਿਬ ਸਿੰਘ 2.ਬਾਬਾ ਜਵਾਹਰ ਸਿੰਘ 3.ਬਾਬਾ ਲੱਖਾ ਸਿੰਘ 4.ਬਾਬਾ ਕਾਹਨ ਸਿੰਘ ਅਤੇ 5.ਬਾਬਾ ਸਧ ਸਿੰਘ। ਪਰ ਇਨ੍ਹਾ ਸੂਬਿਆ ਦੀਆਂ ਧਰਮ ਪ੍ਰਚਾਰ ਦੀਆਂ ਸਰਗਰਮੀਆ ਤੋ ਅੰਗਰੇਜ਼ ਸਰਕਾਰ ਨੇ ਭੈਅ ਮੰਨ ਕੇ ਇਨ੍ਹਾਂ ਉਤੇ ਵੀ ਪਾਬੰਦੀ ਲਗਾ ਦਿੱਤੀ ਜਿਸ ਦੇ ਫਲਸਰੂਪ ਬਾਬਾ ਜੀ ਨੇ 17 ਹੋਰ ਸੂਬੇ ਸਥਾਪਤ ਕਰ ਦਿੱਤੇ। ਇਹ ਸੂਬੇ ਇਸ ਪ੍ਰਕਾਰ ਸਨ: 1.ਬਾਬਾ ਗੁਰਮੁਖ ਸਿੰਘ 2.ਬਾਬਾ ਰੂੜ ਸਿੰਘ 3.ਬਾਬਾ ਜਮੀਤ ਸਿੰਘ ਗਿਲ 4.ਬਾਬਾ ਗਿਆਨੀ ਰਤਨ ਸਿੰਘ 5.ਬਾਬਾ ਬ੍ਰਹਮਾ ਸਿੰਘ 6.ਬਾਬਾ ਮਾਨ ਸਿੰਘ 7.ਬਾਬਾ ਭਗਵਾਨ ਸਿੰਘ 8.ਬਾਬਾ ਰਾਜਾ ਸਿੰਘ 9.ਬਾਬਾ ਹੁਕਮਾ ਸਿੰਘ 10.ਬਾਬਾ ਮਲੂਕ ਸਿੰਘ 11.ਬਾਬਾ ਜੋਤੀ ਸਿੰਘ 12.ਬਾਬਾ ਖ਼ਜ਼ਾਨ ਸਿੰਘ 13.ਬਾਬਾ ਨਰੈਣ ਸਿੰਘ 14.ਬਾਬਾ ਸਮੁੰਦ ਸਿੰਘ 15.ਬਾਬਾ ਪਹਾੜਾ ਸਿੰਘ 16.ਬਾਬਾ ਖੁਸਹਾਲ ਸਿੰਘ ਅਤੇ 17.ਬਾਬਾ ਗੁਪਾਲ ਸਿੰਘ।[40] ਇਨ੍ਹਾਂ ਸੂਬਿਆ ਨੇ ਜਨ-ਸਾਧਾਰਨ ਵਿਚ ਨਾਮ-ਸਿਮਰਨ ਦੀ ਲਹਿਰ ਨੂੰ ਘਰ ਘਰ ਪਹੁੰਚਾਉਣ ਦੇ ਨਾਲ ਨਾਲ ਵਿਦੇਸੀ ਹਕੂਮਤ ਦੀਆਂ ਗੁਲਾਮੀ ਭਰੀਆਂ ਜੰਜੀਰਾਂ ਨੂੰ ਤੋੜਨ ਲਈ ਵੀ ਲੋਕਾਂ ਨੂੰ ਲਾਮਬੰਦ ਹੋਣ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਸੂਬਿਆਂ

Sri Satguru Jagjit Singh Ji Elibrary NamdhariElibrary@gmail.com

ਨੇ ਦੂਵੱਲਾ ਕਾਰਜ ਕੀਤਾ ਇਕ ਤਾਂ ਨਾਮ-ਸਿਮਰਨ ਦੀ ਜੁਗਤਿ ਨਾਲ ਜਨ-ਸਾਧਾਰਨ ਨੂੰ ਪਦਾਰਥਕ ਸੁੱਖਾਂ ਦੀ ਗੁਲਾਮੀ ਤੋ ਛੁਟਕਾਰਾ ਪਾਉਣ ਦੀ ਜਾਚ ਦੱਸ ਕੇ ਪ੍ਰਭੂ-ਜੋਤਿ ਨਾਲ ਜੁੜਨ ਦੀ ਪ੍ਰੇਰਨਾ ਕੀਤੀ ਦੂਜਾ ਲੋਕਾਂ ਨੂੰ ਵਿਦੇਸੀ ਹਾਕਮਾਂ ਦੀ ਗੁਲਾਮੀ ਤੋ ਆਜ਼ਾਦ ਹੋਣ ਲਈ ਜਥੇਬੰਦ ਹੋਣ ਦੀ ਜੁਗਤਿ ਦੱਸੀ। ਇਸ ਤਰ੍ਹਾ ਇਨ੍ਹਾਂ ਸੂਬਿਆਂ ਨੇ ਧਾਰਮਿਕ ਤੇ ਰਾਜਨੀਤਕ ਦੋਹਾਂ ਖੇਤਰਾਂ ਵਿਚ ਨਿੱਗਰ ਯੋਗਦਾਨ ਪਾਇਆ। ਬਾਬਾ. ਰਾਮ ਸਿੰਘ ਜੀ ਤੋ ਬਾਅਦ ਬਾਬਾ ਪ੍ਰਤਾਪ ਸਿੰਘ ਜੀ ਦਾ ਨਿਤ ਕਰਮ ਇਸ ਪ੍ਰਕਾਰ ਹੁੰਦਾ ਸੀ:

"ਨਿਤਾ ਪ੍ਰਤੀ ਪ੍ਰੋਗਰਾਮ: ਸਵੇਰੇ 2 ਵਜੇ ਉਠ ਕੇ ਇਸ਼ਨਾਨ ਕਰਕੇ ਆਸਾ ਦੀ ਵਾਰ ਵਿਚ ਨਾਮਧਾਰੀ ਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕਰਕੇ ਪਿਛੇ ਬੈਠ ਜਾਣਾ। ਭੋਗ ਉਪਰੰਤ ਗੁਰੂ ਪਿਤਾ ਨਾਲ ਡੇਰੇ ਦੇ ਪ੍ਰਬੰਧ ਵੱਲ ਝਾਤੀ ਮਾਰਨੀ। ਸ਼ਾਮ ਨੂੰ ਹਾਣੀਆਂ ਨਾਲ ਨਿਕਲ ਤੁਰਨਾ। ਦਿਨ ਚੜ੍ਹਦੇ ਦੀਵਾਨ ਹੁੰਦਾ। ਆਪ ਜੀ ਨੇ ਜੋਟੀਆਂ ਦੇ ਸ਼ਬਦ ਪੜਨੇ। ਜਦੋ ਆਪ ਜੀ ਨਾਮਧਾਰੀ ਗੁਰੂ ਹਰੀ ਸਿੰਘ ਜੀ ਨਾਲ ਦੌਰਿਆਂ ਤੇ ਜਾਂਦੇ ਤਾਂ ਆਪ ਸ੍ਰੀ ਨਾਮਧਾਰੀ ਜੀ ਦੇ ਕੋਲ ਬੈਠ ਕੇ ਲੋਕਾ ਦੀਆਂ ਫਰਿਆਦਾਂ ਸੁਣਦੇ, ਉਨ੍ਹਾਂ ਦੀਆਂ ਖੁਸੀਆਂ ਅਤੇ ਬਖ਼ਸ਼ਬੰਦੀ ਲਈ ਨਾਮਧਾਰੀ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰਦੇ।"[41]

ਨਾਮਧਾਰੀ ਸੰਪ੍ਰਦਾਇ ਦੇ ਮੋਜੂਦਾ ਮੁੱਖੀ ਬਾਬਾ ਜਗਜੀਤ ਸਿੰਘ ਜੀ ਦਾ ਵੀ ਏਹੋ ਹੁਕਮ ਹੈ ਕਿ 'ਹਰ ਰੋਜ਼ ਘੱਟੋ ਘੱਟ ਚਾਰ ਘੰਟੇ 'ਸਿਮਰਨ', ਕੰਮ ਕਾਰ ਕਰਦੇ ਕੀਤਾ ਜਾਵੇ। ਇਸ ਤੋ ਇਲਾਵਾ ਇਕ ਘੰਟਾ ਨਾਮ-ਸਿਮਰਨ ਕੀਤਾ ਜਾਵੇ। ਹਰ ਨਾਮਧਾਰੀ ਘਰ, ਮਹੀਨੇ ਪ੍ਰਤੀ ਇਕ ਸਾਧਾਰਨ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਦਸਮ ਗ੍ਰੰਥ ਦਾ ਕਰੇ।'[42]

ਉਪਰੋਕਤ ਸਾਰੇ ਤੱਥ ਇਸ ਨੁਕਤੇ ਨੂੰ ਭਲੀਭਾਂਤ ਸਪਸ਼ਟ ਰੂਪ ਵਿਚ ਉਭਾਰਦੇ ਹਨ ਕਿ 'ਨਾਮ-ਸਿਮਰਨ' ਨਾਮਧਾਰੀ ਸੰਪ੍ਰਦਾਇ ਦਾ ਜੀਵਨ-ਆਧਾਰ ਹੈ। ਇਸ ਸੰਪ੍ਰਦਾਇ ਦਾ ਨਾਮ 'ਨਾਮਧਾਰੀ' ਵੀ ਏਸੇ ਧਾਰਨਾ ਦੀ ਪੁਸ਼ਟੀ ਕਰਦਾ ਹੈ। ਇਸ ਸੰਪ੍ਰਦਾਇ ਨੇ 'ਨਾਮ-ਸਿਮਰਨ' ਦੇ ਇਸ ਸਿਧਾਂਤ ਨੂੰ ਉਸ ਸਮੇ ਬੜੀ ਦਲੇਰੀ ਨਾਲ ਸੁਰਜੀਤ ਕੀਤਾ ਜਦੋ ਸਿੱਖਾਂ ਦਾ ਆਚਰਨ ਵਿਭਚਾਰ ਦਾ ਸਰੂਪ ਧਾਰ ਚੁੱਕਾ ਸੀ। ਗੁਰਮਤਿ ਦੀ ਥਾਂ ਮਨਮਤ ਨੇ ਲੈ ਲਈ ਸੀ। ਸਿਖੀ ਧਰਮ ਪ੍ਰਚਾਰ ਦੀ ਥਾ ਬਿਪਰਨ ਕੀ ਰੀਤ ਦਾ ਬੋਲਬਾਲਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਵਾਲੇ ਅਸਥਾਨ, ਸੰਗਤਾਂ ਤੋ ਸੱਖਣੇ ਸਨ। ਵੇਸਵਾ ਦੇ ਡੇਰਿਆ ਦੀਆਂ ਮਹਿਫਲਾਂ ਗਰਮ ਹੁੰਦੀਆਂ ਸਨ। ਸਿੱਖਾਂ ਦੀ ਰਹਿਣੀ ਬਹਿਣੀ, ਖਾਣ ਪੀਣ ਸਭ ਕੁਝ ਗੁਰਮਤਿ ਦੇ ਉਲਟ ਹੋ ਰਿਹਾ ਸੀ। ਇਸ ਬਿਖੜੇ ਸਮੇ ਬਾਬਾ ਰਾਮ ਸਿੰਘ ਜੀ ਨੇ ਬੜੀ ਸੂਝ-ਬੂਝ ਨਾਲ ਜਨ-ਸਾਧਾਰਨ ਸਿੱਖਾਂ ਨੂੰ ਪ੍ਰੇਰਕੇ ਗੁਰਸਿਖੀ-ਮੰਡਲ ਦੇ ਉਚੇ ਸੁਚੇ ਆਦਰਸ਼ਾਂ ਤੇ ਮਰਿਆਦਾ ਵੱਲ ਰੁਖ ਕਰਨ ਦੀ ਪ੍ਰੇਰਨਾ ਕੀਤੀ। ਨਤੀਜੇ ਵਜੋ

ਵੱਡੀ ਗਿਣਤੀ ਵਿਚ ਮੁੜ ਸਿੱਖੀ ਦੇ ਵਿਹੜੇ ਵੱਲ ਮੁੜਕੇ, ਮੰਦੇ ਕੰਮਾਂ ਨੂੰ ਤਿਆਗਕੇ ਚੰਗੇ ਕੰਮਾਂ ਦਾ ਲੜ ਫੜਨ ਲੱਗ ਪਏ।

ਨਾਮਧਾਰੀਆਂ ਨੇ ਸਿੱਖੀ ਸਿਧਾਂਤ ਨਾਮ ਜਪਣ ਤੇ ਕਿਰਤ ਕਰਨ ਨੂੰ ਅਮਲੀ ਰੂਪ ਦਿੱਤਾ। ਨਾਮ-ਸਿਮਰਨ ਦੇ ਮਾਧਿਅਮ ਨਾਲ ਉਨ੍ਹਾਂ ਨੇ ਇਹ ਗੱਲ ਲੋਕ-ਮਾਨਸ ਦੀ ਚੇਤਨਾ ਵਿਚ ਦ੍ਰਿੜ੍ਹ ਕਰਾ ਦਿੱਤੀ ਕਿ ਪ੍ਰਭੂ ਚਰਨਾਂ ਨਾਲ ਲਿਵ ਜੋੜ ਲੈਣ ਵਾਲਾ ਮਾਨਵ ਹੀ, ਆਪਣਾ ਲੋਕ ਸੁਖੀ ਤੇ ਪਰਲੋਕ ਸੁਹੇਲਾ ਬਣਾ ਸਕਦਾ ਹੈ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ ਮਾਨਵ-ਸਮਾਜ ਦਾ ਗੂੜ੍ਹ ਵਿਕਾਸ ਕਾਰਜ ਦੀਆਂ ਬੁਲੰਦੀਆਂ ਤੇ ਪਹੁੰਚਾ ਸਕਦਾ ਹੈ।

## ਟਿੱਪਣੀਆਂ ਅਤੇ ਹਵਾਲੇ


1-5. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 274, 714, 62, 386, 305.

6. *ਜ਼ਿੰਦਗੀਨਾਮ,* 13.

7 ***Encyclopaedia of Religion and Ethics***, Vol. P. 136.

8. *ਜਾਸੁਨਾ* 45.5

9. ***Old Testament , 2.32***

10. ***Old Testament, 10:12***

11. *ਕੁਰਾਨ ਸ਼ਰੀਫ,* ਨ.136.

12-29 *ਸ੍ਰੀ ਗੁਰੂ ਗ੍ਰੰਥ,* ਪੰਨੇ 653, 1215, 1375, 451, 682, 995, 1008, 669-70, 340, 690, , 289, 223, 747, 250, 288, 1112, 337.

30. *ਦਸਮ ਗ੍ਰੰਥ,* ਬਚਿਤ੍ਰ ਨਾਟਕ ਅ.6.58.1.

31-33. *ਸ੍ਰੀ ਗੁਰੂ ਗ੍ਰੰਥ,* ਪੰਨੇ 70, 40, 660.

34-38. *ਸ੍ਰੀ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ,* ਜਸਵਿੰਦਰ ਸਿੰਘ (ਸੰਪਾ.), ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1998, ਪੰਨੇ 113-14, 181-82, 378-79, 351, 143.

39-42. *ਸਿੱਖ ਇਤਿਹਾਸ ਦੇ ਰੌਣਵੇ ਸਵਾਲ ਜਵਾਬ,* ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ, ਸ੍ਰੀ ਭੈਣੀ ਸਾਹਿਬ, 1991, ਪੰਨੇ 64, 69-70, 110, 145.


Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਲਹਿਰ ਅਤੇ ਅਹਿੰਸਾਵਾਦੀ ਵਿਚਾਰਧਾਰਾ

ਡਾ. ਹਰਮਿੰਦਰ ਸਿੰਘ ਬੇਦੀ

ਭਾਰਤੀ ਸਭਿਆਚਾਰ ਅਹਿੰਸਾ ਨੂੰ ਪਰਮ ਧਰਮ ਮੰਨਦਾ ਹੈ। ਜੈਨ ਧਰਮ ਦੀ ਉਤਪਤੀ ਅਤੇ ਵਿਕਾਸ ਵਿਚ ਅਹਿੰਸਾ ਦੀ ਅਹਿਮ ਭੂਮਿਕਾ ਰਹੀ ਹੈ। ਭਾਰਤੀ ਇਤਿਹਾਸ ਵਿਚ ਮਹਾਰਾਜਾ ਅਸ਼ੋਕ ਦਾ ਪਤਨ ਹਿੰਸਾ ਨਾਲ ਜੁੜਿਆ ਹੋਇਆ ਸੀ ਅਤੇ ਉੱਥਾਨ ਅਹਿੰਸਾ ਨਾਲ। ਮਹਾਤਮਾ ਬੁੱਧ ਦੀ 'ਕਰੁਣਾ' ਦੇ ਮੁੱਢਲੇ ਸੰਕਲਪ ਅਹਿੰਸਾ ਮੂਲਕ ਹੀ ਹਨ। ਭਾਰਤੀ ਸੰਵੇਦਨਾ ਤਾਂ ਜੜ੍ਹ ਅਤੇ ਚੇਤਨ ਵਿਚ ਵੀ ਅਹਿੰਸਾ ਦੀ ਕ੍ਰਿਆਸ਼ੀਲਤਾ ਨੂੰ ਸਵੀਕਾਰ ਕਰਦੀ ਹੈ। 'ਓਮ ਸ਼ਾਂਤੀ' ਦਾ ਮੂਲ ਮੰਤਰ ਪੱਥਰਾਂ ਲਈ ਵੀ ਸ਼ਾਂਤੀ ਦੀ ਮੰਗ ਕਰਦਾ ਹੈ। ਅਹਿੰਸਾ ਬਹਾਦਰ ਕੌਮਾਂ ਦੀ ਸ਼ਕਤੀ ਹੁੰਦੀ ਹੈ। ਕਮਜ਼ੋਰ ਅਤੇ ਡਰਪੋਕ ਵਿਅਕਤੀ ਅਹਿੰਸਾ ਦੇ ਮਾਰਗ 'ਤੇ ਚਲਦਿਆਂ ਡਗਮਗਾਉਂਦਾ ਹੈ।

ਸਿੱਖ ਧਰਮ ਵਿਚ ਸ਼ਹੀਦੀ ਦਾ ਵਰਤਾਰਾ ਅਹਿੰਸਾ ਦੀ ਸ਼ਕਤੀ ਨੂੰ ਵਡਿਆਉਣ ਵਾਲਾ ਹੈ। ਧਰਮ ਦੀ ਖ਼ਾਤਰ ਤਸੀਹੇ ਸਹਿਣੇ, ਆਰਿਆਂ ਨਾਲ ਚੀਰਿਆ ਜਾਣਾ, ਬੰਦ-ਬੰਦ ਕਟਵਾ ਲੈਣਾ ਅਤੇ ਮਨੁੱਖੀ ਆਜ਼ਾਦੀ ਲਈ ਆਪਾ ਵਾਰ ਦੇਣਾ ਅਹਿੰਸਾ ਵਰਗੀ ਆਤਮ-ਸ਼ਕਤੀ ਦਾ ਹੀ ਪਰਿਣਾਮ ਹੈ। ਭਗਤੀ ਅਤੇ ਸ਼ਕਤੀ ਦੇ ਸੁਮੇਲ ਰਾਹੀਂ ਅਹਿੰਸਾ ਦੈਵੀ ਰੂਪ ਵਿਚ ਸ਼ਕਤੀਸ਼ਾਲੀ ਬਣਦੀ ਹੈ। ਜ਼ੁਲਮ ਅਤੇ ਅੱਤਿਆਚਾਰ, ਪਾਪ ਤੇ ਵਧੀਕੀਆਂ ਅਹਿੰਸਾ ਵਰਗੀਆਂ ਬਲਸ਼ਾਲੀ ਸ਼ਕਤੀਆਂ ਦੇ ਅੱਗੇ ਨਤਮਸਤਕ ਹੋ ਜਾਂਦੀਆਂ ਹਨ। ਅਜਿਹੇ ਸੰਕਲਪਾਂ ਦਾ ਵਿਵਹਾਰਕ ਪੱਖ ਨਾਮਧਾਰੀ ਲਹਿਰ ਦੀ ਕਾਰਜਸ਼ੈਲੀ ਵਿਚੋਂ ਪ੍ਰਤੱਖ ਨਜ਼ਰ ਆਉਂਦਾ ਹੈ। ਆਜ਼ਾਦੀ ਸੰਗਰਾਮ ਦੇ ਮੁੱਢਲੇ ਪੜਾਅ ਨਾਮਧਾਰੀ ਲਹਿਰ ਦੇ ਸਮਾਜਿਕ-ਇਤਿਹਾਸ ਦੇ ਅਧਿਐਨ ਤੋਂ ਵਧੇਰੇ ਪਾਰਦਰਸ਼ੀ ਬਣ ਸਕਦੇ ਹਨ। ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਆਪਣੇ ਜੀਵਨ-ਫਲਸਫ਼ੇ ਰਾਹੀਂ ਅਹਿੰਸਾ ਦੀ ਸ਼ਕਤੀ ਨੂੰ ਆਜ਼ਾਦੀ ਪ੍ਰਾਪਤੀ ਦੀ ਬੁਨਿਆਦੀ ਇਕਾਈ ਵਜੋਂ ਉਭਾਰ ਦਿੱਤਾ ਸੀ। ਸਵਦੇਸ਼ੀ ਦੀ ਭਾਵਨਾ ਨੂੰ ਨਾਮਧਾਰੀ ਲਹਿਰ ਨੇ ਸਿਰਫ਼ ਵਜੂਦ ਹੀ ਨਹੀਂ ਬਖ਼ਸ਼ਿਆ ਬਲਕਿ ਇਸ ਦੀ ਆਤਮਿਕ ਸ਼ਕਤੀ ਨੂੰ ਵੀ ਲੋਕਾਈ ਤਕ ਪਹੁੰਚਾਇਆ। ਬਾਲ ਗੰਗਾਧਰ ਤਿਲਕ ਨੇ ਸੁਤੰਤਰਤਾ ਲਹਿਰ ਦੀ ਗਤੀ ਦਾ ਇਕ ਪੜਾਅ ਸਵਦੇਸ਼ੀ ਵਸਤਾਂ ਦੇ ਪ੍ਰਤੀ ਉਸ ਅਨੁਰਾਗ ਨੂੰ ਵੀ ਮੰਨਿਆ ਸੀ, ਜਿਸ ਨਾਲ ਜਨਤਾ ਜਨਾਰਧਨ

Sri Satguru Jagjit Singh Ji Elibrary NamdhariElibrary@gmail.com

ਦੀ ਰੂਹ ਧੁਰ ਅੰਦਰੋਂ ਜੁੜੀ ਹੋਈ ਸੀ। ਅਫ਼ਰੀਕਾ ਤੋਂ ਵਾਪਸ ਆ ਕੇ ਮਹਾਤਮਾ ਗਾਂਧੀ ਨੇ ਜਦੋਂ ਭਾਰਤੀ ਪਿੰਡਾਂ ਦੇ ਲਗਾਤਾਰ ਦੌਰੇ ਕੀਤੇ ਤਾਂ ਉਨ੍ਹਾਂ ਨੂੰ ਪੰਜਾਬ ਦੇ ਖਿੱਤੇ ਵਿਚ ਨਾਮਧਾਰੀਆਂ ਵੱਲੋਂ ਕੀਤੇ ਗਏ ਉਨ੍ਹਾਂ ਕਾਰਨਾਮਿਆਂ ਨੇ ਟੁੰਬਿਆ, ਜਿਨ੍ਹਾਂ ਦੇ ਸਦਕੇ ਰਾਸ਼ਟਰੀ ਅੰਦੋਲਨ ਆਪਣੇ ਮਿਥੇ ਟੀਚਿਆਂ ਵੱਲ ਤੇਜ਼ੀ ਨਾਲ ਵਧ ਸਕਦਾ ਸੀ। ਮਹਾਤਮਾ ਗਾਂਧੀ ਨੇ 'ਹਰਿਜਨ' ਪੱਤ੍ਰਿਕਾ ਵਿਚ ਦੇਸ਼ ਦੀ ਆਜ਼ਾਦੀ ਲਈ ਨੌਜੁਆਨਾਂ ਨੂੰ ਵੰਗਾਰਦਿਆਂ ਹੋਇਆ ਨਾਮਧਾਰੀ ਸੂਰਮਿਆਂ ਦੇ ਆਤਮ-ਬਲ ਨੂੰ ਪ੍ਰੇਰਣਾ ਦਾ ਸੋਮਾ ਮੰਨ ਕੇ ਜੂਝਣ ਲਈ ਪ੍ਰੇਰਿਆ। ਗਾਂਧੀ ਜੀ ਨੇ ਭਾਵੇਂ ਇਸ ਲਹਿਰ ਦਾ ਖੁੱਲ੍ਹੇ ਸ਼ਬਦਾਂ ਵਿਚ ਵਰਣਨ ਨਾ ਵੀ ਕੀਤਾ ਹੋਵੇ ਪਰ ਗਾਂਧੀ-ਦਰਸ਼ਨ ਦਾ ਮੁੜ ਮੁਲਾਂਕਣ ਨਾਮਧਾਰੀਆਂ ਦੀ ਜੀਵਨ-ਦ੍ਰਿਸ਼ਟੀ ਤੋਂ ਉਚੇਚੇ ਢੰਗ ਨਾਲ ਕੀਤਾ ਜਾ ਸਕਦਾ ਹੈ।

ਗਾਂਧੀ-ਦਰਸ਼ਨ ਦੇ ਅਧਿਐਨ ਸ਼ਾਸਤਰੀਆਂ ਨੇ, ਖ਼ਾਸ ਕਰਕੇ ਬਾਬਾ ਸਾਹਿਬ ਕਲੇਲਕਰ ਨੇ ਇਹ ਪ੍ਰਸ਼ਨ ਬਾਰ-ਬਾਰ ਭਾਰਤੀ ਇਤਿਹਾਸਕਾਰਾਂ ਦੇ ਸਾਹਮਣੇ ਰੱਖਿਆ ਕਿ ਮਹਾਤਮਾ ਗਾਂਧੀ ਆਪਣਾ ਪ੍ਰੇਰਣਾ ਸਰੋਤ ਤਾਂ 'ਸ਼੍ਰੀਮਦ ਭਾਗਵਦ ਗੀਤਾ' ਨੂੰ ਮੰਨਦੇ ਸਨ, ਉਸਦੇ ਨਾਲ ਹੀ ਸੁਤੰਤਰਤਾ ਸੰਗ੍ਰਾਮ ਨੂੰ ਵਿਵਹਾਰਕ ਬਣਾਉਣ ਲਈ ਪੰਜਾਬ ਦੀਆਂ ਸਮਾਜਿਕ ਲਹਿਰਾਂ ਤੋਂ ਬੇਹੱਦ ਸ਼ਕਤੀ ਅਰਜਿਤ ਕਰਦੇ ਸਨ। ਇਨ੍ਹਾਂ ਸਮਾਜਿਕ ਲਹਿਰਾਂ ਵਿਚ ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ ਅਤੇ ਕੂਕਿਆਂ ਦੀ ਉਹ ਲਹਿਰ ਸ਼ਾਮਿਲ ਸੀ, ਜਿਸਨੇ ਵਿਅਕਤੀ ਦੀ ਇਕਾਈ ਨੂੰ ਸੰਸਥਾ ਬਣਾਉਣ ਦਾ ਯਤਨ ਕੀਤਾ। ਗਾਂਧੀ ਜੀ ਅਹਿੰਸਾ ਨੂੰ ਹਥਿਆਰ ਸਮਝਦੇ ਸਨ। ਇਸਦੀ ਵਰਤੋਂ ਦਾ ਢੰਗ ਉਨ੍ਹਾਂ ਨੇ ਨਾਮਧਾਰੀ ਸਿਰਲੱਥ ਯੋਧਿਆਂ ਤੋਂ ਸਿੱਖਿਆ। ਨਾਮਧਾਰੀਆਂ ਨੇ ਬੇਲਾਗ ਹੋ ਕੇ ਨਾਮਧਾਰੀ ਸਤਿਗੁਰੂ ਬਾਬਾ ਰਾਮ ਸਿੰਘ ਜੀ ਤੋਂ ਇਹ ਸਬਕ ਸਿੱਖ ਲਿਆ ਸੀ ਕਿ ਵਿਅਕਤੀ ਦੀ ਜਾਗ੍ਰਿਤੀ ਸਮੂਹ ਵਿਚ ਪਰਿਵਰਤਨ ਲਿਆ ਸਕਦੀ ਹੈ। ਨੈਤਿਕਤਾ ਇਸ ਪਾਠ ਦੀ ਪਹਿਲੀ ਸ਼ਰਤ ਸੀ। ਗਊ-ਬੱਧ ਨੂੰ ਰੋਕਣ ਲਈ ਜਦੋਂ ਨਾਮਧਾਰੀਆਂ ਵੱਲੋਂ ਇਤਿਹਾਸਕ ਬੀੜਾ ਚੁੱਕਿਆ ਗਿਆ ਤਾਂ ਬਹੁਤ ਸਾਰੇ ਕਾਰਜ-ਕਰਤਾਵਾਂ ਨੇ ਖ਼ੁਦ ਹਾਜ਼ਿਰ ਹੋ ਕੇ ਤਨੋਂ-ਮਨੋਂ ਇਸਦੀ ਜ਼ਿੰਮੇਵਾਰੀ ਸਵੀਕਾਰ ਕੀਤੀ। ਵਿਰੋਧ ਅਤੇ ਵਿਦਰੋਹ ਦੀ ਨਾਮਧਾਰੀਆਂ ਵੱਲੋਂ ਇਹ ਨਵੀਂ ਨੈਤਿਕ-ਰਾਜਨੀਤਕ ਪਹਿਲ ਸੀ। ਗਾਂਧੀ ਜੀ ਵੀ ਆਜ਼ਾਦੀ ਦੀ ਲਹਿਰ ਵਿਚ ਅਜਿਹਾ ਹੀ ਸਭ ਕੁਝ ਚਾਹੁੰਦੇ ਸਨ। ਵਿਨੋਬਾ ਭਾਵੇ ਨੇ ਭੂ-ਦਾਨ ਅੰਦੋਲਨ ਦੀ ਯਾਤਰਾ ਕਰਦਿਆਂ ਹੋਇਆਂ ਇਹ ਵੀ ਮੰਨਿਆ ਸੀ ਕਿ ਅਹਿੰਸਾ ਦੇ ਪੁਜਾਰੀ ਸਿੱਖ ਧਰਮ ਦੇ ਸੱਚੇ ਪਹਿਰੇਦਾਰ ਕੂਕੇ ਹੀ ਸਨ, ਜਿਨ੍ਹਾਂ ਨੇ ਭਾਰਤੀ ਕਦਰਾਂ-ਕੀਮਤਾਂ ਦੇ ਅਨੁਸਾਰ ਸੁਤੰਤਰਤਾ ਦੇ ਹੱਕ ਨੂੰ ਕੇਵਲ ਪਹਿਚਾਨਿਆ ਹੀ ਨਹੀਂ ਬਲਕਿ ਸੱਚੀ ਕਿਰਤ ਕਮਾਈ ਨਾਲ ਵਿਜੈ ਪ੍ਰਾਪਤ ਕਰਨ

Sri Satguru Jagjit Singh Ji Elibrary NamdhariElibrary@gmail.com

ਦਾ ਬੁਲੰਦ ਹੌਂਸਲਾ ਵੀ ਦਿੱਤਾ। ਮੈਨੂੰ ਲਗਦਾ ਹੈ ਕਿ ਵਿਨੋਬਾ ਭਾਵੇ ਨਾਮਧਾਰੀਆਂ ਦੀ ਆਚਾਰ-ਸੰਹਿਤਾ ਨੂੰ ਹੀ ਵਡਿਆਉਣਾ ਚਾਹੁੰਦੇ ਸਨ।

ਮਲੇਰਕੋਟਲੇ ਦਾ ਸਾਕਾ ਤਾਂ ਦੁਨੀਆਂ ਦੇ ਇਤਿਹਾਸ ਵਿਚ ਵੱਖਰੀ ਮਿਸਾਲ ਪੇਸ਼ ਕਰਦਾ ਹੈ। ਤੋਪਾਂ ਦੇ ਨਾਲ ਬੰਦ-ਬੰਦ ਹੋ ਸ਼ਾਂਤੀ ਪੂਰਵਕ ਖਿੰਡ ਜਾਣਾ, ਅਦੁੱਤੀ ਇੱਛਾ-ਸ਼ਕਤੀ ਤੇ ਕਾਰਜ ਦੇ ਪ੍ਰਤੀ ਪ੍ਰਤੀਬੱਧਤਾ ਦਾ ਇਹ ਸੰਕਲਪ ਅਹਿਸਾਸ ਸ਼ਾਇਦ ਹੀ ਕਿਤੇ ਮਿਲਦਾ ਹੋਵੇ। ਅਹਿੰਸਾ ਜੀਵਨ-ਸ਼ੈਲੀ ਕਿਵੇਂ ਬਣ ਸਕਦੀ ਹੈ, ਇਸਦੀ ਇਤਿਹਾਸਕ ਮਿਸਾਲ ਅਹਿੰਸਾ ਦੇ ਪੁਜਾਰੀ ਨਾਮਧਾਰੀ ਲਹਿਰ ਦੇ ਇਨ੍ਹਾਂ ਕਾਰਨਾਮਿਆਂ ਤੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਅਹਿੰਸਾ ਕੇਵਲ ਚੁੱਪ-ਚਾਪ ਦੁੱਖ ਸਹਿਣ ਦੀ ਪ੍ਰਕਿਰਿਆ ਨਹੀਂ ਹੈ ਬਲਕਿ ਉਨ੍ਹਾਂ ਭਾਵਾਂ ਦਾ ਉੱਦਾਤੀਕਰਨ ਵੀ ਹੁੰਦੀ ਹੈ, ਜਿਨ੍ਹਾਂ ਰਾਹੀਂ ਕਿਸੇ ਮਹਾਂ ਸੰਕਲਪ ਨੂੰ ਸਾਖਸ਼ਾਤ ਕੀਤਾ ਜਾਵੇ। ਅਹਿੰਸਾ ਆਤਮਕ-ਅਨੁਸ਼ਾਸਨ ਹੈ। ਇਸ ਆਤਮਕ-ਅਨੁਸ਼ਾਸਨ ਰਾਹੀਂ ਹੀ ਨਾਮਧਾਰੀਆਂ ਨੇ ਸ੍ਵੈ-ਅਨੁਸ਼ਾਸਨ ਦਾ ਪੰਧ ਅਪਨਾਇਆ। ਮੈਨੂੰ ਇਹ ਜਾਪਦਾ ਹੈ ਕਿ ਕੋਮਲ ਕਲਾਵਾਂ ਦੇ ਪ੍ਰਤੀ ਉਹ ਵਿਅਕਤੀ ਸਮਰਪਿਤ ਹੋ ਸਕਦਾ ਹੈ, ਜਿਸਦੇ ਅੰਦਰ ਸੇਵਾ, ਤਿਆਗ, ਸੱਚ, ਅਹਿੰਸਾ, ਭਾਈਚਾਰਾ, ਈਸ਼ਵਰ ਭਗਤੀ ਵਰਗੇ ਦੈਵੀ ਗੁਣ ਹੋਣ। ਇਹੀ ਕਾਰਨ ਹੈ ਕਿ ਅੱਜ ਇਸ ਲਹਿਰ ਨਾਲ ਜੁੜੀਆਂ ਹੋਈਆਂ ਸ਼ਖ਼ਸੀਅਤਾਂ ਸ਼ਾਸਤਰੀ ਸੰਗੀਤ, ਖੇਡਾਂ ਅਤੇ ਹੋਰ ਕਲਾਵਾਂ ਵਿਚ ਆਪਣਾ ਵਿਸ਼ੇਸ਼ ਥਾਂ ਬਣਾ ਰਹੀਆਂ ਹਨ।

ਇਤਿਹਾਸ ਇਹ ਗਵਾਹੀ ਭਰਦਾ ਹੈ ਕਿ ਜਦੋਂ ਕਦੀ ਵੀ ਰਾਸ਼ਟਰ 'ਤੇ ਸੰਕਟ ਆਇਆ, ਸ਼ਾਂਤੀ ਅਤੇ ਅਹਿੰਸਾ ਦੇ ਇਨ੍ਹਾਂ ਪੈਰੋਕਾਰਾਂ ਨੇ ਅਗਾਂਹ ਵਧ ਕੇ ਲੋਕ-ਸੇਵਾ ਕੀਤੀ। ਭਾਰਤੀ ਸਭਿਆਚਾਰ ਦੇ ਮੂਲ ਮੁਹਾਂਦਰੇ ਨੂੰ ਵੀ ਲੋਕ-ਸੇਵਾ ਦੇ ਇਸੇ ਸੰਕਲਪ ਨੇ ਉਜਾਗਰ ਕੀਤਾ। ਅਨੇਕ ਧਰਮਾਂ ਦੇ ਪਰਸਪਰ ਆਦਾਨ-ਪ੍ਰਦਾਨ ਵਿਚ ਵੀ ਨਾਮਧਾਰੀ ਜੀਵਨ-ਦ੍ਰਿਸ਼ਟੀ ਨੇ ਅਹਿਮ ਭੂਮਿਕਾ ਨਿਭਾਈ। ਖ਼ਾਲਸੇ ਦੀਆਂ ਪੂਰੀਆਂ ਆਤਮਿਕ ਸ਼ਕਤੀਆਂ ਨੂੰ ਇਸ ਲਹਿਰ ਨੇ ਸੰਭਾਵਨਾ ਪੂਰਨ ਬਣਾਇਆ। ਮਨੁੱਖਤਾ ਦੇ ਦਰਦ ਨੂੰ ਇਸ ਲਹਿਰ ਦੇ ਆਗੂਆਂ ਨੇ ਕਈ ਪੜਾਵਾਂ ਵਿਚ ਵੰਡਾਇਆ ਵੀ ਅਤੇ ਨਵੀਆਂ ਦਿਸ਼ਾਵਾਂ ਵੀ ਦਿੱਤੀਆਂ। ਇਹ ਵੀ ਜਾਪਦਾ ਹੈ ਕਿ ਸਿੱਖਾਂ ਵੱਲੋਂ ਲਗਾਏ ਗਏ ਬਹੁਤ ਸਾਰੇ ਮੋਰਚਿਆਂ ਵਿਚ ਜਿਸ ਅਹਿੰਸਾ ਦਾ ਪ੍ਰਦਰਸ਼ਨ ਕੀਤਾ ਗਿਆ, ਉਸਦੇ ਪਿੱਛੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰੇਰਨਾ ਹੀ ਕੰਮ ਕਰਦੀ ਸੀ। ਭਾਵੇਂ ਇਹ ਸਭ ਕੁਝ ਪ੍ਰਤੱਖ ਰੂਪ ਵਿਚ ਨਾ ਵੀ ਸਾਖਿਆਤ ਹੋਇਆ ਹੋਵੇ ਪਰ ਜਿਵੇਂ ਗੁਰੂ ਕੇ ਬਾਗ਼ ਦਾ ਮੋਰਚਾ ਤੇ ਨਨਕਾਣਾ ਸਾਹਿਬ ਵਾਲਾ ਸਾਕਾ। ਅਹਿੰਸਾ ਦੇ ਇਨ੍ਹਾਂ ਪੁਜਾਰੀਆਂ ਨੇ ਅਕਾਲ ਪੁਰਖ ਨੂੰ ਹਾਜ਼ਰ-ਨਾਜ਼ਰ ਮੰਨ ਕੇ ਅਜਿਹੀਆਂ ਸ਼ਹੀਦੀਆਂ

Sri Satguru Jagjit Singh Ji Elibrary NamdhariElibrary@gmail.com

ਪ੍ਰਾਪਤ ਕੀਤੀਆਂ, ਜਿਸਦੀ ਯਾਦ ਅੱਜ ਵੀ ਸੀਨੇ ਲਹਿ ਜਾਂਦੀ ਹੈ।

ਪਿਛਲੀ ਸਦੀ ਦੇ ਭਾਰਤੀ ਇਤਿਹਾਸ ਉੱਤੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਦਾ ਗਹਿਰਾ ਪ੍ਰਭਾਵ ਹੈ। ਭਾਵੇਂ ਉਨ੍ਹਾਂ ਦੀ ਸ਼ਖ਼ਸੀਅਤ ਦਾ ਮੁਲਾਂਕਣ ਅਜੇ ਤਕ ਇਸ ਦ੍ਰਿਸ਼ਟੀ ਤੋਂ ਨਹੀਂ ਹੋਇਆ। ਨਾਮਧਾਰੀ ਲਹਿਰ ਜਿਸ ਅਕੀਦਤ ਅਤੇ ਆਸਥਾ ਨਾਲ ਵਿਕਸਿਤ ਹੋਈ, ਉਹ ਵੀ ਆਪਣੇ ਆਪ ਵਿਚ ਵਰਣਨਯੋਗ ਹੈ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਅਤੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਦੀ ਦੀਆਂ ਰੂਹਾਨੀ, ਸਮਾਜਿਕ ਅਤੇ ਨੂਰਾਨੀ ਬਖ਼ਸ਼ਿਸ਼ਾਂ ਨਾਮਧਾਰੀ ਲਹਿਰ ਦੇ ਅੰਗ-ਸੰਗ ਮੌਜੂਦ ਹਨ। ਕਿਸੇ ਵੀ ਲਹਿਰ ਜਾਂ ਅੰਦੋਲਨ ਨੂੰ ਵਿਕਸਿਤ ਹੋਣ ਵਾਸਤੇ ਸਿਰੜੀ ਅਤੇ ਸਦੀਵੀ ਉੱਚ ਸ਼ਖ਼ਸੀਅਤਾਂ ਦੀ ਲੋੜ ਹੁੰਦੀ ਹੈ ਕਿਉਂਕਿ ਇਖ਼ਲਾਕੀ ਕਦਰਾਂ-ਕੀਮਤਾਂ ਤਾਂ ਹੀ ਜਨ-ਸਾਧਾਰਣ ਤਕ ਪਹੁੰਚ ਸਕਦੀਆਂ ਹਨ, ਜੇ ਉਸਦੇ ਪ੍ਰਚਾਰਕ ਖ਼ੁਦ ਉੱਚੇ, ਸੁੱਚੇ ਤੇ ਮਹਾਨ ਹੋਣ। ਨਾਮਧਾਰੀ ਲਹਿਰ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਇਨ੍ਹਾਂ ਦੇ ਸਰਪ੍ਰਸਤ ਸਿੱਖੀ ਦਪੀ ਮੂਲ ਸੰਵੇਦਨਾ ਨਾਲ ਮੁੱਢ ਕਦੀਮ ਤੋਂ ਹੀ ਜੁੜੇ ਰਹੇ।

ਅਹਿੰਸਾ ਦੇ ਸੰਦਰਭ ਵਿਚ ਇਕ ਗੱਲ ਹੋਰ ਭਾਰਤੀਆਂ ਦਾ ਧਿਆਨ ਖਿੱਚਦੀ ਹੈ ਕਿ ਇਕ ਪਾਸੇ 'ਦਸਮ ਗ੍ਰੰਥ' ਦੀ ਬੀਰ ਰਸੀ ਬਾਣੀ ਦੇ ਰਸੀਏ ਨਾਮਧਾਰੀ ਲਹਿਰ ਦੇ ਅਨੁਯਾਈ ਤੇ ਦੂਜੇ ਪਾਸੇ ਅਹਿੰਸਾ ਦੀਆਂ ਸੂਖ਼ਮ ਪਰਤਾਂ ਨੂੰ ਹਿਰਦੇ ਵਿਚ ਵਸਾਉਣ ਵਾਲੇ ਇਹ ਸਿਰਲੱਥ ਯੋਧੇ ਇਕੋ ਵੇਲੇ ਇਨ੍ਹਾਂ ਅਗੰਮੀ ਸ਼ਕਤੀਆਂ ਨਾਲ ਜੁੜੇ ਰਹਿੰਦੇ ਹਨ। ਜਦੋਂ ਆਰੀਆ ਸਮਾਜ ਨੇ ਸਨਾਤਨੀ ਕਦਰਾਂ-ਕੀਮਤਾਂ ਦਾ ਉੱਤਰੀ ਭਾਰਤ ਵਿਚ ਘਟਾ ਟੋਪ ਪ੍ਰਚਾਰ ਕੀਤਾ ਤਾਂ ਵੀ ਨਾਮਧਾਰੀ ਲਹਿਰ ਦੇ ਪ੍ਰਭਾਵ ਨੇ ਸੱਚ ਤੇ ਹੱਕ ਦਾ ਨਿਰਣਾ ਸਿੱਖ ਜਗਤ ਦੇ ਅੱਗੇ ਰੱਖਿਆ। ਇਤਿਹਾਸਕਾਰ ਕਈ ਵਾਰੀ ਇਨ੍ਹਾਂ ਨੂੰ ਸਵੈਵਿਰੋਧੀ ਚਿੰਤਨ ਵੀ ਮੰਨਦੇ ਹਨ ਪਰ ਨਾਮਧਾਰੀ ਮਿਸ਼ਨ ਵਿਚੋਂ ਇਹ ਦਵੰਦਾਤਮਕ ਰਿਸ਼ਤੇ ਸਮਾਜਿਕ ਅਤੇ ਧਾਰਮਿਕ ਇਕਾਈਆਂ ਦੀ ਵੱਖਰੀ ਹੋਂਦ ਸਥਾਪਿਤ ਕਰ ਲੈਂਦੇ ਹਨ। ਨਾਮਧਾਰੀ ਲਹਿਰ ਬਹੁਪੱਖੀ ਸੀ। ਇਕ ਪਾਸੇ ਸਿੱਖ ਧਰਮ ਦਾ ਵਿਵਹਾਰਕ ਪੱਖ ਉਜਾਗਰ ਹੋ ਰਿਹਾ ਸੀ ਤੇ ਦੂਜੇ ਪਾਸੇ ਭਾਰਤੀ ਸਭਿਆਚਾਰ ਦੇ ਚਿੰਤਨ ਨਾਲ ਜੁੜ ਕੇ ਸਦੀਵੀ ਕਦਰਾਂ-ਕੀਮਤਾਂ ਉੱਤਰੀ ਭਾਰਤ ਵਿਚ ਆਪਣੀ ਹੋਂਦ ਸਥਾਪਿਤ ਕਰ ਰਹੀਆਂ ਹਨ। ਇਹ ਸਭ ਕੁਝ ਨਾਮਧਾਰੀ ਲਹਿਰ ਰਾਹੀਂ ਉਨ੍ਹੀਵੀਂ ਸਦੀ ਦੇ ਉਤਰਾਰਧ ਵਿਚ ਵਾਪਰ ਰਿਹਾ ਸੀ। ਪ੍ਰਸਿੱਧ ਇਤਿਹਾਸਕਾਰ ਤਾਰਾ ਚੰਦ ਨੇ ਰਾਸ਼ਟਰੀ ਅੰਦੋਲਨ ਦੇ ਇਤਿਹਾਸ ਵਿਚ ਇਹ ਸਵੀਕਾਰ ਕੀਤਾ ਹੈ ਕਿ ਰਾਸ਼ਟਰੀ ਭਾਵਨਾ ਰਾਜਨੀਤਕ ਦ੍ਰਿਸ਼ਟੀ ਤੋਂ ਨਾਮਧਾਰੀ ਲਹਿਰ ਨਾਲ ਜੁੜੇ ਹੋਏ ਲੋਕਾਂ ਨੇ ਹੀ ਵਿਕਸਿਤ ਕੀਤੀ ਭਾਵੇਂ ਪਿੱਛੋਂ ਜਾ ਕੇ ਇਹ ਸਵਦੇਸ਼ੀ ਪ੍ਰੇਮ ਕਾਂਗਰਸ ਰਾਹੀਂ ਨਾ-ਮਿਲਵਰਤਣ ਲਹਿਰ ਵਿਚ ਰੂਪਾਂਤਰਿਤ ਹੋ ਗਿਆ। ਗਾਂਧੀ ਜੀ ਦੇ ਕਈ

Sri Satguru Jagjit Singh Ji Elibrary NamdhariElibrary@gmail.com

ਜੀਵਨੀਕਾਰਾਂ ਨੇ ਇਹ ਵੀ ਸਵੀਕਾਰ ਕੀਤਾ ਹੈ ਕਿ ਲਾਹੌਰ ਦੇ ਕਈ ਕਾਂਗਰਸ ਅਧਿਵੇਸ਼ਨ ਵਿਚ ਉਨ੍ਹਾਂ ਨੇ ਸਿੱਖ ਕੌਮ ਦੇ ਉਹ ਨਾ-ਕਾਬਲੇ ਫਰਾਮੋਸ਼ ਕਾਰਨਾਮੇ ਵੀ ਸੁਣੇ, ਜਿਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਨੂੰ ਲੱਗਾ ਕਿ ਨਾ-ਮਿਲਵਰਤਣ ਅੰਦੋਲਨ, ਸਵਦੇਸ਼ੀ ਲਹਿਰ, ਪਿਕਟਿੰਗ, ਭੁੱਖ ਹੜਤਾਲ, ਸ੍ਵੈ-ਅਨੁਸ਼ਾਸਨ ਵਰਗੀਆਂ ਕਾਰਜ-ਵਿਧੀਆਂ ਸ਼ਾਂਤੀ ਪੂਰਵਕ, ਬਿਨ੍ਹਾਂ ਖ਼ੂਨ ਵਹਾਇਆਂ ਦੇਸ਼ ਨੂੰ ਆਜ਼ਾਦੀ ਪ੍ਰਾਪਤ ਕਰਵਾ ਦੇਣਗੀਆਂ।

ਨਾਮਧਾਰੀ ਲਹਿਰ ਨੇ ਆਜ਼ਾਦੀ ਦੀ ਲਹਿਰ ਨੂੰ ਆਤਮ-ਬਲ ਦਿੱਤਾ। ਇਹ ਲਹਿਰ ਕਥਨੀ ਤੇ ਕਰਨੀ ਦੀ ਪੂਰੀ ਸੀ। ਨਾਮਧਾਰੀ ਮਿਸ਼ਨ ਬਦਲਦੇ ਯੁੱਗ ਦੇ ਮੁਤਾਬਿਕ ਵਿਕਸਿਤ ਵੀ ਹੁੰਦਾ ਗਿਆ ਤੇ ਨਵੀਆਂ ਚੁਣੌਤੀਆਂ ਨੂੰ ਸਵੀਕਾਰ ਕਰਦਾ ਗਿਆ। ਨਾਮਧਾਰੀ ਲਹਿਰ ਨੇ ਪਰੰਪਰਾਵਾਂ ਤੋਂ ਭਾਵੇਂ ਬਹੁਤ ਕੁਝ ਗ੍ਰਹਿਣ ਕੀਤਾ ਪਰੰਤੂ ਆਧੁਨਿਕ ਜੀਵਨ-ਮੁੱਲਾਂ ਦੇ ਪ੍ਰਤੀ ਵੀ ਇਹ ਮਿਸ਼ਨ ਹਮੇਸ਼ਾ ਜਾਗਰੂਕ ਰਿਹਾ। ਇਸ ਮਿਸ਼ਨ ਦੀ ਜਾਗਰੂਕਤਾ ਨੇ ਸਿੱਖ ਭਾਈਚਾਰੇ ਵਿਚ ਨਵੀਂ ਚੇਤਨਾ ਵੀ ਜਗਾਈ। ਜਿਥੇ ਮਿਸ਼ਨ ਦੀ ਸਿਧਾਂਤਕ ਦ੍ਰਿੜਤਾ ਦੇ ਪ੍ਰਤੀ ਨਾਮਧਾਰੀਆਂ ਦੀ ਵਚਨਬੱਧਤਾ ਸੀ, ਉਥੇ ਨਵੀਂ ਤਾਲੀਮ ਦੇ ਪ੍ਰਤੀ ਜਿਗਿਆਸਾ ਵੀ। ਕੌਮੀ ਅਤੇ ਰਾਜਨੀਤਕ ਸਮੱਸਿਆਵਾਂ ਦੇ ਪ੍ਰਤੀ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਵੀ ਰਿਹਾ। ਅਹਿੰਸਾ ਅਤੇ ਹੋਰ ਨੈਤਿਕ ਕਦਰਾਂ-ਕੀਮਤਾਂ ਨੇ ਨਾਮਧਾਰੀ ਮਿਸ਼ਨ ਨੂੰ ਸਮਾਜਿਕ ਕੰਮਾਂ ਦੇ ਪ੍ਰਤੰ ਵੀ ਸੁਚੇਤ ਕੀਤਾ। ਇਨ੍ਹਾਂ ਸਮਾਜਿਕ ਕਾਰਜਾਂ ਦੇ ਕਈ ਪਾਸਾਰ ਹਨ, ਜਿਨ੍ਹਾਂ ਦੀ ਸੁਤੰਤਰ ਚਰਚਾ ਵਿਸਤਾਰ ਪੂਰਵਕ ਹੋਣੀ ਚਾਹੀਦੀ ਹੈ ਜਿਵੇਂ ਇਸਤਰੀ ਜਾਤੀ ਦੀ ਜਾਗ੍ਰਿਤੀ, ਵਿਦਿਅਕ ਸੰਸਥਾਵਾਂ ਵਿਚ ਨਵੀਨ ਨੀਤੀਆਂ ਦੇ ਪ੍ਰਤੀ ਚੇਤਨਤਾ ਅਤੇ ਨਵੀਆਂ ਖੋਜਾਂ ਦੇ ਪ੍ਰਤੀ ਹਾਂ-ਪੱਖੀ ਹੁੰਗਾਰਾ।

ਭਾਰਤੀ ਕਦਰਾਂ-ਕੀਮਤਾਂ ਦੇ ਪ੍ਰਸੰਗ ਵਿਚ ਨਾਮਧਾਰੀ ਮਿਸ਼ਨ ਦੇ ਕੁਝ ਸੁਆਲ ਅੱਜ ਵੀ ਬੜੇ ਪ੍ਰਾਸੰਗਿਕ ਹਨ:

(ੳ) ਵਾਤਾਵਰਣ ਦੀ ਸ਼ੁੱਧਤਾ ਦੀ ਸਮੱਸਿਆ ਦੇ ਪ੍ਰਤੀ ਇਹ ਮਿਸ਼ਨ ਸ਼ੁਰੂ ਤੋਂ ਹੀ ਜਾਗਰੂਕ ਰਿਹਾ ਹੈ। ਹਵਨ ਦੀਆਂ ਵਿਧੀਆਂ ਇਸਦੀ ਸਰਵੋਤਮ ਉਦਾਹਰਣ ਹਨ।

(ਅ) ਪਸ਼ੂ-ਧਨ ਦੇ ਪ੍ਰਤੀ ਜਿਹੜੀ ਜਾਗਰੂਕਤਾ ਅੱਜ ਸਰਕਾਰ ਲਿਆਉਣਾ ਚਾਹੁੰਦੀ ਹੈ, ਉਸ ਪ੍ਰਤੀ ਨਾਮਧਾਰੀ ਲਹਿਰ ਦੇ ਆਗੂ ਆਰੰਭ ਵਿਚ ਹੀ ਜਾਗਰੂਕ ਸਨ ਜਿਵੇਂ ਕਿ ਗਊਆਂ ਦੀ ਪਾਲਣਾ, ਉਨ੍ਹਾਂ ਦੀ ਰੱਖਿਆ ਅਤੇ ਗਊ-ਦੁੱਧ ਨੂੰ ਔਸ਼ਧੀ ਮੰਨਣਾ।

(ੲ) ਨਾਮਧਾਰੀ ਮਿਸ਼ਨ ਦੇ ਆਗੂਆਂ ਨੇ ਰੋਗਾਂ ਦਾ ਭਾਰਤੀ ਪੱਧਤੀ ਨਾਲ ਹੁੰਦੇ ਇਲਾਜਾਂ ਨੂੰ ਤਰਜੀਹ ਦਿੱਤੀ ਅਤੇ ਔਸ਼ਧਾਲਿਆਂ ਪ੍ਰਤੀ ਆਸਥਾ ਜਗਾਈ।

Sri Satguru Jagjit Singh Ji Elibrary NamdhariElibrary@gmail.com

(ਸ) ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਤੀ ਪੰਜਾਬੀਆਂ ਨੂੰ ਜਾਗਰੂਕ ਕੀਤਾ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਆਰੰਭਕ ਗਦ ਦਾ ਉੱਤਮ ਨਮੂਨਾ ਹਨ।

(ਹ) ਨਾਮਧਾਰੀ ਮਿਸ਼ਨ ਨੇ ਸਿੱਖ ਸਮਾਜ ਨੂੰ ਸੰਗਠਿਤ ਕਰਨ ਦੀ ਕੋਸ਼ਿਸ਼ ਵੀ ਕੀਤੀ। ਭਾਰਤ ਦੇ ਅਲੱਗ-ਅਲੱਗ ਪ੍ਰਾਂਤਾਂ ਵਿਚ ਵਿਚ ਰਹਿੰਦੇ ਨਾਮਧਾਰੀ ਵੀਰ ਅੱਜ ਵੀ ਸੁਗਠਿਤ ਰੂਪ ਵਿਚ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਹੇਠ ਇਕਮੁੱਠ ਹਨ।

ਨਾਮਧਾਰੀ ਲਹਿਰ ਦੇ ਵਧਦੇ ਪ੍ਰਭਾਵ ਨੇ ਜਿਥੇ ਭਾਰਤੀ ਸਭਿਆਚਾਰ ਅਤੇ ਇਤਿਹਾਸ ਨੂੰ ਨਵਾਂ ਮੋੜ ਦੇਣ ਦੀ ਕੋਸ਼ਿਸ਼ ਕੀਤੀ, ਉਥੇ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਨੂੰ ਵਿਵਹਾਰਕ ਵੀ ਬਣਾਇਆ। ਭਾਰਤੀ ਪ੍ਰਸੰਗ ਵਿਚ ਇਸ ਮਿਸ਼ਨ ਦਾ ਵਡਮੁੱਲਾ ਯੋਗਦਾਨ ਹੈ। ਸੁਤੰਤਰਤਾ ਦੇ ਪ੍ਰਤੀ ਇਸ ਮਿਸ਼ਨ ਦਾ ਵਡਮੁੱਲਾ ਯੋਗਦਾਨ ਸਹਿਹੋਂਦ ਅਤੇ ਸ੍ਵੈ-ਇੱਛਾ ਸ਼ਕਤੀ ਬਲ ਦੀਆਂ ਉਹ ਸਰਵੋਤਮ ਉਦਾਹਰਣਾਂ ਹਨ, ਜਿਨ੍ਹਾਂ ਸਦਕਾ ਸੁਤੰਤਰਤਾ ਸੰਗਰਾਮ ਵਿਚ ਇਸ ਲਹਿਰ ਦਾ ਅਗਲੇਰਾ ਯੋਗਦਾਨ ਬਣਦਾ ਹੈ।

ਲੋਕਤੰਤਰ ਨੇ ਇਸ ਯੁੱਗ ਵਿਚ ਅੱਜ ਵੀ ਨਾਮਧਾਰੀ ਮਿਸ਼ਨ ਆਪਣਾ ਵਡਮੁੱਲਾ ਯੋਗਦਾਨ ਪਾ ਰਿਹਾ ਹੈ। 21ਵੀਂ ਸਦੀ ਦੀਆਂ ਚੁਣੌਤੀਆਂ ਵੀ ਵੰਗਾਰ ਵੀ, ਸਾਨੂੰ ਵਿਸ਼ਵਾਸ ਹੈ, ਕਿ ਇਹ ਸਮੁਦਾਇ ਉਸੇ ਤਰ੍ਹਾਂ ਸਵੀਕਾਰ ਕਰੇਗਾ, ਜਿਸ ਤਰ੍ਹਾਂ ਕਦੇ ਪਿਛਲੀ ਸਦੀ ਦੇ ਕਈ ਦਹਾਕਿਆਂ ਵਿਚ ਇਸ ਮਿਸ਼ਨ ਨੇ ਉਨ੍ਹਾਂ ਨੂੰ ਖਿੜੇ ਮੱਥੇ ਸਵੀਕਾਰਿਆ ਸੀ।

## ਟਿੱਪਣੀਆਂ ਅਤੇ ਹਵਾਲੇ

1. 'ਬੇਅੰਤ ਪਾਤਸ਼ਾਹ' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1996
2. ਡਾ. ਹਰਮਿੰਦਰ ਸਿੰਘ ਬੇਦੀ, 'ਗਾਂਧੀ ਦਰਸ਼ਨ ਔਰ ਵਿਚਾਰ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1997
3 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ', ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1998
4. ਰਾਮਧਾਰੀ ਸਿੰਹ ਦਿਨਕਰ, 'ਸੰਸਕ੍ਰਿਤੀ ਕੇ ਚਾਰ ਅਧਿਆਇ', ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ।
5. ਸ੍ਰੀ ਕਲੇਲਕਰ, 'ਅਹਿੰਸਾ ਕਾ ਸੰਕਲਪ', ਭਾਰਤੀ ਸਾਹਿਤਯ ਮੰਦਿਰ, ਦਿੱਲੀ।
6. 'ਵਿਨੋਬਾ ਭਾਵੇ ਗ੍ਰੰਥਾਵਲੀ', ਭਾਗ 8, ਸਸੱਤਾ ਸਾਹਿਤਯ ਮੰਡਲ, ਵਰਧਮਾਨ।
7. ਤਾਰਾ ਚੰਦ, 'ਭਾਰਤੀ ਸੁਤੰਤਰਤਾ ਕਾ ਇਤਿਹਾਸ', ਭਾਰਤ ਸਰਕਾਰ ਪ੍ਰਕਾਸ਼ਨ ਗ੍ਰਿਹ, ਨਵੀਂ ਦਿੱਲੀ।

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਸਮਾਜ : ਗੁਰੂ ਉਪਦੇਸ਼ਾਂ ਅਤੇ ਸਿਧਾਂਤਾਂ ਦੇ ਸੰਦਰਭ ਵਿਚ

ਜਸਵਿੰਦਰ ਸਿੰਘ

ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਨਾਮਧਾਰੀ ਸਤਿਗੁਰੂ ਰਾਮ ਸਿੰਘ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਨਾਮਧਾਰੀ ਲਹਿਰ : ਇਤਿਹਾਸ ਅਤੇ ਯੋਗਦਾਨ ਵਿਸ਼ੇ ਤੇ 8 ਅਤੇ 9 ਮਈ 2001 ਨੂੰ ਅੰਤਰ-ਰਾਸ਼ਟੀਰ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਨਾਮਧਾਰੀ ਸਮਾਜ ਬਾਰੇ ਬਹੁਤ ਹੀ ਘੱਟ ਲਿਖਿਆ ਗਿਆ ਹੈ। ਇਹਨਾਂ ਦਾ ਸ਼ਾਨਦਾਰ ਵਿਰਸਾ ਰਿਹਾ ਹੈ ਅਤੇ ਦੇਸ਼ ਦੀ ਸੁਤੰਤਰਤਾ ਵਿਚ ਇਸ ਸਮਾਜ ਨੇ ਗੌਰਵਮਈ ਹਿੱਸਾ ਪਾਇਆ ਹੈ, ਉਹ ਵੀ ਉਸ ਸਮੇਂ ਜਦੋਂ ਸਾਰੇ ਦੇਸ਼ ਵਿਚ ਕੋਈ ਵੀ ਬਰਤਾਨਵੀ ਸਾਮਰਾਜ ਵਿਰੁੱਧ ਬੋਲਣ ਦੀ ਹਿੰਮਤ ਨਹੀਂ ਸੀ ਕਰਦਾ। ਇਸ ਲਈ ਉਕਤ ਚੇਅਰ ਵੱਲੋਂ ਪਹਿਲਾ ਸੈਮੀਨਾਰ ਅਤਿਅੰਤ ਮਹੱਤਵਪੂਰਣ ਹੈ। ਮੈਂ ਇਸ ਸੈਮੀਨਾਰ ਵਿਚ 'ਨਾਮਧਾਰੀ ਸਮਾਜ : ਗੁਰੂ ਉਪਦੇਸ਼ਾਂ ਅਤੇ ਸਿਧਾਂਤਾਂ ਦੇ ਸੰਦਰਭ ਵਿਚ' ਵਿਸ਼ੇ 'ਤੇ ਲਿਖਣ ਦੀ ਖੁਸ਼ੀ ਲੈ ਰਿਹਾ ਹਾਂ।

ਹਰ ਧਰਮ ਦੇ ਆਪਣੇ ਕੁਝ ਸਿਧਾਂਤ ਹੁੰਦੇ ਹਨ, ਨਿਯਮ ਹੁੰਦੇ ਹਨ ਜਿਨ੍ਹਾਂ ਦੇ ਅਨੁਸਾਰ ਉਸ ਧਰਮ ਦੇ ਪੈਰੋਕਾਰ ਚਲਦੇ ਹਨ। ਇਸੇ ਤਰ੍ਹਾਂ ਮਹਾਂਪੁਰਸ਼ਾਂ ਵੱਲੋਂ ਦਿੱਤੇ ਗਏ ਉਪਦੇਸ਼ਾਂ 'ਤੇ ਚਲਣਾ ਉਸ ਧਰਮ ਦੇ ਅਨੁਯਾਈਆਂ ਲਈ ਜ਼ਰੂਰੀ ਹੁੰਦਾ ਹੈ। ਸਿੱਖ ਧਰਮ ਵਿਚ ਸਤਿਗੁਰੂ ਸਾਹਿਬਾਨਾਂ ਵੱਲੋਂ ਰਚਿਤ ਬਾਣੀ ਅਤੇ ਕੀਤੇ ਗਏ ਉਪਦੇਸ਼ਾਂ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਗੁਰੂਆਂ ਦੇ ਨਿਕਟਵਰਤੀ ਸੇਵਕਾਂ ਵੱਲੋਂ ਲਿਖੇ ਗਏ ਰਹਿਤਨਾਮਿਆਂ ਵਿਚ ਮਨੁੱਖ ਨੂੰ ਸੰਸਾਰ ਯਾਤਰਾ ਸਾਰਥਿਕ ਕਰਨ ਅਤੇ ਰੋਜ਼ਾਨਾ ਦੀ ਜ਼ਿੰਦਗੀ ਸੁਖੈਨ ਢੰਗ ਨਾਲ ਜਿਊਣ ਲਈ ਅਨੇਕਾਂ ਉਪਦੇਸ਼ ਦਿੱਤੇ ਗਏ ਹਨ। ਹਰ ਸਿੱਖ ਦਾ ਫਰਜ਼ ਬਣਦਾ ਹੈ ਕਿ ਜਿਥੋਂ ਤੀਕ ਹੋ ਸਕੇ ਇਨ੍ਹਾਂ ਉਪਦੇਸ਼ਾਂ ਅਨੁਸਾਰ ਆਪਣਾ ਜੀਵਨ ਬਤੀਤ ਕਰੇ। ਜੋ ਸਿੱਖ ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ ਅਤੇ ਸਿਧਾਂਤਾਂ ਵੱਲ ਮੂੰਹ ਕਰਕੇ ਚਲਦਾ ਹੈ, ਗੁਰਬਾਣੀ ਵਿਚ ਉਸਨੂੰ 'ਗੁਰਮੁਖ' ਆਖਦੇ ਹਨ ਅਤੇ ਜੋ ਗੁਰੂਆਂ ਦੇ ਹੁਕਮਾਂ ਅਤੇ ਉਪਦੇਸ਼ਾਂ ਦੀ ਪ੍ਰਵਾਹ ਨਾ ਕਰਕੇ ਆਪਣੀ ਮਨਮਰਜ਼ੀ ਮੁਤਾਬਿਕ ਚਲਦਾ ਹੈ ਉਸਨੂੰ 'ਮਨਮੁਖ' ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ

Sri Satguru Jagjit Singh Ji Elibrary NamdhariElibrary@gmail.com

ਵਿਚ ਗੁਰਮੁਖ ਅਥਵਾ ਮਨਮੁਖ ਹੋਣਾ ਸਿੱਖ ਦੀ 'ਨਿਸ਼ਠਾ' ਤੇ ਨਿਰਭਰ ਕਰਦਾ ਹੈ।

ਗੁਰਬਾਣੀ ਅਨੁਸਾਰ ਮਨਮੁਖ ਨੂੰ ਬਹੁਤ ਮਾੜੇ ਵਿਅਕਤੀ ਦੀ ਸੰਗਿਆ ਦਿੱਤੀ ਗਈ ਹੈ। ਇਸ ਪੁਸ਼ਟੀ ਲਈ ਅਨੇਕਾਂ ਪ੍ਰਮਾਣ ਗੁਰੂ ਸਾਹਿਬਾਨ ਦੀ ਰਚਿਤ ਬਾਣੀ ਵਿਚੋਂ ਹੀ ਮਿਲ ਜਾਂਦੇ ਹਨ:

ਮਨਮੁਖ ਅੰਧੇ ਸਦਾ ਬਿਖ ਖਾਏ। (ਗਉੜੀ ਮ: 3, ਪੰਨਾ. 231)
ਮਨਮੁਖ ਅੰਧੁ ਫਿਰਹਿ ਬੇਤਾਲੇ। (ਮ: 3, ਪੰਨਾ. 117)
ਮਨਮੁਖ ਜਨਮੁ ਗਇਆ ਹੈ ਬਿਰਥਾ, ਅੰਤਿ ਗਇਆ ਪਛੁਤਾਵਣਿਆ।
(ਮ: 3, ਪੰਨਾ. 127)
ਮਨਮੁਖ ਖੋਟੀ ਰਾਸਿ ਖੋਟਾ ਪਸਾਰਾ। (ਪੰਨਾ. 116)
ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ। (ਮ: 4, ਪੰਨਾ 89)
ਮਨਮੁਖ ਅੰਧਾ ਅੰਧ ਕਮਾਵੈ ਬਿਖੁ ਖਟੇ ਸੰਸਾਰੇ। (ਮ: 3, ਪੰਨਾ 753)

ਗੁਰੂ ਉਪਦੇਸ਼ਾਂ ਵਿਚ ਮਨਮੁਖ ਦੀ ਸੰਗਤ ਤੋਂ ਬਚਣ ਦੀ ਬਾਰ ਬਾਰ ਤਾਕੀਦ ਕੀਤੀ ਗਈ ਹੈ ਅਤੇ ਗੁਰਮੁਖਾਂ ਦੀ ਸੰਗਤ ਕਰਨਾ ਦ੍ਰਿੜਾਇਆ ਗਿਆ ਹੈ। ਗੁਰਸਿੱਖਾਂ ਨੂੰ ਸਵੇਰੇ ਅੰਮ੍ਰਿਤ ਵੇਲੇ ਉੱਠਣ ਦਾ ਉਪਦੇਸ਼ ਹੈ, ਸਣਕੇਸੀ ਇਸ਼ਨਾਨ ਕਰਕੇ ਸਿਮਰਨ ਕਰਨਾ ਅਤੇ ਫਿਰ 'ਚੜ੍ਹੇ ਦਿਵਸ ਗੁਰਬਾਣੀ ਗਾਵੈ' ਅਨੁਸਾਰ ਨਿਤਨੇਮ ਦੀਆਂ ਬਾਣੀਆਂ ਪੜ੍ਹਨੀਆਂ। ਪਵਿੱਤਰ, ਸਾਦਾ ਅਤੇ ਸੁੱਚਾ ਭੋਜਨ, ਸਰਬ ਜੀਆਂ ਦੇ ਦਯਾ ਅਤੇ ਗਊ ਗ਼ਰੀਬ ਦੀ ਰੱਖਿਆ ਕਰਨੀ ਗੁਰਸਿੱਖਾਂ ਦਾ ਕਰਮ ਜਾਣਿਆ ਗਿਆ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਸੰਭਾਲਣ ਸਮੇਂ ਤਕ ਸਿੱਖ ਆਪਣੇ ਸਤਿਗੁਰੂਆਂ ਦੇ ਉਪਦੇਸ਼ਾਂ ਉੱਤੇ ਚੰਗੀ ਤਰ੍ਹਾਂ ਚਲਦੇ ਰਹੇ ਅਤੇ ਗੁਰਸਿੱਖੀ ਜੀਵਨ ਜੀਉਂਦੇ ਰਹੇ। ਇਸ ਸਮੇਂ ਦੌਰਾਨ ਸਿੱਖਾਂ ਉੱਤੇ ਅਸਹਿ ਅਤੇ ਅਕਹਿ ਜ਼ੁਲਮ ਮੁਸਲਮਾਨ ਸ਼ਾਸਕਾਂ ਵੱਲੋਂ ਕੀਤੇ ਗਏ ਅਤੇ ਜਾਨਵਰਾਂ ਵਾਂਗ ਇਨ੍ਹਾਂ ਦਾ ਸ਼ਿਕਾਰ ਕੀਤਾ ਗਿਆ। ਘਰ ਬਾਰ ਛੱਡ ਕੇ ਸਿੰਘ ਜੰਗਲ ਵਿਚ ਵਿਚਰਦੇ ਰਹੇ ਪਰ ਇਨ੍ਹਾਂ ਹਾਲਾਤਾਂ ਵਿਚ ਵੀ ਉਨ੍ਹਾਂ ਨੇ ਗੁਰੂ ਉਪਦੇਸ਼ਾਂ ਅਤੇ ਸਿਧਾਂਤਾਂ ਤੋਂ ਮੂੰਹ ਨਹੀਂ ਮੋੜਿਆ। ਨਾਮ ਸਿਮਰਨ ਕਰਨਾ, ਬਾਣੀ ਪੜ੍ਹਨੀ, ਗਊ ਅਤੇ ਗ਼ਰੀਬ ਦੀ ਰੱਖਿਆ ਆਪਣੀ ਜਾਨਾਂ ਖ਼ਤਰੇ ਵਿਚ ਪਾ ਕੇ ਵੀ ਕਰਨੀਆਂ ਇਹੀ ਸਿੱਖੀ ਦਾ ਮੁੱਖ ਕਰਤੱਵ ਰਿਹਾ। ਬੜਾ ਉੱਚਾ ਸੁੱਚਾ ਜੀਵਨ ਸੀ ਸਿੰਘਾਂ ਦਾ ਜਿਸ ਦੀ ਪ੍ਰਸ਼ੰਸਾ ਮੁਸਲਮਾਨ ਲਿਖਾਰੀਆਂ ਨੇ ਵੀ ਕੀਤੀ ਹੈ।

ਜਦੋਂ ਪੰਜਾਬ ਵਿਚ ਖ਼ਾਲਸਾ ਰਾਜ ਸਥਾਪਿਤ ਹੋ ਗਿਆ ਤਾਂ ਸਿੱਖ ਵਿਲਾਸੀ ਹੋ ਆਪਣੇ ਗੁਰੂਆਂ ਦੇ ਉਪਦੇਸ਼ਾਂ ਤੋਂ ਦੂਰ ਹੁੰਦੇ ਚਲੇ ਗਏ ਅਤੇ ਨਸ਼ਿਆਂ ਅਤੇ ਕੁਕਰਮਾਂ ਵਿਚ ਪੈ ਗਏ। ਰਾਜ ਦੇ ਨਸ਼ੇ ਨੇ ਸਿੱਖਾਂ ਨੂੰ ਨਾਮ ਸਿਮਰਨ ਅਤੇ ਸਿੱਖ ਆਦਰਸ਼ਾਂ ਤੋਂ ਦੂਰ ਕਰ ਦਿੱਤਾ ਅਤੇ ਸਿੱਖ ਉੱਚਾ ਸੁੱਚਾ ਵਿਰਸਾ ਭੁੱਲ ਕੇ ਭੋਗ ਵਿਲਾਸ ਵਿਚ

Sri Satguru Jagjit Singh Ji Elibrary NamdhariElibrary@gmail.com

ਪੈ ਗਏ। ਉਹ ਗੁਰਮੁਖੀ ਹੋਣ ਦੀ ਥਾਂ ਮਨਮੁਖੀ ਹੋ ਗਏ। ਇਨ੍ਹ ਸਾਰੀਆਂ ਗੱਲਾਂ ਦਾ ਸਦਕਾ ਖ਼ਾਲਸਾ ਮਲੇਛ ਹੋ ਗਿਆ, ਉਸ ਦਾ ਚਰਿੱਤਰ ਡਿੱਗ ਗਿਆ ਅਤੇ ਕੁਰਬਾਨੀਆਂ ਕਰਕੇ ਪ੍ਰਾਪਤ ਕੀਤਾ ਹੋਇਆ ਖ਼ਾਲਸਾ ਰਾਜ ਖੁੱਸ ਗਿਆ। ਇਨ੍ਹਾਂ ਹੀ ਦਿਨਾਂ ਵਿਚ ਸਿੱਖੀ ਵਿਚ ਹੋਰ ਧਾਰਿਮਕ ਗਿਰਾਵਟ ਆ ਗਈ। ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਲਿਖਦੇ ਹਨ:

ਫਿਰ ਉਨੀਸੈ ਪਾਂਚ ਪਿਛਾਰੀ ਬਰਤੀ ਪੌਣ ਕਸੂਤੀ।

ਇਕ ਹੋਰ ਜਗਾ ਗਿਆਨੀ ਜੀ ਨੇ ਲਿਖਿਆ:

ਜਾਗ ਜਿਨ ਕੇ ਵਢੇਰੇ ਬਾਣੀ ਪੜਤ ਸਵੇਰੇ,
ਗੁਰੂ ਗ੍ਰੰਥ ਬਿਨ ਹੇਰੇ, ਅਨਜਲ ਪਾਨ ਨ ਕਰੇਂ।
ਤਿਨ ਕੇ ਹੀ ਨਾਤੀ ਧੂਪ ਦੀਪ ਕੀ ਕਹਾਂ ਬਖਿਆਤੀ,
ਪਾਇ ਹੈ ਨ ਝਾਤੀ ਮੂਸ ਗ੍ਰੰਥ ਖਾਤ ਫਿਰੇਂ।

ਸੰਮਤ 1905 ਅਰਥਾਤ 1848 ਈ: ਤੋਂ ਬਾਅਦ ਸਿੱਖਾਂ ਦਾ ਤੇਜੀ ਨਾਲ ਚਰਿਤ੍ਰ ਪਤਨ ਹੋਇਆ। ਗੁਰੂ ਮਰਿਯਾਦਾਵਾਂ ਭੁੱਲ ਗਈਆਂ ਅਤੇ ਮਨਮਰਜ਼ੀ ਦੀਆਂ ਰਵਾਇਤਾ ਚੱਲ ਪਈਆਂ। ਉਨ੍ਹਾਂ ਦਾ ਅਸਰ ਸਿੱਖ ਪੰਥ ਵਿਚ ਅਜੇ ਵੀ ਬਣਿਆ ਹੋਇਆ ਹੈ। ਅੱਜ ਦਾ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ। ਸਿੱਖਾਂ ਵਿਚ ਸਿਮਰਨ ਅਲੋਪ ਹੀ ਹੋ ਗਿਆ ਹੈ, ਪਹਿਰਾਵਾ ਬਦੇਸ਼ੀ ਪ੍ਰਭਾਵ ਵਾਲਾ ਅਤੇ ਮਾਸ ਸ਼ਰਾਬ ਅਤੇ ਨਸ਼ਿਆਂ ਦਾ ਬੜਾ ਜ਼ੋਰ ਪੈ ਗਿਆ ਹੋਇਆ ਹੈ।

ਇਸ ਪੱਖੋਂ ਅਗਰ ਨਾਮਧਾਰੀ ਸਮਾਜ ਵੱਲ ਨਜ਼ਰ ਮਾਰੀਏ ਤਾਂ ਕਾਫੀ ਹੌਂਸਲਾ ਹੁੰਦਾ ਹੈ। ਨਾਮਧਾਰੀ ਸਿੱਖ ਗੁਰ-ਉਪਦੇਸ਼ਾਂ ਅਤੇ ਮਰਿਯਾਦਾਵਾਂ ਦੇ ਧਾਰਨੀ ਹਨ। ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਸਣਕੇਸੀ ਇਸ਼ਨਾਨ ਕਰਦੇ ਹਨ ਅਤੇ ਫੇਰ ਸਿਮਰਨ ਵਿਚ ਲੀਨ ਹੋ ਜਾਂਦੇ ਹਨ। ਇਸ ਤੋਂ ਬਾਅਦ ਨਿਤਨੇਮ ਦੀਆਂ ਬਾਣੀਆਂ ਪੜ੍ਹਦੇ ਹਨ।

ਨਾਮ ਸਿਮਰਨ ਉੱਤੇ ਗੁਰਬਾਣੀ ਸਭ ਤੋਂ ਜ਼ਿਆਦਾ ਜ਼ੋਰ ਦਿੰਦੀ ਹੈ। ਗੁਰਬਾਣੀ ਮਨੁੱਖ ਨੂੰ ਚੰਗੇ ਕੰਮਾਂ ਵੱਲ ਅਤੇ ਨਾਮ ਸਿਮਰਨ ਵੱਲ ਲਗਾਉਂਦੀ ਹੈ। ਪਰ ਆਮ ਸਿੱਖ ਜਗਤ ਵਿਚ ਨਾਮ ਸਿਮਰਨ ਲਗਭਗ ਅਲੋਪ ਹੋ ਗਿਆ ਹੈ, ਕੇਵਲ ਗੁਰਬਾਣੀ ਹੀ ਗਾਈ ਜਾਂਦੀ ਹੈ। ਕੇਵਲ ਗੁਰਬਾਣੀ ਪੜ੍ਹਨ ਨਾਲ ਮਨੁੱਖ ਦਾ ਪਾਰ ਉਤਾਰਾ ਨਹੀਂ ਹੋ ਸਕਦਾ। ਗੁਰਬਾਣੀ ਸਿਮਰਨ ਕਰਨ ਵੱਲ ਲਗਾਉਂਦੀ ਹੈ। ਇਸ ਲਈ ਸਿਮਰਨ ਕਰਨਾ ਬਹੁਤ ਜ਼ਰੂਰੀ ਹੈ ਜੋ ਸੰਸਥਾਵਾਂ ਵਿਚ ਲੱਭਦਾ ਨਹੀਂ ਹੈ। ਪਰ ਨਾਮਧਾਰੀ ਸਿੱਖ ਨੇਮ ਨਾਲ ਦੋਨੋਂ ਸਮੇਂ ਨਾਮ ਜਪਦੇ ਹਨ, ਬਾਣੀ ਪੜ੍ਹਦੇ ਹਨ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਲਿਖੇ ਕਾਰਨਾਮਿਆਂ ਵਿਚ ਬਾਰ ਬਾਰ ਨਾਮ ਸਿਮਰਨ 'ਤੇ ਜ਼ੋਰ ਦਿੱਤਾ ਹੈ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਾਂ ਇਥੋਂ ਤੀਕ ਹੁਕਮ

ਕੀਤਾ ਸੀ ਕਿ ਜੋ ਸਿੱਖ ਇਕ ਘੰਟਾ ਰੋਜ਼ ਨਾਮ ਸਿਮਰਨ ਕਰੇਗਾ, ਉਸਦਾ ਮੈਂ ਦਰਗਾਹ ਵਿਚ ਜ਼ਾਮਨ ਹੋਵਾਂਗਾ। ਵਰਤਮਾਨ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇਸ਼ਾਂ ਬਦੇਸ਼ਾਂ ਵਿਚ ਨਾਮ ਜਪਾ ਰਹੇ ਹਨ। ਸ਼੍ਰੀ ਭੈਣੀ ਸਾਹਿਬ ਅੰਮ੍ਰਿਤ ਵੇਲੇ ਤੋਂ ਹੀ ਨਾਮ ਸਿਮਰਨ ਸ਼ੁਰੂ ਹੋ ਜਾਂਦਾ ਹੈ। ਅੱਸੂ ਦੇ ਮੇਲੇ ਦੌਰਾਨ ਬੱਚੇ, ਬੀਬੀਆਂ ਅਤੇ ਬਜ਼ੁਰਗ ਲਗਾਤਾਰ 8-8 ਘੰਟੇ ਨਾਮ ਸਿਮਰਨ ਕਰਦੇ ਨਜ਼ਰ ਆਉਂਦੇ ਹਨ।

ਇਸੇ ਤਰ੍ਹਾਂ ਗੁਰਬਾਣੀ ਅਨੁਸਾਰ ਮਾਸ-ਸ਼ਰਾਬ ਵਰਤਣਾ ਯੋਗ ਨਹੀਂ ਹੈ। ਗੁਰੂ ਹਰਿਗੋਬਿੰਦ ਜੀ ਦੇ ਅਤੇ ਬਾਬਾ ਬੰਦਾ ਬਹਾਦਰ ਦੇ ਹੁਕਮਨਾਮੇ ਵਿਚ ਇਸ ਤੋਂ ਮਨ੍ਹਾਂ ਕੀਤਾ ਹੋਇਆ ਹੈ। ਗੁਰਬਾਣੀ ਵਿਚ 'ਮਲਿਭਖ' ਖਾਣਾ ਮਲੇਛ ਦਾ ਕੰਮ ਦੱਸਿਆ ਗਿਆ ਹੈ :

ਅਸੰਖ ਮਲੇਛ ਮਲਿਭਖ ਖਾਹਿ।

ਮਲਿਭਖ ਅਰਥਾਤ ਅਪਵਿੱਤ੍ਰ ਖ਼ੁਰਾਕ, ਧਰਮ ਅਨੁਸਾਰ ਨਿੰਦਕ ਭੋਜਨ।

ਜਦੋਂ ਗੁਰੂ ਸਾਹਿਬਾਨ ਅਤੇ ਗੁਰਬਾਣੀ ਅਨੁਸਾਰ ਮਾਸ ਖਾਣਾ ਮਨ੍ਹਾਂ ਕੀਤਾ ਹੋਇਆ ਹੈ, ਫੇਰ ਪਤਾ ਨਹੀਂ ਕਿਉਂ ਕਈ ਸਿੱਖ ਜਥੇਬੰਦੀਆਂ ਨੇ ਆਪਣੀ ਰਹਿਤ ਮਰਿਯਾਦਾ ਵਿਚ ਮਾਸ ਖਾਣਾ ਸ਼ਾਮਿਲ ਕੀਤਾ ਹੋਇਆ ਹੈ ?

ਗੁਰਬਾਣੀ ਮਾਸ ਖਾਣ, ਸ਼ਰਾਬ ਪੀਣ ਅਤੇ ਨਸ਼ੇ ਕਰਨ ਤੋਂ ਰੋਕਦੀ ਹੈ। ਨਾਮਧਾਰੀ ਵੀਰ ਸਾਤਵਿਕ ਭੋਜਨ ਕਰਦੇ ਹਨ ਅਤੇ ਸੋਧ ਮਰਿਯਾਦਾ ਰੱਖਦੇ ਹਨ। ਸੁੱਚ ਸੰਜਮ ਵਿਚ ਰਹਿ ਕੇ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨਾ ਹੀ ਨਾਮਧਾਰੀ ਸਿੱਖਾਂ ਦਾ ਆਦਰਸ਼ ਹੈ। ਉਹ ਬਾਹਰ ਦਾ ਬਣਿਆ ਭੋਜਨ ਨਹੀਂ ਛਕਦੇ। ਅਨਜਾਣੇ ਥਾਂ ਤੋਂ ਵੀ ਲੈ ਕੇ ਖਾਣ ਪੀਣ ਵਿਚ ਪ੍ਰਹੇਜ਼ ਕਰਦੇ ਹਨ। ਇਥੇ ਮੈਂ ਇਕ ਯਾਤਰਾ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ।

1999 ਈ: ਵਿਚ ਵਿਸ਼ਵ ਦੇ ਧਰਮਾਂ ਦਾ ਇਕ ਵੱਡਾ ਸੰਮੇਲਨ ਦੱਖਣੀ ਅਫ਼ਰੀਕਾ ਦੇ ਸੁੰਦਰ ਸ਼ਹਿਰ ਕੇਪ ਟਾਊਨ ਵਿਚ ਹੋਇਆ। ਦੁਨੀਆਂ ਭਰ ਤੋਂ ਡੈਲੀਗੇਟ ਉਥੇ ਪੁੱਜੇ ਹੋਏ ਸਨ। ਅਮਰੀਕਾ, ਆਸਟ੍ਰੇਲੀਆ ਅਤੇ ਭਾਰਤ ਤੋਂ ਬਹੁਤ ਸਾਰੇ ਸਿੱਖ ਵੀ ਉਸ ਸੰਮੇਲਨ ਵਿਚ ਸ਼ਾਮਿਲ ਹੋਏ। 5 ਨਾਮਧਾਰੀ ਸਿੰਘਾਂ ਦਾ ਇਕ ਡੈਲੀਗੇਟ ਸਰਦਾਰ ਹਰਵਿੰਦਰ ਸਿੰਘ ਹੰਸਪਾਲ ਦੀ ਅਗਵਾਈ ਵਿਚ ਕੇਪ ਟਾਊਨ ਪੁੱਜਾ ਹੋਇਆ ਸੀ। ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਅਤੇ ਹੋਰਨਾਂ ਸਿੱਖਾਂ ਨੇ ਹੋਟਲਾਂ 'ਚ ਤਿਆਰ ਖਾਣਾ ਖਾਧਾ। ਪਰ ਨਾਮਧਾਰੀ ਸਿੰਘਾਂ ਨੇ ਕਿਤੋਂ ਵੀ ਬਾਹਰ ਦਾ ਖਾਣਾ ਨਹੀਂ ਖਾਧਾ। 5 ਸਿੰਘਾਂ ਦੇ ਜਥੇ ਲਈ ਦੋ ਲਾਂਗਰੀ ਉਹ ਨਾਲ ਭਾਰਤ ਤੋਂ ਲੈ ਕੇ ਗਏ ਹੋਏ ਸਨ ਅਤੇ ਨਾਲ ਹੀ ਸੁੱਕੀ ਰਸਦ ਵੀ। ਨਾਮਧਾਰੀ ਲਗਾਂਰੀਆਂ ਨੇ ਆਪ ਭੋਜਨ ਤਿਆਰ ਕੀਤਾ ਅਤੇ ਸਾਰੇ ਜਥੇ ਨੂੰ ਛਕਾਇਆ। ਆਪਣੀ ਮਰਿਯਾਦਾ ਨੂੰ ਕਾਇਮ ਰੱਖਣ ਲਈ ਦੋ

Sri Satguru Jagjit Singh Ji Elibrary NamdhariElibrary@gmail.com

ਲਾਂਗਰੀਆਂ ਦਾ ਵੱਡਾ ਖ਼ਰਚ ਵੀ ਉਹਨਾਂ ਨਾਮਧਾਰੀ ਸਿੱਖਾਂ ਨੂੰ ਵਾਧੂ ਨਹੀਂ ਜਾਪਿਆ। ਇਸੇ ਤਰ੍ਹਾਂ ਸੰਮੇਲਨ ਦੀ ਸਮਾਪਤ 'ਤੇ ਕੇਪ ਟਾਊਨ ਵਿਚ ਰਹਿੰਦੇ ਇਕੋ ਇਕ ਸਿੱਖ ਨੇ, ਜੋ ਕੌਂਸੋਲੇਟ ਜਨਰਲ ਦੇ ਦਫ਼ਤਰ ਦਾ ਮੁਖੀ ਸੀ, ਸਿੱਖਾਂ ਲਈ ਰਾਤ ਦਾ ਡਿਨਰ ਕੀਤਾ। ਡਿਨਰ ਵਿਚ ਸਿੱਖ ਸਮਾਜ ਦੀਆਂ ਮਹੱਤਵਪੂਰਣ ਸ਼ਖ਼ਸੀਅਤਾਂ ਵੀ ਪੁੱਜੀਆਂ ਹੋਈਆਂ ਸਨ। ਰਾਤ ਦੇ ਇਸ ਸਮਾਗਮ ਵਿਚ ਸਭ ਨੇ ਕੁਰਸੀਆਂ 'ਤੇ ਬੈਠ ਕੇ ਡਿਨਰ ਛਕਿਆ, ਪਰ ਨਾਮਧਾਰੀ ਹੰਸਪਾਲ ਅਤੇ ਉਸਦੇ ਸਾਥੀਆਂ ਨੇ ਜੂਸ ਤੋਂ ਇਲਾਵਾ ਕੁਝ ਨਹੀਂ ਲਿਆ।

ਜਿਸਨੇ ਆਪਣੀ ਮਰਿਯਾਦਾ ਰੱਖਣੀ ਹੁੰਦੀ ਹੈ, ਉਸਨੂੰ ਉਚੇਰੇ ਯਤਨ ਨਾ ਕਰਨੇ ਹੀ ਪੈਂਦੇ ਹਨ। ਗੌਰ ਕੀਤਾ ਜਾਵੇ, ਰਹਿਤ ਲਈ ਕਿਹਾ ਗਿਆ ਹੈ:

— ਜਹਾਂ ਤਹਾਂ ਕਾ ਛਕਹਿ ਪ੍ਰਸਾਦਿ, ਸਿੱਖ ਨਹੀ ਮੇਰਾ ਆਦਿ ਜੁਗਾਦਿ।
— ਜਾ ਕੀ ਰਹਿਤ ਨ ਜਾਣੀਐ, ਗੁਰਮੰਤਰ ਨਹੀ ਚੀਤ।
ਤਾਕਾ ਭੋਜਨ ਖਾਇਕੈ ਵਿਸਰੈ ਹਰਿ ਸਿਉ ਪ੍ਰੀਤ।

ਇਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਮਰਿਯਾਦਾ ਅਨੁਸਾਰ ਭੋਜਨ ਛਕਣ ਵਾਲਾ ਹੀ ਪੂਰਨ ਗੁਰਸਿੱਖ ਹੁੰਦਾ ਹੈ। ਨਾਮਧਾਰੀ ਸਿੱਖ ਐਸੀ ਮਰਿਯਾਦਾ ਦੇ ਧਾਰਣੀ ਹਨ।

ਇਕ ਵਾਰ ਦਿੱਲੀ ਦੀ ਪੰਜਾਬੀ ਪ੍ਰੈਸ ਦੇ ਪ੍ਰਬੰਧਕ ਨੇ ਮੈਨੂੰ ਕਿਹਾ ਸੀ ਕਿ Namdharis are keeping purer form of Sikhsim ਅਰਥਾਤ— ਨਾਮਧਾਰੀ ਸਿੱਖ ਮਰਿਯਾਦਾ ਦਾ ਸ਼ੁੱਧਤਮ ਸਰੂਪ ਸੰਭਾਲੀ ਬੈਠੇ ਹਨ। ਇਹ ਗੱਲ ਹੈ ਵੀ ਬੜੀ ਠੀਕ। ਪਹਿਰਾਵਾ ਇਹਨਾਂ ਦਾ ਗੁਰਸਿੱਖੀ ਹੈ। ਦਸਤਾਰ ਉਸੇ ਤਰ੍ਹਾਂ ਸਜਾਉਂਦੇ ਜਿਸ ਤਰ੍ਹਾਂ ਸਤਿਗੁਰੂ ਸਾਹਿਬਾਨ ਅਤੇ ਮਹਾਰਾਜਾ ਰਣਜੀਤ ਸਿੰਘ ਤਕ ਸਿੱਖ ਸਜਾਉਂਦੇ ਸਨ। ਉਸੇ ਸਮੇਂ ਸਿੱਧਾ ਦਸਤਾਰਾ ਹੀ ਸਾਰੇ ਸਿੱਖ ਸਜਾਇਆ ਕਰਦੇ ਸਨ। ਇਸ ਦੀ ਗਵਾਹੀ ਪੁਰਾਤਨ ਲਿਖਤਾਂ 'ਚੋਂ ਮਿਲਦੀ ਹੈ। ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ, ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਵਿਚ ਅਤੇ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਵੀ ਇਸੇ ਤੱਥ ਦੀ ਪੁਸ਼ਟੀ ਕਰਦੇ ਹਨ। ਇਸੇ ਤਰ੍ਹਾਂ ਸਫ਼ੈਦ ਰੰਗ ਦੇ ਬਸਤਰਾਂ ਬਾਰੇ ਵੀ ਅਨੇਕਾਂ ਪ੍ਰਮਾਣ, ਰਹਿਤਨਾਮਿਆਂ ਅਤੇ ਪੁਸਤਕਾਂ ਵਿਚ ਮਿਲ ਜਾਂਦੇ ਹਨ। ਨੀਲੇ ਰੰਗ ਨੂੰ ਗੁਰਬਾਣੀ ਵਿਚ ਚੰਗਾ ਨਹੀਂ ਜਾਣਿਆ ਗਿਆ। ਇਹ ਤੁਰਕਾਂ ਦੇ ਬਾਣੇ ਦਾ ਰੰਗ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਬਸਤਰ ਨੂੰ ਅੱਜਕਲ੍ਹ ਨੀਲਾ ਦਿਖਾਇਆ ਜਾਂਦਾ ਹੈ, ਲੇਕਿਨ ਬਹੁਤ ਸਾਰੇ ਪ੍ਰਮਾਣ ਉਪਲਬਧ ਹਨ ਕਿ ਸਤਿਗੁਰੂ ਜੀ ਸਫ਼ੈਦ ਪਹਿਰਾਵਾ ਹੀ ਰੱਖਦੇ ਸਨ। ਜਦੋਂ ਗੁਰੂ ਨਾਨਕ ਦੇਵ ਜੀ ਨੇ ਮੱਕੇ ਜਾਣਾ ਸੀ, ਕੇਵਲ ਉਦੋਂ ਹੀ 'ਨੀਲੇ ਬਸਤ੍ਰ' ਪਹਿਨੇ ਸਨ। ਇਸੇ ਤਰ੍ਹਾਂ ਗੁਰੂ ਗੋਬਿੰਦ

Sri Satguru Jagjit Singh Ji Elibrary NamdhariElibrary@gmail com

ਸਿੰਘ ਜੀ ਨੇ ਉੱਚ ਦੇ ਪੀਰ ਬਣਨ ਸਮੇਂ ਹੀ ਨੀਲੇ ਬਸਤ੍ਰ ਪਹਿਨੇ ਸਨ ਅਤੇ ਫੇਰ ਲਾਹ ਕੇ ਸਾੜ ਦਿੱਤੇ ਸਨ। ਕੁਝ ਪੰਕਤੀਆਂ ਹਨ ਪਾਠਕਾਂ ਦੇ ਧਿਆਨ ਗੋਚਰੇ :

> ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ, ਤਿਨਿ ਵੇਮੁਖਿ ਵੇਮੁਖੈ ਨਾ ਪਾਇਆ। (ਗੁਰੂ ਗ੍ਰੰਥ ਸਾਹਿਬ, ਪੰਨਾ. 306)
>
> ਕੋਈ ਓਡੈ ਨੀਲ ਕੋਈ ਸੁਫੈਦ। (ਗੁਰੂ ਗ੍ਰੰਥ ਸਾਹਿਬ, ਪੰਨਾ. 885)
>
> ਨੀਲ ਬਸਤ੍ਰ ਲੈ ਕਪੜੇ ਪਹਿਰੇ, ਤੁਰਕ ਪਠਾਣੀ ਅਮਲ ਕੀਆ। ਮ:1

ਨੀਲਾਂ ਰੰਗ ਤੁਰਕਾਂ ਦਾ ਹੈ। ਇਸ ਕਰਕੇ ਗੁਰਬਾਣੀ ਵੀ ਗੁਰਸਿੱਖਾਂ ਲਈ ਨੀਲੇ ਰੰਗ ਦੀ ਹਾਮੀ ਨਹੀਂ ਭਰਦੀ। ਨਾਮਧਾਰੀ ਸਿੱਖ 'ਨੀਲੇ-ਕਾਲੇ' ਤੋਂ ਸਖ਼ਤ ਪ੍ਰਹੇਜ਼ ਕਰਦੇ ਹਨ, ਇਸ ਲਈ ਕਿ ਐਸਾ ਪਹਿਨਣਾ ਮਨਮਤ ਹੈ। ਹੋਰ ਬਹੁਤ ਸਾਰੀਆਂ ਮਰਿਯਾਦਾਵਾਂ ਹਨ ਜਿਨ੍ਹਾਂ ਨੂੰ ਮੂਲ ਰੂਪ ਵਿਚ ਨਾਮਧਾਰੀ ਸਮਾਜ ਨੇ ਆਪਣੇ ਗੁਰੂਆਂ ਦੇ ਹੁਕਮ ਅਨੁਸਾਰ ਸੰਭਾਲਿਆ ਹੋਇਆ ਹੈ। ਇਹਨਾਂ ਵਿਚ ਗਊਆਂ ਦੀ ਰੱਖਿਆ, ਤੰਤੀ ਸਾਜ਼ਾਂ ਨਾਲ ਕੀਰਤਨ ਕਰਨਾ, ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਸਮੇਂ ਹਰ ਵਾਰ ਸਣਕੇਸੀ ਇਸ਼ਨਾਨ ਕਰਕੇ ਅਤੇ ਸੁੱਚੇ ਬਸਤ੍ਰ ਪਾ ਕੇ ਹੀ ਪਾਠ ਕਰਨ ਬੈਠਣਾ, ਹਵਨ ਕਰਨਾ, ਗੁਰਮੰਤ੍ਰ ਕੰਨ ਵਿਚ ਦੇਣਾ, ਗੁਰਮੰਤ੍ਰ ਉੱਚੀ ਨਾ ਜਪਣਾ, ਕੇਵਲ ਰਸਨਾ ਨਾਲ ਹੀ ਜਾਪ ਕਰਨਾ ਆਦਿ ਸ਼ਾਮਿਲ ਹਨ। ਆਮ ਤੌਰ 'ਤੇ ਅੰਮ੍ਰਿਤ ਤਿਆਰ ਕਰਨ ਉਪਰੰਤ ਇਕ ਬਾਟੇ 'ਚੋਂ ਮੂੰਹ ਲਗਾ ਕੇ ਅੰਮ੍ਰਿਤ ਛਕਾਇਆ ਜਾਂਦਾ ਹੈ, ਪਰ ਨਾਮਧਾਰੀ ਸਿੱਖਾਂ ਵਿਚ ਪੁਰਾਤਨ ਮਰਿਯਾਦਾ ਅਨੁਸਾਰ ਅੰਮ੍ਰਿਤ ਚੂਲੇ ਨਾਲ ਅਲੱਗ ਅਲੱਗ ਛਕਾਇਆ ਜਾਂਦਾ ਹੈ ਅਤੇ ਕੇਸਾਂ ਅਤੇ ਨੇਤ੍ਰਾਂ 'ਤੇ ਛਿੱਟੇ ਮਾਰੇ ਜਾਂਦੇ ਹਨ।

ਅੰਤ ਵਿਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਨਾਮਧਾਰੀ ਸਿੱਖ ਗੁਰਸਿੱਖੀ ਦੀ ਪੂਰਨ ਮੂਰਤ ਹਨ। ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰਸਿੱਖ ਦੇ ਜੋ ਲੱਛਣ ਲਿਖੇ ਹੋਏ ਹਨ, ਸਭ 'ਤੇ ਇਹ ਨਾਮਧਾਰੀ ਪੂਰੇ ਉਤਰਦੇ ਹਨ। ਨਾਮ ਸਿਮਰਨ ਕਰਦੇ ਹਨ, ਰਹਿਤ-ਮਰਿਯਾਦਾ, ਸੁਚ-ਸੋਧ ਦੇ ਧਾਰਨੀ, ਸਾਤਵਿਕ ਭੋਜਨ ਅਤੇ ਪੁਰਾਤਨ ਮਰਿਯਾਦਾਵਾਂ ਅਨੁਸਾਰ ਚੱਲਣਾ ਦੱਸਦਾ ਹੈ ਕਿ ਇਹਨਾਂ ਗੁਰਸਿੱਖਾਂ ਨੇ ਹੀ ਸਿੱਖੀ ਮਰਿਯਾਦਾ ਦਾ ਸ਼ੁੱਧ ਸਰੂਪ ਸਾਂਭੀ ਰੱਖਿਆ ਹੋਇਆ ਹੈ। ਸਾਨੂੰ ਸਭ ਨੂੰ ਗੁਰ ਮਰਿਯਾਦਾਵਾਂ ਅਨੁਸਾਰ ਹੀ ਜੀਵਨ ਜੀਊਣਾ ਚਾਹੀਦਾ ਹੈ। ਇਹੀ ਸੱਚੀ ਗੁਰੂ ਭਗਤੀ ਹੈ।

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਲਹਿਰ ਦਾ ਨਾਰੀਵਾਦੀ ਚੇਤਨਾ ਅਤੇ ਸਮਾਜ ਵਿਕਾਸ ਲਈ ਯੋਗਦਾਨ

ਡਾ. ਮਹਿੰਦਰ ਕੌਰ ਗਿੱਲ

ਹਰ ਲਹਿਰ ਆਪਣੇ ਆਪ ਵਿਚ ਵਿਲੱਖਣ ਹੁੰਦੀ ਹੈ। ਬੜਾ ਕੁਝ ਨਵਾਂ ਜੋੜਦੀ ਤੇ ਪੁਰਾਣਾ ਤਿਆਗਦੀ ਹੈ। ਮਜ਼ਹਬ ਤੋਂ ਮਜ਼ਹਬ ਪੈਦਾ ਹੁੰਦਾ ਹੈ, ਬੰਦੇ ਤੋਂ ਬੰਦਾ ਤੇ ਲਹਿਰ ਤੋਂ ਲਹਿਰ। ਕੋਈ ਵੀ ਲਹਿਰ ਇਕ ਦਿਨ ਦੀ ਉਪਜ ਨਹੀਂ ਹੁੰਦੀ ਉਸ ਪਿੱਛੇ ਕਿਸੇ ਕਰਮਸ਼ੀਲ, ਚਿੰਤਨਸ਼ੀਲ ਵਿਅਕਤੀ ਦਾ ਹੱਥ ਹੁੰਦਾ ਹੈ। ਧਿਆਨ ਰਹੇ, ਸੰਭਾਵਨਾਵਾਂ ਯੁਕਤ ਹਸਤੀ ਨਾਲ ਲੋਕਾਂ ਦਾ ਅਕਾਰਣ ਹੀ ਵਿਰੋਧ ਹੋਇਆ ਕਰਦਾ ਹੈ। ਪਰੰਪਰਾ ਤੋਂ ਹੀ ਬਦੀ ਨੇ ਨੇਕੀ ਦਾ, ਹਕੂਮਤੀਆਂ ਨੇ ਮਹਾਂਪੁਰਖਾਂ ਦਾ, ਪ੍ਰਤਿਸ਼ਠਾ ਨੇ ਪ੍ਰੇਮੀਆਂ ਦਾ ਵਿਰੋਧ ਕੀਤਾ ਹੈ। ਇਕ ਅਣਦਿਸਦਾ ਭੈਅ, ਅਚੇਤ ਹੀ ਮਹਾਂਪੁਰਖਾਂ ਦੀ ਪ੍ਰਤਿਭਾ ਤੋਂ ਦੁਨਿਆਵੀ ਤਾਕਤਾਂ ਨੂੰ ਲੱਗਣ ਲੱਗ ਪੈਂਦਾ ਹੈ। ਇਤਿਹਾਸ ਸਾਖੀ ਹੈ, ਗੁਰੂ ਅਰਜਨ ਦੇਵ, ਗੁਰੂ ਗੋਬਿੰਦ ਸਿੰਘ ਜੀ ਹਕੂਮਤ ਲਈ ਚੈਲੰਜ ਬਣ ਗਏ। ਸ਼ਾਂਤ ਅਧਿਆਤਮਕ ਸਿੱਖ ਲਹਿਰ ਮੋੜਾ ਖਾ ਗਈ। ਹਾਲਾਂਕਿ ਉਹ ਹਕੂਮਤ ਦਾ ਕਿਸੇ ਵੀ ਤਰ੍ਹਾਂ ਦਾ ਵਿਗਾੜ ਨਹੀਂ ਕਰ ਰਹੇ। ਇਕ ਗੱਲ ਜੋ ਇਸ ਸੰਦਰਭ ਵਿਚ ਵਿਚਾਰਗੋਚਰੀ ਹੈ, ਉਹ ਹੈ, ਲੋਕਾਂ ਦਾ ਸਦਾ ਤੋਂ ਹੀ ਨੇਕੀ, ਸੱਚਾਈ ਅਤੇ ਭਲੀ ਕਰਨੀ ਵੱਲ ਝੁਕਾਉ ਨਹੀਂ ਰਿਹਾ ਹੈ। ਉਹ ਸਹਿਜ ਵਿਚ ਹੀ ਅਜਿਹੀਆਂ ਹਸਤੀਆਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੇ ਅਨੁਯਾਈ ਬਣ ਜਾਂਦੇ ਹਨ। ਠੀਕ, ਅਜਿਹੀ ਹਾਲਤ ਹੀ ਨਾਮਧਾਰੀ ਗੁਰੂ ਰਾਮ ਸਿੰਘ ਜੀ ਨਾਲ ਹੋਈ। ਜਿਵੇਂ ਜਿਵੇਂ ਅੰਗਰੇਜ਼ ਹਕੂਮਤ ਦਾ ਦਬਾਉ ਵਧ ਰਿਹਾ ਸੀ, ਤਿਵੇਂ ਤਿਵੇਂ ਇਸ ਕਰਮਸ਼ੀਲ ਮਹਾਂਪੁਰਖ ਨੂੰ ਇਸ ਦਾ ਵਿਰੋਧ ਕਰਨ ਦੇ ਖ਼ਿਆਲ ਸੁਝ ਰਹੇ ਸਨ। ਨਤੀਜਾ, ਹਕੂਮਤਾਂ ਨੀਚਤਾ ਉੱਤੇ ਨਜ਼ਰ ਆਉਂਦੀਆਂ ਹਨ ਤੇ ਇਹੋ ਜਿਹਾ ਮੰਦਾ ਵਿਹਾਰ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਹੋਇਆ। ਅੰਗਰੇਜ਼ ਨੇ ਉਹਨਾਂ ਨੂੰ ਰੰਗੂਨ-ਬਰਮਾ ਵਿਚ ਨਜ਼ਰਬੰਦ ਕਰ ਦਿੱਤਾ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਪ੍ਰਮਾਣਿਕ ਕਥਨ ਜਿਸ ਉੱਪਰ ਉਹਨਾਂ ਦੀ ਆਪਣੀ ਮੋਹਰ ਲੱਗੀ ਹੋਵੇ ਇਕੋ ਇਕ ਸਰੋਤ ਉਹਨਾਂ ਦੇ 'ਹੁਕਮਨਾਮੇ' ਹਨ। ਇਹ ਗਿਣਤੀ ਵਿਚ 64 ਹਨ। ਇਨ੍ਹਾਂ ਦੀ ਸੰਪਾਦਨਾ ਸ੍ਰੀ ਜਸਵਿੰਦਰ ਸਿੰਘ ਨੇ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ' ਪੁਸਤਕ ਵਿਚ ਕੀਤੀ ਹੈ। ਇਹ ਹੁਕਮਨਾਮੇ ਉਹ ਸਰੋਤ

Sri Satguru Jagjit Singh Ji Elibrary NamdhariElibrary@gmail.com

ਹਨ ਜਿਸ ਤੋਂ ਨਾਮਧਾਰੀ ਲਹਿਰ ਦੇ ਕਾਰਨ, ਨਾਰੀਵਾਦੀ ਚੇਤਨਾ ਤੇ ਸਮਾਜ ਵਿਕਾਸ ਆਦਿ ਵੇਰਵੇ ਪ੍ਰਾਪਤ ਹੋ ਜਾਂਦੇ ਹਨ। ਜ਼ਾਹਿਰ ਹੈ, ਜੇ ਨਾਰੀਵਾਦੀ ਚੇਤਨਾ ਬਾਰੇ ਵਿਚਾਰ ਕਰਨੀ ਹੋਵੇ ਤਾਂ ਇਸਦਾ ਇਕੋ ਇਕ ਪ੍ਰਮਾਣਿਕ ਸਰੋਤ 'ਹੁਕਮਨਾਮੇ' ਹੀ ਹੈ ਜੋ ਸਤਿਗੁਰੂ ਜੀ ਗਾਹੇਬਗਾਹੇ ਲਿਖਦੇ ਰਹੇ।

'ਹੁਕਮਨਾਮਿਆਂ' ਉੱਪਰ ਜੇ ਧਿਆਨ ਕੇਂਦਰਿਤ ਕੀਤਾ ਜਾਏ ਤਾਂ ਤਿੰਨ ਤਰ੍ਹਾਂ ਦੇ ਨੁਕਤੇ ਸਾਹਮਣੇ ਆਉਂਦੇ ਹਨ। ਪਹਿਲਾ, ਉਹ ਜੋ ਉਹਨਾਂ ਨੇ ਬੀਬੀਆਂ ਦੇ ਉੱਥਾਨ ਬਾਰੇ ਆਪਣੇ ਹੁਕਮਨਾਮਿਆਂ ਵਿਚ ਲਿਖਿਆ। ਦੂਜਾ, ਉਹ ਜੋ ਉਹਨਾਂ ਨੇ ਬੀਬੀਆਂ ਪ੍ਰਤੀ ਉਪ੍ਰਦੇਸ਼ ਦਿੱਤਾ। ਤੀਜਾ, ਉਹ ਜੋ ਉਹਨਾਂ ਬੀਬੀਆਂ ਪ੍ਰਤੀ ਆਦਰ-ਭਾਵਨਾ ਜ਼ਾਹਿਰ ਕੀਤੀ। ਹੁਣ ਇਨ੍ਹਾਂ ਤਿੰਨਾਂ ਨੁਕਤਿਆਂ ਉੱਤੇ, ਉਹਨਾਂ ਦੁਆਰਾ ਭੇਜੇ ਹੁਕਮਨਾਮਿਆਂ ਨੂੰ ਕੇਂਦਰਿਤ ਕਰਕੇ ਵਿਚਾਰ ਕੀਤੀ ਜਾਵੇਗੀ।

**ਬੀਬੀਆਂ ਦਾ ਉੱਥਾਨ**

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ 64 ਹੁਕਮਨਾਮਿਆਂ ਵਿਚੋਂ 10 ਹੁਕਮਨਾਮੇ ਅਜਿਹੇ ਹਨ ਜਿਨ੍ਹਾਂ ਵਿਚ ਬੀਬੀਆਂ ਦੇ ਉੱਥਾਨ ਦੀ ਗੱਲ ਉਚੇਚੇ ਤੌਰ 'ਤੇ ਕੀਤੀ ਗਈ ਹੈ। ਸਮਾਜ ਵਿਚ ਭ੍ਰਿਸ਼ਟਾਚਾਰ ਉਦੋਂ ਫੈਲਦਾ ਹੈ ਜਦੋਂ 'ਪਰਾਈ ਧੀ' ਉੱਪਰ ਬੰਦਿਆਂ ਦੀ ਮੈਲੀ ਨਜ਼ਰ ਪੈਣ ਲਗਦੀ ਹੈ। ਧੀ ਭੈਣ ਦੀ ਸ਼ਾਦੀ ਪੈਸੇ ਲੈ ਕੇ ਕਰਨੀ—ਇਕ ਤਰ੍ਹਾਂ ਵੇਚ ਦੇਣੀ ਜਿਸਦਾ ਨਤੀਜਾ ਇਹ ਹੁੰਦਾ ਸੀ ਲੋਕੀਂ ਇਹਨਾਂ ਨੂੰ ਡੰਗਰਾਂ ਵਾਂਗ ਵਾਹੁੰਦੇ। ਦਿਨ ਭਰ ਕੰਮ ਲੈਂਦੇ। ਜੀ ਕਰਦਾ ਪਿਆਰ ਸਤਿਕਾਰ ਦੇਂਦੇ, ਜੀ ਕਰਦਾ ਮਾਰਦੇ ਕੁੱਟਦੇ। ਗੱਲ ਕੀ ਅਜਿਹੀਆਂ ਬੀਬੀਆਂ ਸਦਾ ਲਈ ਸੰਤਾਪੀਆਂ ਜਾਂਦੀਆਂ। ਸਾਡੇ ਸਮਾਜ ਵਿਚ ਇਕ ਹੋਰ ਵੀ ਰਿਵਾਜ਼ ਸੀ—ਬੱਟੇ ਜਾਂ ਵਟੇ ਦਾ ਸਾਕ ਜਿਸਦਾ ਅਰਥ ਸੀ ਮੁੰਡਾ ਵਿਆਹ ਕੇ ਲੈ ਆਉਣਾ ਤੇ ਧੀ ਦਾ ਰਿਸ਼ਤਾ ਕਰ ਦੇਣਾ। ਇਸੇ ਤਰ੍ਹਾ ਧੀ ਵਿਆਹ ਕੇ ਦੇਣੀ ਤੇ ਨੂੰਹ ਲੈ ਆਉਣੀ। ਆਪੋ ਆਪਣੇ ਸੁਭਾਅ ਅਨੁਸਾਰ ਕੋਈ ਚੰਗੀ, ਕੋਈ ਲੜਾਕੀ, ਕੋਈ ਕੁਪੱਤੀ, ਕੋਈ ਸ਼ਰੀਫ਼ ਸੱਸ ਹੁੰਦੀ ਸੀ। ਜੇ ਉਹ ਨੂੰਹ ਨਾਲ ਮਾੜਾ ਵਰਤਾ ਕਰੇ ਤਾਂ ਉਸਦੀ ਧੀ ਨੂੰ ਦੁੱਖ ਸਹੁਰੇ ਦੇਣ ਲਗਦੇ ਕਿਉਂਕਿ ਜੋ ਵਟਾ ਜਾਂ ਬਦਲੇ ਦਾ ਸਕਾ ਜੁ ਹੁੰਦਾ ਸੀ। ਇਸ ਲਈ ਕਈ ਵਾਰੀ ਕੁੜੀਆਂ ਨੂੰ ਦੁੱਖ ਇਸ ਕਰਕੇ ਸਹਿਣਾ ਪੈਂਦਾ ਸੀ ਕਿ ਉਹਨਾਂ ਦਾ ਗੁਨਾਹ ਤਾਂ ਕੋਈ ਨਹੀਂ ਸੀ ਹੁੰਦਾ ਪਰ ਬਜ਼ੁਰਗ ਸੱਸ ਮਾਂਵਾਂ ਦੇ ਵਰਤਾਓ ਕਰਕੇ ਦੁੱਖ ਭੋਗਦੀਆਂ ਸਨ।

ਹੋਰ ਪਰਾਈ ਧੀ ਭੈਣ ਆਪਣੀ ਜਾਨਣੀ

... ... ...

ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ
ਬਟਾ ਨਹੀਂ ਕਰਨਾ, ਸਦਾ ਗੁਰੂ ਗੁਰੂ ਜਪਦੇ ਰਹਿਣਾ
ਸਾਰੇ ਬਹੀਰ ਨੂੰ ਏਹੁ ਹੁਕਮ ਸੁਣਾਇ ਦੇਣਾ ਜੋ ਪੰਦਰਾਂ

ਸੋਲ੍ਹਾਂ ਬਰਸ ਤੇ ਘਟ ਕੋਈ ਕੁੜੀ ਨਾ ਬਿਆਹੇ। (ਹੁਕਮਨਾਮਾ 1)

ਸਤਿਗੁਰੂ ਜੀ ਦੀ ਦ੍ਰਿਸ਼ਟੀ ਵਿਚ ਇਹ ਬੱਜਰ ਪਾਪ ਸੀ। ਉਹਨਾਂ ਨੇ ਲੜਕੀ ਵੇਚਣ ਦੀ ਗੱਲ, ਬਟੇ ਦੇ ਸਾਕ ਦੀ ਗੱਲ ਦੀ ਨਿਖੇਧੀ ਬਾਰੰਬਾਰ ਕੀਤੀ। ਉਹਨਾਂ ਸਿਰਫ਼ ਨਿਖੇਧੀ ਹੀ ਨਹੀਂ ਕੀਤੀ ਸਗੋਂ ਜੋ ਇਸ ਤਰ੍ਹਾਂ ਦੇ ਕੁਕਰਮ ਕਰਦੇ ਸਨ ਉਹਨਾਂ ਨੂੰ ਸਖ਼ਤ ਸਜ਼ਾ ਦੇਣ ਦਾ ਵੀ ਹੁਕਮ ਦਿੱਤਾ:

ਜੋ ਕੋਈ ਕੁੜੀ ਮਾਰ ਕ ਤਾ ਬੇਚੇ ਤਾ ਬਟਾ ਕਰੇ
ਅਰ ਅੱਛੀ ਤਰ੍ਹਾਂ ਮਲੂਮੀ ਹੋਏ ਜਾਵੇ ਤਾਂ ਉਸ ਦੇ ਨਾਲ
ਨਹੀਂ ਬਰਤਣਾ। ਨਾ ਉਸ ਨੂੰ ਸੰਗਤ ਮੇਂ ਬੜਨ ਦੇਣਾ। (ਹੁਕਮਨਾਮਾ 4)

ਇਸ ਤੋਂ ਵੱਡੀ ਹੋਰ ਕੋਈ ਸਜ਼ਾ ਨਹੀਂ ਸੀ ਜੇ ਉਸ ਨਾਲ ਬਾਈਕਾਟ ਕਰ ਦਿੱਤਾ ਜਾਵੇ। ਕੋਈ ਬੰਦਾ ਸਮਾਜ ਵਿਚ ਰਹੇ ਪਰ ਉਸ ਦੇ ਨਾਲ ਕਿਸੇ ਦਾ ਵਰਤ-ਵਿਹਾਰ ਹੀ ਨਾ ਹੋਵੇ। ਹੋਰ ਤਾਂ ਹੋਰ ਧਰਮ-ਕਰਮ ਲਈ ਉਸਨੂੰ ਸੰਗਤ ਵਿਚ ਵੜਨ ਹੀ ਨਾ ਦਿੱਤਾ ਜਾਵੇ। ਇਹ ਇਹੋ ਜਿਹੀ ਸਜ਼ਾ ਸੀ ਕਿ ਬੰਦਾ ਜਿਊਂਦਾ ਹੀ ਮਰ ਜਾਂਦਾ ਸੀ। ਕਿਸੇ ਨੂੰ ਕੈਦ ਦੀ ਸਜ਼ਾ ਮਿਲੇ ਕੱਟ ਕੇ ਘਰ ਆ ਜਾਂਦਾ ਸੀ ਪਰ ਸਤਿਗੁਰੂ ਦੇ ਬਚਨਾਂ ਉੱਤੇ ਚੱਲਣ ਵਾਲੇ ਦ੍ਰਿੜ ਵਿਸ਼ਵਾਸੀ ਤਾਂ ਹੁਕਮ ਮੰਨਣ ਵਿਚ ਪਿੱਛੇ ਨਹੀਂ ਰਹਿਣਗੇ। ਜਿਸ ਬੰਦੇ ਦਾ ਸਮਾਜ ਤੋਂ ਧਰਮ-ਸਥਾਨ ਹੀ ਖੁੱਸ ਜਾਵੇ, ਉਹ ਭਲਾ ਕਿਸ ਦੇ ਸਹਾਰੇ ਜੀਵੇਗਾ?

ਸਤਿਗੁਰੂ ਜੀ ਨੂੰ ਮਾਲੂਮ ਹੁੰਦਾ ਹੈ, ਜਿਹੜੇ ਹੁਕਮਨਾਮੇ ਭੇਜਦੇ ਸਨ, ਉਹਨਾਂ ਉੱਪਰ ਖ਼ੁਦ ਆਪ ਵੀ ਗ਼ੌਰ ਕਰਕੇ ਵਿਚਾਰ ਕਰਦੇ ਸਨ। ਅਸੀਂ ਹੁਣੇ ਉੱਪਰ ਦੇਖਿਆ ਹੈ ਪਹਿਲੇ ਹੁਕਮਨਾਮੇ ਵਿਚ ਲੜਕੀ ਦੀ ਉਮਰ ਬਾਰੇ ਲਿਖਿਆ ਸੀ। ਪੰਦਰਾਂ ਸਾਲ ਤੋਂ ਘੱਟ ਉਮਰ ਦੀ ਲੜਕੀ ਦੀ ਸ਼ਾਦੀ ਨਹੀਂ ਕਰਨੀ। ਇਸ ਤੋਂ ਬਾਅਦ ਇਸ ਹੁਕਮਨਾਮੇ ਵਿਚ ਲਿਖਿਆ ਹੈ:

ਗੁਰੂ ਜੀ ਦਾ ਬੀ ਏਹੋ ਹੁਕਮ ਹੈ ਜੋ ਅਠਾਰਾਂ ਬਰਸਾਂ ਦੀ ਲੜਕੀ, ਬੀਸ ਬਰਸ ਕਾ ਲੜਕਾ ਹੋਵੇ ਤਾਂ ਬਿਆਹ ਕਰਨਾ, ਉਰੇ ਨਹੀਂ ਕਰਨਾ। ਓਹ ਹੁਕਮ ਗੁਰੂ ਜੀ ਨੇ ਏਸ਼ੇ ਸੰਤ ਖਾਲਸੇ ਦੇ ਵਾਸਤੇ ਲਿਖਾ ਹੈ। ਸੋ ਜੇ ਅਸੀਂ ਨਹੀਂ ਮੰਨਾਂਗੇ ਤਾਂ ਹੋਰ ਕੌਣ ਮਨੂੰਗਾ ਗੁਰੂ ਦਾ ਹੁਕਮ? ਭਾਮੇ ਤੁਸੀਂ ਦੇਖ ਲਊ ਪ੍ਰੇਮ ਸੁਮਾਰਗ ਮੇਂ ਲਿਖਾਂ ਹੈ। ਅਗੇ ਸਾਨੂੰ ਖਵਰ ਨਹੀਂ ਸੀ ਏਸ ਹੁਕਮ ਦੀ, ਤਾਂ ਥੋੜ੍ਹਿਆਂ ਮਹੀਨਿਆਂ ਦੀਆਂ ਕੁੜੀਆਂ ਲੋਕ ਬਿਆਹ ਦੇਂਦੇ ਥੇ। (ਹੁਕਮਨਾਮਾ 23)

ਮਾਲੂਮ ਹੁੰਦਾ ਹੈ, ਰੰਗੂਨ ਵਿਖੇ ਰਹਿੰਦਿਆਂ ਸਤਿਗੁਰੂ ਜੀ ਨੂੰ ਪੜ੍ਹਨ-ਪੜ੍ਹਾਨ ਲਈ ਗ੍ਰੰਥ ਉਪਲਬਧ ਹੁੰਦੇ ਰਹੇ। ਉਹਨੀਂ ਹੀ ਦਿਨੀਂ ਪ੍ਰੇਮ ਸੁਮਾਰਗ ਵੀ ਪੜ੍ਹਿਆ। ਉਹਨਾਂ ਨੇ ਇਹ ਸੰਕੇਤ ਵੀ ਦਿੱਤਾ ਜਿਸ ਤੋਂ ਪਹਿਲਾਂ ਸਾਨੂੰ ਖ਼ਬਰ ਨਹੀਂ ਸੀ। ਇਸੇ ਲਈ ਪੰਦਰਾਂ ਸਾਲ ਦੀ ਉਮਰ ਦੀ ਲੜਕੀ ਦੀ ਗੱਲ ਲਿਖੀ ਸੀ। ਹੁਣ ਇਹ ਗੱਲ ਪ੍ਰੇਮ ਸੁਮਾਰਗ ਨੇ ਸਪੱਸ਼ਟ ਕਰ ਦਿੱਤੀ ਹੈ। ਇਹ ਗੁਰੂ ਦਾ ਹੁਕਮ ਹੈ ਤੇ ਸਾਨੂੰ ਸਭ ਨੂੰ ਮੰਨਣਾ ਚਾਹੀਦਾ ਹੈ।

ਇਕ ਗੱਲ ਹੋਰ ਅਜਿਹਾ ਕੁਕਰਮ ਕਰਨ ਕਰਕੇ ਸਮਾਜ ਵਿਚ ਭੈੜੇ ਨਤੀਜੇ ਨਿਕਲਦੇ ਹਨ। ਇਹ ਨਤੀਜੇ ਅੱਗੋ ਕਿਥੋਂ ਤਕ ਨੁਕਸਾਨ ਕਰਦੇ ਹਨ ਉਹਨਾਂ ਦੀ ਤਫ਼ਸੀਲ ਵੀ ਨਾਲ ਲਿਖੀ ਹੈ ਤਾਂ ਜੁ ਸਾਰਾ ਮੁੱਦਾ ਸਹੀ ਤਰ੍ਹਾਂ ਲੋਕਾਂ ਦੇ ਧਿਆਨ-ਗੋਚਰ ਹੋ ਜਾਏ :

> ਹੋਰੁ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਛਟਾ ਕਰਨੇ ਦਾ ਬਡਾ ਪਾਪ ਹੈ। ਜੋ ਮਾਰਨੇ ਦਾ ਏਹੁ ਪਾਪ ਹੈ ਜੋ ਲੜਕੀਆਂ ਮੈਂ ਬਹੁਤ ਹੀ ਗੁਣ ਹੈਨ। ਅਨੇਕ ਤਰ੍ਹਾ ਦੇ ਸੁਖ ਦਿੰਦੀਆਂ ਹੈਨ ਇਸਤਰੀਆਂ ਜਾਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਬੀ ਬੜਾ ਪਾਪ ਹੈ ਅਰੁ ਬੇਟੇ ਕਰਨੇ ਤੇ ਦੰਮ ਲੈਣੇ ਤੇ ਕੁੜੀ ਕੋ ਬਰ ਅੱਛਾ ਨਹੀਂ ਮਿਲਦਾ, ਕੋ ਬੁੱਢਾ ਕਿ ਸੋਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਿਰ ਟਿਕਾਊ ਨਹੀਂ ਰਹਿੰਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਤੇ ਨਾਲੇ ਬਿਭਿਚਾਰਨੀ ਹੋਇ ਜਾਂਦੀ ਹੈ। ਬਹੁਤੇ ਥਾਈਂ ਖਰਾਬ ਹੁੰਦੀ ਰਹਿੰਦੀ ਹੈ। ਇਹ ਸਾਰਾ ਪਾਪੁ ਮਾਪਿਆਂ ਕੋ ਲਗਦਾ ਹੈ। (ਹੁਕਮਨਾਮਾ 28)

ਜਦੋਂ ਵਰ ਠੀਕ ਨਹੀਂ ਹੁੰਦਾ ਤਾਂ ਉਸ ਦੇ ਭੈੜੇ ਨਤੀਜੇ ਨਿਕਲਦੇ ਹਨ। ਦੋ ਤਰ੍ਹਾਂ ਦੇ ਵਰ ਸਮਾਜ ਵਿਚ ਦੁਰਾਚਾਰ ਨੂੰ ਫੈਲਾਉਂਦੇ ਹਨ। ਪਹਿਲਾ ਬੁੱਢਾ, ਦੂਜਾ ਅਸੁੰਦਰ। ਇਹੋ ਜਿਹੇ ਬੰਦਿਆਂ ਦੀਆਂ ਤੀਵੀਆਂ ਵਿਭਚਾਰ ਦਾ ਕਾਰਨ ਬਣ ਜਾਂਦੀਆਂ ਹਨ। ਸਤਿਗੁਰੂ ਜੀ ਮਾਪਿਆਂ ਨੂੰ ਇਸ ਪਾਪ ਤੋਂ ਸੁਚੇਤ ਕਰਦੇ ਹਨ। ਦਰਅਸਲ, ਇਹ ਬੇਟੇ ਦਾ ਸਾਕ ਜਾਂ ਦੰਮ ਲੈਣ ਦੇ ਸਾਕ ਦੋਵੇਂ ਹੀ ਮਾਇਕ ਮਜ਼ਬੂਰੀ ਵਿਚੋਂ ਪੈਦਾ ਹੁੰਦੇ ਹਨ। ਖਬਰੇ ਤਾਹੀਉਂ ਸਤਿਗੁਰਾਂ ਨੇ ਨਾਮਧਾਰੀ ਸਮਾਜ ਵਿਚ ਸਮੂਹਿਕ ਆਨੰਦ ਕਾਰਜ ਨੂੰ ਪ੍ਰਚਲਿਤ ਕੀਤਾ। ਬਸ : ਧਰਮ ਦੁਆਰੇ ਘਰੋਂ ਨਹਾ ਧੋ ਕੇ ਜਾਉ ਤੇ ਅਨੰਦ ਕਾਰਜ ਕਰਾ ਕੇ ਘਰ ਨੂੰ ਚਲੇ ਜਾਉ। ਬਹੁਤ ਹੀ ਮਾਡਰਨ ਖ਼ਿਆਲ ਹੈ। ਨਾ ਹਿੰਗ ਲੱਗੇ ਨਾ ਫਟਕੜੀ ਰੰਗ ਵੀ ਚੋਖਾ। ਸਤਿਗੁਰਾਂ ਨੇ ਨਾਮਧਾਰੀ ਸਮਾਜ ਵਿਚ ਆਨੰਦ ਕਾਰਜ ਉੱਪਰ ਖ਼ਾਸ ਸਖਤਾਈ ਰੱਖੀ ਜਿਸ ਕਰਕੇ ਇਹ ਪਰੰਪਰਾ ਅੱਜ ਵੀ ਆਪਣੇ ਪੱਕੇ ਪੈਰੀਂ ਚੱਲ ਰਹੀ ਹੈ। ਅੱਜ ਵੀ ਜੋੜੇ ਸਤਿਗੁਰਾਂ ਦੀ ਹਾਜ਼ਰੀ ਵਿਚ ਨਿਰਮਲ ਬਾਣੇ ਪਾ ਕੇ ਹਾਜ਼ਿਰ ਹੋ ਜਾਂਦੇ ਹਨ ਤੇ ਸਤਿਗੁਰਾਂ ਦੀ ਬਖਸ਼ਿਸ਼ ਲੈ ਕੇ ਆਨੰਦਕਾਰਜ ਉੱਪਰ ਮੋਹਰ ਲੁਆਉਂਦੇ ਹਨ।

ਸਤਿਗੁਰੂ ਜੀ ਨੇ ਜਿਥੇ ਸਮਾਜ ਨੂੰ ਅੰਦਰ ਖਾਤੇ ਵਾਪਰਨ ਵਾਲੇ ਵਿਭਚਾਰ ਤੋਂ ਸੁਚੇਤ ਕੀਤਾ ਉਥੇ ਮਰਦ ਸਮਾਜ ਨੂੰ ਹੋਛੀ ਮਰਦਾਨਗੀ ਤੋਂ ਵੀ ਆਗਾਹ ਕੀਤਾ। ਪੈਸੇ ਵਾਲੇ ਬੰਦੇ ਫੋਕੀ ਸ਼ਾਨ ਨੂੰ ਪੈਸੇ ਦਾ ਵਖਾਲਾ ਕਰਨ ਲਈ ਰੰਡੀਬਾਜ਼ੀ ਵੀ ਕਰਦੇ ਸਨ। ਇਸ ਨਾਲ ਇਨਸਾਨੀਅਤ ਦਾ ਖ਼ੂਨ ਵੀ ਹੁੰਦਾ ਤੇ ਸ਼ਰਾਫਤ ਵੀ ਘਟਦੀ ਹੈ। ਆਮ ਬੰਦੇ ਦੇ ਵਿਚਾਰਾਂ ਉੱਤੇ ਮਾੜਾ ਪ੍ਰਭਾਵ ਪੈਂਦਾ ਹੈ। ਕਿਸੇ ਸਿੱਖ ਨੂੰ ਸਿੱਖਿਆ ਦਿੰਦੇ ਉਹ ਲਿਖਦੇ ਹਨ :

Sri Satguru Jagjit Singh Ji Elibrary NamdhariElibrary@gmail.com

ਹੋਰੁ ਭਾਈ ਮੀਹਾਂ ਸਿੰਘ ਤੋਂ ਇਹ ਬਾਤ ਹੱਛੀ ਨਾ ਕੀਤੀ ਜੋ ਰੰਡੀ ਦਾ ਸੰਗ ਕੀਤਾ ਤੂੰ ਘਰ ਰਹਿੰਦਾ ਤੈਨੂੰ ਕੀ ਘਾਟ ਥੀਂ। ਰੰਡੀ ਦੇ ਸੰਗਿ ਤੇ ਇਕ ਤਾ ਸਰੀਰ ਨੂੰ ਦੁਖ ਲਗ ਜਾਂਦਾ ਹੈ। ਦੂਜਾ ਪੈਸਾ ਬਰਬਾਦ ਜਾਂਦਾ ਹੈ। ਤੀਆ ਧਰਮ ਜਾਂਦਾ ਹੈ। ਚੌਥਾ ਲੋਕਾ ਮੈਂ ਬਹੁਤ ਭੰਡੀ ਹੁੰਦੀ ਹੈ। ਅਰੁ ਬੇਸਵਾ ਲੋਕ ਜੋ ਹੈਨ ਇਨਕੇ ਪਾਸ ਭੰਗੀ ਮੁਸਲਾ ਸਭ ਆਉਂਦੇ ਹੈਨ।

ਅਰੁ ਜੇ ਤੂ ਘਰ ਗਿਆ, ਘਰ ਮੇ ਘਰ ਦੀ ਸਿੱਖਣੀ ਸਾਥ ਸਪਰਸ਼ ਹੋਆ ਤਾ ਉਸ ਨੂੰ ਬੀ ਬਿਮਾਰੀ ਹੋਇ ਜਾਊ, ਜੇ ਨਾ ਕੀਤਾ ਤਾ ਬੀ ਦੋਸ ਹੈ। ਜੇ ਕੀਤਾ ਤਾ ਉਸ ਨੂੰ ਬਿਮਾਰੀ ਹੋਇ ਗਈ ਤਾ ਬੀ ਬਡਾ ਗਜ਼ਬ ਹੈ। ਤੇ ਬਡੀ ਗਾਫਲੀ ਕੀਤੀ, ਏਸ ਬਾਤਿ ਦੀ ਹਰ ਤਰ੍ਹਾਂ ਸੇ ਲਚਾਰੀ ਹੈ। (ਹੁਕਮਨਾਮਾ 49)

ਜ਼ਾਹਿਰ ਹੈ, ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਨਾਰੀ ਸਨਮਾਨ ਦੀ ਗੱਲ ਕੀਤੀ, ਉਥੇ ਨਾਰੀ-ਸਥਾਨ ਦੀ ਵੀ। ਨਾਰੀ ਦਾ ਸਥਾਨ ਸਮਾਜ ਵਿਚ ਮੂਲ ਮਹੱਤਵ ਦਾ ਅਧਿਕਾਰੀ ਹੈ। ਉਹ ਸਮਾਜ ਦੀ ਬੁਨਿਆਦੀ ਇਕਾਈ ਹੈ। ਉਸ ਨੂੰ ਸਮਾਜ ਵਿਚ ਦੁਜੈਲਾ ਸਥਾਨ ਦੇਣ ਵਾਲੇ ਪਾਪ ਦੇ ਅਧਿਕਾਰੀ ਹਨ। ਸਤਿਗੁਰਾਂ ਨੇ ਨਾਰੀ ਦੀ ਵਕਾਲਤ ਬਹੁਤ ਸਾਰੇ ਪਹਿਲੂਆਂ ਨੂੰ ਸਾਹਮਣੇ ਰੱਖ ਕੇ ਕੀਤੀ ਹੈ। ਨਾਰੀ ਦਾ ਵਰ, ਸੁਯੋਗ ਹੋਣਾ ਚਾਹੀਦਾ ਹੈ। ਉਹ ਕਿਸੇ ਡੰਗਰ ਜਾਂ ਢੋਰ ਵਾਂਗ ਵੇਚੀ ਨਾ ਜਾਏ। ਬੇਜ਼ਬਾਨ ਵਾਂਗ ਉਸਦਾ ਵਟਾ ਨਾ ਕੀਤਾ ਜਾਏ। ਉਸ ਨੂੰ ਤਿਆਗ ਕੇ ਪਰ ਨਾਰੀ ਵੱਲ ਜਾਣ ਦੇ ਨੁਕਸਾਨ ਤੋਂ ਸਤਿਗੁਰਾਂ ਨੇ ਭਰਪੂਰ ਚਿਤਾਵਨੀ ਦਿੱਤੀ ਹੈ। ਇਸੇ ਤੋਂ ਇਹ ਟੋਹ ਮਿਲਦੀ ਹੈ, ਨਾਮਧਾਰੀ ਸਮਾਜ ਵਿਚ ਨਾਰੀਵਾਦੀ ਚੇਤਨਾ ਹੀ ਪੁਰਜ਼ੋਰ ਅਪੀਲ ਹੋਈ ਹੈ। ਘਰ ਸ਼ਾਦੀ ਤੋਂ ਇਲਾਵਾ ਵੇਸਵਾਗਮਨ ਆਦਿ ਦੇ ਭਿਆਨਕ ਨਤੀਜਿਆਂ ਤੋਂ ਖ਼ਬਰਦਾਰ ਕੀਤਾ ਗਿਆ ਹੈ।

**ਬੀਬੀਆਂ ਪ੍ਰਤੀ ਆਦਰ**

ਸਤਿਗੁਰਾਂ ਨੇ ਜਿਥੇ ਬੀਬੀਆਂ ਨੂੰ ਸਮਾਜ ਦੀ ਬੁਨਿਆਦੀ ਇਕਾਈ ਆਂਕ ਕੇ ਉਸ ਨਾਲ ਜੁੜੀਆਂ ਅਨੇਕ ਮੁੱਖ ਬੁਰਾਈਆਂ ਤੋਂ ਹਟਕਿਆ ਹੈ ਉਥੇ ਉਸ ਨੂੰ ਖ਼ੁਦ ਆਪ ਬਹੁਤ ਆਦਰ ਦਿੱਤਾ ਹੈ। ਆਪ ਭਾਵੇਂ ਉਹ ਰੰਗੂਨ ਵਿਚ ਸਨ ਪਰ ਉਥੋਂ ਵੀ ਵੱਡੀ ਆਦਰ ਭਾਵਨਾ ਭੇਜਦੇ ਰਹੇ :

(ੳ) ਮਾਈ ਦਾਖਾਂ ਨੂੰ ਮੇਰਾ ਮੱਥਾ ਟੇਕਣਾ ਬਹੁਤ ਕਰਕੇ (ਪੰਨਾ. 135)
(ਅ) ਮਾਈਆਂ ਬੀਬੀਆਂ ਨੂੰ ਰਾਮ ਸਤਿ ਬਾਚਣੀ (ਪੰਨਾ. 142)
(ੲ) ਉਤਮੀ ਨੂੰ ਵੀ ਆਦਰ ਦੇਣਾ (ਪੰਨਾ. 217)
(ਸ) ਜੀਉਣੀ ਪ੍ਰਤਾਪੀ ਬਿਛਨੀ ਏਨ੍ਹਾਂ ਨੂੰ ਮੇਰੀ ਰਾਮ ਸਤਿ ਬਾਚਣੀ (ਪੰਨਾ. 289)
(ਹ) ਸੰਬੂਹਿ ਮਾਈ ਬੀਬੀਆਂ ਕੋ ਰਾਮ ਸਤਿ ਬੁਲਾਣੀ ਬਾਚਣੀ (ਪੰਨਾ. 291)
(ਕ) ਦਇਆ ਕੌਰ ਨੂੰ ਵੀ ਮੇਰੀ ਰਾਮਸਤਿ ਬਾਚਣੀ (ਪੰਨਾ. 343)

(ਖ) ਹੋਰ ਤਾਂ ਭੋਗ ਬਹੁਤ ਪਾਏ ਹਨ ਪਰ ਕੋਈ ਭੋਗ ਬੇਬੇ (ਮਾਤਾ ਸਦਾ ਕੌਰ) ਦੇ ਨਮਿਤ ਨਹੀਂ ਪਾਇਆ ਹੈ, ਸੋ ਤੈ ਇਹੁ ਬੀ ਕੰਮ ਕਰਨਾ। ਮਾਈ ਦੇ ਨਮਿਤ ਪੰਜ ਭੋਗ ਪਾ ਦੇਣੇ, ਕੁਛ ਕਪੜਾ ਲੀੜਾ ਭੀ ਦੇ ਦੇਣਾ। ਸਾਡੀ ਤਿਆਗੀ ਥੀ ਵਿਚੇ ਹੀ ਏਹੁ ਭਾਣਾ ਵਰਤ ਗਿਆ। ਮੰਗਤੇ ਲੋਕਾਂ ਨੂੰ ਜਥਾ ਸਕਤਿ ਜੋ ਬਣਿ ਆਵੈ ਸੋ ਦੇਣਾ। ਇਹ ਪ੍ਰਿਥਮੀ ਤਾਂ ਪ੍ਰਮੇਸਰ ਦੇ ਰਜਾਉਣ ਦੀ ਹੈ। ਮਨੁੱਖ ਦੇ ਰਜਾਉਣ ਦੀ ਨਹੀਂ ਹੈ। ਤੂੰ ਜਥਾ ਸਕਤਿ ਵਰਤੀ ਜੋ ਪੁਜਿ ਆਵੈ। (ਪੰਨਾ. 193-94)

(ਗ) ਹੋਰ ਬੀਬੀ ਨੰਦਾ (ਸਤਿਗੁਰੂ ਰਾਮ ਸਿੰਘ ਦੀ ਪੁੱਤਰੀ) ਉਤਮੀ (ਪਿੰਡ ਦੀ ਰਹਿਣ ਵਾਲੀ ਇਕ ਬੀਬੀ) ਕਾ ਆਦਰ ਰੱਖਣਾ, ਲੀੜਾ ਕੱਪੜਾ ਬੀ ਕੁਸ ਦੇਵਨਾ ਉਤਮੀ ਭੀ ਭਜਨ ਬਾਣੀ ਕੀ ਮੂਰਤ ਹੈ। ਉਤਮੀ ਤੈ ਵੀ ਭਜਨ ਬਾਣੀ ਕਰਦੇ ਰਹਿਣਾ ਰਾਤ ਦਿਨ, ਕਿਤੇ ਆਵਾਗਵਨ ਫਿਰਨਾ ਨਹੀਂ (ਪੰਨਾ. 532)

ਇਹਨਾਂ ਹੁਕਮਨਾਮਿਆਂ ਤੋਂ ਇਹ ਤੱਥ ਪ੍ਰਗਟ ਹੋ ਜਾਂਦਾ ਹੈ ਸਤਿਗੁਰੂ ਜੀ ਜਿਥੇ ਬੀਬੀਆਂ ਨੂੰ ਆਦਰ-ਮਾਣ ਦਿੰਦੇ ਸਨ ਉਥੇ ਦੂਜਿਆਂ ਨੂੰ ਵੀ ਇਹਨਾਂ ਦਾ ਸਤਿਕਾਰ ਕਰਨ ਲਈ ਪ੍ਰੇਰਦੇ ਸਨ। 'ਖ' ਅਤੇ 'ਗ' ਹੁਕਮਨਾਮਿਆਂ ਤੋਂ ਇਹ ਵਿਦਿਤ ਹੋ ਜਾਂਦਾ ਹੈ ਆਪਣੀ ਮਾਤਾ ਦਾ ਸਤਿਗੁਰਾਂ ਦੇ ਮਨ ਵਿਚ ਕਿਤਨਾ ਸਤਿਕਾਰ ਸੀ। ਉਹਨਾਂ ਦੇ ਕਲਿਆਣ ਲਈ ਪੰਜ ਗੁਰੂ ਗ੍ਰੰਥ ਸਾਹਿਬ ਦੇ ਪਾਠ, ਕੱਪੜਾ ਲੀੜਾ ਹੋਰ ਯਥਾ ਸ਼ਕਤ ਜੋ ਬਣ ਆਵੇ ਸੋ ਦੇਣਾ। ਏਸੇ ਤਰ੍ਹਾਂ ਆਪਣੀ ਸਪੁੱਤਰੀ ਨੂੰ ਬੀਬੀ ਉਤਮੀ ਜੋ ਭਜਨ ਬਾਣੀ ਦੀ ਮੂਰਤ ਅਥਵਾ ਉਚੇਰੀ ਸੁਰਤ ਵਾਲੀ ਬੀਬੀ ਹੈ, ਉਸਦੀ ਸੇਵਾ ਕਰਨ ਲਈ, ਉਸਦਾ ਆਦਰ ਕਰਨ ਲਈ ਸਿੱਖਿਆ ਦੇਂਦੇ ਹਨ। ਨਾਲ ਹੀ, ਬੀਬੀ ਉੱਤਮੀ ਨੂੰ ਵੀ ਬਾਣੀ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦੇਂਦੇ ਹਨ। ਇਥੋਂ ਉਹਨਾਂ ਦੇ ਮਨ ਵਿਚ ਵਸਦੀ ਪਿਆਰ-ਭਾਵਨਾ ਜੋ ਆਮ ਲੁਕਾਈ ਗਈ ਹੈ, ਜੋ ਬੀਬੀਆਂ ਲਈ ਹੈ, ਜੋ ਆਪਣੀਆਂ ਰਿਸ਼ਤੇਦਾਰ ਬੀਬੀਆਂ ਲਈ ਹੈ, ਆਪਣੀ ਸ਼ਰਧਾਲੂ ਬੀਬੀ ਲਈ ਹੈ ਦਾ ਦੀਦਾਰ ਹੁੰਦਾ ਹੈ। ਸੁੱਚੇ ਮਨ ਸੁੱਚਤਾ-ਉੱਚਤਾ ਨੂੰ ਪੂਜਦੇ ਹਨ। ਸਲਾਹੁੰਦੇ ਹਨ। ਆਦਰ ਦੇਂਦੇ ਹਨ। ਸਚਮੁਚ ਹੀ ਸਤਿਗੁਰਾਂ ਨੇ ਬੀਬੀਆਂ ਨੂੰ ਬਹੁਤ ਉੱਚਾ ਮਰਾਤਬਾ ਬਖਸ਼ਿਆ।

**ਬੀਬੀਆਂ ਪ੍ਰਤੀ ਉਪਦੇਸ਼**

ਸਤਿਗੁਰੂ ਜੀ ਨੇ ਜਿਥੇ ਸਮਾਜ ਵਿਚ ਨਾਰੀ-ਸਥਿਤੀ ਨੂੰ ਚੁੱਕਿਆ, ਉਸਦੀ ਮਾਣ ਮਰਿਯਾਦਾ ਕਾਇਮ ਕਰਵਾਈ, ਉਸ ਦੇ ਆਦਰ ਮਾਣ ਨੂੰ ਬਹੁਤ ਵੱਡਾ ਸਥਾਨ ਦਿੱਤਾ। ਉਥੇ ਉਸ ਨੂੰ ਵੀ ਉਪਦੇਸ਼ ਦਿੱਤਾ। ਉਸ ਦੇ ਮਾਪਿਆਂ ਨੂੰ ਵੀ ਇਹ ਉਪਦੇਸ਼ ਦ੍ਰਿੜ ਕਰਵਾਇਆ। ਉਹਨਾਂ ਦੇ ਉਪਦੇਸ਼ ਦਾ ਮੁੱਖ ਬਲ ਬਾਣੀ ਕੰਠ ਕਰਨ ਉੱਪਰ ਸੀ। ਬਾਣੀ ਕੰਠ ਤਾਂ ਹੀ ਹੋ ਸਕਦੀ ਸੀ ਜੇ ਗੁਰਬਾਣੀ ਨੂੰ ਪੜ੍ਹਨਾ ਆਉਂਦਾ ਹੋਵੇ। ਇਸ ਲਈ ਅੱਖਰ ਪੜ੍ਹਨ-ਪੜ੍ਹਾਉਣ ਉੱਪਰ ਬਾਰੰਬਾਰ ਜ਼ੋਰ ਦਿੱਤਾ। ਬੀਬੀਆਂ ਨੂੰ ਸਿੱਧਾ ਉਪਦੇਸ਼ ਵੀ ਦਿੱਤਾ ਤੇ ਉਹਨਾਂ ਦੇ ਵਾਰਿਸਾਂ ਨੂੰ ਵੀ ਅੱਖਰ ਪੜ੍ਹਾਉਣ ਲਈ ਦ੍ਰਿੜ ਕਰਵਾਇਆ:

(ੳ) ਬਾਣੀ ਸਭ ਨੇ ਕੰਠ ਕਰਨੀ ਜ਼ਨਾਨੇ ਮਰਦਾਨੇ ਨੇ (ਪੰਨਾ. 117)
(ਅ) ਜ਼ਨਾਨੇ ਮਰਦਾਨੇ ਜ਼ਰੂਰ ਬਾਣੀ ਕੰਠ ਕਰਨੀ (ਪੰਨਾ. 180)
(ੲ) ਲੜਕੀ ਲੜਕੇ ਨੂੰ ਅੱਖਰ ਪੜ੍ਹਾਉਣੇ (ਪੰਨਾ. 181)
(ਸ) ਸਭ ਨੂੰ ਕੁੜੀ ਮੁੰਡੇ ਨੂੰ ਅੱਖਰ ਪੜਾਇ ਦੇਣੇ ਗੁਰਮੁਖੀ (ਪੰਨਾ. 199)
(ਹ) ਆਸਾ ਦੀ ਵਾਰ ਸਭ ਕੰਠ ਕਰਨ ਜ਼ਨਾਨੇ ਮਰਦਾਨੇ (ਪੰਨਾ. 210)
(ਕ) ਬੀਬੀਆਂ ਨੂੰ ਅੱਖਰ ਪੜ੍ਹਾ ਦੇਣੇ ਸਭ ਨੂੰ (ਪੰਨਾ. 215)
(ਖ) ਅਰੁ ਬਾਣੀ ਸਭ ਕੰਠ ਕਰਨ, ਜ਼ਨਾਨੇ ਮਰਦਾਨੇ ਨੇ (ਪੰਨਾ. 216)
(ਗ) ਕੁੜੀ, ਮੁੰਡਾ, ਬੁੱਢਾ ਬਾਲਾ ਸਭ ਪਾਠ ਕਰੋ (ਪੰਨਾ. 237)
(ਘ) ਬੀਬੀ ਨੰਦਾ ਲਟਕੀਆਂ ਨੂੰ ਬਹੂਆਂ ਨੂੰ ਬੀ ਅੱਖਰ ਪੜ੍ਹਾ ਦੇਵੇ, ਬਾਣੀ ਕੰਠ ਕਰਾ ਦੇਣੀ ਅਰ ਪਿਛਲੀ ਰਾਤ ਸਭੀ ਇਸਨਾਨ ਕਰਕੇ ਭਜਨ ਕੀਤਾ ਕਰੋ (ਪੰਨਾ. 242)
(ਙ) ਅਰੁ ਲੜਕੇ ਲੜਕੀਆਂ ਨੂੰ ਅੱਖਰ ਪੜਾਵਨੇ ਪਹਲਾ ਹੌਂਢ ਔਂਦੀ ਦੇ ਨਾਲ (ਪੰਨਾ 270)
(ਚ) ਕੁੜੀਆਂ ਮੁੰਡਿਆਂ ਨੂੰ ਅੱਖਰ ਪੜਾਇ ਦੇਣੇ (ਪੰਨਾ. 282, 294)
(ਛ) ਮਾਈ ਬੀਬੀ ਸਭ ਨੇ ਬਾਣੀ ਕੰਠ ਕਰਨੀ (ਪੰਨਾ. 327)
(ਜ) ਹੋਰ ਭਾਈ ਲੜਕੀਆਂ ਦੇ ਅਨੰਦ ਪੜਾਇ ਦੇਓ ਕੋਈ ਸਿੰਘ ਭੀ ਹੋਣ, ਰਿਜਕ ਪਾਣੀ ਬੀ ਚੰਗਾ ਹੋਵੇ, ਸਤਿ ਸੰਗੀ ਹੋਣ (ਪੰਨਾ. 228)
(ਝ) ਹੋਰ ਮਾਈ ਤੂ ਆਖਦੀ ਹੈ ਕਿ ਮੈਨੂੰ ਖੰਗ ਹੋਇ ਗਈ ਹੈ, ਸੋ ਤੂੰ ਮਾਈ ਭਜਨ ਕਰਿਆ ਕਰ। ਭਜਨ ਤੇ ਬਿਨਾ ਰੋਗ ਸੋਗ ਲਗੇ ਰਹਿੰਦੇ ਹਨ (ਪੰਨਾ. 335)
(ਞ) ਹੋਰ ਜੁਆਲਾ ਦੇਈ ਤੈ ਭਜਨ ਬਾਣੀ ਕਰਨਾ ਰਾਤ ਦਿਨੇ। ਗ੍ਰੰਥ ਸਾਹਿਬ ਦਾ ਪਾਠ ਬੀ ਕੀਤਾ ਕਰ ਹਮੇਸ਼ਾ, ਮਾਲਾ ਬੀ ਫੇਰਿਆ ਕਰ ਥੋੜੀ ਬਹੁਤ। ਏਹੁ ਲਾਭ ਹੈ ਮਨਖਾ ਸਰੀਰ ਕੇ ਜਨਮ ਦਾ। ਦੇਹਾ ਦਾ ਤਾ ਮੇਲਾ ਕੋਈ ਦਿਨ ਦਾ ਹੈ (ਪੰਨਾ. 341)

ਉੱਪਰ ਅੰਕਿਤ ਹੁਕਮਨਾਮਿਆਂ ਦੇ ਪਦ-ਅੰਸ਼ਾਂ ਤੋਂ ਇਹ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਸਤਿਗੁਰਾਂ ਦੀ ਨਜ਼ਰ ਵਿਚ ਜਿਥੇ ਲੋਕ ਸੀ ਉਥੇ ਪਰਲੋਕ ਵੀ ਸੀ। ਬੀਬੀਆਂ ਦੀ ਸਮਾਜਿਕ ਵਿਵਸਥਾ ਜੇ ਉੱਚੀ ਹੋਣੀ ਚਾਹੀਦੀ ਹੈ ਤਾਂ ਉਹਨਾਂ ਦੀ ਆਤਮਿਕ ਅਵਸਥਾ ਵੀ ਉਚੇਰੀ ਹੋਣੀ ਚਾਹੀਦੀ ਹੈ। ਇਹਨਾਂ ਪਾਠ-ਅੰਸ਼ਾਂ ਵਿਚ ਬਾਣੀ ਕੰਠ ਕਰਨੀ, ਅੱਖਰ ਸਿੱਖਣੇ, ਹਰ ਮਾਈ ਭਾਈ ਲਈ ਲਾਜ਼ਮੀ ਹੈ। ਅੱਖਰ ਪੜ੍ਹੇ ਬਿਨ੍ਹਾਂ, ਬਾਣੀ ਪੜ੍ਹੀ ਨਹੀਂ ਜਾਣੀ, ਬਾਣੀ ਕੰਠ ਕੀਤੇ ਬਿਨ੍ਹਾਂ ਬਾਣੀ ਦਾ ਪੂਰਾ ਰਸ ਨਹੀਂ ਆਉਣਾ, ਅਰਥ ਸਮਝੇ ਬਿਨ੍ਹਾਂ ਰੂਹਾਨੀ ਰਮਜ਼ਾਂ ਪਿੱਛੇ ਰਹਿ ਜਾਂਦੀਆਂ ਹਨ। ਸਾਫ਼ ਹੈ, ਸਤਿਗੁਰੂ ਜੀ ਦੇ ਉਪਦੇਸ਼ ਦੇ ਪਾਤਰ ਜੇ ਪੁਰਖ ਹਨ ਤਾਂ ਬੀਬੀਆਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਗਿਆ। ਕੁਲ ਮਿਲਾ ਕੇ, ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੇ ਆਧਾਰ

Sri Satguru Jagjit Singh Ji Elibrary NamdhariElibrary@gmail com

'ਤੇ ਜੇ ਨਾਮਧਾਰੀ ਨਾਰੀ ਚੇਤਨਾ ਦਾ ਅਧਿਐਨ ਕਰੀਏ ਤਾਂ ਤਿੰਨ ਬੜੇ ਅਹਿਮ ਨੁਕਤੇ ਸਾਹਮਣੇ ਆਉਂਦੇ ਹਨ :

(ੳ) ਨਾਰੀ ਉੱਥਾਨ

(ਅ) ਨਾਰੀ ਪ੍ਰਤੀ ਆਦ

(ੲ) ਨਾਰੀ ਪ੍ਰਤੀ ਉਪਦੇਸ਼

ਇਹ ਸਾਰੇ ਨੁਕਤੇ ਹੁਕਮਨਾਮਿਆਂ ਵਿਚ ਉਭਰੇ ਹਨ ਤੇ ਇਹ ਵੀ ਸੱਚ ਹੈ ਕਿ ਇਹ ਸਾਰੇ ਹੁਕਮਨਾਮੇ ਸਤਿਗੁਰੂ ਜੀ ਦੇ ਹਨ। ਇਹ ਆਪਣੇ ਅਸਲੇ ਵਿਚ ਪ੍ਰਮਾਣਿਕ ਹਨ ਤੇ ਇਥੋਂ ਹੀ ਨਾਮਧਾਰੀ ਨਾਰੀਵਾਦ ਦੀ ਚੇਤਨਾ ਦੀ ਥਾਹ ਪਾਈ ਜਾ ਸਕਦੀ ਹੈ। ਸਤਿਗੁਰੂ ਜੀ ਦੀ ਨਜ਼ਰ ਵਿਚ ਸਮਾਜਿਕ ਨਰੋਈਆਂ ਕਦਰਾਂ-ਕੀਮਤਾਂ ਉਤਨੀ ਦੇਰ ਪੈਦਾ ਨਹੀਂ ਹੋ ਸਕਦੀਆਂ ਜਿਤਨੀ ਦੇਰ ਸਮਾਜ ਵਿਚ ਨਾਰੀ ਨੂੰ ਸਾਂਵਾਂ ਸੰਤੁਲਿਤ ਸਥਾਨ ਨਹੀਂ ਪ੍ਰਾਪਤ ਹੁੰਦਾ। ਇਹਨਾਂ ਸਾਰੇ ਪੱਖਾਂ ਦੀ ਵਕਾਲਤ ਸਤਿਗੁਰਾਂ ਨੇ ਆਪ ਕੀਤੀ ਹੈ। ਬੀਬੀਆਂ ਪ੍ਰਤੀ ਆਦਰ ਭਾਵਨਾ ਰੱਖਣੀ ਚਾਹੀਦੀ ਹੈ। ਉਹ ਸਤਿਕਾਰ ਦੀਆਂ ਪਾਤਰ ਹਨ। ਪਰ ਗੁਰੂ ਜੀ ਦੀ ਨਜ਼ਰ ਵਿਚ ਬੀਬੀਆਂ ਨੂੰ ਵੀ ਰਾਹਨੁਮਾਈ ਦੀ ਲੋੜ ਹੈ। ਇਹ ਰਾਹਨੁਮਾਈ ਦਾ ਕਲੇਵਰ ਬਹੁਤ ਵਿਆਪਕ ਹੈ। ਲੋਕ ਤੋਂ ਲੈ ਕੇ ਪਰਲੋਕ ਤਕ। ਲੌਕਿਕਤਾ ਤੋਂ ਆਰੰਭ ਹੋ ਕੇ ਅਲੌਕਿਕਤਾ ਉੱਪਰ ਸਮਾਪਤ ਹੁੰਦਾ ਹੈ ਜਿਥੇ ਨਾਮ, ਬਾਣੀ ਭਜਨ, ਸੇਵਾ, ਗੁਰੂ ਗ੍ਰੰਥ ਸਾਹਿਬ ਦਾ ਪਾਠ, ਮਾਲਾ ਫੇਰਨੀ ਇਤਿਆਦਿ ਹੀ ਕਲਿਆਣ ਦੇ ਮਾਰਗ ਹਨ।

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਹੋਰਾਂ ਨੇ ਵੀ ਨਾਰੀ-ਉੱਥਾਨ ਬਾਰੇ ਸਮੇਂ ਸਮੇਂ ਕਦਮ ਉਠਾਏ। ਅੱਜ ਤਾਂ ਬੀਬੀਆਂ ਦੇ ਕੀਰਤਨੀ ਜਥੇ ਵੀ ਹਨ, ਬੀਬੀਆਂ ਸੂਬੇਦਾਰ ਵੀ ਹਨ ਤੇ ਬੀਬੀਆਂ ਦੀਆਂ ਕਾਨਫਰੰਸਾਂ ਵੀ ਹੋਈਆਂ ਹਨ। ਦਰਅਸਲ, ਜਿਹੜੇ ਪੂਰਨੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਾਏ ਉਹ ਨਾਮਧਾਰੀ ਸਮਾਜ ਵਿਚ ਘਰ ਕਰ ਗਏ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਤੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦੇ ਕਦਮ-ਚਿਹਨਾਂ ਉੱਪਰ ਚਲਦੇ ਹੋਏ ਨਾਮਧਾਰੀ ਸਮਾਜ ਨੂੰ ਅੱਗਿਉਂ ਅੱਗੇ ਤਰੱਕੀ ਦੇ ਰਾਹ ਉੱਤੇ ਤੋਰੀ ਜਾ ਰਹੇ ਹਨ। ਇਹ ਤਾਂ ਹੋਈ ਨਾਮਧਾਰੀ ਲਹਿਰ ਦੀ ਨਾਰੀ ਚੇਤਨਾ ਬਾਰੇ ਗੱਲ ਹੁਣ ਸਮਾਜ-ਵਿਕਾਸ ਦੇ ਯੋਗਦਾਨ ਬਾਰੇ ਵਿਚਾਰ ਕਰਨੀ ਸੰਗਤ ਹੈ।

**ਜੀਵਨ ਨਗਰ ਦਾ ਵਸਾਉਣਾ**

ਮਹਾਂਪੁਰਖ ਪਾਰਦਰਸ਼ੀ ਦ੍ਰਿਸ਼ਟੀ ਵਾਲੇ ਹੁੰਦੇ ਹਨ। ਉਹ ਆਉਣ ਵਾਲੇ ਸਮੇਂ ਬਾਰੇ ਅਗਾਊਂ ਹੀ ਸੁਚੇਤ ਕਰਦੇ ਰਹਿੰਦੇ ਹਨ। ਨਾਲੇ ਪਰਉਪਕਾਰੀ ਸੰਤ ਜਨ ਸਾਧਾਰਣ ਸ਼ਰਧਾਲੂਆਂ ਦੀ ਹਰ ਪੱਖੋਂ ਰਾਹਨੁਮਾਈ ਵੀ ਸਮੇਂ ਸਮੇਂ ਕਰਦੇ ਆਏ ਹਨ। ਕੁਝ ਇਸੇ ਤਰ੍ਹਾਂ ਦਾ ਆਦਰਸ਼ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੈ। ਜੀਵਨ ਨਗਰ ਦੀ

ਧਰਤੀ ਦੀ ਚੋਣ ਤਾਂ ਕਹਿੰਦੇ ਹਨ, ਕਾਫ਼ੀ ਸਮਾਂ ਪਹਿਲਾਂ ਹੀ ਕਰ ਲਈ ਸੀ ਪਰ ਇਸ ਨੂੰ ਪੂਰੀ ਤਰ੍ਹਾਂ ਆਬਾਦ 1947 ਦੇ ਘੱਲੂਘਾਰੇ ਤੋਂ ਬਾਅਦ ਕੀਤਾ। ਪਾਕਿਸਤਾਨ ਤੋਂ ਆਏ ਅਮੀਰ-ਗ਼ਰੀਬ ਇਸ ਥਾਂ 'ਤੇ ਆਮਦ ਹੋਏ। ਸ੍ਰੀ ਜੀਵਨ ਨਗਰ ਵਸਾਉਣ ਦਾ ਉੱਦਮ ਸ੍ਰੀ ਸਤਿਗੁਰੂ ਜੀ ਦਾ ਨਿਵੇਕਲਾ ਨਹੀਂ ਸੀ ਸਗੋਂ ਇਹ ਆਦਰਸ਼ ਤਾਂ ਉਹਨਾਂ ਦੀ ਪਰੰਪਰਾ ਵਿਚ ਮੌਜੂਦ ਹੈ। ਗੁਰੂ ਸਾਹਿਬਾਨ ਨੇ ਵੀ ਆਪਣੇ ਜੀਵਨ ਕਾਲ ਵਿਚ ਕਰਤਾਰਪੁਰ, ਅੰਮ੍ਰਿਤਸਰ, ਤਰਨਤਾਰਨ, ਕੀਰਤਪੁਰ ਤੇ ਆਨੰਦਪੁਰ ਨਗਰ ਵਸਾਏ। ਇਸ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ, ਇਕੋ ਜਿਹੀ ਰਹਿਤ ਬਹਿਤ ਵਾਲੇ, ਇਕ ਆਦਰਸ਼ ਨੂੰ ਜੀਊਣ ਵਾਲੇ, ਇਕੋ ਤਰ੍ਹਾਂ ਦੇ ਵਿਚਾਰਾਂ ਵਾਲੇ ਜੇ ਇਕੱਠੇ ਰਹਿਣ ਤਾਂ ਸਮਾਜਿਕ ਤ੍ਰੇੜਾਂ ਘੱਟ ਆਉਣਗੀਆਂ। ਆਪਸੀ ਭਾਈਚਾਰਾ ਤੇ ਮਿਲਵਰਤਣ ਵਧਣ ਕਰਕੇ ਸਮਾਜ ਵਧੇਰੇ ਸਮਰੱਥ ਹੋਵੇਗਾ। ਦਿਲਾਂ ਵਿਚ ਪ੍ਰੇਮ-ਪਿਆਰ ਮਉਲੇਗਾ। ਦੁਖ-ਸੁਖ ਸਾਂਝੇ ਹੋਣ ਕਰਕੇ ਸਾਂਝੀਵਾਲਤਾ ਦੀ ਭਾਵਨਾ ਵਧੇਗੀ।

ਸ੍ਰੀ ਸਤਿਗੁਰੂ ਜੀ ਨੇ ਪਾਕਿਸਤਾਨੋਂ ਆਏ ਸ਼ਰਨਾਰਥੀਆਂ ਨੂੰ ਅਜਿਹੀ ਸੁੱਚਜਤਾ ਨਾਲ ਮੁੜ ਵਸੇਬਾ ਕਰਵਾਇਆ ਕਿ ਸਰਕਾਰੀ ਅਫ਼ਸਰ ਦੰਗ ਰਹਿ ਗਏ। ਇਕ ਗੱਲ ਖ਼ਾਸ ਜੋ ਇਸ ਜ਼ਮੀਨ ਵੰਡ ਵਿਚ ਨਜ਼ਰ ਆਉਂਦੀ ਹੈ, ਉਹ ਗ਼ਰੀਬ ਅਮੀਰ ਨਾਲ ਵਿਤਕਰਾ ਨਹੀਂ ਸੀ। ਸਗੋਂ ਗ਼ਰੀਬ ਦੀ ਹੈਸੀਅਤ ਸਾਧਨਾਂ ਨੂੰ ਧਿਆਨ ਵਿਚ ਰੱਖ ਕੇ ਉਹਨਾਂ ਨੂੰ ਜ਼ਮੀਨ ਪਿੰਡਾਂ ਦੇ ਨੇੜੇ ਖੂਹਾਂ ਦੇ ਕੋਲ ਦਿੱਤੀ ਗਈ ਜਦ ਕਿ ਅਮੀਰਾਂ ਨੂੰ ਕੁਝ ਬੇਆਬਾਦ ਤੇ ਕੁਝ ਆਬਾਦ ਪਿੰਡੋਂ ਰਤਾ ਦੂਰ ਦਿੱਤੀ। ਇਸ ਸੰਬੰਧ ਵਿਚ ਧਿਆਨਯੋਗ ਨੁਕਤਾ ਤਾਂ ਇਹ ਹੈ ਕਿ ਸਰਕਾਰੀ ਵੰਡ ਅੱਖਰ-ਕ੍ਰਮ ਅਨੁਸਾਰ ਸੀ। ਇਹ ਇਕ ਤਰ੍ਹਾਂ ਲਾਟਰੀ ਵਰਗੀ ਗੱਲ, ਜਿਹਦੀ ਜਿਹੜੀ ਨਿਕਲ ਆਈ। ਸ੍ਰੀ ਸਤਿਗੁਰੂ ਜੀ ਕਿਉਂਕਿ ਸੰਗਤ ਨੂੰ ਨੇੜਿਉਂ ਜਾਣਦੇ ਸਨ ਜੋ ਸਭ ਨੂੰ ਵਿਤ ਤੇ ਲੋੜ ਅਨੁਸਾਰ ਜ਼ਮੀਨ ਅਲਾਟ ਕਰ ਦਿੱਤੀ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਪਾਕਿਸਤਾਨ ਵਿਚ ਵੱਸਦੇ ਬੇਜ਼ਮੀਨ.ਅਨੇਕ ਗ਼ਰੀਬਾਂ ਨੂੰ ਜ਼ਮੀਨ ਅਲਾਟ ਕਰਕੇ ਉਹਨਾਂ ਦੇ ਜੀਵਨ ਨਿਰਬਾਹ ਦਾ ਪੱਕਾ ਵਸੀਲਾ ਬਣਾ ਦਿੱਤਾ। ਬੇਘਰੇ ਨੂੰ ਘਰ, ਬੇਆਸਰੇ ਨੂੰ ਆਸਰਾ, ਭੁੱਖੇ ਨੂੰ ਰੋਟੀ ਕੋਈ ਮਹਾਂਪੁਰਖ ਹੀ ਦੇ ਸਕਦਾ ਹੈ। ਇਸ ਤਰ੍ਹਾਂ ਨਾਮਧਾਰੀ ਸਿੰਘ ਇਕ ਥਾਂ ਇਕੱਠੇ ਰਹਿਣ ਲੱਗੇ। ਨਾਲੇ ਉਹਨਾਂ ਲੋਕ ਸੁਧਾਰਿਆ ਤੇ ਨਾਲੇ ਪਰਲੋਕ ਨੂੰ ਸੁਹੇਲਾ ਕੀਤਾ। ਅੱਜ ਜੀਵਨ ਨਗਰ ਇਲਾਕਾ ਨਾਮਧਾਰੀ ਸਿੰਘਾਂ ਦਾ ਗੜ੍ਹ ਹੈ ਤੇ ਸ੍ਰੀ ਸਤਿਗੁਰੂ ਜੀ ਦੇ ਉਪਕਾਰ ਸਦਕਾ ਸਾਰੇ ਚੜ੍ਹਦੀ ਕਲਾ ਵਿਚ ਵਸਦੇ-ਰਸਦੇ ਹਨ।

ਇਸ ਸੰਬੰਧ ਵਿਚ ਇਕ ਗੱਲ ਹੋਰ। ਜੀਵਨ ਨਗਰ ਦੇ ਵਾਸੀਆਂ ਨੂੰ ਵਾਹੀ-ਜ਼ਮੀਨ ਦੇ ਕਿੱਤੇ ਨਾਲ ਜੋੜ ਕੇ ਮਹਾਂਪੁਰਸ਼ਾਂ ਨੇ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਹੀ ਦ੍ਰਿੜ ਕਰਾਇਆ:

Sri Satguru Jagjit Singh Ji Elibrary NamdhariElibrary@gmail.com

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ੫੯੫

ਬਾਬਾ ਨਾਨਕ ਵੀ ਹਲ ਵਾਹੁੰਦੇ ਰਹੇ। ਸਭ ਤੋਂ ਨੇਕ, ਪਵਿੱਤਰ [illegible] ਧਰਤੀ ਮਾਂ ਨਾਲ ਜੁੜਨਾ ਹੈ। ਜੋ ਮਾਂ ਦੇਵੇ ਸਬਰ ਸੰਤੋਖ ਨਾਲ ਛਕਣਾ [illegible] ਕਦੇ ਕਸਰ ਰੱਖਦੀ ਹੈ। ਜੀਵਨ ਨਗਰ ਵਿਚ ਲਹਿਰ-ਬਹਿਰ ਇਸੇ [illegible] ਹੈ। ਸਾਦਾ ਕਮਾਣਾ, ਸਾਦਾ ਖਾਣਾ, ਸਾਦਾ ਰਹਿਣਾ ਤੇ ਮਨ [illegible] ਵਸਾਉਣਾ ਨਾਮਧਾਰੀ ਸਮਾਜ ਦਾ ਖ਼ਾਸਾ ਹੈ।

ਗਊ ਪਾਲਕ ਤੇ ਰੱਖਿਅਕ

ਸ੍ਰੀ ਸਤਿਗੁਰੂ ਜੀ ਨੇ ਜਿਥੇ ਆਪਣੇ ਸਤਿਸੰਗੀਆਂ ਨੂੰ [illegible] ਜੋੜਿਆ ਉਥੇ ਉਹਨਾਂ ਦੀਆਂ ਹੋਰ ਸਹੂਲਤਾਂ ਦਾ ਵੀ ਧਿਆਨ ਰੱਖਿਆ। [illegible] ਹੈ: ਪੰਜਾਬੀ ਕੋਲ ਜੇ ਦੁੱਧ ਪੁੱਤ ਹੋਵੇ ਤਾਂ ਉਸ ਸੋਰ ਜਾਂਦਾ ਹੈ। ਲੋਕ ਵਿਹਾਰ ਨੇ [illegible] ਨਾਲੋਂ ਦੁੱਧ ਨੂ ਤਰਜੀਹ ਦਿੱਤੀ ਹੈ। ਖਾਧ ਖ਼ੁਰਾਕ ਬਿਨ੍ਹਾਂ ਸਰੀਰ ਨਹੀਂ ਵਲਦੇ, 'ਵੱਡੇ ਵਾਹ ਤੇ ਰੱਜ ਕੇ ਖਾਹ' ਵਾਲਾ ਆਦਰਸ਼ ਵੀ ਸਤਿਗੁਰੂ ਜੀ ਨੇ ਦ੍ਰਿੜ ਕਰਵਾਇਆ। ਨਾਮਧਾਰੀਆਂ ਨੇ ਜ਼ਮੀਨਾਂ ਦੱਬ ਕੇ ਵਾਹੀਆਂ ਤੇ ਰੱਜ ਕੇ ਖਾਣ ਲਈ ਸਤਿਗੁਰੂ ਜੀ ਨੇ ਪਸ਼ੂਆਂ ਨਾਲ ਪਿਆਰ ਕਰਨ ਦਾ ਵੱਲ ਸਿਖਾਇਆ। ਸਤਿਗੁਰੂ ਜੀ ਦਾ ਜੀਵਨ ਇਤਿਹਾਸ ਗਵਾਹ ਹੈ ਕਿ ਆਪ ਜੀ ਨਾ ਕੇਵਲ ਗਊਆਂ ਦੇ ਪਾਲਕ ਹੀ ਸਨ ਸਗੋਂ ਉਚੇਰੇ ਪਾਰਖੂ ਵੀ। ਆਪ ਨੇ ਚੰਗੀ ਨਸਲ ਦੀਆਂ ਗਊਆਂ ਪਾਲਣ ਦੀ ਪਿਰਤ ਪਾਈ। ਇਸ ਨਾਲ ਨਾਮਧਾਰੀ ਸਮਾਜ ਨੂੰ ਦੋ ਲਾਭ ਹੋਏ। ਉਹ ਰੱਜ ਕੇ ਖਾਣ ਲੱਗੇ। ਦੁੱਧ ਦੇ ਉਤਪਾਦਨ ਨੇ ਉਹਨਾਂ ਦੀ ਮਾਇਕੀ ਹਾਲਤ ਨੂੰ ਸੁਧਾਰਨ ਵਿਚ ਮਦਦ ਕੀਤੀ। ਇਕ ਪਾਸੇ ਉਹ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਲੱਗੇ। ਦੂਜੇ ਪਾਸੇ, ਰੱਜੇ ਪੁੱਜੇ ਸਮਾਜ ਦਾ ਮੂੰਹ ਮੁਹਾਂਦਰਾ ਨਿਖਰਨ ਲੱਗਾ। ਤੀਜੇ ਪਾਸੇ ਰੱਬੀ ਖੇਤੇ ਨਾਲ ਇਸ ਸਮਾਜ ਦਾ ਮੂੰਹ ਲਿਸ਼ਕਣ ਲੱਗਾ।

ਇਤਿਹਾਸ ਗਵਾਹ ਹੈ ਜਦੋਂ ਅੰਗਰੇਜ਼ ਨੇ ਲਾਹੌਰ ਸ਼ਹਿਰ ਵਿਚ ਬੁੱਚੜਖਾਨਾ ਬਨਾਉਣ ਦੀ ਤਜਵੀਜ਼ ਕੀਤੀ ਤਾਂ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ ਸਿਮਰਨ ਤੇ ਚੰਡੀ ਦੀ ਵਾਰ ਦੇ ਸਵਾ ਲੱਖ ਪਾਠ ਕਰਕੇ ਉਸ ਸੰਕਟ ਦਾ ਨਿਵਾਰਨ ਕੀਤਾ। ਗਊ-ਗ਼ਰੀਬ ਦੀ ਰੱਖਿਆ ਆਪ ਜੀ ਦੇ ਮਿਸ਼ਨ ਦਾ ਪ੍ਰਮੁੱਖ ਨਿਸ਼ਾਨਾ ਸੀ। ਆਪ ਜੀ ਨੂੰ ਜਦ ਕਦੀ ਵੀ ਗਊ ਬੱਧ ਦੀ ਆਪਣੇ ਇਲਾਕੇ ਵਿਚ ਖ਼ਬਰ ਮਿਲੀ ਆਪ ਫ਼ੌਰਨ ਉਸ ਥਾਂ ਪੁੱਜੇ ਤੇ ਜ਼ਾਲਮਾਂ ਨੂੰ ਡੰਨ ਦਿੱਤੇ।

ਸਤਿਗੁਰੂ ਜੀ ਘੋੜ ਸਵਾਰੀ ਦੇ ਸ਼ਾਹ ਸਵਾਰ ਸਨ। ਇਹ ਗੱਲ ਵੀ ਰਿਸ਼ਟ ਪੁਸ਼ਟ ਸਮਾਜ ਦਾ ਝਾਂਵਲਾ ਦੇਂਦੀ ਹੈ। ਉਹਨਾਂ ਨੇ ਆਪਣੇ ਸੰਗੀ ਸਾਥੀਆਂ ਵਿਚ ਘੋੜ ਸਵਾਰੀ ਦਾ ਨਾ ਕੇਵਲ ਸ਼ੌਕ ਹੀ ਜਗਾਇਆ ਸਗੋਂ ਘੋੜਿਆਂ ਦੇ ਚੰਗੇਰੇ ਪਾਰਖੂ ਵੀ ਪੈਦਾ ਕੀਤੇ

ਤੇ ਪਾਲਕ ਵੀ। ਘੋੜ-ਸਵਾਰੀ ਉਦੋਂ ਜੀਵਨ ਨਗਰ ਦੇ ਵਾਸੀਆਂ ਦੇ ਨਿਰਾ ਸ਼ੌਕ ਨਹੀਂ ਸੀ ਸਗੋਂ ਇਹ ਉਹਨਾਂ ਦੀ ਲੋੜ ਵੀ ਸੀ ਤੇ ਸਾਰਥਿਕ ਦਸਾਂ ਵੱਲ ਵੀ ਸੰਕੇਤ ਕਰਦਾ ਹੈ। ਜਿਮੀਂਦਾਰ ਕੋਲ ਜ਼ਮੀਨ ਹੋਵੇ, ਦੁੱਧ ਹੋਵੇ, ਚੜ੍ਹਨ ਲਈ ਸਵਾਰੀ ਹੋਵੇ, ਸਵੇਰੇ ਸ਼ਾਮ ਦਾ ਸਤਿਸੰਗ ਹੋਵੇ, ਨਾਮ ਸਿਮਰਨ ਜਿਹਨਾਂ ਦੀ ਜਿੰਦਜਾਨ ਹੋਵੇ, ਹੋਰ ਕੀ ਕਿਸੇ ਸਮੁਦਾਇ ਨੂੰ ਚਾਹੀਦਾ ਹੈ। ਨਾਲੇ, ਇਕ ਗੱਲ ਹੋਰ ਸਤਿਗੁਰੂ ਜੀ ਗਊਆਂ ਤੇ ਘੋੜਿਆਂ ਨੂੰ ਨਾ ਕੇਵਲ ਮੋਹ ਨਾਲ ਪਾਲਦੇ ਹੀ ਸਨ ਸਗੋਂ ਉਹਨਾਂ ਦੇ ਨਾਮ ਰੱਖ ਕੇ ਉਹਨਾਂ ਨੂੰ ਦੁਲਾਰਦੇ ਵੀ ਸਨ। ਪਸ਼ੂਆਂ ਦੇ ਸੋਹਣੇ ਨਾਮ ਦੀ ਚੋਣ ਇਸੇ ਗੱਲ ਦੀ ਸੂਚਕ ਹੈ ਕਿ ਆਪ ਪਸ਼ੂ ਪਾਲਣ ਨੂੰ ਸਮਾਜ ਦੇ ਹੋਰ ਕਿੱਤਿਆਂ ਵਾਂਗ ਹੀ ਤਰਜੀਹ ਦਿੰਦੇ ਸਨ।

ਅੱਜ ਵੀ ਪੰਜਾਬ ਵਿਚ ਨਾਮਧਾਰੀ ਪਸ਼ੂ-ਸ਼ਾਲਾ ਤੇ ਘੋੜ-ਸ਼ਾਲਾ ਪਹਿਲੇ ਦਰਜੇ ਦੇ ਪਸ਼ੂ ਉਤਪਾਦਕ ਕੇਂਦਰ ਹਨ।

**ਸੰਗੀਤ ਵਿਦਿਆਲਾ**

ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਿਥੇ ਨਾਮਧਾਰੀ ਸਮਾਜ ਦੇ ਬਾਹਰੀ ਪੱਖ ਨੂੰ ਸੁਦ੍ਰਿੜ ਕੀਤਾ ਉਥੇ ਆਤਮਿਕ ਤੌਰ 'ਤੇ ਉਚੇਰਾ ਕਰਨ ਲਈ ਵੀ ਉਚੇਰੇ ਸਾਧਨ ਅਪਣਾਏ। ਗੁਰਮਤਿ ਅਨੁਸਾਰ :

ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥ (958)
ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ॥

ਕੀਰਤਨ ਮਨ ਜੋੜਨ ਦਾ ਸਭ ਤੋਂ ਉੱਤਮ ਸਾਧਨ ਹੈ। ਸਾਡੇ ਆਲੇ ਦੁਆਲੇ ਬਾਹਰਲਾ ਰੌਲਾ ਹੀ ਇਤਨਾ ਜ਼ਿਆਦਾ ਹੈ ਕਿ ਉਸ ਨੂੰ ਮੱਠਾ ਕਰਨ ਲਈ ਕੀਰਤਨ ਦਾ ਉਚੇਰਾ ਸੁਰ ਲਾਜ਼ਮੀ ਹੈ। ਬਾਣੀਕਾਰਾਂ ਨੇ ਕੀਰਤਨ ਨੂੰ ਲੋਕ-ਪਰਲੋਕ ਦੇ ਨਿਸਤਾਰੇ ਲਈ ਕਾਰਗਰ ਸਾਧਨ ਮੰਨਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਵਡੇਰਾ ਭਾਗ ਨ ਕੇਵਲ ਰਾਗਬੱਧ ਹੀ ਹੈ ਸਗੋਂ ਰਾਗ ਦੇ ਕੌਸ਼ਲ ਨਾਲ ਸੰਬੰਧਿਤ ਸੰਕੇਤ ਵੀ ਇਸ ਵਿਚ ਮੌਜੂਦ ਹਨ। ਗੁਰਮਤਿ ਸੰਗੀਤ, ਸਨਮੁਖ ਸੰਗੀਤ ਹੋਣ ਕਰਕੇ ਸਹੀ ਅਗਵਾਈ ਦੀ ਅਣਹੋਂਦ ਵਿਚ ਉਸ ਪਾਏ ਦਾ ਨਹੀਂ ਰਿਹਾ ਜਿਸ ਪਾਏ ਦਾ ਕੀਰਤਨ ਭਾਈ ਮਰਦਾਨਾ ਤੇ ਰਬਾਬੀ ਸੱਤਾ ਬਲਵੰਡ ਕਰਦੇ ਸਨ। ਕੀਰਤਨ ਸ਼ੈਲੀ ਵਿਚ ਆ ਰਹੀ ਕਮੀ ਨੂੰ ਮਹਿਸੂਸ ਕਰਕੇ ਹੀ ਸ੍ਰੀ ਸਤਿਗੁਰੂ ਜੀ ਨੇ ਵੀ ਇਕ ਸੰਗੀਤ ਵਿਦਿਆਲਾ ਭੈਣੀ ਸਾਹਿਬ ਵਿਚ ਖੋਲ੍ਹਿਆ। ਗੁਰਮਤਿ ਸੰਗੀਤ ਕਾਨਫਰੰਸਾਂ ਕਰਵਾਈਆਂ। ਅਜਿਹੀਆਂ ਕਾਨਫਰੰਸਾਂ ਵਿਚ ਸੁਰ, ਤਾਲ, ਲੈਅ, ਤਾਨ ਅਤੇ ਗਲੇ ਦੀ ਹਰਕਤ ਨੂੰ ਬੜੀ ਬਾਰੀਕੀ ਨਾਲ ਨਿਰਖਿਆ ਪਰਖਿਆ ਜਾਂਦਾ। ਆਪ ਧਰੁਪਦ ਸ਼ੈਲੀ ਨੂੰ ਵਧੇਰੇ ਪਸੰਦ ਕਰਦੇ ਸਨ। ਸ਼ਾਇਦ ਏਸੇ ਕਰਕੇ ਅੰਮ੍ਰਿਤਸਰੀ ਰਬਾਬੀਆਂ, ਭਾਈ ਤਾਬਾ, ਭਾਈ ਅਨਾਇਤ, ਭਾਈ ਦੇਸਾ ਆਦਿ ਨੂੰ ਕਈ ਵੇਰੀ ਭੈਣੀ ਸਾਹਿਬ ਬੁਲਾਇਆ ਗਿਆ ਤੇ ਉਹਨਾਂ ਪਾਸੋਂ ਪੁਰਾਣੀਆਂ ਰੀਤਾਂ ਨੂੰ ਸੁਣਨ ਉਪਰੰਤ ਉਹਨਾਂ ਹੈ ਸਾਂਭਣ ਦਾ ਉਪਰਾਲਾ ਵੀ ਕੀਤਾ ਗਿਆ। ਫਲਸਰੂਪ, ਅੱਜ ਵੀ

ਨਾਮਧਾਰੀ ਸਮਾਜ ਵਿਚ ਰਸੀਲੇ ਕੀਰਤਨ ਦੀ ਗੂੰਜ ਸੁਣਾਈ ਦਿੰਦੀ ਹੈ।

**ਵਿਆਹ ਸ਼ਾਦੀਆਂ**

ਨਾਮਧਾਰੀ ਸੰਸਥਾ ਦਾ ਇਕ ਹੋਰ ਪੱਖ ਵੀ ਹੈ। ਸਤਿਗੁਰੂ ਜੀ ਨੇ ਸਿੱਖਾਂ ਵਿਚ ਏਕਤਾ ਬਣੀ ਰਹਿਣ ਦੇ ਜਤਨ ਬਾਰੰਬਾਰ ਦ੍ਰਿੜ ਕਰਵਾਏ। ਵਿਆਹ ਸ਼ਾਦੀਆ ਸਮੇਂ ਜਿਤਨਾ ਪੈਸੇ ਦਾ ਉਜਾੜਾ ਹੁੰਦਾ ਹੈ ਉਸ ਤੋਂ ਨਾਮਧਾਰੀਆਂ ਨੂੰ ਮੁਕਤ ਕਰ ਦਿੱਤਾ। ਅੱਜ ਵੀ ਵੇਖਣ ਵਿਚ ਆਉਂਦਾ ਹੈ ਨਾਮਧਾਰੀ ਸਮਾਜ ਵਿਚ ਸਮੂਹਿਕ ਸ਼ਾਦੀਆਂ ਹੁੰਦੀਆਂ ਹਨ। ਗੁਰੂ ਜੀ ਦੀ ਹਜ਼ੂਰੀ ਵਿਚ ਅਨੇਕ ਜੋੜੇ ਇਕ ਸਮੇਂ ਪਰਿਕਰਮਾ ਕਰਦੇ ਹਨ। ਇਨ੍ਹਾਂ ਦੇ ਲਿਬਾਸ ਸਾਦੇ ਹੁੰਦੇ ਹਨ ਤੇ ਬਰਾਤ ਆਦਿ ਦੇ ਢੁਕਾਉ ਆਦਿ ਦਾ ਟੰਟਾ ਹੀ ਮੁਕਾ ਦਿੱਤਾ ਗਿਆ ਹੈ। ਨਾ ਧੀ ਵਾਲੇ ਨੂੰ ਫ਼ਿਕਰ ਨਾ ਪੁੱਤਰ ਵਾਲੇ ਨੂੰ ਚਿੰਤਾ। ਸਾਰੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਨਤਮਸਤਕ ਹੋ ਕੇ ਰਿਸ਼ਤੇ ਨਾਤਿਆਂ ਨੂੰ ਕਬੂਲ ਕਰਦੇ ਹਨ। ਅੱਜ ਜਦ ਸਰਕਾਰ ਦਹੇਜ ਨਾ ਦਾ ਪ੍ਰਚਾਰ ਸਰਕਾਰੀ ਪੱਧਰ ਉੱਪਰ ਕਰ ਹੀ ਹੈ ਇਸ ਗੱਲ ਦਾ ਪ੍ਰਚਾਰ ਬਹੁਤ ਲੰਮਾ-ਅਰਸਾ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਕਰ ਦਿੱਤਾ ਸੀ।

ਇਸ ਸੰਦਰਭ ਵਿਚ ਇਕ ਗੱਲ ਧਿਆਨ ਦੇਣ ਯੋਗ ਹੈ। ਸ੍ਰੀ ਸਤਿਗੁਰੂ ਜੀ ਨੇ ਵਿਦਿਆ ਜੋਤ ਨੂੰ ਮੱਠਾ ਨਹੀਂ ਪੈਣ ਦਿੱਤਾ। ਇਸ ਦੇ ਅਧਿਕਾਰੀ ਲੜਕੀ ਤੇ ਲੜਕਾ ਦੋਵੇਂ ਸਨ। ਉਹ ਉਤਨੀ ਦੇਰ ਤਕ ਆਨੰਦ ਕਾਰਜ ਨਹੀਂ ਸਨ ਕਰਵਾਉਂਦੇ ਜਿਤਨੀ ਦੇਰ ਲੜਕੀ ਤੇ ਲੜਕੇ ਨੂੰ ਗੁਰਮੁਖੀ ਅੱਖਰ ਪੜ੍ਹਨੇ ਲਿਖਣੇ ਨਾ ਆਉਂਦੇ ਹੋਣ। ਨਾਮਧਾਰੀ ਸਮਾਜ ਨੂੰ ਇਸ ਦਾ ਪਹਿਲਾ ਲਾਭ ਇਹ ਹੋਇਆ ਕਿ ਹਰ ਕੋਈ ਮਾਤਭਾਸ਼ਾ ਦਾ ਗਿਆਤਾ ਹੋ ਗਿਆ। ਦੂਜਾ, ਜਿਹੜਾ ਨਾਹਰਾ ਅੱਜ ਬੜੀ ਬੁਲੰਦ ਆਵਾਜ ਵਿਚ ਦਿੱਤਾ ਜਾ ਰਿਹਾ ਹੈ ਕਿ ਅਨਪੜ੍ਹਤਾ ਨੂੰ ਦੂਰ ਕਰੋ, ਇਹ ਨਾਮਧਾਰੀ ਸਮਾਜ ਵਿਚ ਕੇਵਲ ਮਾਤਰ ਨਾਹਰਾ ਨਹੀਂ ਸੀ ਸਗੋਂ ਨਿਯਮਿਤ ਰੂਪ ਵਿਚ ਮਰਿਯਾਦਾ ਸੀ। ਮਾਪੇ [illegible] ਨੂੰ ਗੁਰਮੁਖੀ ਸਿੱਖਣ ਲਈ ਪ੍ਰੇਰਦੇ ਸਨ। ਇਸ ਦਾ ਤੀਜਾ ਲਾਭ ਇਹ ਹੋਇਆ, ਇਸਤਰੀ ਪੁਰਖ ਦੀ ਵਿਦਿਆ ਪ੍ਰਾਪਤੀ ਵਿਚ ਭੇਦ ਨਾ ਰਿਹਾ ਸਗੋਂ [illegible] ਵਿਦਿਆ ਦੇ ਸਾਧਨ ਮੁਹੱਈਆ ਕੀਤੇ ਗਏ। ਸਾਰੇ ਹੀ ਆਪਣੀ ਵਿਰਾਸਤ ਨੂੰ [illegible] 'ਤੇ ਮਾਣ ਕਰਨ ਜੋਗ ਹੋ ਗਏ। ਵਿਰਾਸਤ ਤੇ [illegible] ਚੌਥਾ ਲਾਭ ਇਹ ਹੋਇਆ, ਨਾਮਧਾਰੀ ਸਮਾਜ [illegible] ਸਾਰੇ ਲੋਕ ਗੁਰਬਾਣੀ ਨਾਲ ਗੁਰੂ ਬਾਣੀ [illegible] ਰਾਹੀਂ ਧਾਰਮਿਕ ਜੀਵਨ ਵਿਚ ਪਰਪੱਕ [illegible] ਵੀ ਹੋਇਆ ਕਿਉਂਕਿ ਗੁਰਮੁਖੀ ਅੱਖਰ [illegible] ਨਾਲ ਨਿਭਾਈ ਗਈ। ਭਾਵੇਂ ਕੋਈ [illegible] ਦਾ ਆਨੰਦ ਕਾਰਜ ਨਹੀਂ ਸਨ ਪੜ੍ਹਦੇ [illegible]

ਨਾਲ ਉਚੇਰੀ ਵਿਦਿਆ ਦੀ ਪ੍ਰਾਪਤੀ ਵਾਲੇ ਲੋਕ ਵੀ ਆਪਣੀ ਮਾਤਭਾਸ਼ਾ ਨਾਲੋਂ ਟੁੱਟੇ ਨਹੀਂ ਸਗੋਂ ਧਾਰਮਿਕ ਮਰਿਯਾਦਾ ਵਿਚ ਬੱਝੇ ਰਹੇ। ਇਕ ਪਾਸੇ, ਉਹ ਉਚੇਰੀਆਂ ਡਿਗਰੀਆਂ ਪ੍ਰਾਪਤ ਕਰਦੇ ਰਹੇ; ਦੂਸਰੇ ਪਾਸੇ, ਗੁਰਬਾਣੀ ਨਾਲ ਜੁੜੇ ਰਹੇ। ਅੱਜ ਵੀ ਆਨੰਦ ਕਾਰਜ ਦੀ ਰਸਮ ਸਮੇਂ ਬੱਚੇ ਬੱਚੀ ਤੋਂ ਜਪੁਜੀ ਸਾਹਿਬ ਦਾ ਪਾਠ ਅਰਦਾਸ ਲਾਜ਼ਮੀ ਤੌਰ 'ਤੇ ਜ਼ਬਾਨੀ ਸੁਣਿਆ ਜਾਂਦਾ ਹੈ। ਇਹੋ ਹੈ, ਉਹ ਜੁਗਤ ਜੋ ਆਪਣੇ ਧਰਮ ਨਾਲ ਜੋੜੀ ਰੱਖਦੀ ਹੈ। ਆਪਣੇ ਵਿਰਸੇ ਤੋਂ ਟੁੱਟਣ ਨਹੀਂ ਦੇਂਦੀ। ਜ਼ਾਹਿਰ ਹੈ, ਨਾਮਧਾਰੀ ਸਮਾਜ ਵਿਚ ਗੁਰਮੁਖੀ ਜਾਣਨਾ, ਪੜ੍ਹਨਾ, ਨਾਮ ਸਿਮਰਨ ਕਰਨਾ, ਬਾਣੀ ਪੜ੍ਹਨੀ, ਸੁਣਨੀ ਲਾਜ਼ਮੀ ਕਰਾਰ ਦਿੱਤੀ ਗਈ ਹੈ। ਇਸ ਨਾਲ ਭਾਈਚਾਰਕ ਸਾਂਝ ਵੀ ਬਣੀ ਰਹੀ ਤੇ ਧਾਰਮਿਕ ਰਹਿਤ ਮਰਿਯਾਦਾ ਹੋਰ ਪਰਪੱਕ ਹੋਈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜੋ ਗੁਰਮੁਖੀ ਦਾ ਸਭ ਤੋਂ ਵੱਡਾ ਸ੍ਰੋਤ ਹਨ, ਨਾਲ ਆਮ ਲੋਕਾਂ ਦੀ ਰਸਾਈ ਬੜੀ ਸਹਿਜ ਹੋ ਗਈ। ਇਸੇ ਦਾ ਇਕ ਲਾਭ ਇਹ ਵੀ ਹੋਇਆ ਕਿ ਸਤਿਗੁਰੂ ਬਾਣੀ-ਮੁਕਾਬਲੇ ਕਰਵਾਉਂਦੇ ਰਹੇ, ਪਾਠੀ-ਜਨ ਸ਼ੁੱਧ ਪਾਠ ਉਚਾਰਨ ਵਿਚ ਭਾਗ ਲੈਂਦੇ ਰਹੇ। ਨਾਲੇ ਸ਼ੁੱਧ ਉਚਾਰਨ ਆ ਗਿਆ, ਨਾਲੇ ਸਤਿਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਹੋਈ।

**ਕਾਨਫਰੰਸਾਂ ਦਾ ਆਯੋਜਨ**

ਹੋਇ ਇਕੱਤ੍ਰ ਮਿਲਹੁ ਮੇਰੇ ਭਾਈ॥
ਦੁਬਿਧਾ ਦੂਰਿ ਕਰਹੁ ਲਿਵਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥(1995)

ਪੰਚਮ ਪਾਤਸ਼ਾਹ ਨੇ ਆਪਣੇ ਜ਼ਮਾਨੇ ਗੁਰਬਾਣੀ ਰਾਹੀਂ ਇਹ ਸੰਦੇਸ਼ ਦਿੱਤਾ ਸੀ ਕਿ ਦੁਬਿਧਾ ਨੂੰ ਦੂਰ ਕਰਨ ਲਈ ਮਿਲ ਕੇ ਬੈਠਣਾ ਲਾਜ਼ਮੀ ਹੈ। ਸਤਿਗੁਰੂ ਜੀ ਨੇ ਵੱਡੇ ਪੈਮਾਨੇ ਉੱਤੇ ਕਾਨਫਰੰਸਾਂ ਕਰਕੇ ਲੋਕਾਂ ਨੂੰ ਸਿਹਤਮੰਦ ਕਦਰਾਂ-ਕੀਮਤਾਂ ਵੱਲ ਪ੍ਰੇਰਿਆ। ਇਨ੍ਹਾਂ ਵਿਚੋਂ ਗਿਣਨਯੋਗ ਨਾਮ ਹਨ:

1. ਗੁਰੂ ਨਾਨਕ ਸਰਬ ਸੰਪ੍ਰਦਾਇਕ ਕਾਨਫਰੰਸ
2. ਗੁਰਮਤਿ ਸੰਗੀਤ ਕਾਨਫਰੰਸ
3. ਪੰਜਾਬੀ ਕਾਨਫਰੰਸ

ਸਾਰਾ ਸਿੱਖ ਜਗਤ ਗੁਰੂ ਨਾਨਕ ਦੇਵ ਜੀ ਦਾ ਨਾਮ ਲੇਵਾ ਹੈ। ਪਰ, ਤਾਂ ਵੀ ਸਿੱਖ ਜਗਤ ਵਿਚ ਹੀ ਅਨੇਕ ਛੋਟੀਆਂ ਛੋਟੀਆਂ ਸੰਪਰਦਾਵਾਂ ਹਨ। ਇਹ ਕੌਮੀ ਮੁਫ਼ਾਦ ਵਿਚ ਤ੍ਰੇੜਾਂ ਪਾਉਂਦੀਆਂ ਹਨ। ਸਿੱਖ ਪੰਥ ਵਿਚ ਏਕਤਾ ਵਧੇ। ਲੋਕ ਛੋਟੀਆਂ ਵਲਗਣਾਂ ਵਿਚੋਂ ਨਿਕਲ ਕੇ ਵੱਡੇ ਕਾਰਜਾਂ ਨਾਲ ਜੁੜ ਜਾਣ। ਚੰਗਾ ਤੇ ਉਚੇਰਾ ਸੋਚ ਸਕਣ। ਇਸੇ ਉਦੇਸ਼ ਦੀ ਪੂਰਤੀ ਹਿਤ ਭੈਣੀ ਸਾਹਿਬ ਵਿਚ 'ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ' ਕਰਵਾਈ ਗਈ ਜਿਸ ਵਿਚ ਤਤਕਾਲੀ ਉੱਘੇ ਪੰਥ ਦਰਦੀ ਸ਼ਾਮਿਲ ਹੋਏ। ਹੋਰ ਤਾਂ ਹੋਰ ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਗੰਗਾ ਸਿੰਘ, ਭਾਈ ਕਾਹਨ ਸਿੰਘ, ਭਾਈ ਅਰਜਨ

ਸਿੰਘ ਬਾਗੜੀਆ, ਮਾਸਟਰ ਤਾਰਾ ਸਿੰਘ, ਬਾਬਾ ਸਾਵਣ [illegible]
ਗਿਆਨੀ ਸ਼ੇਰ ਸਿੰਘ ਤੇ ਹੋਰ ਅਨੇਕ ਸਾਧੂ ਸਮਾਜ ਦੇ ਮੁਖੀ [illegible]
ਬਾਅਦ ਗੁੱਜਰਾਂਵਾਲਾ ਵਿਚ ਵੀ ਇਕ ਹੋਰ 'ਗੁਰੂ ਨਾਨਕ ਸਟਫ [illegible]
ਹੋਈ। ਇਸ ਵਿਚ ਵੀ ਸਤਿਗੁਰਾਂ ਨੇ ਵਧ ਚੜ੍ਹ ਕੇ ਹਿੱਸਾ ਪਾਇਆ [illegible]
ਸੰਗੀਤ ਨਾਲ ਜੁੜ ਰਹੀਆਂ ਭ੍ਰਾਂਤੀਆਂ ਦਾ ਨਿਵਾਰਣ ਕਰਕੇ [illegible]
ਨੂੰ ਸ਼ੁੱਧ ਗਾਇਕੀ ਵੱਲ ਮੋੜਿਆ। ਉਹਨੀਂ ਦਿਨੀਂ ਲੋਕਾਂ ਦਾ ਝੁਕਾਅ [illegible]
ਟੱਪਾ, ਠੁਮਰੀ ਤੇ ਸਿਨਮੇ ਦੀਆਂ ਤਰਜ਼ਾਂ ਵੱਲ ਸੀ। ਸਤਿਗੁਰੂ [illegible]
ਤੋਂ ਨਾਮਧਾਰੀ ਸਮਾਜ ਨੂੰ ਬਚਾਇਆ ਤੇ ਇਹਨਾਂ ਨੂੰ ਪਰੰਪਰਕ [illegible]
ਜੋੜੀ ਰੱਖਣ ਦੇ ਅਨੇਕ ਉਪਰਾਲੇ ਕੀਤੇ। ਫਲਸਰੂਪ, ਅੱਜ ਵੀ [illegible]
ਉਚੇਰੀ ਰਾਗ ਵਿਦਿਆ ਨਾਲ ਸੰਪੰਨ ਨਜ਼ਰ ਆਉਂਦੇ ਹਨ

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੇ ਜ਼ਮਾਨੇ [illegible]
ਵੱਜਦਾ ਸੀ। ਉਹਨਾਂ ਨੇ ਮਹਿਸੂਸ ਕੀਤਾ ਅੰਗਰੇਜ਼ੀ [illegible]
ਸਭਿਆਚਾਰ ਵੀ ਭਾਰਤ ਵੱਲ ਆਏਗਾ ਤੇ ਸਾਡੇ ਸਭਿਆਚਾਰ [illegible]
ਉਹਨਾਂ ਨੇ ਮਾਤਭਾਸ਼ਾ ਦੀ ਤਰੱਕੀ ਲਈ 'ਪੰਜਾਬੀ [illegible]'
ਆਪਣੀ ਮਾਤ ਭਾਸ਼ਾ ਦੀ ਤਰੱਕੀ ਲਈ [illegible]
ਮਾਤਭਾਸ਼ਾ ਦੀ ਰੱਖਿਆ ਲਈ ਕਈ [illegible]
ਦੇ ਰਖਵਾਲੇ ਪੰਜਾਬੀ ਹੀ ਰਹੇ।

**ਦੇਸ਼ ਭਗਤੀ ਭਾਵਨਾ**

ਇਥੇ ਇਕ ਹੋਰ ਮਹੱਤਵਪੂਰਨ [illegible] ਨਾਮਧਾਰੀ ਦੇਸ਼ ਭਗਤੀ
ਵਿਚ ਕਿਸੇ ਹੋਰ ਸਮੁਦਾਇ ਤੋਂ [illegible] ਨੇ ਜਿਥੇ ਅਧਿਆਤਮਕ,
ਭਾਈਚਾਰਕ, ਸਭਿਆਚਾਰਕ [illegible] ਕੀਤੇ ਉਥੇ ਆਜ਼ਾਦੀ
ਦੀ ਪ੍ਰਾਪਤੀ ਲਈ ਵੀ ਅਨੇਕ [illegible] ਸਤਿਗੁਰੂ ਰਾਮ ਸਿੰਘ ਜੀ
ਨੇ ਗ਼ੁਲਾਮੀ ਦਾ ਤੌਕ ਲਾਹੁਣ ਲਈ ਹੀ [illegible] ਕੀਤਾ। ਇਹ ਸੰਤ
ਖ਼ਾਲਸਾ ਦਾ ਉਭਰਿਆ ਰੂਪ ਹੀ ਸੀ ਜਿਸ ਨੇ [illegible] ਦੇ ਵਿਰੁੱਧ ਆਵਾਜ਼ ਬੁਲੰਦ
ਕੀਤੀ। ਅੰਗਰੇਜ਼ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਭਾਰਤੀਆਂ 'ਤੇ ਸਦਾ ਹਾਵੀ
ਰਹੀ। ਅੰਗਰੇਜ਼ ਨੇ ਮੁਸਲਮਾਨ [illegible] ਨੂੰ [illegible] ਦੀ ਖੁੱਲ੍ਹ ਦੇ ਦਿੱਤੀ ਜਿਸ ਤੋਂ
ਹਿੰਦੂ ਸਿੱਖ ਨਾ ਕੇਵਲ ਦੂਜੇ ਫ਼ਿਰਕੇ ਨਾਲ [illegible] ਸਗੋਂ ਨਫ਼ਰਤ ਨਾਲ ਖੌਲਣ
ਲੱਗ ਪਏ। ਸਤਿਗੁਰਾਂ ਇਥੇ ਇਕ ਹੋਰ ਕਰਾਮਾਤ ਕਰ ਵਿਖਾਈ। ਸੁਤੰਤਰਤਾ ਸੰਗਰਾਮ
ਨੂੰ ਪ੍ਰਚੰਡ ਕਰਨ ਲਈ ਬਦੇਸ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਅੰਦੋਲਨ ਕੀਤਾ।
ਨਾ ਮਿਲਵਰਤਣ ਦਾ ਅੰਦੋਲਨ ਜੋ ਮਹਾਤਮਾ ਗਾਂਧੀ ਰਾਹੀਂ ਬੜੀ ਪ੍ਰਸਿੱਧੀ ਨੂੰ ਪ੍ਰਾਪਤ
ਹੋਇਆ, ਉਸ ਦਾ ਆਰੰਭ ਉਨ੍ਹਾਂ ਤੋਂ ਲਗਭਗ ਪੰਜਾਹ ਵਰ੍ਹੇ ਪਹਿਲਾਂ ਨਾਮਧਾਰੀ ਸਤਿਗੁਰੂ

ਰਾਮ ਸਿੰਘ ਜੀ ਨੇ ਕੀਤਾ ਸੀ। ਨਾਮਧਾਰੀਆਂ ਨੇ ਸਰਕਾਰੀ ਅਦਾਲਤਾਂ ਤੇ ਅੰਗਰੇਜ਼ੀ ਵਸਤਾਂ ਦਾ ਬਾਈਕਾਟ ਕੀਤਾ। ਆਪਣਾ ਡਾਕ ਪ੍ਰਬੰਧ ਆਪ ਬਣਾਇਆ ਤੇ ਆਪ ਹੀ ਖਤ ਪੱਤਰ ਲੋਕਾਂ ਤਕ ਪਹੁੰਚਾਉਂਦੇ ਰਹੇ। ਹੋਰ ਤਾਂ ਹੋਰ ਜਦੋਂ ਅੰਗਰੇਜ਼ ਪੰਜਾਬੀਆ ਨੂੰ ਲਾਮਬੰਦ ਕਰਨ ਲਈ ਤਤਪਰ ਹੋਏ ਸਤਿਗੁਰਾਂ ਨੇ ਸਾਰੇ ਪੰਜਾਬ ਵਿਚ 22 ਸੂਬਿਆਂ ਨੂੰ ਨੀਅਤ ਕਰਕੇ ਲੋਕਾਂ ਤਾਈਂ ਆਪਣਾ ਸੰਦੇਸ਼ ਭੇਜਿਆ ਤੇ ਇਸ ਦਾ ਵਿਰੋਧ ਕੀਤਾ। ਇਕ ਪਾਸੇ, ਅੰਗਰੇਜ਼ ਸਰਕਾਰ ਭੈਅਭੀਤ ਹੋਈ ਦੂਜੇ ਪਾਸੇ, ਦੇਸ਼ ਭਗਤੀ ਦਾ ਜਜ਼ਬਾ ਠਾਠਾਂ ਮਾਰਨ ਲੱਗ ਪਿਆ। ਫਲਸਰੂਪ, ਅੰਮ੍ਰਿਤਸਰ, ਰਾਏਕੋਟ ਤੇ ਮਲੇਰਕੋਟਲੇ ਵਰਗੇ ਦਿਲ ਕੰਬਾਊ ਤੇ ਬੁਲੰਦ ਹੌਂਸਲਿਆਂ ਨਾਲ ਗੂੰਜਦੇ ਸਾਕੇ ਹੋਂਦ ਵਿਚ ਆਏ। ਸਾਰਾ ਦੇਸ਼ ਜਾਗ ਪਿਆ। ਇਕ ਨਵੀਂ ਕ੍ਰਾਂਤੀ ਉਦੈ ਹੋਈ। ਆਜ਼ਾਦੀ ਦੇ ਨਗਮੇ ਲੋਕ ਬੁਲ੍ਹਾਂ ਤੇ ਕੂਕਣ ਲੱਗੇ। ਘਬਰਾਈ ਸਰਕਾਰ ਨੂੰ ਹੋਰ ਕੁਝ ਨਾ ਸੁੱਝਾ ਤੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਬਰਮਾ ਦੀ ਜੇਲ੍ਹ ਵਿਚ ਭੇਜ ਦਿੱਤਾ। ਹੁਣ ਜਾਗ੍ਰਤ ਹੋਏ ਨਾਮਧਾਰੀ ਅੰਗਰੇਜ਼ ਦੇ ਜ਼ੁਲਮ ਤੇ ਤਸ਼ੱਦਦ ਦਾ ਸ਼ਿਕਾਰ ਹੋ ਗਏ। ਸਰਕਾਰ ਨੇ ਇਸ ਧਾਰਮਿਕ ਜਮਾਤ ਉੱਤੇ ਇਥੋਂ ਤਕ ਪਾਬੰਦੀ ਲਾਈ ਕਿ ਪੰਜ ਤੋਂ ਵੱਧ ਬੰਦੇ ਇਕ ਥਾਂ ਇਕੱਠੇ ਨਹੀਂ ਸਨ ਹੋ ਸਕਦੇ। ਇਹਨਾਂ ਦੇ ਪਾਠ ਕਰਨੇ ਵਰਜਿਤ ਹੋ ਗਏ। ਉਦੋਂ ਅਨੇਕਾਂ ਨਾਮਧਾਰੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਕਰਕੇ ਸਜ਼ਾਵਾਂ ਮਿਲੀਆਂ। ਕਈਆਂ ਦੀਆਂ ਕੁਰਕੀਆਂ ਹੋ ਗਈਆਂ। ਡੇਰੇ 'ਤੇ ਪੁਲਿਸ ਦਾ ਪਹਿਰਾ ਬਿਠਾ ਦਿੱਤਾ ਗਿਆ। ਇਹ ਸਾਰਾ ਕੁਝ ਨਾਮਧਾਰੀ ਗੁਰੂ ਹਰੀ ਸਿੰਘ ਜੀ ਦੇ ਸਾਹਮਣੇ ਵਾਪਰਿਆ ਤੇ ਉਹਨਾਂ ਨੇ ਸ਼ਾਂਤ ਚਿਤ ਰਹਿ ਕੇ ਸਮਾਂ ਕੱਢਿਆ ਪਰ ਦੇਸ਼ ਭਗਤੀ ਦਾ ਜੋਸ਼ ਮੱਠਾ ਨਾ ਪੈਣ ਦਿੱਤਾ।

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਦੇ ਆਗਮਨ ਨਾਲ ਨਾਮਧਾਰੀਆਂ ਵਿਚ ਫਿਰ ਜੋਸ਼ ਠਾਠਾਂ ਮਾਰਨ ਲੱਗ ਪਿਆ। ਆਪ ਨੇ ਲੋਕਾਂ ਨੂੰ ਪੂਰੀ ਤਰ੍ਹਾਂ ਦੇਸ਼ ਭਗਤੀ ਦਾ ਜਜ਼ਬਾ ਉਭਾਰੀ ਰੱਖਿਆ। ਇਸ ਲਈ ਸਤਿਜੁਗ ਅਖ਼ਬਾਰ ਬੜਾ ਕਾਰਗਰ ਸਾਧਨ ਬਣਿਆ। ਇਹ ਅਖ਼ਬਾਰ ਪਹਿਲਾਂ ਲਾਹੌਰ ਤੋਂ ਛਪਦਾ ਸੀ। ਸਰਕਾਰ ਨੇ ਇਸ ਦੇ ਅਨੇਕਾਂ ਅੰਕ ਜ਼ਬਤ ਕੀਤੇ। ਕਈ ਵਾਰ ਜ਼ਮਾਨਤ ਵੀ ਜ਼ਬਤ ਹੋਈ ਪਰ ਦੇਸ਼ ਭਗਤੀ ਦੀ ਭਾਵਨਾ ਵਾਲੇ ਲੇਖ, ਕਵਿਤਾਵਾਂ ਤੇ ਸੰਪਾਦਕੀ ਆਪਣਾ ਭਰਪੂਰ ਯੋਗਦਾਨ ਪਾਉਂਦੇ ਰਹੇ। ਅੰਗਰੇਜ਼ ਅਜਿਹੇ ਪ੍ਰਚਾਰ ਨੂੰ ਆਪਣੇ ਵਿਰੁੱਧ ਸਿੱਧੀ ਬਗਾਵਤ ਮੰਨਦਾ ਸੀ ਪਰ ਲੋਕ-ਜੋਸ਼ ਨੂੰ ਮੱਠਾ ਨਾ ਕਰ ਸਕਿਆ। ਸਤਿਜੁਗ ਅਖ਼ਬਾਰ ਸਰਕਾਰੀ ਨੀਤੀਆਂ ਤੇ ਕਰੜੀ ਆਲੋਚਨਾ ਕਰਦਾ ਰਿਹਾ। ਉਸ ਜ਼ਮਾਨੇ ਵਿਚ ਦੇਸ਼ ਭਗਤਾਂ ਦੇ ਹੱਕ ਵਿਚ ਲਿਖਣਾ ਜਾਂ ਸਤਿਆਗ੍ਰਹੀਆਂ ਦੇ ਮੁੱਦਿਆਂ ਨੂੰ ਉਭਾਰਨਾ ਬੜੇ ਜੋਖ਼ਮ ਦਾ ਕੰਮ ਸੀ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਥਾਪੀ ਨਾਲ 'ਸਤਿਜੁਗ ਅਖ਼ਬਾਰ' ਨੇ ਇਹ ਕਰੜਾ ਕਾਰਜ ਬੜੀ ਯੋਗਤਾ ਨਾਲ ਨਿਭਾਹਿਆ।

ਇਹ ਉਹ ਸਮਾਂ ਹੈ ਜਦੋਂ ਸਾਰੇ ਭਾਰਤੀ ਆਪੋ ਆਪਣੇ ਢੰਗ ਨਾਲ ਆਜ਼ਾਦੀ ਲਈ ਜਦੋ-ਜਹਿਦ ਕਰ ਰਹੇ ਸਨ। ਇਹਨੀਂ ਦਿਨੀਂ ਅਕਾਲੀਆਂ ਨੇ ਵੀ ਸਮੇਂ ਸਮੇਂ ਮੋਰਚੇ ਲਾਏ। ਭਾਵੇਂ ਨਾਮਧਾਰੀ ਤੇ ਅਕਾਲੀ ਆਪਸ ਵਿਚ ਮਤਭੇਦ ਰੱਖਦੇ ਸਨ ਪਰ ਅਨੇਕਾਂ ਵਾਰ ਨਾਮਧਾਰੀਆਂ ਨੇ ਅਕਾਲੀਆ ਦੀ ਹਿਮਾਇਤ ਵਜੋਂ ਮੋਰਚਿਆਂ ਵਿਚ ਸਾਥ ਦਿੱਤਾ ਤੇ ਕਈ ਤਤਕਾਲੀ ਸਿੰਘਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਅਕਾਲੀਆਂ ਦਾ ਸਭ ਤੋਂ ਕਠਿਨ ਮੋਰਚਾ ਜੈਤੋ ਦਾ ਮੋਰਚਾ ਸੀ ਜਿਸ ਵਿਚ ਅਕਾਲੀ, ਨਾਮਧਾਰੀ, ਨਿਰਮਲੇ ਸੰਤ ਤੇ ਕਾਂਗਰਸੀ ਸਾਰੇ ਮਿਲ ਕੇ ਲੜੇ ਸਨ। ਹੁਣ ਇਕ ਪਾਸੇ ਕਾਂਗਰਸ, ਦੂਜੇ ਪਾਸੇ ਅਕਾਲੀ, ਤੀਜੇ ਪਾਸੇ ਨਾਮਧਾਰੀ ਇਹਨਾਂ ਸਾਰਿਆਂ ਦੀ ਇਕਮੁਠਤਾ ਵੇਖ ਕੇ ਸਰਕਾਰ ਡਰ ਗਈ ਤੇ ਇਹਨਾਂ ਨੂੰ ਆਪਸ ਵਿਚ ਤੋੜਨ ਦੇ ਰਾਹ ਸੋਚਣ ਲੱਗੀ।

ਨਾਮਧਾਰੀਆਂ ਨੇ ਕਾਂਗਰਸ ਨਾਲ ਮਿਲ ਕੇ ਕੰਮ ਸ਼ੁਰੂ ਕੀਤਾ। ਸਤਿਗੁਰਾਂ ਨੇ 1927 ਈ: ਮੁੱਠਡਿਆਂ, ਜ਼ਿਲ੍ਹਾਂ ਜਲੰਧਰ ਵਿਚ ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਇਕ ਬਹੁਤ ਵੱਡਾ ਸਮਾਗਮ ਕੀਤਾ। ਇਥੇ ਸਾਰੀਆਂ ਪਾਰਟੀਆਂ ਦੇ ਲੀਡਰ ਆਏ ਤੇ ਅੰਗਰੇਜ਼ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ਼ ਬੋਲੇ। ਇਸੇ ਤਰ੍ਹਾਂ 1929 ਨੂੰ ਆਲ ਇੰਡੀਆ ਕਾਂਗਰਸ ਦਾ ਸਮਾਗਮ ਲਾਹੌਰ ਵਿਚ ਹੋਇਆ। ਇਸ ਵਿਚ ਨਾਮਧਾਰੀਆਂ ਨੇ ਬਹੁਤ ਵੱਡਾ ਰੋਲ ਅਦਾ ਕੀਤਾ। ਸੰਨ 1939 ਈ: ਵਿਚ ਲੁਧਿਆਣਾ ਵਿਖੇ ਸਟੇਟ ਪੀਪਲਜ਼ ਕਾਨਫਰੰਸ ਹੋਈ। ਕਾਨਫਰੰਸ ਨੇ ਜਲੂਸ ਵਿਚ ਸਤਿਗੁਰਾਂ ਨੇ ਆਪਣੇ ਘੋੜੇ ਦਿੱਤੇ, ਆਪਣੀ ਕਾਰ ਦਿੱਤੀ। ਸਾਰੇ ਲੀਡਰਾਂ ਨੂੰ ਭੈਣੀ ਸਾਹਿਬ ਬੁਲਾਇਆ ਤੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਦੇ ਹਾਲ ਤਫਸੀਲ ਨਾਲ ਸੁਣਾਏ ਤੇ ਸਾਰਿਆਂ ਦੇ ਖ਼ੂਨ ਖੌਲਣ ਲੱਗ ਪਏ। ਗੱਲ ਕੀ ਨਾਮਧਾਰੀ ਪ੍ਰਤਾਪ ਸਿੰਘ ਜੀ ਦੇ ਜ਼ਮਾਨੇ ਨਾਮਧਾਰੀ ਵੀਰਾਂ ਨੇ ਅਨੇਕ ਥਾਈਂ ਮੁਖ ਰੋਲ ਨਿਬਾਹਿਆ। ਅਨੇਕਾਂ ਜ਼ੁਲਮ ਦੇ ਝੱਖੜ ਝੁੱਲੇ ਪਰ ਇਹਨਾਂ ਹਿੰਮਤ ਨਹੀਂ ਹਾਰੀ। ਸਦਾ ਚੜ੍ਹਦੀ ਕਲਾ ਵਿਚ ਰਹੇ। ਧਿਆਨ ਯੋਗ ਨੁਕਤਾ ਤਾਂ ਇਹ ਹੈ ਕਿ, ਇਕ ਵੀ ਨਾਮਧਾਰੀ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਨਾਬਰ ਨਹੀਂ ਹੋਇਆ। ਸਗੋਂ ਸਤਿਗੁਰਾਂ ਦੇ ਬਚਨਾ ਤੇ ਹਰ ਹਾਲ ਫੁੱਲ ਚੜ੍ਹਾਏ। ਨਾਮਧਾਰੀ ਆਪਣੇ ਸਿੱਖੀ ਸਿਦਕ ਤੇ ਦੇਸ਼ ਭਗਤੀ ਤੇ ਦੇਸ਼ ਵਡਾਈ ਲਈ ਅੱਜ ਵੀ ਬੜੇ ਸਤਿਕਾਰ ਦੇ ਸੁਆਮੀ ਹਨ।

ਜ਼ਾਹਿਰ ਹੈ ਸ੍ਰੀ ਸਤਿਗੁਰੂ ਜੀ ਨੇ ਸਮੇਂ ਸਮੇਂ ਲੋਕਾਂ ਵਿਚ ਆਪਾ ਪਛਾਣਨ ਦੀ ਲਹਿਰ ਚਲਾਈ ਰੱਖੀ, ਚਾਹੇ ਇਸ ਦਾ ਸੰਬੰਧ ਧਰਮ ਖੇਤਰ ਸੀ, ਰਾਜਨੀਤਕ ਜਾਂ ਸਮਾਜਿਕ। ਨਾਲੇ, ਧਰਮ ਨੂੰ ਸਮਾਜ ਨਾਲੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ। ਧਰਮ-ਦ੍ਰਿਸ਼ਟੀ ਸਮਾਜਕ ਬਣਤਰ ਨੂੰ ਮਜ਼ਬੂਤ ਕਰਦੀ ਹੈ, ਨਰੋਈਆਂ ਕਦਰਾਂ ਕੀਮਤਾਂ ਦੀ ਪ੍ਰਫੁਲਤਾ ਦਾ ਕਾਰਨ ਬਣਦੀ ਹੈ। ਲੋਕਾਂ ਦੇ ਮਨਾਂ ਵਿਚੋਂ ਵਹਿਮ ਕੱਢ ਕੇ, ਮਨਾਂ ਦੇ ਜਾਲੇ ਲਾਹ ਕੇ, ਸਿਹਤਮੰਦ ਮਾਨਸਿਕਤਾ ਪ੍ਰਦਾਨ ਕਰਦੀ ਹੈ। ਬਸ਼ਰਤੇ ਇਸਦਾ ਰਹਿਬਰ ਸਤਿਗੁਰੂ ਜੀ ਵਰਗਾ ਵਿਸ਼ਾਲ ਦ੍ਰਿਸ਼ਟੀਕੋਣ ਦਾ ਮਾਲਕ ਹੋਵੇ। ਸੰਕੀਰਣਤਾ

ਤੋਂ ਉੱਚਾ ਚੁੱਕ ਕੇ ਵਿਸ਼ਵ ਦ੍ਰਿਸ਼ਟੀ ਨਾਲ ਜੋੜ ਸਕਦਾ ਹੋਵੇ। ਸੰਖੇਪ ਵਿਚ, ਨਾਮਧਾਰੀ ਸਾਮਜ ਨੂੰ ਸਰਬਾਂਗੀ ਰਾਹਨੁਮਾਈ ਦੇ ਕੇ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਨੂੰ ਹਰ ਤਰ੍ਹਾਂ ਸਮਰਿਧ ਬਣਾ ਦਿੱਤਾ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਸਮੁਦਾਇ ਨੂੰ ਕੌਮੀ ਸੰਗਠਨ ਵਰਗਾ ਰੂਪ ਦੇਣ ਵਿਚ ਨਾਮਧਾਰੀ ਪ੍ਰਤਾਪ ਸਿੰਘ ਜੀ ਦਾ ਵਿਸ਼ੇਸ਼ ਹੱਥ ਹੈ। ਸਤਿਗੁਰੂ ਜੀ ਨੇ ਜੀਵਨ ਨਗਰ ਦੀ ਸਥਾਪਨਾ ਰਾਹੀਂ ਨਾਮਧਾਰੀਆਂ ਨੂੰ ਇਕ ਵਿਸ਼ੇਸ਼ ਸਥਾਨ ਤੇ ਨਾ ਕੇਵਲ ਇਕੱਠਾ ਹੀ ਰੱਖਿਆ ਸਗੋਂ ਉਹਨਾਂ ਦੀ ਭਾਈਚਾਰਕ ਸਾਂਝੀਵਾਲਤਾ ਹੋਰ ਮਜ਼ਬੂਤ ਹੋਈ। ਉਹ ਈਰਖਾ, ਸਾੜੇ, ਕੀਨੇ ਤੋਂ ਮੁਕਤ ਹੋ ਕੇ ਇਕੱਠਾ ਬੈਠਣ ਦਾ ਵੱਲ ਸਿਖ ਗਏ। ਸਾਰਿਆਂ ਦੀ ਸੋਚ ਇਕ ਹੋ ਗਈ। ਏਕਤਾ ਪਿਆਰ ਵਿਚ ਵਾਧਾ ਹੋਇਆ। ਬਹੁਤਿਆਂ ਦਾ ਕਿੱਤਾ ਇਕ ਹੋ ਗਿਆ। ਲੋਕ ਭਟਕਣ ਤੋਂ ਮੁਕਤ ਹੋ ਕੇ ਧਰਤੀ ਮਾਂ ਨਾਲ ਜੁੜ ਗਏ। ਸਾਦਾ ਜੀਵਨ ਉਹਨਾਂ ਦੇ ਅੰਗਸੰਗ ਹੋ ਗਿਆ। ਉਹ ਖੇਤੀ ਵਾਹੀ ਰਾਹੀਂ ਜੀਵਨ ਨਿਰਬਾਹ ਕਰਨ ਲੱਗੇ।

ਸਮੂਹਿਕ ਜੀਵਨ ਦੀ ਖੂਬਸੂਰਤੀ ਇਹ ਹੁੰਦੀ ਹੈ ਕਿ ਲੋਕ ਇਕੋ ਤਰ੍ਹਾ ਦੇ ਆਦਰਸ਼ਾਂ ਦੇ ਧਾਰਨੀ ਹੋ ਜਾਂਦੇ ਹਨ। ਸਤਿਗੁਰੂ ਜਿਥੇ ਗਊ ਪਾਲਕ ਤੇ ਰੱਖਿਅਕ ਸਨ ਉਥੇ ਸਾਰੇ ਲੋਕ ਪਸ਼ੂ ਪਾਲਣ ਵਲ ਰੁਚਿਤ ਹੋ ਗਏ। ਸਾਰਿਆਂ ਨੂੰ ਦੁੱਧ ਘਿਉ ਰੱਜਵਾਂ ਮਿਲਣ ਲੱਗਾ। ਇਹ ਲੋਕ ਕਰੜੀ ਕਾਸ਼ਤਕਾਰੀ ਵੀ ਕਰਦੇ ਤਾਂ ਸਿਹਤਮੰਦ ਪ੍ਰਸ਼ਾਦਾ ਵੀ ਛਕਦੇ। ਧਾਰਮਿਕ ਮਰਿਯਾਦਾ ਦੀ ਪਾਬੰਦੀ ਹੇਠ ਤਾਂ ਇਹ ਸਾਰੇ ਸਨ ਹੀ। ਨਾਮਧਾਰੀ ਸਮਾਜ ਅੱਜ ਵੀ ਵੈਸ਼ਨੋ ਬਿਰਤੀ ਦਾ ਧਾਰਨੀ ਹੈ।

ਸ੍ਰੀ ਸਤਿਗੁਰੂ ਜੀ ਨੇ ਜਿਥੇ ਇਹਨਾਂ ਦੇ ਸਮਾਜਿਕ ਆਚਰਣ ਦੀ ਉਸਾਰੀ ਵੱਲ ਧਿਆਨ ਦਿੱਤਾ ਉਥੇ ਆਤਮਕ ਉਸਾਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਤੇ ਰੱਖਿਆ। ਅੰਮ੍ਰਿਤ ਵੇਲੇ ਦਾ ਨਾਮ ਸਿਮਰਨ ਤੇ ਕੀਰਤਨ ਤਾਂ ਇਸ ਸੰਪ੍ਰਦਾਇ ਦਾ ਲਾਜ਼ਮੀ ਅੰਗ ਹੈ। ਸਤਿਗੁਰੂ ਜੀ ਨੇ ਇਸ ਦੇ ਨਾਲ ਨਾਲ ਗੁਰਬਾਣੀ ਦਾ ਅਨੇਕ ਮੁਖੀ ਪ੍ਰਚਾਰ ਕੀਤਾ। ਸ਼ੁੱਧ ਬਾਣੀ ਉਚਾਰਨ ਨੂੰ ਉਤਸ਼ਾਹ ਦੇਣ ਲਈ ਪਾਠੀ ਜਨਾਂ ਦੇ ਮੁਕਾਬਲੇ ਕਰਵਾਏ। ਗੁਰਬਾਣੀ ਦੇ ਰਸੀਏ ਆਤਮਿਕ ਅਨੰਦ ਵਿਚ ਵਿਭੋਰ ਹੋ ਜਾਣ ਇਸ ਲਈ ਸੰਗੀਤ ਦੀ ਉਚੇਰੀ ਸੂਝ ਨੂੰ ਪਨਪਣ ਲਈ ਸੰਗੀਤ ਦਰਬਾਰ ਕਰਵਾਉਂਦੇ ਰਹੇ। ਅਨੇਕ ਗੁਣੀ ਜਨਾਂ ਨੂੰ ਸੁਣਨਾ, ਪੁਰਾਣੀਆਂ ਗੁਰਮਤਿ ਦੀਆਂ ਰੀਤਾਂ ਨੂੰ ਸੰਭਾਲਣਾ ਆਦਿ ਕਾਰਜ ਹੈਰਤਕੁੰਨ ਹਨ। ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਨੂੰ ਸਹਿਜ ਕਰਨ ਵਿਚ ਅਜਿਹੀ ਸਿਖਲਾਈ ਆਪਣੇ ਆਪ ਵਿਚ ਬੇਜੋੜ ਹੈ।

ਹਰ ਸਮੁਦਾਇ ਆਪਣੇ ਵਕਤ ਵਿਹਾਰ ਦੀ ਵੱਖਰਤਾ ਰੱਖਦਾ ਹੈ ਪਰ ਸਤਿਗੁਰੂ ਜੀ ਨੇ ਨਾਮਧਾਰੀਆਂ ਨੂੰ ਅਨੇਕ ਪ੍ਰਕਾਰੀ ਸਮਾਜਿਕ ਬੰਧਨਾਂ ਤੋਂ ਮੁਕਤ ਕਰ ਦਿੱਤਾ। ਸਮੂਹਿਕ ਆਨੰਦ ਕਾਰਜ ਦੀ ਰਸਮ ਚਲਾ ਕੇ ਆਮ ਸੰਸਾਰੀਆਂ ਨੂੰ ਅਨੇਕ ਕਸ਼ਟਾਂ ਤੋਂ

ਛੁਡਾ ਲਿਆ। ਆਪਣੇ ਆਪਣਿਆਂ ਦੇ ਗਲ ਲੱਗੇ। ਇਕੋ ਤਰ੍ਹਾਂ ਦੇ ਮਾਹੌਲ ਵਿਚ ਪਲੇ ਨੌਜੁਆਨ ਲੜਕੇ ਲੜਕੀਆਂ ਆਪਣੀ ਜੀਵਨ-ਜਾਚ ਵਿਚ ਸੁਦ੍ਰਿੜ ਹੁੰਦੇ ਗਏ।

ਰਾਜਸੀ ਤੌਰ 'ਤੇ ਕਾਨਫਰੰਸਾਂ ਨੇ ਆਪਣਾ ਰੋਲ ਨਿਭਾਇਆ। ਨਾਮਧਾਰੀ ਆਪਣੀ ਮਾਤਭਾਸ਼ਾ, ਆਪਣੀ ਵਿਰਾਸਤ, ਆਪਣੇ ਸਿੱਖ ਧਰਮ, ਆਪਣੇ ਸਭਿਆਚਾਰ 'ਤੇ ਗੌਰਵ ਕਰਨ ਲੱਗੇ। ਛੋਟੀਆਂ ਗ਼ਲਤ-ਫਹਿਮੀਆਂ ਵੱਡੀਆਂ ਤ੍ਰੇੜਾਂ ਪਾ ਜਾਂਦੀਆਂ ਹਨ। ਇਹਨਾਂ ਵਿਰਲਾਂ ਤੋਂ ਦੂਰ ਰਹਿਣ ਦਾ ਉਪਾਉ ਸਤਿਗੁਰੂ ਜੀ ਨੇ ਅਨੇਕ ਤਰ੍ਹਾਂ ਦੀਆਂ ਕਾਨਫਰੰਸਾਂ ਰਾਹੀਂ ਕੀਤਾ।

ਕੁਲ ਮਿਲਾ ਕੇ, ਸਰਬਾਂਗੀ ਰਾਹਨੁਮਾਈ ਤੇ ਜਾਗ੍ਰਿਤੀ ਦਾ ਸਿਹਰਾ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਹੀ ਪ੍ਰਾਪਤ ਹੈ। ਉਹਨਾਂ ਦੇ ਅਨੇਕ ਮੁਖ ਉਦਮਾਂ ਨੇ ਨਾਮਧਾਰੀ ਕੌਮੀ ਸੰਗਠਨ ਨੂੰ ਮਜ਼ਬੂਤ ਕੀਤਾ ਤੇ ਜਨ ਸਾਧਾਰਣ ਨੂੰ 'ਲੋਕ ਸੁਖੀ ਪਰਲੋਕ ਸੁਹੇਲੇ' ਦਾ ਸਬਕ ਦ੍ਰਿੜ ਕਰਾਈ ਰੱਖਿਆ। ਫਲਸਰੂਪ ਲੋਕ ਦੁਨੀਆਦਾਰੀ ਨਿਭਾਉਂਦੇ ਧਰਮ ਪਰਾਇਣ ਹੋ ਗਏ। ਇਹੋ ਹੈ ਨਾਮਧਾਰੀ ਸਮਾਜ ਦੀ ਪ੍ਰਾਪਤੀ। ਇਥੇ ਲੋਕ-ਪਰਲੋਕ ਇਕ ਤੋਲ ਤੁਲੇ ਹਨ। ਲੋਕ ਧਰਮ ਵਿਚ ਤੇ ਧਰਮ ਲੋਕਾਂ ਵਿਚ ਇਕ ਰਸ ਇਕ ਰੂਪ ਪ੍ਰਵਾਹਿਤ ਹੋ ਰਿਹਾ ਹੈ।

ਅੰਤ ਵਿਚ ਇਹ ਕਹਿਣਾ ਮੁਨਾਸਿਬ ਹੈ ਕਿ ਨਾਮਧਾਰੀ ਲਹਿਰ ਨੇ ਜਿਥੇ ਅਨੇਕਾਂ ਕਾਰਜਾਂ ਰਾਹੀਂ ਇਸ ਸਮੁਦਾਇ ਦਾ ਮੂੰਹ ਮੱਥਾ ਨਿਖਾਰ ਦਿੱਤਾ ਉਥੇ ਨਾਰੀਵਾਦੀ ਚੇਤਨਾ ਨੇ ਇਸ ਨੂੰ ਅੰਦਰੋਂ ਦ੍ਰਿੜਤਾ ਪ੍ਰਦਾਨ ਕੀਤੀ। ਸਮੂਹਿਕ ਆਨੰਦ ਕਾਰਜ ਨੇ ਧੀਆਂ ਵਾਲਿਆਂ ਨੂੰ ਅਸਲੋਂ ਨਰੋਆ ਜੀਵਨ ਦੇ ਦਿੱਤਾ। ਦਹੇਜ-ਦਾਤ ਜੋ ਮਾਪਿਆਂ ਨੂੰ ਅੰਦਰੋਂ ਘੁਣ ਵਾਂਗ ਖਾ ਜਾਂਦੀ ਸੀ ਇਹ ਲੋਕ ਉਸ ਤੋਂ ਮੁਕਤ ਹੋ ਗਏ। ਕਿਸੇ ਨੂੰ ਦਹੇਜ ਦੀ ਚਿੰਤਾ ਨਹੀਂ; ਕਿਸੇ ਨੂੰ ਧੀ ਵਿਆਹੁਣ ਦਾ ਫ਼ਿਕਰ ਨਹੀਂ। ਨਾਮਧਾਰੀਆਂ ਦੇ ਰਿਸ਼ਤੇ ਨਾਤੇ ਨਾਮਧਾਰੀਆਂ ਵਿਚ ਹੀ ਹੁੰਦੇ ਹਨ। ਉਹੋ ਖੁਲ੍ਹ, ਉਹੋ ਸਾਦਗੀ, ਸਾਰਿਆਂ ਦਾ ਹਿੱਸਾ ਹੈ। ਸਾਰੇ ਹੀ ਸਤਿਗੁਰਾਂ ਦੇ ਹੁਕਮ ਦੀ ਕਮਾਈ ਕਰਕੇ ਉਜਲੇ ਨਾਰੀ ਸਮਾਜ ਦੇ ਹਿੱਸੇਦਾਰ ਬਣ ਗਏ ਹਨ। ਬਾਣੀ ਪੜ੍ਹਨੀ, ਗੁਰਮੁਖੀ ਸਿੱਖਣੀ ਕਿਉਂਕਿ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਸੀ। ਉਸ ਦੀ ਕਮਾਈ ਕਰਕੇ ਨਾਮਧਾਰੀ ਬੀਬੀਆਂ ਅਕਸਰ ਪੰਜਾਬੀ ਜਾਣਦੀਆਂ ਹਨ। ਬਾਣੀ ਉਹਨਾਂ ਨੂੰ ਕੰਠ ਹੈ। ਬਾਣੀ ਦਾ ਪਾਠ ਉਹਨਾਂ ਦਾ ਜੀਵਨ-ਅੰਗ ਹੈ। ਇਸ ਲਈ ਨਾਰੀ ਸੰਸਾਰ ਨਾਲ ਜੁੜੀਆਂ ਘਿਨੌਣੀਆਂ ਰੀਤਾਂ-ਰਸਮਾਂ ਤੋਂ ਮੁਕਤ ਇਹ ਇਕ ਨਿਰਮਲ ਸਮੁਦਾਇ ਹੈ। ਕਿਰਤ ਕਰਨਾ, ਨਾਮ ਭਜਨ ਕਰਨਾ, ਨਾਰੀ ਆਦਰ ਕਰਨਾ ਇਹਨਾਂ ਦਾ ਖ਼ਾਸਾ ਹੈ। ਨਾਮਧਾਰੀ ਲਹਿਰ ਨੇ ਸਹਿਜੇ ਹੀ ਇਕ ਸਾਵੇਂ ਸੰਤੁਲਿਤ ਸਮਾਜ ਦੀ ਸਿਰਜਣਾ ਕੀਤੀ ਹੈ, ਜਿਸ ਦਾ ਸਿਹਰਾ ਅੱਜ ਵੀ ਸਤਿਗੁਰਾਂ ਨੂੰ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਲਹਿਰ : ਨਾਰੀਵਾਦੀ ਦ੍ਰਿਸ਼ਟੀਕੋਣ ਅਤੇ ਸਮਾਜਕ ਚੇਤਨਾ

ਡਾ. ਗੁਰਨਾਮ ਕੌਰ ਬੇਦੀ

ਅੱਜ ਨਾਰੀ-ਮੁਕਤੀ ਦੀ ਗੱਲ ਕਰਨੀ ਬੜੀ ਆਸਾਨ ਹੈ ਜਦ ਕਿ ਵਿਗਿਆਨ ਨੇ ਉੱਨਤੀ ਦੀਆਂ ਸਿਖਰਾਂ ਛੋਹੀਆਂ ਹਨ। ਨਾਰੀ ਆਰਥਿਕ ਤੌਰ 'ਤੇ ਸੁਤੰਤਰ ਹੋਈ ਹੈ, ਨਾਰੀ ਪ੍ਰਤੀ ਲੋਕ-ਦ੍ਰਿਸ਼ਟੀ ਤੇ ਲੋਕ-ਚਿੰਤਨ ਬਦਲਿਆ ਹੈ। ਅੱਜ ਜਿਸ ਥਾਵੇਂ ਇਸਤਰੀ-ਸਮਾਜ ਖਲੋਤਾ ਹੈ, ਜਿਵੇਂ ਇਸਤਰੀ ਜਾਤੀ ਦੀ ਸਾਰੇ ਸਮਾਜ ਵਿਚ ਸੁਣੀ ਜਾ ਰਹੀ ਹੈ, ਇਸ ਤਰ੍ਹਾਂ ਕਦੇ ਨਾ ਹੋ ਸਕਦਾ ਜੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ-ਦ੍ਰਿਸ਼ਟੀ ਨਾ ਹੁੰਦੀ। ਅੱਜ ਵੀ ਇਹ ਮੁਕਤੀ ਕਿਤਨੇ ਪ੍ਰਤੀਸ਼ਤ ਨੂੰ ਤੇ ਕਿਸ ਹੱਦ ਤਕ ਹਾਸਿਲ ਹੋ ਰਹੀ ਹੈ ਤੇ ਕਿਉਂ ਅੱਜ ਵੀ ਔਰਤਾਂ ਦੀ ਔਸਤ ਇਸ ਹੱਦ ਤਕ ਗਿਰ ਰਹੀ ਹੈ ਕਿ ਇਹ ਸਭ ਚਿੰਤਨਸ਼ੀਲ ਵਿਚਾਰਕਾਂ ਦੀ ਚਿੰਤਾ ਦਾ ਵਿਸ਼ਾ ਬਣ ਰਹੀ ਹੈ, ਜਿਸ ਵਿਚੋਂ ਔਰਤ ਦਾ ਧੁੰਦਲਾ ਭਵਿੱਖ ਨਜ਼ਰ ਆ ਰਿਹਾ ਹੈ। ਅਜਿਹੇ ਕਈ ਹੋਰ ਜਲਦੇ ਪ੍ਰਸ਼ਨ ਅੱਜ ਦੇ ਸਮਾਜ ਦੇ ਸਾਹਮਣੇ ਹਨ। ਅੰਦਾਜ਼ਾ ਲਗਾਉਣਾ ਔਖਾ ਹੈ ਕਿ ਅੱਜ ਤੋਂ 150 ਸਾਲ ਪਹਿਲਾਂ ਜਦੋਂ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਦਲਿਤਾਂ ਦੀ ਦਲਿਤ ਇਸ ਅੱਧੀ ਮਨੁੱਖਤਾ ਲਈ ਮੁਕਤੀ ਦੇ ਰਾਹ ਮੋਕਲੇ ਕੀਤੇ, ਔਰਤ ਕਿਸ ਹੱਦ ਤਕ ਨਿਘਾਰ ਦੀ ਸਥਿਤੀ ਵਿਚ ਸੀ। ਨਾਰੀ, ਜਿਸ ਤੋਂ ਬਿਨਾਂ ਕੋਈ ਘਰੋਗੀ ਇਕਾਈ ਨਹੀਂ ਸਿਰਜੀ ਜਾ ਸਕਦੀ, ਇਤਨੀ ਅਸਮਰਥ, ਇਤਨੀ ਅਧੀਨ, ਬੇਬੱਸ, ਲਾਚਾਰ ਤੇ ਕਿੱਲੇ ਬੱਧੇ ਪਸ਼ੂ ਵਾਂਗ ਸੀ, ਜਿਸਦਾ ਜਦੋਂ ਕੋਈ ਚਾਹੇ, ਵੱਟਾ-ਸੱਟਾ ਕਰ ਲਵੇ, ਵੇਚ ਲਵੇ, ਧੱਕੇ ਦੇ ਲਵੇ ਜਾਂ ਉਸ ਨੂੰ ਜਿਊਂਦਿਆਂ ਸਾੜ ਸੁੱਟੇ। ਦੀਨ-ਹੀਨ ਅਵਸਥਾ ਦੀ ਇੰਤਹਾ ਇਹ ਸੀ ਕਿ ਉੱਚ ਖ਼ਾਨਦਾਨ ਆਪਣੀ ਪੱਤ ਬਚਾਉਣ ਲਈ ਜੰਮਦੀ ਕੰਨਿਆਂ ਨੂੰ ਮਾਰ ਮੁਕਾਉਣਾ ਹੀ ਬਿਹਤਰ ਸਮਝਣ ਲੱਗ ਪਏ ਤੇ ਹੌਲੀ-ਹੌਲੀ ਇਹ ਪ੍ਰਥਾ ਜਨ-ਸਾਧਾਰਨ ਤਕ ਪਹੁੰਚ ਕੇ ਬੜਾ ਸਹਿਜ ਕਾਰਜ ਬਣ ਗਈ। ਉਸ ਵੇਲੇ ਸਮਾਜ ਵਿਚ ਔਰਤ ਦੇ ਪੱਲੇ ਸਿਵਾਏ ਨਿਰਾਦਰੀ ਤੇ ਦੁਰਦਸ਼ਾ ਦੇ ਕੁਝ ਨਹੀਂ ਸੀ, ਉਹ ਤਾਂ ਪੈਰ ਦੀ ਜੁੱਤੀ ਸੀ, ਪਾਈ ਤਾਂ ਪਾਈ ਨਾ ਪਾਈ ਤਾਂ ਨਾ ਹੀ ਪਾਈ। ਜਨਨੀ ਹੋਣ ਦੇ ਨਾਤੇ ਜੇ ਕਦੇ ਉਹਦੇ ਸਨਮਾਨ ਦੀ ਗੱਲ

Sri Satguru Jagjit Singh Ji Elibrary NamdhariElibrary@gmail.com

ਹੋਈ ਵੀ ਤਾਂ ਉਹ ਨਰ ਸੰਤਾਨ ਨੂੰ ਜਨਮ ਦੇਣ ਦੀ ਸਮਰੱਥਾ ਕਰਕੇ ਹੋਈ। ਬਾਂਝ ਇਸਤਰੀ ਜਾਂ ਨਿਰੋਲ ਕੁੜੀਆਂ ਦੀ ਮਾਂ ਨੇ ਤ੍ਰਿਸਕਾਰ ਤੋਂ ਬਿਨਾਂ ਕੁਝ ਹਾਸਿਲ ਨਹੀਂ ਕੀਤਾ।

ਜਦੋਂ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਲੋਕ-ਸ਼ਕਤੀ ਨੂੰ ਜਗਾਉਣ ਦਾ ਸੰਕਲਪ ਕੀਤਾ ਤਾਂ ਉਨ੍ਹਾਂ ਦੀ ਕ੍ਰਿਪਾ-ਦ੍ਰਿਸ਼ਟੀ ਮਨੁੱਖਤਾ ਦੇ ਉਸ ਅੱਧ 'ਤੇ ਪਈ, ਜਿਹੜੀ ਸਦੀਆਂ ਤੋਂ ਦੂਹਰੀ ਗ਼ੁਲਾਮੀ ਵਿਚ ਪਿਸਦੀ ਹੋਈ ਆਪਣੀ ਹੋਂਦ ਦਾ ਇਤਿਹਾਸ ਵੀ ਗਵਾ ਚੁੱਕੀ ਸੀ। ਨਿਘਰੇ ਸਮਾਜ ਨੂੰ ਚਰਿੱਤਰਵਾਨ ਬਣਾਉਣ ਲਈ ਆਪ ਨੇ ਔਰਤਾਂ ਨੂੰ ਬਰਾਬਰ ਦਾ ਭਾਈਵਾਲ ਬਣਾਇਆ। 12 ਅਪ੍ਰੈਲ 1857 ਈ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਪ ਨੇ ਸੰਤ ਖ਼ਾਲਸਾ ਦੀ ਨੀਂਹ ਰੱਖੀ ਤੇ ਉਸ ਤੋਂ 6 ਸਾਲ ਪਿੱਛੋਂ ਇਸਤਰੀਆਂ ਨੂੰ ਵੀ ਅੰਮ੍ਰਿਤ ਛਕਾ ਕੇ ਬਰਾਬਰੀ ਤੇ ਪੂਰਣਤਾ ਦਾ ਦਰਜਾ ਦਿਵਾਇਆ। ਆਪ ਨੇ ਇਕ ਇਕ ਕਰਕੇ ਉਹ ਬੇੜੀਆਂ ਕੱਟੀਆਂ, ਜਿਹੜੀਆਂ ਨਾਰੀ ਨੂੰ ਜਕੜੀ ਬੈਠੀਆਂ ਸਨ। 1857 ਵਿਚ ਹੀ ਆਪ ਨੇ ਆਪਣਾ ਇਕ ਇਤਿਹਾਸਕ ਐਲਾਨਨਾਮਾ ਕੀਤਾ, ਜਿਸ ਵਿਚ ਇਸਤਰੀਆਂ ਸੰਬੰਧੀ ਹੇਠ ਲਿਖੇ ਸੂਤਰ ਸਪੱਸ਼ਟ ਕੀਤੇ :

**1. ਕੁੜੀਆਂ ਨਾ ਮਾਰੋ**

ਲੜਕੀਆਂ ਮਾਰਨ ਨਾਲ ਜਿਥੇ ਧਾਰਮਿਕ ਤੌਰ 'ਤੇ ਅਸੀਂ ਪਾਪ ਦੇ ਭਾਗੀ ਬਣਦੇ ਹਾਂ, ਉਥੇ ਸਮਾਜਿਕ ਤੌਰ 'ਤੇ ਵੀ ਦੋਸ਼ੀ ਹੁੰਦੇ ਹਾਂ ਕਿਉਂਕਿ ਜਿੰਨੀਆਂ ਲੜਕੀਆਂ ਮਰਦੀਆਂ ਹਨ, ਲਾਜ਼ਮੀ ਤੌਰ 'ਤੇ ਓਨੇ ਲੜਕੇ ਅਣਵਿਆਹੇ ਰਹਿਣਗੇ ਅਤੇ ਵੱਡਿਆਂ ਹੋ ਕੇ ਉਨ੍ਹਾਂ ਨੂੰ ਗ਼ੈਰ ਕੁਦਰਤੀ ਤਰੀਕੇ ਨਾਲ ਜੀਉਣਾ ਪਵੇਗਾ ਤੇ ਇੰਜ ਜਿਥੇ ਅਸੀਂ ਆਪਣੇ ਹੀ ਬੀਜ ਨਾਸ ਵੱਲ ਵਧ ਰਹੇ ਹੋਵਾਂਗੇ ਉਥੇ ਨਾਲ ਹੀ ਭ੍ਰਿਸ਼ਟਤਾ, ਰੰਡੀਬਾਜ਼ੀ, ਮੁੰਡੇਬਾਜ਼ੀ ਆਦਿ ਦੁਰ-ਲਾਅਨਤਾਂ ਦੇ ਸ਼ਿਕਾਰ ਹੁੰਦੇ ਚਲੇ ਜਾਵਾਂਗੇ...ਝੂਠੀ ਅਣਖ ਵਿਚ ਨਾ ਪੈ ਕੇ ਧੀਆਂ ਨੂੰ ਪੁੱਤਰਾਂ ਦੇ ਸਮਾਨ ਜਾਣ ਇਹਨਾਂ ਦਾ ਮਾਰਨਾ ਬੰਦ ਕਰੋ, ਪੁੰਨ ਕਰੋ, ਉਪਕਾਰ ਕਰੋ, ਭਲਾ ਕਰੋ।

**2. ਵੱਟਾ ਨਾ ਕਰੋ**

ਧੀਆਂ ਸਾਡੀਆਂ ਦੇਹ ਪ੍ਰਾਣ ਹਨ। ਇਹ ਸਾਡੇ ਵਾਂਗ ਹੀ ਸੋਚਦੀਆਂ, ਕਰਦੀਆਂ ਤੇ ਸਾਡੇ ਪਰਿਵਾਰਾਂ ਦੀਆਂ ਹੋਣਹਾਰ ਪ੍ਰਤੀਨਿਧ ਹਨ। ਇਹਨਾਂ ਨੂੰ ਨਿਰਜੀਵ ਵਸਤ ਨਾ ਸਮਝੋ। ਇਹਨਾਂ ਦਾ ਵੱਟਾ-ਸੱਟਾ ਕਰਨਾ ਤੁਹਾਡੇ ਗੌਰਵ ਨੂੰ ਘਟਾਉਂਦਾ ਹੈ, ਤੁਹਾਡੇ ਸੁੱਖ ਚੈਨ ਨੂੰ ਉਲਝਣਾਂ ਵਿਚ ਫਸਾਉਂਦਾ ਹੈ। ...ਵੱਟਾ-ਸੱਟਾ ਬਹੁਤ ਚੰਗੀਆਂ ਬੀਬੀਆਂ ਨੂੰ ਵੀ ਜ਼ੁਲਮ ਦਾ ਸ਼ਿਕਾਰ ਬਣਾ ਧਰਦਾ ਹੈ, ਤਿਆਗੋ ਇਹ ਫਜ਼ੂਲ ਜਿਹਾ ਢੰਗ।

**3. ਕੁੜੀਆਂ ਨਾ ਵੇਚੋ**

ਸਚਮੁੱਚ ਇਨ੍ਹਾਂ ਵਿਚ ਤੁਹਾਡਾ ਆਪਣਾ ਆਪਾ ਹੈ। ਮਾਤਾ-ਪਿਤਾ ਦਾ ਲਹੂ-ਮਾਸ ਤੇ ਸੂਝ-ਸਮਝ ਹੈ। ਇਹ ਢੋਰ ਨਹੀਂ। ਇਨ੍ਹਾਂ ਦਾ ਪੈਸਾ ਵੱਟ ਕੇ ਇਨ੍ਹਾਂ ਨੂੰ ਰੋਗੀਆਂ, ਅੰਗਹੀਣਾਂ, ਬੁੱਢੇ-ਠੇਰਿਆਂ ਤੇ ਲਹੂ-ਮਾਸ ਦੇ ਲੋਭੀਆਂ ਦੇ ਹਵਾਲੇ ਨਾ ਕਰੋ। ਇਹ ਵੀ ਪਾਪ ਹੈ। ਇਹ ਪਾਪ ਸਮਾਜ ਵਿਚ ਦੋਸਤੀ, ਪਿਆਰ, ਸੁਹਿਰਦਤਾ ਤੇ ਪਵਿੱਤਰਤਾ ਨੂੰ ਪਾਰਖਤੀ ਦਿਵਾਂਦਾ ਹੈ। ਇਸ ਨਾਲ ਕੋਝਾ ਬੰਦਾ ਵੱਧ ਮੁੱਲ ਦੇ ਕੇ ਫੁੱਲ ਵਰਗੀ ਖ਼ੂਬਸੂਰਤ ਔਰਤ ਖ਼ਰੀਦ ਸਕਦਾ ਤੇ ਮੂਰਖਾਂ ਵਾਂਗ ਮਧੋਲ ਸਕਦਾ ਹੈ। ਇਸ ਨਾਲ ਬਹੁਤੇ ਪੈਸੇ ਵਾਲਾ ਹਵਸੀ ਆਦਮੀ ਬਹੁਤੀਆਂ ਔਰਤਾਂ ਨੂੰ ਗ਼ੁਲਾਮ ਅਤੇ ਕੈਦੀ ਬਣਾ ਸਕਦਾ ਹੈ, ਛੱਡ ਦਿਉ ਇਸ ਕੁਕਰਮ ਨੂੰ।

**4. ਵਿਧਵਾ ਵਿਆਹ ਕਰੋ**

ਸਾਡੇ ਵਾਂਗ ਹੀ ਇੱਛਾਵਾਂ ਅਤੇ ਅਕਲ ਸ਼ਕਲ ਰੱਖਣ ਵਾਲਾ ਸਾਡਾ ਆਪਣਾ ਹੀ ਲਹੂ-ਮਾਸ ਜਦੋਂ ਇਸਤਰੀ ਜਾਮੇ ਵਿਚ ਆ, ਛੋਟੀ ਉਮਰੇ ਹੀ ਸੰਜੋਗਾਂ ਤੋਂ ਵਿਰਵਾ ਹੋ ਜਾਂਦਾ ਹੈ; ਉਸਦਾ ਪਤੀ ਕਿਸੇ ਘਟਨਾ ਵਸ ਜਾਂ ਰੋਗ ਗ੍ਰਸਤ ਹੋ ਪ੍ਰਲੋਕ ਸਿਧਾਰ ਜਾਂਦਾ ਹੈ ਫਿਰ ਅਸੀਂ ਉਸਨੂੰ ਕਿਉਂ ਸਾਰੀ ਉਮਰ ਹਉਕਿਆਂ ਹਾਵਿਆਂ ਦੇ ਸਪੁਰਦ ਕਰ ਦੇਈਏ। ਸਾਨੂੰ ਕੀ ਅਧਿਕਾਰ ਹੈ ਕਿ ਅਸੀਂ ਆਪਣੇ ਜੈਸੇ ਹੀ ਰੂਹਦਾਰ ਇਕ ਪ੍ਰਾਣੀ ਨੂੰ ਸਤੀ ਹੋਣ ਲਈ ਪ੍ਰੇਰੀਏ ਜਾਂ ਸਾਰੀ ਉਮਰ ਦਾ ਰੰਡੇਪਾ ਕੱਟਣ ਲਈ ਮਜਬੂਰ ਕਰੀਏ। ਇਹੋ ਜਿਹੀਆਂ ਕਥਾ-ਕਹਾਣੀਆਂ, ਜੋ ਜਿਊਣ ਯੋਗ ਬੱਚਿਆਂ ਨੂੰ, ਚਾਵਾਂ ਭਰੇ ਬੱਚਿਆਂ ਨੂੰ ਉਮਰ ਪਰਯੰਤ ਕੌਲੀ-ਕਾਰੀ ਜ਼ਿੰਦਗੀ ਬਿਤਾਉਣ ਲਈ ਤਿਆਰ ਕਰਨ-ਘਿਰਣਾ ਯੋਗ ਹਨ...। ਜੇ ਆਦਮੀ ਦਾ ਪੁੱਤਰ ਪਹਿਲੀ ਪਤਨੀ ਦੇ ਸੁਰਗ ਸਿਧਾਰਿਆਂ ਦੂਜੀ ਵਿਆਹ ਸਕਦਾ ਹੈ ਤਾਂ ਆਦਮੀ ਦੀ ਧੀ ਨੂੰ ਵੀ ਇਹੋ ਹੱਕ ਪ੍ਰਾਪਤ ਹੋਣਾ ਚਾਹੀਦਾ ਹੈ। ਉਹ ਕਿਉਂ ਸਮਾਜ 'ਤੇ ਵਾਧੂ ਬੋਝ ਬਣੀ ਰੁਲਦੀ ਖੁਲਦੀ ਰਹੇ ਜਾਂ ਲੰਮੀ ਉਮਰ ਦੇ ਸਾਲ ਨਰਕੀ ਜੀਵਨ ਬਤੀਤ ਕਰੇ, ਉਸ ਨੂੰ ਨਾ ਸਹੁਰੇ ਘਰ ਢੋਈ ਮਿਲੇ ਨਾ ਪੇਕਾ ਘਰ ਉਸਦਾ ਭਾਲੂ ਹੋਵੇ। ਅਜਿਹੀ ਦੁਰਦਸ਼ਾ ਨੂੰ ਦੂਰ ਕਰਨ ਹਿਤ ਜਵਾਨ ਵਿਧਵਾਵਾਂ ਦੇ ਵਿਆਹ ਕੀਤੇ-ਕਰਵਾਏ ਜਾਣ। ਇਹ ਪਾਪ ਨਹੀਂ ਸਗੋਂ ਪੁੰਨ ਹੈ—ਕਿਸੇ ਲੋੜਵੰਦ ਦਾ ਘਰ ਵਸਾਉਣਾ। ਇਸ ਤਰ੍ਹਾਂ ਕਰਨ ਨਾਲ ਹਉਕਿਆਂ-ਹਾਵਿਆਂ ਨੂੰ ਖ਼ੁਸ਼ੀਆ-ਖੇੜਿਆਂ ਵਿਚ ਬਦਲ ਦਿੱਤਾ ਜਾਵੇਗਾ। ਉੱਠੋ ! ਪ੍ਰਣ ਕਰੋ ਕਿ ਵਿਧਵਾ ਵਿਆਹਾਂ 'ਤੇ ਸਦੀਆਂ ਤੋਂ ਲੱਗੀ ਰੋਕ ਤੋੜ ਦੇਣੀ ਹੈ।

**5. ਚਾਨਣ ਦਿਉ**

ਕੁੜੀਆਂ ਮੁੰਡਿਆਂ ਨੂੰ ਗੁਰਮੁਖੀ ਅੱਖਰ ਪੜ੍ਹਾਉ। ...ਨੂੰਹਾਂ ਤੁਹਾਡੀਆਂ ਅਸਲ ਧੀਆਂ ਹਨ। ਇਹ ਮਾਂ-ਬਾਪ ਦਾ ਘਰ ਤਿਆਗ ਕੇ, ਉਥੋਂ ਦੇ ਸਾਰੇ ਮੋਹ ਪਿਆਰ

Sri Satguru Jagjit Singh Ji Elibrary NamdhariElibrary@gmail.com

ਤੇ ਕੁਟੰਬ ਸੰਬੰਧੀ ਛੱਡ ਕੇ ਤੁਹਾਡੇ ਘਰ ਵਿਚ ਸਾਰੀ ਸਾਂਝ ਸਥਾਪਿਤ ਕਰਦੀਆਂ ਹਨ, ਇਹਨਾਂ ਨੂੰ ਓਪਰੀਆਂ ਤੇ ਲੁਕਾਣਯੋਗ ਵਸਤੂਆਂ ਨਾ ਸਮਝੋ। ਇਹ ਘੁੰਡ ਕਿਉਂ ਕੱਢਣ ? ਇਹਨਾ ਨੂੰ ਧੀਆਂ ਸਮਾਨ ਸਮਝੋ, ਪਿਆਰੋ, ਸਤਿਕਾਰੋ...ਕਾਹਨੂੰ ਰੱਖਦੇ ਓ ਇਹਨਾਂ ਨੂੰ ਵਿਦਿਆ ਦੇ ਚਾਨਣੋਂ ਅਨ੍ਹੇਰੇ। ਅਨ੍ਹੇਰੇ ਕਾਰਨ ਹੀ ਇਨ੍ਹਾਂ ਨੂੰ ਕਬਰਾਂ ਤੋਂ ਡਰ ਲੱਗਦਾ ਹੈ। ਮਰੇ ਹੋਏ ਵੀ ਇਨ੍ਹਾਂ ਨੂੰ ਚੰਬੜਦੇ ਹਨ। ਇਨ੍ਹਾਂ ਨੂੰ ਗੁਰਮੰਤਰ ਦਿਓ-ਦਿਵਾਓ-ਕੋਈ ਮੰਤਰ ਜਾਦੂ ਇਸ ਤੋਂ ਵੱਡਾ ਨਹੀਂ। ਇਹ ਭੇਖੀ ਸਾਧੂਆਂ, ਜਾਦੂ-ਟੂਣਿਆ ਤੇ ਮੜ੍ਹੀ ਮਸਾਣਾ, ਗੁੱਗੇ-ਸਰਵਰਾ ਦੇ ਚੱਕਰ ਵਿਚ ਤਾਂ ਹੀ ਪੈਂਦੀਆਂ ਹਨ ਜੇ ਤੁਸੀਂ ਇਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਪੱਕਿਆਂ ਨਹੀਂ ਕਰਦੇ...ਗੁਰਬਾਣੀ ਪੜ੍ਹੋ ਗੁਰਬਾਣੀ ਸਮਝੋ। ਇਹ ਚਾਨਣ ਦੀ ਮਾਂ ਹੈ।

**6. ਕਦਰ ਕਰੋ**

ਇਸਤਰੀ ਦਾ ਹੁਣ ਤਕ ਨਿਰਾਦਰ ਹੁੰਦਾ ਚਲਿਆ ਆਇਆ ਹੈ, ਇਸਨੂੰ ਆਪਣੇ ਨਾਲ ਪੂਰੀ ਤਰ੍ਹਾਂ ਚਲਾਉਣ ਲਈ ਇਸਦੀ ਇੱਜ਼ਤ ਕਰੋ, ਇਹਦਾ ਹੋਸਲਾ ਵਧਾਓ ਤੇ ਇਸਨੂੰ ਸਮਾਜ ਦਾ ਪੂਰਾ ਭਾਈਵਾਲ ਬਣਾਉ। ਬਾਲ ਵਿਆਹ ਤਿਆਗ ਕੇ 18 ਸਾਲ ਦੀ ਕੰਨਿਆਂ ਤੇ 18-20 ਸਾਲ ਦੇ ਲੜਕਿਆਂ ਦੀਆਂ ਸ਼ਾਦੀਆਂ ਕਰੋ। ਇਸਤਰੀ ਨੂੰ ਕੇਵਲ ਚੌਕੇ ਚੁੱਲ੍ਹੇ ਦੇ ਗੇੜ 'ਚੋਂ ਕੱਢ ਕੇ ਕੰਮਾਂ-ਕਾਰਾਂ ਤੇ ਭਾਈਚਾਰਕ ਮੇਲਿਆਂ ਦੀ ਭਾਈਵਾਲ ਬਣਾਉ। ਇਹ ਚਰਿੱਤਰਹੀਨ ਤਾਂ ਹੀ ਬਣਦੀ ਹੈ ਜਦੋਂ ਤੁਸੀਂ ਇਸਨੂੰ ਸੁਭਾਵਿਕ ਵਿਕਾਸ ਦੇ ਮੌਕੇ ਨਹੀਂ ਪ੍ਰਦਾਨ ਕਰਦੇ।

ਗੱਲ ਕੀ, ਸਮਾਂ ਆ ਗਿਆ ਹੈ ਕਿ ਇਸਤਰੀ ਨਿਰਾਦਰ ਨੂੰ ਪਰ੍ਹਾਂ ਵਗਾਹ ਕੇ ਇਸਦੇ ਸਤਿਕਾਰ ਤੇ ਬਰਾਬਰੀ ਨੂੰ ਕਾਇਮ ਕੀਤਾ ਜਾਵੇ ਤਾਂ ਹੀ ਧਰਮ ਬਣਿਆ ਰਹਿ ਸਕਦਾ ਹੈ, ਤਾਂ ਹੀ ਰਾਜਨੀਤੀ ਵਿਚ ਸਰਗਰਮੀ ਆ ਸਕਦੀ ਹੈ ਅਤੇ ਤਾਂ ਹੀ ਦੇਸ਼ ਤੇ ਦੁਨੀਆਂ ਵਿਚ ਸੁਖ-ਸੁਆਦ ਦਾ ਵਾਧਾ ਕੀਤਾ ਜਾ ਸਕਦਾ ਹੈ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਇਸ ਐਲਾਨਨਾਮੇ ਨੇ ਔਰਤਾਂ ਨੂੰ ਹੌਂਸਲਾ ਅਤੇ ਸ਼ਕਤੀ ਪ੍ਰਦਾਨ ਕੀਤੀ। ਉਨ੍ਹਾਂ ਨੇ ਇਹ ਕੇਵਲ ਜ਼ੁਬਾਨੀ-ਕਲਾਮੀ ਐਲਾਨਨਾਮੇ ਹੀ ਨਹੀਂ ਕੀਤੇ ਸਗੋਂ ਸਮਾਜ ਦੇ ਭਾਰੀ ਵਿਰੋਧ ਨੂੰ ਸਹਾਰਦਿਆਂ ਹੋਇਆਂ ਔਰਤਾਂ ਨੂੰ ਆਪਣੀ ਜਥੇਬੰਦੀ ਵਿਚ ਸ਼ਾਮਿਲ ਕੀਤਾ। ਨਾਮਧਾਰੀਆਂ ਦੇ ਇਤਿਹਾਸ ਵਿਚ ਸਿਆਹੜ ਪਿੰਡ ਨੂੰ ਖ਼ਾਸ ਮਾਨਤਾ ਹਾਸਿਲ ਹੈ, ਜਿਥੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ 1863 ਈ: ਵਿਚ ਔਰਤਾਂ ਨੂੰ ਅੰਮ੍ਰਿਤ ਛਕਾ ਕੇ ਮਰਦਾਂ ਦੇ ਬਰਾਬਰ ਖੜਾ ਕੀਤਾ। ਹਾਲਾਂਕਿ ਪੁਰਾਣੇ ਸੰਸਕਾਰਾਂ ਵਿਚੋਂ ਨਿਕਲ ਕੇ ਔਰਤਾਂ ਦਾ ਵੀ ਇਸ ਪ੍ਰਕਾਰ ਜਨਤਾ ਸਾਹਮਣੇ ਆਉਣਾ ਬੜਾ ਕਠਿਨ ਸੀ। ਪਰੰਤੂ ਸਤਿਗੁਰੂ ਦੀ ਲਲਕਾਰ ਦਾ ਇਹ ਅਸਰ ਸੀ ਕਿ ਔਰਤਾਂ ਨੇ ਵੀ ਇਸ ਤਹਿਰੀਕ ਵਿਚ ਆਪਣੀਆਂ ਜਾਨਾਂ ਹੂਲ

Sri Satguru Jagjit Singh Ji Elibrary NamdhariElibrary@gmail.com

ਦਿੱਤੀਆਂ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਜਦੋਂ ਇਹ ਮਹਾ-ਸ਼ਕਤੀ ਜਗਾਈ ਤਾਂ ਇਹ ਮਹਾ-ਸ਼ਕਤੀ ਸਾਰੇ ਪੰਜਾਬ ਉੱਤੇ ਛਾ ਗਈ। ਇਨ੍ਹਾਂ ਨੇ ਘਰ-ਘਰ ਜਾ ਕੇ, ਪਿੰਡ-ਪਿੰਡ ਘੁੰਮ ਕੇ ਆਜ਼ਾਦੀ, ਸੱਚ, ਸੁੱਚ ਤੇ ਗੁਰਬਾਣੀ ਦਾ ਪ੍ਰਚਾਰ ਪ੍ਰਸਾਰ ਕੀਤਾ। ਇਸਤਰੀਆਂ ਨੂੰ ਵਹਿਮਾਂ-ਭਰਮਾਂ, ਲੋਕਾਚਾਰ, ਦੁਨਿਆਵੀ ਝਮੇਲਿਆਂ ਤੇ ਪਾਖੰਡਾਂ ਤੋਂ ਮੁਕਤ ਕਰਨ ਲਈ ਇਹ ਇਸਤਰੀ ਹਿਤੂ ਅੰਦੋਲਨ ਸਾਰੇ ਪੰਜਾਬ ਵਿਚ ਫੈਲ ਗਿਆ। ਇਸੇ ਹੀ ਸਮੇਂ ਸਤਿਗੁਰੂ ਨੇ ਨਾਰੀ-ਮੁਕਤੀ ਲਈ ਅਗਲੇਰਾ ਕਦਮ ਚੁੱਕਿਆ ਤੇ ਉਸ ਹੀ ਵਿਆਹ ਦੀਆਂ ਮਹਿੰਗੀਆਂ ਤੇ ਅਣਲੋੜੀਂਦੀਆਂ ਰਸਮਾਂ ਤੇ ਕਰਮ-ਕਾਂਡਾਂ ਤੋਂ ਨਿਜਾਤ ਦਿਵਾਉਣੀ। 3 ਜੂਨ 1863 ਨੂੰ ਪਿੰਡ ਖੋਟਿਆਂ ਵਿਖੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਬ੍ਰਾਹਮਣਾਂ ਤੇ ਪ੍ਰੋਹਿਤ ਸਮਾਜ ਦੇ ਵਿਦਰੋਹ ਦੀ ਬਿਨ੍ਹਾਂ ਕੋਈ ਪ੍ਰਵਾਹ ਕੀਤੇ ਆਨੰਦ-ਕਾਰਜ ਦੀ ਰੀਤ ਆਰੰਭ ਕੀਤੀ। ਇਸ ਆਨੰਦ-ਕਾਰਜ ਸਮੇਂ ਸਤਿਗੁਰੂ ਨੇ ਲਲਕਾਰ ਕੇ ਸਾਧ-ਸੰਗਤ ਨੂੰ ਬ੍ਰਾਹਮਣਾਂ ਦੇ ਡ਼ੂਮ-ਡਰਾਵਿਆਂ ਤੋਂ ਮੁਕਤ ਹੋਣ ਲਈ ਕਿਹਾ। ਸਮੂਹਿਕ ਆਨੰਦ-ਕਾਰਜ ਦੀ ਇਹ ਰੀਤ ਦਾਜ-ਦਹੇਜ ਤੇ ਹੋਰ ਸਭ ਵਿਖਾਵਿਆਂ ਤੇ ਖਰਚਿਆਂ ਤੋਂ ਮੁਕਤ ਅਤਿਅੰਤ ਸਾਦਗੀ ਭਰਪੂਰ ਸੀ। ਕੂਕਿਆਂ ਦੁਆਰਾ ਚਲਾਈ ਆਨੰਦ-ਕਾਰਜ ਦੀ ਇਹ ਰੀਤ ਅਤਿਅੰਤ ਹਰਮਨ ਪਿਆਰੀ ਹੋਈ ਤੇ ਇਸੇ ਨੂੰ ਹੀ ਗੁਰਮਤਿ ਅਨੁਸਾਰ ਹੋਇਆ ਵਿਆਹ-ਕਾਰਜ ਸਮਝਿਆ ਜਾਣ ਲੱਗਾ। ਸਤਿਗੁਰੂ ਨੇ ਆਪਣੇ ਐਲਾਨਨਾਮੇ ਵਿਚ ਵਿਧਵਾ ਵਿਆਹ ਦੀ ਗੱਲ ਵੀ ਕਹੀ ਸੀ। ਨਾਮਧਾਰੀ ਤਹਿਰੀਕ ਵਿਚ ਅਜਿਹੀਆਂ ਅਣਗਿਣਤ ਉਦਾਹਰਣਾਂ ਮਿਲਦੀਆਂ ਹਨ, ਜਿਥੇ ਵਿਧਵਾ ਹੋਈਆਂ ਮਾਵਾਂ ਦੇ ਵਿਆਹ ਆਪ ਉਨ੍ਹਾਂ ਦੇ ਬੱਚਿਆਂ ਨੇ ਕਰਵਾਏ।

1863 ਦੇ ਆਨੰਦ-ਕਾਰਜ ਤੋਂ ਹੀ ਨਾਮਧਾਰੀਆਂ ਦੀ ਨਜ਼ਰਬੰਦੀ ਦਾ ਦੌਰ ਸ਼ੁਰੂ ਹੋ ਗਿਆ। ਇਸ ਦਰਮਿਆਨ ਵੀ ਸਤਿਗੁਰੂ ਨੇ ਨਾਰੀ-ਸ਼ਕਤੀ ਨੂੰ ਜਗਾਉਣਾ, ਜਥੇਬੰਦਕ ਰੂਪ ਦੇਣਾ ਤੇ ਅੰਦੋਲਨ ਵਿਚ ਉਨ੍ਹਾਂ ਨੂੰ ਬਰਾਬਰ ਦਾ ਭਾਗੀਦਾਰ ਬਣਾਉਣਾ ਨਹੀਂ ਭੁੱਲੇ। ਪ੍ਰਚਾਰ ਕਾਰਜ ਨੂੰ ਜਾਰੀ ਰੱਖਣ ਲਈ ਜਦ ਉਨ੍ਹਾਂ ਨੇ 22 ਸੂਬਿਆਂ ਦੀ ਸਥਾਪਨਾ ਕੀਤੀ ਤਾਂ ਇਨ੍ਹਾਂ ਵਿਚੋਂ ਹੀ ਇਕ ਪਿੰਡ ਵਰਿਆਂਹ, ਜ਼ਿਲ੍ਹਾ ਅੰਮ੍ਰਿਤਸਰ ਦੀ ਇਕ ਬੀਬੀ ਹੁਕਮ ਕੌਰ ਸੀ, ਜਿਹੜੀ ਬਾਅਦ ਵਿਚ ਮਾਈ ਹੁਕਮੀ ਜਾਂ ਮਹਾਤਮਾ ਜੀ ਦੇ ਨਾਮ ਨਾਲ ਜਾਣੀ ਗਈ। ਇਸ ਮਾਈ ਹੁਕਮੀ ਕੋਲ ਬਾਕੀ ਸੂਬਿਆਂ ਜਿਤਨੇ ਹੀ ਅਧਿਕਾਰ ਸਨ। ਇਸੇ ਮਾਤਾ ਹੁਕਮੀ ਦੀ ਪ੍ਰੇਰਨਾ ਸਦਕਾ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨਾਮਧਾਰੀਆਂ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ ਤੇ ਇਸੇ ਦੇ ਹੀ ਅਸ਼ੀਰਵਾਦ ਨਾਲ ਟਿੱਕਾ ਪਰਤਾਪ ਸਿੰਘ ਦਾ ਜਨਮ ਹੋਇਆ। ਸੂਬਿਆਂ ਤੋਂ ਅੱਗੇ ਨਾਮਧਾਰੀਆਂ ਦੀ ਜਥੇਬੰਦੀ ਵਿਚ ਜਥੇਦਾਰਾਂ ਦੀ ਪਾਲ ਸੀ। ਇਨ੍ਹਾਂ ਜਥੇਦਾਰਾਂ ਦੀ

ਗਿਣਤੀ ਵਿਚ ਅਨੇਕ ਮਾਈਆਂ ਦਾ ਜ਼ਿਕਰ ਮਿਲਦਾ ਹੈ। ਇਨ੍ਹਾਂ ਸਿਰਲੱਥ ਤੇ ਸਿਦਕਵਾਨ ਮਾਈਆਂ ਵਿਚ ਹੀ ਮਾਈ ਇੰਦ ਕੌਰ ਤੇ ਖੇਮ ਕੌਰ ਦਾ ਜ਼ਿਕਰ ਮਿਲਦਾ ਹੈ, ਜਿਹੜੀਆਂ ਸੁਤੰਤਰਤਾ ਦਾ ਝੰਡਾ ਫੜ ਕੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਸਮੇਂ ਸਿੰਘਾਂ ਦੇ ਨਾਲ ਸਨ। ਇਨ੍ਹਾਂ ਤੋਂ ਪਿੱਛੋਂ ਵੀ ਅੰਗਰੇਜ਼ਾਂ ਵੱਲੋਂ ਚਲਾਏ ਦਮਨ-ਚੱਕਰ ਤੇ ਸਖ਼ਤੀਆਂ ਦੇ ਦੌਰ ਨੂੰ ਨਾਮਧਾਰੀ ਬੀਬੀਆਂ ਨੇ ਹੱਸ ਕੇ ਝੇਲਿਆ ਤੇ ਆਜ਼ਾਦੀ-ਸੰਗਰਾਮ ਵਿਚ ਆਪਣਾ ਬਹੁਮੁੱਲਾ ਯੋਗਦਾਨ ਪਾਇਆ। ਸਤਿਗੁਰੂ ਦੁਆਰਾ ਲਿਆਂਦੀ ਸਮਾਜ-ਸੁਧਾਰ ਦੀ ਇਸ ਕ੍ਰਾਂਤੀ ਸਦਕਾ ਔਰਤ ਨੇ ਆਪਣੀ ਆਜ਼ਾਦੀ ਅਨੁਭਵ ਕੀਤੀ ਤੇ ਘਰ ਘਰ ਇਹੋ ਜਿਹੀਆਂ ਵੀਰਾਂਗਣਾਂ ਪੈਦਾ ਹੋਈਆਂ।

1872 ਈ: ਵਿਚ ਰਾਜਸੀ ਸਰਗਰਮੀਆਂ ਕਾਰਨ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿੱਤਾ ਗਿਆ। ਇਸ ਦੌਰਾਨ ਸਤਿਗੁਰੂ ਨੇ ਅਨੇਕ ਹੁਕਮਨਾਮੇ ਜਾਰੀ ਕੀਤੇ। ਇਨ੍ਹਾਂ ਹੁਕਮਨਾਮਿਆਂ ਵਿਚੋਂ ਵੀ ਇਸਤਰੀ ਜਾਤੀ ਦੇ ਸਨਮਾਨ ਤੇ ਕਲਿਆਣ ਦੀ ਭਾਵਨਾ ਛਲਕਦੀ ਹੈ। ਜਲੰਧਰ ਜ਼ਿਲ੍ਹੇ ਦੀ ਸੰਗਤ ਨੂੰ ਜਾਰੀ ਇਕ ਹੁਕਮਨਾਮਾ ਇਸ ਪ੍ਰਕਾਰ ਹੈ :

> 'ਹੋਰ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬੜਾ ਪਾਪੁ ਹੈ। ਜੋ ਮਾਰਨੇ ਦਾ ਏਹੁ ਪਾਪ ਹੈ, ਜੋ ਲੜਕੀਆਂ ਮੈ ਬਹੁਤ ਹੀ ਗੁਣ ਹੈਨ, ਅਨੇਕ ਤਰਾ ਦੇ ਸੁਖ ਦਿੰਦੀਆਂ ਹੈਨ ਇਸਤਰੀਆਂ। ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਬੀ ਬਡਾ ਪਾਪੁ ਹੈ ਅਰੁ ਬਰੁ ਬਟਾ ਕਰਨੇ ਤੇ, ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀਂ ਮਿਲਦਾ, ਕੋ ਬੁਢਾ ਕੇ ਕਿ ਸੋਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜਕ ਨਹੀਂ ਰਹਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਨਾਲੇ ਕੁੜੀ ਬਿਭਿਚਾਰਨੀ ਹੋਇ ਜਾਂਦੀ ਹੈ। ਬਹੁਤੇ ਥਾਈ ਖਰਾਬ ਹੁੰਦੀ ਰਹਦੀ ਹੈ। ਏਹੁ ਸਾਰੋ ਪਾਪ ਮਾਪਿਆ ਕੋ ਲਗਦਾ ਹੈ।
> ਮਾਪਿਆਂ ਦੇ ਬੀ ਬੁਰੇ ਹਾਲ ਹੋਇ ਜਾਂਦੇ ਹੈ। ਮੈ ਆਪਣੀ ਅਖੀ ਦੇਖੀ ਹੈ ਇਹੁ ਬਾਤਿ, ਸਤਿ ਪ੍ਰਤੀਤ ਜਾਨਣੀ ਖਾਲਸੀ ਜੀ ਜੋ ਲਿਖੀ ਹੈ। ਖਾਲਸਾ ਜੀ ਲੜਕੀ ਮਾਰੇ ਯਾ ਬੇਚੇ ਬਟਾ ਕਰੇ ਓਸ ਦੇ ਨਾਲ ਨਹੀ ਸੰਗਤ ਨੇ ਬਰਤਣਾ, ਨਾ ਓਸ ਦੇ ਘਰ ਜਾਣਾ, ਨਾ ਓਸ ਕੋ ਸੰਗਤ ਮੈ ਬੜਨ ਦੇਣਾ, ਨਾ ਓਸ ਦੇ ਹਥ ਦਾ ਜਲ ਪਾਨ ਕਰਨਾ। ਏਤੂ ਪਿਛੇ ਜੋ ਹੋਈ ਸੋ ਹੋਈ, ਹੁਣ ਅਗੇ ਸਮਝਕੇ ਬਰਤਣਾ। (ਹੁਕਮਨਾਮਾ 28)

ਇਸਤਰੀ ਜਾਤੀ ਤੇ ਇਹ ਉਪਕਾਰ-ਪਰੰਪਰਾ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦੇ ਅਸ਼ੀਰਵਾਦ ਨਾਲ ਅੱਜ ਵੀ ਅੱਗੇ ਤੁਰ ਰਹੀ ਹੈ। ਨਾਮਧਾਰੀ ਸਤਿਗੁਰੂ ਪ੍ਰਤਾਪ

Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ ਨੇ ਆਨੰਦ-ਕਾਰਜਾਂ ਨੂੰ ਮੇਲਿਆਂ ਵਿਚ ਕੀਤੇ ਜਾਣ ਤੇ ਦਾਜ-ਦਹੇਜ਼ ਤੋਂ ਬਿਨ੍ਹਾਂ ਸੰਪੰਨ ਕਰਨ 'ਤੇ ਜ਼ੋਰ ਦਿੱਤਾ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਤਾਂ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸਖ਼ਤ ਨੇਮਾਂ ਦੀ ਪਾਲਣਾ 'ਤੇ ਪਹਿਰਾ ਦੇਣ ਦਾ ਹੁਕਮ ਦਿੱਤਾ ਹੈ ਕਿ ਆਨੰਦ-ਕਾਰਜ ਤੋਂ ਪਹਿਲਾਂ ਤੇ ਬਾਅਦ ਦੀ ਕੋਈ ਵੀ ਰਸਮ ਨਾ ਕੀਤੀ ਜਾਵੇ। ਨਾਮਧਾਰੀ ਸਮਾਜ ਵਿਚ ਲੜਕੇ-ਲੜਕੀਆਂ ਦੇ ਆਨੰਦ ਕਾਰਜ ਉਪਰੋਕਤ ਬਖਸ਼ਿਸ਼ ਕਾਰਨ ਸਰਲ ਤੇ ਸਿੱਧੇ ਹੋ ਗਏ ਹਨ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਨਾਲ ਅੱਜ ਬਹੁਤ ਸਾਰੀਆਂ ਔਰਤਾਂ ਕਈ ਖੇਤਰਾਂ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਕੈਪਟਨ ਕੰਵਲਜੀਤ ਕੌਰ ਨਾਮਧਾਰੀ ਸਮਾਜ ਦੀ ਪਹਿਲੀ ਪਾਇਲਟ ਇਸਤਰੀ ਹੈ, ਜਿਸਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨਾ ਬਣਦਾ ਹੈ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਤਿੰਨ ਬੀਬੀਆਂ ਨੂੰ ਨਾਮਧਾਰੀ ਸਮਾਜ ਦੇ ਪ੍ਰਬੰਧ ਵਿਚ ਮੁੜ ਤੋਂ ਸੂਬੇ ਥਾਪਿਆ। ਇਹ ਬੀਬੀਆਂ ਹਨ : ਬੀਬੀ ਸੁਰਿੰਦਰ ਕੌਰ ਖਰਲ, ਬੀਬੀ ਮਹਿੰਦਰ ਕੌਰ (ਹੁਸ਼ਿਆਰਪੁਰ) ਅਤੇ ਬੀਬੀ ਮਹਿੰਦਰ ਕੌਰ (ਥਾਈਲੈਂਡ)। ਇਸਤਰੀ ਜਗਤ ਲਈ ਬੜੇ ਗੌਰਵ ਦੀ ਗੱਲ ਹੈ। ਇਹ ਸਭ ਵਰਤਮਾਨ ਸਤਿਗੁਰੂ ਦੀ ਹੀ ਕ੍ਰਿਪਾ ਹੈ, ਜਿਨ੍ਹਾਂ ਨੇ ਔਰਤਾਂ ਨੂੰ ਕਿਸੇ ਵੀ ਖੇਤਰ ਵਿਚ ਪਿੱਛੇ ਨਹੀਂ ਰਹਿਣ ਦਿੱਤਾ ਤੇ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਹੌਂਸਲਾ ਤੇ ਰਹਿਨੁਮਾਈ ਬਖਸ਼ੀ ਹੈ। ਨਿਰਸੰਦੇਹ ਆਉਂਦੇ ਸਮੇਂ ਵਿਚ ਇਹ ਪ੍ਰਾਪਤੀਆਂ ਹੋਰ ਵੀ ਗੌਰਵਮਈ ਹੋਣਗੀਆਂ।

## ਟਿੱਪਣੀਆਂ ਤੇ ਹਵਾਲੇ


1. ਡਾ. ਗੰਡਾ ਸਿੰਘ, 'ਕੂਕਿਆਂ ਦੀ ਵਿਥਿਆ', ਪੰਜਾਬੀ ਯੂਨੀਵਰਸਿਟੀ ਪਟਿਆਲਾ।
2. ਸ਼ਮਸ਼ੇਰ ਸਿੰਘ ਅਸ਼ੋਕ, 'ਪੰਜਾਬ ਦੀਆਂ ਲਹਿਰਾਂ', ਅਸ਼ੋਕ ਪੁਸਤਕਮਾਲਾ, ਪਟਿਆਲਾ।
3. ਪ੍ਰੀਤਮ ਸਿੰਘ ਕਵੀ, 'ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ', ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, ਪੰਜਾਬ।
4. ਜਸਵਿੰਦਰ ਸਿੰਘ, 'ਬੇਅੰਤ ਪਾਤਸ਼ਾਹ', ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, ਪੰਜਾਬ।
5. 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ', ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, ਪੰਜਾਬ।
6. ਮਹਿੰਦਰ ਸਿੰਘ ਰੰਧਾਵਾ, 'ਪੰਜਾਬ' ਸੰਪਾ. ਭਾਸ਼ਾ ਵਿਭਾਗ, ਪੰਜਾਬ।


Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਗੁਰੂ ਰਾਮ ਸਿੰਘ ਜੀ ਦਾ ਸਮਾਜ-ਸਭਿਆਚਾਰਕ ਯੋਗਦਾਨ

ਡਾ. ਕਵਲਜੀਤ ਗਰੇਵਰ

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਗੁਰੂ ਸ਼ਖਸੀਅਤ, ਇਕ ਪਾਸੇ ਦੇਸ਼ ਪ੍ਰੇਮ, ਆਜ਼ਾਦੀ ਲਈ ਸੰਘਰਸ ਅਤੇ ਜਦੋ ਜਹਿਦ ਦੀ ਭਾਵਨਾ ਨਾਲ ਭਰਪੂਰ ਸੀ ਤਾਂ ਦੂਜੇ ਪਾਸੇ ਉਨ੍ਹਾਂ ਦਾ ਸਮਾਜ ਸੁਧਾਰ ਅਤੇ ਸਭਿਆਚਾਰਕ ਪੁਨਰ ਜਾਗ੍ਰਤੀ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਸੀ । ਉਨ੍ਹਾਂ ਵਲੋਂ ਚਲਾਈ ਸਮਾਜਕ ਅੰਦੋਲਨ ਦੀ ਲਹਿਰ ਅਤੇ ਸੰਗਤਾਂ ਵਿਚ ਸਮਾਜਕ ਅਤੇ ਸਭਿਆਚਾਰਕ ਚੇਤਨਾ ਦੇ ਪਾਸਾਰ ਨੂੰ ਭਲੀ ਭਾਂਤ ਸਮਝਣ ਅਤੇ ਵਿਚਾਰਨ ਦੀ ਲੋੜ ਹੈ । ਉਨ੍ਹਾਂ ਦੀ ਜ਼ਿੰਦਗੀ ਦਾ ਮਿਸ਼ਨ ਭਟਕੇ ਹੋਏ ਲੋਕਾਂ ਵਿਚ ਜਿਥੇ ਧਾਰਮਿਕ ਜਾਗ੍ਰਤੀ ਅਤੇ ਸਮਾਜਕ ਸੂਝ ਬੂਝ ਪੈਦਾ ਕਰਨਾ ਸੀ, ਉਥੇ ਲੋਕਾਂ ਵਿਚ ਵੀਰਤਾ ਅਤੇ ਉਤਸਾਹ ਦੀ ਭਾਵਨਾ ਵੀ ਪੈਦਾ ਕਰਨਾ ਸੀ । ਹਥਲੇ ਪਰਚੇ ਵਿਚ ਇਨ੍ਹਾ ਪੱਖ ਦਾ ਅਧਿਐਨ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਨਾਮਧਾਰੀ ਗੁਰੂ ਰਾਮ ਸਿੰਘ ਜੀ ਇਕ ਮਹਾਨ ਯੁੱਗ ਪੁਰਸ਼ ਅਤੇ ਸਮਾਜਕ ਤੇ ਸਭਿਆਚਾਰਕ ਆਗੂ ਸਨ।

ਉਨ੍ਹਾਂ ਦੀ ਮਹਾਨ ਸਖਸ਼ੀਅਤ ਵਿਚ ਅਧਿਆਤਮਕ ਅਤੇ ਮਾਨਵੀ, ਰੂਹਾਨੀ ਅਤੇ ਸਮਾਜਕ ਪਾਰਲੌਕਿਕ ਅਤੇ ਲੌਕਿਕ ਦੋਹਾਂ ਪੱਖਾਂ ਦਾ ਅਦੁੱਤੀ ਸੁਮੇਲ ਮੌਜੂਦ ਸੀ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਇਤਿਹਾਸ ਦੀਆਂ ਘਟਨਾਵਾਂ ਮਹੱਤਵਪੂਰਨ ਅਤੇ ਮਾਰਮਿਕ ਪੱਖਾਂ ਨਾਲ ਭਰਪੂਰ ਹਨ । ਉਨ੍ਹਾਂ ਦੀ ਸ਼ਖਸੀਅਤ ਸਮਾਜਕ ਚੇਤਨਾ ਨਾਲ ਭਰਪੂਰ ਸੀ । ਉਸ ਸਮੇਂ ਦੇ ਸਮਾਜਕ ਜੀਵਨ ਅਤੇ ਮਨੁੱਖੀ ਕੀਮਤਾਂ ਵਿਚ ਜੋ ਗਿਰਾਵਟ ਆ ਚੁੱਕੀ ਸੀ, ਉਸ ਨੂੰ ਦੂਰ ਕਰਨ ਲਈ ਇਸ ਮਹਾਨਾਇਕ ਨੇ ਅਨੇਕਾਂ ਉਪਰਾਲੇ ਕੀਤੇ । ਉਹ ਇਸ ਤੱਥ ਤੋਂ ਭਲੀਭਾਂਤ ਜਾਣੂ ਸਨ ਕਿ ਅਜੇਹਾ ਮਹਾਨ ਕਾਰਜ ਸਭਿਆਚਾਰਕ ਜਾਗ੍ਰਤੀ ਅਤੇ ਸਭਿਆਚਾਰਕ ਵਿਰਸੇ ਪ੍ਰਤਿ ਚੇਤਨਾ ਜਗਾਉਣ ਨਾਲ ਹੀ ਹੋ ਸਕਦਾ ਸੀ । ਕਿਸੇ ਵੀ ਆਦਰਸ਼ਕ ਪ੍ਰਾਪਤੀ ਲਈ ਸਭਿਆਚਾਰਕ ਉੱਚਤਾ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਪਾਲਣਾ ਬਹੁਤ ਜ਼ਰੂਰੀ ਹੁੰਦੀ ਹੈ । ਏਸੇ ਲਈ ਅਸੀ ਕਹਿ ਸਕਦੇ ਹਾਂ ਕਿ

Sri Satguru Jagjit Singh Ji Elibrary NamdhariElibrary@gmail.com

ਆਪਣੇ ਸਮੇਂ ਦੇ ਸਮਾਜ ਲਈ ਨਾਮਧਾਰੀ ਗੁਰੂ ਰਾਮ ਸਿੰਘ ਜੀ ਦਾ ਸਮਾਜਕ, ਧਾਰਮਿਕ, ਰਾਜਨੈਤਿਕ ਤੇ ਸਦਾਚਾਰਕ ਉਨਤੀ ਦਾ ਪੈਗ਼ਾਮ ਅੱਜ ਵੀ ਬੜਾ ਸਾਰਥਕ ਤੇ ਮੁੱਲਵਾਨ ਹੈ ।

ਸਿੱਖ ਧਰਮ, ਇਤਿਹਾਸ ਅਤੇ ਸਮਾਜ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬੱਝਾ ਅਤੇ ਇਸਦਾ ਨਿਰੰਤਰ ਵਿਕਾਸ, ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਭਰਪੂਰ ਰੂਪ ਵਿਚ ਹੋਇਆ। ਗੁਰੂ ਸਾਹਿਬਾਨ ਵਲੋਂ ਸਿਰਜੇ ਨਵੇਂ ਸਿੱਖ ਸਮਾਜ ਨੇ ਸਮਾਜਕ ਰਾਜਨੈਤਿਕ, ਸਭਿਆਚਾਰਕ ਅਤੇ ਅਧਿਆਤਮਕ ਸਭ ਪੱਖਾਂ ਤੋਂ ਤਰੱਕੀ ਕੀਤੀ । ਅੰਮ੍ਰਿਤ ਛੱਕ ਕੇ ਸਿੰਘ ਬਣ ਜਾਣ ਨਾਲ ਇਹ ਸਮਾਜ ਨਾਮ, ਗੁਣਾਂ ਅਤੇ ਅਸੂਲਾਂ, ਸਦਕਾ ਸਾਰੇ ਪੱਖਾਂ ਤੋਂ ਨਵੀਨ ਸੀ । ਸਿੱਖੀ ਰਹਿਣੀ-ਬਹਿਣੀ ਨਿਆਰੀ ਵੀ ਸੀ ਅਤੇ ਅੱਡਰੀ ਵੀ । ਸਿੱਖ ਇਤਿਹਾਸ ਕੁਰਬਾਨੀਆਂ, ਧਾਰਮਿਕ ਰੱਖਿਆ ਅਤੇ ਰਾਸ਼ਟਰੀ ਭਾਵਨਾ ਦਾ ਨਵੇਕਲਾ ਤੇ ਵਿਲੱਖਣ ਇਤਿਹਾਸ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਮਹੱਤਵਪੂਰਨ ਰੂਪ ਵਿਚ ਉਜਾਗਰ ਹੋਇਆ । ਉਨ੍ਹਾਂ ਤੋਂ ਮਗਰੋਂ ਬੰਦੇ ਬਹਾਦਰ ਦੀ ਕਮਾਨ ਹੇਠ ਇਤਿਹਾਸ ਦਾ ਇਕ ਹੋਰ ਰੁਖ ਸਾਹਮਣੇ ਆਉਂਦਾ ਹੈ । ਇਸ ਉਪਰੰਤ ਸਿੱਖ ਰਾਜ ਕਾਇਮ ਹੁੰਦਾ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਸਿੱਖੀ ਅਸੂਲਾਂ ਅਤੇ ਗੁਰਮਤਿ ਸਿੱਧਾਤਾਂ ਉਤੇ ਆਧਾਰਿਤ ਰਾਜ-ਪ੍ਰਬੰਧ ਚਲਾਉਂਦੇ ਹਨ ।

ਸਮੇਂ ਦੇ ਪਰਿਵਰਤਨ ਨਾਲ ਸਿੱਖ ਸਮਾਜ ਵਿਚ ਕਈ ਕਮਜ਼ੋਰੀਆਂ ਆ ਗਈਆਂ ਸਨ । ਸਿੱਖ ਗੁਰੂ ਸਾਹਿਬਾਨ ਨੇ ਨਾਮ ਸਿਮਰਨ, ਮਨੁੱਖੀ ਕਲਿਆਣ ਅਤੇ ਸਭਿਆਚਾਰਕ ਉੱਚਤਾ ਦਾ ਜੋ ਮਾਰਗ ਦਿਖਾਇਆ ਸੀ। ਉਸ ਤੋਂ ਭਟਕ ਜਾਣ ਨਾਲ ਸਿੱਖ ਸਮਾਜ ਵਿਚ ਕਈ ਕਮੀਆਂ ਕਮਜ਼ੋਰੀਆਂ ਆ ਗਈਆਂ ਸਨ । ਇਸ ਸੰਬੰਧੀ ਸਾਨੂੰ ਗਿਆਨੀ ਗਿਆਨ ਸਿੰਘ ਜੀ ਦੇ 'ਪੰਥ ਪ੍ਰਕਾਸ਼' ਵਿਚ ਬੜਾ ਯਥਾਰਥ ਰੂਪੀ ਵਰਣਨ ਕੀਤਾ ਹੋਇਆ ਮਿਲਦਾ ਹੈ, ਜਿਸਦੀ ਇਕ ਮਿਸਾਲ ਦੇਣੀ ਹੀ ਕਾਫੀ ਹੋਵੇਗੀ:

ਜਾਗ ਜਿਨ ਕੇ ਬਡੇਰੇ ਬਾਣੀ ਪਢਤੇ ਸਵੇਰੇ
ਗੁਰੂ ਗਰੰਥ ਬਿਨ ਹੇਰੇ, ਅੰਨ ਜਲ ਪਾਨ ਨ ਕਰੈ
ਤਿਨ ਹੀ ਕੇ ਨਾਤੀ ਧੂਪਦੀਪ ਕੀ ਕਹਾਂ ਬਿਖਯਾਤੀ
ਪਾਇ ਹੈ ਨ ਭਾਤੀ ਮੁਸ ਖਾਤ ਗ੍ਰੰਥ ਕੋ ਪਰੈਂ
ਜਪੁਜੀ ਨ ਰਹਿਰਾਸ ਪਢੈ ਸੁਣੈ ਕਬੀ ਖਾਸ
ਔਰ ਜੋ ਪਢਤ ਪਾਸ, ਤਿਨ ਕੋ ਹਰੈਂ
ਕਹਾਂ ਰੱਬ ਬਹਿਰਾ ਹੈ ਗਹਿਰਾ ਪੁਕਾਰ ਜੋ ਤੂੰ
ਸ਼ਹਿਰਾਂ ਮੇ ਜਾਇ ਲੁਕਮੇ ਰਿਝਾਇ ਲੈ ਤਰੈ ।[1]

ਇਸ ਸਥਿਤੀ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਦਾ ਜਨਮ ਭਾਰਤੀ ਇਤਿਹਾਸ ਦੀ ਇਕ ਮਹਾਨ ਘਟਨਾ ਹੈ । ਉਨ੍ਹਾ ਨੇ ਭਰ ਜੁਆਨੀ ਵਿਚ ਅਟੁੱਟ ਭਗਤੀ ਕੀਤੀ । ਆਪ ਕੁਝ ਸਮਾਂ ਲਾਹੋਰ ਦੀ ਸਿੱਖ ਰੈਜੀਮੈਂਟ ਵਿਚ ਵੀ ਰਹੇ ਅਤੇ ਇਸ ਦੌਰਾਨ 1841 ਈ ਨੂੰ ਲਾਹੌਰ ਤੋਂ ਪਸ਼ੌਰ ਨੂੰ ਪਲਟਣ ਨਾਲ ਜਾਣ ਸਮੇ ਆਪ ਨੇ ਹਜ਼ਰੋ ਦੇ ਸਥਾਨ ਉਤੇ ਸ੍ਰੀ ਨਾਮਧਾਰੀ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਗੁਰਤਾ ਪ੍ਰਾਪਤ ਕੀਤੀ । ਇਸ ਤੋਂ ਬਾਅਦ ਤਕਰੀਬਨ 16 ਸਾਲ ਨਾਮਧਾਰੀ ਗੁਰੂ ਰਾਮ ਸਿੰਘ ਜੀ ਸਮਾਜਕ ਕਾਰ ਵਿਹਾਰ ਕਰਨ ਦੇ ਨਾਲ ਨਾਲ ਪ੍ਰਭੂ ਭਗਤੀ ਵਿਚ ਵੀ ਲੀਨ ਰਹੇ ਅਤੇ ਗਿਆਨੀ ਗਿਆਨ ਜੀ ਦੇ ਕਥਨ ਅਨੁਸਾਰ ਸੰਮਤ 1914 (1857 ਈ) ਨੂੰ ਸ੍ਰੀ ਭੈਣੀ ਸਾਹਿਬ ਵਿਚ ਆਪ ਨੇ ਨਾਮਧਾਰੀ, ਸਮਾਜ ਦੀ ਸਿਰਜਣਾ ਕੀਤੀ :

ਪਾਇ ਇਹੁ ਹੁਕਮ ਪ੍ਰਮੇਸ ਕਾ ਬਿਸੇਸ ਫਿਰ
ਰਾਮ ਮ੍ਰਿਗੇਸ ਉਪਦੇਸ ਦੈਨ ਲਾਗਓ
ਹੁਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ,
ਸੁਧਾ ਛਕ ਥਾਇ ਸਿਖ ਭਾਗ ਜਿਨੈ ਜਾਗਓ ।
ਫੈਲਿਓ ਜਸ ਭਾਰੀ ਸਿਖ ਥੀਏ ਤਾਹਿਕੇ ਅਪਾਰੀ
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ
ਫੀਮ, ਭੰਗ, ਪੋਸਤ, ਸਰਾਬ , ਮਾਸ ਚੋਰੀ, ਜਾਰੀ
ਠਗੀ ਤਜ ਥੀਏ ਸੰਤ ਸਤਿਜੁਗ ਆਗਿਓ ।[2]

ਉਨ੍ਹਾ ਵਲੋਂ ਸਿਰਜਿਆ ਸਮਾਜ ਸਤਿਜੁਗੀ ਵਾਤਾਵਰਣ ਵਾਲਾ ਸਿੱਖ ਸਮਾਜ ਸੀ।

ਅੰਗਰੇਜ਼ਾਂ ਦੀ ਕੂਟਨੀਤੀ ਸਦਕਾ ਸਾਰੇ ਸਮਾਜ ਉਪਰ ਕਈ ਤਰ੍ਹਾ ਦੇ ਕਸ਼ਟ ਅਤੇ ਮੁਸ਼ਕਲਾਂ ਛਾਈਆਂ ਜਾ ਰਹੀਆ ਸਨ, ਜਿਸ ਕਾਰਣ ਸਾਰਾ ਪੰਜਾਬ ਪੀੜਿਤ ਸੀ । ਅੰਗਰੇਜ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਕਈ ਗ਼ਲਤ ਚਾਲਾਂ ਚਲ ਰਹੇ ਸਨ । ਇਨ੍ਹਾ ਵਿਚੋਂ ਇਕ ਕਦਮ ਬੁਚੜਖਾਨੇ ਖੋਲਣ ਦਾ ਵੀ ਸੀ ਜਿਨ੍ਹਾਂ ਵਿਚ ਗਊਆਂ ਦਾ ਵਧ ਕੀਤਾ ਜਾਦਾ ਸੀ । ਇਸ ਮੌਕੇ ਉਤੇ ਗਊ ਗਰੀਬ ਦੀ ਰਖਿਆ ਲਈ ਨਾਮਧਾਰੀ ਸਿੱਖਾਂ ਨੇ ਬੁਚੜਾ ਉਤੇ ਹਮਲਾ ਕਰਕੇ ਬੁਚੜਖਾਨੇ ਬੰਦ ਕਰਵਾਏ ਅਤੇ ਹਸਦੇ ਹੋਏ ਆਪਣੀਆ ਜਾਨਾਂ ਵਾਰੀਆਂ ਅਤੇ ਤੋਪਾ ਨਾਲ ਉਡਾਏ ਜਾਣਾ ਵੀ ਹੱਸ ਹੱਸ ਕਬੂਲ ਕੀਤਾ ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਮਹਾਨ ਸਖਸੀਅਤ ਨੇ ਉਸ ਸਮੇਂ ਦੇ ਪੰਜਾਬ ਦੇ ਸਮਾਜਕ ਅਤੇ ਸਭਿਆਚਾਰਕ ਵਿਕਾਸ ਵਿਚ ਇਕ ਨਵਾਂ ਮੋੜ ਲਿਆਂਦਾ। ਇਸ ਤੋਂ ਇਲਾਵਾ ਉਨ੍ਹਾਂ ਨੇ ਗੁਲਾਮੀ ਦੀਆ ਜ਼ੰਜੀਰਾਂ ਕਟਣ ਲਈ ਅੰਗਰੇਜ਼ ਸਰਕਾਰ ਨਾਲ ਨਾ ਮਿਲਵਰਤਨ, ਖਦਰ ਦੇ ਸਾਦੇ ਤੇ ਸਧਾਰਣ ਕਪੜੇ

ਪਾਉਣ, ਸਰਲ ਤੇ ਸਾਦਾ ਜੀਵਨ ਬਤੀਤ ਕਰਨ, ਨਾਮ ਸਿਮਰਨ, ਕਿਰਤ ਕਰਨ ਅਤੇ ਵੰਡ ਛਕਣ ਵਰਗੇ ਸੁਨਹਿਰੇ ਅਸੂਲਾਂ ਉਤੇ ਸਾਰੇ ਪੰਜਾਬ ਦੇ ਜੀਵਨ ਨੂੰ ਢਾਲਿਆ ਤੇ ਪ੍ਰੇਰਿਆ । ਸਮਾਜਕ ਵਿਕਾਸ ਦੇ ਹੋਰ ਵੀ ਕਈ ਬੜੇ ਸਾਰਥਕ ਪਹਿਲੂ ਉਨ੍ਹਾਂ ਨੇ ਆਪਣੀ ਦੂਰ ਅੰਦੇਸ਼ੀ ਨਾਲ ਆਰੰਭ ਕੀਤੇ ਜਿਵੇਂ ਪੰਚਾਇਤਾ ਕਾਇਮ ਕਰਨ ਦੀ ਯੋਜਨਾ, ਇਸਤਰੀਆਂ ਨੂੰ ਬਰਾਬਰ ਹੱਕ ਦੇਣ ਦੀ ਚੇਤਨਾਮਈ ਲਹਿਰ, ਸੂਦਖੋਰੀ ਦੀ ਮਨਾਹੀ, ਦਹੇਜ ਦੀ ਪ੍ਰਥਾ ਦਾ ਖਾਤਮਾ ਅਤੇ ਫਜ਼ੂਲ ਤੇ ਵਾਧੂ ਦੇ ਖਰਚਾਂ ਦੀ ਥਾਂ ਥੋੜੇ ਖਰਚ ਵਿਚ ਸਾਦਾ ਵਿਆਹ ਸ਼ਾਦੀਆਂ ਦੀ ਪ੍ਰਥਾ ਆਦਿ । ਨਾਂਮਧਾਰੀ ਗੁਰੂ ਰਾਮ ਸਿੰਘ ਜੀ ਦੀਆਂ ਇਨਾਂ ਯੋਜਨਾਵਾਂ ਨੇ ਸਮੁੱਚੇ ਪੰਜਾਬੀ ਸਮਾਜ ਦੀ ਨੁਹਾਰ ਹੀ ਬਦਲ ਕੇ ਰਖ ਦਿਤੀ । ਉਨ੍ਹਾ ਦੇ ਇਨ੍ਹਾ ਉਸਾਰੂ ਕਦਮਾ ਦਾ ਪ੍ਰਭਾਵ ਸਰਬ ਪੱਖੀ ਰੂਪ ਵਿਚ ਪਿਆ ਭਾਵ ਸਮਾਜਕ, ਆਰਥਕ, ਧਾਰਮਕ ਅਤੇ ਰਾਜਨੈਤਿਕ । ਉਸ ਸਮੇਂ ਦੇ ਇਸ ਸੰਪੂਰਨ ਸਭਿਆਚਾਰ ਅਤੇ ਸਭਿਆਚਾਰ-ਸਿਰਜਨ ਦੇ ਇਸ ਮਹੱਤਵਪੂਰਣ ਪ੍ਰਜੈਕਟ ਉਤੇ ਇਕ ਵਿਸਤ੍ਰਿਤ ਅਧਿਐਨ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿਚ ਸਮਾਜਕ ਅਤੇ ਇਤਿਹਾਸਕ ਚਿਤ੍ਰਣ ਤੋਂ ਇਲਾਵਾ ਉਸ ਸਮੇਂ ਪੰਜਾਬੀ ਸਭਿਆਚਾਰ ਦੇ ਸਜੀਵ ਰੂਪ ਦਾ ਨਿਰਮਾਣ ਹੋਇਆ ਦਿਖਾਈ ਦਿੰਦਾ ਹੈ । 1885 ਈ. ਵਿੱਚ ਪੰਜਾਬ ਵਿਚ ਭਰਪੂਰ ਇਤਿਹਾਸਕ ਅਤੇ ਰਾਜਨੈਤਿਕ ਘਟਨਾਵਾਂ ਵਾਪਰ ਰਹੀਆਂ ਸਨ । ਇਸ ਸਮੇਂ ਸਾਰੇ ਦੇਸ਼ ਦੀ ਰਾਜਨੀਤੀ ਬਦਲ ਰਹੀ ਸੀ ਅਤੇ ਅਨੇਕਾਂ ਆਗੂ ਆਪਣਾ ਆਪਣਾ ਯੋਗਦਾਨ ਪਾ ਰਹੇ ਸਨ । 1885 ਈ. ਵਿੱਚ ਕਾਂਗਰਸ ਲਹਿਰ ਵੀ ਪੈਦਾ ਹੋਈ ਪਰ ਇਸ ਸਾਰੀ ਸਥਿਤੀ ਦੇ ਸੰਦਰਭ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਇਕ ਮਹਾਨ ਆਗੂ ਦੇ ਤੌਰ ਤੇ ਸਭ ਤੋਂ ਉੱਘੇ ਰੂਪ ਵਿਚ ਸਾਹਮਣੇ ਆਉਂਦੀ ਹੈ । ਉਨ੍ਹਾਂ ਨੇ ਸਮੁੱਚੇ ਪੰਜਾਬੀ ਸਮਾਜ ਵਿਚ ਚੇਤਨਾ ਦੀ ਅਜਿਹੀ ਲਹਿਰ ਜਗਾਈ ਜਿਸ ਸਦਕਾ ਸਾਰਾ ਪੰਜਾਬ ਅਤੇ ਖਾਸ ਤੌਰ ਤੇ ਨਾਮਧਾਰੀ ਸਿਖ, ਸ਼ਾਸਕ ਦੇ ਜ਼ੁਲਮ ਵਿਰੁੱਧ ਪੂਰੀ ਸਕਤੀ ਨਾਲ ਆਵਾਜ਼ ਬੁਲੰਦ ਕਰਨ ਲਈ ਸੰਗਠਿਤ ਹੋ ਗਏ । ਉਸ ਸਮੇਂ ਦੇ ਪੰਜਾਬ ਦੀ ਨਿਘਰੀ ਹੋਈ ਹਾਲਤ ਵਿਚ ਕੌਮ ਨੂੰ ਹੰਭਲਾ ਮਾਰ ਕੇ ਜਾਗਣ ਦੀ ਪ੍ਰੇਰਨਾ ਦੇਣ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਦਾ ਬਹੁਤ ਵੱਡਾ ਯੋਗਦਾਨ ਹੈ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਜੀਵਨ ਦਾ ਮਹਾਨ ਮਿਸ਼ਨ ਸੀ: 'ਲੋਕ ਕਲਿਆਣ'। ਉਨ੍ਹਾਂ ਨੇ ਅਨੇਕਾਂ ਭੁਲਿਆ ਭਟਕਿਆ ਨੂੰ ਜੀਆ ਦਾਨ ਦਿਤਾ ਅਤੇ ਸਮਾਜ ਨੂੰ ਸਹੀ ਸੇਧ ਦੇਂਦੇ ਹੋਏ,ਸਮੇਂ ਅਤੇ ਸਮਾਜ ਦੀ ਭਰਪੂਰ ਅਗਵਾਈ ਕੀਤੀ । ਉਨ੍ਹਾਂ ਦੇ ਮਹਾਨ ਕਾਰਜਾਂ ਵਿਚ ਜਿਥੇ ਧਾਰਮਿਕ ਸੂਝ ਬੂਝ ਸੀ, ਉਥੇ ਰਾਜਨੈਤਿਕ ਦੂਰ ਅੰਦੇਸ਼ੀ ਵੀ ਸੀ । ਮਿਸਾਲ ਵਜੋਂ ਅੰਮ੍ਰਿਤਸਰ ਬੁਚੜਬੰਧ, ਨਾਮਧਾਰੀ ਡਾਕ ਪ੍ਰਬੰਧ, ਸਵਦੇਸ਼ੀ ਅਤੇ ਨਾ-ਮਿਲਵਰਤਨ ਦੀ ਲਹਿਰ ਆਦਿ ਅਜਿਹੇ

ਠੋਸ ਕਦਮ ਸਨ ਜਿਸਨੇ ਅੰਗਰੇਜ਼ ਸਰਕਾਰ ਦੀ ਨੀਹ ਨੂੰ ਜੜ੍ਹੋਂ ਹਿਲਾ ਦਿਤਾ ਸੀ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਗੁਰੂ ਸਖਸੀਅਤ ਵਿਚ ਸਮਾਜ ਸੁਧਾਰ ਦੀ ਰੁਚੀ ਅਤੇ ਆਜਾਦੀ ਲਈ ਸੰਘਰਸ ਦੀ ਪ੍ਰਬਲ ਭਾਵਨਾ ਸੀ । ਉਹ ਇਕ ਯੁੱਗ ਚੇਤਨ ਤੇ ਪ੍ਰਬੁਧ ਮਹਾਂਪੁਰਸ ਸਨ । ਪਰ ਉਨਾਂ ਦੀ ਪ੍ਰਮੁੱਖ ਦੇਣ ਇਹ ਸੀ ਕਿ ਉਨ੍ਹਾ ਨੇ ਆਪਣੇ ਸਮੇ ਦੇ ਲੋਕਾਂ ਦੀ ਸਭ ਪੱਖਾਂ ਤੋਂ ਭਰਪੂਰ ਰਹਿਨੁਮਾਈ ਕੀਤੀ । ਕੀ ਇਤਿਹਾਸਕ, ਕੀ ਸਮਾਜਕ, ਕੀ ਰਾਜਨੈਤਿਕ, ਕੀ ਆਰਥਿਕ ਅਤੇ ਕੀ ਸਭਿਆਚਾਰਕ ਇਸ ਸਬੰਧੀ ਸ. ਜਸਵਿੰਦਰ ਸਿੰਘ ਦਾ ਵਿਚਾਰ ਹੈ ਕਿ

> ਸ੍ਰੀ ਭੈਣੀ ਸਾਹਿਬ ਆ ਕੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਕਈ ਸਾਲ ਬਦਲੇ ਹੋਏ ਹਾਲਾਤ ਤੇ ਚਿੰਤਨ ਕੀਤਾ । ਸਿੱਖਾ ਵਿਚ ਆਈ ਗਿਰਾਵਟ ਅਤੇ ਲਾਹੌਰ ਦਰਬਾਰ ਵਿੱਚ ਮਚੀ ਮਾਰ ਕਾਟ ਨੂੰ ਆਪ ਜੀ ਨੇ ਆਪਣੇ ਅੱਖੀਂ ਦੇਖਿਆ ਸੀ । ਕੁਰੀਤੀਆਂ, ਭਰਮਾਂ ਅਤੇ ਵਹਿਮਾਂ ਵਿਚ ਫਸੇ ਲੋਕਾਂ ਵਿਚ ਨਵੇਂ ਸਿਰੇ ਤੋਂ ਜਾਗ੍ਰਤੀ ਲਿਆਉਣ ਲਈ ਆਪ ਨੇ 1857 ਈ ਵੈਸਾਖੀ ਨੂੰ ਪੰਜਾਂ ਸਿੰਘਾਂ ਨੂੰ ਖੰਡੇ ਦਾ ਅਮ੍ਰਿਤ ਛਕਾ ਕੇ 'ਸੰਤ ਖਾਲਸੇ' ਦੀ ਸਾਜਨਾ ਕੀਤੀ ਅਤੇ ਲੋਕਾਂ ਨੂੰ ਮਨਮਤ ਤੋਂ ਹਟਾ ਗੁਰਮਤ ਵਲ ਲਾਉਣ ਦਾ ਉਪਰਾਲਾ ਸੁਰੂ ਕੀਤਾ ।[3]

ਸਿੱਖ, ਗੁਰਸਿੱਖੀ ਮਾਰਗ ਨੂੰ ਵਿਸਾਰ ਕੇ ਨਸ਼ਿਆਂ ਅਤੇ ਕੁਰਹਿਤਾਂ ਵਿਚ ਫਸੇ ਹੋਏ ਸਨ । ਨਾਮਧਾਰੀ ਗੁਰੂ ਜੀ ਨੇ ਪੰਜਾਬ ਵਿਚ ਥਾਂ ਥਾਂ ਜਾ ਕੇ ਲੋਕਾਂ ਨੂੰ ਨਾਮ-ਸਿਮਰਨ ਵਾਲੇ ਪਾਸੇ ਲਾਇਆ। ਸਿਉਂਕ ਲਗੀਆਂ ਸ੍ਰੀ ਆਦਿ ਗ੍ਰੰਥ ਦੀਆਂ ਬੀੜਾਂ ਨੂੰ ਆਪ ਝਾੜ ਸਾਫ, ਪ੍ਰਕਾਸ਼ ਕਰਕੇ ਪਾਠ ਕਰਨ ਦਾ ਸਿੱਖਾਂ ਨੂੰ ਉਪਦੇਸ਼ ਦਿਤਾ ਅਤੇ ਸਿੱਖੀ ਰਹਿਤ ਮਰਯਾਦਾ ਦੇ ਧਾਰਣੀ ਬਣਾਇਆ । ਲੋਕ ਵਡੀ ਗਿਣਤੀ ਵਿਚ ਮਾਸ, ਸ਼ਰਾਬ ਅਤੇ ਨਸ਼ਿਆਂ ਦਾ ਤਿਆਗ ਕਰਕੇ ਨਾਮ ਸਿਮਰਨ ਵਲ ਲਗ ਗਏ । ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ ਵਿਚ ਲਿਖਦੇ ਹਨ

> ਹੁਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ,
> ਸੁਧਾ ਛਕ ਥਾਇ ਸਿੱਖ ਭਾਗ ਜਿਨੈ ਜਾਗਿਓ
> ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
> ਠਗੀ ਤਜ ਥੀਏ ਸੰਤ, ਸਤਿਜੁਗ ਆਗਿਓ ।[4]

ਇਸ ਤੋਂ ਇਲਾਵਾ ਉਨ੍ਹਾਂ ਨੇ ਜੋ ਸੁਧਾਰ ਅਤੇ ਚੇਤਨਾ ਔਰਤ ਜਾਤੀ ਪ੍ਰਤਿ ਜਗਾਈ ਅਤੇ ਉਸਨੂੰ ਆਦਰਯੋਗ ਸਥਾਨ ਦਿਵਾਇਆ, ਇਹ ਉਸ ਫਲਸਫੇ ਅਤੇ ਸੰਦੇਸ਼ ਦੀ ਮਹੱਤਵਪੂਰਨ ਪਰੰਪਰਾ ਵਿਚ ਹੀ ਸੀ , ਜਿਸ ਦੀ ਦਿਸ਼ਾ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦ੍ਰਿੜ ਕਰਵਾਈ ਸੀ ਕਿ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ
ਭੰਡਹੁ ਹੋਵੈ ਦੋਸਤੀ ਭੰਡਹੁ, ਚਲੈ ਰਾਹੁ
ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ
ਸੋ ਕਿਉ ਮੰਦਾ ਆਖੀਐ ਜਿਤ ਜੰਮੈ ਰਾਜਾਨੁ ।[5]

ਨਾਮਧਾਰੀ ਗੁਰੂ ਜੀ ਨੇ ਸਮਾਜ ਵਿਚ ਲੜਕੀਆਂ ਨੂੰ ਮਾਰ ਦੇਣ, ਵੱਟਾ ਕਰਨ ਅਤੇ ਬਿਆਜ ਲੈਣ ਤੋਂ ਲੋਕਾ ਨੂੰ ਵਰਜਿਆ ਅਤੇ ਸਾਦਾ ਤੇ ਘਟ ਖਰਚ ਵਾਲੇ ਵਿਆਹ-ਪ੍ਰਬੰਧ ਅਤੇ ਸਮੂਹਿਕ ਵਿਆਹ ਦੀ ਰੀਤ ਵੀ ਸ਼ੁਰੂ ਕੀਤੀ । ਇਸੇ ਤਰ੍ਹਾਂ ਇਸਤਰੀ ਨੂੰ ਸਮਾਜ ਵਿਚ ਪੁਰਸ਼ ਦੇ ਬਰਾਬਰ ਦਾ ਦਰਜਾ ਅਤੇ ਸਨਮਾਨ ਦਿਵਾਉਣ ਵਿਚ ਉਨ੍ਹਾਂ ਦਾ ਬੇਮਿਸਾਲ ਯੋਗਦਾਨ ਹੈ । ਉਨ੍ਹਾ ਨੇ ਇਸਤਰੀਆਂ ਨੂੰ ਧਾਰਮਕ ਜੀਵਨ ਵਿਚ ਵੀ ਪੁਰਸ਼ਾਂ ਦੇ ਬਰਾਬਰ ਲਿਆਂਦਾ । ਇਸ ਸੰਬੰਧੀ ਗਿਆਨੀ ਨਾਹਰ ਸਿੰਘ ਦਾ ਮੱਤ ਹੈ :

> ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਣ, ਨਾਮ ਜਪਣ, ਭਜਨ ਬੰਦਗੀ ਕਰਨ, ਮਰਦਾਂ ਦੇ ਨਾਲ ਹੀ ਦੀਵਾਨ 'ਚ ਬੈਠ ਕੇ ਸ਼ਬਦ ਬਾਣੀ ਪੜ੍ਹਨ-ਸੁਣਨ ਦੇ ਅਧਿਕਾਰਾਂ ਦੀ ਲੋਪ ਹੋਈ ਸਿੱਖ ਰੀਤੀ ਨੂੰ ਸੁਰਜੀਤ ਕੀਤਾ ।

ਉਨ੍ਹਾਂ ਨੇ ਸਭਿਆਚਾਰਕ ਜਾਗਰਤੀ ਦਾ ਜੋ ਮਹਾਨ ਕਾਰਜ ਕੀਤਾ ਉਸਦੀ ਹੋਰ ਮਿਸਾਲ ਘਟ ਹੀ ਮਿਲਦੀ ਹੈ । ਉਨ੍ਹਾਂ ਨੇ ਪੰਜਾਬ ਦੇ ਸਭਿਆਚਾਰ ਵਿਚ ਜਿਥੇ ਪੁਨਰ ਸੁਰਜੀਤੀ ਦੀ ਲਹਿਰ ਜਗਾਈ ਉਥੇ ਪੰਜਾਬੀ ਜੀਵਨ ਦੀਆਂ ਕਦਰਾਂ ਕੀਮਤਾਂ ਦੀ ਬੁਲੰਦੀ ਬਰਕਰਾਰ ਰਖਣ ਲਈ ਬੜੀ ਸਾਰਥਕ ਅਗਵਾਈ ਵੀ ਕੀਤੀ। ਤਾਰਾ ਸਿੰਘ ਅਨਜਾਣ ਅਨੁਸਾਰ, "ਗੁਰੂ ਰਾਮ ਸਿੰਘ ਜੀ ਸੱਚ, ਸੁੱਚ ਪਵਿੱਤਰਤਾ, ਭਰਾਤਰੀ ਭਾਵ, ਧਰਮ, ਭਾਰਤੀ ਸਭਿਅਤਾ ਅਤੇ ਸਭਿਆਚਾਰ ਦੀ ਹਿਫਾਜ਼ਤ ਕਰਨ ਵਾਲਿਆ ਦੇ ਮੋਹਰੀ ਸਨ । ਕਿਸੇ ਵਿਦੇਸ਼ੀ ਦਾ ਆ ਕੇ ਹਿੰਦੁਸਤਾਨ ਉਤੇ ਰਾਜ ਕਰਨਾ ਅਤੇ ਇਸ ਦੇਸ਼ ਦੀਆਂ ਪਰੰਪਰਾਵਾਂ ਨੂੰ ਨੁਕਸਾਨ ਪਹੁੰਚਾਉਣਾ ਆਪ ਜੀ ਨੂੰ ਬੁਰੀ ਤਰ੍ਹਾਂ ਨਾਲ ਰੜਕਦਾ ਸੀ ।[6]

ਇਸ ਤਰ੍ਹਾਂ ਉਹ ਪੰਜਾਬ ਤੇ ਪੰਜਾਬੀਅਤ ਦੇ ਮਹਾਨ ਆਗੂ ਸਨ । ਪੰਜਾਬੀ ਸਭਿਆਚਾਰ ਦੇ ਜਿਨਾਂ ਪੱਖਾਂ ਵੱਲ ਉਨ੍ਹਾਂ ਨੇ ਖਾਸ ਪ੍ਰੋਤਸਾਹਨ ਦਿਤਾ ਉਨ੍ਹਾਂ ਵਿਚ ਔਰਤ ਜਾਤੀ ਦਾ ਸਰਬਪੱਖੀ ਕਲਿਆਣ ਸਭਿਆਚਾਰਕ ਵਿਰਸੇ ਦੀਆਂ ਕੀਮਤਾਂ ਦੀ ਸੁਰਜੀਤੀ , ਜਾਤਪਾਤ ਅਤੇ ਵਿਤਕਰਿਆਂ ਤੋਂ ਛੁਟਕਾਰਾ, ਸਾਦਗੀ ਭਰਪੂਰ ਵਿਆਹ ਪ੍ਰਣਾਲੀ ਅਤੇ ਸਮੂਹਿਕ ਵਿਆਹ ਪ੍ਰਣਾਲੀ ਅਤੇ ਸਭ ਤੋਂ ਉਪਰ ਸਭਿਆਚਾਰਕ ਨੈਤਿਕ ਅਤੇ ਅਧਿਆਤਮਕ ਕੀਮਤਾਂ ਉਪਰ ਉਸਰੀ ਪੰਜਾਬ ਦੇ ਪੰਜਾਬੀਆਂ ਦੀ ਜੀਵਨ ਜਾਚ ਅਤੇ ਸ਼ਖਸੀਅਤ ਉਸਾਰੀ ।

ਇਸ ਪਖੋ ਆਪ ਜੀ ਦੇ ਹੁਕਮਨਾਮਿਆਂ ਦਾ ਅਧਿਐਨ ਸਾਡੇ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ । ਹੁਕਮਨਾਮਿਆਂ ਵਿਚ ਉਨ੍ਹਾਂ ਨੇ ਸਾਰੀ ਕੌਮ ਨੂੰ ਜਿਥੇ ਅਧਿਆਤਮਕ ਉੱਚਤਾ ਦੇ ਪੈਗਾਮ ਭੇਜੇ ਉਥੇ ਬਹਾਦਰੀ, ਨੈਤਿਕਤਾ ਅਤੇ ਹੋਰ ਸਭਿਆਚਾਰਕ ਮੁੱਲਾਂ ਭਰੇ ਜੀਵਨ ਨਾਲ ਲੋਕਾਂ ਨੂੰ ਜੋੜਿਆ । ਉਨ੍ਹਾਂ ਨੇ ਹੁਕਮਨਾਮਿਆਂ ਵਿਚ ਇਸ ਗੱਲ ਨੂੰ ਬਾਰ ਬਾਰ ਦ੍ਰਿੜ ਕਰਵਾਇਆ ਗਿਆ ਹੈ ਕਿ ਚਾਹੇ ਦੇਸ਼ ਦੀ ਆਜ਼ਾਦੀ ਦਾ ਲਕਸ ਪ੍ਰਾਪਤ ਕਰਨਾ ਹੈ ਜਾਂ ਬਦੇਸ਼ੀ ਹਾਕਮਾਂ ਨੂੰ ਦੇਸ਼ ਵਿਚੋਂ ਕਢਣਾ ਹੈ ਜਾਂ ਸਾਰਥਕ ਸਮਾਜਕ ਪ੍ਰਬੰਧ ਦਾ ਵਿਕਾਸ ਕਰਨਾ ਹੈ ਇਹ ਸਾਰਾ ਕੁਝ ਚੰਗੇ ਕਿਰਦਾਰ ਦੀ ਉਸਾਰੀ ਨਾਲ ਹੀ ਹੋ ਸਕਦਾ ਹੈ ਜੋ ਜਿਤਨੀ ਦੇਰ ਤਕ ਇਨਸਾਨ ਦਾ ਆਪਣਾ ਸੱਚਾ ਤੇ ਸੁੱਚਾ ਕਿਰਦਾਰ ਨਹੀ ਭਾਵ ਜੇ ਕਰ ਉਸਦਾ ਆਪਣਾ ਨੈਤਿਕ ਅਤੇ ਅਧਿਆਤਮਕ ਜੀਵਨ ਉਚੇਰਾ ਨਹੀ ਤਾਂ ਉਹ ਕਿਸੇ ਵੀ ਚੰਗੇ ਆਦਰਸ਼ ਨੂੰ ਪ੍ਰਾਪਤ ਨਹੀ ਕਰ ਸਕਦਾ । ਇਸੇ ਤਰ੍ਹਾਂ ਹੁਕਮਨਾਮਿਆਂ ਵਿਚ ਜਿਥੇ ਸਾਨੂੰ ਪਵਿਤਰ ਤੇ ਅਧਿਆਤਮਕ ਜੀਵਨ ਜੀਉਣ ਦੀ ਪ੍ਰੇਰਨਾ ਮਿਲਦੀ ਹੈ, ਨਾਮ ਜਾਪ ਅਤੇ ਬਾਣੀ ਦਾ ਪਾਠ ਕਰਨ ਦੀ ਅਗਵਾਈ ਹਾਸਲ ਹੁੰਦੀ ਹੈ ਉਥੇ ਸਭਿਆਚਾਰਕ ਜੀਵਨ ਦੀਆਂ ਮਹਾਨ ਕਦਰਾਂ ਕੀਮਤਾਂ ਦੀ ਪਾਲਣਾ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ । ਸਾਰਾ ਪੰਜਾਬ ਅਤੇ ਭਾਰਤ ਇਸ ਪਖੋਂ ਖੁਸ਼ਕਿਸਮਤ ਹੈ ਕਿ ਉਸ ਕੋਲ ਪਹਿਲਾਂ ਹੀ ਬੜਾ ਅਮੀਰ ਸਭਿਆਚਾਰਕ ਵਿਰਸਾ ਮੌਜੂਦ ਹੈ । ਜਿਸ ਪ੍ਰਤੀ ਚੇਤਨ ਅਤੇ ਜਾਗਰੂਕ ਰਹਿ ਕੇ ਉਹ ਭਰਪੂਰ ਕਦਰਾਂ ਕੀਮਤਾਂ ਵਾਲਾ ਜੀਵਨ ਬਤੀਤ ਕਰ ਸਕਦਾ ਹੈ ਅਤੇ ਗੁਰੂਆਂ ਤੇ ਮਹਾਂਪੁਰਸ਼ਾਂ ਦੇ ਦਰਸਾਏ ਹੋਏ ਮਾਰਗ ਉਪਰ ਚਲ ਕੇ ਆਪਣਾ ਜੀਵਨ ਸਫ਼ਲਾ ਕਰ ਸਕਦਾ ਹੈ ਅਤੇ ਨਾਲ ਹੀ ਨਾਲ ਆਪਣੀ ਸੇਵਾ ਭਾਵਨਾ ਰਾਹੀ ਦੇਸ਼ ਅਤੇ ਦੇਸ਼ਵਾਸੀਆਂ ਦਾ ਭਲਾ ਕਰ ਸਕਦਾ ਹੈ । ਇਸ ਸੰਬੰਧੀ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਇਕ ਅੱਧ ਮਿਸਾਲ ਦੇਣੀ ਉਚਿਤ ਹੋਵੇਗੀ :

1. ਹੋਰੁ ਪਰਾਈ ਧੀ ਭੈਣ ਆਪਣੀ ਜਾਣਣੀ । ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ'। ਜੋ ਕੋਈ ਭਜਨੁ ਪੁਛਕੇ ਨਾ ਕਰੂਗਾ ਉਸਦਾ ਮੂਹ ਦੂਹੀ ਜਹਾਨੀ ਕਾਲਾ ਹੋਊਗਾ । ਹੋਰੁ ਜੀ ਕਿਸੇ ਨੇ ਮੰਦਾ ਫਿਕਾ ਨਹੀ ਬੋਲਣਾ, ਖਿਮਾ ਕਰਨੀ। ਬੋਲੁ ਕੁਬੋਲੁ ਸਹਿ ਜਾਣਾ ਸਭ ਦਾ । ਜੋ ਕੋਈ ਮਾਰੇ ਕੁਛ, ਤਾ ਭੀ ਖਿਮਾ ਕਰਨੀ, ਤੁਸਾ ਦਾ ਰਛਕ ਗੁਰੂ ਹੈ । ਹਰਿ ਬਖਤ ਤੁਸੀ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ । ਹਰਿ ਬਖਤ ਦੁਵਾਨੁ ਲਾਉਣਾ , ਹਰਿ ਦਿਨ ਸਬਦੁ ਕੀਰਤਨੁ ਕਰਨਾ ।[7]

2. ਭਾਈ ਕਾਲਾ ਸਿੰਘ ਜੀ ਤੁਸੀ ਭਜਨੁ ਬਾਣੀ ਕਰੋ ਤਕੜੇ ਹੋ ਕੇ ਅਰੁ ਨਾਲੇ ਜਰਾ ਖਿਮਾ ਧੀਰਜੁ ਬੀ ਰਖੋ । ਜੇ ਰੋੜੇ ਨਹਕਿ ਬਾਧਾ ਕਰਨਗੇ ਤਾ ਓ ਆਪੇ ਈ ਹਾਰਿ ਜਾਣਗੇ, ਧੀਰਜ ਬਡੀ ਚੀਜ ਹੈ । ਜੈਸੀ ਤੈ ਓਨਾ ਦੀ ਬਾਤ ਸੁਣਾਈ ਹੈ ਤਾ ਓਨਾ ਦਾ ਸੁਭਾਉ ਈ ਓਨਾ ਨੂ ਖਰਾਬੁ ਕਰਿ ਦੇਊਗਾ ਰੋੜੇ ਕਿਸਦੇ ਬਿਚਾਰੇ ਹੈ ? ਬਾਧਾ ਕਰਨੇ ਤੇ ਤਾ ਰਾਜਸੀਆ ਤੇ ਪਾਤਿਸਾਹੀਆ ਦਾ ਨਾਸ ਹੋਇ ਗਿਆ ਹੈ, ਪਰੁ ਤੁਸੀ ਬੀ ਜਰਾ ਧੀਰਜੁ ਰਖੋ । ਜੇ ਧੀਰਜੁ ਰਖੋਗੇ ਤਾ ਕੇ ਤਾ ਮੁੜ ਪੈਣਗੇ ਜੇ ਤੁਸਾ ਨੂ ਦੁਖਾਊਣ ਤੇ ਨਹੀ ਮੁੜਨਗੇ ਤਾ ਆਪ ਈ ਖਰਾਬ ਹੋਇ ਜਾਣਗੇ, ਬੁਰੇ ਹਾਲ ਹੋਇ ਜਾਣਗੇ ਜੇ ਨਾ ਮੁੜੇ । ਪਰ ਤੁਸੀ ਧੀਰਜੁ ਰਖੋ ਜਰਾ ।[8]

ਸਪੱਸ਼ਟ ਹੈ ਕਿ ਨਾਮਧਾਰੀ ਗੁਰੂ ਰਾਮ ਸਿੰਘ ਜੀ ਇਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਸਿੱਖ ਆਤਮ ਸਨਮਾਣ ਨਾਲ ਜੀਊਣ ਅਤੇ ਸਵੈਮਾਨ ਵਿਚ ਪੂਰੇ ਉਤਰਨ। ਇਸ ਸਬੰਧੀ ਡਾ. ਹਰਿਭਜਨ ਸਿੰਘ ਦਾ ਮਤ ਹੈ :

> ਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸਿੱਖਾਂ ਵਿਚਕਾਰ ਅਧਿਆਤਮਿਕ ਤੇ ਸਭਿਆਚਾਰਕ ਗੁਣਾਂ ਦੀ ਐਸੀ ਸਾਂਝ ਹੈ ਕਿ ਉਹ ਦੋ ਤੋ ਏਕ ਰੂਪ ਹੋ ਗਯੇ ਜਾਪਦੇ ਹਨ । ਇਸ ਅਵਸਥਾ ਤਕ ਉਹੀ ਸੰਤ ਜਨ ਹੀ ਪਹੁੰਚਦੇ ਹਨ ਜਿਨ੍ਹਾਂ ਆਪਦਾ ਪਰ ਮੇਟ ਦਿਤਾ ਹੋਵੇ । ਇਹਨਾਂ ਹੁਕਮਨਾਮਿਆਂ ਵਿਚ ਆਪੇ ਪਰਕੇ ਦਾ ਝਾਉਲਾ ਨਹੀ ਪੈਂਦਾ । ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਆਪਣਾ ਆਤਮਿਕ ਸਰੂਪ ਪਹੁੰਚਾ ਦੇਂਦੇ ਹਨ, ਆਪਣੀ ਲਿਖਤ ਰਾਹੀ । ਲਿਖਤ ਹੋ ਕੇ ਵੀ ਇਹ ਗੁਰੂ ਦੇ ਪ੍ਰਮਾਣੀਕ ਬੋਲ ਹਨ ਤੇ ਇਸੇ ਰੂਪ ਵਿਚ ਇਹਨਾਂ ਨੂੰ ਪੜ੍ਹਨਾ ਚਾਹੀਦਾ ਹੈ । ਪਰਮ ਸੱਚ ਨੂੰ ਪਹੁੰਚੇ ਹੋਏ ਸੰਤ ਜਨ ਆਮ ਮਨੁੱਖ ਨੂੰ ਪਰਮਸੁਖ ਦਾ ਨਜ਼ਾਰਾ ਕਿਵੇਂ ਸਧਾਰਨ ਅਤੇ ਸਹਿਜ ਮੁਹਾਵਰੇ ਵਿਚ ਵਿਖਾ ਦੇਂਦੇ ਹਨ , ਇਸਦੀ ਮਿਸਾਲ ਹਨ ਇਹ ਹੁਕਮਨਾਮੇ ਜਿਨਾਂ ਨੂੰ ਸਤਿਗੁਰੂ ਜੀ ਥਾ ਪਰ ਥਾਂ ਅਰਦਾਸ ਜਾਂ ਹਰਦਾਸ ਦਾ ਨਾਂ ਦਿੰਦੇ ਹਨ ।

ਇਸ ਤਰ੍ਹਾਂ 19ਵੀ ਸਦੀ ਦੇ ਪੰਜਾਬੀ ਜੀਵਨ ਉਪਰ ਅਤੇ ਉਸ ਸਮੇਂ ਦੀਆਂ ਸਮਾਜਕ ਅਤੇ ਰਾਜਸੀ ਸਥਿਤੀਆਂ ਪਰਿਸਥਿਤੀਆਂ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਧਰਮ ਪ੍ਰਚਾਰ ਦੀ ਮੁਹਿੰਮ ਅਤੇ ਸਭਿਆਚਾਰਕ ਪੁਨਰ ਜਾਗਰਤੀ ਲਈ ਪਾਇਆ ਯੋਗਦਾਨ ਬੇਮਿਸਾਲ ਹੈ । ਉਨ੍ਹਾਂ ਦੀ ਗੁਰੂ ਸਖਸੀਅਤ

Sri Satguru Jagjit Singh Ji Elibrary NamdhariElibrary@gmail.com

ਦਾ ਬਹੁਤ ਗਹਿਰਾ ਪ੍ਰਭਾਵ ਸੀ ਜਿਸ ਸਦਕਾ ਉਨ੍ਹਾਂ ਨੇ ਆਪਣੇ ਅਨੁਆਈਆਂ ਦੀ ਮਾਨਸਿਕਤਾ ਨੂੰ ਹੀ ਬਦਲ ਕੇ ਰਖ ਦਿਤਾ । ਸਮੁੱਚੀ ਪੰਜਾਬੀ ਮਾਨਸਿਕਤਾ ਅਤੇ ਭਾਰਤੀ ਮਾਨਸ ਉਪਰ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਅਤੇ ਬਚਨਾਂ ਦਾ ਬੜਾ ਗੌਰਵਮਈ ਸਥਾਨ ਹੈ । ਇਸ ਤੋਂ ਇਲਾਵਾ ਇਹ ਕਹਿਣਾ ਹੋਰ ਵੀ ਸਾਰਥਕ ਹੋਵੇਗਾ ਕਿ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਸਭਿਆਚਾਰਕ ਪੁਨਰ ਜਾਗਰਤੀ ਦੀ ਜੋ ਲਹਿਰ ਚਲਾਈ ਅਤੇ ਸਭਿਆਚਾਰਕ ਜੀਵਨ ਜਾਚ ਦੀਆਂ ਕਦਰਾਂ ਕੀਮਤਾਂ ਦਾ ਜੋ ਮਹਤਵ ਦ੍ਰਿੜ ਕਰਵਾਇਆ ਉਸ ਉਤੇ ਚਲ ਕੇ ਹੀ ਪੰਜਾਬੀ ਅਤੇ ਭਾਰਤੀ ਸਮਾਜ ਨੇ ਹੋਰ ਗਤੀ ਪਕੜੀ ਅਤੇ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ।

## ਟਿੱਪਣੀਆਂ ਅਤੇ ਹਵਾਲੇ


1. ਡਾ. ਕਰਮ ਸਿੰਘ ਕਪੂਰ, ਪੰਜਾਬੀ ਮਹਾਂਕਾਵਿ, ਭਾਸ਼ਾ ਵਿਭਾਗ, ਪੰਜਾਬ,ਪਟਿਆਲਾ
2. ਉਹੀ, ਪੰਨੇ 9-10
3. ਸ. ਜਸਵਿੰਦਰ ਸਿੰਘ, ਵਡ ਪਰਤਾਪੁ ਅਚਰਜ ਰੂਪ, ਨਵੀ ਦਿੱਲੀ, ਪੰਨਾ 11
4. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਨਾ 11
5. ਗੁਰੂ ਨਾਨਕ ਦੇਵ ਜੀ, ਆਸਾ ਦੀ ਵਾਰ, ਪੰਨਾ
6. ਤਾਰਾ ਸਿੰਘ ਅਨਜਾਣ, ਸਭਹਨ ਦੇ ਸਿਰਮੌਰ ,ਪੰਨਾ 159
7 ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਪੰਨਾ 100
8. ਉਹੀ, ਪੰਨਾ 440
9. ਉਹੀ

# ਨਾਮਧਾਰੀ ਲਹਿਰ ਦੇ ਸਮਕਾਲੀਨ ਅਤੇ ਪਰਵਰਤੀ ਪ੍ਰਭਾਵ ਸਮਾਜ-ਸਭਿਆਚਾਰਕ ਪਰਿਪੇਖ ਵਿਚ

ਡਾ. ਜਤਿੰਦਰਪਾਲ ਸਿੰਘ ਜੌਲੀ

ਧਰਤ ਦੇ ਗਲੋਬ ਉੱਤੇ ਮਾਨਵੀ ਜੀਵਨ ਦੀ ਹੋਂਦ, ਰਵਾਨੀ ਤੇ ਇਸਦੀ ਵਰਤਮਾਨ ਵਿਵਸਥਾ ਦੇ ਇਤਿਹਾਸਕ ਅਤੇ ਸਮਾਜ-ਸਭਿਆਰਾਰਕ ਪਰਿਪੇਖ ਨੂੰ ਵਾਚੀਏ ਤਾਂ ਇਹਨੂੰ ਇਕ ਦਰਿਆ ਨਾਲ ਤੁਲਨਾਇਆ ਜਾ ਸਕਦਾ ਹੈ । ਦਰਿਆ ਦਾ ਜੋ ਆਦਿ-ਬਿੰਦੂ ਤੇ ਅੰਤਿਲਾ ਸਿਰਾ ਪ੍ਰਤੀਤ ਹੁੰਦਾ ਹੈ, ਅਸਲ ਵਿਚ ਉਹ ਵੀ ਸ਼ਹੁ-ਸਾਗਰ ਦੇ ਵਿਰਾਟ ਸਰੂਪ ਵਿਚ ਮਿਲ ਕੇ ਇਕ ਗੋਲਾਈ ਦੀ ਸਿਰਜਣਾ ਹੀ ਕਰਦਾ ਹੈ । ਸ਼ਹੁ-ਸਾਗਰ ਵਿਚੋਂ ਨਿਰੰਤਰ ਉਠਦੀਆਂ ਅਸੀਮ ਲਹਿਰਾਂ ਵਾਂਗ ਦਰਿਆ ਵਿਚ ਵੀ ਲਹਿਰਾਂ ਉੱਠਦੀਆਂ ਹਨ, ਜੋ ਦੇਸ਼-ਕਾਲ ਦੀ ਜ਼ੱਦ ਵਿਚ ਹੁੰਦੀਆਂ, ਆਪਣੀ ਨਵੇਕਲੀ ਪਛਾਣ ਬਣਾ ਜਾਂਦੀਆਂ ਹਨ ।

ਮਾਨਵ ਦੇ ਸਮਾਜ-ਸਭਿਆਚਾਰਕ ਦਰਿਆ ਵਿਚੋਂ ਉੱਠੀਆਂ ਲਹਿਰਾਂ ਦਾ ਵੀ ਇਹੋ ਚਲਨ ਹੈ। ਦੇਸ਼ ਤੇ ਕਾਲ (time & space) ਇਸ ਦੀ ਸੀਮਾ ਵੀ ਹੈ ਤੇ ਸੰਭਾਵਨਾ ਵੀ । ਕਾਰਜ ਤੇ ਕਾਰਨ ਦੇ ਅਟੁੱਟ ਰਿਸ਼ਤੇ ਵਿਚੋਂ ਉਗਮਦੀਆਂ ਇਹ ਲਹਿਰਾਂ ਧਰਾਤਲ ਉੱਤੇ ਲੇਟਵੇਂ ਦਾਅ ਹੀ ਨਹੀ ਫੈਲਦੀਆਂ, ਖੜ੍ਹੇ ਦਾਅ ਗਹਿਰਾਈ ਵਿਚ ਵੀ ਸਿੰਜਰਦੀਆਂ ਹਨ, ਜਦੋਂ ਇਹ ਲੋਕ-ਮਨਾਂ ਵਿਚ ਘਰ ਕਰ ਜਾਂਦੀਆਂ ਹਨ। ਪੰਜਾਬ ਦੇ ਸਮਾਜ-ਸਭਿਆਚਾਰਕ ਧਰਾਤਲ ਉੱਤੇ ਨਾਮਧਾਰੀ ਲਹਿਰ ਨੂੰ ਮੈਂ ਇਸੇ ਪ੍ਰਸੰਗ ਵਿਚ ਪਛਾਣਦਾ ਹਾਂ ।

27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਉਪਰੰਤ ਸਿੱਖ ਸਰਦਾਰਾਂ ਦੀ ਆਪਸੀ ਫੁੱਟ ਕਾਰਨ ਉਪਜੇ ਹਾਲਾਤ ਕਾਰਨ ਗੁਆਚੇ ਸਿੱਖ ਰਾਜ ਅਤੇ ਅੰਗਰੇਜ਼ਾਂ ਦੇ ਪੰਜਾਬ ਉਪਰ ਕਾਬਜ਼ ਹੋਣ ਉਪਰੰਤ ਇਸ ਲਹਿਰ ਦਾ ਉਭਾਰ ਸਾਹਮਣੇ ਆਉਂਦਾ ਹੈ । ਇਹ ਇਤਿਹਾਸਕ ਤੱਥ ਇਸ ਗੱਲ ਦੀ ਪੁਸ਼ਟੀ ਵੀ ਕਰਦਾ ਹੈ ਕਿ ਇਨਕਲਾਬੀ ਲਹਿਰਾਂ ਦੇ ਉੱਥਾਨ ਦਾ ਕਾਰਜ, ਸਮਾਜ-ਸਭਿਆਚਾਰਕ ਕਦਰਾਂ-ਕੀਮਤਾਂ ਦੇ ਗੁਆਚਣ ਕਾਰਨ ਹੀ ਹੋਂਦ ਗ੍ਰਹਿਣ ਕਰਦਾ ਹੈ।

ਨਾਮਧਾਰੀ ਲਹਿਰ ਦੇ ਪ੍ਰਮੁੱਖ ਆਗੂ ਬਾਬਾ ਰਾਮ ਸਿੰਘ ਤੇ ਮਾਨਵੀ ਆਜ਼ਾਦੀ ਦੇ ਹੋਰ ਅਗੰਮੀ ਪਰਵਾਨਿਆਂ ਨੇ ਸਮੇਂ ਦੀ ਮੰਗ ਮੁਤਾਬਕ ਜਦੋਂ ਅੰਤਰ-

Sri Satguru Jagjit Singh Ji Elibrary NamdhariElibrary@gmail.com

ਪ੍ਰੇਰਨਾ ਸਦਕਾ ਆਪਣੇ ਆਪ ਨੂੰ ਮਨੁੱਖਤਾ ਦੇ ਨਰੋਏ ਭਵਿੱਖ ਲਈ ਵਕਫ਼ ਕੀਤਾ ਤਾਂ ਉਨ੍ਹਾਂ ਦਾ ਮੂਲ ਉਦੇਸ਼ ਹਮੇਸ਼ਾਂ ਨਰੋਏ ਸਮਾਜ ਦੀ ਸਥਾਪਤੀ ਹੀ ਰਿਹਾ । ਜਿਸ ਵਿਚ ਹਰੇਕ ਪ੍ਰਾਣੀ ਮਾਤ੍ਰ ਨੂੰ ਆਪਣੇ ਸੱਚੇ-ਸੁੱਚੇ ਜਜ਼ਬਿਆਂ ਸੰਗ ਜੀਊਣ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਨ ਦਾ ਮੁੱਢਲਾ ਹੱਕ ਮਿਲ ਸਕੇ । ਦਿੱਬ-ਦ੍ਰਿਸ਼ਟੀ ਨਾਲ ਉਲੀਕੇ ਜਾਂਦੇ ਇਸ ਕਿਸਮ ਦੇ ਅੰਤਰ-ਰਾਸ਼ਟਰੀ ਪ੍ਰੋਗਰਾਮਾਂ ਦੀ ਵਿਰੋਧਤਾ ਅਕਸਰ ਸਥਾਨਕ ਪੱਧਰ ਤੇ ਦ੍ਰਿਸ਼ਟੀ-ਵਿਹੂਣੇ ਵਿਅਕਤੀਆਂ ਵਲੋਂ ਹੋਣੀ ਆਰੰਭ ਹੋ ਜਾਂਦੀ ਹੈ ਕਿਉਂਕਿ ਸਮੂਹ ਦੇ ਭਲੇ ਲਈ ਆਰੰਭੇ ਕਾਰਜ, ਸੌੜੇ ਹਿੱਤਾਂ ਨਾਲ ਜੁੜੇ ਵਿਸ਼ੇਸ਼-ਵਰਗ ਲਈ ਚੁਣੌਤੀ ਵੀ ਬਣਦੇ ਹਨ ਤੇ ਉਨ੍ਹਾਂ ਦੀ ਹੋਂਦ ਲਈ ਖ਼ਤਰਾ ਵੀ ।

ਅੰਗਰੇਜ਼ੀ ਰਾਜ ਦੀ ਗ਼ੁਲਾਮੀ ਤੋਂ ਮੁਕਤੀ ਪਾਉਣ ਲਈ ਵਿੱਢੇ ਸੰਘਰਸ਼ ਵਿਚ ਜਿਥੇ ਭਾਰਤ ਦੀਆਂ ਅਨੇਕ ਜਥੇਬੰਦੀਆਂ ਸਰਗਰਮ ਸਨ, ਉਥੇ ਬਾਬਾ ਰਾਮ ਸਿੰਘ ਦੀ ਨਾਮਧਾਰੀ ਸੰਗਤ 'ਨਾ-ਮਿਲਵਰਤਣ ਲਹਿਰ' ਦੀ ਮੋਢੀ ਸੀ । ਹਾਲਾਤ ਦੀ ਸਿਤਮ ਜ਼ਰੀਫ਼ੀ ਇਹ ਸੀ ਕਿ ਆਚਾਰ-ਵਿਚਾਰ ਦੇ ਗੁਰਮਤਿ ਪ੍ਰਚਾਰ ਨੂੰ ਦ੍ਰਿੜ੍ਹਾਉਣ ਵਾਲੀ ਇਸ ਜਮਾਤ ਨੂੰ ਉਸ ਵੇਲੇ ਦੇ ਸਿੱਖ ਰਾਜੇ-ਮਹਾਰਾਜੇ, ਗੁਰਧਾਮਾਂ ਦੇ ਪੁਜਾਰੀ, ਸਿੱਖ ਸਰਦਾਰ, ਜਾਗੀਰਦਾਰ ਤੇ ਰਈਸ ਕਿਸੇ ਤਰ੍ਹਾਂ ਵੀ ਪ੍ਰਵਾਨ ਕਰਨ ਨੂੰ ਤਿਆਰ ਨਹੀ ਸਨ । ਇਸ ਲਹਿਰ ਦਾ ਸਾਥ ਦੇਣ ਨਾਲੋਂ ਉਹ ਅੰਗਰੇਜ਼ਾਂ ਦੀ ਗੁਲਾਮੀ ਜਾਂ 'ਜੀ-ਹਜ਼ੂਰੀ' ਨੂੰ ਪ੍ਰਮੁੱਖਤਾ ਦੇਂਦੇ, ਬਦਲੇ ਵਿਚ ਖਿਲਤਾਂ ਪ੍ਰਾਪਤ ਕਰਕੇ ਆਪਣੀ 'ਜ਼ਾਤੀ ਹਉਂ' ਦੇ ਖੋਖਲੇਪਨ ਨੂੰ ਵਧਾ ਰਹੇ ਸਨ । ਬਹੁਤ ਸਾਰੇ ਪੱਧਰਾਂ ਤੇ ਬਾਬਾ ਰਾਮ ਸਿੰਘ ਦੇ ਧਾਰਮਕ, ਸਦਾਚਾਰ, ਸੁਧਾਰਕ ਤੇ ਵਤਨ-ਪ੍ਰਸਤੀ ਵਾਲੇ ਕੰਮਾਂ ਦਾ ਵਿਰੋਧ ਕਰਨ ਤੋਂ ਵੀ ਸੰਕੋਚ ਨਹੀ ਸੀ ਕੀਤਾ ਜਾਂਦਾ । ਇਹ ਤਾਂ ਬਹੁਤ ਬਾਅਦ ਦੀ ਗੱਲ ਹੈ ਜਦੋਂ ਪ੍ਰਸਿੱਧ ਭਾਰਤੀ ਚਿੰਤਕ ਤੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਨੇ ਖੁੱਲ੍ਹ ਕੇ ਇਸ ਹਕੀਕਤ ਨੂੰ ਸਵੀਕਾਰ ਕੀਤਾ ਕਿ :

> ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਅੰਦੋਲਨ ਇਤਨੇ ਜ਼ੋਰ ਸੇ ਚਲਾਇਆ, ਉਸ ਕਾ ਨਾਮਧਾਰੀ ਗੁਰੂ ਰਾਮ ਸਿੰਘ ਨੇ ਪਚਾਸ ਵਰਸ਼ ਪੂਰਬ ਹੀ ਨਾਮਧਾਰੀਓਂ ਮੇਂ ਪ੍ਰਯੋਗ ਕੀਆ ਥਾ ।[1]

ਜਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਤਸਲੀਮ ਕੀਤਾ ਕਿ :

> ਨਾਮਧਾਰੀ ਸਤਿਗੁਰੂ ਰਾਮ ਸਿੰਘ ਨੇ ਅੱਜ ਤੋਂ 50 ਸਾਲ ਪਹਿਲੋਂ ਦੇਸ਼ ਦੀ ਆਜ਼ਾਦੀ ਲਈ ਜੋ ਜੱਦੋ-ਜਹਿਦ ਆਰੰਭੀ ਉਸਦੀ ਮਹਾਨਤਾ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ।

Sri Satguru Jagjit Singh Ji Elibrary NamdhariElibrary@gmail.com

ਕਾਂਗਰਸ ਨੇ ਉਨ੍ਹਾਂ ਦੇ ਦਿਖਾਏ ਰਸਤੇ 'ਤੇ ਹੀ ਚੱਲ ਕੇ ਆਜ਼ਾਦੀ ਪ੍ਰਾਪਤ ਕੀਤੀ।[2]

ਨਾਮਧਾਰੀ ਪਰਿਵਾਰਾਂ ਵਿਚ ਫੈਲ ਰਹੀ ਨਾ- ਮਿਲਵਰਤਨ ਲਹਿਰ ਨੂੰ ਰੋਕਣ ਲਈ ਅੰਗਰੇਜ਼ ਸਰਕਾਰ ਨੇ ਬਾਬਾ ਰਾਮ ਸਿੰਘ ਉਪਰ ਨਜ਼ਰਬੰਦੀ ਦੇ ਹੁਕਮ ਆਇਦ ਕਰ ਦਿੱਤੇ । ਹਕੂਮਤ ਇਹ ਨਹੀ ਸੀ ਜਾਣਦੀ ਕਿ ਵਿਰੋਧ ਵਜੋਂ ਇਹ ਲਹਿਰ ਜੰਗਲ ਦੀ ਅੱਗ ਵਾਂਗ ਫੈਲ ਜਾਏਗੀ । ਸਰਕਾਰੀ ਨੌਕਰੀਆ ਦਾ ਤਿਆਗ, ਸਰਕਾਰੀ ਸਕੂਲਾਂ ਵਿਚ ਬੱਚੇ ਨਾ ਪੜ੍ਹਾਉਣੇ, ਸਰਕਾਰੀ ਅਦਾਲਤਾਂ ਦਾ ਬਾਈਕਾਟ, ਵਿਦੇਸ਼ੀ ਵਸਤਾਂ (ਖੰਡ ਤੇ ਕੱਪੜੇ ਆਦਿ) ਤੋਂ ਇਲਾਵਾ ਸਰਕਾਰੀ ਨਹਿਰਾ ਦੇ ਪਾਣੀ ਅਤੇ ਇਥੋਂ ਤਕ ਕਿ ਸਰਕਾਰੀ ਸੜਕਾਂ ਉਪਰ ਲੱਗੇ ਦਰੱਖਤਾ ਤੋਂ ਦਾਤਨ ਆਦਿ ਲੈ ਕੇ ਵਰਤਣ ਤਕ ਦਾ ਪ੍ਰਹੇਜ਼ ਸਿੱਧ ਕਰਦਾ ਹੈ ਕਿ ਇਸ ਲਹਿਰ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਤੇ ਮਜ਼ਬੂਤ ਸਨ । ਭੈਣੀ ਸਾਹਿਬ ਤੋਂ ਜਾਰੀ ਹੁੰਦੇ ਹੁਕਮਨਾਮਿਆਂ ਦਾ 'ਦਸਤੀ ਰੂਪ' ਵਿਚ 'ਸਰਕਾਰੀ ਡਾਕ' ਨਾਲੋਂ ਪਹਿਲਾਂ ਪਹੁੰਚਣ ਦਾ ਅਮਲ ਕਿਸੇ ਤਰ੍ਹਾਂ ਵੀ ਅਜੋਕੇ 'ਕੋਰੀਅਰ ਸਿਸਟਮ' ਨਾਲੋਂ ਘੱਟ ਨਹੀ ਸੀ, ਜਿਸ ਨੇ ਅੰਗਰੇਜ਼ ਨੂੰ ਪਰੇਸ਼ਾਨ ਵੀ ਕੀਤਾ ਤੇ ਪਸ਼ੇਮਾਨ ਵੀ । ਇਹ 1921-22 ਦਾ ਵਾਕਿਆ ਹੈ ।

ਵਿਅਕਤੀ-ਵਿਸ਼ੇਸ਼ ਦੇ ਅਮਲੀ ਜੀਵਨ ਦੇ ਸਾਂਚੇ ਵਿਚੋਂ ਢਲ ਕੇ ਨਿਕਲੇ 'ਹੁਕਮਨਾਮੇ' ਉਹਦੀ ਸ਼ਖ਼ਸੀਅਤ ਤੋਂ ਮੁਤਾਸਰ ਸੰਗਤ ਲਈ ਇਲਾਹੀ ਫ਼ੁਰਮਾਣ ਵਾਂਗ ਹੁੰਦੇ ਹਨ. । ਜਦੋਂ ਉਨ੍ਹਾਂ ਵਿਚ ਪਰਿਵਾਰਕ ਛੋਹਾਂ ਤੇ ਅਪਣੱਤ ਦੀ ਮਾਰਮਿਕਤਾ ਵੀ ਹੋਵੇ ਤਾਂ ਉਨ੍ਹਾਂ ਦੀ ਅਦੂਲੀ ਹੋ ਹੀ ਨਹੀ ਸਕਦੀ । ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਬਾਬਾ ਰਾਮ ਸਿੰਘ ਵਲੋਂ ਲਿਖੇ ਗਏ ਹੁਕਮਨਾਮੇ ਸਾਡੇ ਲਿਖਤ-ਸਭਿਆਚਾਰ ਵਿੱਚ ਇਸ ਲਈ ਵੀ ਅਮੁੱਲੇ ਸਰਮਾਏ ਵਜੋਂ ਜਾਣੇ ਜਾਂਦੇ ਰਹਿਣਗੇ ਕਿਉਂਕਿ ਉਸ ਵੇਲੇ ਪੰਜਾਬੀ ਵਾਰਤਕ ਦਾ ਕੋਈ ਸਪੱਸ਼ਟ ਨਮੂਨਾ ਉਭਰ ਕੇ ਸਾਹਮਣੇ ਨਹੀ ਸੀ ਆਇਆ । ਬਕੌਲ ਡਾ. ਹਰਿਭਜਨ ਸਿੰਘ 'ਪੰਜਾਬੀ, ਬੋਲਚਾਲ ਦੇ ਯੁੱਗ ਵਿਚੋਂ ਨਿਕਲ ਕੇ, ਲਿਖਤ ਦੇ ਯੁੱਗ ਵਿਚ ਪ੍ਰਵੇਸ਼ ਕਰ ਰਹੀ ਸੀ'।[3]

ਲਿਖਤ ਨੂੰ ਬੋਲ-ਚਾਲ ਦੇ ਮੁਹਾਵਰੇ ਵਿਚ ਪੇਸ਼ ਕਰਨ ਦੇ ਇਸ ਕਾਰਜ ਦਾ ਸਿੱਧਾ ਸੰਬੰਧ ਗੁਰੂ ਤੇ ਸ਼ਿਸ਼ ਦੇ ਪੇਂਡੂ ਪਿਛੋਕੜ ਨਾਲ ਹੈ, ਜਿਸ ਵਿਚ ਉਪਭਾਸ਼ਿਕ ਰੰਗ ਬੇਹੱਦ ਸਪੱਸ਼ਟ ਹੈ । ਇਹ ਹੁਕਮਨਾਮੇ ਜਿਸ ਮਾਨਸਿਕਤਾ ਦੀ ਉਸਾਰੀ ਕਰ ਰਹੇ ਸਨ, ਉਸ ਵਿਚੋਂ ਜੀਉਣ ਜੋਗ ਸਮਾਜ-ਸਭਿਆਚਾਰ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ । ਤਤਕਾਲੀਨ ਸਮਾਜ ਵਿਚ ਇਨ੍ਹਾਂ ਦੀ ਸਾਰਥਕਤਾ ਜਿਉਂ ਦੀ ਤਿਉਂ ਬਰਕਰਾਰ ਹੈ । ਇਨ੍ਹਾਂ ਦਾ ਵਿਸਤ੍ਰਿਤ ਅਧਿਐਨ ਇਕ ਵੱਖਰੇ ਖੋਜ-ਨਿਬੰਧ ਦੀ ਮੰਗ ਕਰਦਾ ਹੈ , ਜੋ ਨਿਰਸੰਦੇਹ ਅਜੋਕੇ ਸਿੱਖ ਸਮਾਜ ਅਤੇ

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸੰਗਤ ਵਿਚ ਉਪਜ ਰਹੀਆਂ ਗਲਤ-ਫ਼ਹਿਮੀਆਂ ਮੇਸਣ ਵਿਚ ਸਹਾਈ ਹੋ ਸਕਦਾ ਹੈ ।

ਉਦਾਹਰਣ ਵਜੋਂ ਇਥੇ ਹੁਕਮਨਾਮਾ ਨੰ 17 ਦਾ ਸੰਖਿਪਤ ਅਧਿਐਨ ਪ੍ਰਸਤੁਤ ਹੈ । ਜਿਸ ਰਾਹੀਂ ਇਨ੍ਹਾਂ ਹੁਕਮਨਾਮਿਆਂ ਦੇ ਉਭਰਵੇਂ ਲੱਛਣ, ਵਿਚਾਰ ਅਧੀਨ ਇਉਂ ਆਉਂਦੇ ਹਨ ਕਿ ਇਨ੍ਹਾਂ ਹੁਕਮਨਾਮਿਆਂ ਦੀ ਇਬਤਦਾ ਅਕਸਰ 'ਸਿਰੀ ਵਾਹਿਗੁਰੂ ਜੀ ਕਾ ਖਾਲਸਾ ਸਿਰੀ ਵਾਹਿਗੁਰੂ ਜੀ ਕੀ ਫਤੇ'[6] ਤੋਂ ਹੁੰਦੀ ਰਹੀ ਹੈ, ਜਿਸ ਬੋਲੇ ਤੋਂ ਅੱਜ ਸਮੂਹ ਨਾਮਧਾਰੀ ਸੰਗਤ ਖੁਦ ਨੂੰ ਸੰਕੋਚਦੀ 'ਸਤਿ ਸ੍ਰੀ ਅਕਾਲ' ਤਕ ਸੀਮਿਤ ਹੈ । ਜਿਵੇਂ ਇਹ ਬੋਲਾ 'ਸਿੰਘਾਂ' ਲਈ ਰਾਖਵਾਂ ਹੋਵੇ . ।

'ਸਰਬਤ ਸੰਗਤਿ ਕੀ ਸੁਖ ਅਨੰਦ ਸਿਰੀ ਗੁਰੂ ਸਾਹਿਬ ਪਾਸੋਂ ਹਮੇਸ਼ਾ ਮੰਗਦੇ' ਹੋਣ ਪਿਛੋਂ ਗੁਰੂ ਦਾ ਆਪਣੇ ਸਿੱਖਾਂ ਨੂੰ ਇਹ ਲਿਖਣਾ ਕਿ 'ਹੋਰ ਸਾਨੂ ਕੋਈ ਦੁਖ ਨਹੀ ਇਕ ਸੰਗਤਿ ਦੇ ਬਿਛੋੜੇ ਦਾ ਦੁਖ ਹੈ, ਸੰਗਤਿ ਨੂੰ ਬੀ ।'[7] ਸਾਰੇ ਦੁਨਿਆਵੀ ਰਿਸਤਿਆਂ ਤੋਂ ਵਧੇਰੇ ਉੱਤਮ ਅਤੇ ਸ਼ਿੱਦਤ ਭਰਪੂਰ ਸੰਬੰਧ ਹੈ, ਜਿਸ ਵਿਚ ਬੱਝੇ ਵਿਅਕਤੀ ਗੁਰੂ ਦੇ ਕਿਸੇ ਹੁਕਮ ਤੋਂ ਬੇਮੁੱਖ ਹੋਣ ਦਾ ਸੋਚ ਵੀ ਨਹੀ ਸਕਦੇ । ਖਾਸ ਤੌਰ ਤੇ ਜਦੋਂ ਹੁਕਮ ਸਰਬਤ ਦੇ ਭਲੇ ਲਈ ਹੋਵੇ

> ਕੁੜੀ, ਮੁੰਡਾ, ਬੁਢਾ, ਬਾਲਾ ਸਭ ਪਾਠ ਕਰੋ, ਨਿਤਨੇਮ ਨਾਲ ਏਹੁ ਮੰਗ ਮੰਗੋ । ਪਾਠ ਗੁਪਤ ਕਰਨਾ । ਜਿਸਨੂ ਦਸਣਾ ਗੁਪਤ ਹੀ ਦਸਣਾ, ਨਾਲੇ ਡੇਰੇ ਕਰਨਾ, ਨਾਲੇ ਜੋ ਡੇਰੇ ਆਵੇ, ਕਿਸੇ ਦੇਸ ਦਾ ਹੋਵੇ, ਉਸਨੂ ਬੀ ਆਖਣਾ ਤੂ ਬੀ ਕਰ ਤੇ ਆਪਦੇ ਦੇਸ ਪਿੰਡ ਜਾ ਕੇ ਏਹੋ ਪਾਠ ਕਰਾਓ ਜੋ ਬਿਧ ਲਿਖੀ ਹੈ । ਏਸੇ ਬਿਧੀ ਸੰਜੁਗਤ ਜੋ ਪਾਠ ਕਰੂਗਾ ਅਰ ਜੋ ਕਰਾਊਗਾ ਉਸਦਾ ਬਹੁਤ ਭਲਾ ਹੋਊਗਾ, ਸਤਿ ਕਰ ਮੰਨਣਾ । ਅਰ ਗ੍ਰੰਥ ਸਾਹਿਬ ਚੰਡੀ ਦੀ ਬਾਰ ਦਾ ਪਾਠ ਸਾਰੇ ਈ ਕਰੋ ਜਿਤਨੇ ਪੜੇ ਹੋਇ ਹੋ । ਕੁਛ ਬਹੁਤ ਪਾਠ ਨਹੀ, ਥੋੜਾ ਈ ਹੈ । ਮੰਜੀ ਉਤੇ ਪਾਠ ਕਰਨਾ, ਸੁਣਾਉਣਾ ਨਹੀ ਕਿਸੇ ਨੂ, ਅਰ ਏਹ ਪਾਠ ਕੁਸੰਗੀ ਨਾ ਸੁਣੇ। ਇਸਨਾਨ ਕਰਕੇ ਪੜਨਾ ਏਹ ਪਾਠ ।[8]

ਇਨ੍ਹਾਂ ਹੁਕਮਨਾਮਿਆਂ ਦੀ ਸ਼ੈਲੀ ਦਾ ਨਵੇਕਲਾਪਨ ਇਨ੍ਹਾਂ ਦੀ ਸੰਬੋਧਨੀ ਸੁਰ ਦੇ ਨਾਲ ਨਾਲ ਅਪਣੱਤ ਭਰੀ ਸਮਝੌਣੀ ਬਿਰਤੀ ਹੈ । ਪਰਿਵਾਰ ਵਿਚ ਬੈਠਿਆਂ ਘਰ ਦੇ ਵਡੇਰੇ ਵਲੋਂ ਆਪਣੇ ਬੱਚਿਆਂ ਨੂੰ ਦਿਤੀਆਂ ਹਿਦਾਇਤਾਂ ਹਨ, ਜਿਨ੍ਹਾਂ ਉਤੇ ਅਮਲ ਕੀਤਿਆਂ ਉਨ੍ਹਾਂ ਦਾ ਲੋਕ-ਪਰਲੋਕ ਸੰਵਰਦਾ ਤੇ ਸਿਹਤਮੰਦ ਸਮਾਜ ਦੀ ਉਸਾਰੀ ਹੁੰਦੀ ਹੈ । ਅੰਗਰੇਜ਼ ਹਕੂਮਤ ਦੀ ਆਮਦ ਤੇ ਪੱਛਮੀ ਸਭਿਆਚਾਰ ਜਿਸ ਤੇਜ਼ੀ ਨਾਲ ਹਿੰਦੁਸਤਾਨ ਦੀ ਪਾਵਨ ਧਰਤ ਉਪਰ ਆਪਣੀਆਂ

ਮਾਰੂ ਜੜ੍ਹਾਂ ਫੈਲਾ ਰਿਹਾ ਸੀ, ਉਸ ਦਾ ਇਕੋ ਇਕ ਬਦਲ ਆਪਣੇ ਸਥਾਨਕ ਸਭਿਆਚਾਰ ਦੀ ਅਮੀਰੀ ਨੂੰ ਪਛਾਨਣਾ ਤੇ ਦ੍ਰਿੜਾਉਣਾ ਸੀ, ਜਿਹੜਾ ਕੰਮ ਨਾਮਧਾਰੀ ਲਹਿਰ ਹੁਣ ਤਕ ਨਿਰੰਤਰ ਕਰ ਰਹੀ ਹੈ ।

ਇਹ ਹੁਕਮਨਾਮੇ ਕਿਸੇ ਵਿਸ਼ੇਸ਼ ਵਰਗ ਨੂੰ ਮੁਖ਼ਾਤਿਬ ਹੁੰਦੇ ਵੀ ਇਹ ਹਦਾਇਤ ਕਰ ਰਹੇ ਹਨ ਕਿ 'ਜੋ ਡੇਰੇ ਆਵੇ, ਕਿਸੇ ਦੇਸ ਦਾ ਹੋਵੇ' ਉਸ ਦਾ ਭਲਾ ਕਰਨਾ ਹੈ । 'ਕੁਸੰਗੀ ਨੂੰ ਪਾਠ ਨ ਸੁਨਾਉਣ' ਦੀ ਹਦਾਇਤ ਕਰਦੇ ਇਹ ਹੁਕਮਨਾਮੇ ਭਗਤ ਸੂਰਦਾਸ ਦੇ ਇਸ ਬੋਲ ਤੇ ਕਰੜਾਈ ਨਾਲ ਪਹਿਰਾ ਦੇਂਦੇ ਹਨ

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ।।[9]

ਸੰਜਮਮਈ ਜੀਵਨ ਜੀਊਣ ਅਤੇ ਹਉਮੈ ਦਾ ਤਿਆਗ ਕਰਨ ਦੀ ਮਹਿਜ਼ ਹਦਾਇਤ ਨਾਲੋਂ, ਵਿਊਹਾਰਕ ਜੀਵਨ ਵਿਚ ਜੋ ਵਸਤਾਂ ਹਉਮੈ ਦਾ ਪਾਸਾਰਾ ਵਧਾਉਂਦੀਆਂ ਹਨ , ਉਨਾਂ ਦੇ ਤਿਆਗ ਲਈ ਸਪੱਸ਼ਟ, ਹਿਦਾਇਤਾਂ, ਇਨ੍ਹਾਂ ਹੁਕਮਨਾਮਿਆਂ ਵਿਚ ਥਾਂ-ਪੁਰ-ਥਾਂ ਲੱਭਦੀਆਂ ਹਨ । ਜਿਵੇਂ ਕਿ 'ਘੋੜੇ ਬਹੁਤ ਨਾ ਰਖਿਆ ਕਰੋ ... ਕਿਉ ਖਰਚ ਏਨਾ ਰਖਿਆ ਹੈ ਘੋੜਿਆ ਦਾ ' ਅਗੇ ਮੈ ਲਿਖਾ ਥਾ ਸਰੂਪ ਸਿੰਘ ਭਾਦਲੇ ਵਾਲੇ ਨੂੰ, ਸੋ ਤੁਸੀ ਲਿਖਿਆ ਨਹੀ, ਦਿਤੀ ਹੈ ਕਿ ਨਹੀ ਦਿਤੀ । ਨਹੀ ਤਾਂ ਦੇ ਦੇਨੀ ਘੋੜੀ ।[10] ਅਜੋਕੀਆਂ ਮੋਟਰ ਕਾਰਾਂ ਵਾਂਗ ਉਸ ਵੇਲੇ ਘੋੜੀਆਂ ਹੀ ਆਵਾਜਾਈ ਦਾ ਪ੍ਰਮੁੱਖ ਸਾਧਨ ਸਨ ਪਰ ਲੋੜੋਂ ਵਧੀਕ ਸਾਧਨ, ਸਾਧਨ-ਵਿਹੂਣੇ ਸਤਿਸੰਗੀਆਂ ਵਿਚ ਵੰਡਣ ਦੀ ਗੱਲ ਸਿਧ ਕਰਦੀ ਹੈ ਕਿ ਇਸ ਲਹਿਰ ਦਾ ਮਨਸ਼ਾ ਮੁੱਢੋਂ ਹੀ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਰਿਹਾ ਹੈ । ਜਿਵੇਂ ਕਿ ਇਸੇ ਹੁਕਮਨਾਮੇ ਵਿਚ ਅੱਗੇ ਹਦਾਇਤ ਹੈ :

> ਜਿਤਨਾ ਪੁਜ ਆਵੇ ਓਤਨਾ ਪੁਨ ਕਰਨਾ । ਭੁਖੇ ਨੂੰ ਰੋਟੀ ਕਪੜਾ ਜੋੜਾ, ਕਿਸੇ ਭੇਖ ਦਾ ਹੋਵੇ , ਭਾਵੇਂ ਨਿੰਦਾ ਬੀ ਕਰਦਾ ਹੋਵੇ, ਪਰ ਲੋੜਮਾਨ ਵੇਖ ਕੇ ਉਸਨੂ ਬੀ ਦੇਨਾ ਜਿਤਨਾ ਕੁ ਸਰੇ ਆਪਤੇ । ਪੁੰਨ ਤੇ ਘਾਟਾ ਨਹੀ ਆਉਂਦਾ ਪਰ ਦੇਨਾ ਅਉਖਾ ਹੈ ।[11]

'ਜਿਤਨਾ ਪੁਜ ਆਵੇ', 'ਕਪੜਾ ਜੋੜਾ', 'ਭੇਖ', 'ਲੋੜਮਾਨ' ਆਦਿ ਗੁਆਚ ਰਹੇ ਪੰਜਾਬੀ ਸ਼ਬਦਾਂ ਜਾਂ ਵਾਕੰਸ਼ਾਂ ਨੂੰ ਸੰਭਾਲੀ ਬੈਠੇ ਇਹ ਹੁਕਮਨਾਮੇ ਵਿਅਕਤੀ ਦੀ ਨੈਤਿਕ ਉਸਾਰੀ ਦੀ ਖਾਤਰ ਵਿਚ ਉਚੇਚਾ ਯੋਗਦਾਨ ਪਾਉਂਦੇ ਹਨ । ਇਨ੍ਹਾਂ ਵਿਚ 'ਤਕੜੇ ਹੋ ਕੇ' ਭਜਨ ਕਰਨ ਦੀ ਬਾਰ ਬਾਰ ਸਲਾਹ ਇਸ ਲਈ ਦਿੱਤੀ ਜਾਂਦੀ ਹੈ ਕਿਉਂਕਿ ਬਿਨਾਂ ਭਜਨ 'ਪੂਜਾ' ਦੀ ਕਮਾਈ 'ਮਤ ਮਾਰ' ਦੇਂਦੀ ਹੈ । ਉਸ ਵੇਲੇ ਦੇ ਸਮਾਜਕ ਪਤਨ ਦਾ ਪ੍ਰਸੰਗ ਇਸ ਹਵਾਲੇ ਵਿਚੋਂ ਸਪੱਸ਼ਟ ਝਲਕਦਾ ਹੈ ਕਿ :

> ਗਿਆਨੀ, ਧਿਆਨੀ, ਸਾਧ, ਬੇਦੀ, ਸੋਢੀ, ਏ ਸਿਰਫ ਬਿਨਾ ਭਜਨ ਪੂਜਾ ਨੇ ਹੀ ਮਾਰ ਲਏ ।[12]

Sri Satguru Jagjit Singh Ji Elibrary NamdhariElibrary@gmail.com

ਭਜਨ ਕਰਨ ਸੰਬੰਧੀ 'ਅਮ੍ਰਿਤ ਵੇਲਾ' ਸੰਭਾਲਣ ਤੇ ਗੁਰਬਾਣੀ ਮੁਤਾਬਕ 'ਪਿਛਲੀ ਰਾਤ' ਜਾਗਣ ਦੀ ਉਚੇਚੀ ਹਦਾਇਤ ਹੈ ਉਸਦੇ ਫਲਾਦੇਸ਼ ਨੂੰ ਇਉਂ ਦ੍ਰਿੜਾਇਆ ਗਿਆ ਹੈ ਕਿ

> ਹੋਰ ਹੀਰੇ ਮਿਸਰ ਨੂ ਮੇਰੀ ਨਮਸਕਾਰ ਬੁਲਾਈ ਵਾਚਨੀ ਜੀ । ਮਿਸਰ ਹੀਰਾ ਜੇ ਤੂ ਭਜਨ ਕਰੇਗਾ ਏਸੇ ਧਾਰਨਾ ਮੇ ਸਵੇਰੇ ਇਸਨਾਨ, ਫੇਰ ਦਿਨ ਚੜੇ ਇਸਨਾਨ, ਰਾਤ ਦਿਨੇ ਭਜਨ ਕਰੇਗਾ ਤਾ ਤੇਰਾ ਗੁਜਾਰਾ ਖੇਤੀ ਕਰਨ ਵਾਲਿਆ ਤੇ ਅਛਾ ਹੋਵੇਗਾ, ਪ੍ਰਤੀਤ ਕਰਕੇ ਜਾਣਨੀ, ਨਾਲੇ ਸੁਖੀ ਰਹੇਗਾ ਨਾਲੇ ਤੇਰਾ ਆਦਰ ਕਰਨਗੇ ਬਹੁਤ ਲੋਕ । ਦੂਰ ਕੀ ਦੇਖਣਾ ਹੈ ਤੂ ਸਾਡੀ ਵਲ ਦੇਖ ਲੈ, ਅਸੀ ਲੁਹਾਰ ਹਾ । ਸਾਨੂ ਗੁਰੂ ਕਰਕੇ ਪੂਜਦੇ ਹੈਨ ਹਜਾਰਾ ਲੋਕ, ਨਾਲੇ ਹਜਾਰਾ ਰੁਪਏ ਭੇਟ ਚੜਾਉਦੇ ਹੈਨ । ਤੂ ਤਾ ਬ੍ਰਾਹਮਣ ਹੈ, ਜੇ ਤੂ ਭਜਨ ਕਰੇਂਗਾ ਤੈਨੂ ਕਿਉ ਨਹੀ ਲੋਕ ਮੰਨਣਗੇ ? ਅਸੀ ਕੋਈ ਜਾਦੂ ਮੰਤਰ ਨਹੀ ਕੀਤਾ ਛੁਟ ਪ੍ਰਮੇਸਰ ਦੇ ਭਜਨ ਤੇ । ਤੇਰੇ ਦੇਖਦੇ ਦੇਖਦੇ ਕੈਸਾ ਪ੍ਰਤਾਪ ਹੋਇ ਗਇਆ ਭਜਨ ਦਾ ।[13]

ਆਮ ਬੋਲ-ਚਾਲ ਦੀ ਸ਼ੈਲੀ ਵਿਚ ਜੀਵਨ ਦੇ ਗੁਹਜ ਨੂੰ ਪ੍ਰਗਟਾਉਣ ਵਾਲੀ ਇਸ ਲਿਖਤ ਦੀ ਅਪੀਲ ਸਦੀਵੀ ਹੈ । ਦੇਸ਼-ਕਾਲ ਨਾਲ ਸੰਬੰਧਿਤ ਹੁੰਦੀ ਹੋਈ ਵੀ ਦੇਸ਼-ਕਾਲ-ਮੁਕਤ । ਇਹੋ ਖ਼ਾਸੀਅਤ ਇਸ ਲਹਿਰ ਦੀ ਵੀ ਹੈ ।

ਸਵੀਡਨ ਜਾ ਵੱਸੇ ਲਹਿੰਦੇ ਪੰਜਾਬ ਦੇ ਪ੍ਰਸਿੱਧ ਚਿੰਤਕ ਸੱਯਦ ਆਸਿਫ਼ ਸ਼ਾਹਕਾਰ ਦੀ ਮਾਨਤਾ ਹੈ ਕਿ ਮਾਨਵਤਾ ਦੇ ਇਤਿਹਾਸ ਵਿਚ ਧਰਮੀ ਆਗੂਆਂ ਦੇ ਦੋ ਧੜੇ ਉਭਰਵੇਂ ਰੂਪ ਵਿਚ ਸਾਹਮਣੇ ਆਉਂਦੇ ਨੇ । ਇਕ ਉਹ, ਜਿਨ੍ਹਾਂ ਨੇ ਸਿਰਫ਼ ਧਰਮ ਦੀ ਗੱਲ ਕੀਤੀ ਤੇ ਦੂਜੇ ਜੋ ਇਨਸਾਨੀਅਤ ਨੂੰ ਵਕਫ਼ ਹਨ । ਉਹਦੀ ਨਜ਼ਰ ਵਿਚ ਅਸਲ ਧਰਮ ਉਹ ਹੈ, ਜੋ 'ਇਨਸਾਨੀਅਤ ਦੀ ਹੋਂਦ ਦੀ ਜ਼ਮਾਨਤ ਤੇ ਉਹਦੀ ਭਲਾਈ ਤੇ ਵਾਧੇ ਦੀ ਗੱਲ' [14] ਕਰੇ । ਆਸਿਫ਼ ਸ਼ਾਹਕਾਰ ਲਿਖਦਾ ਹੈ ਕਿ :

> ਰੱਬ ਨੇ ਹਰ ਧਰਮ ਇਨਸਾਨ ਲਈ ਘੱਲਿਆ ਏ ਤੇ ਜਦ ਕੋਈ ਧਰਮ ਇਨਸਾਨ ਨੂੰ ਭੁੱਲ ਕੇ ਸਿਰਫ਼ ਧਰਮ ਰਹਿ ਗਿਆ ਤਾਂ ਇਹ ਧਰਮ ਨਹੀਂ, ਸਗੋਂ ਰਸਮਾਂ ਤੇ ਰੀਤਾਂ ਬਣ ਗਿਆ ਤੇ ਇਹ ਅਪਣੀਆਂ ਜੜ੍ਹਾਂ ਲੋਕਾਂ ਵਿਚ ਨਾ ਲਾ ਸਕਿਆ ਤੇ ਹੌਲੀ ਹੌਲੀ ਵੇਲੇ ਦੇ ਲੰਘਣ ਨਾਲ ਇਹ ਧਰਮ ਮੁੱਕ ਗਿਆ । ਜਦ ਮੈਂ ਨਾਮਧਾਰੀ ਇਤਿਹਾਸ ਨੂੰ ਵੇਖਦਾ ਹਾਂ ਤੇ ਮੈਨੂੰ

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਏਸ ਇਨਸਾਨੀਅਤ ਵਾਲੇ ਧਰਮ ਲਈ ਆਪਣੀ ਸਾਰੀ ਹਯਾਤੀ ਵਕਫ ਕਰਦੇ ਨਜ਼ਰ ਆਉਂਦੇ ਨੇਂ । ਜੇਕਰ ਉਹ ਇਨਸਾਨੀਅਤ ਦੀ ਹੋਂਦ ਤੇ ਉਹਦੀ ਭਲਾਈ ਵਾਲੀ ਰਾਹ ਛੱਡ ਦੇਂਦੇ ਤੇ ਹੋ ਸਕਦਾ ਏ ਉਹਨਾਂ ਨੂੰ ਇਤਨੀਆਂ ਮੁਸੀਬਤਾਂ ਨਾ ਝੱਲਣੀਆ ਪੈਂਦੀਆਂ ਤੇ ਉਹ ਬੜੇ ਆਰਾਮ ਦੀ ਜ਼ਿੰਦਗੀ ਗੁਜ਼ਾਰ ਕੇ ਸੁਰਗਬਾਸ ਹੋ ਜਾਂਦੇ । ਪਰ ਇਹ ਸਭ ਕੁਝ ਜਾਣਦਿਆਂ ਬੁੱਝਦਿਆਂ ਵੀ ਜਦ ਉਹਨਾਂ ਮੁਸੀਬਤਾਂ ਦੀ ਰਾਹ ਚੁਣੀ ਤੇ ਉਹਦੀ ਵਜ੍ਹਾ ਇਨਸਾਨੀਅਤ ਸੀ ਤੇ ਉਹ ਸਮਝਦੇ ਸਨ ਕਿ ਬਤੌਰ ਇਕ ਸੱਚੇ ਗੁਰੂ ਦੇ ਇਹੋ ਈ ਉਹਨਾਂ ਦਾ ਰੋਲ ਬਣਦਾ ਏ ।[15]

ਇਸੇ ਰੋਲ ਦੀ ਨਿਰੰਤਰਤਾ ਨੂੰ ਮੌਜੂਦਾ ਨਾਮਧਾਰੀ ਆਗੂ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿਚ ਪਛਾਣਦਾ ਆਸਿਫ਼ ਸ਼ਾਹਕਾਰ ਮਹਿਸੂਸ ਕਰਦਾ ਹੈ ਕਿ 'ਨਾਮਧਾਰੀ ਲਹਿਰ' ਵਰਗੀਆਂ ਲੋਕ-ਹਿਤੈਸ਼ੀ ਲਹਿਰਾਂ ਦਾ ਨਰੋਈ ਸਮਾਜ-ਸਭਿਆਚਾਰਕ ਉਸਾਰੀ ਵਿਚ ਯੋਗਦਾਨ, ਹਮੇਸ਼ਾ ਇਸ ਲਈ ਲੋੜੀਂਦਾ ਹੈ ਕਿਉਂਕਿ ਸਾਡੀ ਧਰਤੀ ਕਦੇ ਵੀ ਫਿਰਕੂ ਤਾਕਤਾਂ ਅਤੇ ਪਿਛਾਂਹ-ਖਿੱਚੂ ਸੋਚਾਂ ਤੋਂ ਮੁਕਤ ਨਹੀਂ ਹੋਈ । ਉਹਦੀ ਜਾਚੇ ਭਵਿੱਖ ਵਿਚ ਨਾਮਧਾਰੀ ਲਹਿਰ ਨੇ, ਦੋ ਵੱਡੇ ਮੁਹਾਜ਼ਾਂ ਤੇ ਦੁਨੀਆਂ ਨੂੰ ਅਗਵਾਈ ਦੇਣ ਦੇ ਯੋਗ ਬਣਨਾ ਹੈ 'ਪਹਿਲਾ- ਤੀਜੀ ਦੁਨੀਆਂ ਵਿਚ ਵੱਸਦੇ ਲੋਕਾਂ ਦੀ ਗੁਲਾਮੀ ਦੇ ਖ਼ਿਲਾਫ਼ ਜੰਗ ਦੀ ਅਗਵਾਈ' ਤੇ 'ਦੂਜਾ-ਪੰਜਾਬ ਨੂੰ ਨਫ਼ਰਤ, ਕ੍ਰੋਧ ਤੇ ਇਨਸਾਨ-ਦੁਸ਼ਮਣ ਫ਼ਿਰਕੂ ਧੜੇਬੰਦੀਆਂ ਤੋਂ ਆਜ਼ਾਦ ਕਰਾਉਣਾ।'[16] ਖ਼ਾਸ ਕਰ ਲਹਿੰਦੇ ਪੰਜਾਬ ਦੇ ਪ੍ਰਸੰਗ ਵਿਚ, ਜਿਸ ਨੂੰ ਉਹ 'ਸਾਰੇ ਪੰਜਾਬ ਦਾ ਨੱਬੇ ਫ਼ੀਸਦੀ' ਗਿਣਦਾ ਹੈ । ਜਿਸ ਵਿਚ ਵੱਸਦੇ '10 ਕਰੋੜ ਪੰਜਾਬੀ ਹਾਲੇ ਤਕ ਅੰਗਰੇਜ਼ ਦੀ ਗੜ੍ਹੀ ਗੁਲਾਮੀ ਵਿਚ ਬੰਨ੍ਹੇ ਹੋਏ ਪੀੜ ਨਾਲ ਹੂੰਘ ਰਹੇ' ਹਨ । 'ਜਿਥੇ ਨਾ ਕਦੇ ਡੈਮੋਕ੍ਰੇਸੀ ਰਹੀ ਏ ਤੇ ਨ ਈ ਕਦੀ ਪੰਜਾਬੀ ਨੂੰ ਪੰਜਾਬੀ ਹੋਣ ਦੀ ਇਜਾਜ਼ਤ ਮਿਲੀ' ਹੈ । ਉਹਦੀ ਜਾਚੇ 'ਅੰਗਰੇਜ਼ ਦੇ ਪੈਦਾ ਕੀਤੇ ਹਾਕਮਾਂ ਤੇ ਝੂਠੇ ਕੁਰੱਪਟ ਧਰਮੀ ਆਗੂਆਂ, ਪੰਜਾਬ ਨੂੰ ਸਿੱਧੀ ਰਾਹ ਵਿਖਾਉਣ ਦੀ ਥਾਂ, ਉਹਦੀ ਧਰਮ ਦੇ ਨਾਂ ਤੇ ਦਿਮਾਗ-ਧੁਆਈ ਕਰਕੇ ਉਹਨਾਂ ਨਫ਼ਰਤ ਤੇ ਕ੍ਰੋਧ ਦੇ ਰਾਹੇ ਪਾ ਦਿੱਤਾ ।'[17] ਉਹ ਸਮਝਦਾ ਹੈ ਕਿ ਇਸ ਪੰਜਾਬ ਨੂੰ ਹੀ ਨਹੀ ਪੂਰੀ ਦੁਨੀਆ ਨੂੰ 'ਪਿਆਰ, ਭਾਈਚਾਰੇ ਤੇ ਅਮਨ ਦਾ ਰਾਹ'[18] ਵਿਖਾਉਣ ਵਿਚ ਨਾਮਧਾਰੀ ਲਹਿਰ ਮਹੱਤਵਪੂਰਨ ਅਗਵਾਈ ਦੇਣ ਦੇ ਸਮਰੱਥ ਹੈ ।

ਅਮਲੀ ਰੂਪ ਵਿਚ ਇਹ ਖ਼ਿਆਲ ਹਕੀਕਤ ਦੇ ਕਿੰਨਾ ਕੁ ਨੇੜੇ ਹੈ ਇਸਦੀ ਵਜਾਹਤ ਲਈ ਮੈਂ ਅੰਤ ਵਿਚ ਇਕ ਕੇਸ ਸਟਡੀ ਪੇਸ਼ ਕਰ ਰਿਹਾ ਹਾਂ ।

ਅੱਜ ਜਦੋਂ ਪੂਰੀ ਦੁਨੀਆਂ ਦੇ ਸਥਾਨਕ ਸਭਿਆਚਾਰਾਂ ਨੂੰ ਇਹ ਖਤਰਾ ਹੈ ਕਿ ਪੱਛਮ ਦਾ ਵਿਰਾਟ ਸਭਿਆਚਾਰ, ਇੰਟਰਨੈੱਟ ਤੇ ਮਲਟੀ-ਮੀਡੀਆ ਦੇ ਬਿਜਲਈ ਸੰਚਾਰ ਸਾਧਨਾ ਰਾਹੀ, ਉਨਾਂ ਦੀ ਨਵੇਕਲੀ ਹਸਤੀ ਦੇ ਗੌਰਵ ਨੂੰ ਮੇਟ ਰਿਹਾ ਹੈ। ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ, ਆਚਾਰ-ਵਿਹਾਰ ਤੇ ਨੈਤਿਕ ਕਦਰਾਂ ਕੀਮਤਾਂ ਨੂੰ ਤੇਜ਼ੀ ਨਾਲ ਖੋਰਾ ਲਾ ਰਿਹਾ ਹੈ, ਨਾਮਧਾਰੀ ਭਾਈਚਾਰਾ ਇਸ ਭੈਅ ਤੋਂ ਕਾਫ਼ੀ ਹੱਦ ਤੱਕ ਮੁਕਤ ਹੈ । ਮਈ 1999 ਵਿਚ ਬਰਮਿੰਘਮ ਵਿਖੇ ਆਯੋਜਿਤ ਇਕ ਵਿਸੇਸ਼ ਸਮਾਰੋਹ ਦੌਰਾਨ ਮੈਨੂੰ ਨਾਮਧਾਰੀ ਸੰਗਤ ਬਰਮਿੰਘਮ ਦੇ ਸਕੱਤਰ ਸ. ਸੁਰਜੀਤ ਸਿੰਘ ਚਾਨਾ ਦੀ ਬੇਟੀ ਮਨਜੀਤ ਕੋਰ (ਜਨਮ 22-10-1973 ਬ੍ਰੋਮਵਿਚ ਯੂ.ਕੇ.) ਨੂੰ ਮਿਲਣ ਦਾ ਅਵਸਰ ਮਿਲਿਆ, ਜੋ ਯੂ.ਕੇ. ਦੀ ਡਿਫੈਂਸ ਮਨਿਸਟਰੀ ਅਧੀਨ ਆਉਂਦੀ 'ਬ੍ਰਿਟਿਸ਼ ਐਰੋਸਪੇਸ' ਵਿਚ "ਸਿਸਟਮ ਇੰਜੀਨੀਅਜਰ" ਵਜੋਂ ਕਾਰਜਸ਼ੀਲ ਹੈ । ਦੁਨੀਆਂ ਭਰ ਦੇ 300 ਇੰਜੀਨੀਅਰਾਂ ਵਿਚੋਂ ਉਹ ਲੜਾਕੂ ਜਹਾਜ਼ਾਂ ਦੇ ਡਿਜ਼ਾਇਨ ਤਿਆਰ ਕਰਦੀ ਤੇ ਪਾਇਲਟ ਵੀ ਟ੍ਰੇਂਡ ਕਰਦੀ ਹੈ । ਪਾਇਲਟ-ਟ੍ਰੇਨਿੰਗ ਲਈ ਉਸ ਨੇ ਕੰਪਿਊਟਰਾਈਜ਼ਡ ਮਸ਼ੀਨ "ਫਲਾਇਟ ਸਿਮੀਲੇਟਰ" ਦਾ ਮਾਡਲ ਖੁਦ ਤਿਆਰ ਕਰਕੇ, ਜਰਮਨ ਤੋਂ ਤਿਆਰ ਕਰਵਾਈ, ਜਿਸ ਵਿਚ ਬੈਠਾ ਪਾਇਲਟ ਇਉਂ ਮਹਿਸੂਸ ਕਰਦਾ ਹੈ ਜਿਵੇਂ ਉਹ ਲੜਾਕੂ ਜਹਾਜ਼ ਵਿਚ ਸਵਾਰ ਹੋਵੇ ਤੇ ਟ੍ਰੇਨਿੰਗ ਦੇਂਦੀ ਹੈ ਮਨਜੀਤ ਕੌਰ ਦੇਵਗਨ ।[19] ਜਿਸ ਨੇ ਖੁਦ ਅਜੇ ਪੰਜਾਬ ਨਹੀਂ ਤੱਕਿਆ । ਜਦੋਂ ਮੈਂ ਉਸ ਨੂੰ ਕਾਮਯਾਬੀ ਦਾ ਰਾਜ਼ ਪੁੱਛਿਆ ਤਾਂ ਉਸ ਨਿਮਰਤਾ ਨਾਲ ਹੱਥ ਜੋੜ ਕੇ ਕਿਹਾ - 'ਸਤਿਗੁਰ ਦੀ ਬਖਸ਼ਿਸ਼ । ਜਿਨਾਂ ਸਾਡੇ ਪਰਿਵਾਰ ਨੂੰ ਨਿਤਨੇਮੀ ਜੀਵਨ ਨਾਲ ਪਿਤਾ-ਪੁਰਖੀ ਰੂਪ ਵਿਚ ਜੋੜਿਆ ਹੋਇਆ ਹੈ।' ਉਹਦਾ ਅਕੀਦਾ ਹੈ ਕਿ 'ਜੋ ਗੱਲਾਂ ਬਜ਼ੁਰਗਾਂ ਦੀ ਜੀਵਨ-ਕਿਤਾਬ ਵਿਚੋਂ ਮਿਲਦੀਆਂ ਹਨ, ਉਹ ਹੋਰ ਕਿਤੋਂ ਨਹੀ।' ਉਸਦੇ ਬ੍ਰਿਟਿਸ਼/ਯੂਰਪੀ ਦੋਸਤ ਵਧੇਰੇ ਨਿਰਾਸਾ ਭਰਿਆ ਜੀਵਨ ਇਸ ਲਈ ਜਿਊਂਦੇ ਹਨ ਕਿ ਉਨ੍ਹਾਂ ਦੇ ਪਰਿਵਾਰਾਂ ਵਿਚ ਨਾ ਕੋਈ ਧਾਰਮਿਕ-ਸਦਾਚਾਰਕ ਮਾਹੌਲ ਹੈ ਤੇ ਨਾ ਹੀ ਮਾਨਵੀ ਹਮਦਰਦੀ ਜਾਂ ਪਰਸਪਰ ਪ੍ਰੇਮ । ਹਰ ਬੰਦਾ ਨਿੱਜ ਤੱਕ ਸੀਮਿਤ ਵੀ ਹੈ ਤੇ ਆਪਣੀ ਇਕੱਲਤਾ ਤੋਂ ਦੁਖੀ ਵੀ । ਉਨ੍ਹਾਂ ਨੂੰ ਸੰਗਤੀ ਪ੍ਰਭਾਵ ਤੇ ਸਵੈ-ਤਿਆਗ ਦੇ ਜੀਵਨ ਵਿਚੋਂ ਸੁਖ ਲੈਣ ਦਾ ਸਲੀਕਾ ਕਿਸੇ ਦੱਸਿਆ ਹੀ ਨਹੀ। ਮਾਪਿਆਂ ਦਾ ਹੁਕਮ ਮੰਨ ਕੇ ਉਸ ਨੇ 19 ਵਰ੍ਹਿਆਂ ਦੀ ਉਮਰ ਵਿਚ ਬਿਨਾਂ ਵੇਖਿਆਂ ਲੁਧਿਆਣਾ ਨਿਵਾਸੀ ਨਾਮਧਾਰੀ ਗੁਰਪ੍ਰੀਤ ਸਿੰਘ ਦੇਵਗਨ ਨਾਲ ਸ਼ਾਦੀ ਕਰਵਾ ਲਈ ਤੇ ਹੁਣ ਆਪਣੇ ਪਰਿਵਾਰਕ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ । ਮੇਰੇ ਇਹ ਪੁੱਛਣ ਤੇ ਕਿ ਉਸਦਾ ਹੁਣ 'ਪ੍ਰੈਸਟਨ ਨਿਵਾਸੀ' ਪਤੀ ਕੀ ਕਰਦਾ ਹੈ ? ਉਸ ਬੜੀ ਮਾਸੂਮੀਅਤ ਨਾਲ ਜਵਾਬ ਦਿੱਤਾ "ਹਲਵਾਈ ਐ ਜੀ !" ਹਾਲਾਂ ਕਿ ਪ੍ਰੈਸਟਨ ਵਿਚ ਉਨ੍ਹਾਂ ਦੀ ਵੱਡੀ ਸਾਰੀ 'ਨਾਮਧਾਰੀ ਸਵੀਟ ਸ਼ਾਪ' ਹੈ । ਇਸਦੇ

ਉਲਟ ਭਾਰਤ ਵਿਚ ਕੋਈ ਸਾਧਾਰਨ ਹਲਵਾਈ ਵੀ ਹੁੰਦਾ ਤਾਂ ਕੁੜੀ 'ਸਵੀਟ ਸਾਪ' ਹੀ ਦੱਸਦੀ ।

ਉਪਰੋਕਤ ਕੇਸ ਸਟਡੀ ਦਾ ਹਵਾਲਾ ਇਸ ਗੱਲ ਦੀ ਪੁਸਟੀ ਵਜੋਂ ਦਰਜ ਕੀਤਾ ਗਿਆ ਹੈ ਕਿ ਕਿਸੇ ਵੀ ਲਹਿਰ ਨਾਲ ਪ੍ਰਤਿਬੱਧ ਰੂਪ ਵਿਚ ਜੁੜੇ ਵਿਅਕਤੀ/ਪਰਿਵਾਰ ਸੁਤੇ-ਸਿੱਧ ਹੀ ਸੱਚ ਤੇ ਸੁੱਚ ਨਾਲ ਜੁੜ ਕੇ ਪਰੰਪਰਿਕ ਮਾਣ-ਮਰਯਾਦਾਵਾਂ ਦੀ ਬਹਾਲੀ ਤੇ ਪਹਿਰਾ ਦੇਂਦੇ ਹਨ । ਉਨ੍ਹਾਂ ਦਾ ਅਡੋਲ ਜੀਵਨ ਨਿੱਤ ਬਦਲਦੇ ਫੈਸ਼ਨਾਂ ਦੇ ਝੱਖੜਾਂ ਵਿਚ ਵੀ ਆਪਣੀ ਹੋਂਦ ਕਾਇਮ ਰਖਦਾ, ਸਮਾਜ-ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਵਾਨ ਚਾੜ੍ਹਦਾ, ਭਵਿੱਖ ਲਈ ਨਰੋਈ ਆਸ ਦਾ ਸੰਕੇਤ ਬਣਿਆ ਰਹਿੰਦਾ ਹੈ । ਨਿੱਜ ਤੋਂ ਸਮੂਹ ਤਕ ਫੈਲਦੇ ਨਾਮਧਾਰੀ ਲਹਿਰ ਦੇ ਸਮਕਾਲੀਨ ਤੇ ਪਰਵਰਤੀ ਪ੍ਰਭਾਵ ਇਸੇ ਪ੍ਰਸੰਗ ਵਿਚ ਗ੍ਰਹਿਣ ਕਰਨ ਤੇ ਵਿਚਾਰਨਯੋਗ ਹਨ ।

## ਹਵਾਲੇ ਤੇ ਪਦ-ਟਿੱਪਣੀਆਂ

1. ਆਤਮਾ ਸਿੰਘ ਸਨਖਤ੍ਰਵੀ, ਸ੍ਰੀ ਨਾਨਕ ਰਾਜ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ, 1997, ਪੰਨਾ 16 ਦੇ ਸਾਹਮਣੇ ਛਪੀ ਤਸਵੀਰ ਹੇਠਾਂ ਦਰਜ ਸ਼ਬਦ ।
2. ਉਹੀ
3. ਉਹੀ, ਪੰਨਾ 230
4. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਪੰਜਾਬ 1998 ਪੰਨਾ 234
5. ਉਹੀ, ਪੰਨਾ 4
6. ਉਹੀ, ਪੰਨਾ 99
7. ਉਹੀ, ਪੰਨਾ 235
8. ਉਹੀ, ਪੰਨਾ 237
9. ਆਦਿ ਗ੍ਰੰਥ, ਪੰਨਾ 1253
10. ਉਪਰ ਉਧਰਿਤ, ਪੰਨਾ 238
11. ਉਹੀ, ਪੰਨਾ 239
12. ਉਹੀ, ਪੰਨਾ 242
13. ਉਹੀ, ਪੰਨੇ 242-43
14. 18 ਜੂਨ 1999 ਨੂੰ ਸਟਾਕਹੋਮ, ਸਵੀਡਨ ਤੋਂ ਸੱਯਦ ਆਸਿਫ਼ ਸ਼ਾਹਕਾਰ ਵਲੋਂ ਸਤਿਗੁਰ ਜਗਜੀਤ ਸਿੰਘ ਜੀ ਦੇ ਨਾਂ ਲਿਖੇ ਇਕ ਖ਼ਤ ਵਿਚੋਂ ।

Sri Satguru Jagjit Singh Ji Elibrary NamdhariElibrary@gmail.com

15. ਉਹੀ, ਪੰਨਾ 1
16. ਉਹੀ ਪੰਨਾ 2
17. ਉਹੀ, ਪੰਨੇ 2-3
18. ਉਹੀ, ਪੰਨਾ 3
19. ਇੰਗਲੈਂਡ ਦੀ ਜੰਮਪਲ ਬੀਬੀ ਮਨਜੀਤ ਕੌਰ ਦੇਵਗਨ ਨੇ 1985-90 ਦੌਰਾਨ 'ਜੀਓਰਜ ਸਾਲਟਰ ਹਾਈ ਸਕੂਲ' ਬਰਮਿੰਘਮ ਵਿਚੋਂ ਜੀ.ਸੀ.ਐਸ.ਈ ਦਾ ਇਮਤਿਹਾਨ ਪੰਜ 'ਏ' ਗ੍ਰੇਡ ਲੈ ਕੇ ਪਾਸ ਕੀਤਾ । 1990 ਵਿਚ ਸਕੂਲ ਪ੍ਰਤਿਨਿਧ ਵਜੋਂ ਵੈਰਿਕ ਯੂਨੀਵਰਸਿਟੀ ਵਿਖੇ ਆਯੋਜਿਤ 'ਯੰਗ ਇੰਜੀਨੀਅਰਜ਼ ਕਾਨਫਰੰਸ' ਲਈ ਚੁਣੀ ਗਈ । 1990-92 ਦੌਰਾਨ 'ਸਟੌਰਬ੍ਰਿਜ ਕਾਲਜ' ਵਿਚੋਂ ਇੰਜੀਨੀਅਰਿੰਗ ਦਾ ਨੈਸ਼ਨਲ ਡਿਪਲੋਮਾ "ਡਿਸਟਿੰਕਸ਼ਨ" ਨਾਲ ਪਾਸ ਕੀਤਾ । 1992-97 ਵਿਚ 'ਕੁਵੈਂਟਰੀ ਯੂਨੀਵਰਸਿਟੀ' ਤੋਂ 'ਫਸਟ ਕਲਾਸ ਫਸਟ' ਰਹਿ ਕੇ ਇੰਜੀਨੀਅਰਿੰਗ ਦੀ ਬੈਚੁਲਰ ਡਿਗਰੀ ਹਾਸਲ ਕੀਤੀ ਤੇ ਨੰਬਰਾਂ ਦੇ ਪੁਰਾਣੇ ਸਾਰੇ ਰਿਕਾਰਡ ਤੋੜ ਦਿੱਤੇ । — ਲੇਖਕ

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ : ਸੱਚੇ ਸੁੱਚੇ ਸੁਤੰਤਰਤਾ ਸੰਗਰਾਮੀਏ

ਡਾ. ਜੋਧ ਸਿੰਘ

ਭਾਰਤ ਨੇ ਬੇਸ਼ਕ ਸੰਨ 1947 ਵਿਚ ਅੰਗਰੇਜ਼ੀ ਸ਼ਾਸਨ ਤੋਂ ਸੁਤੰਤਰਤਾ ਪ੍ਰਾਪਤ ਕੀਤੀ ਪਰ ਇਸ ਦਾ ਮੁੱਢ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅਤੇ ਖ਼ਾਸਤੌਰ ਤੇ 1849 ਵਿਚ ਪੰਜਾਬ ਨੂੰ ਅੰਗਰੇਜ਼ੀ ਹਕੂਮਤ ਵਿਚ ਮਿਲਾ ਲਏ ਜਾਣ ਨਾਲ ਹੀ ਬੱਝ ਗਿਆ ਸੀ। ਮਹਾਰਾਜੇ ਦੇ ਅਕਾਲ ਚਲਾਣੇ ਤੋਂ ਬਾਅਦ ਦੀਵਾਨ ਮੂਲਰਾਜ, ਚਤਰ ਸਿੰਘ ਅਟਾਰੀਵਾਲਾ, ਸ਼ੇਰ ਸਿੰਘ ਅਟਾਰੀਵਾਲਾ ਅਤੇ ਭਾਈ ਮਹਾਰਾਜ ਸਿੰਘ ਨੇ ਅੰਗਰੇਜ਼ਾਂ ਤੋਂ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਲਈ ਪੂਰੇ ਤਾਣ ਨਾਲ ਕੋਸ਼ਿਸ਼ ਕੀਤੀ ਪਰੰਤੂ ਅਖ਼ੀਰ 1849 ਵਿਚ ਇਹ ਸਾਰੇ ਨਾਇਕ ਪੰਜਾਬ ਦੇ ਸੀਨ ਤੋਂ ਵਿਦਾ ਹੋ ਗਏ ਅਤੇ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਡਾ. ਫ਼ੌਜਾਸਿੰਘ ਦੇ ਅਨੁਸਾਰ "ਫਿਰ ਵੀ ਭਾਈ ਮਹਾਰਾਜ ਸਿੰਘ ਨੇ ਆਪਣੀ ਹਾਰ ਨਹੀਂ ਮੰਨੀ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਦਾ ਅਸਲੀ ਵਾਰਿਸ ਮੰਨਦੇ ਹੋਏ ਬਿਸਤ-ਜਲੰਧਰ ਦੁਆਬ ਇਲਾਕੇ ਵਿਚ ਵਿਦਰੋਹ ਨੂੰ ਜਾਰੀ ਰਖਿਆ। ਛੇਤੀ ਹੀ ਭਾਈ ਮਹਾਰਾਜ ਸਿੰਘ ਫੜਿਆ ਗਿਆ ਅਤੇ ਉਸਨੂੰ ਉਮਰ ਭਰ ਲਈ ਕੈਦ ਕਰਕੇ ਅੰਗਰੇਜ਼ਾਂ ਦੁਆਰਾ ਸਿੰਗਾਪੁਰ ਭੇਜ ਦਿੱਤਾ ਗਿਆ।"

ਅੰਗਰੇਜ਼ਾਂ ਦਾ ਪੰਜਾਬ ਤੇ ਕਬਜ਼ਾ ਹੋ ਜਾਣ ਪਿੱਛੋਂ ਇਉਂ ਸਮਝਿਆ ਜਾਂਦਾ ਹੈ ਕਿ ਸਿੱਖ ਪਿਛਲੇ 10 ਸਾਲਾਂ ਵਿਚ ਹੋ ਚੁੱਕੀਆਂ ਘਟਨਾਵਾਂ ਨੂੰ ਭੁਲ ਭੁਲਾ ਗਏ ਅਤੇ ਜਲਦੀ ਹੀ ਨਵੇਂ ਬ੍ਰਿਟਿਸ਼ ਸ਼ਾਸਨ ਦੇ ਨਾਲ ਇਕਮਿਕ ਹੋ ਗਏ ਸਨ। ਇਹ ਇਸ ਲਈ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸੰਨ 1857 ਦੇ ਗ਼ਦਰ ਵਿਚ ਸਿੱਖਾਂ ਦੁਆਰਾ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਗਈ ਮੰਨੀ ਜਾਂਦੀ ਹੈ। ਦਰਅਸਲ ਸਿੱਖਾਂ ਦੁਆਰਾ ਅੰਗਰੇਜ਼ਾਂ ਦੀ ਕੀਤੀ ਹੋਈ ਮਦਦ ਨੂੰ ਗ਼ਲਤ ਰੰਗ ਦਿੱਤਾ ਗਿਆ। ਪੰਜਾਬ ਦੇ ਕਬਜ਼ੇ ਤੋਂ ਬਾਅਦ ਸਾਰਾ ਪੰਜਾਬੀ ਸਮਾਜ ਅਸੁਰੱਖਿਅਤ ਹੋ ਗਿਆ ਸੀ। ਕਈ ਵੱਡੇ ਵੱਡੇ ਵਿਅਕਤੀ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਖਿਲਾਫ਼ ਲੜਾਈਆਂ ਕੀਤੀਆਂ ਸਨ, ਉਹ ਜੇਲ੍ਹਾਂ ਵਿਚ ਪਏ ਸਨ ਅਤੇ ਕਈ ਹੋਰ ਬਹੁਤ ਹੀ ਮਾੜੇ ਹਾਲਾਤ ਵਿਚ ਦਿਨ ਕਟ ਰਹੇ ਸਨ। ਜਗੀਰਦਾਰਾਂ ਦੀਆਂ ਜਗੀਰਾਂ ਖੋਹ ਲਈਆਂ ਗਈਆਂ ਸਨ। ਖ਼ਾਲਸਾ ਫ਼ੌਜ ਨੂੰ ਭੰਗ

Sri Satguru Jagjit Singh Ji Elibrary NamdhariElibrary@gmail.com

ਕਰ ਦਿੱਤਾ ਗਿਆ ਸੀ ਅਤੇ ਵੱਡੀ ਸੰਖਿਆ ਵਿਚ ਫ਼ੌਜੀ ਹੱਲ ਵਾਹੁਣ ਲਈ ਮਜ਼ਬੂਰ ਹੋ ਗਏ ਸਨ। ਜ਼ਮੀਨਾਂ 'ਤੇ ਟੈਕਸ ਬੇਸ਼ਕ ਘਟਾ ਦਿੱਤਾ ਗਿਆ ਸੀ ਪਰ ਸਰਕਾਰ ਦੁਆਰਾ ਉਸਨੂੰ ਨਕਦ ਜਮ੍ਹਾਂ ਕਰਾਉਣ ਤੇ ਜ਼ੋਰ ਦੇਣ ਕਾਰਨ ਕਿਸਾਨਾਂ ਦੀਆਂ ਤਕਲੀਫ਼ਾਂ ਵਿਚ ਹੋਰ ਵਾਧਾ ਹੀ ਹੋਇਆ ਸੀ। ਅੰਗਰੇਜ਼ਾਂ ਨੇ ਸਮਾਜ ਸੁਧਾਰਾਂ ਦੇ ਨਾਂ ਤੇ ਕਈ ਅਜਿਹੇ ਕੰਮ ਕੀਤੇ ਜਿਸ ਤੇ ਹਿੰਦੂ ਅਤੇ ਸਿੱਖਾਂ ਦੇ ਦਿਲਾਂ ਵਿਚ ਅੰਗਰੇਜ਼ਾਂ ਪ੍ਰਤੀ ਸ਼ੱਕ ਹੋਰ ਡੂੰਘਾ ਹੋ ਗਿਆ। ਅੰਗਰੇਜ਼ਾਂ ਦੁਆਰਾ ਸਥਾਪਤ ਕੀਤੇ ਗਏ ਸਕੂਲ ਅਤੇ ਹਸਪਤਾਲਾਂ ਨੂੰ ਵੀ ਲੋਕ ਈਸਾਈਅਤ ਦੇ ਪ੍ਰਚਾਰ ਵਾਸਤੇ ਸਥਾਪਤ ਕੀਤੀਆਂ ਸੰਸਥਾਵਾਂ ਮੰਨ ਰਹੇ ਸਨ ਅਤੇ ਉਨ੍ਹਾਂ ਦਾ ਇਹ ਸ਼ੱਕ ਹੋਰ ਵੀ ਪੱਕਾ ਹੋ ਗਿਆ ਜਦੋਂ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਈਸਾਈ ਬਣਾਉਣ ਵਾਸਤੇ ਸਰਕਾਰੀ ਅਧਿਕਾਰੀਆਂ ਨੂੰ ਵੀ ਅੰਗਰੇਜ਼ਾਂ ਦਾ ਪੱਖ ਪੂਰਦੇ ਵੇਖਿਆ। ਡਾ. ਫ਼ੌਜਾ ਸਿੰਘ ਲਿਖਦੇ ਹਨ ਕਿ ਜਾਨ ਲਾਰੰਸ ਅਜਿਹੇ ਈਸਾਈ ਮਿਸ਼ਨਾਂ ਦਾ ਬਹੁਤ ਹੀ ਜ਼ੋਰਦਾਰ ਮਦਦਗਾਰ ਸੀ ਅਤੇ ਆਪਣੀ ਜੇਬ ਵਿਚੋਂ ਹਰ ਸਾਲ ਪੰਜ ਸੌ ਰੁਪਈਆ ਇਸ ਕੰਮ ਵਾਸਤੇ ਦਿੰਦਾ ਹੁੰਦਾ ਸੀ। ਉਸ ਵੇਲੇ ਜਿਹੜੇ ਈਸਾਈ ਬਣੇ ਉਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਪ੍ਰਸਿੱਧ ਮਹਾਰਾਜਾ ਦਲੀਪ ਸਿੰਘ ਸੀ।

ਪੰਜਾਬ ਵਿਚ ਸਿੱਖਾਂ ਦੀ ਤਰ੍ਹਾਂ ਹਿੰਦੂ ਵੀ ਈਸਾਈ ਮਿਸ਼ਨਰੀਆਂ ਦੇ ਵਧ ਰਹੇ ਪ੍ਰਭਾਵ ਅਤੇ ਕੰਮਕਾਰ ਦੇ ਖੇਤਰ ਤੋਂ ਦੁਖੀ ਸਨ ਹਾਲਾਂਕਿ ਇਸ ਮਾਮਲੇ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਦਾ ਦੁਖ ਜ਼ਿਆਦਾ ਡੂੰਘਾ ਸੀ ਕਿਉਂਕਿ ਸਿੱਖਾਂ ਨੇ ਪਿਛਲੇ ਸਾਲਾਂ ਵਿਚ ਰਾਜਨੀਤਕ ਸ਼ਕਤੀ ਅਤੇ ਸਹੂਲਤਾਂ ਨੂੰ ਵੀ ਗਵਾ ਲਿਆ ਸੀ। ਹਿੰਦੂ ਅਤੇ ਸਿੱਖਾਂ ਦੀ ਅੰਦਰੂਨੀ ਵਿਰੋਧਤਾ ਦੇ ਸਨਮੁਖ ਮੁਸਲਮਾਨ ਅੰਗਰੇਜ਼ਾਂ ਨੂੰ ਆਪਣੇ ਮਦਦਗਾਰ ਲਗਦੇ ਸਨ ਅਤੇ ਇਸ ਲਈ ਅੰਗਰੇਜ਼ਾਂ ਨੇ ਮੁਸਲਮਾਨਾਂ ਨੂੰ ਵਧ ਤੋਂ ਵਧ ਸਹੂਲਤਾਂ ਦੇ ਕੇ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਨਾ ਲਈ ਸੀ। ਅਜਿਹੇ ਹਾਲਾਤ ਵਿਚ ਹੀ ਸੰਨ 1857 ਵਿਚ ਅੰਗਰੇਜ਼ਾਂ ਦੇ ਖਿਲਾਫ਼ ਬਗਾਵਤ ਸ਼ੁਰੂ ਹੋ ਗਈ। ਇਹ ਵਿਦਰੋਹ ਦਰਅਸਲ ਈਸਟ ਇੰਡੀਆ ਕੰਪਨੀ ਦੀ 'ਬੰਗਾਲ ਆਰਮੀ' ਨੇ ਸ਼ੁਰੂ ਕੀਤਾ ਸੀ। ਪੰਜਾਬ ਨੂੰ ਜਿੱਤਣ ਵਾਸਤੇ ਇਸੇ ਬੰਗਾਲ ਆਰਮੀ ਨੇ ਅੰਗਰੇਜ਼ਾਂ ਦਾ ਪੂਰਾ ਸਾਥ ਦਿੱਤਾ ਸੀ ਅਤੇ ਇਹ ਬੰਗਾਲ ਆਰਮੀ ਦੇ ਸੈਨਿਕ ਹੀ ਪੰਜਾਬ ਵਿਚ ਫੈਲੇ ਹੋਏ ਸਨ। ਇਸ ਲਈ ਸੁਭਾਵਿਕ ਤੌਰ ਤੇ ਹੀ ਪੰਜਾਬੀਆਂ ਦੀ ਅਤੇ ਖ਼ਾਸ ਤੌਰ ਤੇ ਸਿੱਖਾਂ ਦੀ ਹਮਦਰਦੀ ਇਨ੍ਹਾਂ ਨਾਲ ਨਹੀਂ ਹੋ ਸਕਦੀ ਸੀ। ਨਾ ਹੀ ਸਿੱਖਾਂ ਦੇ ਮਨ ਤੇ ਮੁਗ਼ਲ ਬਾਦਸ਼ਾਹ ਦੀਆਂ ਅਪੀਲਾਂ ਦਾ ਕੋਈ ਅਸਰ ਸੀ। ਸਿੱਖ ਦਰਅਸਲ ਮੁੜ ਖ਼ਾਲਸਾ ਰਾਜ ਸਥਾਪਤ ਕਰਨਾ ਚਾਹੁੰਦੇ ਸਨ ਅਤੇ ਡਾ. ਫ਼ੌਜਾ ਸਿੰਘ ਦੇ ਕਥਨ ਅਨੁਸਾਰ 1859 ਦੇ ਪਾਰਲੀਮੈਂਟ ਪੇਪਰ ਨੰਬਰ 238 ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ।

ਇਸ ਸਾਰੇ ਦੁਖਦ ਸਮੇਂ ਵਿਚ ਸਿੱਖ ਫ਼ੌਜ ਜਿਵੇਂ ਕਿ ਉਸ ਕੋਲੋਂ ਪਹਿਲਾਂ ਹੀ ਹਥਿਆਰ ਖੋਹ ਲਏ ਗਏ ਸਨ, ਕਿਸੇ ਸਿਆਣੀ ਲੀਡਰਸ਼ਿਪ ਦੀ ਕਮੀ ਕਾਰਨ ਗ਼ਦਰ ਵਿਚ ਕੋਈ ਵਿਸ਼ੇਸ਼ ਯੋਗਦਾਨ ਨਹੀਂ ਪਾ ਸਕੀ। ਅੰਗਰੇਜ਼ਾਂ ਦੀ ਨਜ਼ਰ ਹਮੇਸ਼ਾਂ ਹੀ ਸਿੱਖਾਂ ਤੇ ਲੱਗੀ ਰਹਿੰਦੀ ਸੀ ਅਤੇ ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਜੇ ਅੰਗਰੇਜ਼ ਉਸ ਵੇਲੇ ਥੋੜ੍ਹੇ ਵੀ ਅਸਾਵਧਾਨ ਹੋ ਜਾਂਦੇ ਤਾਂ ਕੋਈ ਵੱਡੀ ਗੱਲ ਨਹੀਂ ਸੀ ਕਿ ਪੰਜਾਬ ਦੇ ਲੋਕ ਵੀ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਖਿਲਾਫ਼ ਬਗ਼ਾਵਤ ਕਰ ਦਿੰਦੇ। ਇਕ ਕਾਰਨ ਹੋਰ ਵੀ ਸੀ। ਸਤਲੁਜ ਪਾਰ ਦੀਆਂ ਸਿੱਖ ਸਟੇਟਾਂ ਅਤੇ ਪ੍ਰਭਾਵਸ਼ਾਲੀ ਸਰਦਾਰਾਂ ਨੇ ਦਰਅਸਲ ਬ੍ਰਿਟਿਸ਼ ਸਰਕਾਰ ਨੂੰ ਸਮੇਂ ਸਮੇਂ ਸਿਰ ਸਹਾਇਤਾ ਦਿੱਤੀ ਅਤੇ ਜਿਵੇਂ ਕਿ ਉਨ੍ਹਾਂ ਨੇ ਐਂਗਲੋ ਸਿੱਖ ਲੜਾਈਆਂ ਵੇਲੇ ਵੀ ਪੰਜਾਬ ਦੇ ਸਿੱਖਾਂ ਪ੍ਰਤੀ ਕੋਈ ਵਿਸ਼ੇਸ਼ ਹਮਦਰਦੀ ਵਾਲਾ ਰਵਈਆ ਨਹੀਂ ਅਪਨਾਇਆ ਸੀ, ਹੁਣ ਅਜਿਹੀਆਂ ਪਰਿਸਥਿਤੀਆਂ ਵਿਚ ਉਨ੍ਹਾਂ ਦੁਆਰਾ ਅੰਗਰੇਜ਼ਾਂ ਦੇ ਪ੍ਰਤੀ ਹਮਦਰਦੀ ਰੱਖਣਾ ਸਾਰੇ ਪੰਜਾਬੀਆਂ ਨੂੰ ਸ਼ਰਮਿੰਦਗੀ ਦਵਾਉਣ ਵਾਲਾ ਵਰਤਾਰਾ ਸੀ। ਇਸਤੋਂ ਇਲਾਵਾ ਇਹ ਵੀ ਹੋਇਆ ਕਿ ਕੁਝ ਲੁਟੇਰੇ ਕਿਸਮ ਦੇ ਲੋਕਾਂ ਨੇ ਬ੍ਰਿਟਿਸ਼ ਸੈਨਾਵਾਂ ਨਾਲ ਰਲ ਕੇ ਹਿੰਦੁਸਤਾਨੀ ਫ਼ੌਜ ਦੇ ਖ਼ਿਲਾਫ਼ ਲੜਾਈਆਂ ਵਿਚ ਹਿੱਸਾ ਵੀ ਲਿਆ। ਅੰਗਰੇਜ਼ਾਂ ਦੇ ਦਿੱਲੀ ਫ਼ਤਹਿ ਕਰ ਲੈਣ ਤੋਂ ਬਾਅਦ ਹੀ ਸਿੱਖਾਂ ਨੇ ਅੰਗਰੇਜ਼ੀ ਫ਼ੌਜ ਵਿਚ ਭਰਤੀ ਹੋਣਾ ਸ਼ੁਰੂ ਕੀਤਾ ਸੀ।

ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵੀ ਕਾਰਨ ਸਨ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਨੂੰ ਦੁਖੀ ਕੀਤਾ ਹੋਇਆ ਸੀ। ਡਾ. ਫ਼ੌਜਾ ਸਿੰਘ ਲਿਖਦੇ ਹਨ ਕਿ ਅੰਮ੍ਰਿਤਸਰ ਵਿਖੇ ਬਹੁਤ ਸਾਰੇ ਬੈਰਾਗੀ ਸਾਧੂਆਂ ਨੂੰ ਫੜ ਕੇ ਕੈਦ ਕਰ ਲਿਆ ਗਿਆ ਸੀ। ਰਾਧਾਕ੍ਰਿਸ਼ਨ ਨਾਮ ਦੇ ਇਕ ਬ੍ਰਾਹਮਣ ਨੂੰ ਸ਼ਰੇਆਮ ਫ਼ਾਂਸੀ ਤੇ ਲਟਕਾ ਦਿੱਤਾ ਗਿਆ ਸੀ। ਇਸੇ ਤਰ੍ਹਾਂ ਹੀ ਬਹੁਤ ਸਾਰੇ ਸਿੱਖਾਂ ਨੂੰ ਵੀ ਬ੍ਰਿਟਿਸ਼ ਵਿਰੋਧੀ ਕਾਰਵਾਈਆਂ ਲਈ ਫ਼ਾਂਸੀ ਦੇ ਦਿੱਤੀ ਗਈ ਸੀ। ਲੁਧਿਆਣੇ ਵਿਚ ਵੀ ਲੋਕਾਂ ਨੇ ਬ੍ਰਿਟਿਸ਼ ਹਕੂਮਤ ਦੇ ਖਿਲਾਫ਼ ਵਿਦਰੋਹੀਆਂ ਦੇ ਪ੍ਰਤੀ ਕੇਵਲ ਹਮਦਰਦੀ ਹੀ ਪ੍ਰਗਟ ਨਹੀਂ ਕੀਤਾ ਸਗੋਂ ਕੁਝ ਹਥਿਆਰ ਵੀ ਜਮ੍ਹਾਂ ਕੀਤੇ ਜਿਹੜੇ ਕਿ ਬਾਅਦ ਵਿਚ ਫੜ ਲਏ ਗਏ। ਕਾਂਗੜੇ ਦਾ ਰਾਜਾ ਪ੍ਰਤਾਪ ਚੰਦ ਵੀ ਆਪਣੇ ਪੰਜ ਸਾਥੀਆਂ ਸਮੇਤ ਮਾਰ ਦਿੱਤਾ ਗਿਆ। ਰੋਪੜ ਦੇ ਇਕ ਸਿੱਖ ਸਰਦਾਰ ਮੋਹਰ ਸਿੰਘ ਨੇ ਬ੍ਰਿਟਿਸ਼ ਰਾਜ ਦੇ ਖ਼ਾਤਮੇ ਦਾ ਐਲਾਨ ਕਰਦੇ ਹੋਏ ਗਊ ਹੱਤਿਆ ਬੰਦ ਕਰਨ ਦੇ ਆਦੇਸ਼ ਦਿੱਤੇ ਅਤੇ ਖ਼ਾਲਸਾ ਰਾਜ ਦੀ ਸਥਾਪਨਾ ਦੀ ਘੋਸ਼ਣਾ ਕਰ ਦਿੱਤੀ। ਉਸਨੂੰ ਵੀ ਦੋ ਸਾਥੀਆਂ ਸਮੇਤ ਮਾਰ ਦਿੱਤਾ ਗਿਆ। ਇਸੇ ਤਰ੍ਹਾਂ ਦੀ ਹੀ ਸਥਿਤੀ ਉਤਰ-ਪੱਛਮ ਸੀਮਾ ਪ੍ਰਾਂਤਾਂ ਵਿਚ ਚਲ ਰਹੀ ਸੀ ਅਤੇ ਇਕ ਸਮਾਂ ਅਜਿਹੀ ਵੀ ਆਇਆ ਕਿ ਅੰਬਾਲਾ ਤੇ ਦਿੱਲੀ ਦੇ ਵਿਚਕਾਰ ਦੇ ਹਿੱਸੇ ਵਿਚ

ਕਿਰਿਆਤਮਕ ਰੂਪ ਵਿਚ ਬ੍ਰਿਟਿਸ਼ ਹਕੂਮਤ ਨਾਂਹ ਦੇ ਬਰਾਬਰ ਰਹਿ ਗਈ। ਅੰਗਰੇਜ਼ਾਂ ਨੇ ਬੜੀ ਸਖ਼ਤੀ ਨਾਲ ਇਸ ਸਾਰੇ ਵਿਦਰੋਹ ਨੂੰ ਦਬਾਇਆ ਅਤੇ ਝੱਜਰ ਦੇ ਨਵਾਬ ਅਤੇ ਬਲਭਗੜ੍ਹ ਦੇ ਰਾਜ ਨੂੰ ਵੀ ਪੰਜਾਬ ਵਿਚ ਸ਼ਾਮਲ ਕਰ ਲਿਆ। ਜਦੋਂ ਇਹ ਤੂਫ਼ਾਨ ਸ਼ਾਂਤ ਹੋਇਆ ਤਾਂ ਫਿਰ ਅੰਗਰੇਜ਼ ਹਕੂਮਤ ਨੇ ਪੰਜਾਬ ਵਿਚ ਆਪਣੇ ਮਦਦਗਾਰਾਂ ਨੂੰ ਖਿਤਾਬ, ਇਨਾਮ ਅਤੇ ਜਾਗੀਰਾਂ ਵੰਡਣੀਆਂ ਸ਼ੁਰੂ ਕੀਤੀਆਂ। ਇਸ ਤੋਂ ਇਲਾਵਾ ਅੰਗਰੇਜ਼ਾਂ ਨੇ ਫ਼ੌਜ ਵਿਚ ਭਰਤੀ ਕਰਨ ਦੀ ਪੁਰਾਣੀ ਨੀਤੀ ਨੂੰ ਵੀ ਬਦਲ ਦਿੱਤਾ ਅਤੇ 'ਬੰਗਾਲ ਆਰਮੀ' ਵਿਚ ਹਿੰਦੁਸਤਾਨੀ ਸਿਪਾਹੀਆਂ ਦੀ ਬਹੁਗਿਣਤੀ ਨੂੰ ਬਿਲਕੁਲ ਖ਼ਤਕ ਕਰ ਦਿੱਤਾ ਗਿਆ ਅਤੇ ਪਠਾਣਾਂ, ਪੰਜਾਬੀਆਂ, ਮੁਸਲਮਾਨਾਂ, ਰਾਜਪੂਤਾਂ, ਜੱਟਾਂ, ਗੋਰਖਿਆਂ ਅਤੇ ਡੋਗਰਿਆਂ ਦੇ ਨਾਲ ਸਿੱਖਾਂ ਨੂੰ ਵੀ ਇਕ ਜਾਂਬਾਜ਼ ਨਸਲ ਐਲਾਨਿਆ ਗਿਆ ਅਤੇ ਫ਼ੌਜ ਵਿਚ ਇਨ੍ਹਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਗਈਆਂ।

ਇਨ੍ਹਾਂ ਸਾਰੇ ਹਾਲਾਤਾਂ ਵਿਚ ਅਤੇ 1857 ਦੇ ਵਿਦਰੋਹ ਤੋਂ ਛੇਤੀ ਹੀ ਬਾਅਦ ਪੰਜਾਬ ਵਿਚ ਇਕ ਬਹੁਤ ਹੀ ਹਰਮਨ ਪਿਆਰੀ ਲਹਿਰ ਚੱਲੀ ਜਿਸ ਨੂੰ ਕੂਕਾ ਲਹਿਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਕੂਕਾ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਸਨ ਜਿਨ੍ਹਾਂ ਦਾ ਜਨਮ ਅਰਾਈਆਂ (ਭੈਣੀ ਸਾਹਿਬ) ਨਾਮਕ ਪਿੰਡ ਵਿਚ ਇਕ ਰਾਮਗੜ੍ਹੀਆ ਪਰਿਵਾਰ ਵਿਚ ਹੋਇਆ। ਇਥੇ ਇਹ ਧਿਆਨ ਦੇਣ ਯੋਗ ਹੈ ਕਿ ਦੇਸ਼ ਦੇ ਦੂਸਰੇ ਹਿੱਸਿਆਂ ਵਾਂਗ ਪੰਜਾਬ ਵਿਚ ਵੀ ਸਰਦਾਰਾਂ, ਰਜਵਾੜਿਆਂ ਦੀ ਬਜਾਏ ਨਵੀਆਂ ਲਹਿਰਾਂ ਆਮ ਤੌਰ ਤੇ ਹੇਠਲੀ ਮੱਧ ਸ਼੍ਰੇਣੀ ਵਿਚੋਂ ਹੀ ਚਲੀਆਂ ਹਨ ਕਿਉਂਕਿ ਉਪਰਲੀਆਂ ਸ਼੍ਰੇਣੀਆਂ ਦੇ ਤਥਾ-ਕਥਿਤ ਰਾਜੇ, ਨਵਾਬ ਅਤੇ ਸਰਦਾਰ ਬ੍ਰਿਟਿਸ਼ ਰਾਜ ਸੱਤਾ ਦੇ ਸੁਖ ਭੋਗਣ ਨਾਲ ਆਮ ਤੌਰ ਤੇ ਆਕਰਸ਼ਿਤ ਹੋ ਜਾਂਦੇ ਰਹੇ ਹਨ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖਾਲਸਾ ਦਰਬਾਰ ਵਿਚ ਪਸਰੇ ਭ੍ਰਿਸ਼ਟ ਅਨੈਤਿਕ ਅਤੇ ਸਾਜ਼ਿਸ਼ੀ ਮਾਹੌਲ ਤੋਂ ਦੁਖੀ ਹੋ ਕੇ ਬਾਬਾ ਰਾਮ ਸਿੰਘ ਜੀ ਨੇ ਖ਼ਾਲਸਾ ਫ਼ੌਜ ਦੀ ਨੌਕਰੀ ਛੱਡ ਦਿੱਤੀ ਅਤੇ ਘਰ ਪਰਤ ਆਏ। ਅੰਗਰੇਜ਼ਾਂ ਦੁਆਰਾ ਪੰਜਾਬ ਦੇ ਕਬਜ਼ੇ ਤੋਂ ਬਾਅਦ ਈਸਾਈ ਮਿਸ਼ਨਰੀਆਂ ਦੀ ਚੜ੍ਹ ਮਚ ਗਈ ਅਤੇ ਉਨ੍ਹਾਂ ਨੇ ਖੁੱਲ੍ਹ ਕੇ ਭਾਰਤੀ ਧਰਮਾਂ ਦੇ ਖ਼ਿਲਾਫ਼ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਸਿੱਖ ਧਾਰਮਿਕ ਅਸਥਾਨਾਂ ਦੇ ਲਾਗੇ ਗਊ ਮਾਸ ਸਪਲਾਈ ਕਰਨ ਲਈ ਬੁੱਚੜਖਾਨੇ ਖੋਲ੍ਹ ਦਿੱਤੇ ਗਏ ਜਿਨ੍ਹਾਂ ਦੀ ਸਿੱਖ ਰਾਜ ਵਿਚ ਸਖ਼ਤੀ ਨਾਲ ਮਨਾਹੀ ਸੀ। ਇਸ ਸਭ ਨਾਲ ਹਿੰਦੂ ਸਿੱਖਾਂ ਨੂੰ ਮਹਿਸੂਸ ਹੋਇਆ ਕਿ ਆਜ਼ਾਦੀ ਦੇ ਖੁੱਸਣ ਨਾਲ ਕਿੰਨਾ ਭਾਰੀ ਨੁਕਸਾਨ ਹੋਇਆ ਹੈ। ਕੂਕਾ ਲਹਿਰ ਜਿਸਨੂੰ ਨਾਮਧਾਰੀ ਲਹਿਰ ਵੀ ਕਿਹਾ ਜਾਂਦਾ ਹੈ, ਦੇ ਪੈਰੋਕਾਰਾਂ ਨੇ ਇਸ ਮਾਹੌਲ ਨੂੰ ਬਰਦਾਸ਼ਤ ਕਰਨ ਲਈ ਉੱਕਾ

Sri Satguru Jagjit Singh Ji Elibrary NamdhariElibrary@gmail.com

ਹੀ ਇਨਕਾਰ ਕਰ ਦਿੱਤਾ। ਬਾਬਾ ਰਾਮ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਸਿੱਖ ਅੰਗਰੇਜ਼ਾਂ ਦੇ ਦਿੱਤੇ ਜ਼ਮੀਨ ਜਾਇਦਾਦਾਂ ਦੇ ਲਾਲਚਾਂ ਵਿਚ ਇਨ੍ਹਾਂ ਸਾਂਸਕ੍ਰਿਤਿਕ ਖ਼ਤਰਿਆਂ ਤੋਂ ਜਾਣ ਕੇ ਵੀ ਅਣਜਾਣ ਬਣੇ ਬੈਠੇ ਹਨ। ਉਨ੍ਹਾਂ ਨੇ ਦ੍ਰਿੜ੍ਹ ਸੰਕਲਪ ਲਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਸਿੱਖ ਸ਼ਾਨ ਨੂੰ ਮੁੜ ਸੁਰਜੀਤ ਕੀਤਾ ਜਾਵੇ। ਉਹ ਆਪ ਬੜੇ ਸੱਚੇ ਅਤੇ ਸੁੱਚੇ ਜੀਵਨ ਦੇ ਧਾਰਨੀ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਕੁਝ ਸਾਥੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਵਾਇਆ ਅਤੇ 1857 ਵਿਚ ਨਾਮਧਾਰੀ ਸੰਸਥਾ ਦੀ ਨੀਂਹ ਰੱਖ ਦਿੱਤੀ। ਇਸ ਨਵੀਂ ਸੰਸਥਾ ਦੇ ਮੈਂਬਰਾਂ ਵਾਸਤੇ ਉਨ੍ਹਾਂ ਨੇ ਇਕ ਬਹੁਤ ਹੀ ਪ੍ਰਭਾਵਸ਼ਾਲੀ ਪਰ ਕਰੜੀ ਰਹਿਤ ਮਰਿਆਦਾ ਪ੍ਰਚਲਿੱਤ ਕੀਤੀ ਅਤੇ ਆਮ ਸਿੱਖਾਂ ਨਾਲੋਂ ਨਿਵੇਕਲੀ ਪਛਾਣ ਲਈ ਆਪਣੇ ਪੈਰੋਕਾਰਾਂ ਨੂੰ 'ਸੰਤ ਖਾਲਸਾ' ਨਾਮ ਦਿੱਤਾ। ਇਸ ਮਰਿਆਦਾ ਦੇ ਅਨੁਸਾਰ ਪੈਰੋਕਾਰਾਂ ਵਾਸਤੇ ਸੱਚੀ ਅਤੇ ਸੁੱਚੀ ਜੀਵਨ ਸ਼ੈਲੀ ਦੀ ਧਾਰਨਾ ਜ਼ਰੂਰੀ ਸੀ ਅਤੇ ਇਸ ਤੋਂ ਵੀ ਜ਼ਰੂਰੀ ਨਾਮ ਬਾਣੀ ਦਾ ਰੋਜ਼ਾਨਾ ਅਭਿਆਸ ਸੀ। ਅੰਮ੍ਰਿਤ ਵੇਲੇ ਉੱਠਣਾ ਲਾਜ਼ਮੀ ਕਰਾਰ ਦਿੱਤਾ ਗਿਆ ਅਤੇ ਨਾਲ ਹੀ ਨਾਲ ਸਮਾਜਕ ਰਸਮਾਂ ਵਿਚ ਸੁਧਾਰ ਲਿਆ ਕੇ ਬਾਲ-ਵਿਆਹ ਅਤੇ ਕੁੜੀ ਮਾਰਨ ਦੀ ਪ੍ਰਚਲਿੱਤ ਹੋ ਚੁੱਕੀ ਕੁਰੀਤੀ ਦੀ ਸਖ਼ਤੀ ਨਾਲ ਮਨਾਹੀ ਕੀਤੀ। ਪੈਰੋਕਾਰਾਂ ਵਿਚ ਬਹਾਦਰੀ ਦਾ ਜਜ਼ਬਾ ਭਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਚੰਡੀ ਦੀ ਵਾਰ' ਦੇ ਪਾਠ ਦਾ ਨਿਰਦੇਸ਼ ਦਿੱਤਾ ਗਿਆ।

ਪ੍ਰਬੰਧਕੀ ਦ੍ਰਿਸ਼ਟੀਕੋਣ ਤੋਂ ਬਾਬਾ ਰਾਮ ਸਿੰਘ ਜੀ ਨੇ ਚਾਰੇ ਪਾਸੇ ਫੈਲ ਰਹੀ ਨਾਮਧਾਰੀ ਲਹਿਰ ਨੂੰ ਹੋਰ ਸੁਚਾਰੂ ਰੂਪ ਦੇਣ ਵਾਸਤੇ ਪੰਜਾਬ ਨੂੰ ਆਪਣੇ ਹਿਸਾਬ ਨਾਲ ਕੁਝ ਹਿੱਸਿਆਂ ਵਿਚ ਵੰਡ ਕੇ ਆਪਣੇ ਸੂਬੇਦਾਰ ਨਿਯੁਕਤ ਕੀਤੇ ਜਿਹੜੇ ਸੰਗਤ ਦੀ ਮਾਨਸਿਕ ਅਧਿਆਤਮਕ ਜਿਗਿਆਸਾਵਾਂ ਤਾਂ ਪੂਰੀਆਂ ਕਰਦੇ ਹੀ ਸਨ ਨਾਲ ਹੀ ਨਾਲ ਅੰਗਰੇਜ਼ ਹਕੂਮਤ ਦੇ ਮਨਸੂਬਿਆਂ ਬਾਰੇ ਵੀ ਬਾਬਾ ਜੀ ਨੂੰ ਸੂਚਿਤ ਕਰਦੇ ਰਹਿੰਦੇ ਸਨ। ਇਹ ਸੂਬੇਦਾਰ ਜਿਨ੍ਹਾਂ ਨੂੰ ਆਮ ਕਰਕੇ 'ਸੂਬੇ' ਵੀ ਕਿਹਾ ਜਾਂਦਾ ਸੀ ਰੁਪਿਆ ਪੈਸਾ ਵੀ ਇਕੱਤਰ ਕਰਕੇ 'ਸੰਤ ਖਾਲਸਾ' ਦੀ ਚੜ੍ਹਦੀ ਕਲਾ ਲਈ ਬਾਬਾ ਜੀ ਕੋਲ ਭੇਜਦੇ ਰਹਿੰਦੇ ਸਨ। ਬਾਬਾ ਜੀ ਨੇ ਨੌਜਵਾਨਾਂ ਫ਼ੌਜੀ ਸਿਖਲਾਈ ਦਿੰਦੇ ਹੋਏ ਇਕ ਅਰਧ-ਫ਼ੌਜੀ ਸੰਸਥਾ ਬਣਾ ਲਈ ਜਿਹੜੀ ਉਨ੍ਹਾਂ ਦੇ ਆਦੇਸ਼ ਤੇ ਸਦਾ ਮਰ-ਮਿਟਣ ਲਈ ਤਿਆਰ ਰਹਿੰਦੀ ਸੀ। ਨਾਮਧਾਰੀ ਲਹਿਰ ਦੇ ਪੈਰੋਕਾਰਾਂ ਨੇ ਸਹੀ ਰੂਪ ਵਿਚ ਸਭ ਤੋਂ ਪਹਿਲਾਂ ਅਸਹਿਯੋਗ ਅੰਦੋਲਨ ਸ਼ੁਰੂ ਕੀਤਾ ਅਤੇ ਹੱਥ ਦੇ ਬੁਣੇ ਬਸਤਰ ਪਹਿਨਣਾ, ਅੰਗਰੇਜ਼ਾਂ ਦੀਆਂ ਬਣਾਈਆਂ ਵਸਤੂਆਂ ਦਾ ਬਹਿਸ਼ਕਾਰ ਕਰਨਾ ਅਤੇ ਉਨ੍ਹਾਂ ਨਾਲ ਕਿਸੇ ਕਿਸਮ ਦਾ ਸਮਾਜਕ ਮੇਲਜੋਲ ਨਾ ਰੱਖਣਾ ਹੁਣ ਇਸ ਲਹਿਰ ਦੇ

Sri Satguru Jagjit Singh Ji Elibrary NamdhariElibrary@gmail.com

ਮੁਖ ਕਾਰਜਕ੍ਰਮ ਬਣ ਗਏ। ਹੋਰ ਤੇ ਹੋਰ ਬਾਬਾ ਜੀ ਨੇ ਡਾਕ ਦਾ ਸਿਸਟਮ ਵੀ ਆਪਣਾ ਬਣਾ ਲਿਆ ਜਿਹੜਾ ਕਿ ਚੌਕਸੀ ਅਤੇ ਗੋਪਨੀਯਤਾ ਵਜੋਂ ਬਹੁਤ ਜ਼ਰੂਰੀ ਵੀ ਸੀ ਅਤੇ ਕਾਮਯਾਬ ਵੀ ਸੀ। ਸਰਕਾਰੀ ਨਿਆਂਪਾਲਿਕਾ ਦਾ ਤਿਆਗ ਕੀਤਾ ਗਿਆ ਅਤੇ ਹੁਣ ਮੁਕੱਦਮਿਆਂ ਦੇ ਫ਼ੈਸਲੇ ਪੰਚਾਇਤਾਂ ਵਿਚ ਹੀ ਹੋਣ ਲਗ ਪਏ। ਸੰਤ ਖ਼ਾਲਸਾ ਨੂੰ ਆਦੇਸ਼ ਦੇ ਦਿੱਤੇ ਗਏ ਕਿ ਉਹ ਆਪਣੇ ਬੱਚਿਆਂ ਨੂੰ ਸਥਾਨਕ ਪਾਠਸ਼ਾਲਾਵਾਂ ਵਿਚ ਹੀ ਭੇਜਣ ਜਿੱਥੇ ਸਿੱਖਿਆ ਮਾਂ-ਬੋਲੀ ਵਿਚ ਹੀ ਦਿੱਤੀ ਜਾਂਦੀ ਹੈ। ਨਵੇਂ ਬਣੇ ਸਰਕਾਰੀ.ਸਕੂਲਾਂ ਦਾ ਜਿੱਥੇ ਪੱਛਮੀ ਢੰਗ ਨਾਲ ਵਿਦਿਆ ਪੜ੍ਹਾਈ ਜਾਂਦੀ ਸੀ, ਪੂਰਨ ਰੂਪ ਵਿਚ ਬਾਈਕਾਟ ਕੀਤਾ ਗਿਆ।

ਨਾਮਧਾਰੀ ਲਹਿਰ ਨੇ ਬਹੁਤ ਛੇਤੀ ਹੀ ਸਿੱਖਾਂ ਦੇ ਮਨਾਂ ਵਿਚ ਆਪਣੀ ਥਾਂ ਬਣਾ ਲਈ ਅਤੇ ਇਸੇ ਕਰਕੇ ਹੀ ਸਰਕਾਰੀ ਅਧਿਕਾਰੀਆਂ ਦਾ ਧਿਆਨ ਵੀ ਇਸ ਲਹਿਰ ਵੱਲ ਖਿੱਚਿਆ ਗਿਆ। ਬਾਬਾ ਰਾਮ ਸਿੰਘ ਜੀ ਬਹੁਤ ਵੱਡੇ ਜਥੇ ਨੂੰ ਨਾਲ ਲੈ ਕੇ ਇਕ ਮੁਖੀ ਦੇ ਰੂਪ ਵਿਚ ਪੰਜਾਬ ਭਰ ਵਿਚ ਯਾਤਰਾਵਾਂ ਕਰਦੇ ਰਹਿੰਦੇ ਸਨ। ਉਹ ਜਿਥੇ ਵੀ ਜਾਂਦੇ ਸਨ ਲੋਕਾਂ ਨੂੰ ਅੰਮ੍ਰਿਤ ਛਕਾਉਂਦੇ, ਨਵੇਂ ਪੈਰੋਕਾਰਾਂ ਨੂੰ ਆਪਣੇ ਭਾਈਚਾਰੇ ਦਾ ਅੰਗ ਬਣਾਉਂਦੇ, ਰਾਜਿਆਂ ਅਤੇ ਅਖੌਤੀ ਸਰਦਾਰਾਂ ਨੂੰ ਝਾੜਾਂ ਪਾਉਂਦੇ ਅਤੇ ਜਾਤੀਵਾਦ ਅਤੇ ਮੂਰਤੀਪੂਜਾ ਦਾ ਵਿਰੋਧ ਕਰਦੇ ਸਨ। ਸੰਨ 1863 ਤਕ ਉਨ੍ਹਾਂ ਦੇ ਸ਼ਰਧਾਲੂ ਹਜ਼ਾਰਾਂ ਦੀ ਗਿਣਤੀ ਵਿਚ ਬਣ ਚੁੱਕੇ ਸਨ। ਜਿਵੇਂ ਹੀ ਇਹ ਲਹਿਰ ਗਿਣਤੀ ਪੱਖੋਂ ਵਿਸ਼ਾਲ ਹੋਈ ਤਾਂ ਇਸ ਦਾ ਬ੍ਰਿਟਿਸ਼ ਵਿਰੋਧੀ ਵਿਹਾਰ ਵੀ ਹੋਰ ਨਿਖਰਵੇਂ ਰੂਪ ਵਿਚ ਸਾਹਮਣੇ ਆਉਣ ਲਗ ਪਿਆ। ਨਾਮਧਾਰੀ ਲਹਿਰ ਦੀ ਵਧਦੀ ਹੋਈ ਪ੍ਰਸਿੱਧੀ ਨੂੰ ਵੇਖ ਕੇ ਬ੍ਰਿਟਿਸ਼ ਹਕੂਮਤ ਨੇ ਬਹੁਤ ਗੰਭੀਰਤਾ ਨਾਲ ਸੋਚਣਾ ਸ਼ੁਰੂ ਕਰ ਦਿੱਤਾ। ਸਰਕਾਰ ਨੇ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਉੱਤੇ ਬੁਤ ਸਾਰੀਆਂ ਬੰਦਿਸ਼ਾਂ ਲਾ ਦਿੱਤੀਆਂ। ਹੁਣ ਬਾਬਾ ਜੀ ਨੂੰ ਆਪਣੇ ਹੀ ਪਿੰਡ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ ਮਨਾਹੀ ਸੀ। ਇਨ੍ਹਾਂ ਬੰਦਿਸ਼ਾਂ ਨੇ ਦਰਅਸਲ ਨਾਮਧਾਰੀ ਵੀਰਾਂ ਉੱਤੇ ਉਲਟਾ ਹੀ ਅਸਰ ਪਾਇਆ ਅਤੇ ਉਨ੍ਹਾਂ ਦਾ ਮਨੋਬਲ ਹੋਰ ਵੀ ਉੱਚਾ ਹੋ ਗਿਆ। ਆਪਣੀ ਗ਼ਲਤੀ ਨੂੰ ਮਹਿਸੂਸ ਕਰਦੇ ਹੋਏ ਸਰਕਾਰ ਨੇ 1867 ਵਿਚ ਇਹ ਸਾਰੀਆਂ ਬੰਦਿਸ਼ਾਂ ਹਟਾ ਲਈਆਂ।

ਆਉਣ ਜਾਣ ਦੀ ਆਜ਼ਾਦੀ ਹੋ ਜਾਣ ਕਾਰਣ ਕੂਕਿਆਂ ਨੇ ਆਪਣੀਆਂ ਗਤੀਵਿਧੀਆਂ ਹੋਰ ਤੇਜ਼ ਕਰ ਦਿੱਤੀਆਂ। ਸੰਨ 1871 ਵਿਚ ਗਊਆਂ ਦੀ ਰਖਿਆ ਕਰਦੇ ਹੋਏ ਇਨ੍ਹਾਂ ਨੇ ਕੁਝ ਬੁੱਚੜਾਂ ਨੂੰ ਅੰਮ੍ਰਿਤਸਰ ਅਤੇ ਰਾਏਕੋਟ ਵਿਖੇ ਜਾਨੋਂ ਮਾਰ ਦਿੱਤਾ। ਅੰਮ੍ਰਿਤਸਰ ਕੇਸ ਵਿਚ ਚਾਰ ਕੂਕਿਆਂ ਨੂੰ ਫ਼ਾਂਸੀ ਦੇ ਦਿੱਤੀ ਗਈ ਅਤੇ ਦੋ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਇਸੇ ਤਰ੍ਹਾਂ ਹੀ ਰਾਏਕੋਟ ਕੇਸ ਵਿਚ ਪੰਜ

ਨਾਮਧਾਰੀ ਸਿੰਘਾਂ ਨੂੰ ਫਾਂਸੀ ਦੇ ਦਿੱਤੀ ਗਈ। ਕੁਝ ਹੀ ਮਹੀਨਿਆਂ ਬਾਅਦ ਮਲੌਦ ਅਤੇ ਮਲੇਰਕੋਟਲਾ ਬਾਵਾਂ ਤੇ ਨਾਮਧਾਰੀਆਂ ਵਲੋਂ ਛਾਪੇ ਮਾਰੇ ਗਏ ਤਾਂ ਹਥਿਆਰ ਬਰਾਮਦ ਕੀਤੇ ਜਾ ਸਕਣ। ਸਾਰੇ ਛਾਪਾਮਾਰਾਂ ਨੂੰ ਛੇਤੀ ਹੀ ਫੜ ਲਿਆ ਗਿਆ। ਡਾ. ਫ਼ੌਜਾ ਸਿੰਘ ਦੇ ਅਨੁਸਾਰ ਦੋ ਇਸਤਰੀਆਂ ਨੂੰ ਛੱਡ ਦਿੱਤਾ ਗਿਆ ਅਤੇ 65 (ਪੈਂਹਠ) ਕੂਕਿਆਂ ਨੂੰ ਤੋਪਾਂ ਦੇ ਅੱਗੇ ਖੜੇ ਕਰਕੇ ਉਡਾ ਦਿੱਤਾ ਗਿਆ। ਇਕ ਨੂੰ ਤਲਵਾਰ ਨਾਲ ਟੁਕੜੇ ਟੁਕੜੇ ਕਰ ਦਿੱਤਾ ਗਿਆ ਅਤੇ ਦੋ ਹੋਰਾਂ ਨੂੰ ਜੀਵਨ ਭਰ ਲਈ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਨਾਮਧਾਰੀਆਂ ਦੇ ਹੈਡਕੁਆਰਟਰ ਭੈਣ ਸਾਹਿਬ ਹੁਣ ਹਮੇਸ਼ਾਂ ਪੁਲੀਸ ਦੀਆਂ ਨਜ਼ਰਾਂ ਅਤੇ ਸਰਵੇ ਥੱਲੇ ਲੈ ਆਂਦਾ ਗਿਆ। ਬਹੁਤ ਸਾਰੇ 'ਸੂਬਿਆਂ' ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਬਾਬਾ ਰਾਮ ਸਿੰਘ ਜੀ ਨੂੰ ਵੀ ਬਰਮਾ ਭੇਜ ਦਿੱਤਾ ਗਿਆ।

ਇਸੇ ਦੌਰਾਨ ਨਾਮਧਾਰੀ ਮੁਖੀਆਂ ਨੇ ਨੇਪਾਲ ਅਤੇ ਕਸ਼ਮੀਰ ਨਾਲ ਵੀ ਆਪਣੇ ਸੰਬੰਧ ਜੋੜੇ ਸਨ ਪਰੰਤੂ ਉਥੋਂ ਦੇ ਸ਼ਾਸਕਾਂ ਦੇ ਮਨਾਂ ਵਿਚ ਬੈਠੇ ਹੋਏ ਡਰ ਅਤੇ ਦੋਗਲੇਪਨ ਨੇ ਇਸ ਮਿਸ਼ਨ ਵਿਚ ਕੋਈ ਬਹੁਤੀ ਵੱਡੀ ਸਫਲਤਾ ਹੱਥ ਨਾ ਲੱਗਣ ਦਿੱਤੀ। ਇਸੇ ਤਰ੍ਹਾਂ ਦਾ ਯਤਨ 1872 ਵਿਚ ਰੂਸ ਦੇ ਸੰਦਰਭ ਵਿਚ ਵੀ ਕੀਤਾ ਗਿਆ। ਇਤਿਹਾਸਕਾਰਾਂ ਅਨੁਸਾਰ ਇਕ ਨਾਮਧਾਰੀ ਸੂਬਾ ਮੱਧ ਏਸ਼ੀਆ ਗਿਆ ਅਤੇ ਕਈ ਵੇਰਾਂ ਉਸ ਨੇ ਰੂਸ ਨੂੰ ਭਾਰਤ ਤੇ ਹਮਲਾ ਕਰਨ ਵਾਸਤੇ ਅਤੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਖਦੇੜਨ ਵਾਸਤੇ ਸਮਝਾਇਆ। 19ਵੀਂ ਸਦੀ ਦੇ ਅੰਤ ਵਿਚ ਮਹਾਰਾਜਾ ਦਲੀਪ ਸਿੰਘ ਵੀ ਮਾਸਕੋ ਪੁੱਜ ਗਿਆ ਸੀ। ਇਹ ਤੱਥ ਅਤੇ ਨਾਮਧਾਰੀ ਪੈਰੋਕਾਰਾਂ ਵਿਚ ਪ੍ਰਚਲਿਤ ਕਈ ਭਵਿੱਖਬਾਣੀਆਂ ਨੇ ਨਾਮਧਾਰੀਆਂ ਸਮਾਜ ਵਿਚ ਆਉਣ ਵਾਲੇ ਸਮੇਂ ਲਈ ਕਈ ਆਸ਼ਾਵਾਂ ਦੇ ਬੀਜ ਬੀਜ ਦਿੱਤੇ ਸਨ। ਬਾਬਾ ਰਾਮ ਸਿੰਘ ਜੀ ਦੇ ਬਰਮਾ ਚਲੇ ਜਾਣ ਤੋਂ ਬਾਅਦ ਉਨ੍ਹਾਂ ਦੇ ਛੋਟੇ ਭਰਾ ਬਾਬਾ ਬੁੱਧ ਸਿੰਘ ਜੀ ਇਨ੍ਹਾਂ ਸਾਰੀਆਂ ਗਤੀਵਿਧੀਆਂ ਪਿੱਛੇ ਇਕ ਮਜ਼ਬੂਤ ਸ਼ਕਤੀ ਵਜੋਂ ਕੰਮ ਕਰ ਰਹੇ ਸਨ। ਪਰੰਤੂ ਨਾਲ ਹੀ ਨਾਲ ਸਿੱਖਾਂ ਨੂੰ ਫ਼ੌਜ ਵਿਚ ਵੱਧ ਤੋਂ ਵੱਧ ਨੌਕਰੀਆਂ ਮਿਲ ਜਾਣ ਕਾਰਨ ਅਤੇ ਸਿੱਖ ਰਜਵਾੜਿਆਂ ਅਤੇ ਬੁੱਧੀਜੀਵੀਆਂ ਦੀ ਬ੍ਰਿਟਿਸ਼ ਹਕੂਮਤ ਨੂੰ ਮਦਦ ਕਾਰਨ ਅਤੇ ਸਰਕਾਰ ਦੀ ਆਪਣੀ ਵਿਸ਼ੇਸ਼ ਚੌਕਸੀ ਕਾਰਨ ਇਹ ਲਹਿਰ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਉਭਰਨ ਦੇ ਬਾਵਜੂਦ ਬਹੁਤ ਅੱਗੇ ਤਕ ਆਪਣਾ ਪ੍ਰਭਾਵ ਕਾਇਮ ਨਹੀਂ ਰੱਖ ਸਕੀ।

ਨਾਮਧਾਰੀ ਲਹਿਰ ਨੇ ਪੰਜਾਬ ਦੇ ਲੋਕਾਂ ਉੱਤੇ ਬਹੁਤ ਡੂੰਘਾ ਪ੍ਰਭਾਵ ਪਾਇਆ। ਇਸ ਲਹਿਰ ਦੇ ਕਾਰਨ ਹੀ ਸਿੱਖਾਂ ਦੇ ਜੀਵਨ ਵਿਚ ਸਾਦਗੀ, ਪਵਿੱਤਰਤਾ, ਨਾਮ ਬਾਣੀ ਦਾ ਅਭਿਆਸ ਅਤੇ ਦੇਸ਼ ਕੌਮ ਪ੍ਰਤੀ ਬਲੀਦਾਨ ਦੀਭਾਵਨਾ ਇਕ ਨਵੇਂ ਰੂਪ

ਵਿਚ ਜਾਗ੍ਰਿਤ ਹੋਈ। ਸ. ਸੋਹਣ ਸਿੰਘ ਭਕਨਾ ਵਰਗੇ ਗ਼ਦਰੀ ਬਾਬੇ ਨਾਮਧਾਰੀਆਂ ਦੇ ਸ਼ਾਨਦਾਰ ਬਲੀਦਾਨਾਂ ਤੋਂ ਹੀ ਪ੍ਰਭਾਵਿਤ ਹੋਏ ਸਨ ਅਤੇ ਜਿਸ ਸਵਦੇਸ਼ੀ ਦੀ ਭਾਵਨਾ ਅਤੇ ਅਸਹਿਯੋਗ ਦੀ ਭਾਵਨਾ ਨੂੰ ਬਾਅਦ ਵਿਚ ਮਾਹਤਮਾ ਗਾਂਧੀ ਵਰਗੇ ਨੇਤਾਵਾਂ ਨੇ ਪੂਰੇ ਜ਼ੋਰ ਸ਼ੋਰ ਨਾਲ ਸਵੀਕਾਰ ਕਰਕੇ ਦੇਸ਼ ਨੂੰ ਆਜ਼ਾਦ ਕਰਵਾਇਆ ਇਹ ਦਰਅਸਲ ਨਾਮਧਾਰੀ ਲਹਿਰ ਦੀ ਹੀ ਦੇਣ ਸੀ।

# ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪੰਜਾਬੀ ਪੱਤਰਕਾਰੀ ਦਾ ਯੋਗਦਾਨ

**ਸੁਰਜੀਤ ਸਿੰਘ ਜੀਤ, ਲੰਡਨ**

*(ਅਜ ਦੇ ਸਮੇਂ ਵਿਚ ਇਹ ਵਿਸ਼ਾ ਬਹੁਤ ਹੀ ਵਿਸ਼ਾਲ ਹੈ । ਇਸ ਵਿਸ਼ੇ ਉਪਰ ਖੋਜ ਜਾਰੀ ਹੈ, ਉਮੀਦ ਹੈ ਕਿ ਇਕ ਪੁਸਤਕ ''ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪੰਜਾਬੀ ਪ੍ਰੈਸ ਤੇ ਪੱਤਰਕਾਰੀ ਦਾ ਯੋਗਦਾਨ'' ਤਿਆਰ ਵੀ ਹੋ ਜਾਵੇ ਜਿਸ ਵਿਚ ਅਜਿਹੇ ਵਿਸ਼ਿਆਂ ਉਪਰ ਕੁਝ ਵਿਦਵਾਨਾਂ ਦੇ ਲੇਖ ਸੰਗਠਤ ਕੀਤੇ ਜਾ ਸਕਣ। ਇਸ ਵਿਸ਼ੇ ਉਪਰ ਇਕ ਪੂਰੀ ਪੁਸਤਕ ਤਿਆਰ ਕੀਤੀ ਜਾ ਸਕਦੀ ਹੈ।*

*ਇਸ ਲੇਖ ਵਿਚ ਸਿਰਫ਼ ਪੰਜਾਬੀ ਪੱਤਰਕਾਰੀ ਉਪਰ ਹੀ ਵਿਚਾਰ ਕੀਤੀ ਗਈ ਹੈ, ਪ੍ਰੈਸ ਅਤੇ ਹੋਰ ਛਪਦੇ ਸਾਹਿਤ ਉਪਰ ਵੀ ਵਿਚਾਰ ਪ੍ਰਗਟ ਕੀਤੇ ਗਏ ਹਨ ਪ੍ਰੰਤੂ ਮੁੱਖ ਆਧਾਰ ਪਤਰਕਾਰੀ ਨੂੰ ਹੀ ਬਣਾਇਆ ਗਿਆ ਹੈ, ਕੋਸ਼ਿਸ਼ ਕੀਤੀ ਗਈ ਹੈ ਕਿ ਫੁੱਟ ਨੋਟ ਜਾਂ ਅੰਤਿਕਾ ਵਿਚ ਸੰਕੇਤਕਸ ਸੰਖੇਪਤ ਲਿਖਤਾਂ ਦਾ ਵੇਰਵਾ ਦਿਤਾ ਜਾਵੇ, ਪ੍ਰੰਤੂ ਫਿਰ ਵੀ ਅਗੇਤ ਪਛੇਤ ਨਾਲ ਅੰਤਿਕਾ ਅਤੇ ਨੱਥੀਕਾ ਵਿੱਚ ਸਾਰਾ ਸਬੰਧਤ ਮਸਾਲਾ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਾਠਕ ਜਨ ਅਸਲੀ ਜੱਜ ਹਨ, ਉਹ ਆਪਣੀਆਂ ਕੀਮਤੀ ਰਾਵਾਂ ਦੇਣ ਤੋਂ ਨਾ ਝਿਜਕਣ ਅਤੇ ਦਾਸ ਦੇ ਗਿਆਨ ਵਿਚ ਵਾਧਾ ਕਰਨ ਦੀ ਕ੍ਰਿਪਾ ਕਰਨ ਅਤੀ ਧੰਨਵਾਦੀ ਹੋਵਾਂਗੀ ਜੀ।)* - ਲੇਖਕ

ਅੱਜ ਦੇ ਯੁੱਗ ਵਿਚ ਪੱਤਰਕਾਰੀ ਲੋਕਤੰਤਰ ਸਰਕਾਰਾਂ ਦਾ ਚੌਥਾ ਅੰਗ ਮੰਨਿਆ ਜਾਂਦਾ ਹੈ, ਜਿਸ ਨਾਲ ਸਰਕਾਰਾਂ ਬਦਲਣ, ਸਰਕਾਰਾਂ ਦੀਆਂ ਨੀਤੀਆਂ ਬਦਲਣ ਲਈ ਬਹੁਤ ਪ੍ਰਭਾਵ ਪੈਂਦਾ ਹੈ। ਇਸ ਕਰਕੇ ਹੀ 1872 ਮਈ 28 ਦੇ ਇਕ ਅੰਗਰੇਜੀ THE PIONEER ਰੋਜ਼ਾਨਾ ਅਖ਼ਬਾਰ ਵਿਚ THE VERNACULAR PRESS ਦੇ ਸਿਰਲੇਖ ਹੇਠ ਸਫਾ 2 ਉਪਰ ਇਕ ਵਿਚਾਰ ਪੇਸ਼ ਕੀਤਾ ਗਿਆ ਹੈ। 'ਅੰਮ੍ਰਿਤਾ ਬਾਜ਼ਾਰ ਪ੍ਰੱਤਕਾ' ਵਿਚ ਕੁਝ ਅਜਿਹੇ ਲੇਖ ਛਪੇ ਸਨ ਜਿਨਾਂ ਦਾ ਵਿਸ਼ਾ ਸਰਕਾਰ ਦੀ ਵਿਰੋਧਤਾ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਨਿੰਦਣਾ ਸੀ ਜਿਸ ਕਰਕੇ ਸਰਕਾਰ ਨੇ ਮਹਿਸੂਸ ਕੀਤਾ ਕਿ ਇਨਾਂ ਸਥਾਨਕ

Sri Satguru Jagjit Singh Ji Elibrary NamdhariElibrary@gmail.com

ਅਖਬਾਰਾਂ ਨੂੰ ਵੀ ਆਪਣੇ ਪ੍ਰਭਾਵ ਹੇਠ ਲਿਆਂਦਾ ਜਾਵੇ ; ਹਾਲਾਂਕਿ ਇਹ ਸਥਾਨਕ ਬੋਲੀਆਂ ਵਿਚ ਨਹੀ ਸਨ, ਪ੍ਰੰਤੂ ਪ੍ਰਭਾਵ ਇਹ ਦਿੱਤਾ ਜਾਂਦਾ ਹੈ ਕਿ ਅਖਬਾਰਾ ਦੀ ਬੋਲੀ ਅੰਗਰੇਜੀ ਸਥਾਨਕ ਬੋਲੀ ਹੈ ਅਤੇ ਇਹ ਅਖਬਾਰਾਂ ਸਥਾਨਕ ਘਟਨਾਵਾਂ ਤੱਕ ਹੀ ਸੀਮਤ ਹਨ ਜਿਸ ਕਰਕੇ ਇਨਾ ਨੂੰ 1878 ਵਿਚ THE VERNACULAR PRESS ACT ਅਧੀਨ ਸੰਗਠਿਤ ਕੀਤਾ ਗਿਆ। "ਅਖਬਾਰ ਦੀ ਸੁਰਖਿਅਤਤਾ ਅਤੇ ਆਜ਼ਾਦੀ ਮੌਕੇ ਦੀ ਸਰਕਾਰ ਅਤੇ ਵਿਸ਼ਵਵਿਆਪੀ 'ਰਾਜ ਦੇ ਸੰਕਲਪ ਦੇ ਅਧੀਨ ਹੋਣੀ ਚਾਹੀਦੀ ਹੈ।" ਇਹ ਵਿਚਾਰ ਪੱਛਮੀ ਵਿਦਿਆ ਦੇ ਵਿਚਾਰਵਾਨ ਦਾ ਹੈ, ਕਿਉਂਕਿ ਰਾਜਨੀਤਿਕ ਤੌਰ ਤੇ 'ਆਜ਼ਾਦੀ' ਪੱਛਮੀ ਸਭਿਆਚਾਰ ਵਿਚ ਇਮੀਉਨਲ ਕਾਂਟ ਦੇ ਫਲਸਫੇ ਨਾਲ ਸ਼ੁਰੂ ਹੁੰਦੀ ਹੈ, ਜਦਕਿ ਪੂਰਬ ਵਿਚ ਮਨੁੱਖ ਦੀ ਸਖਸੀ ਤੇ ਵਿਅਕਤੀਗਤ ਆਜਾਦੀ ਦਾ ਸੰਕਲਪ ਮਨੁੱਖਤਾ ਦੇ ਸਭਿਅਕ ਹੋਣ ਤੋਂ ਹੀ ਚਲਿਆ ਆਉਂਦਾ ਹੈ ।

ਇਮੀਉਨਲ ਕਾਂਟ ਨੇ ਪਹਿਲੀ ਵਾਰ ਪੱਛਮੀ ਇਤਿਹਾਸ ਵਿਚ ਵਿਅਕਤੀਗਤ ਰਾਜਨੀਤਿਕ ਆਜਾਦੀ ਦਾ ਸੰਕਲਪ ਦਿੱਤਾ ਸੀ । ਪ੍ਰੰਤੂ ਭਾਰਤੀ ਸੰਸਕ੍ਰਿਤੀ ਵਿਚ ਗੁਰੂ ਨਾਨਕ ਦੇਵ ਨੇ ਸੋਲਵੀਂ ਸਦੀ ਵਿਚ ਬਾਬਰ ਦੇ ਹਮਲੇ ਵਿਰੁੱਧ ਆਵਾਜ਼ ਉਠਾ ਕੇ ਹੀ ਇਸ ਸੰਕਲਪ ਦਾ ਸ੍ਰੀ ਗਣੇਸ਼ ਕਰ ਦਿੱਤਾ ਸੀ । ਇਸੇ ਤਰ੍ਹਾਂ ਹੀ ਗੁਰੂ ਰਾਮ ਸਿੰਘ ਨੇ ਅੰਗਰੇਜ਼ੀ ਰਾਜਨੀਤਿਕ ਵਿਦਵਾਨਾਂ ਤੋਂ ਪਹਿਲਾਂ ਹੀ ਭਾਰਤ ਵਿਚ ਪੱਛਮੀ ਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਆਵਾਜ ਬੁਲੰਦ ਕਰਕੇ ਉਸੇ ਗੁਰਮੱਤ ਰੀਤੀ ਸਿੱਖ ਧਰਮ ਦੇ ਇਸ ਆਦਰਸ ਨੂੰ ਮੁੜ ਸੁਰਜੀਤ ਕਰਕੇ ਮਨੁੱਖਤਾ ਦੇ ਧਰਮ ਨੂੰ ਦੁਨੀਆਂ ਦੇ ਤੱਖਤ ਉਪਰ ਬਿਠਾ ਦਿੱਤਾ ਸੀ । ਗੁਰੂ ਰਾਮ ਸਿੰਘ ਨੇ ਇਹ ਪਹਿਲੀ ਲੋਕ ਲਹਿਰ ਸਿੱਖ ਇਨਕਲਾਬ (ਨਾਮਧਾਰੀ ਕੂਕੇ ਸਿੱਖ ਅੰਦੋਲਨ) 1857 ਦੇ ਰਾਜੇ ਨਵਾਬਾ ਦੇ ਗਦਰ ਤੋਂ ਵੀ ਇਕ ਮਹੀਨਾ ਪਹਿਲਾਂ ਪੱਛਮੀ ਸਾਮਰਾਜੀ ਤਾਕਤਾਂ ਦੇ ਵਿਰੁੱਧ ਸ੍ਰੀ ਭੈਣੀ ਸਾਹਿਬ ਤੋਂ ਸੁਰੂ ਕਰ ਦਿੱਤਾ ਸੀ। ਇਸ ਇਨਕਲਾਬ ਦੇ ਮੁਢਲੇ ਪ੍ਰੋਗਰਾਮ ਅਨੁਸਾਰ ਸਿੱਖ ਧਰਮ ਦੇ ਅਨੁਆਈਆਂ ਨੂੰ ਸਿੱਖ ਸਮਾਜ-ਪੰਜਾਬੀ ਸਭਿਆਚਾਰ ਦੇ ਪੈਰੋਕਾਰ ਤੇ ਪ੍ਰਚਾਰਕ ਅਤੇ 'ਪੰਜਾਬੀ ਕੌਮ' ਦੇ ਰੂਪ ਵਿਚ ਸੰਗਠਤ ਕਰਕੇ ਲੋਕਾਈ ਦੇ ਪ੍ਰਮੁੱਖ ਪੱਥ-ਪ੍ਰਦਰਸ਼ਕ ਬਣਾ ਅੰਗ੍ਰਜ਼ੀ ਸਾਮਰਾਜ ਤੋਂ ਸ਼ਾਂਤਮਈ ਅੰਦੋਲਨ ਨਾਲ ਨਿਜਾਤ ਦਿਵਾਉਣ ਦਾ ਪਹਿਲਾ ਯਤਨ ਕਰਕੇ ਮੁੜ 'ਖਾਲਸਾ ਰਾਜ' ਸਥਾਪਤ ਕਰਨ ਦਾ ਯਤਨ ਕੀਤਾ ਸੀ। ਜਦ ਕਿ ਪੱਛਮੀ ਸਾਮਰਾਜੀ ਸਰਕਾਰਾਂ ਵਲੋਂ ਸਭਿਅਤਾ ਦੇ ਨਾਮ ਉਪਰ ਵੰਡੀ ਜਾ ਰਹੀ ਮਿੱਠੀ ਜ਼ਹਿਰ, ਆਪਣੇ ਵਪਾਰ ਨੂੰ ਫੈਲਾਉਣ ਲਈ ਦਿਤੀਆ ਜਾ ਰਹੀਆਂ ਸਹੂਲਤਾਂ ਅਤੇ ਉਨਾਂ ਸਾਮਰਾਜ ਦੀਆਂ ਦਬਾਉ ਪੂਰਨ ਤੇ ਸਖਸ਼ੀ ਆਜ਼ਾਦੀ ਨੂੰ ਕੁਚਲਣ ਲਈ ਵਰਤੀਆਂ ਜਾ ਰਹੀਆਂ ਨੀਤੀਆਂ ਨੂੰ ਲੋਕਤੰਤਰ ਦਾ ਨਾਮ ਦੇ ਕੇ ਆਪਣੇ ਸਾਮਰਾਜ ਦੀਆਂ ਜੜ੍ਹਾਂ ਪੱਕੀਆਂ ਕੀਤੀਆਂ ਜਾ ਰਹੀਆਂ ਸਨ।

ਉਸ ਸਮੇਂ ਲੋਕਤੰਤਰ ਦਾ ਚੌਥਾ ਅੰਗ (ਪ੍ਰੈਸ) ਭਾਰਤ ਵਿਚ ਇੰਨਾ ਮਜਬੂਤ ਨਹੀ ਸੀ ਹੋਇਆ । ਪੰਜਾਬ ਵਿਚ ਸਿਰਫ਼ ਉਨੀਂਵੀ ਸਦੀ ਦੇ ਦੂਸਰੇ ਅੱਧ ਵਿਚ ਪੱਥਰ ਦਾ ਛਾਪਾਖਾਨਾ ਸ਼ੁਰੂ ਹੋਇਆ ਸੀ ਬਾਅਦ ਵਿਚ ਲਿਥੋ ਗਰਾਫਿਕ ਪ੍ਰੈਸ ਸ਼ੁਰੂ ਹੋਇਆ । ਹਾਲੇ ਆਮ ਪੱਤਰਕਾਰੀ ਦਾ ਕੰਮ ਨਹੀਂ ਸੀ ਸ਼ੁਰੂ ਹੋਇਆ । 1864 ਤੇ 1868 ਈ: ਵਿਚ ਪਹਿਲੀ ਵਾਰ ਗੁਰੂ ਰਾਮ ਸਿੰਘ ਨੇ ਲਾਹੌਰ ਦੇ ਦੀਵਾਨ ਬੂਟਾ ਮੱਲ ਨੂੰ ਅੰਮ੍ਰਿਤ ਛਕਾ ਸਿੰਘ ਸਜਾ ਕੇ, ਦੀਵਾਨ ਬੂਟਾ ਸਿੰਘ ਦੇ ਨਾਮ ਹੇਠ ਪਥਰ ਦੇ ਛਾਪੇਖਾਨੇ ਨਾਲ ਆਦਿ ਗੁਰੂ ਗ੍ਰੰਥ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਦੀ ਛਪਵਾਈ ਕਰਵਾਈ ਸੀ [ ਦੀਵਾਨ ਬੂਟਾ ਸਿੰਘ ਦੀ ਬੇਨਤੀ ਤੇ ਛਪਵਾਈ ਲਈ ਸਤਿਗੁਰੂ ਜੀ ਨੇ ਆਰਥਕ ਮਦਦ ਕੀਤੀ ਸੀ - ਸੰਪਾਦਕ] ਉਨਾਂ ਨੇ ਹੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ 'ਘਰ ਘਰ ਧਰਮਸਾਲ' ਨੂੰ ਅੱਗੇ ਤੋਰਿਆ ਸੀ । ਅੰਗਰੇਜ਼ੀ ਬੋਲੀ ਦਾ ਛਾਪਾਖਾਨਾ ਦੱਖਣੀ ਤੇ ਪੂਰਬੀ ਭਾਰਤ ਵਿਚ ਪਹਿਲਾਂ ਹੀ ਸਥਾਪਤ ਹੋ ਚੁੱਕਾ ਸੀ। 1835 ਤੋਂ 1868 ਵਿਚ ਪ੍ਰੈਸ ਐਕਟ ਵੀ ਬਣ ਗਏ ਸਨ ਪ੍ਰੰਤੂ VERNACULAR PRESS ACT 1878 ਈ: ਵਿਚ ਹੀ ਬਣਾਇਆ ਗਿਆ ਸੀ ਜੋ ਕਿ ਸਥਾਨਕ ਪ੍ਰੈਸ ਅਤੇ ਸਥਾਨਕ ਬੋਲੀਆਂ ਵਿਚ ਛਪਦੇ ਪਰਚਿਆਂ ਆਦਿ ਨੂੰ ਨਿਯਮ ਬੱਧ ਕਰਨ ਲਈ ਪਾਸ ਕੀਤਾ ਗਿਆ ਸੀ । ਇਸ ਸਮੇਂ ਤੱਕ ਛੋਟੇ ਕਿਤਾਬਚੇ ਤੇ ਇੱਕਾ-ਦੁੱਕਾ ਪਰਚੇ ਪੰਜਾਬੀ ਜਾਂ ਸਥਾਨਕ ਬੋਲੀਆਂ ਵਿਚ ਛਪਦੇ ਰਹਿੰਦੇ ਸਨ ।

ਪੰਜਾਬੀ ਆਪਣਾ ਖਾਲਸਾ (ਸੁਤੰਤਰ) ਰਾਜ ਖੁੱਸ ਜਾਣ ਕਾਰਨ ਵੀ ਨਿਰਾਸ਼ ਸਨ । ਜਿਥੇ ਬਾਕੀ ਭਾਰਤੀ 1857 ਦੇ ਗ਼ਦਰ ਦੀ ਅਸਫਲਤਾ ਅਤੇ ਉਸ ਤੋਂ ਵੀ ਪਹਿਲਾਂ ਮੁਗ਼ਲ ਸਾਮਰਾਜ ਦੇ ਹੋਰ ਵਿਦੇਸ਼ੀਆਂ ਦੀ ਗੁਲਾਮੀ ਵਾਲੀ ਜ਼ਿੰਦਗੀ ਕਰਕੇ ਆਜ਼ਾਦੀ ਲਈ ਸਹਿਜਤਾ ਨਾਲ ਸੁਚੇਤ ਹੋ ਰਹੇ ਸਨ ਉੱਥੇ ਗੁਰੂਆਂ ਦਾ ਸੰਤ ਖਾਲਸਾ ਕਿਵੇਂ ਗੁਲਾਮ ਰਹਿ ਸਕਦਾ ਸੀ ? ਹਿੰਦੋਸਤਾਨ ਦੇ ਇਤਿਹਾਸ ਵਿਚ ਮਨੁੱਖਤਾ ਦੀ ਸਖਸ਼ੀ ਆਜ਼ਾਦੀ ਤੇ ਰਾਜਨੀਤਿਕ ਆਜ਼ਾਦੀ ਲਈ ਪਹਿਲਾ ਇਨਕਲਾਬ ਗੁਰੂ ਨਾਨਕ ਦੇਵ ਜੀ ਨੇ ਬਾਬਰ (ਵਿਦੇਸ਼ੀ ਹਮਲਾਵਰਾਂ) ਦੇ ਹਮਲੇ ਸਮੇਂ ਆਰੰਭ ਕੀਤਾ ਸੀ ਇਸੇ ਤਰ੍ਹਾਂ ਨਾਮਧਾਰੀ ਗੁਰੂ ਰਾਮ ਸਿੰਘ ਦੇ ਸਿਖ ਇਨਕਲਾਬ ਦੇ ਦਿਨਾਂ ਵਿਚ ਹੀ ਉਨੀਵੀ ਸਦੀ ਦੇ 'ਗਦਰ ਅੰਦੋਲਨ' ਵਾਲੀ ਘਟਨਾ ਵੀ ਇਕ ਮਹਤਵਪੂਰਨ ਘਟਨਾ ਹੈ । 1857 ਦਾ ਵਿਦਰੋਹ ਅੰਗਰੇਜ਼ ਲਿਖਾਰੀਆਂ ਦੇ ਪੱਖੋਂ ਇਹ ਇਕ 'ਗਦਰ' ਸੀ । ਪਰ ਜੰਗੇ ਆਜ਼ਾਦੀ ਦਾ ਇਤਿਹਾਸ ਲਿਖਣ ਵਾਲਿਆਂ ਨੇ ਇਸ ਨੂੰ ਅੰਗਰੇਜ਼ੀ ਸਾਮਰਾਜ ਦੇ ਵਿਸਤਾਰ ਨੂੰ ਰੋਕਣ ਲਈ ਅਤੇ ਮੁਗਲ ਸਲਤਨਤ ਦੇ ਅਖੀਰੀ ਸਾਹਾਂ 'ਤੇ ਪਹੁੰਚੇ ਰਾਜਿਆਂ ਆਖਰੀ ਤੇ ਪਹਿਲਾ ਸਾਂਝਾ ਯਤਨ ਮੰਨਿਆ ਹੈ। ਇਸ 'ਗਦਰ' ਬਾਰੇ ਅਤੇ ਇਸ ਤੋਂ ਪਹਿਲੇ ਇਤਿਹਾਸ ਦਾ ਸਮਕਾਲੀ ਅੰਗਰੇਜ਼ੀ ਪੇਪਰਾਂ ਵਿਚ ਕਾਫ਼ੀ ਜ਼ਿਕਰ ਆਇਆ ਹੈ ਪ੍ਰੰਤੂ 'ਪੰਜਾਬੀ' 'ਗੁਰਮੁਖੀ-ਲਿਪੀ' ਵਿਚ ਲਿਖਾਰੀ ਧਾਰਮਿਕ ਸਾਹਿਤ

ਅਤੇ ਵਾਰ, ਕਿੱਸਾ ਕਾਵਿ, ਕਾਫੀਆਂ, ਬਾਰਾਮਾਹ ਤੇ ਜੰਗਨਾਮੇ ਕਵਿਤਾਵਾ ਦੀਆ ਵਖੋ ਵਖਰੀਆ ਵੰਨਗੀਆਂ ਦੇ ਰੂਪ ਵਿਚ ਹੀ ਸਾਹਿਤ ਰਚਦੇ ਰਹੇ [illegible] ਇਹ ਉਨ੍ਹਾਂ ਨੂੰ ਸਾਹਿਤ ਰੂਪ ਵਿਚ ਵਿਰਸੇ ਰਾਹੀ ਪ੍ਰਾਪਤ ਹੋਏ ਸਨ । ਇਨਾ ਕ੍ਰਿਤਾਂ ਦੇ ਲਿਖਾਰੀ ਸ਼ਾਇਰ ਲੋਕ ਇਨਾ ਨੂੰ ਹੀ ਸੰਵਾਰਦੇ ਤੇ ਵਿਸਤਾਰਦੇ ਰਹੇ, ਤਦ ਹੀ ਇਸ ਸਦੀ ਦੇ ਸਾਹਿਤ ਵਿਚ ਸਾਹਿਤਕਾਰ ਜੰਗਨਾਮੇ ਤੇ ਵਾਰਾ ਆਦਿ ਲਿਖਣ ਵਿਚ ਹੀ ਕਾਰਜਸ਼ੀਲ ਰਹੇ ਹਨ । ਸਾਹਿਤ ਰਚਨਾ ਕਿਸੇ ਵੀ ਦੇਸ਼ ਜਾਂ ਭਾਸ਼ਾ ਦੀ ਹੋਵੇ ਇਸ ਵਿਚ 'ਅਪਣੱਤ' ਦਾ ਪ੍ਰਗਟਾਵਾ ਆਉਣਾ ਸੁਭਾਵਿਕ ਹੀ ਹੈ। ਇਸ 'ਅਪਣੱਤ' ਨੂੰ ਅਵੱਲ ਮਹੱਤਵ ਦਿਤੇ ਬਿਨਾਂ ਨਾ ਹੀ ਜੰਗ ਲੜੀ ਜਾ ਸਕਦੀ ਹੈ ਅਤੇ ਨਾ ਹੀ ਸਾਹਿਤ ਦੀ ਰਚਨਾ ਕੀਤੀ ਜਾ ਸਕਦੀ ਹੈ । 'ਇਸੇ ਅਪਣੱਤ' ਨਾਲ ਹੀ ਦੇਸ਼ ਭਗਤੀ ਦਾ ਜਜ਼ਬਾ ਪੈਦਾ ਹੁੰਦਾ ਹੈ, ਜੋ ਕਿ ਸਾਹਿਤ ਰਾਹੀ ਉਨੀਵੀ ਸਦੀ ਦੇ ਪੰਜਾਬੀ ਸਾਹਿਤਕਾਰਾਂ ਦੀ 'ਅਪਣੱਤ' ਉਨਾਂ ਦੇ ਸਾਹਿਤ ਵਿਚ ਆਏ ਵਿਸ਼ਿਆਂ ਅਨੁਸਾਰ ਵੇਖੀ ਜਾ ਸਕਦੀ ਹੈ । ਸ਼ਾਹ ਮੁਹੰਮਦ ਦਾ ਜੰਗਨਾਮਾ ਸਿੰਘਾਂ ਤੇ ਅੰਗਰੇਜ਼ਾਂ ਦੀਆਂ ਇਤਿਹਾਸਿਕ ਲੜਾਈਆਂ ਨਾਲ ਸਬੰਧਤ ਹੈ, ਕਾਦਰਯਾਰ ਦੀ ਵਾਰ 'ਹਰੀ ਸਿੰਘ ਨਲਵਾ ਦੀ ਵਾਰ' ਵਿਚ ਸਿਖ ਰਾਜ ਦੀ ਵਡਿਆਈ ਦਾ ਜ਼ਿਕਰ ਹੈ: ਖ਼ਜ਼ਾਨ ਸਿੰਘ ਦੀ ਗੋਰਿਆਂ ਅਤੇ ਕਾਲਿਆਂ (ਹਿੰਦੁਸਤਾਨੀ ਸਿਪਾਹੀਆ) ਦੇ ਮੁਕਾਬਲੇ ਦਾ ਜ਼ਿਕਰ ਹੈ, ਇਸ ਤਰਾਂ ਪੰਜਾਬੀ ਸਾਹਿਤਕਾਰਾਂ ਦੀ 'ਅਪਣੱਤ' ਪੰਜਾਬੀ ਤੇ ਹਿੰਦੁਸਤਾਨੀਆਂ ਨਾਲ ਹੋਣੀ ਸੁਭਾਵਿਕ ਹੀ ਹੈ । ਇਸ 'ਅਪਣੱਤ' ਭਰੇ ਸਾਹਿਤ ਵਿਚ ਵਿਚ ਕਿਤੇ ਕਿਤੇ ਸ਼ਖਸੀ ਆਜ਼ਾਦੀ ਦੀ ਝਲਕ ਵੀ ਪੈਦੀ ਹੈ । ਇਸ ਸਦੀ ਵਿਚ ਪੰਜਾਬੀ ਸਾਹਿਤ ਦੀ ਦੂਸਰੀ ਵਡਿਆਈ ਲੋਕ ਚੇਤਨਾ ਦਾ ਪ੍ਰਗਟਾਵਾ 'ਏਕਾਮਈ' ਸ਼ਬਦ ਧਰਮ-ਪ੍ਰੀਵਰਤਨ ਨਾਲ ਸੰਬੰਧਿਤ ਅਰਥ ਦਾ ਧਾਰਨੀ ਹੋਣਾ ਵੀ ਹੈ । ਇਹ 'ਏਕਾਮਈ' ਸਿਧਾਂਤ ਹਿੰਦੁਸਤਾਨ ਦੀ ਸੰਸਕ੍ਰਿਤੀ ਵਿਚ ਪ੍ਰਾਚੀਨ ਕਾਲ ਤੋਂ ਹੀ ਚਲਿਆ ਆਉਂਦਾ ਹੈ । ਇਸ ਸਮੇ ਦੇ ਸਾਹਿਤਕਾਰਾਂ ਵਲੋਂ ਸਮਕਾਲੀਨ ਇਤਿਹਾਸ ਤੇ ਸਭਿਆਚਾਰ ਨੂੰ ਪੂਰਬਕਾਲੀਨ ਇਤਿਹਾਸ ਤੇ ਮਿਥਿਹਾਸ ਰਾਹੀ ਗ੍ਰਹਿਣ ਕਰਨਾ ਸੁਭਾਵਿਕ ਹੀ ਸੀ । ਪਹਿਲਾਂ ਭਾਰਤ ਵਿਚਲੇ ਹਿੰਦੂ ਸਾਮਰਾਜ ਤੇ ਸਥਾਨਿਕ ਰਾਜਿਆਂ ਦੇ ਰਾਜ ਖਤਮ ਕਰਕੇ ਮੁਗਲ ਬਾਦਸ਼ਾਹਾਂ ਨੇ 'ਏਕਾਮਈ' ਦਾ ਪਤਨ ਕੀਤਾ ਤੇ ਹੁਣ ਪੱਛਮੀ ਸਾਮਰਾਜੀ ਤਾਕਤਾਂ ਇਸਾਈ-ਮੱਤ (ਧਰਮ) ਦੇ ਵਿਸਤਾਰ-ਪ੍ਰਸਾਰ ਉਪਰ ਜ਼ੋਰ ਦੇਣ ਲੱਗ ਪਈਆਂ ਸਨ । ਇਸ 'ਏਕਾਮਈ' ਸਿਧਾਤ ਦੀ ਵਿਰੋਧਤਾ ਲਈ ਜਾਗਰਤੀ ਆਉਣੀ ਸੁਭਾਵਿਕ ਹੀ ਸੀ ਪ੍ਰੰਤੂ ਪ੍ਰੈਸ ਤੇ ਪੱਤਰਕਾਰੀ ਹਾਲੇ ਤਕ ਅੰਗਰੇਜ਼ ਜਾਂ ਅੰਗਰੇਜ਼ੀ ਪੜ੍ਹੇ ਹਿੰਦੁਸਤਾਨੀਆਂ ਦੇ ਹੱਥ ਵਿਚ ਹੀ ਸੀ। ਈਸਾਈ ਪ੍ਰਚਾਰਕਾਂ ਨੇ ਉਨੀਵੀ ਸਦੀ ਦੇ ਐਨ ਅੱਧ ਵਿਚ ਪੰਜਾਬੀ ਛਾਪਾਖਾਨਾ ਸਥਾਪਿਤ ਕੀਤਾ, ਉਨਾਂ ਦੇ ਵੇਖਾ ਵੇਖੀ ਪੰਜਾਬੀਆਂ ਨੇ ਵੀ ਛਾਪੇਖਾਨੇ ਲਾਏ (ਆਫਤਾਬ ਪ੍ਰੈਸ ਜਿਸ ਦਾ ਪਹਿਲਾਂ ਜ਼ਿਕਰ ਕੀਤਾ ਗਿਆ ਹੈ) ਈਸਾਈ ਮੱਤ ਦੇ

Sri Satguru Jagjit Singh Ji Elibrary NamdhariElibrary@gmail.com

ਮਿਸ਼ਨਰੀਆਂ ਦੇ ਆਗਮਨ ਤੇ ਉਨ੍ਹਾਂ ਦੇ ਪ੍ਰਚਾਰ 'ਏਕਾਮਈ' ਸਿਧਾਂਤ, ਈਸਾਈ ਬਣਾਉਣ ਲਈ ਧਰਮ-ਪਰਿਵਰਤਨ ਅਤੇ ਧਾਰਮਿਕ ਅਦਾਰਿਆਂ ਲਈ ਜ਼ੋਰ ਪਾਉਣ ਲਈ ਸਾਹਿਤ ਛਪਨਾ ਸ਼ੁਰੂ ਹੋਇਆ ਉਹ ਈਸਾਈ ਵਿਚਾਰਧਾਰਾ ਪੰਜਾਬੀਆ ਤੱਕ ਉਨ੍ਹਾਂ ਦੀ ਮਾਤਭਾਸ਼ਾ ਰਾਹੀ ਹੀ ਪਹੁੰਚਾਣਾ ਚਾਹੁੰਦੇ ਸਨ ਇਸ ਲਈ ਬਾਈਬਲ ਅਤੇ ਅੰਜੀਲ ਨਾਲ ਸੰਬੰਧਿਤ ਕਹਾਣੀਆਂ ਦਾ ਅਨੁਵਾਦ ਵੀ ਹੋਣਾ ਸ਼ੁਰੂ ਹੋ ਗਿਆ । ਪੰਜਾਬੀ ਪ੍ਰੈਸ ਨੂੰ ਕੰਮ ਮਿਲਿਆ, ਪ੍ਰੰਤੂ ਕੰਟਰੋਲ ਉਨਾ ਹੱਥ ਹੀ ਸੀ । ਪੰਜਾਬੀਆਂ ਨੇ ਆਪਣੇ ਸਭਿਆਚਾਰ ਤੇ ਧਰਮ ਬਾਰੇ ਪ੍ਰਚਾਰ ਹਿੱਤ ਸਾਹਿਤ ਛਾਪਣਾ ਚਾਹਿਆ ਇਸ ਉਪਰ ਸਰਕਾਰੀ ਤੌਰ ਤੇ ਰੋਕ ਲਾ ਦਿਤੀ ਜਾਂਦੀ ਸੀ । ਸਿੱਧੇ ਢੰਗ ਨਾਲ ਹੀ ਅੰਗਰੇਜ਼ੀ ਸਰਕਾਰ ਦੇ ਸੋਹਲੇ ਗਵਾਏ ਜਾਂਦੇ ਸਨ (ਅੰਤਕਾ ਦੇਖੋ) ਪੁਰਾਤਨ ਇਤਿਹਾਸ ਨੂੰ ਸੈਂਕੜੇ ਪੌਂਡ ਖਰਚ ਕੇ ਅੰਗਰੇਜੀ ਵਿਚ ਅਨੁਵਾਦ ਕਰਵਾ ਕੇ ਫਿਰ ਉਸੇ ਨੂੰ ਹੀ ਸਥਾਨਕ ਬੋਲੀਆਂ ਵਿਚ ਮਿਥਿਹਾਸ ਦੇ ਰੂਪ ਵਿਚ ਛਾਪਿਆ, ਵੰਡਿਆ ਤੇ ਸਕੂਲਾਂ ਵਿਚ ਪੜ੍ਹਾਇਆ ਜਾਂਦਾ ਸੀ । ਵੈਸੇ ਪੰਜਾਬ ਵਿਚ ਅੰਤਰ-ਸਭਿਆਚਾਰਕ, ਅੰਤਰ-ਸਾਹਿਤ ਸੰਪਰਕ ਦੀ ਪਿਰਤ ਸਦੀਆਂ ਤੋਂ ਹੀ ਪੈ ਚੁੱਕੀ ਸੀ । ਇਸਲਾਮ-ਹਿੰਦੂ ਧਰਮ ਤੇ ਦੋਨਾਂ ਸਭਿਅਤਾਵਾਂ ਦਾ ਆਦਾਨ-ਪ੍ਰਦਾਨ ਤਾਂ ਸਦੀਆਂ ਤੋਂ ਹੀ ਚਲਦਾ ਆ ਰਿਹਾ ਸੀ ਪ੍ਰੰਤੂ ਅੰਗਰੇਜੀ ਰਾਜ ਸਮੇਂ ਇਸ ਨੂੰ ਬਹਿਸਾਂ, ਝਗੜਿਆਂ ਦੇ ਰੂਪ ਵਿਚ ਹੀ ਛਾਪਣ ਦਿੱਤਾ ਜਾਂਦਾ ਸੀ । ਫਿਰ ਵੀ ਪੰਜਾਬੀ ਭਾਸ਼ਾ ਲੋਕ ਲੋੜਾਂ ਸਾਰਨ ਵਾਲੀ ਸੰਪਰਕ ਬੋਲੀ ਮੌਖਿਕ ਲੋਕ ਭਾਸਾ ਦੇ ਰੂਪ ਵਿਚ ਹੀ ਕਾਰਜਸ਼ੀਲ ਰਹੀ, ਗੁਰਮਤਿ ਵਿਦਵਾਨਾਂ ਤੇ ਵਿਚਾਰਵਾਨਾਂ ਨੇ ਇਸ ਨੂੰ ਗੰਭੀਰ ਚਿੰਤਨ ਅਤੇ ਸਿਰਜਨ ਮਾਧਿਅਮ ਭਾਸ਼ਾ ਵਜੋਂ ਵੀ ਵਰਤਿਆ । 1834-35 ਵਿਚ ਲੁਧਿਆਣਾ ਵਿਖੇ ਸਥਾਪਤ ਹੋਏ ਲੁਧਿਆਣਾ ਮਿਸ਼ਨ ਵਲੋਂ ਈਸਾਈ ਮੱਤ ਸੰਬੰਧੀ ਸਾਹਿਤ ਵੰਡਿਆ ਜਾਂਦਾ ਸੀ । ਗੁਰੂ ਰਾਮ ਸਿੰਘ ਨੇ ਪੰਜਾਬੀ ਸਮਾਜ ਵਿਚ ਗੁਰਮੱਤ, ਗੁਰਸਿਖੀ ਜੀਵਨ ਵਿਚ ਮੁੜ ਪ੍ਰੋੜਤਾ ਪ੍ਰਪੱਕਤਾ ਲਿਆਉਣ ਲਈ, ਅੰਮ੍ਰਿਤ ਛਕਾਉਣ ਦੀ ਰਸਮ ਅਦਾ ਕਰਕੇ ਗੁਰਮੁਖੀ ਅੱਖਰ ਸਿੱਖਣ-ਪੜ੍ਹਣ ਪੜ੍ਹਾਉਣ ਦੀ ਅਤੇ ਗੁਰਬਾਣੀ ਦੇ ਪਾਠ ਉਪਰ ਜ਼ੋਰ ਦਿਤਾ ਸੀ । ਗੁਰੂ ਗੋਬਿੰਦ ਸਿੰਘ ਦੇ ਖਾਲਸਾ ਪੰਥ ਨੂੰ ਮੁੜ ਸੁਰਜੀਤ ਕਰਕੇ ਸੰਤ-ਖਾਲਸਾ ਸਾਜ ਗੁਰਬਾਣੀ ਦੇ ਪਾਠ ਤੇ ਗੁਰਮੱਤ ਮਰਯਾਦਾ ਦੇ ਧਾਰਨੀ ਬਣਨ ਦੀ ਪ੍ਰੇਰਨਾ ਵਿਦੇਸ਼ੀ ਵਿਦਿਆ ਦਾ ਬਾਈਕਾਟ ਕਰਕੇ ਗੁਰਮੁਖੀ ਸਿਖਣ ਸਿਖਾਉਣ ਉਪਰ ਜ਼ੋਰ ਦਿੱਤਾ ਸੀ ਜਿਸ ਨਾਲ ਗੁਰਮੁਖੀ ਵਿਚ ਸਾਹਿਤ-ਇਤਿਹਾਸ ਆਦਿ ਛਪਣ ਦੀ ਪਿਰਤ ਪਈ ਪ੍ਰੰਤੂ ਸਰਕਾਰ ਵਲੋਂ ਇਹ ਖੁਲ੍ਹ ਦੇਣੀ ਅਸੰਭਵ ਸੀ ਜਿਸ ਨਾਲ ਇਹ ਪ੍ਰਚਾਰ ਮੌਖਿਕ ਰੂਪ ਵਿਚ ਹੀ ਇਕ ਚੰਗਿਆੜੀ ਇਨਕਲਾਬ ਦੇ ਰੂਪ ਵਿਚ ਭੜਕ ਉੱਠੀ । ਇਹ ਅੰਤਰ-ਸਭਿਅਕ ਮੁਕਾਬਲਾ ਉਨੀਵੀਂ ਸਦੀ ਦਾ ਪੰਜਾਬੀ ਸਾਹਿਤ ਪੰਜਾਬੀ ਸਾਹਿਤਕਾਰੀ ਦੇ ਇਕ ਵਿੱਖ ਪੜਾਅ ਦੇ ਰੂਪ ਵਿਚ ਸ਼ੁਰੂ ਹੋਇਆ ਪ੍ਰੰਤੂ ਪੱਤਰਕਾਰੀ ਦਾ ਹਾਲੇ ਜਨਮ ਨਹੀ ਸੀ ਹੋਇਆ, ਸਿਰਫ ਛੋਟੇ

ਕਿਤਾਬਚੇ ਤੇ ਛੋਟੀਆਂ ਧਾਰਮਿਕ ਪੁਸਤਕਾ ਹੀ ਬਹੁਤ ਘੱਟ ਗਿਣਤੀ ਵਿਚ ਮਿਲਦੀਆਂ ਸਨ ।

ਪੰਜਾਬ ਸਦਾ ਹੀ ਭਾਰਤ ਦੀ ਖੜੱਗ-ਭੁਜਾ ਰਿਹਾ ਹੈ. ਸਦੀਆਂ ਤੋਂ ਹੀ ਖੁਸ਼ਕੀ ਦੇ ਰਸਤੇ ਭਾਰਤ ਉਪਰ ਹੁੰਦੇ ਹਮਲਿਆਂ ਦਾ ਟਾਕਰਾ ਪੰਜਾਬੀਆਂ ਨੂੰ ਹੀ ਕਰਨਾ ਪੈਂਦਾ ਰਿਹਾ ਹੈ. ਉਨੀਵੀ ਸਦੀ ਵਿਚ ਵੀ ਅੰਗ੍ਰੇਜ਼ੀ ਸਾਮਰਾਜ ਵਿਰੁਧ'ਗਦਰ' ਤੇ ਉਸ ਤੋਂ ਪਹਿਲਾ ਵੀ ਆਵਾਜ਼ ਬੁਲੰਦ ਹੁੰਦੀ ਰਹੀ ਹੈ ਇਨਾ ਵਿਦੇਸ਼ੀ ਸਾਮਰਾਜਾਂ ਦੀ ਗੁਲਾਮੀ ਦਾ ਜੂਲਾ ਲਾਹੁਣ ਹਿੱਤ ਪੰਜਾਬੀਆ ਨੇ ਸਦਾ ਹੀ ਪਹਿਲ ਕੀਤੀ ਹੈ। ਦੇਸ਼ ਪ੍ਰਤੀ 'ਅਪਣੱਤ' ਦੇਸ ਭਗਤੀ, ਪੰਜਾਬੀ ਸਾਹਿਤ ਵਿਚ ਅਤੇ ਪੰਜਾਬੀਆਂ ਦੀ ਮਾਨਸਿਕਤਾ ਵਿਚ ਸਿੱਖ ਗੁਰੂਆਂ ਵਲੋਂ ਅਕਹਿ, ਅਸਹਿ ਕਸ਼ਟ ਸਹਾਰ ਅਣਗਿਣਤ ਕੁਰਬਾਨੀਆਂ ਦੇ ਕੇ ਕੁੱਟ ਕੁੱਟ ਕੇ ਭਰੀ ਹੋਈ ਹੈ ਉਨਾਂ ਹੀ ਨਕਸ਼ੇ ਕਦਮਾਂ ਉਪਰ ਚਲਦਿਆਂ ਨਾਮਧਾਰੀ ਗੁਰੂ ਰਾਮ ਸਿੰਘ ਨੇ 12 ਅਪਰੈਲ 1857 ਨੂੰ ਅੰਗਰੇਜ਼ੀ ਸਾਮਰਾਜ ਵਿਰੁਧ ਲੋਕ ਲਹਿਰ ਦੇ ਮੁਢਲੇ ਪ੍ਰਮਾਣਿਤ ਪ੍ਰੋਗਰਾਮ ਅਨੁਸਾਰ ਅੰਗਰੇਜ਼ੀ ਵਿਦਿਆ, ਵਾਪਾਰ ਤੇ ਸਭਿਆਚਾਰ ਦਾ ਬਾਈਕਾਟ (ਕਿਉਂਕਿ ਇਸ ਰਾਹੀ ਤੇ ਪੱਛਮੀ ਵਿਚਾਰਧਾਰਾ ਦਾ ਪ੍ਰਚਾਰ ਭਾਰੂ ਸੀ) ਅਤੇ ਵਿਦੇਸ਼ੀ ਵਸਤੂਆਂ ਦਾ ਬਾਈਕਾਟ ਜਿਸ ਨਾਲ ਅੰਗਰੇਜ਼ੀ ਆਰਥਿਕਤਾ (ਵਾਪਾਰ) ਨੂੰ ਢਾਹ ਲਾਈ ਜਾ ਸਕੇ ; ਵਿਦੇਸੀ ਸਰਕਾਰ ਨਾਲ ਨਾ ਮਿਲਵਰਤਨ ਅਤੇ ਅਸਹਿਯੋਗ ਸ਼ਾਂਤਮਈ ਢੰਗ ਨਾਲ ਅੰਦੋਲਨ ਆਰੰਭਿਆ ਗਿਆ । ਅਜਿਹੇ ਸ਼ਾਂਤਮਈ ਪ੍ਰੋਗਰਾਮ ਨੂੰ ਲੈ ਕੇ ਮਹਾਤਮਾ ਗਾਧੀ ਤੇ ਫਿਰ ਨੈਲਸਨ ਮੰਡੇਲਾ ਆਦਿ ਤੱਕ ਨੇ ਆਜ਼ਾਦੀ ਪ੍ਰਾਪਤ ਕਰਨ ਲਈ ਹੰਭਲਾ ਮਾਰਿਆ ਸੀ । ਪੰਜਾਬੀਆਂ ਨੇ ਆਪਣੇ ਸਭਿਆਚਾਰ ਤੇ ਧਾਰਮਿਕ ਜੀਵਨ ਵਿਚ ਪੁਖਤਗੀ ਤੇ ਪ੍ਰੱਪਕਤਾ ਲਿਆਉਣ ਲਈ ਮੁੜ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਨੂੰ ਸੰਤ ਖਾਲਸਾ-ਨਾਮਧਾਰੀ ਸਿੰਘਾਂ (ਨਾਮ ਤੇ ਗੁਰੂਆਂ ਦੇ ਧਰਮ ਦੇ ਪੈਰੋਕਾਰ ਬਣਾ ਕੇ) ਦੇ ਰੂਪ ਵਿਚ ਮੁੜ ਖਾਲਸਾ ਰਾਜ ਦੀ ਸਥਾਪਨਾ ਲਈ ਤਿਆਰ ਕੀਤਾ । ਇਸ ਸੰਤ ਖਾਲਸਾ ਅਤੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀਆਂ ਗਤੀ ਵਿਧੀਆਂ ਗੁਰਸਿੱਖੀ ਪ੍ਰਚਾਰ ਨੂੰ ਵੇਖ ਅੰਗਰੇਜ਼ੀ ਸਰਕਾਰ ਨੇ ਗੁਰੂ ਰਾਮ ਸਿੰਘ ਨੂੰ ਜਲਾਵਤਨ ਕਰ ਦਿਤਾ ਨਾਮਧਾਰੀ ਸਿੰਘਾਂ ਪ੍ਰਤੀ ਛਪਦੇ ਸਾਹਿਤ ਉਪਰ ਪਾਬੰਦੀ ਲਾ ਦਿੱਤੀ, ਆਪਣੇ ਰਾਜ ਦੇ ਪ੍ਰਚਾਰ ਤੇ ਹਮਦਰਦੀ ਜਿੱਤਣ ਲਈ ਅਤੇ ਈਸਾਈ ਮੱਤ ਦਾ ਸਾਹਿਤ ਛਾਪਣ ਤੇ ਵੰਡਣ ਲਈ ਸਾਰਾ ਤਾਣ ਲਾ ਦਿਤਾ ਗਿਆ । ਜਿਥੇ ਅੰਗਰੇਜ਼ੀ ਪੱਤਰਕਾਰੀ ਵਿਚ ਇਸ ਇਨਕਲਾਬ ਦਾ ਜ਼ਿਕਰ ਆਉਂਦਾ ਰਿਹਾ ਉਥੇ ਗੁਰਮੁਖੀ ਸਾਹਿਤ ਵਿਚ ਇਸ ਅੰਗਰੇਜ਼ੀ ਸਰਕਾਰ ਵਿਰੋਧੀ ਅੰਦੋਲਨ ਨੂੰ ਨਿਰਉਤਸ਼ਾਹਤ ਹੀ ਰਖਿਆ ਗਿਆ ਅਤੇ ਇਸ ਦਾ ਜ਼ਿਕਰ ਨਹੀ ਹੋਣ ਦਿੱਤਾ ਗਿਆ। ਇਸ ਵਿਸ਼ਵ ਵਿਆਪੀ ਸ਼ਾਂਤਮਈ ਅੰਦੋਲਨ ਦਾ ਜ਼ਿਕਰ ਅੰਗਰੇਜ਼ੀ ਪਾਰਲੀਮੈਂਟ ਵਿਚ ਲੰਡਨ ਵਿਖੇ ਤਾਂ ਹੋਇਆ ਪਰੰਤੂ ਭਾਰਤ ਵਿਚ ਇਸ ਨੂੰ ਛੁਟਿਆਉਣ ਹਿੱਤ ਸਿਰਫ਼ ਬਾਗੀ (ਕੂਕਾ)

ਲਹਿਰ ਦਾ ਹੀ ਨਾਮ ਦਿਤਾ ਗਿਆ । ਇਹ ਨਾਮ ਅਮਰੀਕੀ ਘਰੇਲੂ ਜੰਗ ਸਮੇਂ ਇਕ ਬਾਗੀ ਫਿਰਕੇ ਨੂੰ ਦਿਤਾ ਗਿਆ ਸੀ, 1849 ਈ: ਵਿਚ ਕਨਿੰਘਮ ਸਿੱਖ ਇਤਿਹਾਸ ਸਬੰਧੀ ਪੁਸਤਕ ਲਿਖਦਾ ਹੈ ਉਹ KOOKA TRIBES ਦਾ ਜ਼ਿਕਰ ਕਰਦਾ ਹੈ ਅਮਰੀਕਾ ਵਿਚ ਇਹ KOOKS ਦੇ ਨਾਮ ਨਾਲ ਜਾਣੇ ਜਾਂਦੇ ਹਨ। ਜਾਪਾਨ ਵਿਚ ਇਹ KOOKAI ਦੇ ਨਾਮ ਨਾਲ, ਆਸਾਮ ਵਿਚ ਇਹ KOOKIS (ਅੱਜ ਕੱਲ ਨਾਗਾਲੈਂਡ ਵਿਚ) ਜਾਣੇ ਜਾਂਦੇ ਹਨ । ਪੰਜਾਬ ਵਿਚ ਇਨਾਂ ਨੂੰ ਅੰਗਰੇਜ਼ੀ ਸਾਮਰਾਜ ਵਿਰੁੱਧ ਉੱਚੀ ਆਵਾਜ ਬੁਲੰਦ ਕਰਨ ਕਰਕੇ KOOKAS (ਕੂਕਾਂ ਮਾਰਦੇ 'ਬਾਗੀ') ਕਰਕੇ ਪ੍ਰਚਾਰਿਆ ਗਿਆ ਸੀ । ਇਸ 19ਵੀ ਸਦੀ ਦੇ ਸਿੱਖ ਅੰਦੋਲਨ ਦੇ ਇਨਕਲਾਬੀ ਸੂਰਮੇ ਸਿਰਫ਼ 'ਕੂਕੇ' ਹੀ ਨਹੀਂ ਸਨ ਇਹ ਵੀ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੇ ਕੱਟੜ ਪੈਰੋਕਾਰ ਸੰਸਾਰ ਭਰ ਵਿਚ ਗੁਰੂਆਂ ਦਾ ਸੰਦੇਸ਼ ਫੈਲਾਉਣ ਵਾਲੇ ਪੱਛਮੀ ਸਾਮਰਾਜੀ ਸਰਕਾਰਾਂ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਵਾਲੇ ਸੰਤ-ਸਿਪਾਹੀ; ਦੇਸ-ਕੌਮ ਦੀ ਆਜ਼ਾਦੀ ਲਈ ਕੁਰਬਾਨ ਹੋ ਗਏ ਅਮਰ ਸਿੰਘ ਸ਼ਹੀਦਾਂ ਦੀ ਅੰਸ਼ ਵਿਚੋਂ ਹੀ ਹਨ । ਇਨਾਂ ਪੁਰਾਤਨ-ਪ੍ਰੌੜ ਗੁਰਸਿਖਾਂ ਦੇ ਵਿਚਾਰਾਂ ਦਾ ਗੁਰਮੱਤ ਪ੍ਰਚਾਰ ਭਾਵੇਂ ਸਰਕਾਰੀ ਦਬਾਅ ਹੇਠ ਨਹੀ ਹੋ ਸਕਿਆ, ਪਰੰਤੂ ਇਨਾਂ ਦਾ ਪਾਸਾਰ ਸਾਰੇ ਸੰਸਾਰ ਵਿਚ ਹੋਇਆ । ਇਸੇ ਲਈ ਇਨਾਂ ਦੇ ਸਿਧਾਂਤਾਂ ਤੇ ਚਲਦਿਆਂ ਹੀ ਸੰਸਾਰ ਭਰ ਦੀਆਂ ਗੁਲਾਮ ਕੌਮਾਂ ਨੂੰ ਪੱਛਮੀ (ਸਭਿਅਤਾ) ਸਲਤਨਤਾਂ ਤੋਂ ਆਜ਼ਾਦੀ ਹਾਸਲ ਹੋ ਗਈ ਹੈ । 1857 ਤੋਂ 1872 ਦੀਆਂ ਅਹਿਮ ਘਟਨਾਵਾਂ ਨਾਲ ਇਹ ਸਿੱਖ ਇਨਕਲਾਬੀ ਲਹਿਰ ਪੰਜਾਬੀ ਹੀ ਨਹੀ ਸਗੋਂ ਭਾਰਤ ਦੇ ਹਰ ਹਿੱਸੇ ਵਿਚ ਫੈਲ ਗਈ ਸੀ, 20ਵੀ ਸਦੀ ਵਿਚ ਮਹਾਤਮਾ ਗਾਂਧੀ ਨੇ ਇਨਾਂ ਹੀ ਸਿਧਾਂਤਾਂ, ਨਾਮਧਾਰੀ ਗੁਰੂ ਰਾਮ ਸਿੰਘ ਦੇ ਹੀ ਪੱਦ ਚਿੰਨਾਂ ਤੇ ਚੱਲ ਕੇ ਅੰਦੋਲਨ ਸ਼ੁਰੂ ਕੀਤਾ ਸੀ । ਇਕ ਵੱਡਾ ਦੁਖਾਂਤ ਰਿਹਾ ਹੈ ਕਿ ਸਿੱਖ ਸਮਾਜ ਨੇ ਇਤਿਹਾਸ ਸਿਰਜਿਆ ਹੈ ਪਰੰਤੂ ਸਿੱਖ ਧਰਮ ਨਾਲ ਪ੍ਰਤੀਬੱਧਤਾ ਰਖਣ ਵਾਲੇ ਨਿਰਪੱਖ ਇਤਿਹਾਸਕਾਰ ਪੈਦਾ ਨਹੀ ਕੀਤੇ । 19ਵੀ ਸਦੀ ਦੇ ਅਖੀਰੀ ਦੋ ਦਹਾਕਿਆਂ ਤੱਕ ਪੰਜਾਬੀ ਪੱਤਰਕਾਰੀ ਇੰਨੀ ਪ੍ਰਫੁਲਤ ਨਹੀ ਸੀ ਹੋਈ ਲਿਖਾਰੀਆਂ ਦੀ ਪ੍ਰਤੀਬਧਤਾ ਵੀ ਸਰਕਾਰ ਨਾਲ ਹੀ ਜੁੜੀ ਹੋਈ ਸੀ । ਇਸੇ ਕਰਕੇ ਹੀ ਇਸ ਇਨਕਲਾਬੀ ਲਹਿਰ ਦਾ ਸਾਹਿਤ ਵਿਚ ਇੰਨਾ ਜ਼ਿਕਰ ਨਹੀ ਆਇਆ । ਅੰਗਰੇਜ਼ੀ ਪੱਤਰਕਾਰੀ ਵਿਚ ਇਸ ਲਹਿਰ ਦਾ ਜ਼ਿਕਰ ਬੜਾ ਹੀ ਖੁਲੇ ਰੂਪ ਵਿਚ ਆਇਆ ਹੈ (ਦਾਸ ਦੇ ਸੰਗ੍ਰਹਿ ਵਿਚ 1849 ਤੋਂ 1886 ਤੱਕ ਦੇ ਤਕਰੀਬਨ 15-20 ਅਖਬਾਰ ਲੰਡਨ, ਅਲਾਹਬਾਦ, ਕਲਕੱਤਾ, ਲਖਨਊ, ਦਿਲੀ ਅਤੇ ਲਾਹੌਰ ਆਦਿ ਤੋਂ ਛਪਣ ਵਾਲਿਆਂ ਦਾ ਭੰਡਾਰ ਹੈ, ਜਿਹੜਾ ਜਲਦ ਹੀ ਪੁਸਤਕ ਰੂਪ ਵਿਚ ਛਪਾਈ ਅਧੀਨ ਹੈ) । 1884 ਈ: ਵਿਚ ਲਾਹੌਰ ਤੋਂ ਅੰਗਰੇਜ਼ੀ ਵਿਚ THE TRIBUNE ਨਾਮ ਦਾ ਇਕ ਸਪਤਾਹਿਕ ਪਰਚਾ ਜਾਰੀ ਹੋਇਆ ।

ਪਹਿਲਾਂ ਇਹ ਪੂਰਨ ਰੂਪ ਵਿਚ ਸਰਕਾਰ ਦਾ ਬੁਲਾਰਾ ਹੀ ਸੀ; ਫਿਰ ਇਹੋ ਅਖ਼ਬਾਰ ਅੰਬਾਲੇ ਤੋਂ ਤੇ ਅੱਜ ਕੱਲ ਚੰਡੀਗੜ੍ਹ ਤੋਂ ਰੋਜ਼ਾਨਾ ਅਖਬਾਰ ਬਣ ਗਿਆ। ਉਸ ਸਮੇਂ ਦੇ ਪੱਤਰਕਾਰ ਘਟਨਾਵਾਂ ਬਾਰੇ ਵੀ ਪੂਰੀ ਜਾਣਕਾਰੀ ਨਹੀਂ ਸਨ ਰਖਦੇ, 28 ਫਰਵਰੀ 1885 ਈ: ਦੇ ਅੰਕ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਨਾਮਧਾਰੀ ਸਿੱਖ ਲਹਿਰ ਦੇ ਮਹਾਨ ਗੁਰੂ ਬਾਬਤ ਇਕ ਖ਼ਬਰ ਛਪੀ । "(Guru) RAM SINGH the chief of the Kukas of the Punjab who was vanished at Burmah. He was banished to BURMAH from Amritsar after the Kuka disturbances and for whose return the Sikhs petitioned to the Governor General Lord Ripon....."

ਇਸ ਪੱਤਰਕਾਰ ਨੇ ਸਿੱਖਾਂ ਵਲੋਂ ਪਟੀਸ਼ਨ ਕਰਨਾ ਲਿਖਿਆ ਹੈ ਅਤੇ ਅੰਮ੍ਰਿਤਸਰ ਪ੍ਰਤੀ ਇਹ ਭੁਲੇਖਾ ਖਾ ਗਿਆ । ਨਾਮਧਾਰੀ ਗੁਰੂ ਰਾਮ ਸਿੰਘ ਜੀ ਨੂੰ ਲੁਧਿਆਣਾ ਤੋਂ ਜਲਾਵਤਨ ਕੀਤਾ ਗਿਆ ਸੀ ਅਤੇ ਪਟੀਸਨ ਅੰਮ੍ਰਿਤਸਰ ਦੇ ਸਿੱਖਾਂ ਵਲੋਂ ਕੀਤੀ ਜਾਣੀ ਜ਼ਾਹਰ ਕਰਦੀ ਹੈ ਕਿ ਉਹ ਉਸ ਸਮੇਂ ਸਾਰੇ ਸਿਖਾਂ ਦੇ ਆਗੂ 'ਗੁਰੂ' ਸਨ । ਪਰੰਤੂ ਅੰਗਰੇਜੀ ਸਰਕਾਰ ਵਲੋਂ ਇਸ ਇਨਕਲਾਬੀ ਸਤਿਗੁਰੂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਅਲੱਗ ਥਲੱਗ ਕਰਨ ਲਈ ਅਤੇ ਸਿੱਖ ਧਰਮ (ਸਿੱਖ ਸਮਾਜ) ਨੂੰ ਸਿਰਫ 'ਖਾਲਸਾ ਫੌਜ' ਦੇ ਰੂਪ ਵਿਚ ਹੀ ਪ੍ਰਚਲਤ ਕਰਨ ਲਈ ਸਰਕਾਰ ਨੇ ਸਾਹਿਤ ਤੇ ਇਤਿਹਾਸ ਆਦਿ ਵਿਚ ਬਹੁਤਾ ਜ਼ਿਕਰ ਨਹੀਂ ਹੋਣ ਦਿੱਤਾ । ਕੁਝ ਕੁ ਕਿਤਾਬਚੇ ਗੁਰਮੁਖੀ ਵਿਚ ਅਤੇ ਅੰਗਰੇਜ਼ੀ ਪੱਤਰਾਂ ਵਿਚ ਇਸ ਸਿੱਖ ਇਨਕਲਾਬ ਅਤੇ ਧਾਰਮਿਕ-ਸਮਾਜਿਕ ਸੁਧਾਰਕ ਅੰਦੋਲਨ ਬਾਬਤ 1857-1886 ਤੱਕ ਮਿਲਦੇ ਹਨ। ਉਸ ਤੋਂ ਬਾਅਦ 1878 ਈ: ਦੇ Vernacular Press Act ਰਾਹੀ ਸੈਂਸਰ ਹੋ ਜਾਂਦੀਆਂ ਰਹੀਆਂ । 1853 ਦੇ ਲਾਹੌਰ ਦਰਬਾਰ ਤੋਂ ਹੀ ਜਾਹਨ ਲਾਰੈਂਸ ਦੀਆਂ ਹਦਾਇਤਾਂ ਮੁਤਾਬਕ ਸਿਖਾਂ ਨੂੰ ਧਾਰਮਿਕ ਸੰਗਠਨ-ਇਕ 'ਗੁਰੂ' ਦੀ ਅਗਵਾਈ ਹੇਠ ਇਕੱਠੇ ਹੋ ਕੇ ਸਿਖ ਧਰਮ (ਸੰਤ ਖਾਲਸਾ ਪੰਥ) ਦੀ ਵਿਚਾਰਧਾਰਾ ਅਨੁਸਾਰ ਚਲਣ ਤੇ ਇਸ ਧਰਮ ਨੂੰ ਪ੍ਰਫੁਲਤ ਹੋਣ ਨਹੀਂ ਸੀ ਦਿਤਾ ਗਿਆ ਸਗੋਂ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ-ਗੁਰੂ ਗ੍ਰੰਥ ਦਾ ਅਨੁਵਾਦ ਕਰਵਾ ਕੇ ਸਿੱਖ ਵਿਚਾਰਧਾਰਾ ਨੂੰ ਬਦਲਣ ਦਾ ਯਤਨ ਕੀਤਾ ਗਿਆ । ਸਿਖ ਧਰਮ ਨੂੰ ਗ੍ਰਹਿਣ ਕਰਕੇ ਸੰਤ ਖਾਲਸਾ ਪੰਥ ਦੇ ਅਨੁਆਈ ਬਣ ਸਮਝਣ ਤੇ ਅਮਲ ਕਰਨ ਦਾ ਯਤਨ ਨਹੀ ਕੀਤਾ ਸਗੋਂ ਇਸ ਦੇ ਮੁਢਲੇ ਸੰਕਲਪਾਂ ਨੂੰ ਖਤਮ ਕਰਨ ਲਈ ਸਾਹਿਤ ਛਾਪਿਆ ਗਿਆ ਤੇ ਸਿਖ ਧਰਮ ਦੇ ਧਾਰਮਿਕ ਫਲਸਫੇ ਨੂੰ ਆਪਣੀ ਮਨ-ਪਸੰਦ ਦਾ ਮੋੜ ਦੇ ਸਿਰਫ ਸਿਖ ਪੰਥ ਨੂੰ ਧਰਮ ਦੀ ਬਜਾਏ ਇਕ ਫੌਜੀ ਸੰਗਠਨ ਬਣਾ ਕੇ ਹੀ ਰਖ ਦਿਤਾ ਗਿਆ । 1853 ਦੇ ਲਾਹੌਰ ਦਰਬਾਰ ਅਨੁਸਾਰ ਹੀ ਸੰਤਾਂ ਮਹੰਤਾਂ ਦੇ ਡੇਰੇ ਬਣਾ ਦਿੱਤੇ ਗਏ ਸਨ । ਪੰਜਾਬ ਵਿਚ ਤਿੰਨ ਉਘੇ ਡੇਰੇ ਸਥਾਪਤ ਕੀਤੇ ਗਏ ਤਿੰਨਾਂ ਦੇ ਹੀ

ਆਗੂ ਸਾਬਕਾ ਅੰਗਰੇਜ਼ ਫੌਜ ਦੇ ਅਫਸਰ ਬਣਾਏ ਗਏ । ਦੂਸਰੇ ਪਾਸੇ ਨਾਮਧਾਰੀ ਗੁਰੂ ਰਾਮ ਸਿੰਘ ਨੂੰ ਜਲਾਵਤਨ ਕਰ ਦਿਤਾ । ਗਿਆ ਉਨਾ ਦੇ ਪੈਰੋਕਾਰਾਂ ਉਪਰ ਅਸਹਿ ਤੇ ਅਕਹਿ ਤਸ਼ੱਦਦ ਕੀਤੇ ਗਏ ਪਿੰਡਾ ਦੇ ਨੰਬਰਦਾਰਾ, ਸਰਕਾਰੀ ਪਿਠੂਆਂ ਕਰਮਚਾਰੀਆਂ ਨੂੰ ਖਾਸ ਹਦਾਇਤਾਂ ਦਿਤੀਆਂ ਗਈਆਂ ਕਿ ਜੋ ਵੀ ਸੰਤ ਖਾਲਸਾ ਪੰਥ ਦੀਆਂ ਪੁਰਾਤਨ ਰੀਤੀਆਂ, ਗੁਰਮੱਤ ਮਰਯਾਦਾ ਤੇ ਧਰਮ ਵਿਚ ਪਰਪੱਕਤਾ ਰਖਦਾ ਹੈ ਉਸ ਨੂੰ ਪਤਿਤ ਕੀਤਾ ਜਾਵੇ । ਗੁਰਬਾਣੀ ਦਾ ਪਾਠ, ਅਖੰਡ ਪਾਠ, ਸਧਾਰਨ ਪਾਠ ਆਦਿ ਕਰਨ ਉਪਰ ਪਾਬੰਦੀਆਂ ਲਗਾ ਦਿਤੀਆਂ ਗਈਆਂ । ਅਖੰਡ ਪਾਠ ਕਰਨ ਵਾਲਿਆਂ ਦੀਆ ਜਾਇਦਾਦਾਂ ਕੁਰਕ ਕਰਕੇ ਜਲਾਵਤਨ ਤਕ ਦੀਆਂ ਸਖਤ ਸਜ਼ਾਵਾਂ ਦਿਤੀਆਂ ਗਈਆਂ । ਉਸ ਵਕਤ ਪੱਤਰਕਾਰੀ ਹੋਂਦ ਵਿਚ ਨਹੀ ਸੀ ਆਈ, ਜੋ ਪੰਜਾਬੀ ਪ੍ਰੈਸ ਸੀ ਉਸ ਨੂੰ ਸਰਕਾਰ ਦੀਆਂ ਹਦਾਇਤਾਂ ਵਿਰੁੱਧ ਸਾਹਿਤ ਛਾਪਣ ਦੇ ਜੁਰਮ ਵਿਚ ਸਖਤ ਸਜਾਵਾ ਅਤੇ ਸਰਕਾਰੀ ਲਾਲਚ ਰਾਹੀ ਸਿਰਫ਼ ਸਰਕਾਰੀ ਪ੍ਰਚਾਰ ਲਈ ਹੀ ਵਰਤਿਆ ਜਾਂਦਾ ਸੀ, ਅੰਗਰੇਜ਼ੀ ਅਖਬਾਰਾਂ ਵੀ ਜਨ ਸਧਾਰਨ ਦੀ ਪਹੁੰਚ ਤੋਂ ਬਾਹਰ ਸਨ । ਇਹ ਸੱਚ ਹੈ ਕਿ ਜੇ ਉਸ ਸਮੇਂ ਪੰਜਾਬੀ ਅਖ਼ਬਾਰ ਛਪਦੇ ਹੁੰਦੇ ਤਦ ਉਨਾਂ ਨੇ ਇਸ ਆਜ਼ਾਦੀ ਦੇ ਮਹਾਨ ਅੰਦੋਲਨ ਵਿਚ ਜ਼ਰੂਰ ਵੱਧ ਚੜ੍ਹ ਕੇ ਹਿੱਸਾ ਪਾਉਣਾ ਸੀ ਤੇ ਅੰਗਰੇਜ਼ੀ ਸਰਕਾਰ ਨਾਲ ਪੰਜਾਬੀ ਪੱਤਰਕਾਰੀ ਦੀ ਟੱਕਰ ਵੀ ਆਰੰਭ ਹੋ ਜਾਣੀ ਸੀ । ਇਸ ਤੋਂ ਪਹਿਲਾਂ ਖਾਲਸਾ ਰਾਜ ਸਮੇਂ ਲਾਹੌਰ ਦਰਬਾਰ ਵਲੋਂ ਰੋਜ਼ਨਾਮਚਾ ਆਦਿ ਲਿਖਣ ਦੀ ਪਿਰਤ ਪਈ ਸੀ, ਜਿਸ ਨੂੰ ਦਰਬਾਰੀ ਲੋਕ ਹੀ ਲਿਖਦੇ ਤੇ ਪੜਦੇ ਸਨ । ਪੰਜਾਬ ਉਪਰ ਕਬਜ਼ੇ ਤੋਂ ਬਾਅਦ ਇਸ ਦੀ ਜਗ੍ਹਾ ਅੰਗਰੇਜ਼ ਕਰਮਚਾਰੀਆਂ ਅਤੇ ਅੰਗਰੇਜ਼ੀ ਪੜ੍ਹੇ ਹਿੰਦੁਸਤਾਨੀਆਂ ਦੇ ਹੱਥ ਆ ਗਈ । ਇਹ ਅੰਗਰੇਜ਼ੀ ਪੜ੍ਹੇ .ਅੰਗਰੇਜ਼, ਭਗਤ ਪੰਜਾਬੀ ਸਭਿਆਚਾਰ, ਪੰਜਾਬੀ ਪੜ੍ਹਾਈ ਤੋਂ ਬਿਲਕੁਲ ਅਣਜਾਣ ਸਨ ਇਥੋਂ ਤੱਕ ਕਿ ਇਥੋਂ ਦੇ ਸਮਾਜਿਕ ਤੇ ਧਾਰਮਿਕ ਜੀਵਨ ਤੋਂ ਵੀ ਕੋਰੇ ਸਨ । ਪੰਜਾਬ ਦੇ ਪਿੰਡਾਂ ਵਿਚ ਕਿੱਸਾ ਕਾਵਿ ਹੀ ਜਨ-ਜੀਵ ਦਾ ਅਨਿਖੜਵਾਂ ਅੰਗ ਬਣਿਆ ਹੋਇਆ ਸੀ, ਜਿਸ ਵਿਚ ਵੀ ਸਰਕਾਰੀ ਦਬਾ ਹੇਠ ਸਰਕਾਰ ਵਿਰੋਧੀ, ਜਨ-ਜੀਵਨ ਦੇ ਰਖਿਅਕ, ਦੇਸ਼ ਭਗਤ ਆਗੂ ਨੂੰ ਅਤੇ ਸਰਕਾਰ ਦੀ ਟੋਡੀਆਂ ਰਾਹੀ ਲੁੱਟ ਖਸੁੱਟ ਨੂੰ ਨਿੰਦਣ ਵਾਲਿਆਂ ਨੂੰ ਬਾਗੀ ਜਾ ਡਾਕੂ ਦੇ ਰੂਪ ਵਿਚ ਹੀ ਪੇਸ਼ ਕੀਤਾ ਜਾਂਦਾ ਸੀ । (ਪਿੰਡ ਝੋਰੜਾਂ ਦੇ ਬਾਗੀ ਕੂਕੇ ਅਤੇ ਡਾਕੂ ਹਰਫੂਲ ਸਿੰਘ, ਡਾਕੂ ਜੱਗਾ ਆਦਿ ਦੇ ਜੀਵਨ ਕਿੱਸੇ ਪੜ੍ਹ ਕੇ ਦੇਖੇ ਜਾ ਸਕਦੇ ਹਨ) ਰਾਏ ਕੋਟ ਅਤੇ ਮਲੋਦ ਦੇ ਕੂਕੇ ਬਾਗੀ ਸਿੰਘਾਂ ਨੂੰ ਵੀ ਡਾਕੂ ਤੇ ਧਾੜਵੀਆਂ ਦਾ ਨਾਮ ਦਿੱਤਾ ਗਿਆ ਸੀ । ਉਸ ਸਮੇਂ ਦੇ ਰਚੇ ਗਏ ਸਾਹਿਤ ਤੇ ਸਰਕਾਰੀ ਰੀਪੋਰਟਾਂ ਵਿਚ ਦੇਸ਼ ਤੇ ਕੌਮੀ ਭਗਤਾਂ ਨੂੰ ਡਾਕੂ ਬਾਗੀ ਤੇ ਕੂਕਾ ਆਦਿ ਨਾਵਾਂ ਨਾਲ ਹੀ ਯਾਦ ਕੀਤਾ ਜਾਂਦਾ ਰਿਹਾ । ਦੂਸਰੇ ਪਾਸੇ ਪੰਜਾਬੀ ਵਿਦਵਾਨ ਦੀ ਸੋਚ ਇਥੋਂ ਤੱਕ ਸੌੜੀ ਹੋ ਚੁੱਕੀ ਸੀ ਕਿ ਉਸ ਨੂੰ ਅੰਗਰੇਜ਼ੀ

Sri Satguru Jagjit Singh Ji Elibrary NamdhariElibrary@gmail com

ਵਿਦਿਆ ਹੀ ਚਾਨਣੀ ਦਿਖਾਈ ਦੇ ਰਹੀ ਸੀ । ਆਪਣਾ ਅਮੀਰ ਸਭਿਅਕ ਪਿਛੋਕੜ ਉਸ ਦੀ ਪਹੁੰਚ ਤੋਂ ਬਾਹਰ ਸੀ ਇਸੇ ਅੰਧੇਰੀ ਚਾਨਣੀ ਵਿਚ ਉਹ ਲਿਖਦਾ ਹੈ, "ਵੀਹਵੀ ਸਦੀ ਦਾ ਚੜਾਅ ਪੱਛਮੀ ਗਿਆਨ ਪੂਰਕ ਸੀ ਜਿਸ ਨੇ ਪੂਰਬ ਦੇ ਲੋਕਾ ਨੂੰ ਇਕ ਨਵਾ ਉਤਸ਼ਾਹ ਤੇ ਬਲ ਬਖਸ਼ਿਆ । ਸਦੀਆ ਦੀ ਸੁਸਤਾਈ ਅਲੋਪ ਹੋ ਗਈ । ਇਸ ਸਦੀ ਦੇ ਚੜਾਅ ਵਿਚ ਕੁਝ ਐਸੀਆ ਅੰਤਰ-ਰਾਸ਼ਟਰੀ ਘਟਨਾਵਾਂ ਵਾਪਰੀਆਂ ਜਿਨ੍ਹਾ ਨੇ ਪੂਰਬ ਦੇ ਮਨੁੱਖ ਨੂੰ ਜੜੋਂ ਹਲੂਣ ਦਿਤਾ।" ਇਹ ਵਿਚਾਰ ਉਸ ਵਿਦਵਾਨ ਸਜਨ ਦੇ ਹਨ ਜਿਸ ਨੇ ਅੱਖਾ ਹੀ ਅੰਗਰੇਜ਼ੀ ਸਾਮਰਾਜ ਦੇ ਅੰਧੇਰੇ ਵਿਚ ਖੋਲੀਆ ਹਨ ਅਤੇ ਪੂਰਬ ਦੇ ਗਿਆਨ ਦੀਆਂ ਪੁਸਤਕਾ ਦਾ ਉਸ ਦਰਸ਼ਨ ਜਰੂਰ ਕੀਤਾ ਹੋਵੇਗਾ ਜਾ ਸਿਰਫ ਪੂਜਾ ਕੀਤੀ ਹੋਵੇਗੀ ਪਰੰਤੂ ਉਨਾ ਵਿਚਲੇ ਗਿਆਨ ਨੂੰ ਸਮਝਣ ਦਾ ਯਤਨ ਨਹੀ ਕੀਤਾ । ਇਹ ਜ਼ਰੂਰ ਹੈ ਕਿ ਪੱਛਮ ਜਿਹਾ ਪ੍ਰੈਸ ਮੀਡੀਆ ਤੇ ਵਿਗਿਆਨ ਭਾਰਤ ਵਿਚ ਆਮ ਨਹੀ ਸੀ ਪਰ ਫਿਰ ਵੀ ਭਾਰਤ ਵਿਚ ਗਿਆਨ ਵਿਗਿਆਨ ਤੇ ਸਭਿਅਕ ਜੀਵਨ ਉਪਰ ਗ੍ਰੰਥਾਂ ਦੀ ਘਾਟ ਨਹੀ ਸੀ।(ਅੱਜ ਦੀ ਮਿਸਾਲ ਦੇਖੀ ਜਾ ਸਕਦੀ ਹੈ, ਭਾਰਤ ਵਿਚ ਮੌਕਿਆ ਦੀ ਘਾਟ ਹੋ ਪਰੰਤੂ ਵਿਗਿਆਨੀਆ, ਗਿਆਨੀਆ ਤੇ ਇੰਜੀਨੀਅਰਾਂ ਆਦਿ ਦੀ ਘਾਟ ਨਹੀ ਹੈ । ਇਹੋ ਹਾਲ ਉਸ ਸਮੇਂ ਸੀ ਇਸੇ ਕਰਕੇ ਹੀ ਅੰਗਰੇਜ਼ੀ ਸਰਕਾਰ ਵਲੋਂ ਉਸ ਸਮੇ ਹਜ਼ਾਰਾਂ ਪੌਂਡ ਖਰਚ ਕੇ ਭਾਰਤੀ ਗਿਆਨ ਦੀਆਂ ਪੁਸਤਕਾਂ (ਗ੍ਰੰਥਾਂ) ਦਾ ਅਨੁਵਾਦ ਕਰਵਾਇਆ ਜਾ ਰਿਹਾ ਸੀ । ਪ੍ਰੈਸ ਦੀ ਘਾਟ ਕਰਕੇ ਇਹ ਪੂਰਬੀ ਗਿਆਨ ਆਮ ਨਹੀ ਸੀ) ਪੱਤਰਕਾਰੀ ਅਤੇ ਪ੍ਰੈਸ ਦਾ ਆਗਾਜ਼ ਜਨ ਜੀਵਨ ਵਿਚ ਆਮ ਨਹੀ ਸੀ, ਪਰ ਫਿਰ ਵੀ ਪੰਜਾਬੀ ਤੇ ਭਾਰਤੀ ਗਿਆਨ ਵਿਗਿਆਨ ਤੇ ਸਭਿਅਕ ਜੀਵਨ ਤੋਂ ਕੋਰਾ ਨਹੀ ਸੀ । 'ਬੁਧੀਮਾਨ ਭਾਰਤੀਆਂ ਨੇ ਮਿਲ ਕੇ 'ਬਰਕ' ਤੇ 'ਕਾਂਟ' ਆਦਿ ਦੇ ਵਿਭਾਗਾਂ ਨੂੰ ਅਪਨਾ ਲਿਆ ਸੀ ਤੇ ਸੁਤੰਤਰਤਾ ਪ੍ਰਾਪਤੀ ਲਈ ਉਨਾਂ ਅੰਦਰ ਇਕ ਭੁੱਖ ਜਾਗ ਪਈ ਸੀ।' ਇਸ ਵਿਦਵਾਨ ਦੀ ਸੋਚ ਕਿੰਨੀ ਉਧਾਰੀ ਹੈ, ਇਹ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਤੇ ਨਾਮਧਾਰੀ ਗੁਰੂ ਰਾਮ ਸਿੰਘ ਦੀ ਪਵਿਤਰ ਬਾਣੀ ਅਤੇ 'ਖਾਲਸਾ' ਸੰਘਰਸ ਮਈ ਜੀਵਨ ਸਹੀਦਾਂ ਦੀਆ ਕੁਰਬਾਨੀਆਂ ਭਰਿਆ ਇਤਿਹਾਸ ਸਭ ਕੁਝ ਹੀ ਭੁੱਲ ਗਿਆ । ਇਸੇ ਤਰ੍ਹਾ ਹੀ ਰਾਜਨੀਤਿਕ ਵਿਦਵਾਨ ਪੱਛਮੀ ਰਾਜਨੀਤਿਕ ਸਿਧਾਂਤਾਂ ਅਤੇ ਸਾਮਵਾਦੀ ਸਿਧਾਂਤਾਂ ਨੂੰ ਵਡਿਆਉਂਦੇ ਹੀ ਨਹੀ ਥਕਦੇ ਪਰੰਤੂ ਜੇ ਉਨਾਂ ਨੂੰ ਪੂਰਬੀ ਪੁਰਾਤਨ ਗਿਆਨ ਦੇ ਭੰਡਾਰ ਗ੍ਰੰਥਾਂ ਅਤੇ ਸਿਰਫ ਸਿੱਖ ਧਾਰਮਿਕ ਗ੍ਰੰਥਾਂ ਦੀ ਵਿਚਾਰਧਾਰਾ ਬਾਰੇ ਹੀ ਪੁੱਛ ਲਿਆ ਜਾਵੇ ਤਦ ਉਹ ਮੋਨ ਧਾਰ ਲੈਣਗੇ । ਇਸ ਪੱਛਮੀ ਵਿਦਿਆ ਨੇ ਇਹ ਵੀ ਪ੍ਰਭਾਵ ਪਾਇਆ ਹੈ ਕਿ ਸਾਡੇ ਧਾਰਮਿਕ ਗ੍ਰੰਥ ਸਿਰਫ ਪੂਜਣ ਯੋਗ ਹੀ ਹਨ । ਉਨਾਂ ਨੂੰ ਜਨ-ਜੀਵਨ ਵਿਚ ਪੜ੍ਹਨਾ ਤੇ ਅਮਲ ਕਰਨ ਲਈ ਵਰਤਣਾ ਅਤੇ ਵਿਸ਼ਾ ਵਿਸ਼ਲੇਸ਼ਣ ਕਰਨਾ ਇਕ ਪਾਪ ਦੀ ਧਾਰਨਾ ਬਣਾ ਦਿਤਾ ਗਿਆ ਹੈ । ਨਹੀ ਤਾਂ

ਗੁਰਬਾਣੀ ਵਿਚਲਾ 15ਵੀ , 16ਵੀ , 17ਵੀ ਸਦੀ ਦਾ ਗਿਆਨ ਪੱਛਮ ਦੇ ਆਜ਼ਾਦੀ ਦੇ ਸੰਕਲਪ, ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਸੰਕਲਪ ਪੱਛਮੀ ਗਿਆਨ ਨਾਲੋਂ ਸਦੀਆ ਪੁਰਾਣਾ ਗਿਆਨ ਹੈ । ਗੁਰਸਿੱਖੀ ਦੇ ਇਹ ਸੰਕਲਪ ਵਿਦੇਸ਼ੀ ਸਾਮਰਾਜੀ ਤਾਕਤਾ ਦੀ ਗੁਲਾਮੀ ਨੂੰ ਨਿੰਦਦੇ ਹੀ ਨਹੀ ਸਗੋਂ ਪੱਛਮ ਦੀਆਂ ਆਜ਼ਾਦੀ ਲਈ ਖੁਲੀਆ ਅੱਖੀਆ ਤੋਂ ਢੇਰ ਸਾਰਾ ਸਮਾਂ ਪਹਿਲਾਂ ਹੀ ਗਿਆਨ ਭੰਡਾਰ ਅਤੇ ਵਿਚਾਰ ਦੀ ਵਿਨਮੱਤਤਾ ਦੇ ਜਿਉਂਦੇ ਜਾਗਦੇ ਚਾਨਣ ਮੁਨਾਰੇ ਹਨ । ਪਰੰਤੂ ਇਨਾ ਪੱਛਮੀ ਵਿਦਿਆ ਦੇ ਵਿਦਵਾਨਾਂ ਨੂੰ ਆਪਣਾ ਇਤਿਹਾਸਕ ਸਭਿਆਚਾਰਕ ਵਿਰਸਾ ਖੋਖਲਾ ਹੀ ਜਾਪਦਾ ਹੈ । ਕਿਉਂਕਿ ਇਹ ਲਾਰਡ ਮੈਕਾਲੇ ਉਸੇ ਸਕੂਲ ਦੇ ਵਿਦਿਆਰਥੀ ਹਨ ਜਿਸ ਨੇ ਕਿਹਾ ਸੀ, "ਇਕ ਐਸੀ ਕੌਮ ਤਿਆਰ ਕੀਤੀ ਜਾਵੇਗੀ ਜੋ ਦੇਖਣ-ਪੇਖਣ ਨੂੰ ਭਾਵੇਂ ਭਾਰਤੀ ਹੀ ਹੋਵੇਗੀ ਪਰੰਤੂ ਉਸ ਦਾ ਦਿਮਾਗ ਅੰਗਰੇਜੀ ਵਿਚ ਸੋਚੇਗਾ ਅਤੇ ਅੰਗਰੇਜ਼ੀ ਵਿਦਿਆ ਤੇ ਸੋਚ ਦਾ ਧਾਰਨੀ ਹੋਵੇਗਾ ।" ਇਸ ਸੋਚ ਦੀ ਮਿਸਾਲ ਪਹਿਲਾਂ ਦਿਤੀ ਜਾ ਚੁੱਕੀ ਹੈ । ਪੱਤਰਕਾਰੀ ਬਾਰੇ ਪਹਿਲਾਂ ਹੀ ਲਿਖਿਆ ਗਿਆ ਹੈ ਕਿ, 'ਪੱਤਰਕਾਰੀ ਦੀ ਲਿਖਤ ਨੂੰ ਤੁਸੀ ਨਜ਼ਰ ਮਾਰਦੇ ਹੀ ਘੋਖ ਲੈਂਦੇ ਹੋ । ਅਜਿਹੀ ਪੱਤਰਕਾਰੀ ਦਾ ਹਾਲੇ ਤੱਕ ਜਨਮ ਨਹੀ ਸੀ ਹੋਇਆ ਕਿਉਂਕਿ ਸੰਸਾਰ ਵਿਚ ਆਜ਼ਾਦੀ ਦੀ ਲਹਿਰ ਪ੍ਰਫੁੱਲਤ ਨਹੀ ਸੀ ਹੋਈ ਵਿਗਿਆਨ ਦੀਆ ਕਾਢਾ ਵੀ ਹਾਲੇ ਤਕ ਨਵੀਆਂ ਹੀ ਸਨ ਜਿਸ ਕਰਕੇ ਪੱਤਰਕਾਰੀ ਲਈ 'ਨਜਰ ਮਾਰਦੇ ਹੀ ਘੋਖਣ' ਜਿਹੇ ਵਿਸ਼ੇ ਹਾਲੇ ਆਮ ਪ੍ਰਚਲਤ ਨਹੀ ਸਨ ਹੋਏ । ਪਰੰਤੂ ਕਿਤਾਬਚਿਆਂ ਦੇ ਰੂਪ ਵਿਚ ਜਾਂ ਕਿਧਰੇ ਅੰਗਰੇਜ਼ੀ ਅਖ਼ਬਾਰਾਂ ਵਿਚ ਕੁਝ ਚਰਚਾ ਦੇ ਵਿਸ਼ੇ ਵਿਚਾਰੇ ਜਾਂਦੇ ਸਨ ਜਾਂ ਫਿਰ ਵੱਡੇ ਗਰੰਥਾਂ ਵਿਚ ਜਿਨਾਂ ਦੀ ਗਿਣਤੀ ਬਹੁਤੀ ਨਹੀ ਸੀ । ਗਿਆਨ ਦੇ ਪੱਖ ਤੋਂ ਪੰਜਾਬੀਆਂ ਪਾਸ ਬਹੁਤ ਹੀ ਨਿੱਘਰ, ਨਰੋਇਆ, ਉਤਸਾਹੀ , ਸਾਹਿਤ ਅਤੇ ਵਿਰਸਾ ਸੀ । ਸਵਾਮੀ ਵਿਵੇਕਾਨੰਦ 19ਵੀ ਸਦੀ ਦੇ ਅਖੀਰ ਵਿਚ ਇਕ ਛੋਟੇ ਕਿਤਾਬਚੇ ਵਿਚ ਗੁਰੂ ਗੋਬਿੰਦ ਸਿੰਘ ਬਾਬਤ ਲਿਖਦੇ ਹਨ 'ਭਾਰਤੀ ਸੰਸਕ੍ਰਿਤੀ ਵਿਚ ਜੋ ਕੁਝ ਸੁਭ ਤੇ ਸਰਵੋਤਮ ਹੈ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਰਾਹੀ ਪ੍ਰਗਟ ਹੋਇਆ ਹੈ । ਉਹ ਮਨੁੱਖੀ ਆਜ਼ਾਦੀ ਦੇ ਅਲੰਬਰਦਾਰ, ਨਿੱਡਰ ਯੋਧਾ, ਸਮਰੱਥ ਦ੍ਰਿਸ਼ਟਾ ਅਤੇ ਸਬੱਲ ਬਾਣੀਕਾਰ ਸਨ । ਇਕ ਆਜ਼ਾਦ ਫੌਜੀ ਜਰਨੈਲ ਅਤੇ ਬਾਣੀਕਾਰ ਹੋਣਾ ਇਹ ਬਚਿੱਤਰ ਸੁਮੇਲ ਹੈ ਜਿਹੜਾ ਉਨਾ ਦੀ ਹੀ ਸ਼ਖਸੀਅਤ ਵਿਚੋਂ ਪ੍ਰਾਪਤ ਹੁੰਦਾ ਹੈ।'

ਪੰਜਾਬੀਆਂ ਦਾ ਆਪਣਾ ਰਾਜ ਭਾਗ ਖੁੱਸਣ ਤੋਂ ਬਾਅਦ, ਖਾਲਸਾ ਰਾਜ ਨੂੰ ਮੁੜ ਸਥਾਪਤ ਕਰਨ ਲਈ ਮਾਰਿਆ ਹਮਲਾ ਸਿੱਖ ਇਨਕਲਾਬ ਜਿਥੇ ਅੰਗਰੇਜ਼ੀ ਸਾਮਰਾਜ ਵਿਰੁੱਧ ਰਾਜਨੀਤਿਕ ਅੰਦੋਲਨ ਸੀ ਉਥੇ ਉਹ ਇਕ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਇਨਕਲਾਬ ਵੀ ਸੀ ਜਿਸ ਨੇ ਗੁਰੂ ਗੋਬਿੰਦ ਜੀ ਵਾਂਗ ਖਾਲਸਾ ਪੰਥ ਨੂੰ 'ਮੁੜ ਸੁਰਜੀਤ ਕਰਕੇ 'ਸੰਤ ਖਾਲਸਾ' ਦੇ ਰੂਪ ਵਿਚ

ਪ੍ਰਗਟ ਕਰ ਦਿੱਤਾ ਸੀ। ਇਸ ਸਮਾਜਿਕ ਤੇ ਧਾਰਮਿਕ ਸੰਗਠਨ ਵਿਚ ਗੁਰਮੁਖੀ ਅੱਖਰ ਪੜ੍ਹਨੇ-ਪੜ੍ਹਾਉਣੇ, ਗੁਰਬਾਣੀ ਦਾ ਪਾਠ ਆਦਿ ਉਪਰ ਖਾਸ ਜ਼ੋਰ ਦਿੱਤਾ ਜਾਂਦਾ ਸੀ ਅਤੇ ਅੰਗਰੇਜ਼ੀ ਵਿਦਿਆ ਦਾ ਪੂਰਨ ਬਾਈਕਾਟ ਸੀ । ਇਸੇ ਲਈ ਹੀ ਗੁਰੂ ਗੋਬਿਦ ਸਿੰਘ ਜੀ ਦੇ ਸਾਰੇ ਖਾਲਸਾ ਪੰਥ ਬਾਰੇ ਪੱਛਮੀ ਵਿਦਿਆ ਦੇ ਵਿਦਵਾਨਾਂ ਨੇ ਅੱਖਾਂ ਮੀਟ ਰਖੀਆਂ ਸਨ । ਸਰਕਾਰੀ ਪ੍ਰਭਾਵ ਹੇਠ ਛਪਦੇ ਸਾਹਿਤ ਵਿਚ ਇਸ ਅੰਦੋਲਨ ਦੀ ਵਿਰੋਧਤਾ ਵਿਚ ਤਾਂ ਭਾਵੇਂ ਕੁਝ ਛਪਦਾ ਹੋਵੇ ਪਰੰਤੂ ਅਜਿਹੇ ਅੰਦੋਲਨਾ ਬਾਰੇ ਸਾਹਿਤ ਤੇ ਇਤਿਹਾਸ ਦੇ ਪਤਰੇ ਕੋਰੇ ਹੀ ਰਹੇ ਹਨ ਅਜਿਹੇ ਛਪੇ ਸਾਹਿਤ ਨੂੰ ਅਛੂਤ ਸਮਝ ਆਮ ਜਨਤਾ ਤੋਂ ਦੂਰ ਵੀ ਰਖਿਆ ਜਾਂਦਾ ਸੀ ਇਹ ਕੋਈ ਅਲੋਕਾਰੀ ਗੱਲ ਨਹੀ ਸਗੋਂ ਪੱਤਰਕਾਰੀ ਦੇ ਇਤਿਹਾਸ ਦਾ ਇਕ ਪੜਾਅ ਹੈ ।

1880 ਈ: ਅਤੇ ਇਸ ਤੋਂ ਬਾਅਦ ਵੀ ਇੱਕਤ ਦੁੱਕਤ ਅਖਬਾਰ ਛਪੇ ਸਨ ਜਿਨਾਂ ਵਿਚੋਂ ਇਕ ਮੁਨਸੀ ਹਰੀ ਨਰਾਇਣ ਤੇ ਫਿਰਾਇਆ ਲਾਲ ਵਲੋਂ ਗੁਰਮੁਖੀ ਅਖਰਾ ਵਿਚ ਪਹਿਲਾਂ ਪੱਤਰ ਅਖਬਾਰ 'ਸ੍ਰੀ ਦਰਬਾਰ ਸਾਹਿਬ' ਸ਼ੁਰੂ ਕੀਤਾ ਗਿਆ ਸੀ । ਇਸ ਅਖਬਾਰ ਦੇ ਅੱਖਰ ਗੁਰਮੁਖੀ ਸਨ, ਪਰ ਬੋਲੀ ਹਿੰਦੀ ਸੀ । ਇਸ ਅਖ਼ਬਾਰ ਨੂੰ ਛਾਪਣ ਵਾਲੇ ਜਿਥੇ ਕੱਟੜ ਹਿੰਦੀ ਦੇ ਪ੍ਰੇਮੀ ਸਨ ਉਥੇ ਉਹ ਸਰਕਾਰ ਅੰਗਰੇਜ਼ੀ ਦੇ ਵੀ ਅਡੋਲ ਰਾਜ ਭਗਤ ਸਨ । ਇਹ ਆਰੀਆ ਸਮਾਜੀ ਸੋਚ ਵਾਲੇ ਗੁਰਮੱਤ ਉਪਰ ਕਿੰਤੂ ਪਰੰਤੂ ਕਰਨ ਵਾਲੇ ਸਿਖ ਇਨਕਲਾਬ (ਨਾਮਧਾਰੀ ਧਾਰਮਿਕ ਲਹਿਰ ਅਤੇ ਅੰਗਰੇਜ਼ੀ ਸਰਕਾਰ ਵਿਰੁੱਧ ਚਲ ਰਹੇ ਇਸ ਅੰਦੋਲਨ ਬਾਰੇ ਕਦੇ ਵੀ ਜ਼ਿਕਰ ਨਹੀ ਕਰ ਸਕੇ। ਇਸ ਅਖ਼ਬਾਰ ਵਿਚ ਇਨਾਂ ਸੰਪਾਦਕਾਂ ਵਲੋਂ ਇਸ ਇਨਕਲਾਬੀ ਲਹਿਰ ਬਾਰੇ ਨਾਂ ਲਿਖਣ ਕਰਕੇ ਅਤੇ ਸਿਖ ਧਾਰਮਿਕ ਪੰਥਕ ਗਤੀਵਿਧੀਆਂ ਵਿਧੀਆਂ ਵਲੋਂ ਅੱਖਾਂ ਮੀਟਣ ਕਰਕੇ ਇਨਾਂ ਨੂੰ ਰੱਜਵੇਂ ਸਰਕਾਰੀ ਇਸ਼ਤਿਹਾਰ ਮਿਲਦੇ ਰਹੇ । ਇਸੇ ਕਰਕੇ ਹੀ ਇਸ ਅਖ਼ਬਾਰ ਵਿਚ ਇਨਕਲਾਬੀ ਸਿੰਘਾਂ ਨੂੰ ਮਲੇਰ ਕੋਟਲੇ ਤੋਪਾਂ ਨਾਲ ਉਡਾਣ ਵਾਲੇ ਡਿਪਟੀ ਕਮਿਸ਼ਨਰ ਮਿ ਕਾਵਨ ਦੀ ਤਾਰੀਫ ਤਾਂ ਲਿਖੀ ਜਾਂਦੀ ਰਹੀ ਅਤੇ ਉਸ ਨੂੰ ਨੌਕਰੀ ਤੋਂ ਲਾਹੇ ਜਾਣ ਬਾਰੇ ਆਹ ਦੇ ਨਾਹਰੇ ਵੀ ਛਪਦੇ ਰਹੇ ਪਰੰਤੂ ਦੇਸ਼ ਭਗਤਾਂ ਪ੍ਰਤੀ ਕੁਝ ਨਹੀ ਲਿਖਿਆ ਮਿਲਦਾ ।

ਸਿੰਘ ਸਭਾ ਲਹਿਰ ਦੇ ਜ਼ਮਾਨੇ ਵਿਚ ਗੁਰਸਿਖੀ ਦਾ ਪ੍ਰਚਾਰ ਵਿਦਿਅਕ ਅਦਾਰਿਆਂ ਰਾਹੀ ਕਰਨ ਦੇ ਬਹਾਨੇ ਨਾਲ ਅਤੇ ਅੰਗਰੇਜ਼ੀ ਵਿਦਿਆ ਦੇ ਪ੍ਰਭਾਵ ਨਾਲ, ਅੰਗਰੇਜ਼ੀ ਪੜ੍ਹੇ ਸਮਾਜ ਨੇ ਚਲਾਕੀ ਰਾਹੀ ਗੁਰਮਤ ਨੂੰ ਵੀ ਗੀਤਾ ਕੁਰਾਨ ਅਤੇ ਬਾਈਬਲ ਦੇ ਧਰਮ ਰਸਤੇ ਹੀ ਤੋਰ ਲਿਆ, ਗੁਰਬਾਣੀ ਨੂੰ ਸਿਰਫ ਪੂਜਣ ਯੋਗ, ਧਾਰਮਿਕ ਸਾਧਨ ਬਣਾ ਦਿਤਾ ."ਓਪਰੀ ਦ੍ਰਿਸ਼ਟੀ ਤੋਂ ਤਾਂ ਇਹ ਧਾਰਮਿਕ ਪਵਿਤਰ ਗ੍ਰੰਥ ਹੈ, ਸ਼ਾਇਦ ਸਿਖਾਂ ਲਈ ਹੈ ਵੀ ਇਸ ਤਰ੍ਹਾਂ ਹੀ । ਪਰ ਜੇ ਇਸ਼ ਦੇ ਸਮੁੱਚੇ ਪਾਸਾਰ ਨੂੰ ਸਾਮ੍ਹਣੇ ਰਖਿਆ ਜਾਵੇ ਤਾਂ ਇਹ ਇਕ

Sri Satguru Jagjit Singh Ji Elibrary NamdhariElibrary@gmail.com

ਪਵਿਤਰ ਗ੍ਰੰਥ ਹੋਣ ਤੋਂ ਉਪਰੰਤ ਮਨੁਖ ਮਾਤਰ ਦੀ ਭਵਿਸਕਾਲੀਨ ਅਰੋਗ ਉਸਾਰੀ ਲਈ ਅਤੇ ਸਮੁੱਚੇ ਸਮਾਜ ਨੂੰ ਪ੍ਰਗਤੀਸੀਲ ਲੀਹਾਂ ਉੱਤੇ ਉਸਾਰਨ ਲਈ ਗੌਰਵਮਈ ਖਜ਼ਾਨਾ ਹੈ । ਇਸ ਦੇ ਬਹੁਤ ਸਾਰੇ ਪਹਿਲੂ ਇਕ ਪਵਿਤਰ ਧਾਰਮਿਕ ਗ੍ਰੰਥ ਦੇ ਪ੍ਰਸੰਗ ਵਿਚ ਪਹਿਲੀ ਵਾਰੀ ਮਨੁੱਖਤਾ ਦੇ ਸਾਹਮਣੇ ਆਏ ਹਨ।" (ਫੁਟ ਨੋਟ ਸ਼ ਡਾ. ਦਰਸ਼ਨ ਸਿੰਘ ਸ਼ ਸਤਾਰਵੀ ਸਦੀ ਦਾ ਚੋਣਵਾ ਪੰਜਾਬੀ ਸਾਹਿਤ) ਅਤੇ ਵਾਗ ਡੋਰ ਆਪਣੇ ਚਹੇਤੇ ਮਹੰਤ ਸ਼ ਸੰਤ ਤੇ ਮਸੰਦਾਂ ਦੇ ਹੱਥ ਦੇ ਦਿਤੀ ਜਿਨਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾੜਿਆ ਸੀ । ਫਿਰ 20ਵੀ ਸਦੀ ਵਿਚ ਆਪਣੇ ਜ਼ੁਲਮ ਉਪਰ ਪਰਦਾ ਪਾਉਣ ਲਈ ਅਤੇ ਸਿੱਖਾ ਨੂੰ ਭਾਰਤੀ ਆਜ਼ਾਦੀ ਦੀ ਲਹਿਰ ਨਾਲੋਂ ਅਲੱਗ ਥਲੱਗ ਕਰਨ ਲਈ ਗੁਰਦੁਆਰਿਆ ਉਪਰੋਂ ਉਨ੍ਹਾਂ ਮਹੰਤਾਂ ਦਾ ਕਬਜ਼ਾ ਤੋੜਣ ਲਈ ਵਰਤਿਆ ਗਿਆ । ਇਸ ਤਰਾ ਨਾਲ ਖਾਲਸਾ ਪੰਥ ਨੂੰ ਆਪਣੇ ਅਧਿਕਾਰਾਂ ਲਈ ਫਿਰ ਜੂਝਣਾ ਪਿਆ ਜਿਹੜੇ ਕਿ ਪਹਿਲਾਂ ਸਰਕਾਰ ਨੇ ਖੋਹੇ ਸਨ ਅਤੇ ਮਹੰਤਾਂ ਹੱਥ ਦਿੱਤੇ ਸਨ ਮਹੰਤ ਤੇ ਅੰਗਰੇਜ਼ੀ ਪੜੀ ਇਹ ਉਹੋ ਜ਼ਮਾਤ ਸੀ ਜਿਹੜੀ ਬਹੁਤ ਸਮੇਂ ਤੋਂ ਇਸ ਤਾੜ ਵਿਚ ਸੀ ਕਿ ਫਿਰ ਕਿਵੇਂ ਨਾ ਕਿਵੇਂ ਖਾਲਸਾ ਪੰਥ ਨੂੰ ਫਿਰ ਬ੍ਰਾਹਮਣੀ ਕਰਮ ਕਾਂਡ ਵਿਚ ਲਪੇਟਿਆ ਜਾਵੇ; ਜਿਸ ਨੂੰ ਗੁਰੂ ਨਾਨਕ ਦੇਵ ਤੋਂ ਲੈ ਕੇ ਸਿੱਖ ਗੁਰੂ ਸਾਹਿਬਾਨ ਨੇ ਬੜੀਆਂ ਕੁਰਬਾਨੀਆਂ ਦੇ ਕੇ ਸੋਨੇ ਤੋਂ ਕੰਚਨ-ਸਿੱਖ, ਸਿੰਘ, ਖਾਲਸਾ ਤੇ ਸੰਤ ਖਾਲਸਾ ਬਣਾਇਆ ਸੀ, ਮੁਗ਼ਲਾਂ ਦੇ ਜ਼ਾਲਮ ਰਾਜ 'ਚੋਂ ਕੱਢ ਕੇ ਰਾਜ ਭਾਗ 'ਖਾਲਸਾ ਪੰਥ ਨੂੰ ਦਿਤਾ ਸੀ (ਵੀਹਵੀ ਸਦੀ ਵਿਚ ਇਹੋ ਇਕ ਰਾਜਨੀਤਿਕ ਗਰੁਪ (ਪਾਰਟੀ) ਅਕਾਲੀ ਪਾਰਟੀ ਬਣ ਕੇ ਰਹਿ ਗਈ) । ਇਸ ਖਾਲਸਾ ਰਾਜ, 'ਧਰਮਸਾਲ' ਪੰਥਕ ਅਦਾਰਿਆਂ ਨੂੰ ਅੰਗਰੇਜ਼ੀ ਸਰਕਾਰ ਨੇ ਸਿੱਖ ਸਰਦਾਰਾ (ਟੋਡੀਆਂ) ਤੇ ਮਹੰਤਾਂਥਮਸੰਦਾਂ ਦੇ ਹੱਥ ਵਿਚ ਦੇ ਕੇ ਆਪਣੀ ਸਰਦਾਰੀ ਸਥਾਪਤ ਕਰ ਲਈ ਸਾਰੇ ਅਦਾਰਿਆਂ ਦੇ ਪਹਿਲੇ ਮੁਖੀ ਅੰਗਰੇਜ਼ੀ ਅਫਸਰ ਹੀ ਹੋਏ ਹਨ। ਇਨਾਂ ਅਦਾਰਿਆਂ ਦੇ ਆਗੂ, ਅੰਗਰੇਜ਼ੀ ਪੜੇ ਲਿਖੇ ਵਿਦਵਾਨ 'ਸੰਤ ਖਾਲਸਾ'ਤੇ ਸਰਕਾਰ ਵਿਰੋਧੀ ਸਾਹਿਤ ਕਿਵੇਂ ਬਰਦਾਸ਼ਤ ਕਰ ਸਕਦੇ ਸਨ, ਇਨਾ ਵਿਸ਼ਿਆਂ ਉਪਰ ਲਿਖਿਆ ਸਾਹਿਤ ਛਪਣ ਨਹੀ ਸੀ ਦਿਤਾ ਜਾਦਾ ਜਾਂ ਜ਼ਬਤ ਕਰ ਲਿਆ ਜਾਂਦਾ ਸੀ ਇਸੇ ਕਰਕੇ ਹੀ ਗੁਰਮੁਖੀ ਵਿਚ ਪੱਤਰਕਾਰੀ ਨੂੰ ਪ੍ਰਫੁਲਤ ਨਹੀ ਹੋਣ ਦਿਤਾ ਗਿਆ । 1883-1885 ਤੋਂ ਬਾਅਦ ਜਦੋਂ ਸਿੱਖ ਧਰਮ-ਗੁਰਮੱਤ ਦਾ ਪ੍ਰਚਾਰ ਨਵੇਂ ਅੰਗਰੇਜ਼ੀ ਪੜੇ ਵਿਦਵਾਨਾਂ, ਸਰਕਾਰੀ ਅਦਾਰਿਆ ਰਾਹੀ ਅੰਗਰੇਜ਼ੀ ਪ੍ਰਭੁਸਤਾ ਦੇ ਪ੍ਰਭਾਵ ਹੇਠ ਸ਼ੁਰੂ ਹੋਇਆ ਤਦ ਪੰਜਾਬੀ ਪੱਤਰਕਾਰੀ ਵੀ ਪ੍ਰਚੱਲਤ ਹੋ ਗਈ । ਪਹਿਲੇ 'ਖਾਲਸਾ ਅਖਬਾਰ' ਦੇ ਅੰਕ ਨੰ 35 ਵਿਚ ਸੰਪਾਦਕ ਲਿਖਦਾ ਹੈ

"ਆਖਰ ਬੋਲੋ ਧੰਨ ਅੰਗਰੇਜ਼ੀ ਸਰਕਾਰ ।
ਜਾਰਜ ਪਾਤਸ਼ਾਹ ਦੀ ਬੁਲਾਵੇ ਜੈ ਜੈ ਕਾਰ ।

ਪਰਜਾ ਦੇ ਨਾਲ ਜਿੰਨੂ ਵੱਡਾ ਹੈ ਪਿਆਰ ।
ਖਾਲਸਾ ਜੀ ਨੂੰ ਅੱਜ ਵੱਡੀ ਮੌਜ ਤੇ ਬਹਾਰ ।"

ਇਸ ਤਰ੍ਹਾਂ ਦੇ ਅਖਬਾਰਾਂ ਵਿਚ ਛਪਦੇ ਟੋਟਕੇ ਫਿਰ ਕਿਤਾਬਚਿਆਂ ਦੇ ਰੂਪ ਵਿਚ ਅਨੇਕਾ ਮਿਲਦੇ ਹਨ । ਜਿਨਾ ਦਾ ਜ਼ਿਕਰ ਅੰਤਿਕਾ ਵਿਚ ਕੀਤਾ ਗਿਆ ਹੈ । 'ਖਾਲਸਾ ਅਖਬਾਰ' 'ਖਾਲਸਾ ਸਮਾਚਾਰ' ਅਤੇ 'ਸ੍ਰੀ ਦਰਬਾਰ ਸਾਹਿਬ' ਇਨਾ ਸਾਰੇ ਪੱਤਰਾ ਦੇ ਨਾਮ ਸਿੰਘਾ ਦਾ ਧਿਆਨ ਖਿਚਣ ਵਾਲੇ ਸਨ ਪਰ ਸਮਗਰੀ ਰਾਜ ਭਗਤੀ ਅਤੇ ਦੇਸ ਭਗਤੀ ਤੇ 'ਖਾਲਸਾ ਰਾਜ' ਦੇ ਸੰਕਲਪ ਤੋਂ ਉਲਟ ਹੀ ਹੁੰਦੀ ਸੀ । ਸਿੰਘਾਂ ਦੀਆ ਪਲਟਨਾ ਤੇ ਫੌਜੀ ਯੂਨਿਟਾ ਵਿਚ ਆਮ ਅਖ਼ਬਾਰਾ ਦੇ ਸੰਗ੍ਰਹਿ ਕਰਕੇ ਕਿਤਾਬਚਿਆਂ ਦੇ ਰੂਪ ਵਿਚ ਵੰਡੇ ਜਾਂਦੇ ਸਨ । ਇਕ ਹੋਰ ਅਦਾਰਾ 'ਗਹਿਰ ਅੰਬਾਲਾ' ਬਹੁਤ ਸਾਰੇ ਨਿੱਕੇ ਕਿਤਾਬਚੇ, ਰਸਾਲੇ ਤੇ ਪੱਤਰ ਆਦਿ ਛਾਪਦਾ ਰਿਹਾ ਜੋ ਕਿ ਅਸਿੱਧੇ ਤੌਰ ਤੇ ਗੁਰਮੱਤ ਵਿਰੁੱਧ ਪ੍ਰਚਾਰ ਅਤੇ ਅੰਗਰੇਜ਼ੀ ਰਾਜ ਪ੍ਰਤੀ ਵਫਾਦਾਰੀ ਅਤੇ ਅੰਗਰੇਜ਼ੀ ਸਰਕਾਰ ਦੀ ਵਡਿਆਈ ਦੇ ਸੋਹਲੇ ਗਾਉਣ ਵਿਚ ਬਹੁਤ ਮਸਰੂਫ ਸੀ ਇਸ ਦਾ ਕੰਟਰੋਲ ਵੀ ਕੱਟੜ ਹਿੰਦੂ ਪੰਥੀਆਂ ਦੇ ਹੱਥ ਵਿਚ ਸੀ ਇਸ ਤਰ੍ਹਾਂ ਨਾਲ ਸਿੱਖਾ ਦੇ ਦੋਨੋ ਧਾਰਮਿਕ ਕੇਂਦਰਾਂ-ਅੰਮ੍ਰਿਤਸਰ ਅਤੇ ਅਨੰਦਪੁਰ ਸਾਹਿਬ ਦੇ ਗੁਆਂਢ ਵਿਚੋਂ ਇਸ ਰਾਜ ਭਗਤੀ ਦਾ ਪ੍ਰਚਾਰ ਅੰਗਰੇਜ਼ੀ ਸਰਕਾਰ ਦੀ ਸ਼ਹਿ ਨਾਲ ਪੂਰੇ ਜ਼ੋਰ ਸ਼ੋਰ ਨਾਲ ਹੋ ਰਿਹਾ ਸੀ।

ਪ੍ਰੋ: ਗੁਰਮੁਖ ਸਿੰਘ (ਕਿਸੇ ਸਮੇਂ ਇਹ ਮੈਕਾਲਿਫ ਦਾ ਸਾਥੀ ਵੀ ਰਿਹਾ ਦਸਿਆ ਜਾਂਦਾ ਹੈ, ਪ੍ਰੋਫੈਸਰਸ਼ਿਪ ਇਸ ਨੂੰ ਮੈਕਾਲਿਫ ਦੀ ਅਨਾਇਤ ਨਾਲ ਹੀ ਮਿਲੀ ਸੀ ਵੈਸੇ ਵਿਦਿਅਕ ਅਦਾਰਿਆਂ ਵਿਚ ਇਨਾਂ ਨਾਮ ਨਹੀ ਸੀ ਦਰਜ ਕਰਵਾਇਆ) ਨੇ 'ਗੁਰਮੁਖੀ ਅਖਬਾਰ' ਸ਼ੁਰੂ ਕਰਕੇ ਅਸਲ ਅਰਥਾਂ ਵਿਚ ਪੰਜਾਬੀ ਪੱਤਰਕਾਰੀ ਦਾ ਸ੍ਰੀ ਗਣੇਸ ਕਰ ਦਿਤਾ ਮੰਨਿਆ ਜਾਂਦਾ ਹੈ । ਇਹ 8 ਜਾਂ 10 ਸਫੇ ਦਾ ਅਖ਼ਬਾਰ ਸ਼ੁਰੂ ਸ਼ੁਰੂ ਵਿਚ ਲਿਥੋ ਪ੍ਰੈਸ 'ਤੇ ਹੀ ਛਪਦਾ ਸੀ । ਪਹਿਲਾਂ ਇਸ ਨੂੰ ਸਿੰਘ ਸਭਾ ਲਾਹੌਰ ਦੀ ਸਰਪ੍ਰਸਤੀ ਸੀ ਪਰ ਫਿਰ ਜਦੋਂ ਸਿੰਘ ਸਭਾਵਾਂ ਵਿਚ ਪਾਟਕ ਪੈ ਗਿਆ ਤਦ ਇਹ ਸਿੰਘ ਸਭਾ ਅੰਮ੍ਰਿਤਸਰ ਦੇ ਪ੍ਰਬੰਧ ਵਿਚ ਚਲਾ ਗਿਆ । ਇਹ ਅਖ਼ਬਾਰ ਕੁਝ ਕਾਰਨਾਂ ਕਰਕੇ 1888 ਵਿਚ ਬੰਦ ਹੋ ਗਿਆ, ਉਸ ਸਮੇਂ ਪੰਜਾਬ ਵਿਚ ਇਸ ਦਾ ਪੰਜਾਬੀ ਪੱਤਰਕਾਰੀ ਉਪਰ ਬਹੁਤ ਪ੍ਰਭਾਵ ਪਿਆ । ਇਨਾਂ ਦਿਨਾਂ ਵਿਚ PUNJABEE ਨਾਮ ਦਾ ਅੰਗਰੇਜ਼ੀ ਪਰਚਾ ਛਪਦਾ ਸੀ, ਜਿਸ ਵਿਚ ਇਨਕਲਾਬੀ ਕੂਕੇ ਸਿੰਘਾਂ ਦੀ ਬਗਾਵਤ ਦਾ ਜ਼ਿਕਰ ਆਇਆ ਹੈ । ਪਰੰਤੂ 'ਗੁਰਮੁਖੀ ਅਖ਼ਬਾਰ' ਗੁਰਸਿਖੀ ਬਾਰੇ ਅਤੇ ਗੁਰਮੁਖੀ ਲਿਪੀ ਵਿਚ ਹੋਣ ਦੇ ਬਾਵਜੂਦ ਵੀ ਪ੍ਰੋ: ਗੁਰਮੁਖ ਸਿੰਘ ਜੀ ਵੀ ਰਾਜ ਭਗਤੀ ਤੇ ਮਨਮੁਖਤਾ ਦਾ ਹੀ ਪ੍ਰਚਾਰ ਕਰਦਾ ਰਿਹਾ । ਸਿੰਘ ਸਭਾਵਾਂ ਦੀ ਲਹਿਰ ਅੰਗਰੇਜ਼ੀ ਸਰਕਾਰ ਦੀ ਸਰਪ੍ਰਸਤੀ ਹੇਠ ਚਲਾਈ ਲਹਿਰ ਦਾ ਮੁੱਖ ਮਕਸਦ ਗੁਰਸਿਖੀ ਦਾ ਪ੍ਰਚਾਰ ਵਿਦਿਅਕ ਅਦਾਰਿਆਂ ਰਾਹੀ ਕਰਨ ਦਾ ਸੀ, ਇਸ

ਸਰਕਾਰੀ ਸਰਪ੍ਰਸਤੀ ਹੇਠ ਚਲਾਈ ਲਹਿਰ ਨੇ ਆਪਣੀ ਕ੍ਰਿਤੱਗਤਾ ਅੰਗਰੇਜ਼ੀ-ਸਰਕਾਰ ਭਗਤੀ ਰਾਹੀਂ ਹੀ ਪ੍ਰਗਟ ਕੀਤੀ । ਕਿਸ ਭਾਸ਼ਾ ਵਿਚ, ਕਿਸ ਸਭਿਆਚਾਰ ਕਿਸ ਵਿੱਦਿਅਕ ਪ੍ਰਣਾਲੀ ਅਤੇ ਕਿਹੜੀ ਗੁਰਮੱਤ ਮਰਯਾਦਾ ਦਾ ਪ੍ਰਚਾਰ ਕਰਨਾ ਹੈ ? ਇਹ ਅੰਗਰੇਜ਼ੀ ਸਰਕਾਰ ਦੇ ਸਰਪ੍ਰਸਤ-ਅਫਸਰ ਤੇ ਕਰਮਚਾਰੀਆਂ ਦੇ ਹੱਥ ਵਿਚ ਸੀ । ਜਿਸ ਕਰਕੇ ਰਾਜ ਭਗਤੀ ਤੇ ਅੰਗਰੇਜ਼ੀ ਵਿਚਾਰਧਾਰਾ ਦੇ ਪ੍ਰਚਾਰ ਤੋਂ ਉਪਰ ਇਨਾਂ ਦਾ 19ਵੀਂ ਸਦੀ ਵਿਚ ਛਪਿਆ ਸਾਹਿਤ ਨਹੀ ਉੱਠ ਸਕਿਆ ਸੀ।

ਉਨੀਵੀਂ ਸਦੀ ਦੇ ਅਖੀਰੀ ਸਾਲਾਂ ਤਕ 'ਗੁਰਮੁਖੀ ਅਖਬਾਰ' ਦੇ ਸਮਕਾਲੀ ਅਤੇ ਇਸ ਦੇ ਪਿਛੋਂ 17 ਹੋਰ ਅਖਬਾਰ ਪੰਜਾਬੀ ਵਿਚ ਨਿਕਲਣੇ ਸ਼ੁਰੂ ਹੋਏ, ਬਹੁਤ ਸਾਰੇ ਅਖ਼ਬਾਰ ਤਾਂ ਸਾਲ ਦੋ ਸਾਲ ਚੱਲ ਕੇ ਹੀ ਬੰਦ ਹੋ ਗਏ । ਉਸ ਵਕਤ ਛਪਦੇ ਅਖ਼ਬਾਰਾਂ ਦੀ ਬੋਲੀ ਸ਼ੁੱਧ ਗੁਰਮੁਖੀ ਲਿਪੀ ਨਹੀ ਸੀ ਹੁੰਦੀ ਉਸ ਵਿਚ ਜਾਂ ਤਾਂ ਹਿੰਦੀ ਜਾਂ ਫਿਰ ਉਰਦੂ ਦੇ ਸ਼ਬਦਾਂ ਦਾ ਜ਼ਿਆਦਾ ਬੋਲ ਬਾਲਾ ਹੁੰਦਾ ਸੀ ।ਇਨਾਂ ਵਿਚ ਕੁਝ ਵਰਨਣ ਯੋਗ ਨਾਮ ਸ਼ 'ਖਾਲਸਾ ਅਖ਼ਬਾਰ, ਗੁਰਮਤਿ ਪ੍ਰਕਾਸ਼, ਸਿੰਘ ਸਭਾ ਗਜ਼ਟ ਖਾਲਸਾ ਸਮਾਚਾਰ, ਸੁਧਾਰ ਪੱਤ੍ਰਕਾ, ਨਿਰਗੁਣਿਆਰਾ, ਅਮਰ ਪੱਤ੍ਰਕਾ ਤੇ ਖਾਲਸਾ, ਨੌਜਵਾਨ ਬਹਾਦਰ ਸਨ।' ਹੋਰ ਵੀ ਛੱਪਦੇ ਪੱਤਰਾਂ ਬਾਰੇ ਨਾਂ ਜਾਣਕਾਰੀ ਮਿਲਣ ਕਰਕੇ ਸ਼ਾਇਦ ਕੁਝ ਨਾਮ ਰਹਿ ਗਏ ਹੋਣ । ਇਨਾਂ ਬਹੁਤੀਆਂ ਪੱਤਰਕਾਵਾਂ ਦਾ ਵਿਸ਼ਾ, ਧਾਰਮਿਕ ਬਹਿਸਾਂ ਵਿਚ ਹਿੱਸਾ ਲੈਣਾ ਹੀ ਸੀ ਜਿਹੜੀਆਂ ਕਿ ਨਵੇ ਬਣੇ ਆਰੀਆ ਸਮਾਜੀਆਂ ਅਤੇ ਮੁਸਲਮਾਨਾਂ ਦੇ ਫਿਰਕੇ ਅਹਿਮਦੀਆਂ (ਕਾਦੀਅਨ) ਜਾਂ ਫਿਰ ਵਖੋ ਵਖਰੀਆਂ ਸਿੰਘ ਸਭਾਵਾਂ ਵਲੋਂ ਆਪਸ ਵਿਚ ਸ਼ੁਰੂ ਕੀਤੀਆਂ ਹੋਈਆਂ ਧਾਰਮਿਕ ਬਹਿਸਾਂ ਬਾਰੇ ਲੇਖ, ਖਬਰਾਂ ਆਦਿ ਛਾਪਣੇ ਹੀ ਹੁੰਦਾ ਸੀ ਇਨਾਂ ਵਿਚ ਪੰਜਾਬੀ ਬੋਲੀ ਵਿਦਿਆ ਦਾ ਪ੍ਰਚਾਰ ਤੇ ਧਾਰਮਿਕ ਸਮਾਜਿਕ ਕੁਰੀਤੀਆਂ ਬਾਰੇ ਵੀ ਲੇਖ ਆਮ ਤੌਰ ਤੇ ਛਪਦੇ ਰਹਿੰਦੇ ਸਨ ਇਨਾਂ ਦੀ ਬਹੁਤੀ ਸਰਪ੍ਰਸਤੀ ਵਡੇ ਸਰਦਾਰ, ਰਾਜੇ ਤੇ ਜਾਗੀਰਦਾਰਾਂ ਵਲੋਂ ਹੋਣ ਕਰਕੇ ਸਰਕਾਰ ਵਿਰੁਧ ਚਲੀਆਂ ਲਹਿਰਾਂ, ਖਾਲਸਾ ਰਾਜ 'ਗੁਰੂ ਤੇ ਨਾਮ ਉਪਰ ਅਧਾਰਿਤ ਧਰਮ' (ਸਿਖ ਧਰਮ) ਅਤੇ ਪੰਥਿਕ ਧਾਰਮਿਕ ਸਰਗਰਮੀਆਂ ਬਾਰੇ ਛਾਪਣ ਤੋਂ ਸਦਾ ਹੀ ਬਹੁਤ ਗੁਰੇਜ਼ (ਪ੍ਰਹੇਜ਼) ਕੀਤਾ ਜਾਂਦਾ ਸੀ । ਦੂਸਰੇ ਪਾਸੇ ਇਨਾਂ ਪੱਤਰਾਂ ਵਿਚ ਛਪਦੀਆਂ ਬਹਿਸਾਂ ਤੇ ਸਮਾਜਿਕ ਕੁਰੀਤੀਆਂ ਨੂੰ ਨਸ਼ਰ ਹੁੰਦਿਆਂ ਵੇਖ ਅੰਗਰੇਜ਼ ਪ੍ਰਸਤ ਮੀਡੀਆ, ਈਸਾਈ ਮੱਤ ਦਾ ਪ੍ਰਚਾਰ ਅਤੇ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਆਦਿ ਦਾ ਢੰਢੋਰਾ ਪਿੱਟਦੇ ਰਹਿੰਦੇ ਸਨ । ਇਸੇ ਦੌਰ ਤੋਂ ਬਾਅਦ ਬਹੁਤ ਸਾਰੇ ਪੰਜਾਬੀ (ਸਿੰਘ) ਅੰਗਰੇਜ਼ੀ ਫੌਜ ਵਿਚ ਨੌਕਰੀਆਂ ਕਰਨ ਕਰਕੇ ਅਤੇ ਰੋਜ਼ੀ-ਰੋਟੀ ਦੀ ਭਾਲ ਵਿਚ ਬਾਹਰਲੇ ਮੁਲਕਾਂ ਵਿਚ ਫੈਲ ਗਏ, ਉਨਾਂ ਵਿਦੇਸ਼ੀ ਮੁਲਕਾਂ ਵਿਚ ਆਉਂਦੀਆਂ ਮੁਸ਼ਕਲਾਂ ਦਾ ਰੋਣਾ ਰੋਣ ਲਈ ਕੁਝ ਅਖ਼ਬਾਰ ਵੀ ਸ਼ੁਰੂ ਕੀਤੇ । ਇਸ 19ਵੀ ਸਦੀ ਦੇ ਅੰਤ

Sri Satguru Jagjit Singh Ji Elibrary NamdhariElibrary@gmail.com

ਅਤੇ 20ਵੀ ਸਦੀ ਦੇ ਸ਼ੁਰੂ ਵਿਚ ਸਿੱਖ ਕੌਮੀ ਸਾਹਿਤ ਦਾ ਕੌਮੀ ਪੰਜਾਬੀ ਪੱਤਰਕਾਰੀ ਦਾ ਆਗਾਜ਼ ਹੁੰਦਾ ਹੈ । ਕਾਮਾਗਾਟਾ ਮਾਰੂ ਜਹਾਜ਼ ਤੇ ਬੱਜ ਬੱਜ ਘਾਟ ਦੇ ਸਾਕੇ ਪਿਛੋਂ ਪੰਜਾਬੀ ਪੱਤਰਕਾਰੀ ਦੇ ਸਿਆਸੀ ਤੌਰ ਉਤੇ ਸ਼ਾਂਤ ਵਾਤਾਵਰਣ ਵਿਚ ਤੂਫਾਨ ਹੀ ਆ ਗਿਆ । ਉਸ ਸਮੇਂ ਅਮਰੀਕਾ, ਕੈਨੇਡਾ ਵਿਚ ਰਹਿੰਦੇ ਹਿੰਦੁਸਤਾਨੀਆਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੀ ਸੀ, ਉਨਾਂ ਨੇ ਪਹਿਲਾਂ ਹੀ 'ਗਦਰ' ਅਖ਼ਬਾਰ ਰਾਹੀਂ ਗ਼ੁਲਾਮੀ ਦਾ ਜੁਲਾ ਲਾਹ ਦੇਣ ਦੀ ਪ੍ਰੇਰਨਾ ਕਰਨੀ ਸੁਰੂ ਕਰ ਦਿਤੀ ਹੋਈ ਸੀ । ਪੰਜਾਬ ਵਿਚ ਵੀ ਪੰਜਾਬੀ ਪੱਤਰਕਾਰੀ ਤੇ ਪੰਜਾਬੀ ਅਖ਼ਬਾਰਾਂ ਨੇ ਰਾਜ ਭਗਤੀ ਦਾ ਬੁਰਕਾ ਲਾਹ ਕੇ ਗ਼ੁਲਾਮੀ ਦੀ ਛੱਟ ਉਤਾਰ ਅੰਗਰੇਜ਼ੀ ਸਾਮਰਾਜ ਵਿਰੁੱਧ ਆਵਾਜ਼ ਬੁਲੰਦ ਕਰ ਦਿਤੀ । ਵਿਦੇਸ਼ਾਂ ਵਿਚ ਸਿੰਘਾਪੁਰ, ਬਰਮਾ, ਅਮਰੀਕਾ ਤੇ ਕਨੇਡਾ ਆਦਿ ਦੇਸ਼ਾਂ ਵਿਚ ਆਜ਼ਾਦੀ ਦੀ ਲਹਿਰ 'ਗਦਰ ਲਹਿਰ' ਦਾ ਆਗਾਜ਼ ਹੋ ਗਿਆ, ਇਨਾਂ ਮੁਲਕਾਂ ਵਿਚ ਅੰਗਰੇਜ਼ ਫੌਜ ਵਿਚਲੇ ਫੌਜੀਆਂ ਅਤੇ ਸਥਾਨਕ ਸਨਾਤਨੀ ਸਿੰਘਾਂ ਵਿਚ ਟੱਕਰ ਚਲਦੀ ਰਹਿੰਦੀ ਸੀ, ਜਿੱਤ ਅੰਗਰੇਜ਼ ਭਗਤ ਜਾਂਦੇ ਸਨ, ਪਰੰਤੂ ਅਮਰੀਕਾ ਤੇ ਕਨੇਡਾ ਵਿਚ 'ਗਦਰੀ ਬਾਬੇ' ਬਹੁਤ ਸਰਗਰਮ ਸਨ ਉਨਾ ਨੇ ਗਦਰ ਲਹਿਰ ਅੰਦੋਲਨ ਸੁਰੂ ਕਰਕੇ ਸੁਤੰਤਰਤਾ ਸੰਗਰਾਮ ਲਈ ਦੇਸ ਵਾਸੀਆਂ ਨੂੰ ਲਲਕਾਰਨ ਦਾ ਕੰਮ 'ਗਦਰ ਅਖਬਾਰ' ਰਾਹੀ ਸੁਰੂ ਕਰ ਦਿਤਾ । ਪੰਜਾਬੀ ਪੱਤਰਕਾਰੀ ਦੇ ਇਤਿਹਾਸ ਦੇ ਵਿਦਿਆਰਥੀਆਂ ਦੀ ਰਾਏ ਹੈ ਕਿ ਇਨਾਂ 'ਗਦਰ ਅਖਬਾਰ' 'ਗਦਰ ਗੂੰਜਾਂ', 'ਗਦਰ ਦੀ ਗੂੰਜ' ਤੇ 'ਗਦਰ' ਅਖਬਾਰਾਂ ਦਾ ਪੰਜਾਬੀ ਪੱਤਰਕਾਰੀ ਵਿਚ ਪ੍ਰਵੇਸ਼ ਭੂਚਾਲ ਤੇ ਤੂਫਾਨ ਵਾਂਗ ਸੀ , ਇਨਾਂ ਦੀ ਟੱਕਰ ਲੈਣ ਲਈ ਰਾਜ ਭਗਤ ਵੀ ਪੱਛਣ ਗਏ, ਸਿਰਫ ਸਰਕਾਰੀ ਜ਼ਬਤ ਦੀ ਕੈਂਚੀ ਇਨਾਂ ਦੇ ਨਾਮ ਬਦਲਦੀ ਰਹੀ, ਪਰੰਤੂ ਇਹ 'ਗੂੰਜ' ਭੁਕਿਆਂ ਵਲੋਂ ਸ਼ੁਰੂ ਕੀਤੀ ਹੋਈ ਸੀ ਜੋ ਹੋਰ ਉੱਚੀ ਹੁੰਦੀ ਗਈ (ਗ਼ਦਰ ਪਾਰਟੀ ਦਾ ਪਹਿਲਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਜੀ ਆਪਣੀ ਸਵੈਜੀਵਨੀ ਵਿਚ ਮੰਨਦਾ ਹੈ ਕਿ ਉਨਾਂ ਨੂੰ ਪ੍ਰੇਰਨਾ ਸੰਤ ਕੇਸਰ ਸਿੰਘ ਚਵਿੰਡੇ ਵਾਲਿਆਂ ਪਾਸੋਂ ਹੋਈ । ਦੇਸ ਭਗਤੀ ਦੀ ਗੁੜਤੀ ਉਨਾਂ ਨੂੰ ਗੁਰਸਿੱਖ ਸੰਤਾਂ ਪਾਸੋਂ ਮਿਲੀ ਸੀ।) ਪੰਜਾਬੀ, ਉਰਦੂ,ਹਿੰਦੀ, ਬੰਗਾਲੀ ਤੇ ਮਰਾਠੀ ਵਿਚ ਇਹ ਅਖ਼ਬਾਰ ਦੁਨੀਆਂ ਭਰ ਵਿਚ ਲੱਖਾਂ ਦੀ ਗਿਣਤੀ ਵਿਚ ਪਹੁੰਚਣ ਲੱਗਾ । ਸੋ ਇਸ ਲਹਿਰ ਨੇ ਪੁਰਾਤਨ ਸਵੈਮਾਨ, ਸਖਸ਼ੀ-ਰਾਜਸੀ ਆਜ਼ਾਦੀ ਦੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ ਜਿਵੇ ਕਿ ਸਿੱਖ ਇਨਕਲਾਬ ਵਿਚ ਕੂਕੇ ਸਿੰਘਾਂ ਦੇ ਅੰਦੋਲਨ ਨੇ ਲੋਕਾਂ ਵਿਚ ਸਵੈ-ਵਿਸ਼ਵਾਸ ਪੈਦਾ ਕੀਤਾ ਸੀ । ਉਨਾਂ ਦੇਸ਼ ਭਗਤ ਲੋਕਾਂ ਦਾ ਮਨ ਰਾਸ਼ਟਰੀ ਗੌਰਵ...ਅਪਣੱਤ' ਨਾਲ ਭਰ ਗਿਆ ਤੇ ਉਨਾਂ ਦੀ ਸੰਸਕ੍ਰਿਤੀ ਤੇ ਸਭਿਆਚਾਰ ਨੂੰ ਹੜੱਪ ਕਰਨ ਵਾਲੇ ਸਾਮਰਾਜ ਪ੍ਰਤੀ ਘ੍ਰਿਣਾ ਉਪਜਣੀ ਸੁਰੂ ਹੋ ਗਈ। ਇਸ ਲਹਿਰ ਸਮੇਂ ਭਾਰਤੀ ਪ੍ਰੈਸ ਦਾ ਕਾਫੀ ਵਿਕਾਸ ਹੋ ਚੁੱਕਾ ਸੀ ਇਕ ਅਖ਼ਬਾਰ

Sri Satguru Jagjit Singh Ji Elibrary NamdhariElibrary@gmail.com

'ਬੰਦੇ ਮਾਤਰਮ' ਕਲਕਤੇ ਤੋਂ ਭਾਵੇਂ ਅੰਗਰੇਜ਼ੀ ਵਿਚ ਹੀ ਛਪਦਾ ਸੀ ਪਰੰਤੂ ਕੰਟਰੋਲ ਪੰਜਾਬੀ ਇਨਕਲਾਬੀਆਂ ਪਾਸ ਹੀ ਸੀ । ਜਿਨਾ ਵਿਚੋਂ ਲਾਲਾ ਲਾਜਪੱਤ ਰਾਏ ਸ: ਅਜੀਤ ਸਿੰਘ ਆਦਿ ਸਿਰਕੱਢ ਨੇਤਾ ਸਨ, ਜਿਨਾ ਦੀਆ ਨੈਸ਼ਨਲਿਸਟ ਗਤੀ ਵਿਧੀਆਂ ਨੇ ਇਸ ਅਖ਼ਬਾਰ ਉਪਰ ਪੰਜਾਬੀ ਸਭਿਆਚਾਰ ਦੀ ਮੋਹਰ ਲਾ ਦਿਤੀ ਸੀ; ਇਸੇ ਲਈ ਇਸ ਦਾ ਪੰਜਾਬ ਵਿਚ ਆਉਣਾ ਬੰਦ ਕਰ ਦਿਤਾ ਗਿਆ ਸੀ: 'ਗ਼ਦਰ ਅਖ਼ਬਾਰ', 'ਗਦਰ ਕੀ ਗੂੰਜ', 'ਗਦਰਪਾਰਟੀ ਦਾ ਜਨਮ ਦਿਨ', 'ਗਦਰਸ਼ਏਸ਼ਵਤਨ' (ਉਰਦੂ) 'ਗਦਰ' (ਹਿੰਦੀ), 'ਬੰਦੇ ਮਾਤਰਮ' (ਹਿੰਦੀ), 'ਜ਼ਿੰਦਾ ਸ਼ਹੀਦ ਬਾਬੇ' ਅਤੇ ਇਸ ਗਦਰ ਲਹਿਰ ਵਿਚ ਛਪਦੇ ਹੋਰ ਸਾਹਿਤ ਨਾਲ ਪੰਜਾਬ ਪ੍ਰੈਸ ਅਤੇ ਪੱਤਰਕਾਰੀ ਵਿਚ ਇਕ ਨਵਾਂ ਜੁਝਾਰੂ ਤੇ (ਅੰਗਰੇਜੀ) ਵਿਦੇਸ਼ੀ ਸਾਮਰਾਜ ਵਿਰੋਧੀ ਕਾਂਡ ਦਾ ਸ੍ਰੀ ਗਣੇਸ਼ ਵੀ ਹੁੰਦਾ ਹੈ ਅਤੇ ਦੂਸਰੇ ਧਾਰਮਿਕ ਰੰਗਤ ਵਾਲੇ ਪੰਜਾਬੀ ਅਖਬਾਰ ਵੀ ਜਰਾ ਖੁੱਲ ਕੇ ਲਿਖਣ ਲੱਗ ਪਏ, 'ਕੇਸਰੀ' ਅਖ਼ਬਾਰ ਵੀ ਕਾਫੀ ਤਿੱਖੇ ਹਮਲੇ ਕਰਦਾ ਰਿਹਾ ਸੀ ।

ਪੰਜਾਬੀ ਅਖ਼ਬਾਰਾਂ ਵਿਚ ਪਹਿਲੀ ਵਿਸਵ ਜੰਗ ਬਾਪਤ 'ਭਰਤੀ ਵੇਲਾ' ਫੌਜ ਵਿਚ ਭਰਤੀ ਦੀ ਪ੍ਰੇਰਣਾ ਅਤੇ ਰੂਸੀ ਇਨਕਲਾਬ ਵਾਰੇ ਕਾਫੀ ਕੁਝ ਛੱਪਿਆ, ਗਦਰ ਪਾਰਟੀ ਦਾ ਸਾਹਿਤ ਹੀ ਆਪਣੇ ਉਸ ਸਮੇਂ ਦਾ ਵਿਸ਼ਾ ਰਿਹਾ। ਅੰਤ ਵਿਚ 1919 ਦੇ ਜਲ੍ਹਿਆ ਵਾਲੇ ਸਾਕੇ ਨੇ ਪੰਜਾਬੀਆਂ ਦੇ ਹਿਰਦੇ ਵਲੂੰਧਰ ਕੇ ਰਖ ਦਿਤੇ, ਪਰੰਤੂ ਰੋਲਟ ਐਕਟ ਅਤੇ ਸੈਂਸਰ ਦੀ ਕੈਂਚੀ ਨੇ ਇਸ ਅਤਿਆਚਾਰ ਨੂੰ ਪੰਜਾਬ ਵਿਚ ਬਹੁਤਾ ਨਸ਼ਰ ਨਹੀ ਹੋਣ ਦਿਤਾ । ਪਹਿਲੇ ਵਿਸ਼ਵ ਯੁੱਧ ਦੇ ਖਤਮ ਹੋਣ 'ਤੇ ਲੋਕਾਂ ਦੀਆਂ ਦੱਬੀਆਂ ਸਧਰਾਂ ਦਾ ਲਾਵਾ ਭੜਕ ਉਠ ਸਕਦਾ ਸੀ, ਜਲ੍ਹਿਆਂ ਵਾਲੇ ਬਾਗ ਦਾ ਸਾਕਾ ਬਲਦੀ ਉਪਰ ਤੇਲ ਦਾ ਕੰਮ ਕਰ ਸਕਦਾ ਸੀ: ਆਇਰਲੈਂਡ ਦੀ ਹੋਮ ਰੂਲ ਮੂਵਮੈਂਟ ਤੇ ਮਹਾਤਮਾ ਗਾਂਧੀ ਦਾ ਪਹਿਲਾ ਨਾ-ਮਿਲਵਰਤਨ ਅੰਦੋਲਨ ਵੀ ਪ੍ਰਭਾਵ ਪਾ ਸਕਦਾ ਸੀ ਪਰੰਤੂ ਅੰਗਰੇਜ਼ੀ ਸਰਕਾਰ ਦੀ ਚਲਾਕੀ ਨਾਲ ਸਿੱਖ ਮਾਨਸਿਕਤਾ ਨੂੰ ਗੁਰਦਵਾਰਾ ਸੁਧਾਰ ਲਹਿਰ ਵੱਲ ਅਤੇ ਪੰਜਾਬੀ ਮੁਸਲਮਾਨ ਨੂੰ ਖਿਲਾਫਤ ਲਹਿਰ ਵਿਚ ਮਸ਼ਰੂਫ ਕਰ ਦਿੱਤਾ ਗਿਆ ਸੀ ।ਪੰਜਾਬ ਵਿਚ ਮਾਰਸ਼ਲ ਲਾਅ ਲਾਗੂ ਕਰਕੇ ਪ੍ਰੈਸ ਦਾ ਜਮ੍ਹਾਂ ਹੀ ਗਲਾ ਘੁੱਟ ਦਿੱਤਾ ਗਿਆ ਸੀ ।ਦਿਲੀ ਵਿਚ ਗੁਰਦਵਾਰਾ ਰਕਾਬ ਗੰਜ ਦੀ ਢਾਹੀ (ਕੰਧ) ਦੀਵਾਰ ਦੀ ਮੁੜ ਉਸਾਰੀ ਕਰਵਾਉਣ ਅਤੇ ਗੁਰਦਵਾਰਿਆਂ ਨੂੰ ਮਹੰਤਾਂ ਪਾਸੋਂ ਆਜ਼ਾਦ ਕਰਵਾਉਣ ਲਈ ਪੰਜਾਬੀ ਪੱਤਰਕਾਰੀ ਦਾ ਮੁੱਖ ਵਿਸਾ ਬਣ ਗਿਆ । ਇਸ ਸਮੇਂ ਰੋਜ਼ਾਨਾ 'ਅਕਾਲੀ' ਅਖ਼ਬਾਰ ਸ਼ੁਰੂ ਹੋ ਗਿਆ, ਜਿਸ ਦੇ ਜਨਮ ਨਾਲ ਸਿੱਖਾਂ ਦੀ ਰਾਜਸੀ ਸਿਆਸੀ ਪਾਰਟੀ 'ਅਕਾਲੀ ਪਾਰਟੀ' ਦਾ ਵੀ ਉਦਘਾਟਨ ਹੋ ਗਿਆ ; ਇਹ ਅਕਾਲੀ ਲਹਿਰ ਸਿੱਖਾਂ ਵਿਚ 'ਧਰਮ' ਨਾਲੋਂ ਧਾਰਮਿਕ ਅਦਾਰਿਆਂ ਤੇ ਸਿਆਸਤ ਨੂੰ ਜ਼ਿਆਦਾ ਪਹਿਲ ਦਿੰਦੀ ਸੀ ਇਸ ਤਰ੍ਹਾਂ ਨਾਲ ਸਿੱਖ ਧਾਰਮਿਕ 'ਲਹਿਰ' ਸਿਰਫ ਅਕਾਲੀ ਲਹਿਰ ਬਣ ਕੇ ਰਹਿ ਗਈ ਜੋ

ਅਗੋਂ ਜਾ ਕੇ ਲੋਕਤੰਤਰਿਕ ਸਿਆਸੀ ਧਾਰਮਿਕ ਰੰਗਤ ਵਾਲੀ 'ਖਾਲਸਾ ਫੌਜ ਸ਼ ਅਕਾਲੀ ਪਾਰਟੀ' ਹੀ ਬਣ ਕੇ ਰਹਿ ਗਈ ਇਥੋਂ ਹੀ ਅਕਾਲੀ ਸਿੱਖ ਸਿਆਸੀ ਪੱਤਰਕਾਰੀ ਦੀ ਸ਼ੁਰੂਆਤ ਹੁੰਦੀ ਹੈ । ਇਸੇ ਸਮੇਂ ਖਾਲਸਾ ਅਖਬਾਰ ਵੀ ਗੁਰਦਵਾਰਾ ਰਕਾਬ ਗੰਜ ਦੇ ਮਾਮਲੇ ਵਿਚ ਕਾਫ਼ੀ ਤਿੱਖੇ ਗਰਮ ਲੇਖ ਲਿਖਦਾ ਰਿਹਾ।

ਅਕਾਲੀ ਲਹਿਰ ਦੇ ਸਾਹਿਤ ਤੋਂ ਪਹਿਲਾ ਭਾਰਤ ਦੀ ਪਹਿਲੀ ਜੰਗੇ ਆਜ਼ਾਦੀ ਦੇ ਸੂਰਮਿਆਂ ਦੇ ਸਤਿਗੁਰੂ, ਗੁਰੂ ਪ੍ਰਤਾਪ ਸਿੰਘ ਜੀ ਦੀ ਛਤ੍ਰ-ਛਾਇਆ ਹੇਠ ਨਾਮਧਾਰੀ ਖਾਲਸਾ ਪੰਥ ਦੇ ਦੇਸ਼ ਭਗਤਾ ਨੇ ਕਾਗਰਸ ਦੇ ਕੌਮੀ ਆਜ਼ਾਦੀ ਦੇ ਅੰਦੋਲਨ ਨੂੰ ਪੰਜਾਬ ਵਿਚ ਪ੍ਰਚਾਰਨ ਲਈ ਸਪਤਾਹਿਕ 'ਸਤਿਜੁਗ' ਅਖਬਾਰ ਜਾਰੀ ਕੀਤਾ । ਸੰਤ ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ ਅਰਸੀ ਫਰਿਸ਼ਤਾ, ਸੰਤ ਟਹਿਲ ਸਿੰਘ ਸਦੇਵਾਲੀਏ, ਸੰਤ ਇੰਦਰ ਸਿੰਘ ਚੱਕਰਵਰਤੀ, ਪੰਡਿਤ ਮੁਨਸ਼ਾ ਸਿੰਘ ਕੌਮੀ ਆਦਿ ਨੇ ਇਕੱਠੇ ਹੋ ਕੇ ਪਿੰਡ ਵਰਨ, ਜ਼ਿਲ੍ਹਾ ਸ਼ੇਖੂਪੁਰ ਦੇ ਹੋਲੇ ਮਹੱਲੇ ਦੇ ਸਮਾਗਮ ਸਮੇ ਨਾਮਧਾਰੀ (ਪ੍ਰੈਸ) ਛਾਪੇਖਾਨੇ ਲਈ ਮਾਇਆ ਇਕਤ੍ਰ ਕੀਨੀ । 1920 ਵਿਚ ਕਾਂਗਰਸ ਦਾ ਸਲਾਨਾ ਇਜਲਾਸ ਕਲਕਤੇ ਸੀ, ਜਿਸ ਵਿਚ ਇਕ ਦਿਨ ਦੇ ਸਮਾਗਮ ਦੀ ਪ੍ਰਧਾਨਗੀ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੇ ਭਰਾਤਾ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਕਰਦਿਆਂ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਨਾਮਧਾਰੀ ਸਿੰਘਾਂ ਦੇ ਆਜ਼ਾਦੀ ਅੰਦੋਲਨ ਦੇ ਇਤਿਹਾਸ ਦਾ ਜ਼ਿਕਰ ਬੜੇ ਹੀ ਵਿਸਥਾਰ ਨਾਲ ਅੰਗਰੇਜ਼ੀ ਬੋਲੀ ਵਿਚ ਕੀਤਾ । ਇਸੇ ਭਾਸ਼ਨ ਨੂੰ ਪੰਜਾਬੀ ਵਿਚ ਉਲੱਥਾ ਕੇ ਪਿੰਡ ਵਰਨ ਦੇ ਹੋਲੇ ਸਮੇਂ 'ਸਤਿਜੁਗ' ਅਖਬਾਰ ਟ੍ਰੈਕਟ ਦੇ ਰੂਪ ਵਿਚ ਛਾਪ ਕੇ ਵੰਡਿਆ ਗਿਆ । ਇਕੱਠੀ ਕੀਤੀ ਮਾਇਆ ਨਾਲ 'ਸ੍ਰੀ ਸਤਿਗੁਰੂ ਰਾਮ ਹਰੀ ਪ੍ਰਿੰਟਿੰਗ ਪ੍ਰੈਸ' ਚਾਲੂ ਕਰਕੇ 'ਸਤਿਜੁਗ' ਦੀ ਸੰਪਾਦਕੀ ਸ: ਨਿਰੰਕਾਰ ਸਿੰਘ ਚੇਤਨ ਜੀ ਨੂੰ ਸੌਪੀ ਗਈ। ਉਨਾਂ ਦੀ ਕਵਿਤਾ ਵਿਚ ਸਰਲਤਾ, ਰਵਾਨਗੀ ਤੇ ਇਤਿਹਾਸਕ ਜਾਣਕਾਰੀ ਕਮਾਲ ਦੀ ਹੋਇਆ ਕਰਦੀ ਸੀ ਉਨਾਂ ਦੀ ਪਹਿਲੇ ਅੰਕ ਵਿਚ ਛਪੀ ਕਵਿਤਾ ਦੀ ਇਕ ਪੰਗਤੀ "ਸਤਿਜੁਗ ਸ਼ੁਰੂ ਕੀਤਾ ਨਾਮਧਾਰੀਆਂ ਨੇ" ਸੀ । ਇਸ ਸਤਿਜੁਗ ਅਖਬਾਰ ਵਿਚ ਦੇਸ਼ ਭਗਤੀ ਦੇ ਲੇਖ, ਗੁਰਮਤ ਵਿਚਾਰਧਾਰਾ ਅਤੇ ਦੇਸ਼ ਪ੍ਰਤੀ ਕੁਰਬਾਨ ਹੋਏ ਸ਼ਹੀਦਾਂ ਦੀਆਂ ਜੀਵਨੀਆਂ, ਦੇਸ਼ ਭਗਤੀ ਦੇ ਗੀਤ ਅਤੇ ਕਵਿਤਾਵਾਂ ਆਦਿ ਹੀ ਛਪਦੀਆਂ ਸਨ । ਕਾਂਗਰਸ ਪਾਰਟੀ ਦੀਆਂ ਕੌਮੀ ਨੀਤੀਆਂ, ਦੇਸ਼ ਭਗਤੀ ਪ੍ਰਤੀ ਗਤੀਵਿਧੀਆਂ ਆਦਿ ਦਾ ਵੀ ਵਿਸਥਾਰ ਸਹਿਤ ਜ਼ਿਕਰ ਹੁੰਦਾ ਸੀ । ਕੌਮੀ ਦੇਸ਼ ਭਗਤ ਲਿਖਾਰੀਆਂ, ਇਤਿਹਾਸਕਾਰਾਂ ਦੇ ਸਿਖ ਧਰਮ ਤੇ ਗੁਰਮੱਤ ਵਿਚਾਰਧਾਰਾ ਅਤੇ ਖਾਸ ਕਰ 19ਵੀ ਸਦੀ ਦੇ ਸਿਖ ਇਨਕਲਾਬ, ਕੂਕਾ ਸਿੱਖ ਅੰਦੋਲਨ, ਗਦਰ ਪਾਰਟੀ ਅਤੇ ਅਕਾਲੀ ਪਾਰਟੀ ਆਦਿ ਬਾਰੇ ਕਵਿਤਾਵਾਂ ਤੇ ਇਤਿਹਾਸਕ ਜਾਣਕਾਰੀ ਸਿਰਫ ਇਸੇ ਅਖ਼ਬਾਰ ਵਿਚੋਂ

Sri Satguru Jagjit Singh Ji Elibrary NamdhariElibrary@gmail.com

ਮਿਲਦੀ ਸੀ। ਇਸੇ ਕਰਕੇ ਹੀ ਇਸ ਉਪਰ ਕਈ ਵਾਰ ਸਰਕਾਰੀ ਜ਼ਾਬਤੇ ਦੀ ਕੈਂਚੀ ਚਲਦੀ ਰਹੀ ਸੀ ਕਈ ਵਾਰ ਜ਼ਮਾਨਤ ਜ਼ਬਤ ਹੋ ਜਾਣ ਕਰਕੇ ਵਖਰੇ ਨਾਮ ਹੇਠ' ਕੂਕਾ, 'ਕੂਕਾ ਅਖਬਾਰ', 'ਨਵਾਂ ਹਿੰਦੋਸਤਾਨ' ਆਦਿ ਨਾਵਾ ਨਾਲ ਛਪਦਾ ਰਿਹਾ। ਇਸ ਅਖਬਾਰ ਅਤੇ ਇਸ ਤੇ ਬਾਅਦ ਛਪਦੇ ਇਨਾ ਕੌਮੀ ਖਿਆਲਾਂ ਵਾਲੇ ਹੋਰ ਅਖਬਾਰ ਅੰਗਰੇਜ਼ੀ ਸਰਕਾਰ ਦੀ ਵਡਿਆਈ ਵਿਚ ਸੋਹਲੇ ਨਹੀ ਸਨ ਗਾਉਂਦੇ ਜਿਸ ਕਰਕੇ ਹੀ ਇਹ ਸਰਕਾਰੀ ਕ੍ਰੋਪੀ ਦੇ ਸ਼ਿਕਾਰ ਹੋ ਜਾਂਦੇ ਸਨ। ਪਰੰਤੂ ਸਰਕਾਰੀ ਰਹਿਮਤ ਆਦਿ ਉਨਾਂ ਨੂੰ ਨਹੀ ਸੀ ਮਿਲਦੀ ਇਸੇ ਕਰਕੇ ਹੀ ਕਈ ਕਈ ਮਹੀਨੇ ਤੇ ਸਾਲ ਇਹ ਬਗੈਰ ਪ੍ਰਕਾਸ਼ਨ ਤੋਂ ਹੀ ਰਹਿ ਜਾਂਦੇ ਸਨ, ਜਿਸ ਕਰਕੇ ਹੀ 'ਸਤਿਜੁਗ' ਦੇ ਅੰਕ ਗਿਣਤੀ ਵਿਚ ਭੁਲੇਖਾ ਪਾਉਂਦੇ ਹਨ । ਇਸ ਲੜੀ ਦੇ ਹੋਰ ਮੋਤੀ-ਕੌਮੀ ਸੰਦੇਸ਼ ਖਾਲਸਾ ਕਿਰਤੀ, ਰਣਜੀਤ ਨਗਾਰਾ, ਗੜਗੱਜ, ਗੜਗੱਜ-ਅਕਾਲੀ, ਅਕਾਲੀ ਤੇਂਬਕ, ਬੱਬਰ ਤੇ ਬੱਬਰ ਸ਼ੇਰ ਆਦਿ ਪ੍ਰਮੁੱਖ ਸਨ । 'ਅਕਾਲੀ' ਅਖਬਾਰ ਨੇ ਅਕਾਲੀ ਮੋਰਚਿਆਂ ਵਿਚ ਅਗਵਾਈ ਕੀਤੀ 'ਕਿਰਤੀ' ਅਖਬਾਰ ਨੇ ਖੱਬੇ ਪੱਖੀ ਅੰਦੋਲਨ ਦੀ ਅਗਵਾਈ ਹੀ ਨਹੀ ਕੀਤੀ ਸਗੋਂ ਇਸ ਅੰਦੋਲਨ ਨੂੰ ਮੂਰਤੀਮਾਨ ਵੀ ਕੀਤਾ। 'ਅਕਾਲੀ' ਅਖਬਾਰ 21 ਮਈ 1920 ਨੂੰ ਸ਼ੁਰੂ ਹੋਇਆ ਦਸੰਬਰ 1920 ਨੂੰ ਅਕਾਲੀ ਪਾਰਟੀ ਸ਼੍ਰੋਮਣੀ ਅਕਾਲੀ ਦੱਲ ਬਣ ਗਿਆ, ਇਹ ਅਖ਼ਬਾਰ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦੇ ਉਦਮ ਨਾਲ ਸ਼ੁਰੂ ਹੋਇਆ ਸੀ ਇਨਾਂ ਨਾਲ ਮਾਸਟਰ ਤਾਰਾ ਸਿੰਘ ਉਨ੍ਹਾਂ ਦੇ ਭਰਾਤਾ ਸ: ਨਿਰੰਜਨ ਸਿੰਘ, ਸ: ਮੰਗਲ ਸਿੰਘ ਲਾਇਲਪੁਰੀ, ਗਿਆਨੀ ਹੀਰਾ ਸਿੰਘ ਦਰਦ ਪੱਤਰਕਾਰ ਵੀ ਜੁੜ ਗਏ । ਫਿਰੋਜ਼ਪੁਰ ਤੋਂ ਨਿਕਲਦਾ 'ਪੰਜਾਬੀ ਭੈਣਾਂ' ਪੰਜਾਬੀ ਔਰਤਾਂ ਬਾਬਤ ਲੇਖ ਤੇ ਕਵਿਤਾਵਾਂ ਆਦਿ ਛਾਪਦਾ ਸੀ, 'ਫੁਲਵਾੜੀ' 'ਪ੍ਰੀਤਮ' ਆਦਿ ਸਾਹਿਤਕ ਤੇ ਇਤਿਹਾਸਕ ਪੱਤਰ ਹੋਏ ਹਨ । ਇਨਾਂ ਸਭਨਾਂ ਨਾਲੋਂ 'ਅਕਾਲੀ' ਪਿਛੋਂ ਸੁਤੰਤਰਤਾ ਸੰਗਰਾਮ ਵਿਚ ਪੱਤਰਕਾਰੀ ਵਜੋਂ ਹਿੱਸਾ ਪਾਉਣ ਲਈ 'ਰੋਜ਼ਾਨਾ ਕੂਕਾ' ਤੇ ਸਪਤਾਹਿਕ 'ਸਤਿਜੁਗ' ਅਤੇ ਹੋਰ ਵੀ ਕੂਕਾ 'ਕੂਕਾ ਅਖ਼ਬਾਰ', 'ਨਵਾਂ ਹਿੰਦੁਸਤਾਨ' ਆਦਿ ਅਨੇਕਾਂ ਪੱਤਰ ਚਾਲੂ ਹੋ ਗਏ । ਪਰੰਤੂ ਬਰਤਾਨਵੀ ਸਰਕਾਰ ਦੀ ਨੀਤੀ ਨਵੀ ਉੱਠ ਰਹੀ ਕੌਮ-ਪ੍ਰਸਤੀ, ਦੇਸ਼ ਭਗਤੀ ਨਵੀ ਸਪਿਰਟ, ਨਵੀ ਰੌਸ਼ਨੀ ਨੂੰ ਖਤਮ ਕਰਨ ਦੀ ਸੀ, ਜਿਹੜੀ ਇਸ ਸਲਤਨਤ ਦੀਆਂ ਜੜ੍ਹਾਂ ਖੋਖਲੀਆਂ ਕਰਕੇ ਹਿਲਾ ਰਹੀ ਸੀ । ਪੂਰਬੀ ਯੂਰਪ ਵਿਚੋ ਉੱਠੀ ਸਾਮਵਾਦ (ਕਿਊਮਨਿਜ਼ਮ) ਦੀ ਆਵਾਜ਼ ਵੀ ਅੰਗਰੇਜ਼ੀ ਸਰਕਾਰ ਨੂੰ ਹਲੂਣਾ ਦੇ ਰਹੀ ਸੀ, ਇਸ ਨੂੰ ਖਤਮ ਕਰਨ ਲਈ ਭਾਵਨਾਵਾਂ ਦੇ ਸਰੋਤ ਨੂੰ ਖਤਮ ਕਰਨਾ ਪੈਂਦਾ ਸੀ, ਇਸ ਲਈ ਪ੍ਰੈਸ ਨੂੰ ਹਰ ਹੀਲੇ ਦਬਾਉਣ ਦਾ ਜਤਨ ਕੀਤਾ ਗਿਆ ਜਿਥੋਂ ਲੋਕ ਚੇਤਨਾ ਤੇ ਕੌਮੀ ਭਾਵਨਾ ਨੂੰ ਪ੍ਰੇਰਣਾ ਮਿਲਦੀ ਸੀ । ਸ: ਠਾਕੁਰ ਸਿੰਘ ਫਤਹਿਗੜੀਏ ਨੇ 'ਸੰਸਾਰ' ਨਾਂ ਦਾ ਅਖ਼ਬਾਰ ਸ਼ੁਰੂ ਕੀਤਾ ਪਰ ਸਰਕਾਰ ਦੀ ਕ੍ਰੋਪੀ ਨੇ ਬਹੁਤ ਸਮਾਂ ਨਾਂ ਚਲਣ ਦਿੱਤਾ । ਜਦ

Sri Satguru Jagjit Singh Ji Elibrary NamdhariElibrary@gmail.com

ਕੋਈ ਪ੍ਰੈਸ ਇਸ ਨੂੰ ਛਾਪਣ ਲਈ ਤਿਆਰ ਨਾ ਹੋਇਆ ਤਾਂ ਗੜ੍ਹਗੱਜ ਨੇ ਸਾਇਕਲੋਸਟਾਇਲ ਕਰਕੇ ਹੀ ਪਰਚਾ ਜਾਰੀ ਰਖਿਆ ਤੇ ਆਖਰ ਬੰਦ ਕਰ ਦਿਤਾ । ਗੁਰੂ ਕੇ ਬਾਗ਼ ਤੇ ਜੈਤੋ ਦੇ ਮੋਰਚਿਆਂ ਵਿਚ ਵੀ ਹਜ਼ਾਰਾ ਸਿੱਖਾਂ ਨੇ ਕੁਰਬਾਨੀਆਂ ਦਿਤੀਆਂ ਪੰਜਾਬ ਵਿਚ ਇਸ ਗੁਰਦਵਾਰਿਆਂ ਦੇ ਕਬਜਿਆਂ ਦੇ ਝਗੜਿਆਂ ਪ੍ਰਤੀ ਉਠੀ ਲਹਿਰ ਨੂੰ ਅਕਾਲੀ, ਅਕਾਲੀ ਤੇ ਪਰਦੇਸੀ, ਬੱਬਰ ਸ਼ੇਰ, ਬੱਬਰ ਖਾਲਸਾ ਆਦਿ ਪਰਚਿਆਂ ਨੇ ਕਾਫ਼ੀ ਪਰਚਾਰ ਦਿਤਾ । ਫਿਰ 'ਗੜ੍ਹਗੱਜ ਅਕਾਲੀ' ਅਖ਼ਬਾਰ ਨਿਕਲਿਆ, ਇਸ ਦੇ ਐਡੀਟਰ ਗਿਆਨੀ ਸਰਦਾਰਾ ਸਿੰਘ ਸਨਸ ਬੜਾ ਤੂਫ਼ਾਨੀ ਪਰਚਾ ਸੀ ਜੋ ਅੰਗਰੇਜ਼ੀ ਸਰਕਾਰ ਨੇ ਛੇ ਮਹੀਨਿਆ ਵਿਚ ਹੀ ਸਖਤੀ ਨਾਲ ਬੰਦ ਕਰਵਾ ਦਿਤਾ । 'ਗੜ੍ਹਗੱਜ ਅਕਾਲੀ' ਦੇ ਬੰਦ ਹੁੰਦਿਆਂ ਹੀ ਨਵਾਂ ਅਖ਼ਬਾਰ 'ਬੱਬਰ ਸੇਰ' ਸੁਰੂ ਕੀਤਾ ਗਿਆ, ਇਸ ਨੇ ਕੌਮੀ ਆਜ਼ਾਦੀ ਲਈ ਅਜਿਹੇ ਧੜੱਲੇਦਾਰ ਲੇਖ ਤੇ ਕਵਿਤਾਵਾਂ ਪ੍ਰਕਾਸ਼ਤ ਕਰਨੀਆਂ ਸ਼ੁਰੂ ਕੀਤੀਆਂ ਕਿ 15 ਦਿਨਾਂ ਵਿਚ 15 ਸੰਪਾਦਿਕ ਗ੍ਰਿਫਤਾਰ ਹੋ ਗਏ ਸਭ ਨੂੰ ਹੀ ਅਦਾਲਤ ਵਲੋਂ ਕੈਦ ਦੀ ਸਜ਼ਾ ਤੇ ਜੁਰਮਾਨੇ ਕੀਤੇ ਗਏ ਅਤੇ ਪ੍ਰੈਸ ਦੀ ਜਮਾਨਤ ਜ਼ਬਤ ਕਰ ਲਈ ਗਈ ।

25 ਨਵੰਬਰ 1924 ਨੂੰ ਅੰਮ੍ਰਿਤਸਰ ਤੋਂ ਇਕ ਰੋਜ਼ਾਨਾ ਅਖਬਾਰ 'ਕੌਮੀ ਦਰਦ' ਸ਼ੁਰੂ ਹੋਇਆ ਇਸ ਦੇ ਐਡੀਟਰਾਂ ਨੂੰ ਵੀ ਕੌਮੀ ਆਜ਼ਾਦੀ ਲਈ ਪ੍ਰਚਾਰ ਕਰਨ ਕਰਕੇ ਜੇਹਲੀ ਜਾਣਾ ਪਿਆ ਤੇ ਜ਼ਾਮਨਤਾਂ ਜ਼ਬਤ ਹੋਈਆਂ । 1927 ਵਿਚ ਪੰਜਾਬ ਵਿਚ ਕਿਰਤੀ ਲਹਿਰ ਬੜੀ ਹਰਮਨ ਪਿਆਰੀ ਹੋ ਗਈ ਸੀ। ਕਿਰਤੀ ਲਹਿਰ ਬੜੀ ਹਰਮਨ ਪਿਆਰੀ ਹੋ ਗਈ ਸੀ । ਕਿਰਤੀ ਕਿਸਾਨ ਪਾਰਟੀ ਅੰਮ੍ਰਿਤਸਰ ਵਿਖੇ ਇਕ ਕਾਨਫਰੰਸ ਸਮੇ ਸਥਾਪਿਤ ਕੀਤੀ ਗਈ । ਇਸ ਲਹਿਰ ਦਾ ਬਾਨੀ ਭਾਈ ਸੰਤੋਖ ਸਿੰਘ ਸੀ । ਇਸ ਲਹਿਰ ਵਿਚ ਗਦਰ ਲਹਿਰ ਦੇ ਇਨਕਲਾਬੀ ਵੀ ਸਾਮਲ ਹੋ ਗਏ ਜੋ ਕਿ ਜੇਹਲਾਂ ਕੱਟ ਕੇ ਆਏ ਸਨ । 'ਕਿਰਤੀ' ਪਰਚੇ ਰਾਹੀ ਵਿਦੇਸੀ ਸਰਕਾਰ ਦੀਆਂ ਮਜ਼ਦੂਰਾਂ ਤੇ ਕਿਸਾਨਾਂ ਵਿਰੋਧੀ ਨੀਤੀਆਂ ਤੇ ਹਮਲਾ ਕੀਤਾ ਜਾਂਦਾ ਸੀ, ਸਰਕਾਰ ਇਸ ਲਹਿਰ ਤੋਂ ਗ਼ਦਰ ਦੀ ਲਹਿਰ ਵਾਂਗ ਹੀ ਕੰਬਦੀ ਸੀ । ਕਿਰਤੀ ਪਾਰਟੀ ਦਾ ਕੰਮ ਮਜ਼ਦੂਰਾਂ ਤੇ ਕਿਸਾਨਾਂ ਨੂੰ ਸੰਗਠਤ ਕਰ ਰਾਜਨੀਤਿਕ ਚੇਤਨਤਾ ਪੈਦਾ ਕਰਨਾ ਸੀ, ਇਹ ਅਕਾਲੀ ਧਾਰਮਿਕ ਪਾਰਟੀ ਨਾਲੋਂ ਜ਼ਿਆਦਾ ਸਰਗਰਮ ਤੇ ਹਰਮਨ ਪਿਆਰੀ ਸੀ ਇਸ ਦਾ ਦਾਇਰਾ ਅਤੇ ਨਿਸ਼ਾਨਾ ਗੁਰਦਵਾਰਿਆਂ ਅਤੇ ਇਕ ਫਿਰਕੇ ਤੱਕ ਸੀਮਤ ਨਹੀਂ ਸੀ, ਸਗੋਂ ਵਿਸ਼ਾਲ ਕੌਮਾਂਤਰੀ ਮਿਸ਼ਨ ਸੀ 'ਦੁਨੀਆਂ ਭਰ ਦੇ ਮਜ਼ਦੂਰੋ ਇਕ ਹੋ ਜਾਓ' । ਸਾਮਰਾਜ ਵਿਰੁੱਧ ਜੰਗ ਸੁਰੂ ਹੋ ਚੁੱਕੀ ਸੀ ਕਿਰਤੀ ਪਾਰਟੀ ਨੇ ਗ਼ਦਰ ਲਹਿਰ ਦੀ ਥਾਂ ਮੱਲ ਲਈ ਸੀ, ਪਰ ਸਰਕਾਰ ਨੇ ਦਖ਼ਲ ਅੰਦਾਜ਼ੀ ਕਰਕੇ ਧਾਰਮਿਕ ਜਥੇਬੰਦੀਆਂ ਨੂੰ ਉਛਾਲਣ ਵਿਚ ਕੋਈ ਕਸਰ ਨਾ ਛੱਡੀ । 1928 ਵਿਚ ਰੋਜ਼ਾਨਾ 'ਦੁਸ਼ਟ ਦਮਨ' ਅਖਬਾਰ ਨਿਕਲਿਆ ਪਰ ਸਰਕਾਰੀ ਵਿਰੋਧੀ

Sri Satguru Jagjit Singh Ji Elibrary NamdhariElibrary@gmail.com

ਹੋਣ ਕਾਰਨ ਇਸ ਦਾ ਵੀ ਛੇਤੀ ਹੀ ਗਲਾ ਘੁੱਟ ਦਿਤਾ ਗਿਆ । 'ਨਿਰਭੈ ਅਕਾਲੀ' ਸ: ਸਰਦੂਲ ਸਿੰਘ ਕਵੀਸਰ ਦੇ ਯਤਨਾਂ ਨਾਲ ਸ਼ੁਰੂ ਹੋਇਆ ਤੇ ਉਸ ਨੂੰ ਬਹੁਤਾ ਸਮਾਂ ਸਰਕਾਰ ਨੇ ਛਪਣ ਨਾ ਦਿਤਾ । ਅਜਿਹੇ ਯਤਨ ਸਰਕਾਰ ਵਿਰੋਧੀ ਤੇ ਸਰਕਾਰ ਪੱਖੀ ਕਰਦੇ ਹੀ ਰਹੇ ।

'ਏਕਾਮਈ' ਅਤੇ ਧਰਮ ਪਰਿਵਰਤਨ ਦੇ ਯਤਨ ਮੱਧਕਾਲੀਨ ਯੁੱਗ ਤੋਂ ਹੀ ਸਾਰੇ ਸੰਸਾਰ ਵਿਚ ਆਮ ਵਿਸਤ੍ਰਿਤ ਰਹੇ ਸਨ । 19ਵੀਂ 20ਵੀ ਸਦੀ ਵਿਚ ਭਾਰਤੀ ਅੰਗਰੇਜ਼ੀ ਸਰਕਾਰ ਧਾਰਮਿਕ ਖਿਚੋਤਾਨ ਦੇ ਸਾਹਿਤ ਸਬੰਧੀ ਕਾਫ਼ੀ ਸਾਵਧਾਨ ਸੀ, ਉਸ ਨੂੰ ਆਪਣੇ ਈਸਾਈ ਮਿਸ਼ਨਰੀਆਂ ਦੀਆਂ ਗਤੀ ਵਿਧੀਆਂ ਲਈ ਵੀ ਧਿਆਨ ਰਖਣਾ ਪੈ ਰਿਹਾ ਸੀ । ਅੰਗਰੇਜ਼ੀ ਸਰਕਾਰ ਸਥਾਨਕ ਬੋਲੀਆਂ ਵਿਚਲੇ ਸਾਹਿਤ ਅਤੇ ਪੱਤਰਾਂ ਨੂੰ ਇਸ ਖਿੱਚੋਤਾਨ ਵਿਚ ਹੀ ਗਲਤਾਨ ਰਖ ਕੇ ਈਸਾਈ ਮਿਸ਼ਨਰੀਆਂ ਦਾ ਰਸਤਾ ਖੁਲ੍ਹਾ ਕਰਨ ਦਾ ਯਤਨ ਵੀ ਕਰ ਰਹੀ ਸੀ, ਧਾਰਮਿਕ-ਖਿਚੋਤਾਨ ਬਾਬਤ ਲਿਖਤਾਂ ਨੂੰ ਦਬਾਉਣ ਦੇ ਬਹਾਨੇ ਪ੍ਰੈਸ ਦਾ ਗਲਾ ਘੁੱਟ ਰਹੀ ਸੀ, ਇਨ੍ਹਾਂ ਲਿਖਤਾਂ ਵਲੋਂ ਫੈਲਾਈ ਜਾਂਦੀ ਅਸਥਿਰਤਾ ਦੀ ਆੜ ਵਿਚ ਈਸਾਈ ਮੱਤ ਦੇ ਸਾਹਿਤ ਨੂੰ ਪ੍ਰਫੁੱਲਤ ਕੀਤਾ ਜਾ ਰਿਹਾ ਸੀ । ਸਥਾਨਕ ਬੋਲੀਆਂ ਦਾ ਪ੍ਰੈਸ ਵੀ ਇਕ ਦੂਜੀ ਧਿਰ ਨੂੰ ਸਰਕਾਰ ਪੱਖੀ ਵੱਲ ਕੇ ਮਸਲੇ ਉਭਾਰਦਾ ਸੀ। 1926 ਵਿਚ ਹੋਮ ਡੀਪਾਰਟਮੇਂਟ ਨੇ ਪ੍ਰੈਸ ਐਕਟ ਦੀ ਧਾਰਾ 99 ਏ ਤਰਮੀਮ ਕਰਨੀ ਚਾਹੀ ਤਾਂ ਕਿ ਜਿਹੜੀ ਸਮਗਰੀ 153 .ਏ ਧਾਰਾ ਦੇ ਹੇਠ ਆਉਂਦੀ ਹੈ ਉਸ ਨੂੰ ਜ਼ਬਤ ਕੀਤਾ ਜਾ ਸਕੇ ਤੇ ਬਗ਼ਾਵਤ ਦੇ ਦੋਸ਼ ਵੀ ਅਰੋਪ ਕੀਤੇ ਜਾ ਸਕਣ । ਬਾਕੀ ਪ੍ਰਦੇਸ਼ ਸਰਕਾਰਾਂ ਨੇ ਪ੍ਰਵਾਨ ਕਰ ਲਈ ਪਰੰਤੂ ਸਰਕਾਰ ਨੇ ਮਜਬੂਰੀ ਜ਼ਾਹਰ ਕੀਤੀ ਕਿ ਇਹ ਲਿਖਤਾਂ ਲੋਕਾਂ ਕੋਲ ਪਹਿਲਾ ਹੀ ਪੁੱਜ ਜਾਂਦੀਆਂ ਹਨ । ਹੋਮ ਆਫਿਸ (ਘਰੇਲੂ ਅਫਸਰ-ਅਲਗਜ਼ੈਂਡਰ ਮੂਡੀਮੈਨ) MR. A. MOODEMAN ਦੇ ਕਹਿਣ ਅਨੁਸਾਰ ਧਾਰਮਿਕ ਵਾਦ-ਵਿਵਾਦ ਵਾਲੇ ਸਾਹਿਤ ਵਾਰੇ ਸਰਕਾਰ ਵਲੋਂ ਕੋਈ ਗਾਰੰਟੀ ਨਹੀ ਦਿੱਤੀ ਜਾ ਸਕਦੀ, ਸਰਕਾਰ ਵਿਰੋਧੀ ਇਨਾਂ ਨੂੰ ਆਪਣੀ ਮਰਜ਼ੀ ਅਨੁਸਾਰ ਵਰਤ ਲੈਂਦੇ ਸਨ । ਪਰੰਤੂ ਉਤਰੀ ਭਾਰਤ ਵਿਚ ਅੰਗਰੇਜ਼ੀ ਸਰਕਾਰ ਨੇ ਇਸ ਨੂੰ ਆਪਣੇ ਰਵਾਇਤੀ 'ਪਾੜੋ ਤੇ ਰਾਜ ਕਰੋ' ਹਥਿਆਰ ਨਾਲ ਦਬਾਇਆ । 1933-35 ਉਸ ਤੋਂ ਅਗੇ 1937-38 ਪੰਜਾਬ ਸਰਕਾਰ ਵਲੋਂ ਜ਼ਬਤ ਕੀਤੇ ਸਾਹਿਤ ਦੀਆਂ ਰੀਪੋਰਟਾਂ ਅਨੁਸਾਰ ਜਿੰਨਾਂ ਵੀ ਸਾਹਿਤ ਜ਼ਬਤ ਕੀਤਾ ਗਿਆ ਇਸ ਦਾ ਅੱਧਾ ਹਿੱਸਾ ਧਾਰਮਿਕ ਖਿਚੋਤਾਣ ਨਾਲ ਹੀ ਸਬੰਧਤ ਸੀ ਬਾਕੀ, ਬਹੁਤ ਸਾਰਾ ਸਾਹਿਤ ਸਰਕਾਰ ਵਿਰੋਧੀ ਵੀ ਸੀ; ਇਸ ਸਾਹਿਤ ਦੀ ਖਾਸੀਅਤ ਇਹ ਸੀ ਕਿ ਇਸ ਵਿਚ ਸਰਕਾਰ ਦੀ ਨੀਤੀ ਨੂੰ ਨੰਗਿਆਂ ਵੀ ਕੀਤਾ ਜਾਂਦਾ ਸੀ, ਇਕ ਫਿਰਕਾ ਦੂਜੇ ਪ੍ਰਤੀ ਇਸ ਤਰ੍ਹਾਂ ਦੋਸ਼ ਥਪਦਾ ਸੀ ਕਿ ਸਰਕਾਰ ਉਸ ਦੀ ਸ਼ਹਿ (ਉਪਰ) 'ਤੇ ਹੈ । (ਅਸਲ ਵਿਚ ਸਰਕਾਰ ਨਵੇਂ ਬਣੇ ਈਸਾਈ ਛੋਟੀਆਂ ਜ਼ਾਤੀਆਂ ਛੋਟੇ ਕਬੀਲੇ ਤੇ ਫਿਰਕਿਆਂ ਦੇ

ਨਾਲ ਹੁੰਦੀ ਸੀ ਜਿਨਾ ਨੂੰ ਈਸਾਈ ਸ਼ਮੱਤ ਵੱਲ ਖਿੱਚਿਆ ਜਾ ਸਕੇ) ਇਸ ਤਰ੍ਹਾਂ ਇਹ ਸਾਹਿਤ ਜਿਥੇ ਇਕ ਫਿਰਕੇ ਨੂੰ ਮਜਬੂਤ ਕਰਦਾ ਸੀ ਤੇ ਰਾਸਟਰੀ-ਦੇਸ਼ ਭਗਤੀ ਦਾ ਜਜ਼ਬਾ ਵੀ ਭਰਦਾ ਸੀ. ਉਥੇ ਇਹ ਅੰਗਰੇਜ਼ੀ ਸਰਕਾਰ ਵਿਰੁੱਧ ਵੀ ਤਿੱਖਾ ਵਿਰੋਧ ਪੈਦਾ ਕਰਦਾ ਸੀ । ਇਸ ਤੋਂ ਇਲਾਵਾ ਇਸ ਸਮੇਂ (1935-1938) ਦੇ ਦਰਮਿਆਨ ਜਿੰਨੀਆ ਵੀ ਰਚਨਾਵਾ ਛਪੀਆਂ ਇਨਾਂ ਵਿਚੋਂ ਬਹੁਤ ਸਾਰੀਆਂ ਕਮਿਊਨਿਸਟ ਪੱਖੀ ਸਾਹਿਤ ਨਾਲ ਸਬੰਧਤ ਸਨ ਜਾ ਫਿਰ ਗਾਂਧੀ ਕਾਂਗਰਸ ਦੇ ਅੰਦੋਲਨ ਨਾਲ ਸਬੰਧਿਤ ਸਨ ਇਸ ਸਮੇਂ ਪੰਜਾਬੀ ਸਾਹਿਤ ਸਬੰਧੀ ਲਿਖਤਾ ਅਤੇ ਪੱਤਰਾਂ ਵਿਚ ਸਾਹਿਤਕ ਰਚਨਾਵਾ ਦਾ ਜਿਕਰ ਵੀ ਆਉਂਦਾ ਹੈ । ਵੀਹਵੀ ਸਦੀ ਦੇ ਤੀਜੇ ਦਹਾਕੇ ਵਿਚ ਕੋਈ ਪੰਜਾਹ ਅਖ਼ਬਾਰ ਰੋਜਾਨਾ, ਸਪਤਾਹਿਕ ਤੇ ਮਾਸਿਕ ਪੱਤਰ ਅਜਿਹੇ ਨਿਕਲੇ ਜਿਨਾ ਨੂੰ ਸੁਤੰਤਰਤਾ ਸੰਗਰਾਮ ਵਿਚ ਲੋਕਾ ਦਾ ਸਾਥ ਦੇਣ, ਆਜਾਦੀ ਲਈ ਜਜਬਾ ਉਭਾਰਨ ਤੇ ਕੌਮੀ ਏਕਤਾ ਦਾ ਪ੍ਰਚਾਰ ਕਰਨ ਕਰਕੇ ਸਖਤ ਮੁਸੀਬਤਾਂ ਵਿਚ ਪੈਣਾ ਪਿਆ, ਸਭ ਨੂੰ ਇਸ ਹਸ਼ਰ ਦਾ ਪਤਾ ਸੀ, ਫਿਰ ਵੀ ਉਹ ਇਸ ਪਵਿਤਰ ਆਜ਼ਾਦੀ ਸੰਗਰਾਮ ਲਈ ਜੂਝਦੇ ਰਹੇ ਅਤੇ ਸਾਹਿਤ ਛਾਪਦੇ ਤੇ ਵੰਡ ਦੇ ਰਹੇ । ਸੁਤੰਤਰਤਾ ਲਈ ਸੰਘਰਸ਼ ਦੇ ਯੁੱਗ ਵਿਚ ਪੰਜਾਬੀ ਅਖ਼ਬਾਰਾ ਦੀ ਭਾਵੇਂ ਛਪਣ ਗਿਣਤੀ ਬਹੁਤੀ ਨਹੀ ਸੀ, ਪਰ ਇਨਾਂ ਦਾ ਪ੍ਰਭਾਵ ਖੇਤਰ ਬਹੁਤ ਜ਼ਿਆਦਾ ਸੀ ਬਾਹਰਲੇ ਪ੍ਰਾਂਤਾਂ, ਦੇਸਾ ਵਿੱਚੋਂ ਛਪਦਾ ਸਾਹਿਤ ਇਨਾਂ ਉਪਰ ਕਾਫੀ ਪ੍ਰਭਾਵ ਰੱਖਦਾ ਸੀ। ਇਨਾਂ ਉਪਰ ਬਹੁਤਾ ਪ੍ਰਭਾਵ ਗੁਰੂਮੱਤ-ਸਿੱਖ ਧਰਮ ਦੇ ਆਜ਼ਾਦੀ ਦੇ ਸੰਕਲਪ-ਕੂਕਾ ਸਿੰਘਾਂ ਦਾ ਅੰਦੋਲਨ ਗਦਰ ਲਹਿਰ, ਅਕਾਲੀ ਲਹਿਰ, ਨੌਜਵਾਨ ਸੋਸਲਿਸਟ ਲਹਿਰ ਅਤੇ ਕਿਰਤੀ ਲਹਿਰ ਆਦਿ ਇਨਾਂ ਤੋਂ ਵੀ ਅੱਗੇ ਬੱਬਰ ਅਕਾਲੀ ਲਹਿਰ ਪਰਜਾ ਮੰਡਲ ਲਹਿਰ ਅਤੇ ਸਾਮਵਾਦ ਕਮਿਊਨਿਸਟ ਵਿਚਾਰਧਾਰਾ ਦਾ ਬਹੁਤ ਅਸਰ ਸੀ । ਜੋ ਕਿ ਅੰਗਰੇਜੀ ਹਕੂਮਤ ਲਈ ਅਸਹਿ ਸੀ। ਇਸੇ ਕਰਕੇ ਹੀ ਇਹ ਅੰਗਰੇਜ਼ੀ ਸਰਕਾਰ ਰਾਸ਼ਟਰੀ (ਕੌਮੀ) ਦੇਸ਼ ਭਗਤ ਵਿਚਾਰਾਂ ਵਾਲੇ ਪੱਤਰਾਂ ਦਾ ਗਲਾ ਛੇਤੀ ਘੁੱਟ ਦਿੰਦੇ ਸਨ । ਮਾਇਕ ਮੱਦਦ ਸਿਰਫ ਟੋਡੀ ਪਰਚਿਆਂ ਨੂੰ ਮਿਲਦੀ ਸੀ, ਦੇਸ ਭਗਤ ਤੇ ਸੁਤੰਤਰਤਾ ਅੰਦੋਲਨ ਦੇ ਸਮਰਥਕ ਪਰਚਿਆਂ ਤੇ ਪ੍ਰਚਾਰਕਾਂ ਦੀਆਂ ਤਾਂ ਜ਼ਮਾਨਤਾਂ ਜ਼ਬਤ ਕਰਕੇ ਇੰਨੇ ਵੱਡੇ ਜੁਰਮਾਨੇ ਕਰ ਦਿਤੇ ਜਾਂਦੇ ਸਨ ਕਿ ਮਾਇਕ ਭਾਰ ਹੇਠ ਹੀ ਪਰਚੇ ਤੇ ਸੰਪਾਦਿਕ ਦੱਮ ਤੋੜ ਜਾਦੇ ਸਨ ਫਿਰ ਵੀ ਇਨਾਂ ਪਰਚਿਆਂ ਦੇ ਪਾਠਕ ਬਹੁਤ ਸੁਹਿਰਦ ਸਨ ਇਕ ਅਖਬਾਰ ਨੂੰ ਸੌ ਤੋਂ ਵੱਧ ਲੋਕ ਪੜਦੇ ਸਨ। ਲੋਕ ਪੰਜਾਬੀ ਅਖਬਾਰ ਸੱਥਾਂ ਵਿਚ ਬੈਠ ਕੇ ਪੜ੍ਹਦੇ ਸਨ ਤੇ ਉਨਾ ਚਿਰ ਹੀ ਪੜ੍ਹਦੇ ਹੀ ਜਾਂਦੇ ਸਨ ਜਦ ਤੱਕ ਅਖ਼ਬਾਰ ਫੀਤਾ ਫੀਤਾ ਨਾ ਹੋ ਜਾਏ ਸਾਹਿਤਕ ਪਾਠਕ ਵੀ ਸਰਗਰਮ ਸਨ ।

ਪੰਜਾਬੀਆਂ ਨੂੰ ਪਿਛਲੇ 550 ਸਾਲਾਂ ਤੋਂ ਹੀ ਸਿੱਖ ਗੁਰੂ ਸਾਹਿਬਾਨ ਇਹ ਹੀ ਗੁੜਤੀ ਮਿਲੀ ਹੈ ਕਿ ਉਹ ਸੱਚ ਉਪਰ ਪਹਿਰਾ ਦੇਣ ਤੇ ਝੂਠ ਕੱਪਟ ਤੇ

ਪਾਖੰਡ ਨਾਲ ਟਕਰਾਉਣ, ਹੱਕ, ਇਨਸਾਫ ਤੇ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਨ ਤੇ ਨਰੋਈਆਂ ਜੀਵਨ ਕੀਮਤਾਂ ਲਈ ਕੁਰਬਾਨੀ ਦੇਣ ਇਸ ਤਰਾ ਦਾ ਸਰਬ-ਸੋਚ ਤੇ ਵਿਸ਼ਵ ਵਿਆਪੀ ਧਰਮ ਸਾਮਰਾਜੀ ਸਰਕਾਰ ਨੂੰ ਕਦੀ ਵੀ ਨਹੀ ਸੀ ਭਾਉਂਦਾ ਜਿਸ ਕਰਕੇ ਇਹ ਪੱਛਮੀ ਧਾੜਵੀ ਹਮੇਸ਼ਾਂ ਹੀ ਸਿੱਖ ਧਰਮ ਉਪਰ ਅਕਰਨਾਤਮਿਕ (ਹਮਲਾਵਰ) ਹੀ ਰਹੇ ਹਨ । ਇਨਾਂ 'ਸੱਚ ਦੀ ਆਵਾਜ਼' ਨੂੰ ਦਬਾਉਣ ਲਈ ਸਾਮਰਾਜੀ ਕਾਨੂੰਨੀ ਜ਼ਬਤ ਦੀ ਕੈਂਚੀ ਨਾਲ ਪੰਜਾਬੀ ਸਾਹਿਤ ਨੂੰ ਬਹੁਤ ਕੱਟਿਆ ਪਰੰਤੂ ਇਹ ਦੂਨ ਸਵਾਇਆ ਹੀ ਹੋਇਆ ਹੈ । ਪੰਜਾਬੀ ਸਾਹਿਤ ਅਤੇ ਪੰਜਾਬੀ ਪੱਤਰਕਾਰੀ ਦਾ ਭਾਰਤੀ ਸੁਤੰਤਰਤਾ ਦੇ ਸੰਗਰਾਮ ਵਿਚ ਬਹੁਤ ਹੀ ਨਿਰੋਆ ਤੇ ਸਾਰਥਕ ਯੋਗਦਾਨ ਰਿਹਾ ਹੈ, ਜਿਹੜਾ ਕਿ ਇਕ ਬਹੁਤ ਵਿਸ਼ਾਲ ਇਤਿਹਾਸ ਰਖਦਾ ਹੈ ।

## ਨੱਥੀਕਾ ਅਤੇ ਅੰਤਿਕਾ ਤੇ ਨੋਟ

"ਨਵ ਉੱਸਰੇ ਸੰਸਾਰ ਵਿਚ ਸਾਡੇ ਕੰਮ ਜੀਵਤ ਰਹਿਣਗੇ
ਸਭ ਭੁੱਲ ਜਾਣਗੇ ਭਾਵੇਂ ਸਾਡੇ ਨਾਮ ਅਤੇ ਮੌਤ ਦੀ ਕਹਾਣੀ।"
ਗਦਰ ਗੂੰਜ – ਲਾਲਾ ਹਰਦਿਆਲ ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ।।
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ।। ੧ ।।
ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ।।
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ।। ੨ ।।
(ਪੰਨਾ 1105)

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ।।
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸ ।। ੧ ।। 23
(1102)

ਜਉ ਤਉ ਪ੍ਰੇਮ ਖੇਲਨ ਕਾ ਚਾਉ ।।
ਸਿਰੁ ਧਰਿ ਤਲੀ ਗਲੀ ਮੇਰੀ ਆਉ ।।
ਇਤ ਮਾਰਗਿ ਪੈਰੁ ਧਰੀਜੈ ।।
ਸਿਰ ਦੀਜੈ ਕਾਣਿ ਨ ਕੀਜੈ ।। 20 ।।
(ਸਲੋਕ ਵਾਂਗ ਤੇ ਵਧੀਕ ਪੰਨਾ 1412)

Sri Satguru Jagjit Singh Ji Elibrary NamdhariElibrary@gmail.com

ਤਬੈ ਰੋਸ ਜਾਗਿਯੋ ।।
ਕਰੰ ਲੈ ਕਮਾਣੰ ।।
ਹਨੰ ਬਾਣ ਤ੍ਰਾਣੰ ।।

(ਬਚਿਤ੍ਰ ਨਾਟਕ ਸ਼ ਦਸਮ ਗੁਰੂ ਗ੍ਰੰਥ)

ਦੇਹ ਸ਼ਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋ
ਨ ਡਰੋਂ ਅਰਿ ਸੋ ਜਬ ਜਾਇ ਲਰੋਂ , ਨਿਸਚੈ ਕਰ ਅਪਨੀ ਜੀਤ ਕਰੋਂ ।।
ਅਰ ਸਿਖ ਹੋ ਆਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ ।।
ਜਬ ਆਵ ਕੀ ਅਉਧ ਨਿਧਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ ।।
231 ।।

(ਸਵੈਯਾ - ਚੰਡੀ ਚਰਿਤ੍ਰ ਸ਼ ਦਸਮ ਗੁਰੂ ਗ੍ਰੰਥ ਜੀ)

"ਕੂਕਾ (ਸਿੱਖ) ਲਹਿਰ ਮੁੱਢ ਵਿਚ ਇਕ ਧਾਰਮਿਕ ਲਹਿਰ ਸੀ, ਜਿਸ ਨੇ ਇਹ ਅਹਿਸਾਸ ਕਰ ਲਿਆ ਸੀ ਕਿ ਧਾਰਮਿਕ ਆਜ਼ਾਦੀ ਉਨਾਂ ਚਿਰ ਨਹੀ ਮਿਲਣੀ, ਜਿੰਨਾ ਚਿਰ ਅਸੀ ਰਾਜਨੀਤਿਕ ਤੌਰ ਤੇ ਆਜ਼ਾਦ ਨਹੀ ਹੋ ਜਾਂਦੇ ਇਸ ਲਈ ਉਨਾਂ ਅੰਗਰੇਜ਼ ਸਰਕਾਰ ਦਾ ਸਮੁੱਚਾ ਬਾਈਕਾਟ ਕਰ ਦਿੱਤਾ । ਮਾਲਵਾ ਇਨਾਂ ਦੀ ਰਣਭੂਮੀ ਸੀ । ਭੈਣੀ ਸਾਹਿਬ (ਲੁਧਿਆਣਾ) ਇਨਾਂ ਦਾ ਕੇਂਦਰ ਸੀ । ਉਸ ਸਮੇਂ ਜ਼ਿਲਾ ਫਿਰੋਜ਼ਪੁਰ ਦਾ ਪਿੰਡ ਖੋਟੇ ਇਨਾਂ ਦਾ ਖਾਸ ਟਿਕਾਣਾ ਸੀ । ਬਾਬਾ(ਗੁਰੂ) ਰਾਮ ਸਿੰਘ ਭੈਣੀ ਸਾਹਿਬ ਤੋਂ ਖੋਟਿਆ ਨੂੰ ਜਾਂਦਿਆਂ, ਇਸ ਪਿੰਡ ਆਪਣਾ ਪੜ੍ਹਾ ਕਰਿਆ ਕਰਦੇ ਸਨ । ਇਨਾਂ ਪਿੰਡਾਂ ਵਿਚੋਂ ਇਨ੍ਹਾਂ ਦੇ ਕਈ ਪੈਰੋਕਾਰ ਬਣ ਗਏ । ਮਲੇਰ ਕੋਟਲੇ ਕੂਕਿਆਂ (ਸਿੰਘਾਂ) ਨੂੰ ਤੋਪਾਂ ਨਾਲ ਉਡਾਉਣ ਤੋਂ ਬਾਅਦ ਸਾਰੇ ਇਲਾਕੇ ਵਿਚ ਦਸੰਬਰ 1872 ਨੂੰ ਅੱਠ ਕੂਕੇ ਦੇਸ਼ ਭਗਤਾਂ ਨੂੰ ਫਾਂਸੀ ਲਟਕਾ ਦਿੱਤਾ । ਛੇ ਦੇਸ਼ ਭਗਤਾਂ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ।5 ਕੂਕਿਆਂ ਨੂੰ ਪੰਜ ਪੰਜ ਸਾਲ ਦੀ ਸਜ਼ਾ ਤੇ ਜਾਇਦਾਦ ਕੁਰਕ (ਜ਼ਬਤ) ਕੀਤੀ ਗਈ । ਇਨਾਂ ਪੰਜਾਂ ਕੂਕਿਆਂ ਵਿਚੋਂ ਦੋ ਕੂਕੇ ਬਾਬਾ ਗੁਰਦਿੱਤ ਸਿੰਘ ਤੇ ਬਾਬਾ ਦੇਵਾ ਸਿੰਘ ਪਿੰਡ ਝੋਰੜਾਂ ਦੇ ਸਨ।"

(ਡਾਕੂਆਂ ਤੋਂ ਰੂਹਾਨੀਅਤ ਦਾ ਗੜ੍ਹ ਬਣਿਆ ਪਿੰਡ ਝੋਰੜਾਂ ਸ਼ ਜਰਨੈਲ ਸਿੰਘ ਅਚਰਵਾਲ - ਇਤਿਹਾਸ ਦੀਆਂ ਪੈੜਾਂ - 199 ਨਵਾਂ ਜ਼ਮਾਨਾ (ਐਤਵਾਰਤਾ ਅੰਕ) 12 ਸਤੰਬਰ 1999)

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਮਤ ਦਾ ਸਾਹਿਤ ਤੇ ਪੱਤਰਕਾਰੀ

## (ਮਹੱਤਵ ਅਤੇ ਯੋਗਦਾਨ)

ਕਿਰਪਾਲ ਸਿੰਘ ਕਸੇਲ

**ਆਰੰਭਿਕ ਵਿਚਾਰ :**

ਨਾਮਧਾਰੀ ਗੁਰੂ ਰਾਮ ਸਿੰਘ ਜੀ ਵਲੋਂ ਆਰੰਭ ਕੀਤਾ ਗਿਆ 12 ਅਪਰੈਲ 1857 ਨੂੰ ਨਾਮਧਾਰੀ ਮਤ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਤ ਗੁਰਮਤਿ ਧਾਰਾ ਦਾ ਹੀ ਕੀਤਾ ਗਿਆ ਯੁੱਗ ਅਨੁਕੂਲ ਉਥਾਨ ਤੇ ਵਿਸਥਾਰ ਸੀ। ਇਸ ਮਤ ਨਾਲ 'ਨਾਮਧਾਰੀ' 'ਸੰਤ ਖਾਲਸਾ' ਅਤੇ 'ਕੂਕਾ' ਸ਼ਬਦਾਂ ਦਾ ਵੀ ਅਗੇਤਰ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਇਹ ਸਾਰੇ ਸ਼ਾਬਦਿਕ ਸੰਕਲਪ 'ਨਾਮਧਾਰੀ' 'ਸੰਤ ਖਾਲਸਾ' ਅਤੇ 'ਕੂਕਾ' ਸਮਾਨਾਰਥਕ ਹੀ ਮੰਨੇ ਜਾਂਦੇ ਹਨ। ਇਸ ਲਈ ਨਾਮਧਾਰੀ ਇਤਿਹਾਸ ਤੇ ਸਾਹਿਤ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਦੇ ਸੰਦਰਭ ਵਿਚ ਇਨ੍ਹਾਂ ਸ਼ਬਦਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਨਾਮਧਾਰੀ ਅਰਦਾਸ ਵਿਚ ਸ਼ਬਦ 'ਸੰਤ ਖਾਲਸਾ' ਦੀ ਹੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ 'ਸੰਤ ਖਾਲਸੇ ਦਾ ਪ੍ਰਕਾਸ਼ ਕਰੇ' ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਮਤ ਵਿਚ ਨਾਮ ਸਿਮਰਨ ਨੂੰ ਜੋ ਵਿਸ਼ੇਸ਼ਤਾ ਪ੍ਰਦਾਨ ਕੀਤੀ, ਉਸ ਅਨੁਸਾਰ ਸੰਤ ਖਾਲਸੇ ਦਾ ਆਧਾਰ ਬਣਾ ਕੇ ਜੀਵਨ ਬਤੀਤ ਕਰਨ ਦੇ ਫਲਸਰੂਪ 'ਨਾਮਧਾਰੀ' ਸ਼ਬਦ ਦੀ ਵਰਤੋਂ ਪ੍ਰਚਲਿਤ ਹੋਈ। ਨਾਮ ਰੰਗ ਵਿਚ ਰੱਤੇ ਨਾਮਬਾਣੀ ਨਾਲ ਇਕਸੁਰ ਹੋਏ ਅਤੇ ਆਪਣੇ ਸਤਿਗੁਰੂ ਸਾਹਿਬਾਨ ਦੇ ਦਰਸ਼ਨ ਕਰਕੇ ਸਿੰਘ ਨਿਹਾਲ ਹੋ ਕੇ ਮਸਤਾਨੇ ਹੋਜਾਂਦੇ ਸਨ ਤੇ ਉੱਚੀ ਉੱਚੀ 'ਪ੍ਰੇਮ ਦੀਆਂ ਦਰਦ ਵਿੰਨ੍ਹੀਆਂ ਕੂਕਾਂ' ਮਾਰਨ ਲੱਗ ਪੈਂਦੇ ਸਨ, ਇਸੇ ਲਈ 'ਕੂਕਾ' ਸ਼ਬਦ ਪ੍ਰਚਲਿਤ ਹੋਇਆ ਜਿਸ ਦੀ ਸਤਿਗੁਰੂ ਦੁਆਰਾ ਵਿਸ਼ੇਸ਼ ਬਾਣੇ ਦੇ ਸਰੂਪ ਕਾਰਨ ਕੂਕਿਆਂ ਜਾਂ ਨਾਮਧਾਰੀਆਂ ਦੀ ਵੱਖਰੀ ਪਹਿਚਾਣ ਹੋ ਗਈ। ਸਿੱਖੀ ਦੀ ਸਨਾਤਨ ਗੁਰ ਮਰਿਆਦਾ ਜੋ 18ਵੀਂ ਸਦੀ ਦੇ ਅੰਤ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿਚ ਗੁਰੂ ਸਿੱਖਾਂ ਵਿਚੋਂ ਅਲੋਪ ਹੁੰਦੀ ਜਾ ਰਹੀ ਸੀ, ਦੀ ਪੂਰਨ ਸੁਰਜੀਤੀ ਅਤੇ 29 ਮਾਰਚ 1849 ਪਿਛੋਂ ਖਾਲਸਾ ਰਾਜ ਦੇ ਖੁਸ ਜਾਣ ਨਾਲ ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਦੀ ਕਾਲੀ ਰਾਤ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਸੁਤੰਤਰਤਾ ਦੀ ਜੋਤ ਜਗਾਈ ਉਸ ਦੇ ਫਲਸਰੂਪ 'ਕੂਕਾ ਲਹਿਰ' ਨੇ ਸੁਤੰਤਰਤਾ ਦੀ ਪੁਨਰ ਪ੍ਰਾਪਤੀ ਲਈ ਜਿਹੜਾ ਸੰਗਰਾਮ ਰਚਿਆ ਅਤੇ ਜੋ ਅਦੁੱਤੀ ਬਲੀਦਾਨ ਦਿੱਤੇ, ਉਸ ਕਾਰਨ ਨਾਮਧਾਰੀ ਇਤਿਹਾਸ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਵਿਸ਼ਵ ਦੇ ਸੁਤੰਤਰਤਾ ਦੇ ਇਤਿਹਾਸ

Sri Satguru Jagjit Singh Ji Elibrary NamdhariElibrary@gmail.com

ਵਿਚ ਨਿਵੇਕਲੀ ਸ਼ਾਨ ਰੱਖਦਾ ਹੈ, ਕਿਉਂ ਜੋ ਵਿਦੇਸ਼ੀ ਸਾਮਰਾਜੀ ਸਰਕਾਰ ਨੇ ਇਸ ਮਤ ਉੱਤੇ ਕਰੜੀਆਂ ਪਾਬੰਦੀਆਂ ਲਾਈਆਂ ਅਤੇ ਚੌਕਸੀ ਵਰਤੀ, ਇਸ ਲਈ ਨਾਮਧਾਰੀ ਮਤ ਦੇ ਇਤਿਹਾਸ ਤੇ ਇਸ ਨਾਲ ਸੰਬੰਧਿਤ ਸਾਹਿਤ ਦੇ ਬਹੁਤ ਸਾਰੇ ਸੁਨਹਿਰੇ ਪੰਨੇ ਹਾਲੇ ਤਕ ਵੀ ਪੂਰੀ ਤਰ੍ਹਾਂ ਪ੍ਰਕਾਸ਼ ਵਿਚ ਨਹੀਂ ਆ ਸਕੇ। ਨਾਮਧਾਰੀ ਮਤ ਅਤੇ 'ਕੂਕਾ ਲਹਿਰ' ਨਾਲ ਸੰਬੰਧਿਤ ਇਤਿਹਾਸ, ਸਾਹਿਤ ਅਤੇ ਪੱਤਰਕਾਰੀ ਬਾਰੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਅਤੇ ਵਰਤਮਾਨ ਨਾਮਧਾਰੀ ਗੁਰੂ ਸ੍ਰੀ ਜਗਜੀਤ ਸਿੰਘ ਮਹਾਰਾਜ ਦੀ ਪ੍ਰੇਰਨਾ ਸਦਕਾ ਕੀਤੀ ਗਈ ਸਾਰਥਕ ਖੋਜ ਦੇ ਫਲਸਰੂਪ ਨਾਮਧਾਰੀ ਮਤ ਦੇ ਇਤਿਹਾਸ ਦਾ ਪੁਰ ਪੁਨਰ ਨਿਰੀਖਣ, ਵਿਸ਼ਲੇਸ਼ਣ ਅਤੇ ਪੁਨਰ ਮੁਲਾਂਕਣ ਜ਼ਰੂਰੀ ਹੋ ਗਿਆ ਹੈ, ਇਹ ਸਾਹਿਤ ਮਾਤਰਾ ਅਤੇ ਗੁਣਾਂ ਦੋਹਾਂ ਕਰਕੇ ਹੀ ਬੜਾ ਅਮੀਰ ਅਤੇ ਮਹਾਨ ਹੈ। ਇਸ ਸਾਰੇ ਸਾਹਿਤ ਦੇ ਵਿਸਥਾਰ ਉੱਤੇ ਪੂਰਨ ਭਾਂਤ ਪ੍ਰਕਾਸ਼ ਪਾਉਣ ਲਈ ਪੂਰੀ ਪੁਸਤਕ ਜਾਂ ਖੋਜ ਗ੍ਰੰਥ ਦੀ ਲੋੜ ਹੈ। ਇਸ ਲਈ ਇਥੇ ਸੰਖੇਪ ਤੇ ਸੰਕੇਤਕ ਰੂਪ ਵਿਚ ਹੀ ਇਸ ਵਿਸ਼ੇ ਬਾਰੇ ਕੁਝ ਉਲੇਖ ਕਰਨ ਦਾ ਯਤਨ ਕੀਤਾ ਗਿਆ ਹੈ।

ਜੇ ਗੁਰਮਤਿ ਧਾਰਾ ਦੀ ਪੂਰਬਲੇ ਇਤਿਹਾਸ ਦੇਸਾਹਿਤ ਦੀ ਪਰੰਪਰਾ ਨੂੰ ਸਨਮੁੱਖ ਰੱਖਿਆ ਜਾਵੇ ਤਾਂ ਨਾਮਧਾਰੀ ਇਤਿਹਾਸ ਦੇ ਸਾਹਿਤ ਨੂੰ ਉਸ ਦੀ ਉਤਰ ਅਧਿਕਾਰਤਾ ਦੇ ਸੁਆਮੀ ਹੋਣ ਦਾ ਗੌਰਵ ਵੀ ਪ੍ਰਾਪਤ ਹੈ ਕਿਉਂ ਜੋ ਬਹੁਤ ਸਾਰੀਆਂ ਇਤਿਹਾਸਕ ਅਤੇ ਆਰੰਭਿਕ ਪਰੰਪਰਾਵਾਂ ਦਾ ਨਾਮਧਾਰੀ ਸਾਹਿਤ ਵਿਚ ਯਥਾਵਤ ਕੇਵਲ ਅਨੁਸਰਣ ਹੀ ਨਹੀਂ ਕੀਤਾ ਗਿਆ ਸਗੋਂ ਸਮਕਾਲੀ ਸੰਦਰਭ ਵਿਚ ਇਨ੍ਹਾਂ ਦਾ ਵਿਸਥਾਰ ਅਤੇ ਕੁਝ ਹਾਲਤਾਂ ਵਿਚ ਕਾਂਇਆ ਕਲਪ ਵੀ ਕੀਤੀ ਗਿਆ ਹੈ।

ਇਸ ਸੰਖੇਪ ਲੇਖ ਵਿਚ 157 ਤੋਂ ਲੈ ਕੇ ਵਰਤਮਾਨ ਕਾਲ ਤਕ ਦੇ ਨਾਮਧਾਰੀ ਸਾਹਿਤ ਅਤੇ ਪੱਤਰਕਾਰਤਾ ਦਾ ਸਰਵੇਖਣ ਅਤੇ ਮੁਲਾਂਕਣ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਲਗਭਗ 140-45 ਸਾਲ ਦੇ ਇਤਿਹਾਸ ਨੂੰ ਨਾਮਧਾਰੀ ਸਤਿਗੁਰੂ ਸਾਹਿਬਾਨ ਦੀ ਕਾਲ-ਕ੍ਰਮਕ ਪਰੰਪਰਾ ਅਨੁਸਾਰ ਤਿੰਨ ਕਾਲ ਖੰਡਾਂ ਵਿਚ ਵੰਡ ਕੇ ਵਾਚਣ ਦਾ ਯਤਨ ਕੀਤਾ ਗਿਆ ਹੈ। ਇਹ ਤਿੰਨ ਕਾਲ-ਖੰਡ ਹਨ:

ੳ. *1857 ਤੋਂ ਲੈ ਕੇ 1906 ਤਕ ਦਾ ਕਾਲ ਜਿਸ ਨੂੰ ਨਾਮਧਾਰੀ ਗੁਰੂ ਰਾਮ ਸਿੰਘ ਅਤੇ ਨਾਮਧਾਰੀ ਗੁਰੂ ਹਰੀ ਸਿੰਘ ਦਾ ਕਾਲ ਕਿਹਾ ਜਾ ਸਕਦਾ ਹੈ।*

ਅ. *ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੇ ਕਾਲ ਦਾ ਸਾਹਿਤ 1906 ਤੋਂ 1959*

ੲ. *ਵਰਤਮਾਨ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦਾ ਕਾਲ ਜੋ 1959 ਤੋਂ ਵਰਤਮਾਨ ਸਮੇਂ ਤਕ ਚਲਦਾ ਹੈ।*

ਇਥੇ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸਾਰੇ ਨਾਮਧਾਰੀ ਸਤਿਗੁਰੂ ਸਾਹਿਬਾਨ ਨੇ ਸਾਹਿਤ ਅਤੇ ਕਲਾ ਸੰਗੀਤ ਦੇ ਸੰਬੰਧ ਵਿਚ ਸਦਾ ਹੀ ਸਰਪ੍ਰਸਤੀ, ਅਗਵਾਈ ਅਤੇ ਉਲੇਖਣੀ ਪ੍ਰੇਰਨਾ ਦਿੱਤੀ ਹੈ, ਜਿਸ ਦੇ ਫਲਸਰੂਪ ਅਨੇਕ ਸਾਹਿਤਕਾਰਾਂ, ਕਵੀਆਂ, ਲੇਖਕਾਂ, ਕਲਾਕਾਰਾਂ ਦੇ ਮੰਡਲ ਦੇ ਨਾਮਧਾਰੀ ਗੁਰੂ ਘਰ ਤੋਂ ਪ੍ਰਭਾਵਿਤ ਹੁੰਦੇ ਰਹੇ ਅਤੇ ਮਾਰਗ ਦਰਸ਼ਨ ਲੈਂਦੇ ਰਹੇ ਹਨ।

### ਨਾਮਧਾਰੀ ਸਾਹਿਤ ਦਾ ਪਹਿਲਾ ਖੰਡ :

ਨਾਮਧਾਰੀ ਇਤਿਹਾਸ ਤੇ ਸਾਹਿਤ ਸਿਰਜਣਾ ਦੀ ਦ੍ਰਿਸ਼ਟੀ ਤੋਂ ਇਹ ਕਾਲ ਸਭ ਤੋਂ ਮਹੱਤਵਪੂਰਨ ਹੈ, ਜਿਸ ਵਿਚ ਨਾਮਧਾਰੀਆਂ ਨੇ ਅੰਗਰੇਜ਼ ਸਾਮਰਾਜ ਦੀ ਹਕੂਮਤ ਨਾਲ ਸਿੱਧਾ ਸੰਘਰਸ਼ ਜਾਰੀ ਰੱਖਿਆ। 1857 ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਵਲੋਂ ਸਥਾਪਤ ਕੀਤੇ ਗਏ ਸੰਤ ਖਾਲਸੇ ਨੇ ਨਾ ਕੇਵਲ ਆਪਣੀਆਂ ਜੜ੍ਹਾਂ ਹੀ ਮਜ਼ਬੂਤ ਕੀਤੀਆਂ ਸਗੋਂ ਲੱਖਾਂ ਦੀ ਗਿਣਤੀ ਵਿਚ ਕੁਝ ਸਾਲਾਂ ਵਿਚ ਹੀ ਨਾਮਧਾਰੀ ਮਤ ਦਾ ਪਾਸਾਰ ਹੋਇਆ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦਾ ਪੰਜਾਬ ਦੇ ਲੋਕਾਂ ਵਿਚ ਦਿੱਤਾ ਗਿਆ ਧਾਰਮਿਕ ਸੰਦੇਸ਼, ਸਮਾਜ ਸੁਧਾਰ ਦੇ ਉਪਦੇਸ਼, ਖੁੱਸ ਚੁੱਕੀ ਪ੍ਰਭੂਸਤਾ ਦੀ ਪੁਨਰ ਪ੍ਰਾਪਤੀ ਲਈ ਚਲਾਏ ਗਏ ਗੁਪਤ ਪ੍ਰਗਟ, ਸੰਗਰਾਮ, ਵਿਦੇਸ਼ੀ ਸਰਕਾਰ ਵਲੋਂ ਅਪਨਾਈ ਗਈ ਕੁਟਿਲ ਰਾਜਨੀਤੀ ਅਤੇ ਕੂਕਿਆਂ ਵਿਰੁੱਧ ਚਲਾਇਆ ਗਿਆ ਦਮਨ ਚੱਕਰ ਇਸ ਸਮੇਂ ਦੇ ਮਹੱਤਵਪੂਰਨ ਇਤਿਹਾਸਕ ਸਮਾਚਾਰਾਂ ਵਿਚੋਂ ਹਨ। ਸੁਤੰਤਰਤਾ ਸੰਗਰਾਮ ਦੇ ਪ੍ਰਥਮ ਮਹਾਂ ਨਾਇਕ ਦੇ ਰੂਪ ਵਿਚ ਨਾਮਧਾਰੀ ਰਾਮ ਸਿੰਘ ਜੀ ਦੀ ਦੂਰਦਰਸ਼ਤਾ ਅਤੇ ਸੂਝ ਭਰੀ ਪਹੁੰਚ ਸੰਚਾਰ ਦੇ ਇਤਿਹਾਸ ਵਿਚ ਅਦੁੱਤੀ ਉਦਾਹਰਣ ਦੇ ਰੂਪ ਵਿਚ ਪੇਸ਼ ਕਰਨਯੋਗ ਹੈ। ਇਸ ਕਾਲ ਦੇ ਸਮਕਾਲੀ ਸਾਹਿਤ ਵਿਚੋਂ ਕੂਕਾ ਲਹਿਰ ਦੇ ਉਦੇਸ਼ਾਂ ਅਤੇ ਸਰਗਰਮੀਆਂ ਬਾਰੇ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ, ਕਿਉਂ ਜੋ ਇਸ ਕਾਲ ਦੇ ਸਾਰੇ ਸਾਹਿਤਕਾਰ ਨਾਮਧਾਰੀ ਗੁਰੂ ਸਾਹਿਬਾਨ ਗੁਰੂ ਰਾਮ ਸਿੰਘ ਤੇ ਨਾਮਧਾਰੀ ਗੁਰੂ ਹਰੀ ਸਿੰਘ ਦੇ ਨਿਕਟਵਰਤੀ ਮੰਡਲਾਂ ਅਤੇ ਸ਼ਰਧਾਲੂਆਂ ਵਿਚੋਂ ਸਨ। ਪ੍ਰਾਪਤ ਸਾਹਿਤ ਭਾਵੇਂ ਬਹੁਤੀ ਮਾਤਰਾ ਵਿਚ ਨਹੀਂ ਮਿਲਦਾ ਪਰ ਜੋ ਗਿਣਤੀ ਦੀਆਂ ਰਚਨਾਵਾਂ ਉਪਲਬਧ ਹਨ, ਉਨ੍ਹਾਂ ਰਾਹੀਂ ਨਾਮਧਾਰੀ ਮਤ ਦੇ ਆਦਰਸ਼ਾਂ ਤੇ ਸਰਗਰਮੀਆਂ ਬਾਰੇ ਚੋਖਾ ਤੇ ਵਾਸਤਵਿਕ ਗਿਆਨ ਪ੍ਰਾਪਤ ਹੋ ਜਾਂਦਾ ਹੈ। ਇਹ ਰਚਨਾਵਾਂ ਕੁਝ ਤਾਂ ਬ੍ਰਜ ਭਾਸ਼ਾ ਵਿਚ ਹਨ ਜੋ ਉਸ ਸਮੇਂ ਦੇ ਪੰਜਾਬ ਦੇ ਸਿਖ ਸਾਹਿਤ ਦੀ ਪ੍ਰਚਲਿਤ ਸ਼ੈਲੀ ਸੀ। ਕੁਝ ਰਚਨਾਵਾਂ ਪੰਜਾਬੀ ਭਾਸ਼ਾ ਵਿਚ ਹਨ, ਜਿਨ੍ਹਾਂ ਵਿਚੋਂ ਕੁਝ ਕਵਿਤਾ ਅਤੇ ਕੁਝ ਵਾਰਤਕ ਦੀਆਂ ਰਚਨਾਵਾਂ ਹਨ। ਇਨ੍ਹਾਂ ਦਾ ਵੇਰਵਾ ਨਿਮਨ ਲਿਖਤ ਹੈ:

1. *ਹੁਕਮਨਾਮੇ (ਸ੍ਰੀ ਸਤਿਗੁਰੂ ਰਾਮ ਸਿੰਘ ਜੀ)*
2. *ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ 12ਵੀਂ (ਭਾਈ ਸੰਤੋਖ ਸਿੰਘ ਬਾਹੋਵਾਲ)*
3. *28 ਕਬਿੱਤ ਗਿਆਨੀ ਗਿਆਨ ਸਿੰਘ (ਪ੍ਰਸਿੱਧ ਸਿੱਖ ਇਤਿਹਾਸਕਾਰ)*
4. *ਸ੍ਰੀ ਸਤਿਗੁਰੂ ਬਿਲਾਸ : ਸੰਤ ਧਿਆਨ ਸਿੰਘ ਕਾਦਰਾਬਾਦੀ (ਕਵਿਤਾ ਬ੍ਰਜ ਭਾਸ਼ਾ)*
5. *ਗੁਰਿੰਭਨਾਮਾ : (ਕਵਿਤਾ ਬ੍ਰਜ ਭਾਸ਼ਾ)*
6. *ਬਾਰਾਂਮਾਹ : ਬਾਬਾ ਚੰਦ ਸਿੰਘ*
7. *ਬਾਰਾਂਮਾਹ : ਬਾਬਾ ਨਿਹਾਲ ਸਿੰਘ*
8. *ਬਾਰਾਂਮਾਹ : ਬਾਬਾ ਕਾਲਾ ਸਿੰਘ*
9. *ਪੈਂਤੀ ਅੱਖਰੀ : ਬਾਬਾ ਕਾਲਾ ਸਿੰਘ*

Sri Satguru Jagjit Singh Ji Elibrary NamdhariElibrary@gmail.com

10 *ਸ਼ਹੀਦ ਬਿਲਾਸ : ਬਾਬਾ ਕਾਲਾ ਸਿੰਘ*
11. *ਉਸਤਤ ਨਾਮਾ : ਬਾਬਾ ਕਾਲਾ ਸਿੰਘ*

**ਵਾਰਤਕ ਰਚਨਾਵਾਂ :**

ਵਿਚਾਰ ਅਧੀਨ ਕਾਲ ਦੀ ਸਭ ਤੋਂ ਮਹੱਤਵਪੂਰਨ ਰਚਨਾ ਸ੍ਰੀ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਹਨ, ਜਿਨ੍ਹਾਂ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪਾਵਨ ਆਤਮਾ ਦੀ ਚਿੰਤਨਧਾਰਾ ਪ੍ਰਤੱਖ ਰੂਪ ਵਿਚ ਪ੍ਰਕਾਸ਼ਮਾਨ ਹੋਈ ਹੈ। ਭਾਵੇਂ ਪਹਿਲਾਂ ਵੀ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਜ਼ਿਕਰ ਕੁਝ ਪੁਸਤਕਾਂ ਵਿਚ ਆਇਆ ਹੈ ਪਰ ਇਨ੍ਹਾਂ ਦਾ ਪ੍ਰਮਾਣਿਕ ਸਰੂਪ ਹੁਣ ਜਸਵਿੰਦਰ ਸਿੰਘ ਇਤਿਹਾਸਕਾਰ ਦੁਆਰਾ ਸੰਪਾਦਿਤ ਅਤੇ 1998 ਵਿਚ ਨਾਮਧਾਰੀ ਦਰਬਾਰ (ਸ੍ਰੀ ਭੈਣੀ ਸਾਹਿਬ) ਵਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਵਿਚ 64 ਹੁਕਮਨਾਮੇ ਦਰਜ ਹਨ, ਜਿਨ੍ਹਾਂ ਵਿਚ ਦੋ ਸ੍ਰੀ ਭੈਣੀ ਸਾਹਿਬ ਤੋਂ ਲਿਖ ਕੇ ਸਮੂਹ ਸੰਗਤ ਨੂੰ ਭੇਜੇ ਗਏ ਸਨ, ਇਨ੍ਹਾਂ ਵਿਚ ਵਿਸ਼ੇਸ਼ ਕਰਕੇ ਨਾਮਧਾਰੀ ਮਤ ਦੀ ਰਹਿਤ ਮਰਿਯਾਦਾ, ਧਾਰਮਿਕ ਸੰਸਕਾਰ ਅਤੇਧਾਰਨ ਕਰਨਯੋਗ ਵਿਅਕਤੀਗਤ ਤੇ ਸਮੂਹਿਕ ਵਿਵਹਾਰ ਬਾਰੇ ਆਦੇਸ਼ ਦਿੱਤਾ ਗਿਆ ਹੈ। ਇਸ ਪੁਸਤਕ ਦੇ 62 ਹੁਕਮਨਾਮੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਵਲੋਂ ਬਰਮਾ ਵਿਚੋਂ ਉਨ੍ਹਾਂ ਸਿੱਖਾਂ ਦੇ ਰਾਹੀਂ ਭੇਜੇ ਗਏ ਸਨ, ਜੋ ਬੜੀਆਂ ਮੁਸ਼ਕਲਾਂ ਝਾਗ ਕੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇਦ ਰਸ਼ਨ ਕਰਨ ਗਏ। ਬਰਮਾ ਵਿਚੋਂ ਲਿਖੇ ਗਏ ਹੁਕਮਨਾਮੇ ਕਿਉਂ ਜੋ ਗੁਪਤ ਢੰਗ ਨਾਲ ਭੇਜੇ ਗਏ ਸਨ। ਇਸ ਲਈ ਇਨ੍ਹਾਂ ਵਿਚੋਂ ਕੁਝ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਨਾਮ ਦਿਆਲ ਸਿੰਘ ਤੇ ਆਪਣੇ ਨਿੱਜੀ ਸੇਵਕ ਨਾਨੂੰ ਸਿੰਘ ਦਾ ਨਾਮ ਕਿਰਪਾਲ ਸਿੰਘ ਕਰਕੇ ਲਿਖਿਆ ਹੈ। ਕਿਉਂਜੋ ਇਹ ਹੁਕਮਨਾਮੇ ਚਿੱਠੀ ਪੱਤਰ ਦੀ ਸ਼ੈਲੀ ਵਿਚ ਲਿਖੇ ਗਏ ਹਨ, ਇਸ ਲਈ ਇਨ੍ਹਾਂ ਵਿਚੋਂ ਤੱਤਕਾਲਕ ਪੱਤਰਾਚਾਰ ਦੀ ਪ੍ਰਚਲਿਤ ਸ਼ੈਲੀ ਦੇ ਵਿਸ਼ੇਸ਼ ਪੱਖ ਭਲੀਭਾਂਤ ਉਜਾਗਰ ਹੋ ਜਾਂਦੇ ਹਨ। ਡਾ. ਹਰਿਭਜਨ ਸਿੰਘ ਅਨੁਸਾਰ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਵਾਰਤਕ ਸ਼ੈਲੀ ਦਾ ਮੁੱਖ ਗੁਣ ਸਰਲਤਾ ਅਤੇ ਨਿਮਰਤਾ ਹੈ ਪਰ ਇਨ੍ਹਾਂ ਦਾ ਗੰਭੀਰ ਅਧਿਐਨ ਨਾਮਧਾਰੀ ਮਤ ਦੇ ਅਨੇਕ ਪੱਖਾਂ ਉੱਤੇ ਪ੍ਰਕਾਸ਼ ਪਾਉਣ ਵਾਲਾ ਹੈ। ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਹਿਰਦੇ ਵਿਚ ਪੰਜਾਬ ਅਤੇ ਸਾਧ ਸੰਗਤ ਲਈ ਵਿਸ਼ੇਸ਼ ਪਿਆਰ ਸੀ ਆਪ ਇਨ੍ਹਾਂ ਦੇ ਵਿਛੋੜੇ ਦਾ ਜ਼ਿਕਰ ਬਾਰ ਬਾਰ ਕਈ ਹੁਕਮਨਾਮਿਆਂ ਵਿਚ ਕਰਦੇ ਹਨ। ਇਨ੍ਹਾਂ ਹੁਕਮਨਾਮਿਆਂ ਤੋਂ ਹੀ ਇਹ ਗੱਲ ਪ੍ਰਗਟ ਹੋ ਜਾਂਦੀ ਹੈ ਕਿ ਇਨ੍ਹਾਂ ਦਾ ਰਚਨਹਾਰ ਪਰਵਾਸ ਦੇ ਬੰਦੀ ਜੀਵਨ ਵਿਚ ਕੀ ਕੁਝ ਅਨੁਭਵ ਕਰਦਾ ਅਤੇ ਸੋਚਦਾ ਹੈ ਪੰਜਾਬ ਦੇ ਇਤਿਹਾਸਕ ਸਮਾਚਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਪ ਜੀ ਦੇ ਮਨ ਵਿਚ ਕਿੰਨੀ ਉਤਸੁਕਤਾ ਹੈ। ਇਹ ਸੰਬੋਧਨੀ ਸ਼ੈਲੀ ਵਿਚ ਲਿਖੇ ਗਏ ਹਨ, ਜਿਸ ਵਿਚ ਸੰਕੇਤਕ ਰੂਪ ਵਿਚ ਨਿੱਕੇ ਨਿੱਕੇ ਵੇਰਵਿਆਂ ਰਾਹੀਂ ਹਰ ਪ੍ਰਕਾਰ ਦੀ ਜਾਣਕਾਰੀ ਤੇ ਅਗਵਾਈ ਦਿੱਤੀ ਗਈ ਹੈ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਅੰਤਰ ਆਤਮਾ ਨੂੰ ਜਾਨਣ ਲਈ ਇਨ੍ਹਾਂ ਹੁਕਮਨਾਮਿਆਂ ਤੋਂ ਵਧੇਰੇ

ਹੋਰ ਕੋਈ ਵੀ ਉੱਤਮ ਪ੍ਰਮਾਣ ਨਹੀਂ ਹੋ ਸਕਦਾ। ਆਪ ਜੀ ਨੇ ਉਸ ਸਮੇਂ ਨਾਮ ਸਿਮਰਨ, ਬਾਣੀ ਪੜ੍ਹਨ, ਬਾਣੀ ਕੰਠ ਕਰਨ, ਗੁਰਮੁਖੀ ਅੱਖਰਾਂ ਦਾ ਬੋਧ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਯਤਨ ਕੀਤੇ ਅਤੇ ਸਮੂਹ ਨਾਮਧਾਰੀ ਸੰਗਤ ਨੂੰ ਆਪਣੀ ਬੋਲੀ ਤੇ ਗੁਰਮਤਿ ਦੇ ਸਭਿਆਚਾਰ ਨਾਲ ਜੋੜਨ ਦਾ ਮਹਾਨ ਯਤਨ ਕੀਤਾ। ਇਨ੍ਹਾਂ ਹੁਕਮਨਾਮਿਆਂ ਵਿਚ ਬਰਤਾਨਵੀ ਸਾਮਰਾਜ ਦੇ ਵਿਰੋਧ ਅਤੇ ਆਜ਼ਾਦੀ ਦਾ ਸੰਘਰਸ਼ ਜਾਰੀ ਰੱਖਣ ਲਈ ਵੀ ਥਾਂ ਥਾਂ ਤੇ ਸੰਕੇਤ ਕੀਤੇ ਗਏ ਹਨ। ਇਨ੍ਹਾਂ ਹੁਕਮਨਾਮਿਆਂ ਦੀ ਗੱਦ ਸ਼ੈਲੀ ਦੇ ਕੁਝ ਉਦਾਹਰਣ ਪੇਸ਼ ਕੀਤੇ ਜਾਂਦੇ ਹਨ।

"ਫੇਰ ਇਸਨਾਨ ਕਰਨਾ, ਬਾਣੀ ਪੜਨੀ। ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ ਸਰਬ ਮਾਈ ਬੀਬੀ ਸਰਬ ਬੁੱਢੇ ਬਾਲ ਨੇ। ਜਪੁ ਜਪ ਦੂਹਾ ਦੇ ਹਜਾਰੇ ਕੰਠ ਕਰਨੇ। ਰਹਿਰਾਸ, ਆਰਤੀ ਸੋਹਿਲਾ ਏਤਨੀ ਤਾਂ ਜ਼ਰੂਰ ਹੀ ਕੰਠ ਕਰਨੀ ਤੇ ਸੀਲ ਸੰਤੋਖੁ ਸਭ ਨੇ ਰਖਣਾ। ਭਜਨੁ ਅਠੇ ਪਹਰ ਕਰਨਾ ਗੁਰੂ ਸਚੇ ਦਾ।" (ਹੁਕਨਾਮਾ 1)

ਇਸ ਸਮੇਂ ਦੀਆਂ ਹੋਰ ਗੱਦ ਤੇ ਪਦ ਰਚਨਾਵਾਂ ਨਾਮਧਾਰੀ ਮਤ ਦੇ ਅਧਿਆਤਮਕ ਆਦਰਸ਼ਾਂ ਵਿਸ਼ੇਸ਼ ਸਮਾਚਾਰਾਂ ਉੱਤੇ ਬੜੇ ਨੇੜੇ ਤੋਂ ਪ੍ਰਕਾਸ਼ ਪਾਉਂਦੀਆਂ ਹਨ। ਇਨ੍ਹਾਂ ਗਦ ਰਚਨਾਵਾਂ ਵਿਚ ਹੀ ਸੰਤ ਸੰਤੋਖ ਸਿੰਘ ਬਾਹੋਵਾਲ ਰਚਿਤ ਨਾਮਧਾਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰਵੀਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਇਹ ਵੱਡ ਆਕਾਰੀ ਗ੍ਰੰਥ ਸਰਲ ਤੇ ਸਰਬ ਸਧਾਰਨ ਦੀ ਗੱਲਕਥ ਦੀ ਸ਼ੈਲੀ ਵਿਚ ਰਚਿਆ.ਗਿਆ ਹੈ। ਇਸ ਪੁਸਤਕ ਦਾ ਕਰਤਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਿਵਾਸ ਰੱਖਦਾ ਸੀ, ਇਸ ਲਈ ਗੁਰੂ ਘਰ ਨਾਲ ਸੰਬੰਧਿਤ ਨੇੜੇ ਦੇ ਸਮਾਚਾਰਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ ਸਿੱਧ ਪੱਧਰੇ ਲਿਖਣ ਢੰਗ ਨਾਲ ਇਸ ਲੇਖਕ ਨੇ ਕਈ ਇਤਿਹਾਸਕ ਘਟਨਾਵਾਂ ਦਾ ਵੇਰਵਾ ਬਹੁਤ ਸੋਹਣੀ ਤਰ੍ਹਾਂ ਸਪਸ਼ਟ ਰੂਪ ਵਿਚ ਇਸ ਤਰ੍ਹਾਂ ਕੀਤਾ ਹੈ, ਜਿਵੇਂ ਉਹ ਸਭ ਕੁਝ ਨੂੰ ਆਪਣੀ ਅੱਖੀਂ ਨਿਹਾਰ ਰਿਹਾ ਹੋਵੇ।

ਇਹ ਰਚਨਾ ਹੁਣ ਛਪਾਈ ਅਧੀਨ ਹੈ ਅਤੇ ਛੇਤੀ ਹੀ ਪਾਠਕਾਂ ਤਕ ਸੁਸੰਪਾਦਿਤ ਰੂਪ ਵਿਚ ਪਹੁੰਚ ਜਾਵੇਗੀ। ਮਲੇਰਕੋਟਲੇ ਦੇ ਪ੍ਰਸਿੱਧ ਇਤਿਹਾਸਕ ਸ਼ਹੀਦੀ ਸਾਕੇ ਦੇ ਸੰਬੰਧ ਵਿਚ ਹੀਰਾ ਸਿੰਘ ਅਤੇ ਮਿਸਟਰ ਕਾਵਨ ਦੇ ਸੰਵਾਦ ਦਾ ਜ਼ਿਕਰ ਸ. ਹੀਰਾ ਸਿੰਘ ਇਸ ਪ੍ਰਕਾਰ ਕਰਦਾ ਹੈ:

"ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ, ਤੁਮ ਨੇ ਕਿਉਂ ਗਦਰ ਮਚਾਇਆ ਹੈ, ਹੀਰਾ ਸਿੰਘ ਨੇ ਕਿਹਾ, ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤਕ ਥੋੜਾ ਰਾਜ ਨਹੀਂ ਮੁਕਦਾ, ਗਦਰ ਮਚਾਵਾਂਗੇ। ਸਿਰ ਲਵਾਂਗੇ ਤੇ ਦੇਵਾਂਗੇ। ਬੁਆਨੂੰ ਦੇਥੋਂ ਕੱਢ ਕੇ ਸਾਹ ਲਵਾਂਗੇ। ਮੁੜ ਮੁੜ ਜੰਮਾਂਗੇ। ਤੁਸੀਂ ਗਊ ਬਧ ਕਰਦੇ ਹੋ ਅਸੀਂ ਗਊਬੱਧ ਨਹੀਂ ਸਹਾਰ ਸਕਦੇ ਹਾਂ।"

ਇਤਿਹਾਸਕ ਦ੍ਰਿਸ਼ਟੀ ਤੋਂ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ ਕਿਉਂਜੋ ਇਸ ਵਿਚ ਨਾਮਧਾਰੀ ਮਤ, ਲਹਿਰ ਅਤੇ ਸਰਕਾਰੀ ਦਮਨ ਚੱਕਰ, ਨਾਮਧਾਰੀ ਸਤਿਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਆਚਰਣਿਕ ਦ੍ਰਿੜਤਾ, ਸੁਤੰਤਰਤਾ ਪ੍ਰਤੀ ਲਗਨ ਅਤੇ

ਆਪਣੇ ਗੁਰੂ ਸਾਹਿਬਾਨ ਉਤੇ ਪੂਰਨ ਸਿਦਕ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ। ਇਹ ਦੋਵੇਂ ਵਾਰਤਕ ਰਚਨਾਵਾਂ ਨਾ ਕੇਵਲ ਨਾਮਧਾਰੀ ਮਤ ਦੇ ਇਤਿਹਾਸ ਨੂੰ ਹੀ ਪ੍ਰਗਟ ਕਰਦੀਆਂ ਹਨ ਸਗੋਂ ਇਨ੍ਹਾਂ ਰਾਹੀਂ ਸਮੁੱਚੇ ਭਾਰਤ ਦੇ ਰਾਸ਼ਟਰੀ ਸੁਤੰਤਰਤਾ ਸੰਗਰਾਮ ਦੇ ਅਨੇਕ ਪੱਖ ਉਜਾਗਰ ਹੁੰਦੇ ਹਨ।

**ਇਸ ਕਾਲ ਦੀਆਂ ਬ੍ਰਜ ਰਚਨਾਵਾਂ :**

ਨਾਮਧਾਰੀ ਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਵਿਚ ਇਸ ਗੱਲ ਦਾ ਬਾਰ ਬਾਰ ਜ਼ਿਕਰ ਕਰਦੇ ਹਨ ਕਿ ਅੰਗਰੇਜ਼ੀ ਸਰਕਾਰ ਨੂੰ ਮੇਰਾ ਖ਼ਾਲ ਜਿੰਨਾ ਭੈ ਹੈ। ਬਾਬਾ ਮਹਾਰਾਜ ਸਿੰਘ, ਬਾਬਾ ਬਿਕਰਮ ਸਿੰਘ ਤੋਂ ਪਿਛੋਂ ਉਹ ਮੈਨੂੰ ਹੀ ਸਭ ਤੋਂ ਖਤਰਨਾਕ ਦੁਸ਼ਮਣ ਮੰਨਦੇ ਹਨ। 'ਕੂਕਾ ਵਿਦਰੋਹ' ਨੂੰ ਦਬਾਉਣ ਲਈ ਵਿਦੇਸ਼ੀ ਸਰਕਾਰ ਨੇ ਉਸ ਸਮੇਂ ਦੇ ਮਹੰਤਾਂ, ਜਗੀਰਦਾਰਾਂ, ਮਹਾਰਾਜਿਆਂ ਤੇ ਵੱਡੇ ਸਿੱਖ ਸਰਦਾਰਾਂ ਨੂੰ ਆਪਣੇ ਨਾਲ ਰਿਆਇਤਾਂ ਦੇ ਜੋੜ ਲਿਆ ਸੀ। ਨਾਮਧਾਰੀ ਮਤ ਬਾਰੇ ਕਈ ਤਰ੍ਹਾਂ ਦੇ ਭੁਲੇਖੇ ਪਾਉਣ ਦੇ ਯਤਨ ਕੀਤੇ ਗਏ। ਇਕ ਤਾਂ ਗ਼ਲਤ ਪ੍ਰਚਾਰ ਇਹ ਕੀਤਾ ਗਿਆ ਕਿ ਗੁਰੂ ਰਾਮ ਸਿੰਘ ਆਪਣੇ ਸਿੱਖਾਂ ਦੇ ਕੰਨਾਂ ਵਿਚ ਜੋ ਗੁਰਮੰਤਰ ਦਸਦਾ ਹੈ, ਉਹ ਮੁਸਲਮਾਣੀ ਕਲਾਮ ਹੈ। ਪ੍ਰਸਿੱਧ ਸਿੱਖ ਇਤਿਹਾਸਕਾਰ ਕਵੀ ਗਿਆਨੀ ਗਿਆਨ ਸਿੰਘ ਇਸ ਭਰਮ ਦੀ ਨਵਿਰਤੀ ਲਈ ਆਪ ਸ੍ਰੀ ਭੈਣੀ ਸਾਹਿਬ ਪੁੱਜੇ ਅਤੇ ਉਨ੍ਹਾਂ ਨੇ 28 ਕਬਿੱਤ ਨਾਮਧਾਰੀਆਂ ਬਾਰੇ ਲਿਖੇ, ਜਿਨ੍ਹਾਂ ਤੋਂ ਨਾਮਧਾਰੀ ਮਤ ਬਾਰੇ ਪਾਏ ਗਏ ਭੁਲੇਖਿਆਂ ਦਾ ਖੰਡਨ ਹੀ ਨਹੀਂ ਹੁੰਦਾ ਸਗੋਂ ਨਾਮਧਾਰੀ ਮਤ ਅਤੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਗੁਰਮਤਿ ਦੀ ਪੁਨਰ ਸੁਰਜੀਤੀ ਦੇ ਮਹਾਨ ਇਤਿਹਾਸਕ ਕਰਤੱਵ ਦਾ ਵੀ ਬੋਧ ਹੋ ਜਾਂਦਾ ਹੈ। ਇਨ੍ਹਾਂ ਕਬਿੱਤਾਂ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਨਾਮਧਾਰੀ ਮਤ ਬਾਰੇ ਵਿਸ਼ਾਲ ਗਿਆਨ ਗਾਗਰ ਵਿਚ ਸਾਗਰ ਭਰਨ ਸਮਾਨ ਸੰਕੇਤਕ ਰੂਪ ਵਿਚ ਵਰਣਨ ਕਰ ਦਿੱਤਾ ਹੈ। ਨਾਮਧਾਰੀ ਰਹਿਤ ਮਰਿਯਾਦਾ ਅਤੇ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੀਆਂ ਬੁੱਚੜ ਬੱਧ ਘਟਨਾਵਾਂ ਦੇ ਇਤਿਹਾਸਕ ਵੇਰਵੇ ਦੇ ਦਿੱਤੇ ਹਨ। ਨਾਮਧਾਰੀ ਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਦਾ ਵੀ ਵਰਣਨ ਕੀਤਾ ਹੈ ਅਤੇ ਨਾਮਧਾਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੀ ਵੀ ਤਸਵੀਰ ਖਿੱਚ ਦਿੱਤੀ ਹੈ ਆਪ ਲਿਖਦੇ ਹਨ ਕਿ ਜਦੋਂ ਮਲੇਰਕੋਟਲੇ ਦਾ ਸ਼ਹੀਦੀ ਸਾਕਾ ਵਾਪਰਿਆ ਤਾਂ ਉਨਾਂ ਨੇ ਆਪਣੀ ਅੱਖੀਂ ਇਸ ਸਾਰੇ ਅਦੁੱਤੀ ਬਲੀਦਾਨ ਦੇ ਦ੍ਰਿਸ਼ ਨੂੰ ਵੇਖਿਆ ਸੀ ਕਿ ਕਿਵੇਂ ਗੁਰੂ ਦੇ ਸਿੱਖ ਖੁਸ਼ੀ ਖੁਸ਼ੀ ਬਾਣੀ ਪੜ੍ਹਦੇ ਹੋਏ ਤੋਪਾਂ ਅੱਗੇ ਖਲੋ ਕੇ ਸ਼ਹੀਦੀਆਂ ਪਾ ਰਹੇ ਸਨ। ਇਸ ਰਚਨਾ ਵਿਚੋਂ ਕੁਝ ਉਦਾਹਰਣ ਪੇਸ਼ ਹਨ

*ਦੀਓ ਮੰਤ੍ਰ ਰਾਜ ਸ੍ਰੀ ਵਾਹਿਗੁਰੂ ਕਾਜ ਸਾਜ,*
*ਜਾਂਹਿ ਸਮ ਔਰ ਨਾ ਦਰਾਜ ਫਲ ਦਾਇਕੈ।*
*ਕੋਊ ਜੋ ਕਹਿਤ ਬੇ ਕਲਾਮ ਦੀਨੀ ਸੱਯਦਾਨੀ,*
*ਸੋਊ ਸਭਿ ਕੂਰਹਮ ਪੇਖਯੋ ਅਜਮਾਇ ਕੈ।*

(ਕਬਿੱਤ 9)

Sri Satguru Jagjit Singh Ji Elibrary NamdhariElibrary@gmail.com

ਪਾਇ ਏਹ ਹੁਕਮ ਪ੍ਰੇਮ ਦਾ ਬਿਸੇਸ ਫਿਰ
ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ
ਸੁਧਾ ਛਕਿ ਧਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
ਠੱਗੀ ਤਜਿ ਥੀਏ ਸੰਗ ਸਤਿਜੁਗ ਆ ਗਿਓ।

ਮਲੇਰਕੋਟਲੇ ਦੇ ਸ਼ਹੀਦੀ ਸਾਕੇ ਬਾਰੇ ਆਪ 'ਪੰਥ ਪ੍ਰਕਾਸ਼' ਦੀ ਇਕ ਚੌਪਈ ਵਿਚ ਇਸ ਤਰ੍ਹਾਂ ਵਰਣਨ ਕਰਦੇ ਹਨ:

ਸੰਤ ਉਨੀਸੈ ਅਠਾਈ,
ਕੂਕੇ ਸਿੰਘ ਮਿਲੇ ਤਬ ਆਈ।
ਜੋ ਬੁੱਚੜ ਗਊਆਂ ਕੇ ਮਾਰਤ,
ਤਿਨਕੋ ਸੋ ਸਿੰਘ ਭਏ ਬਿਦਾਰਤ।
ਜਬ ਸਿੰਘ ਸਾਠਕ ਪਕੜੇ ਗਏ,
ਫੜੇ ਮਲੇਰਕੋਟਲੇ ਆਏ।
ਉਨ ਹਿਤ ਹੁਕਮ ਅੰਹਗਰੇਜ਼ੀ ਆਯੋ
ਇਨਕੋ ਤੋਪਨ ਸੰਗ ਉੜਾਯੋ।
ਜਬ ਇਹੁ ਹੁਕਮ ਉਨੈਂ ਸੁਨ ਪਾਯੋ।
ਖੁਸ਼ੀ ਭਏ ਅਤਿ ਹੋਯ ਹੁਲਸਾਯੋ।
ਮੁਖ ਪਰ ਲਾਲੀ ਚਢੀ ਘਧੇਰੇ
ਦੀਵੇ ਪਰ ਜਯੋਂ ਆਇ ਪਤੰਗੇ।
ਤਯੋਂ ਤੋਪਨ ਵਿਸ ਜਾਇ ਨਿਸੰਗੇ
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ।
ਜਰਾ ਨ ਕੀਨੇ ਪਰਾਨ ਪਯਾਰੇ
ਇਹ ਹਮ ਨੇ ਖੁਦ ਨੈਨ ਨਿਹਾਰੇ।
ਦੇਖਤ ਥੇ ਜੋ ਲੋਗ ਅਪਾਰੇ
ਰਹੇ ਹਿਰਾਨ ਤਿਨੈ ਪਿਖ ਸਾਰੇ
ਇਹੁ ਸਿੰਘਨ ਕੀ ਰੀਤੀ ਵਰਹੇ
ਸ਼ਸਤ੍ਰ ਕੀ ਮ੍ਰਿਤ ਤੇ ਨਾਹਿ ਡਰ ਹੈ।
ਸੰਮੁਖ ਸੱਤ੍ਰ ਜੰਗ ਮੈ ਜੋਹੇ।
ਮਰਨ ਮਾਰਨੋ ਨਾਹਿ ਟਰੇ ਹੈਂ।

ਇਨ੍ਹਾਂ ਕਬਿੱਤਾਂ ਦਾ ਅੰਗਰੇਜ਼ੀ ਅਨੁਵਾਦ ਵੀ ਡਾ. ਹਰਿਭਜਨ ਸਿੰਘ ਵਲੋਂ ਕੀਤਾ ਗਿਆ ਹੈ। ਇਸ ਰਚਨਾ ਨੂੰ ਨਾਮਧਾਰੀ ਇਤਿਹਾਸ ਅਤੇ ਸਾਹਿਤ ਦੀ ਪ੍ਰਮਾਣਿਕ ਦਸਤਾਵੇਜ਼ ਮੰਨਿਆ ਜਾਂਦਾ ਹੈ।

ਦੂਜੀ ਪ੍ਰਮਾਣਿਕ ਰਚਨਾ ਸੰਤ ਧਿਆਨ ਸਿੰਘ ਕਾਦਰਾਬਾਦੀ ਰਚਿਤ 'ਸ੍ਰੀ ਸਤਿਗੁਰੂ ਬਿਲਾਸ' ਹੈ। ਨਾਮਧਾਰੀ ਪੰਥ ਵਿਚ ਇਸ ਰਚਨਾ ਨੂੰ ਵਿਸ਼ੇਸ਼ ਗੌਰਵ ਪ੍ਰਾਪਤ ਹੈ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਅਮੋਲਕ ਪ੍ਰਵਚਨਾਂ (ਜੋ ਹੁਣ ਲਾਲਏ ਰਤਨ ਦੇ ਰੂਪ ਵਿਚ ਪ੍ਰਕਾਸ਼ਿਤ ਹੋਏ ਹਨ) ਵਿਚ ਇਸ ਪੁਸਤਕ ਨੂੰ ਆਧਾਰ ਬਣਾ ਕੇ ਕਥਾ ਉਪਦੇਸ਼ ਕਰਦੇ ਰਹੇ ਹਨ। ਇਸ ਪੁਸਤਕ ਦੇ ਕਈ ਅਧਿਆਇ ਹਨ, ਜਿਨ੍ਹਾਂ ਵਿਚੋਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਵੱਲੋਂ ਭਾਈ ਰਾਏ ਸਿੰਘ ਨੂੰ ਅਬਿਚਲ ਨਗਰ ਭੇਜ ਕੇ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦੀ ਰਹਿਤ ਮਰਿਯਾਦਾ ਨੂੰ ਲਿਆਉਣ ਦਾ ਬਿਰਤਾਂਤ ਹੈ। ਇਸੇ ਪੁਸਤਕ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੀਵਾਲੀ ਦੇ ਅਵਸਰ ਉਤੇ ਅੰਮ੍ਰਿਤਸਰ ਦੀ ਯਾਤਰਾ ਦੇ ਸਮਾਚਾਰ ਬੜੇ ਇਤਿਹਾਸਕ ਮਹੱਤਤਾ ਵਾਲੇ ਹਨ ਕਿਉਂ ਜੋ ਇਸ ਕਥਾ ਦੇ ਬਿਰਤਾਂਤਕਾਰ ਭਾਈ ਹਰਮੀਤ ਸਿੰਘ ਨੇ ਇਨ੍ਹਾਂ ਨੂੰ ਆਪਣੀ ਅੱਖੀਂ ਨਿਹਾਰਿਆ ਹੈ। ਇਸ ਪੁਸਤਕ ਵਿਚੋਂ ਕੁਝ ਉਦਾਹਰਣ ਪੇਸ਼ ਹਨ:

*ਗੁਰੂ ਰਾਮ ਸਿੰਘ ਮੂਰਿਤ ਰਾਮ।*
*ਦੀਨੀ ਸਿਖਯਾ ਆਦਿ ਬਿਰਾਮ।*
*ਗੋਬਿੰਦ ਸਿੰਘ ਗੁਰ ਰੀਤ ਸੰਭਾਲੇ।*
*ਲੋਕ ਦੂਹਨ ਕੇ ਜੋ ਰਖਵਾਲੇ।*
*ਪਾਂਚ ਕਕਾ ਵਾ ਨਾਮ ਸਨਾਨ।*
*ਦਾਨ ਕਿਯਾ ਸਤਿਗੁਰ ਸੁਖ ਦਾਨ।*
*ਮਾਸ ਸ਼ਰਾਬ ਵਿਕਰਮ ਦੁਹੇਲਾ।*
*ਤਰਕ ਕਰਹੁ ਤੁਰਕਨਿ ਕਾ ਮੇਲਾ।*
*ਦੇਵ ਰੀਤ ਧਾਰੇ ਸਭ ਭਾਈ।*
*ਦੈਤ ਬੁਧਿ ਆਪੇ ਨਸ ਜਾਈ।*
*ਤੋਟ ਨ ਆਵੈਗੀ ਫਿਰ ਕਾਈ।*
*ਜਪੋ ਨਾਮ ਜੋ ਅੰਤ ਸਹਾਈ।*
*ਨਰਤੀ ਮਾਰ ਕਾ ਸੰਗ ਕਰਹੋ।*
*ਜੂਠ ਝੂਠ ਸੇ ਹਰ ਦਮ ਡਰਿਹੋ।*

(ਸ੍ਰੀ ਸਤਿਗੁਰੂ ਬਿਲਾਸ, ਪੰਨਾ 16)

ਇਸ ਪ੍ਰਬੰਧ ਕਾਵਿ ਦੇ 20 ਅਧਿਆਇ ਹਨ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਅੰਮ੍ਰਿਤਸਰ ਯਾਤਰਾ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਜਾਣ ਦਾ ਬਿਰਤਾਂਤ ਬਹੁਤ ਹੀ ਮਹੱਤਵਪੂਰਨ ਹੈ। ਗੁਰੂ ਰਾਮ ਸਿੰਘ ਜੀ ਦੀ ਚੜ੍ਹਦੀ ਕਲਾ ਨੂੰ ਦਰਸਾਉਣ ਵਾਲਾ ਇਹ ਬਿਰਤਾਂਤ ਜਿੱਥੇ ਵਾਸਤਵਿਕਤਾ ਦੇ ਬੜਾ ਨੇੜੇ ਹੈ, ਉਥੇ ਸ੍ਰੀ ਅਕਾਲ ਬੁੰਗੇ

(ਅਕਾਲ ਤਖਤ), ਨਿਸ਼ਾਨ ਬੁੰਗੇ ਦੇ ਮਹੰਤਾਂ ਵੱਲੋਂ ਕੀਤੇ ਗਏ ਵਿਰੋਧ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਕੀਤੇ ਗਏ ਸਤਿਕਾਰ ਅਤੇ ਭੇਟ ਪ੍ਰਵਾਨ ਕਰਨ ਸਮੇਂ ਹੋਈ ਵਾਰਤਾਲਾਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਤ, ਕਰਨੀ ਅਤੇ ਕਿਰਤੀ ਦਾ ਉੱਜਲ ਬਖਾਣ ਹੈ:

*ਤਬ ਪੁਜਾਰੀਓ ਨਿੰਮ੍ਰਿਤ ਧਾਰਾ।*<br>
*ਏਕ ਦੁਸ਼ਾਲਾ ਇਕ ਦਸਤਾਰਾ।*<br>
*ਬਹੁਮੁੱਲੇ ਦੋ ਬਸਤਰ ਮੰਗਾਏ।*<br>
*ਗੋਟੇਦਸ ਮਿਸਰੀ ਕੇ ਲਿਆਏ।*<br>
*ਬੰਦਨ ਕਰ ਰਾਖੇ ਪ੍ਰਭ ਪਾਈ।*<br>
*ਲੀਏ ਨਾਹਿ ਗੁਰੂ ਕਹਿਓ ਅਲਾਈ।*<br>
*ਮੈਂ ਹੌਂ ਸੇਵਕ ਇਸ ਦਰਬਾਰੇ।*<br>
*ਦਾਸਨ ਕੌ ਭੀ ਦਾਸ ਪਿਆਰੇ।*<br>
*ਲੈਣਾ ਨਹਿ ਮੋਕੋ ਇਹ ਨੀਕੋ।*<br>
*ਸੇਵਾ ਕਰਨ ਚਹੂੰ ਸਭਹੀ ਕੋ।*<br>
*ਮੇਰੀ ਬੰਦਨ ਬਾਰੰਬਾਰੇ।*<br>
*ਆਹਿ ਏਸ ਸਾਚੇ ਗੁਰ ਦੁਆਰੇ।*<br>
*ਬਡੇ ਗੁੰਥੀ ਜੋਰੇ ਪਾਨ।*<br>
*ਖੜੇ ਹੋਏ ਕਰ ਕੀਆ ਬਖਾਨ।*<br>
*ਪੂਰਨ ਪੁਰਖ ਅਹੋ ਪ੍ਰਭ ਆਪ।*<br>
*ਆਜ ਆਪ ਕੋ ਬਡ ਪ੍ਰਤਾਪ।*<br>
*ਪਾਈ ਜਿਨ ਸੇਵਾ ਤੇ ਪਾਈ।*<br>
*ਤਾਤ ਰਹੇ ਲਹਿਣੇ ਹੱਥ ਆਈ।*<br>
*ਮੁਰਤਿ ਭਜਨ ਆਪ ਨੇ ਧਾਰੀ।*<br>
*ਲਾਖੋਂ ਜੀਵ ਤਰੇ ਭਵ ਬਾਰੀ।*

(ਸ੍ਰੀ ਸਤਿਗੁਰੂ ਬਿਲਾਸ, ਪੰਨਾ 68)

**ਇਸ ਕਾਲ ਦੀਆਂ ਪੰਜਾਬੀ ਰਚਨਾਵਾਂ :**

ਇਸ ਕਾਲ ਵਿਚ ਨਾਮਧਾਰੀ ਕਵੀਆਂ ਵਲੋਂ ਰਚੇ ਗਏ ਤਿੰਨ ਬਾਰਾਂਮਾਹ ਨਾਮਧਾਰੀ ਸਾਹਿਤ ਦੀ ਹੀ ਨਹੀਂ ਸਗੋਂ ਪੰਜਾਬੀ ਦੇ ਬਾਰਾਂਮਾਹ ਕਾਵਿ ਦੀ ਵੀ ਵੱਡੀ ਪ੍ਰਾਪਤੀ ਹਨ, ਕਿਉਂ ਜੋ ਇਨ੍ਹਾਂ ਵਿਚ ਉਸ ਸਮੇਂ ਦੇ ਕਾਲ ਅਤੇ ਨਾਮਧਾਰੀ ਮਤ ਦੀ ਅੰਤਰੀਵ ਆਤਮਾ ਦੇ ਦਿਰ ਦਰਸ਼ਨ ਹੋ ਜਾਂਦੇ ਹਨ। ਬਾਰਾਂਮਾਹ ਭਾਵੇਂ ਸ਼ਿੰਗਾਰ ਰਸ ਪ੍ਰਾਪਤ ਕਾਵਿ ਹੈ ਪਰ ਇਨ੍ਹਾਂ ਬਾਰਾਂਮਾਹ ਵਿਚ ਸ਼ਿੰਗਾਰ, ਸ਼ਾਤ, ਰੌਦਰ, ਬੀਰ ਅਤੇ ਕਰੁਣਾ ਰਸ ਦਾ ਅਜਿਹਾ ਸੰਯੋਗ ਕੀਤਾ ਗਿਆ ਹੈ ਕਿ ਇਨ੍ਹਾਂ ਦੀ ਸਮੁੱਚੀ ਆਤਮਾ ਇਕ ਨਿਵੇਕਲੇ ਹੀ ਕਾਵਿ

ਰੰਗ ਨੂੰ ਉਜਾਗਰ ਕਰਦੀ ਹੈ। ਸ਼ਾਹ ਮੁਹੰਮਦ ਅਤੇ ਮਟਕ ਤੋਂ ਪਿਛੋਂ ਇਨ੍ਹਾਂ ਰਚਨਾਵਾਂ ਦੀ ਪ੍ਰਗੀਤਕ ਧੁਨੀ ਅੰਗਰੇਜ਼ ਸਾਮਰਾਜ ਵਿਰੋਧੀ ਅਤੇ ਪੂਰਨ ਤੌਰ ਤੇ ਦੇਸ਼ ਭਗਤੀ ਅਤੇ ਸਤਿਗੁਰੂ ਰਾਮ ਸਿੰਘ ਦੁਆਰਾ ਚਲਾਈ ਗਈ ਕੂਕਾ ਲਹਿਰ ਦੇ ਧਾਰਮਿਕ, ਇਤਿਹਾਸਕ ਤੇ ਸਭਿਆਚਾਰਕ ਦ੍ਰਿਸ਼ਾਂ ਨੂੰ ਭਲੀਭਾਤ ਦ੍ਰਿਸ਼ਟਮਾਨ ਕਰਨ ਵਾਲੀ ਹੈ। ਜੇ ਇਸ ਤਰ੍ਹਾਂ ਕਹਿ ਲਈਏ ਕਿ ਇਨ੍ਹਾਂ ਰਚਨਾਵਾਂ ਵਿਚ ਨਾਮਧਾਰੀ ਮਤ ਤੇ ਤਤਕਾਲਕ ਵਾਸਤਵਿਕ ਚਿਤਰ ਤੇ ਝਲਕੀਆਂ ਵਿਦਮਾਨ ਹਨ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੈ।

**ਬਾਰਾਂਮਾਹ ਬਾਬਾ ਚੰਦ ਸਿੰਘ :** ਬਾਬਾ ਚੰਦਾ ਸਿੰਘ ਆਪਣੇ ਬਾਰੇ ਲਿਖਦੇ ਹਨ ਕਿ ਉਹ ਸੂਰਮਾ (ਨੇਤਰਹੀਣ) ਹੈ ਅਤੇ ਸਹਾਰਨ ਵਿਖੇ ਦੀਵਾਨ ਸਿੰਘ ਦੇ ਪਾਸ ਰਹਿੰਦਾ ਹੈ। ਇਸ ਬਾਰਾਂਮਾਹ ਨੂੰ ਸ੍ਰੀ ਗੁਰੂ ਬਿਲਾਸ ਹੀ ਸਮਝਣਾ ਚਾਹੀਦਾ ਹੈ।

*ਚੰਦਾ ਸਿੰਘ ਸੂਰਮਾ ਰਹੇ ਸਹਾਰਨ ਦੀਵਾਨ ਸਿੰਘ ਕੇ ਪਾਸ*
*ਬਾਰਾਂਮਾਹ ਸ੍ਰੀ ਸਤਿਗੁਰੂ ਕਾ ਮਾਨੋ ਗੁਰੂ ਬਿਲਾਸ।*
*ਗੁਰ ਸੰਗਤ ਭੁਲ ਚੁਕ ਬਖਸ਼ ਲੈ ਜਾਨ ਦਾਸਾਂ ਦਾ ਦਾਸ।*

ਕਵੀ ਮੰਗਲਾਚਰਣ ਤੋਂ ਆਰੰਭ ਕਰਕੇ ਹਰ ਮਹੀਨੇ ਦੇ ਕ੍ਰਮ ਅਨੁਸਾਰ ਜਿੱਥੇ ਪ੍ਰਕਿਰਤੀ ਵਰਣਨ, ਗੁਰੂ ਦੀ ਸੰਗਤ, ਸਮਕਾਲੀ ਇਤਿਹਾਸਕ ਘਟਨਾਵਾਂ ਦਾ ਉਲੇਖ ਕਰਦਾ ਹੈ, ਉਥੇ ਉਹ ਆਪਣੀ ਗੁਰੂ ਪ੍ਰਤੀ ਸ਼ਰਧਾ, ਪ੍ਰੇਮ ਅਤੇ ਵੈਰਾਗ ਦੀ ਭਾਵਨਾ ਨੂੰ ਵੀ ਅਤਿ ਦੀ ਮਧੁਰ ਪ੍ਰਗੀਤਕ ਧੁਨੀ ਵਿਚ ਉਚਾਰਦਾ ਹੈ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਸ਼ਾਨ ਅਤੇ ਉਨ੍ਹਾਂ ਦੇ ਦੀਵਾਨਾਂ ਦੀ ਮਹਿਮਾ ਨੂੰ ਵਰਣਨ ਕਰਦਾ ਹੋਇਆ ਕਵੀ ਅੰਗਰੇਜ਼ ਹਕੂਮਤ ਦੀ ਕੁਟਿਲ ਨੀਤੀ ਅਤੇ 'ਕੂਕਾ ਲਹਿਰ' ਦੇ ਉਥਾਨ ਅਤੇ ਸੰਗਰਾਮ ਦੇ ਭਿੰਨ ਭਿੰਨ ਪੜਾਵਾਂ ਦਾ ਜ਼ਿਕਰ ਕਰਦਾ ਹੋਇਆ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਅਤੇ ਉਨ੍ਹਾਂ ਤੋਂ ਪਿਛੋਂ ਉਪਜੀ ਵਿਯੋਗ ਭਾਵਨਾ ਨੂੰ ਅਤਿ ਦੇ ਕਲਾਮਈ ਢੰਗ ਨਾਲ ਪ੍ਰਗਟਾਉਂਦਾ ਹੈ। ਕਿਤੇ ਕਿਤੇ ਮਿਥਿਹਾਸਕ ਬਿੰਬਾਂ ਦੀ ਵੀ ਸੁੰਦਰ ਵਰਤੋਂ ਕਰਦਾ ਹੈ। ਆਰੰਭ ਵਿਚ ਹੀ ਕਵੀ ਨਾਮਧਾਰੀ ਸਤਿਗੁਰੂ ਬਾਲਕ ਸਿੰਘ ਦੀ ਮਹਿਮਾ ਦਾ ਵਰਣਨ ਕਰਕੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਦੇ ਸਮਾਚਾਰਾਂ ਨੂੰ ਹਰ ਮਹੀਨੇ ਅਨੁਸਾਰ ਬਿਆਨ ਕਰਦਾ ਹੈ:

*ਹਜਰੋ ਸ਼ਹਿਰ ਸੁਹਾਵਣਾ ਸ੍ਰੀ ਸਤਿਗੁਰ ਲੀਆ ਅਵਤਾਰ।*
*ਜੋ ਨਰ ਦਰਸ਼ਨ ਪਾਵੰਦੇ ਸੋ ਭਉਜਲ ਉਤਰੇ ਪਾਰ।*

ਉਪਰੋਕਤ ਦੋਹਰੇ ਵਿਚ ਪਹਿਲਾਂ ਨਾਮਧਾਰੀ ਸਤਿਗੁਰੂ ਬਾਲਕ ਸਿੰਘ ਜੀ ਦੀ ਉਪਮਾ ਕੀਤੀ ਗਈ ਹੈ ਅਤੇ ਫਿਰ ਰਾਮਦਾਸਪੁਰ (ਸ੍ਰੀ ਭੈਣੀ ਸਾਹਿਬ) ਵੱਲ ਸੰਕੇਤ ਕਰਕੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਨਮਸਕਾਰ ਕੀਤੀ ਹੈ। ਇਸ ਉਪਰੰਤ ਚੇਤਰ ਦੇ ਮਹੀਨੇ ਦਾ ਵਰਣਨ ਕਰਕੇ ਕਵੀ ਨੇ ਸਮਕਾਲੀ ਬਾਰਾਂਮਾਹ ਕਾਵਿ ਦੀ ਪ੍ਰਚਲਿਤ ਸ਼ੈਲੀ ਵਿਚ ਇਕ ਬਿਰਹਨ ਇਸਤਰੀ ਦੇ ਬਿੰਬ ਦੁਆਰਾ ਪੰਜਾਬ ਦੇ ਸਭਿਆਚਾਰਕ ਵਾਤਾਵਰਣ ਨੂੰ ਕਲਾਮਈ ਢੰਗ ਨਾਲ ਚਿਤਰਿਆ ਹੈ:

ਜਦ ਮੈ ਹੋ ਵਿਰਾਗਣ ਚੱਲੀ
ਚਰਖੇ ਤੰਦ ਨ ਲਾਹੀ ਛੱਲੀ
ਘਰ ਤੋਂ ਤੁਰਕੇ ਭਈ ਅਕੱਲੀ,
ਮੈਨੂੰ ਲੋਕ ਆਖਦੇ ਝੱਲੀ
ਕਿਸੇ ਦੇ ਗਲ ਨ ਲੱਗਦੀ ਭਲੀ
ਮੈਂ ਬਲਿਹਾਰੀਆਂ।

ਵੈਸਾਖ ਦੇ ਮਹੀਨੇ ਨਾਮਧਾਰੀ ਸਾਧ ਸੰਗਤ ਦੇ ਨਿੱਤ ਦੇ ਕਰਮ ਤੇ ਉਤਸ਼ਾਹ ਦਾ ਵਰਣਨ ਕਰਕੇ ਜੇਠ ਦੇ ਮਹੀਨੇ ਵਿਚ ਅੰਗਰੇਜ਼ੀ ਸਰਕਾਰ ਦੀ ਚਿੰਤਾ ਦਾ ਵਰਣਨ ਕੀਤਾ ਹੈ:

ਚੜਦੇ ਜੇਠ ਧੁਪ ਬੁਵਾਰਹੀ
ਪ੍ਰਬਲ ਤੀਛਣ ਵਣੀ ਕਪਾਹੀ
ਗੋਰੇ ਬਹਿ ਬਹਿ ਕਰਨ ਸਲਾਹੀ
ਇਹ ਸਿੰਘ ਸਾਥੋਂ ਡਰਦੇ ਨਾਹੀ
ਜਿਹੜੇ ਹੈ ਮਸਤਾਨੇ ਜਾਹੀ
ਕੂਕਾਂ ਮਾਰਨ ਵਿਚ ਚੁਰਾਹੀਂ
ਇਨ੍ਹਾਂ ਨੂੰ ਖੌਫ ਕਿਸੇ ਦਾ ਨਹੀ
ਬਾਝ ਅਕਾਲ ਦੇ।

ਹਾੜ੍ਹ ਦੇ ਮਹੀਨੇ ਵਿਚ ਜਦੋਂ ਘਾਮ ਰੁੱਤ ਸ਼ਿਖਰ ਤੇ ਹੈ ਤਾਂ ਕਵੀ ਨੇ ਨਾਮਧਾਰੀ ਸਾਧ ਸੰਗਤ ਦੇ ਦੀਵਾਨ ਦਾ ਵਰਣਨ ਬੜੇ ਕਲਾਤਮਕ ਢੰਗ ਨਾਲ ਕੀਤਾ ਹੈ। ਹੱਲੇ ਦੇ ਦੀਵਾਨ ਤੇ ਜੋਟੀਆਂ ਦੇ ਸ਼ਬਦ ਪੜ੍ਹਨ ਅਤੇ ਢੋਲਕ ਛੈਣਿਆਂ ਦੀ ਖੜਕਾਰ ਸੁਣ ਕੇ ਸਿੰਘ ਮਸਤਾਨੇ ਹੋ ਜਾਂਦੇ ਹਨ ਅਤੇ ਬੀਬੀਆਂ ਦੇ ਹਿਰਦੇ ਵੈਰਾਗ ਵਿਚ ਕਬੂਤਰਾਂ ਵਾਂਗ ਫਟਕ ਰਹੇ ਹਨ ਅਤੇ ਉਹ ਸ਼ਬਦ ਦੀ ਧੁਨੀ ਵਿਚ ਮਸਤ ਹੋ ਨ੍ਰਿਤ ਕਰ ਰਹੀਆਂ ਹਨ। ਸਾਵਣ ਮਹੀਨੇ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਉੱਤੇ ਲਾਈਆਂ ਗਈਆਂ ਪਾਬੰਦੀਆਂ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਹਦੂਦ ਬੰਦ ਕਰਨ ਦਾ ਵਰਣਨ ਹੈ।

ਅੱਸੂ ਦੇ ਮਹੀਨੇ ਵਿਚ ਕਵੀ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਇਸਤਰ੍ਹਾਂ ਗਾਉਂਦਾ ਹੈ:

ਅਸੂ ਅਸੀ ਪਛਾਣਿਆ ਗੁਰ ਪੂਰਨ ਅਵਤਾਰ।
ਗੁਰ ਧਰਮ ਚਲਾਇਆ ਜਗਤ ਵਿਚ ਹੋਵਨ ਜੈ ਜੈ ਕਾਰ।

ਇਸੇ ਮਹੀਨੇ ਵਿਚ ਸਤਿਗੁਰੂ ਜੀ ਦੇ ਚੀਨੀ ਘੋੜੀ ਉੱਤੇ ਸਵਾਰ ਹੋ ਕੇ ਸੂਬਿਆਂ ਸਮੇਤ ਦੌਰੇ ਕਰਨ ਦਾ ਦ੍ਰਿਸ਼ ਵਰਣਨ ਕੀਤਾ ਗਿਆ ਹੈ। ਕੱਤਕ ਦੇ ਮਹੀਨੇ ਵਿਚ ਅੰਗਰੇਜ਼ਾਂ (ਮਲੇਛਾਂ) ਵੱਲੋਂ ਗਊਬੱਧ ਕਰਵਾਉਣ ਵੱਲ ਇਸ਼ਾਰਾ ਹੈ, ਜਿਸ ਤੋਂ ਉਤੇਜਿਤ ਹੋ ਕੇ 'ਕੂਕਾ ਲਹਿਰ' ਵਿਚ ਤੇਜ਼ੀ ਆ ਗਈ ਸੀ।

*ਸਤਿਗੁਰ ਹੋਰ ਹੁਕਮ ਚੜ੍ਹਾਏ*
*ਸਾਰੀ ਸੰਗਤ ਤਾਂਈ ਸੁਣਾਏ*
*ਇਹ ਮਲੇਛ ਲੰਦਨੋਂ ਆਏ।*
*ਏਨਾ ਬੁਚੜ ਖਾਨੇ ਲਾਏ*
*ਸਾਨੂੰ ਦੁਖ ਗਊਆਂ ਦਾ ਖਾਏ*
*ਸਿੰਘੋ ਸੀਸ ਦੇਵਣੇ ਆਏ, ਨਾਇ ਕਰਤਾਰ ਦੇ।*

ਪੋਹ ਦੇ ਮਹੀਨੇ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਹੁਕਮਨਾਮੇ ਲਿਖ ਕੇ ਮਾਘੀ ਦੇ ਪੁਰਬ ਉਤੇ ਸ੍ਰੀ ਭੈਣੀ ਸਾਹਿਬ ਇਕੱਤਰ ਹੋਣ ਦਾ ਉਲੇਖ ਹੈ: ਮਾਘ ਦੇ ਮਹੀਨੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਅਤੇ ਸਤਿਗੁਰੂ ਜੀ ਦੇ ਪ੍ਰਦੇਸ਼ ਗਮਨ ਦਾ ਬਿਆਨ ਹੈ:

*ਸੀਸ ਧਰਮ ਤੇ ਦੇਣ ਨੂੰ ਸਿੰਘ ਚਲੇ ਹੋਣ ਸ਼ਹੀਦ।*
*ਸਤਿਗੁਰ ਪ੍ਰਦੇਸ਼ ਸਿਧਾਨਗੇ ਮਾਨੋ ਬਿਸਵੇ ਬੀਸ।*

ਫਗਣ ਦੇ ਮਹੀਨੇ ਵਿਚ ਕਵੀ ਨੇ ਡੂੰਘੇ ਕਰੁਣਾਮਈ ਸਵਰ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਸੁੰਦਰ ਸਾਹਿਤਕ ਸ਼ਬਦਾਵਲੀ ਦੁਆਰਾ ਕਲਾਮਈ ਢੰਗ ਦਾ ਵਰਣਨ ਕੀਤਾ ਹੈ। ਜਿਸ ਤੋਂ ਕਵੀ ਦੇ ਮਨ ਦੀ ਵੈਰਾਗਮਈ ਦਸ਼ਾ ਅਤੇ ਆਪਣੇ ਇਸ਼ਟ ਗੁਰੂ ਪ੍ਰਤੀ ਆਕਾਰ ਸ਼ਰਧਾ ਅਤੇ ਬਿਰਹੋਂ ਭਾਵਨਾ ਦੀ ਤੀਖਣ ਵੇਦਨਾ ਪ੍ਰਗਟ ਹੁੰਦੀ ਹੈ:

*ਸਤਿਗੁਰ ਬਾਝੋਂ ਚੈਨ ਨ ਕੋਈ*
*ਸੰਗਤ ਸਭ ਉਦਾਸੀ ਹੋਈ*
*ਰਾਤੀ ਨੈਣੀ ਨੀਂਦ ਨ ਆਵੇ*
*ਤਾਰੇ ਗਿਣਦਿਆਂ ਰੈਣ ਵਿਹਾਵੇ*
*ਸਾਨੂੰ ਪਾਣੀ ਅੰਨ ਨਾ ਭਾਵੇ*
*ਦਿਨ ਦਿਨ ਗ਼ਮ ਗੁਰਾਂ ਦਾ ਖਾਵੇ*
*ਐਸਾ ਕੌਣ ਜੋ ਆਣ ਮਿਲਾਵੇ*
*ਮੈਂ ਕਰਾਂ ਸਿਰਵਾਰਨੇ।*

ਇਸ ਪ੍ਰਕਾਰ ਬਾਬਾ ਚੰਦਾ ਸਿੰਘ ਜੀ ਨੇ ਇਸ ਬਾਰਾਂਮਾਹ ਵਿਚ ਇਕ ਬੰਨੇ ਵਿਯੋਗਣ ਇਸਤਰੀ ਦੇ ਰੂਪ ਵਿਚ ਬਿਰਹਾ ਤੇ ਮਿਲਾਪ ਦਾ ਵਰਣਨ ਕੀਤਾ ਹੈ ਦੂਜੇ ਬੰਨੇ ਗੁਰੂ ਮਹਿਮਾ ਨੂੰ ਗਾਵਿਆ ਹੈ ਅਤੇ ਤੀਜੇ ਬੰਨ੍ਹੇ ਤਤਕਾਲਕ ਨਾਮਧਾਰੀ ਲਹਿਰ ਦੇ ਸਾਰੇ ਇਤਿਹਾਸਕ ਪਿਛੋਕੜ ਦਾ ਬਿਆਨ ਕਰ ਦਿੱਤਾ ਹੈ। ਅੰਗਰੇਜ਼ ਸਰਕਾਰ ਪ੍ਰਤੀਰੋਸ ਤੇ ਵਿਦਰੋਹ ਦੀ ਭਾਵਨਾ ਨੂੰ ਉਤਪੰਨ ਕਰਨਾ ਇਸ ਰਚਨਾ ਦਾ ਮੂਲ ਮਨੋਰਥ ਜਾਪਦਾ ਹੈ ਪਰ ਇਸ ਦਾ ਵੱਡਾ ਆਧਾਰ ਸਤਿਗੁਰੂ ਵੱਲੋਂ ਬਖਸ਼ੀ ਗਈ ਨਾਮ ਅੰਮ੍ਰਿਤ ਬਾਣੀ ਅਤੇ ਉਹ ਆਦਰਸ਼ਕ ਚਰਿੱਤਰ ਹੈ ਜੋ ਉਸ ਸਮੇਂ ਅਤੇ ਪਿਛੋਂ ਭਾਰਤੀ ਸੁਤੰਤਰਤਾ ਸੰਗਰਾਮ ਦਾ ਮੁਹਰਲਾ ਭਾਗ ਜਾਂ ਹਰਾਵਲ ਦਸਤਾ ਬਣਿਆ।

**ਬਾਰਾਂਮਾਹ – ਸੰਤ ਨਿਹਾਲ ਸਿੰਘ :** ਸੰਤ ਨਿਹਾਲ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਕੋਈ ਵੇਰਵਾ ਪ੍ਰਾਪਤ ਨਹੀਂ ਹੈ ਪਰ ਉਸ ਦਾ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਮਕਾਲੀ ਹੋਣਾ ਸੰਦੇਹ ਰਹਿਤ ਹੈ। ਇਸ ਬਾਰਾਂਮਾਹ ਵਿਚ ਕੁਲ 12 ਬੰਦ ਹਨ ਅਤੇ ਬਾਬਾ ਚੰਦਾ ਸਿੰਘ ਜੀ ਦੇ ਬਾਰਾਂਮਾਹ ਸਮਾਨ ਹਰ ਮਹੀਨੇ ਦੇ ਸ਼ੁਰੂ ਵਿਚ ਦੋਹਿਰੇ ਦੀ ਵਰਤੋਂ ਨਹੀਂ ਕੀਤੀ ਗਈ। ਇਹ ਵੀ ਸਪਸ਼ਟ ਹੈ ਕਿ ਇਹ ਬਾਰਾਂਮਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨੀ ਤੇ ਉਨ੍ਹਾਂ ਦੇ ਵਿਛੋੜੇ ਦੇ ਵਰਣਨ ਤਕ ਹੀ ਸੀਮਿਤ ਹੈ ਪਰ ਇਸ ਵਿਚ ਨਾਮਧਾਰੀ ਮਤ ਦੇ ਮੁੱਖ ਅਸੂਲਾਂ, ਗੁਰੂ ਪ੍ਰਤੀ ਸ਼ਰਧਾ, ਨਾਮ ਸਿਮਰਨ, ਕੀਰਤਨ ਅਤੇ ਸੰਤ ਖਾਲਸੇ ਦੇ ਉੱਚ ਆਚਰਣ ਬਾਰੇ ਜ਼ਿਕਰ ਇਤਿਹਾਸਕ ਦ੍ਰਿਸ਼ਟੀ ਤੋਂ ਬਹੁਤ ਮੁੱਲਵਾਨ ਹੈ। ਇਹ ਰਚਨਾ ਨਾਮਧਾਰੀ ਮਤ ਦੇ ਅਧਿਆਤਮਕ ਪੱਖ ਨੂੰ ਭਲੇਰੀ ਭਾਂਤ ਰੂਪਮਾਨ ਕਰ ਜਾਂਦੀ ਹੈ। ਫਿਰ ਵੀ ਇਸ ਵਿਚ ਸਮਕਾਲੀ ਰਾਜਨੀਤਕ ਪਰਿਸਥਿਤੀਆਂ ਤੇ ਕੂਕਾ ਲਹਿਰ ਦੇ ਦੂਰ ਦੂਰ ਤਕ ਪਾਸਾਰੇ ਅਤੇ ਰਾਜਨੀਤਕ ਪੈਂਤਰੇਬਾਜ਼ੀ ਦੇ ਟਾਵੇਂ ਟਾਵੇਂ ਇਸ਼ਾਰੇ ਜ਼ਰੂਰ ਮਿਲ ਜਾਂਦੇ ਹਨ:

*ਚੇਤਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ*
*ਸਿੰਘ ਹੋਏ ਬੇਸ਼ੁਮਾਰੀ ਫਤੇ ਸਭ ਕੋ ਬੁਲਾਂਵਦੇ।*
*ਕੰਘਾ ਕੇਸ ਤੇ ਕ੍ਰਿਪਾਨ ਕੱਛ ਕੜਾ ਇਹ ਪਛਾਨ,*
*ਏਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।*
*ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ*
*ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।*
*ਨਿਹਾਲ ਸਿੰਘ ਸਾਧ ਸੰਗ ਬੈਠ ਪੜ੍ਹਦੇ ਨੇ ਗਰੰਥ*
*ਇਕ ਉਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।*

ਹਾੜ ਦੇ ਮਹੀਨੇ ਵਿਚ ਕਵੀ ਸੰਤ ਖਾਲਸੇ ਦੇ ਵੱਖ ਵੱਖ ਸ਼ਹਿਰਾਂ ਅਤੇ ਇਲਾਕਿਆਂ ਵਿਚ ਨਾਮਧਾਰੀ ਪੰਥ ਦੇ ਵਿਸਥਾਰ ਬਾਰੇ ਉਲੇਖ ਕਰਦਾ ਹੈ:

*ਅੰਮ੍ਰਿਤਸਰ ਤੇ ਲਾਹੌਰ, ਲੁਧਿਆਣਾ, ਕਲਾਨੌਰ*
*ਸ਼ਹਿਰ ਜਿਹਲਮ ਪਿਸ਼ੌਰ, ਸਾਰਾ ਇਲਾਕਾ ਹੈ ਪੰਜਾਬ ਦਾ*
*ਸਿੱਖੀ ਕਾਬਲ ਕੰਧਾਰ, ਨਾਲੇ ਬਲਖ ਤੇ ਬੁਖਾਰ*
*ਦਿੱਲੀ ਆਗਰਾ ਹਿਸਾਰ ਹੋਰ ਅੰਤ ਨਾ ਹਿਸਾਬ ਦਾ।*

ਪੋਹ ਦੇ ਮਹੀਨੇ ਵਿਚ ਕਵੀ ਨਾਮਧਾਰੀ ਪੰਥ ਦੇ ਨਿੰਦਕਾਂ ਵੱਲੋਂ ਸਰਕਾਰ ਨੂੰ ਦਿੱਤੀਆਂ ਗਈਆਂ ਰਿਪੋਰਟਾਂ ਬਾਰੇ ਦਸਦਾ ਹੈ, ਜਿਨ੍ਹਾਂ ਦੇ ਫਲਸਰੂਪ ਵਿਦੇਸ਼ੀ ਹਕੂਮਤ ਨੇ ਨਾਮਧਾਰੀਆਂ ਉਤੇ ਪਾਬੰਦੀ ਸਖ਼ਤ ਕਰ ਦਿੱਤੀ ਸੀ ਅਤੇ ਇਸ ਲਹਿਰ ਨੂੰ ਦਬਾਉਣ ਲਈ ਤਗੜਾ ਦਮਨ ਚੱਕਰ ਚਲਾਇਆ ਸੀ। ਇਤਿਹਾਸਕਾਰਾਂ ਦੀ ਖੋਜ ਅਤੇ ਸਰਕਾਰੀ ਦਸਤਾਵੇਜ਼ਾਂ ਦੇ ਅਧਿਐਨ ਤੋਂ ਵੀ ਇਨ੍ਹਾਂ ਤੱਥਾਂ ਦੀ ਪੁਸ਼ਟੀ ਹੋ ਜਾਂਦੀ ਹੈ:

*ਬਾਤ ਸੁਣੀ ਅੰਗਰੇਜ਼, ਬੈਠ ਕਰਦੇ ਵਿਚਾਰ*
*ਐਸੀ ਹੋਵੇ ਨਾ ਕੋਈ ਕਾਰ ਦੂਰ ਕਰਨ ਸਾਡਾ ਰਾਜ ਜੀ।*

Sri Satguru Jagjit Singh Ji Elibrary NamdhariElibrary@gmail.com

*ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ*
*ਨਿਹਾਲ ਸਿੰਘ ਲਿਖਣ ਨਾਮ ਲੈਣ ਹਾਜਰੀ ਹਿਸਾਬ ਜੀ।*

ਫੱਗਣ ਦੇ ਮਹੀਨੇ ਵਿਚ ਸਤਿਗੁਰੂ ਜੀ ਦੇ ਵਿਛੋੜੇ ਵਿਚ ਵਿਯੋਗੀ ਹੋਈ ਸਾਧ ਸੰਗਤ ਦਾ ਵਰਣਨ ਕਵੀ ਇਸ ਪ੍ਰਕਾਰ ਕਰਦਾ ਹੈ:

*ਫਗਣ ਫੇਰ ਕਦੀਂ ਆਵੀਂ, ਮੁਖ ਆਪਣਾ ਦਿਖਾਵੀਂ*
*ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।*
*ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ*
*ਦਿਨ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਂਵਦੀ।*
*ਹੋਈ ਹਾਲ ਤੋਂ ਬਿਹਾਲ, ਖੁਲ੍ਹੇ ਗਲ ਵਿਚ ਵਾਲ*
*ਫਿਰ ਥਕੀ ਢੂੰਢ ਭਾਲ ਨੈਣੀ ਨੀਂਦ ਨਹੀਂ ਆਂਵਦੀ।*

**ਬਾਰਾਂਮਾਹ – ਬਾਬਾ ਕਾਲਾ ਸਿੰਘ ਜੀ :** ਬਾਬਾ ਕਾਲਾ ਸਿੰਘ ਉਨ੍ਹਾਂ ਨਾਮਵਰ ਕਵੀਆਂ ਵਿਚੋਂ ਹਨ, ਜਿਨ੍ਹਾਂ ਨੇ ਨਾਮਧਾਰੀ ਮਤ ਨਾਲ ਸੰਬੰਧਿਤ ਇਸ ਬਾਰਾਂਮਾਹ ਤੋਂ ਬਿਨਾਂ 'ਪੈਂਤੀ ਅੱਖਰੀ' 'ਉਸਤਤਨਾਮਾ' ਅਤੇ 'ਸ਼ਹੀਦੀ ਬਿਲਾਸ' ਵੀ ਲਿਖਿਆ ਹੈ। ਉਹ ਪਿੰਡ ਨੰਗਲ, ਜ਼ਿਲਾ ਲੁਧਿਆਣਾ ਦੇ ਜੰਮਪਲ ਸਨ ਅਤੇ ਕਿੱਤੇ ਵਜੋਂ ਠਠਿਆਰ ਸਨ। ਇਸ ਬਾਰਾਂਮਾਹ ਵਿਚ ਸਮਕਾਲੀ ਕਵੀ ਮੋਤੀ ਰਾਮ ਦੇ ਰਚਿਤ ਬਾਰਾਂਮਾਹ ਦੀ ਛੰਦ ਚਾਲ ਨੂੰ ਅਪਨਾਇਆ ਗਿਆ ਹੈ, ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਉਹ ਸਮਕਾਲੀ ਕਾਵਿ ਰੌਂਡੀ ਤੋਂ ਚੰਗੀ ਤਰ੍ਹਾਂ ਜਾਣੂ ਸੀ। ਕਵੀ ਦੇ ਬਿਆਨ ਵਿਚ ਸੰਜਮ ਤੇ ਸੁਹਜ ਦੋਵੇਂ ਗੁਣ ਵਿਦਮਾਨ ਹਨ। ਸ਼ਬਦਾਵਲੀ ਬੜੀ ਢੁਕਵੀਂ ਤੇ ਠੇਠ ਵਰਤੀ ਹੈ। ਇਸ 48 ਪੰਗਤੀਆਂ ਦੀ ਰਚਨਾ ਵਿਚ ਕਵੀ ਨੇ ਨਾਮਧਾਰੀ ਮਤ ਦੇ ਤਤਕਾਲਕ ਸਾਰੇ ਪੱਖਾਂ ਨੂੰ ਸੰਕੇਤਕ ਰੂਪ ਵਿਚ ਅਤਿ ਦੇ ਕਲਾਮਈ ਢੰਗ ਨਾਲ ਸਮੇਟਿਆ ਹੈ। ਕੁਝ ਹਵਾਲੇ ਦੇਣ ਯੋਗ ਹਨ:

*ਚੇਤਰ – ਚਿਤ ਵਿਚ ਚਾਰ ਅੱਖਰ ਦਾ ਹਰ ਦਮ ਨਾਮ ਚਿਤਾਰੀ ਤੂੰ।*
*ਹੋਇ ਨਿਹਾਲ ਅਕਾਲ ਜਪੀਂ ਜੋ ਰਾਤ ਦਿਨੇ ਨਾ ਵਿਸਾਰੀ ਤੂੰ।*

---

*ਜੇਠ ਜਗਤ ਵਿਚ ਆਏ ਸਤਿਗੁਰ ਸਿੰਘ ਕਰਨ ਭਰਵਾਸਾ ਜੀ*
*ਹਜਰੋਂ ਸਾਹਿਬ ਪਰਗਟ ਹੋਇ ਭੈਣੀ ਸਾਹਿਬ ਵਿਚ ਵਾਸਾ ਜੀ।*
*ਪਟਣੇ ਦਾ ਜਿਓਂ ਜਨਮ ਖਾਲਸਾ ਵਿਚ ਅਨੰਦਪੁਰ ਵਾਸਾ ਜੀ।*
*ਗੁਰੂ ਰਾਮ ਸਿੰਘ ਸਬਦਸੁਣਾਕੇ ਕਾਟੀ ਹੈ ਜਮਫਾਸਾ ਜੀ।*
*ਹਾੜ ਹੁਕਮ ਕਰ ਰਹਿਤ ਰਖਾਈ ਪੰਥ ਗੁਰਾਂ ਦਾ ਸਚਾ ਜੀ।*
*ਕੰਨ ਵਿਚ ਭਜਨ ਸੁਣੇਂਦੇ ਸਤਿਗੁਰ ਝੂਠ ਨ ਬੋਲਣ ਅੱਛਾ ਜੀ।*

---

*ਸਾਵਣ ਸ਼ੌਕ ਹਟਾ ਕੇ ਦਿਲ ਤੋਂ ਸਿਧਾ ਬੰਨ ਦਸਤਾਰਾ ਤੂੰ।*
*ਕੜਾ ਕਛ ਕਿਰਪਾਨ ਕੇਸ ਧਰ ਸਿੰਘ ਬਣ ਗੁਰੂ-ਪਿਆਰਾ ਤੂੰ।*

ਮੱਘਰ ਦੇ ਮਹੀਨੇ ਆਉਣ ਵਾਲੇ ਸ਼ਹੀਦੀ ਸਾਕਿਆਂ ਤੇ ਬੁਚੜ ਬੰਧ ਕਰਨ ਵੱਲ ਸੰਕੇਤ ਕਰਦਾ ਹੋਇਆ ਕਵੀ ਇਸ ਨੂੰ ਅਕਾਲ ਦਾ ਭਾਣਾ ਕਹਿੰਦਾ ਹੈ ਪਰ ਪੋਹ ਦੇ ਮਹੀਨੇ ਵਿਚ ਕਰਤਾ ਨੇ ਸਾਰੀ ਸਥਿਤੀ ਨੂੰ ਸਪਸ਼ਟ ਕਰ ਦਿੱਤਾ ਹੈ:

*ਪੋਹ ਪੜੇ ਸਿੰਘ ਰਰਨੀ ਆ ਕੇ ਬੁਚੜ ਮਾਰ ਮੁਕਾਈਏ ਜੀ।*
*ਗਊ ਘਾਤ ਦਾ ਦੁਖ ਹੈ ਭਾਰੀ ਇਸਨੂੰ ਮਾਰ ਮੁਕਾਈਏ ਜੀ।*
*ਲਾ ਕੇ ਸੀਸ ਧਰਮ ਦੇ ਲੇਖੇ ਜੀਵਨ ਸਫਲ ਬਣਾਈਏ ਜੀ।*
*ਸਤਿਗੁਰੂ ਆਖਣ ਸਮਾਂ ਨਹੀਂ ਹੈ। ਸਿੰਘ ਕਹਿਣ ਫੁਰਮਾਈਏ ਜੀ।*

ਮਾਘ ਦੇ ਮਹੀਨੇ ਵਿਚ ਮਲੇਰਕੋਟਲੇ ਦੇ ਇਤਿਹਾਸਕ ਸਾਕੇ ਦਾ ਵਰਣਨ ਵੇਰਵੇ ਸਹਿਤ ਕੀਤਾ ਗਿਆ ਹੈ ਅਤੇ ਸਿੰਘਾਂ ਦੇ ਤੋਪਾਂ ਅੱਗੇ ਉਡਾਉਣ ਦਾ ਜ਼ਿਕਰ ਹੈ। ਫਗਣ ਦੇ ਮਹੀਨੇ ਵਿਚ ਕਵੀ ਸਾਰੇ ਬਿਰਤਾਂਤ ਨੂੰ ਸਮੇਟਦਾ ਹੋਇਆ ਲਿਖਦਾ ਹੈ ਕਿ ਸਤਿਗੁਰੂ ਜੀ ਨੇ ਗਊ ਵੰਸ਼ ਦੀ ਰੱਖਿਆ ਲਈ ਇਹ ਕੌਤਕ ਕਰ ਵਿਖਾਏ ਹਨ ਅਤੇ ਆਪ ਹੁਣ ਜਲਾਵਤਨੀ ਦਾ ਬੰਦੀ ਜੀਵਨ ਬਤੀਤ ਕਰ ਰਹੇ ਹਨ। ਕਵੀ ਨੂੰ ਆਸ ਹੈ ਕਿ ਸਾਧ ਸੰਗਤ ਨੂੰ ਸਤਿਗੁਰੂ ਜੀ ਦੇ ਦਰਸ਼ਨ ਜ਼ਰੂਰ ਹੋਣਗੇ:

*ਫਗਣ ਵਾਸ ਕਟ ਗੁਰ ਸਾਡੀ ਵਲ ਪਰਦੇਸ ਸਿਧਾਰੇ ਨੇ।*
*ਭੈਣੀ ਸਾਹਿਬ ਵਿਚ ਪਰਗਟ ਹੋ ਕੇ ਕੀਤੇ ਚੋਜ ਨਿਆਰੇ ਨੇ।*
*ਗਊ ਵੰਸ ਨੂੰ ਰੱਖਣ ਦੇ ਹਿਤ ਸੀਸ ਸਿੰਘਾਂ ਨੇ ਵਾਰੇ ਨੇ।*
*ਕਾਲਾ ਸਿੰਘ ਦਰਸ਼ਨ ਗੁਰ ਹੋਸੀ ਹੋਣੇ ਜੈ ਜੈ ਕਾਰੇ ਨੇ।*

ਬਾਬਾ ਕਾਲਾ ਸਿੰਘ ਦੇ ਉਸਤਤਨਾਮੇ ਵਿਚੋਂ ਵੀ ਇਕ ਉਦਾਹਰਣ ਪੇਸ਼ ਹੈ:

*ਸੰਤ ਖਾਲਸਾ ਬਣਾਇਆ ਤੇ ਮਿਟਾਇਆ ਨ੍ਹੇਰ ਗੁਰੂ ਜੀ ਨੇ,*
*ਸੰਤ ਪੰਥ ਖਾਲਸਾ ਹੈ ਸਿੰਘਾ ਨਾਮਧਾਰੀਆਂ।*
*ਚੌਲਕਾਂ ਦੇ ਸ਼ਬਦ, ਅਖੰਡ ਪਾਠ ਸ਼ੁਰੂ ਕੀਤੇ*
*ਅੰਮ੍ਰਿਤ ਛਕਾਇਆ ਖੰਡੇ ਧਾਰ ਨਰ ਨਾਰੀਆਂ।*
*ਗਿਰੀ ਹੋਈ ਸਿਖੀ ਨਵੇਂ ਸਿਰੇ ਫੇਰ ਕੈਮ ਕੀਤੀ*
*ਮੰਨਿਆ ਸੀ ਦੁਖ ਵੇਖ ਢੰਡੀਆਂ ਪੁਜਾਰੀਆਂ।*
*ਕਲੂ ਕਾਲ ਵਿਚ ਸਤਿਜੁਗ ਲਾਇਆ ਕਾਹਲਾ ਸਿੰਘਾ*
*ਗੁਰੂ ਰਹਿਤ ਨੂੰ ਦਸ ਕੁਰਹਿਤਾਂ ਸੁਧਾਰੀਆਂ।*

(ਉਸਤਤਨਾਮਾ –ਬਾਬਾ ਕਾਲਾ ਸਿੰਘ ਵਿਚੋਂ)

ਨਾਮਧਾਰੀ ਸੰਤ ਪੁਰਸ਼ਾਂ ਵੱਲੋਂ ਲਿਖੇ ਗਏ ਇਹ ਤਿੰਨੇ ਬਾਰਾਂਮਾਹ ਭਾਵੇਂ ਸਰਬ ਸਾਧਾਰਨ ਦੀ ਲੋਕਭਾਸ਼ਾ ਵਿਚ ਰਚੇ ਗਏ ਹਨ ਪਰ ਨਾਮਧਾਰੀ ਇਤਿਹਾਸ ਦੇ ਇਸ ਵਿਸ਼ੇਸ਼ ਕਾਲ ਦਾ ਬੋਧ ਕਰਵਾਉਣ ਲਈ ਇਹ ਬੜੀਆਂ ਉਪਯੋਗੀ ਤੇ ਸਾਰਥਕ ਰਚਨਾਵਾਂ ਹਨ।

**ਨਾਮਧਾਰੀ ਸਾਹਿਤ ਦਾ ਦੂਜਾ ਖੰਡ 1906 ਤੋਂ 1959 :** ਨਾਮਧਾਰੀ ਸਾਹਿਤ ਦਾ ਦੂਜਾ ਮਹੱਤਵਪੂਰਨ ਕਾਲ ਜਿਸ ਵਿਚ ਨਾਮਧਾਰੀ ਸਾਹਿਤ ਨੇ ਆਪਣੇ ਆਪ ਨੂੰ

Sri Satguru Jagjit Singh Ji Elibrary NamdhariElibrary@gmail.com

ਨਿਰੋਲ ਪੰਜਾਬੀ ਭਾਸ਼ਾ ਨਾਲ ਜੋੜਿਆ, ਗੁਣਾਤਮਕ ਦ੍ਰਿਸ਼ਟੀ ਤੋਂ ਕੁਝ ਸ੍ਰੇਸ਼ਟ ਸਾਹਿਤਕਾਰਾਂ ਨੂੰ ਸਾਹਮਣੇ ਲਿਆਂਦਾ ਅਤੇ ਵਿਸ਼ੇਸ਼ ਪ੍ਰਾਪਤੀਆਂ ਵੀ ਕੀਤੀਆਂ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਗੁਰਤ੍ਵ ਦਾ ਕਾਲ ਹੈ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਪਣਾ ਪਾਵਨ ਤੇ ਮਹਾਨ ਵਿਅਕਤਿਤਵ, ਦੂਰਦਰਸ਼ਤਾ, ਸਰਬਵਿਆਪੀ ਪ੍ਰੇਮ ਪਾਸਾਰ ਅਤੇ ਉਨ੍ਹਾਂ ਦੀ ਸਰਪ੍ਰਸਤੀ ਵਿਚ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪਾਏ ਗਏ ਸ਼ਾਨਦਾਰ ਯੋਗਦਾਨ ਬਹੁਪੱਖੀ ਸੂਖ਼ਮ ਦ੍ਰਿਸ਼ਟੀ ਅਤੇ ਅਮਲੀ ਰੂਪ ਵਿਚ ਕੀਤੇ ਤੇ ਨਿਭਾਏ ਗਏ ਸੁਨਹਿਰੀ ਅੱਖਰਾਂ ਵਿਚ ਲਿਖਣਯੋਗ ਕਰਤੱਵ ਇਤਨੇ ਅਪਾਰ ਅਤੇ ਬੇਸ਼ੁਮਾਰ ਹਨ ਕਿ ਉਨ੍ਹਾਂ ਨੂੰ ਸਚਮੁੱਚ ਹੀ ਸਰਬ ਲੁਕਾਈ ਦਾ ਅਦੁੱਤੀ ਪ੍ਰੇਰਨਾ ਸ੍ਰੋਤ ਅਧਿਆਤਮਕ ਨੇਤਾ ਅਤੇ ਅਮਲੀ ਰੂਪ ਵਿਚ ਅਨੇਕ ਮਹੱਤਵਪੂਰਨ ਕਾਰਜਾਂ, ਮਾਨਵੀ ਹਮਦਰਦੀ ਅਤੇ ਵਿਸ਼ਵਵਿਆਪੀ ਦਿਬ ਦ੍ਰਿਸ਼ਟੀ ਦੇ ਸੁਆਮੀ ਹੋਣ ਦੇ ਨੁਕਤੇ ਤੋਂ ਵਿਰਾਟ ਪ੍ਰਤਿਭਾ ਦਾ ਸੁਆਮੀ ਮੰਨਿਆ ਜਾ ਸਕਦਾ ਹੈ। ਕਈ ਵਾਰ ਤਾਂ ਹੈਰਾਨੀ ਹੁੰਦੀ ਹੈ ਕਿ ਇਹ ਇਕੋ ਵਿਅਕਤੀ ਹੈ ਜਾਂ ਕੋਈ ਵੱਡੀ ਸੰਸਥਾ ਅਤੇ ਸਰਬ ਲੁਕਾਈ ਅਤੇ ਮਾਨਵਤਾ ਦਾ ਪ੍ਰਕਾਸ਼ ਪੁੰਜ ਤੇ ਗਿਆਨ ਸਰੋਤ ਵੱਡਾ ਸੂਝਵਾਨ, ਹਿਰਦੇ ਸਾਗਰ ਵਿਚ ਸਾਹੰਸਰ ਗਿਆਨ ਰਤਨਾਂ ਨੂੰ ਸਮੋਣ ਅਤੇ ਇਸ ਦੀਆਂ ਅਦੁੱਤੀ ਪ੍ਰੇਰਨਾ ਦੀਆਂ ਸੁਨਹਿਰੀ ਕਿਰਨਾਂ ਨੂੰ ਹਰ ਦਸ਼ਾ ਤੇ ਦਿਸ਼ਾ ਵਿਚ ਪ੍ਰਕਾਸ਼ਮਾਨ ਕਰਨ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਜਿੱਥੇ ਹਰ ਖੇਤਰ ਵਿਚ ਨਾਮਧਾਰੀ ਤੇ ਗ਼ੈਰ ਨਾਮਧਾਰੀ ਲੋਕ ਸਮੂਹਾਂ ਦੇ ਪ੍ਰੇਰਨਾ ਸ੍ਰੋਤ ਬਣੇ, ਉਥੇ ਗੁਰੂ ਘਰ ਦੀ ਚਲੀ ਆ ਰਹੀ ਪਰੰਪਰਾ ਅਨੁਸਾਰ ਸਾਹਿਤ, ਲੋਕ ਕਲਾਵਾਂ, ਸੰਗੀਤ ਆਦਿ ਦੇ ਮਹਾਨ ਸਰਪ੍ਰਸਤ ਵੀ ਸਿੱਧ ਹੋਏ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਆਪ ਪੂਰਨ ਤੌਰ ਤੇ ਜੁੜੇ ਹੋਏ ਸਨ ਅਤੇ ਸਮੂਹ ਲੁਕਾਈ ਨੂੰ ਆਦਰਸ਼ ਸਮਾਜ ਦੇ ਸਚਿਆਰੇ ਤੇ ਸਮਸਰ ਭਾਈਚਾਰੇ ਵਿਚ ਪ੍ਰੋ ਸਕਣ ਦੀ ਆਪ ਦੇ ਮਾਨਵ ਦਰਦੀ ਹਿਰਦੇ ਵਿਚ ਬੇਮਿਸਾਲ ਰੀਝ ਸੀ, ਇਸੇ ਲੰਮੀ ਨਦਰ ਨੇ ਹੀ ਆਪ ਜੀ ਦੇ ਗਰਤ੍ਵ ਦੇ ਕਾਲ ਵਿਚ ਹਰ ਪੱਖ ਤੋਂ ਨਾਮਧਾਰੀ ਮਤ ਨੂੰ ਨਾ ਕੇਵਲ ਧਾਰਮਿਕ ਦ੍ਰਿਸ਼ਟੀ ਤੋਂ ਹੀ ਪਰਪੱਕ ਕੀਤਾ ਸਗੋਂ ਰਾਸ਼ਟਰ ਵਿਆਪੀ ਧਾਰਾ ਦੇ ਅੰਗ ਸੰਗ ਰਹਿ ਕੇ ਵਿਸ਼ਵ ਅਮਨ ਅਤੇ ਬਲਵਾਨ ਅੰਤਰਰਾਸ਼ਟਰੀ ਮਾਨਵੀ ਸਾਂਝ ਨੂੰ ਸੁਦ੍ਰਿੜ ਕਰਵਾਇਆ।

ਨਾਮਧਾਰੀ ਸਤਿਗੁਰੂ ਰਾਮ ਸਿੰਘ ਤੇ ਨਾਮਧਾਰੀ ਸਤਿਗੁਰੂ ਹਰੀ ਸਿੰਘ ਜੀ ਦੇ ਕਾਲ ਵਿਚ ਸੁਤੰਤਰਤਾ ਦਾ ਸੰਕਲਪ ਆਰੰਭ ਵਿਚ ਭਾਵੇਂ ਪੰਜਾਬ ਦੀ ਖੁਸ ਚੁਕੀ ਪ੍ਰਭੁਤਾ ਦੀ ਪੁਨਰ ਪ੍ਰਾਪਤੀ ਤਕ ਸੀਮਿਤ ਸੀ, ਭਾਵੇਂ ਇਸ ਦੀਆਂ ਜੜ੍ਹਾਂ ਬੜੀਆਂ ਡੂੰਘੀਆਂ ਭਵਿੱਖ ਨੂੰ ਰੋਸ਼ਨ ਕਰਨ ਵਾਲੀਆਂ ਸਨ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੂਤਾਂ ਨੂੰ ਆਪਣੇ ਨਾਲ ਜੋੜਨ ਵਾਲੀਆਂ ਸਨ ਪਰ 1885 ਵਿਚ ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਤੀ ਅਤੇ ਇਸ ਤੋਂ ਪਿਛੋਂ 20ਵੀਂ ਸਦੀ ਦੇ ਸ਼ੁਰੂ ਵਿਚ ਚੱਲੀਆਂ ਰਾਸ਼ਟਰੀ ਲੋਕ ਲਹਿਰਾਂ ਦੇ ਫਲਸਰੂਪ ਨਾਮਧਾਰੀਆਂ ਦਾ ਸੁਤੰਤਰਤਾ ਸੰਗਰਾਮ ਰਾਸ਼ਟਰ ਵਿਆਪੀ ਧਾਰਾ ਨਾਲ ਪੂਰਨ ਤੌਰ ਤੇ ਇਕ ਸੁਰ ਹੋ ਗਿਆ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਹੁਪੱਖੀ ਅੰਤਰਦ੍ਰਿਸ਼ਟੀ ਤੇ ਦੂਰਦਰਸ਼ਤਾ ਨੇ ਨਾਮਧਾਰੀ ਮਤ ਅਤੇ ਲਹਿਰ ਨਾਲ ਜੁੜੇ ਸਾਹਿਤ

ਨੂੰ ਵੀ ਨਵੀਂ ਵਿਆਪਕਤਾ, ਨਵੇਂ ਆਯਾਮ ਤੇ ਨਵੇਂ ਦਿਸਹੱਦੇ ਪ੍ਰਦਾਨ ਕੀਤੇ। ਨਾਮਧਾਰੀ ਸਤਿਗੁਰੂ ਜੀ ਦੁਆਰਾ 1920 ਵਿਚ ਜਾਰੀ ਕੀਤੇ ਗਏ ਸਪਤਾਹਿਕ ਪੱਤਰ 'ਸਤਿਜੁਗ' ਜੋ ਹੁਣ ਆਪਣੀ 80 ਸਾਲ ਦੀ ਆਯੂ ਨੂੰ ਹੰਢਾ ਚੁੱਕਾ ਹੈ ਅਤੇ 'ਕੂਕਾ' (ਕੂਕਾ ਰੋਜ਼ਾਨਾ ਅਖ਼ਬਾਰ ਕੁਝ ਸਮਾਂ ਹੀ ਚੱਲਿਆ) ਹੁਣ ਤਕ ਵੀ ਆਜ਼ਾਦੀ ਦੇ ਘੁਲਾਟੀਆਂ ਅਤੇ ਅਖੁੱਟ ਪ੍ਰੇਰਨਾ ਦੇ ਸ੍ਰੋਤ ਬਣੇ ਰਹੇ ਹਨ, ਭਾਵੇਂ ਇਨ੍ਹਾਂ ਪੱਤਰਾਂ ਉਤੇ ਵੀ ਕਈ ਪਾਬਦੀਆਂ ਸਮੇਂ ਸਮੇਂ ਸਿਰ ਲਾਗੂ ਹੁੰਦੀਆਂ ਰਹੀਆਂ ਹਨ।

ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਸ਼ਾਲ ਗਿਆਨ ਭੰਡਾਰ, ਮਧੁਰ ਤੇ ਪ੍ਰਭਾਵਸ਼ਾਲੀ ਸੁਭਾਸਨੀ ਸ਼ਕਤੀ ਦੇ ਮਾਲਕ ਸਨ। ਉਨ੍ਹਾਂ ਦੇ ਪ੍ਰਵਚਨਾਂ ਜੋ ਹੁਣ 'ਲਾਲ ਏ ਰਤਨ' ਦੇ ਨਾਮ ਹੇਠ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਉਦਮ ਸਦਕਾ ਪ੍ਰਕਾਸ਼ਿਤ ਹੋ ਚੁੱਕੇ ਹਨ, ਦਾ ਸਰਸਰੀ ਅਧਿਐਨ ਹੀ ਸਿੱਧ ਕਰ ਦਿੰਦਾ ਹੈ ਕਿ ਆਪ ਜੀ ਦੀ ਰਸਨਾ ਤੇ ਹਿਰਦੇ ਵਿਚ ਕਿੰਨੀ ਵੱਡੀ ਸਾਹਿਤਕ ਪ੍ਰੇਰਨਾ ਤੇ ਪ੍ਰਵਾਹ ਦੇ ਅਦੁੱਤੀ ਗੁਣ ਮੌਜੂਦ ਸਨ। ਸੋ ਜੇ ਪ੍ਰੇਰਨਾ ਦਾ ਸ੍ਰੋਤ ਇਤਨਾ ਮਹਾਨ ਹੋਵੇ ਤਾਂ ਉਨ੍ਹਾਂ ਦੇ ਗਿਰਦੇ ਜੁੜੇ ਸਾਹਿਤਕਾਰ ਕਿਵੇਂ ਆਦਰਸ਼ ਲੇਖਕਾਂ, ਕਵੀਆਂ ਦੀ ਉਚ ਕੋਟੀ ਦੇ ਪੱਧਰ ਤੋਂ ਨੀਵੇਂ ਹੋ ਸਕਦੇ ਹਨ। ਇਸ ਕਾਲ ਦੇ ਸਾਰੇ ਸਾਹਿਤਕਾਰਾਂ ਬਾਰੇ ਇਸ ਸੰਖੇਪ ਲੇਖ ਵਿਚ ਵਿਸਥਾਰ ਪੂਰਵਕ ਵਰਣਨ ਕਰ ਸਕਣਾ, ਇਸ ਦੇ ਆਕਾਰ ਤੋਂ ਬਾਹਰੀ ਗੱਲ ਹੈ, ਇਸ ਲਈ ਇਥੇ ਇਸ ਕਾਲ ਦੇ ਕੁਝ ਇਕ ਸ਼੍ਰੋਮਣੀ ਸਾਹਿਤਕਾਰਾਂ, ਲੇਖਕਾਂ, ਕਵੀਆਂ ਬਾਰੇ ਜ਼ਿਕਰ ਕਰਨਾ ਹੀ ਕਾਫੀ ਹੋਵੇਗਾ, ਭਾਵੇਂ ਉਹ ਵੀ ਗੁਰੂ ਵਰੋਸਾਏ ਸਾਹਿਤਕਾਰ ਇੰਨੇ ਪ੍ਰਮੁੱਖ ਸ੍ਰੇਸ਼ਟ ਤੇ ਉਤਕ੍ਰਿਸ਼ਟ ਕੋਟੀ ਦੇ ਸਨ ਕਿ ਉਨ੍ਹਾਂ ਬਾਰੇ ਵਰਣਨ ਕਰਨ ਸਮੇਂ ਕੁਝ ਸੰਕੇਤਕ ਰੂਪ ਵਿਚ ਵੇਰਵੇ ਦੇਣੇ ਹੀ ਉਚਿਤ ਪ੍ਰਤੀਤ ਹੁੰਦੇ ਹਨ।

ਇਸ ਦੌਰ ਦੇ ਪ੍ਰਮੁੱਖ ਸਾਹਿਤਕਾਰਾਂ ਵਿਚੋਂ ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਮ, ਸੰਤ ਤਰਨ ਸਿੰਘ ਵਹਿਮੀ, ਸ੍ਰੀ ਅਮਰ ਭਾਰਤੀ ਅਤੇ ਸਰਦਾਰ ਨਾਹਰ ਸਿੰਘ ਆਦਿ ਹਨ। ਇਨ੍ਹਾਂ ਦੇ ਨਾਲ ਹੀ ਕੁਝ ਹੋਰ ਨਾਮਧਾਰੀ ਸਾਹਿਤਕਾਰ ਆਤਮਾ ਸਿੰਘ ਸਨਖਤਰਾ, ਅਵਤਾਰ ਸਿੰਘ ਆਜ਼ਾਦ ਅਤੇ ਤਰਲੋਕ ਸਿੰਘ ਤੂਫਾਨ ਆਦਿ ਕਈ ਗੈਰ ਨਾਮਧਾਰੀ ਲੇਖਕਾਂ ਦੇ ਨਾਮ ਵੀ ਗਣਾਏ ਜਾ ਸਕਦੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਦੀ ਪ੍ਰੇਰਨਾ ਸਦਕਾ ਆਗਾਮੀ ਕਾਲ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਤਰਨ ਸਿੰਘ ਵਹਿਮੀ ਅਤੇ ਬਿਸ਼ਨ ਸਿੰਘ ਇਤਿਹਾਸਕਾਰ ਆਦਿ ਲੇਖਕਾਂ ਨੂੰ ਵੀ ਲਿਖਣ ਦੀ ਚੇਟਕ ਲੱਗੀ। ਸੰਤ ਇੰਦਰ ਸਿੰਘ ਚੱਕਰਵਰਤੀ ਕਈ ਸਾਲ 'ਸਤਿਜੁਗ' ਦੇ ਸੰਪਾਦਕ ਦੀ ਸੇਵਾ ਨਿਭਾਉਂਦੇ ਰਹੇ ਹਨ। ਉਨ੍ਹਾਂ ਦੀ ਸੰਪਾਦਨਾ ਵਿਚ ਸਤਿਜੁਗ ਦੇ ਜਿਹੜੇ ਵਿਸ਼ੇਸ਼ ਬਸੰਤ ਅੰਕ ਪ੍ਰਕਾਸ਼ਿਤ ਹੁੰਦੇ ਰਹੇ, ਉਨ੍ਹਾਂ ਵਿਚ ਪੰਜਾਬ ਦੇ ਪੰਜਾਬੀ ਲੇਖਕਾਂ ਤੇ ਪੱਤਰਕਾਰਾਂ ਤੋਂ ਬਿਨਾਂ ਹਿੰਦੀ ਜਗਤ ਦੇ ਵੀ ਪ੍ਰਮੁੱਖ ਲੇਖਕਾਂ ਦੀਆਂ ਰਚਨਾਵਾਂ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ। ਨਾਮਧਾਰੀ ਇਤਿਹਾਸ, ਸਮਾਜ, ਸਭਿਆਚਾਰ ਅਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਸਮੇਂ ਦੀ ਸਤਿਜੁਗ ਦੇ ਇਨ੍ਹਾਂ ਵਿਸ਼ੇਸ਼ ਅੰਕਾਂ ਵਿਚੋਂ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ। ਇਨ੍ਹਾਂ ਵਿਚ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ, ਭਾਈ ਕਾਨ੍ਹ ਸਿੰਘ

ਨਾਭਾ, ਸਰਦਾਰ ਸਰਦੂਲ ਸਿੰਘ ਕਵੀਸ਼ਰ, ਪ੍ਰਿੰਸੀਪਲ ਤੇਜਾ ਸਿੰਘ, ਭਾਈ ਜੋਧ ਸਿੰਘ, ਪ੍ਰਿੰਸੀਪਲ ਐਸ ਐਸ ਅਮੋਲ ਆਦਿ ਦੀਆਂ ਰਚਨਾਵਾਂ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ। ਸਮੁੱਚੇ ਨਾਮਧਾਰੀ ਸਾਹਿਤ ਦੇ ਇਤਿਹਾਸ ਵਿਚ 'ਸਤਿਜੁਗ' ਸਪਤਾਹਿਕ ਪੱਤਰ ਦੀ ਵਿਸ਼ੇਸ਼ ਭੂਮਿਕਾ ਹੈ।

## ਸੰਤ ਇੰਦਰ ਸਿੰਘ ਚੱਕਰਵਰਤੀ (1902 ਤੋਂ 1970)

ਇਸ ਕਾਲ ਦੇ ਪ੍ਰਮੁੱਖ ਉਨ੍ਹਾਂ ਸਾਹਿਤਕਾਰਾਂ ਵਿਚੋਂ ਹਨ, ਜੋ ਨਾਮਧਾਰੀ ਸੰਪਰਦਾਇ ਨਾਲ ਪੱਕੀ ਤਰ੍ਹਾਂ ਜੁੜੇ ਹੋਏ ਹਨ। ਉਹ ਸਰਬਾਂਗੀ ਲੇਖਕ ਸਨ ਅਤੇ ਕਵਿਤਾ, ਵਾਰਤਕ, ਗਲਪ, ਨਾਟਕ ਆਦਿ ਖੇਤਰਾਂ ਤੋਂ ਬਿਨਾਂ ਉਨ੍ਹਾਂ ਨੇ ਪੰਜਾਬੀ 'ਕੋਸ਼ਕਾਰੀ' ਨੂੰ ਵੀ ਵਿਸ਼ੇਸ਼ ਦੇਣ ਦਿੱਤੀ ਹੈ। ਭਾਸ਼ਾ ਵਿਭਾਗ ਵੱਲੋਂ 'ਹਿੰਦੀ-ਪੰਜਾਬੀ ਕੋਸ਼' ਅਤੇ 'ਪੁਆਧੀ ਕੋਸ਼' ਨੂੰ ਸਿਰੇ ਚਾੜਨ ਵਿਚ ਉਨ੍ਹਾਂ ਦਾ ਯੋਗਦਾਨ ਵਿਸ਼ੇਸ਼ ਹੈ। ਨਾਮਧਾਰੀ ਪ੍ਰਿਸ਼ਟ ਭੂਮੀ ਨਾਲ ਜੁੜੀਆਂ ਉਨ੍ਹਾਂ ਦੀਆਂ ਪੁਸਤਕਾਂ 'ਮਾਲਵਿੰਦਰ' ਮਹਾਂਕਾਵਿ, ਤਿੰਨ ਨਾਵਲ (ਬੀਤ ਰਾਗ, ਅੜਬੰਗੀ ਅਤੇ ਜੈ) ਜੋ 'ਪਹਿਲਾਂ ਮਰਣ ਕਬੂਲ' ਨਾਂ ਦੀ ਪੁਸਤਕ ਵਿਚ ਸੰਕਲਿਤ ਹਨ। ਨਾਟਕ 'ਸ਼ਾਹੀ ਕੈਦੀ' ਅਤੇ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ 'ਨਾਮਧਾਰੀ ਇਤਿਹਾਸ' (ਹਿੱਸਾ ਪਹਿਲਾ) ਜੋ ਸ੍ਰੀ ਸਤਿਗੁਰੂ ਬਾਲਕ ਸਿੰਘ ਦੇ ਜੀਵਨ ਸਮਾਚਾਰਾਂ ਬਾਰੇ ਹੈ ਅਤੇ 'ਅਟੱਲ ਪ੍ਰਤਾਪੀ' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੰਖੇਪ ਜੀਵਨ ਤੇ ਕਾਰਨਾਮਿਆਂ ਦਾ ਬਿਓਰਾ ਹੈ, ਵਿਸ਼ੇਸ਼ ਤੌਰ ਤੇ ਵਰਣਨਯੋਗ ਪੁਸਤਕਾਂ ਹਨ।

'ਮਾਲਵਿੰਦਰ' ਮਹਾਂਕਾਵਿ 33 ਸਰਗਾਂ ਵਿਚ ਰਚਿਆ ਗਿਆ ਹੈ। ਇਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸੰਪੂਰਨ ਜੀਵਨ ਬਿਰਤਾਂਤ ਹੈ। ਇਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਜੀਵਨ ਕਾਲ ਦੀਆਂ ਪ੍ਰਮੁੱਖ ਘਟਨਾਵਾਂ ਤੇ ਸਮਾਚਾਰਾਂ ਨੂੰ ਰਸ ਪੂਰਬਕ, ਸਿੱਧੀ ਸਾਧੀ ਪਰ ਪੜ੍ਹਨ ਤੇ ਮਾਣਨਯੋਗ ਉੱਤਮ ਕਵਿਤਾ ਵਿਚ ਬਿਆਨ ਕੀਤਾ ਗਿਆ ਹੈ। ਇਸ ਰਚਨਾ ਦੀ ਇਤਿਹਾਸਕ ਤੇ ਸਾਹਿਤਕ ਦੋਹਾਂ ਪੱਖਾਂ ਤੋਂ ਹੀ ਅਦੁੱਤੀ ਮਹੱਤਤਾ ਹੈ। ਸੰਤ ਜੀ ਨੇ ਮੰਗਲਾਚਰਨ ਵਿਚ ਕਿਸੇ ਦੇਵੀ ਦੇਵਤੇ ਦੀ ਅਰਾਧਨਾ ਨਹੀਂ ਕੀਤੀ ਸਗੋਂ ਅਜਿਹੀ ਪਰੰਪਰਾ ਨੂੰ ਤੋੜ ਕੇ ਪਹਿਲੇ ਅਧਿਆਇ ਵਿਚ ਹੀ ਪੰਜਾਬ ਦੀ ਪ੍ਰਕਿਰਤ ਸੁੰਦਰਤਾ ਦਾ ਬੜਾ ਅਦਭੁਤ ਤੇ ਰੌਚਿਕ ਵਰਣਨ ਕੀਤਾ ਹੈ:

*ਦੇਸ਼ ਪੰਜਾਬ ਸੁਹਾਵਣਾਂ, ਦੇਸਾਂ ਦਾ ਸਰਦਾਰ*
*ਅੰਨ ਧੰਨ ਦੀ ਤੋਟ ਨਾ ਰਹਿੰਦੇ ਭਰੇ ਭੰਡਾਰ*
*ਹਰੀ ਭਰੀ ਸਰ ਸਬਜ਼ ਇਹ, ਧਰਤੀ ਹੈ ਇਕਸਾਰ*
*ਇਸ ਦੇ ਕਣ ਕਣ ਵਿਚ ਹੈ, ਭਰਿਆ ਦੇਸ਼ ਪਿਆਰ।*

ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਦਾ ਵਰਣਨ ਕਵੀ ਇਸ ਪ੍ਰਕਾਰ ਕਰਦਾ ਹੈ:

*ਭੈਣੀ ਦੇ ਲੋਕੋ ਸੁਣੋਂ, ਲਾ ਕੇ ਖੂਬ ਧਿਆਨ*
*ਆਇਆ ਏ ਰਬ ਆਪ ਚਲ, ਕਰਨ ਲਈ ਕਲਿਆਣ*

Sri Satguru Jagjit Singh Ji Elibrary NamdhariElibrary@gmail.com

ਤਰਸ ਅਮਨ ਦਾ ਦੇਵਤਾ, ਸ਼ਾਤੀ ਦਾ ਅਵਤਾਰ
ਅਰਸ਼ੋਂ ਆਇਆ ਚਲ ਕੇ, ਭੈਣੀ ਦੇ ਵਿਚਕਾਰ

---------------------------

ਤਿਖੇ ਨੈਣ ਨਕਸ਼ ਅਤਿ, ਸੁੰਦਰਤਾ ਦੀ ਖਾਨਿ
ਕਣਕ ਭਿੰਨਾ ਕੁਝ ਰੰਗ ਸੀ, ਵਿਸਨੂੰ ਜਿਉਂ ਭਗਵਾਨ
ਮੂੰਹ ਠੋਡੀ ਦੇ ਦਾਗ ਇਉਂ, ਜਿਉਂ ਤਾਰਿਆਂ ਵਿਚ ਚੰਦ
ਦਰਸ਼ਨ ਕਰਦਿਆਂ ਹੋਂਵਦਾ, ਮਨ ਚਕੋਰ ਅਨੰਦ।

---------------------------

ਉੱਚਾ ਲੰਮਾ ਕਦ ਇਉਂ, ਸਰੂ ਜਿਵੇਂ ਇਕ ਸਾਰ
ਗਰਦਣ ਲੰਮੀ ਸਵਾ ਗਿਠ, ਦੀਰਘ ਨੈਣ ਅਪਾਰ
ਬਾਹਵਾਂ ਗੋਡਿਆਂ ਹੇਠ ਨੇ, ਲੰਮੀਆਂ ਅਤੇ ਵਿਸ਼ਾਲ
ਅਰਕਾਂ ਦੇ ਨੇ ਜੋੜ ਇਉਂ, ਜਿਵੇਂ ਕੰਵਲ ਦੀ ਨਾਲ
ਸਭਨਾਂ ਤੋਂ ਉਚੇ ਸਦਾ, ਦਿਸਦੇ ਪਏ ਹਜ਼ੂਰ
ਜਿਵੇਂ ਮੁਨਾਰਾ ਭਰਥਿਆ, ਨੇੜੇ ਜਾਪੇ ਦੂਰ
ਵਿੰਹਦਿਆਂ ਭੁੱਖ ਨਾ ਲਥਦੀ, ਤਕ ਨਾ ਰਜਦੇ ਨੈਣ
ਮੂੰਹ ਤੋਂ ਕਿਰਦੇ ਫੁਲ ਸੀ, ਜਦੋਂ ਅਲਾਪਣ ਬੈਣ।

ਇਸ ਮਹਾਂਕਾਵਿ ਦੇ ਅੰਤਿਮ ਅਧਿਆਇ ਵਿਚ ਚਕਰਵਰਤੀ ਜੀ ਆਪ ਹੀ ਲਿਖਦੇ ਹਨ ਕਿ "ਕੂਕਿਆਂ ਦੀ ਵਿਥਿਆ ਸਹੀ ਇਹ ਇਤਿਹਾਸ, ਖੋਜ ਭਾਲ ਨਾਲ ਲਿਖਿਆ ਇਹ ਨਹੀਂ ਮਿਥਿਹਾਸ।" ਭਾਵੇਂ ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਇਸ ਰਚਨਾ ਵਿਚ ਨਾਮਧਾਰੀ ਸੰਤ ਮਹਾਂਪੁਰਸ਼ਾਂ ਅਤੇ ਸਾਧ ਸੰਗਤ ਵਿਚ ਕਈ ਪ੍ਰਚਲਿਤ ਦੰਤ-ਕਥਾਵਾਂ ਤੇ ਮਿਥਾਂ ਦਾ ਵਰਣਨ ਵੀ ਕਵੀ ਨੇ ਕਈ ਥਾਵਾਂ ਤੇ ਕੀਤਾ ਹੈ ਪਰ ਸਮੁੱਚੇ ਤੌਰ ਤੇ ਇਹ ਮਹਾਂਕਾਵਿ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਸਮੇਂ ਦਾ ਭਰਪੂਰ ਤੇ ਵਿਸਤ੍ਰਿਤ ਕਾਵਿ ਚਿੱਤਰ ਹੈ।

ਇਸ ਮਹਾਂਕਾਵਿ ਤੋਂ ਬਿਨਾਂ ਚੱਕਰਵਰਤੀ ਜੀ ਦੇ ਦੋ ਹੋਰ ਪ੍ਰਬੰਧ ਕਾਵਿ 'ਹਿੰਦ ਦੀ ਚਾਦਰ' ਅਤੇ 'ਮਹਾਂਮਾਨਵ' ਅਪ੍ਰਕਾਸ਼ਿਤ ਹਨ। ਪਹਿਲੇ ਵਿਚ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਬਿਰਤਾਂਤ ਅੰਕਿਤ ਹੈ ਅਤੇ ਦੂਜੇ ਵਿਚ ਸਾਮੇਵਾਦੀ ਸਿਧਾਂਤ ਦੇ ਬਾਨੀ ਕਾਰਲ ਮਾਰਕਸ ਦਾ। ਚੱਕਰਵਰਤੀ ਜੀ ਦੀਆਂ ਕੁਝ ਕਵਿਤਾਵਾਂ 'ਸਤਿਜੁਗ' ਦੇ ਵਿਸ਼ੇਸ਼ ਅੰਕਾਂ ਵਿਚ ਵੀ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ।

ਚੱਕਰਵਰਤੀ ਜੀ ਨੂੰ ਨਾਮਧਾਰੀ ਲਹਿਰ ਨਾਲ ਸੰਬੰਧਿਤ ਇਤਿਹਾਸਕ ਨਾਵਲਾਂ ਦਾ ਮੋਢੀ ਮੰਨਿਆ ਜਾ ਸਕਦਾ ਹੈ। ਉਸ ਦੇ ਨਾਵਲ 'ਬੀਤ ਰਾਗ', 'ਅੜਬੰਗੀ' ਅਤੇ 'ਜੈ' ਤਿੰਨੇ ਹੀ ਨਾਮਧਾਰੀ ਇਤਿਹਾਸ ਦੇ ਪਹਿਲੇ ਖੰਡ ਨਾਲ ਸੰਬੰਧਿਤ ਹਨ। 'ਬੀਤ ਰਾਗ' ਵਿਚ ਸੂਬਾ ਬਾਬਾ ਜਵਾਹਰ ਸਿੰਘ, ਅੜਬੰਗੀ ਵਿਚ ਨਾਮਧਾਰੀ ਲਹਿਰ ਦੇ ਬੀਰ ਪਾਤਰ ਸੰਤ ਭਗਵਾਨ ਸਿੰਘ ਅੜਬੰਗੀ ਅਤੇ 'ਜੈ' ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ

ਕਸੂਰ ਦੀ ਲੜਾਈ ਵਿਚ ਸ਼ਹੀਦ ਹੋ ਗਏ ਸਰਦਾਰ ਦਿਆਲ ਸਿੰਘ ਦੀ ਪੁੱਤਰੀ ਜੈ ਦੀ ਵਾਰਤਾ ਹੈ, ਜਿਸ ਨੂੰ ਕਿ ਵਜ਼ੀਰ ਲਾਲ ਸਿੰਘ ਨੇ ਲੈ ਪਾਲਕ ਧੀ ਬਣਾ ਕੇ ਪੁੱਤਰਾਂ ਵਾਂਗੂੰ ਪਾਲਿਆ ਸੀ।

ਚੱਕਰਵਰਤੀ ਜੀ ਦੀ ਪ੍ਰਤਿਭਾ 'ਅਟੱਲ ਪ੍ਰਤਾਪੀ' ਅਤੇ 'ਨਾਮਧਾਰੀ ਇਤਿਹਾਸ ਭਾਗ ਪਹਿਲਾ' ਦੇ ਰੂਪ ਵਿਚ ਵੀ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਕਈ ਪੱਖਾਂ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਦਾ ਨਾਟਕ 'ਸ਼ਾਹੀ ਕੈਦ' ਦੇ ਨਾਇਕ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਹਨ, ਜਿਨ੍ਹਾਂ ਦੇ 1872 ਤੋਂ ਪਿਛੋਂ ਜਲਾਵਤਨੀ ਦੇ ਸਮਾਚਾਰਾਂ ਨੂੰ ਇਸ ਨਾਟਕ ਵਿਚ ਪੇਸ਼ ਕੀਤਾ ਗਿਆ ਹੈ। ਆਪਣੀਆਂ ਉਪਰੋਕਤ ਰਚਨਾਵਾਂ ਕਾਰਨ ਸੰਤ ਇੰਦਰ ਸਿੰਘ ਚੱਕਰਵਰਤੀ ਨੂੰ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਸ੍ਰੇਸ਼ਟ ਸਾਹਿਤਕਾਰ ਪ੍ਰਵਾਨ ਕੀਤਾ ਜਾ ਸਕਦਾ ਹੈ।

ਇਸ ਕਾਲ ਦੇ ਦੂਜੇ ਪ੍ਰਮੁੱਖ ਲੇਖਕ ਸੰਤ ਨਿਧਾਨ ਸਿੰਘ ਆਲਿਮ (1889 ਤੋਂ 1956) ਹਨ, ਜਿਨ੍ਹਾਂ ਦੀਆਂ ਆਪਣੀਆਂ ਰਚਨਾਵਾਂ 'ਗੁਰੂ ਪਦ ਪ੍ਰਕਾਸ਼' (ਦੋ ਭਾਗ), 'ਰੂਹਾਨੀ ਟੈਲੀਫੂਨ' ਤੇ 'ਨਾਮਧਾਰੀ ਸਿਧਾਂਤ ਪ੍ਰਦਰਸ਼ਨ' 'ਸਿੱਖ ਧਰਮ ਤੇ ਮਾਸ' ਅਤੇ 'ਜੁਗ ਪਲਟਾਊ ਸਤਿਗੁਰੂ' ਆਦਿ ਹਨ। ਆਪ ਸੰਤ ਚੱਕਰਵਰਤੀ ਸਮਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਕਟ ਵਰਤੀ ਸੇਵਕਾਂ ਵਿਚੋਂ ਸਨ। ਪ੍ਰਮੁੱਖ ਕੀਰਤਨਕਾਰ ਤੋਂ ਬਿਨਾਂ ਆਪ ਨਾਮਧਾਰੀ ਪ੍ਰਚਾਰਕ ਸੁਤੰਤਰਤਾ ਸੰਗਰਾਮੀ ਤੇ ਇਤਿਹਾਸ ਖੋਜੀ ਵੀ ਸਨ। 'ਗੁਰੂ ਪਦ ਪ੍ਰਕਾਸ਼' ਦਾ ਮੁੱਖ ਵਿਸ਼ਾ ਗੁਰੂ ਪਦ ਸੰਬੰਧੀ ਸਿੰਘ ਸਭਾ ਤੇ ਨਾਮਧਾਰੀ ਸੰਪਰਦਾਇ ਵਿਚ ਉਠੇ ਵਾਦ ਵਿਵਾਦ ਨਾਲ ਹੈ। ਆਪ ਦਾ ਲਿਖਣ ਢੰਗ ਬੜਾ ਸਪਸ਼ਟ, ਤਰਕਸ਼ੀਲ ਅਤੇ ਦਲੀਲਾਂ ਸਹਿਤ ਆਪਣੇ ਮਤ ਦੀ ਪੁਸ਼ਟੀ ਕਰਨ ਵਾਲਾ ਹੈ।

ਆਪ ਜੀ ਦੀ ਦੂਜੀ ਰਚਨਾ 'ਜੁਗ ਪਲਟਾਊ ਸਤਿਗੁਰੂ' ਹੈ, ਜਿਸ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਿਰਤਾਂਤ ਤੇ 'ਕੂਕਾ ਲਹਿਰ' ਤੋਂ ਹੋਂਦ ਵਿਚ ਆਉਣ ਤੇ ਇਸ ਕਾਲ ਦੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਦੇ ਵੇਰਵੇ ਦਿੱਤੇ ਗਏ ਹਨ। ਵਿਸ਼ੇਸ਼ ਕਰਕੇ ਤਤਕਾਲਕ ਅੰਗਰੇਜ਼ ਸਰਕਾਰ ਦੀ ਪੰਜਾਬ ਵਿਚ ਬੁੱਚੜਖਾਨੇ ਖੋਲਣ ਦੀ ਕੁਟਿਲ ਨੀਤੀ ਜੋ ਪਿਛੋਂ ਜਾ ਕੇ ਨਾਮਧਾਰੀ 'ਕੂਕਾ ਲਹਿਰ' ਲਈ ਇਕ ਚੁਣੌਤੀ ਦਾ ਕਾਰਨ ਬਣੀ, ਬਾਰੇ ਵਿਸਥਾਰ ਪੂਰਵਕ ਵੇਰਵੇ ਬੜੀ ਮਿਹਨਤ ਨਾਲ ਅਤੇ ਸਰਕਾਰੀ ਮਿਸਲਾਂ ਦੀ ਖੋਜ ਪੜਤਾਲ ਉਪਰੰਤ ਲਿਖੇ ਗਏ ਹਨ।

"ਨਾਮਧਾਰੀ ਪੰਥ ਗੁਰਬਾਣੀ ਨੂੰ ਗੁਰੂ ਬਾਣੀ ਅਤੇ ਰੱਬੀ ਬਾਣੀ ਹੋਣ ਦੀ ਹੈਸੀਅਤ ਵਿਚ ਪੂਜਨੀਕ ਮੰਨਦਾ ਹੈ। 'ਧੁਰ ਕੀ ਬਾਣੀ' ਅਕਾਲ ਪੁਰਖ ਦਾ ਹੁਕਮ ਹੈ, ਜੋ ਗੁਰੂਆਂ ਵਾਸਤੇ ਵੀ ਸੀਸ ਨਿਵਾਣ ਦੀ ਜਗ੍ਹਾ ਹੈ।" (ਗੁਰੂ ਪਦ ਪ੍ਰਕਾਸ਼, ਪੰਨਾ 13)

"29 ਮਾਰਚ 1849 ਨੂੰ ਸਵੇਰੇ 7 ਵਜੇ ਸ਼ਾਹੀ ਮਹੱਲ ਵਿਚ ਪੰਜਾਬ ਦੀ ਆਜ਼ਾਦ ਹਕੂਮਤ ਦਾ ਛੇਕੜਲਾ ਦਰਬਾਰ ਸਜਾਇਆ ਗਿਆ, ਜਿਸ ਵਿਚ ਬਾਲਕ ਦਲੀਪ ਸਿੰਘ ਆਪਣੇ ਪਿਤਾ ਜੀ ਦੇ ਤਖ਼ਤ ਤੇ ਅਖੀਰਲੀ ਵਾਰ ਬੈਠਾ। ਸਮੂਹ ਦਰਬਾਰੀਆਂ ਦੇ ਚਿਹਰੇ ਕੁਮਲਾਏ ਹੋਏ ਸਨ।---ਇਕ ਐਲਾਨ ਫ਼ਾਰਸੀ ਭਾਸ਼ਾ ਵਿਚ ਪੜ੍ਹ ਕੇ ਸੁਣਾਇਆ ਗਿਆ

ਕਿ ਹੁਣ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਇਹ ਐਲਾਨ ਸੁਣਦਿਆਂ ਸਾਰ ਸ੍ਰੋਤਿਆਂ ਦੇ ਦਿਲਾਂ ਵਿਚ ਕਾਤੀ ਜੇਹੀ ਫਿਰ ਗਈ।"

ਆਲਿਮ ਜੀ ਦੀ ਪੁਸਤਕ 'ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਆਪਣੇ ਵਿਸ਼ੇ ਦੀ ਕੁੰਜੀਗਤ ਰਚਨਾ ਹੈ। ਇਸ ਵਿਚ ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਅਤੇ ਉਨ੍ਹਾਂ ਬਾਰੇ ਸੰਖੇਪ ਵਿਚ ਇਤਨੀ ਮਹੱਤਵਪੂਰਨ ਜਾਣਕਾਰੀ ਵੱਲ ਸੰਕੇਤ ਕੀਤੇ ਗਏ ਹਨ ਕਿ ਇਨ੍ਹਾਂ ਤੋਂ ਗੁਰਮਤਿ ਦੇ ਪ੍ਰਮੁੱਖ ਸਿੱਖੀ ਸਿਧਾਂਤ ਦਾ ਸੰਪੂਰਨ ਬੋਧ ਪ੍ਰਾਪਤ ਹੋ ਜਾਂਦਾ ਹੈ। ਉਦਾਹਰਣ ਵਜੋਂ ਨਾਮ ਜੋ ਗੁਰਮਤਿ ਦਾ ਪ੍ਰਮੁੱਖ ਦਾਰਸ਼ਨਿਕ ਸੰਕਲਪ ਅਤੇ ਅਧਿਆਤਮਕ ਲਖਸ਼ ਹੈ, ਉਸ ਦੀ ਵਿਆਖਿਆ ਕਰਦੇ ਹੋਏ ਆਲਿਮ ਜੀ ਨੇ ਇਸ ਬਾਰੇ ਗੁਰਬਾਣੀ ਵਿਚ ਵਰਤੇ ਗਏ ਅਨੇਕ ਵਿਸ਼ੇਸ਼ਣਾਂ ਦਾ ਉਲੇਖ ਅਤੇ ਵਿਆਖਿਆ ਕੀਤੀ ਹੈ, ਜਿਵੇਂ ਨਾਮ ਅੰਮ੍ਰਿਤ, ਨਾਮ ਰਤਨ, ਨਾਮ ਤੋਸ਼ਾ, ਨਾਮ ਚਾਨਣ, ਮਹਾਂਰਸ, ਨਾਮ ਰਸਾਇਣ, ਨਾਮ ਧਨ, ਨਾਮ ਦਾਰੂ ਜਾਂ ਅਉਖਧ, ਨਾਮ ਵੱਖਰ ਸੌਦਾ, ਨਾਮ ਬੀਜ, ਨਾਮ ਗਹਿਣਾ, ਨਾਮ ਖਜ਼ਾਨਾ, ਨਾਮ ਮੰਤਰ, ਨਾਮ ਵਪਾਰ ਅਤੇ ਗੁਰ ਮੰਤਰ ਆਦਿ। ਨਾਮਧਾਰੀ ਮਤ ਵਿਚ ਗੁਰਬਾਣੀ ਦੇ ਸਤਿਕਾਰ ਸੰਬੰਧੀ ਵੀ ਆਪ ਦੇ ਵਿਚਾਰ ਬੜੇ ਸਪੱਸ਼ਟ ਅਤੇ ਮਹੱਤਵਪੂਰਨ ਹਨ। ਨਾਮਧਾਰੀ ਸੰਪਰਦਾਇ ਦੀ ਰਹਿਤ ਮਰਿਯਾਦਾ ਤੇ ਧਾਰਮਿਕ ਵਿਧੀ ਵਿਧਾਨ ਸੰਬੰਧੀ ਵੀ ਇਹ ਪੁਸਤਕ ਚਾਨਣ ਮੁਨਾਰੇ ਦਾ ਕਾਰਜ ਕਰਦੀ ਹੈ.

"ਸਿੱਖ ਪੰਥ ਦਾ ਮੁੱਢਲਾ ਅਤੇ ਸਰਬ ਸ਼੍ਰੋਮਣੀ ਸਿਧਾਂਤ ਹੈ 'ਨਾਮ'। ਸਮੂਹ ਸਿੱਖ ਸ਼੍ਰੇਣੀਆਂ ਅਤੇ ਸ੍ਰਿਸ਼ਟੀ ਭਰ ਦੇ ਭਗਤੀ ਪ੍ਰਧਾਨ ਪੰਥਾਂ ਵਿਚ ਹੀ ਇਸ ਦੀ ਮਾਨਤਾ ਮਹੱਤਤਾ ਅਤੇ ਗੌਰਵਤਾ ਪ੍ਰਸਿੱਧ ਹੈ। ਜੇ ਇਹ ਗੱਲ ਕਹਿ ਦਿੱਤੀ ਜਾਏ ਕਿ ਨਾਮ ਸ੍ਰਿਸ਼ਟੀ ਦੇ ਸਮੂਹ ਧਰਮਾਂ ਦੀ ਸਾਂਝੀ ਆਤਮਾ ਹੈ ਤਾਂ ਕੋਈ ਵਧੀਕੀ ਨਹੀਂ। ਸਿੱਖ ਧਰਮ ਦਾ ਤਾਂ ਇਹ ਪ੍ਰਵੇਸ਼ ਦੁਆਰ ਹੀ ਸਮਝਣਾ ਉਚਿਤ ਹੈ।" (ਨਾਮਧਾਰੀ ਸਿਧਾਂਤ ਪ੍ਰਦਰਸ਼ਨ, ਪੰਨਾ ਨੰਬਰ 13)

ਆਲਿਮ ਜੀ ਦਾ ਇਹ ਉਪਨਾਮ 'ਆਲਿਮ' ਪੱਤ੍ਰਿਕਾ ਦੇ ਸੰਪਾਦਕ ਹੋਣ ਕਰਕੇ ਪ੍ਰਸਿੱਧ ਹੋਇਆ। ਆਪ ਕਾਫੀ ਲੰਮੇ ਸਮੇਂ ਤਕ 'ਸਤਿਜੁਗ' ਦੇ ਸੰਪਾਦਕ ਵੀ ਰਹੇ ਹਨ।

**ਤਰਨ ਸਿੰਘ ਵਹਿਮੀ (1902-1978) :** ਇਸ ਕਾਲ ਦੇ ਤੀਜੇ ਸ਼੍ਰੋਮਣੀ ਲੇਖਕ ਸੰਤ ਤਰਨ ਸਿੰਘ ਵਹਿਮੀ ਜੀ ਹਨ। ਉਹ ਪਿੰਡ ਹਿੰਦੂ ਚੱਕ, ਜ਼ਿਲ੍ਹਾ ਗੁਜਰਾਂਵਾਲਾ ਦੇ ਜੰਮਪਲ ਸਨ ਅਤੇ ਪਿਛੋਂ ਸ੍ਰੀ ਜੀਵਨ ਨਗਰ ਦੇ ਇਲਾਕੇ ਪਿੰਡ ਬੁੱਢੀਮਾੜੀ ਵਿਚ ਨਿਵਾਸ ਰੱਖਦੇ ਰਹੇ। ਆਪ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਿਰੋਸਾਏ ਹੋਏ ਅਤੇ ਉਨ੍ਹਾਂ ਦੇ ਨਿਕਟਵਰਤੀ ਵਿਚਰਨ ਵਾਲੇ ਲੇਖਕਾਂ ਵਿਚੋਂ ਸਨ। ਕਵਿਤਾ ਅਤੇ ਵਾਰਤਕ ਦੋਹਾਂ ਉਤੇ ਹੀ ਉਨ੍ਹਾਂ ਦਾ ਪੂਰਨ ਅਧਿਕਾਰ ਸੀ। ਆਪ ਜੀ ਦੀ ਨਾਮਧਾਰੀ ਮਤ ਅਤੇ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਖੋਜ ਤੇ ਇਕੱਤਰ ਕੀਤੇ ਗਏ ਵੇਰਵੇ ਉਨ੍ਹਾਂ ਨੂੰ ਸਹਿਜੇ ਹੀ ਨਾਮਧਾਰੀ ਇਤਿਹਾਸ ਦੇ ਪ੍ਰਮੁੱਖ ਖੋਜੀ ਅਤੇ ਸਮਕਾਲੀ ਘਟਨਾਵਾਂ ਦਾ ਤਜ਼ਕਰਾ-ਨਵੀਸ ਜਾਂ ਸਮਕਾਲੀ ਸਾਖੀਕਾਰ ਮੰਨਿਆ ਜਾ ਸਕਦਾ ਹੈ। 'ਨਦੇੜੋਂ ਬਾਦ ਦਸਮ ਗੁਰ ਦਰਸਨ' ਵਿਚ ਆਪ ਜੀ ਨੇ ਥਾਂ ਪਰ ਥਾਂ ਇਤਿਹਾਸਕ ਪ੍ਰਮਾਣਾਂ ਦੁਆਰਾ ਨਾਮਧਾਰੀ ਗੁਰ ਮਰਿਯਾਦਾ ਦੀ ਪੁਸ਼ਟੀ ਕੀਤੀ ਹੈ। 'ਅੱਖੀਆਂ' ਨਾਮ ਦੀ ਕਾਵਿ ਪੁਸਤਕ

Sri Satguru Jagjit Singh Ji Elibrary NamdhariElibrary@gmail.com

ਵਿਚ ਉਨ੍ਹਾਂ ਨੇ ਅੱਖੀਆਂ ਦੇ ਰਦੀਫ ਦੀ ਪੁਨਰ ਅਵਿਤਰੀ ਦੁਆਰਾ ਆਪਣੇ ਕਾਵਿ ਗੁਰੂ ਹਰਨਾਮ ਸਿੰਘ ਆਰਫ਼ ਦੀ ਪਿਰਤ ਨੂੰ ਅੱਗੇ ਤੋਰਿਆ ਹੈ, ਜਿਨ੍ਹਾਂ ਦੀ ਪੁਸਤਕ 'ਦ੍ਰਿਗ ਸਤੋਤਰ' ਵਿਚ ਵੀ ਅੱਖੀਆਂ ਦੇ ਰਦੀਫ਼ ਨੂੰ ਹੀ ਲੰਮੇਰੀ ਕਾਵਿ ਰਚਨਾ ਦੁਆਰਾ ਬੈਂਤਾਂ ਵਿਚ ਨਿਭਾਇਆ ਗਿਆ ਹੈ। 'ਪ੍ਰੇਮ ਅੱਖਰ' ਵਿਚ ਵੀ ਉਨ੍ਹਾਂ ਨੇ ਸੰਸਾਰਕ ਗਿਆਨ ਅਤੇ ਅਧਿਆਤਮਕ ਆਦਰਸ਼ਾਂ ਨੂੰ ਕਈ ਸੌ ਪੰਗਤੀਆਂ ਵਿਚ ਕਾਨੀ ਬੰਦ ਕੀਤਾ ਹੈ ਪਰ ਆਪਣੀ ਪੁਸਤਕ 'ਜਸ ਜੀਵਨ' ਨੂੰ ਵੱਡੇ ਆਕਾਰ ਦੇ ਛੇ ਭਾਗਾਂ ਵਿਚ ਰਚ ਕੇ ਇਸ ਸ਼੍ਰੋਮਣੀ ਇਤਿਹਾਸਕਾਰ ਲੇਖਕ ਨੇ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੁੱਚੇ ਜੀਵਨ ਸਮਾਚਾਰਾਂ ਨੂੰ ਸਾਲਾਂ ਦੇ ਕ੍ਰਮ ਅਨੁਸਾਰ ਵਿਸਤ੍ਰਿਤ ਰੂਪ ਵਿਚ ਇਸ ਤਰ੍ਹਾਂ ਸਾਂਭ ਲਿਆ ਹੈ ਕਿ ਅੱਜ ਉਸ ਦੀ ਇਹ ਸ਼੍ਰੋਮਣੀ ਰਚਨਾ ਨਾਮਧਾਰੀ ਇਤਿਹਾਸ ਅਤੇ ਮਤ ਦੀ ਪ੍ਰਮਾਣਿਕ ਪੁਸਤਕ ਅਤੇ ਸੱਚ ਪੁੱਛੋ ਤਾਂ ਵੱਡੇ ਗਿਆਨ ਕੋਸ਼ ਦਾ ਰੂਪ ਧਾਰਨ ਕਰ ਗਈ ਹੈ। ਇੰਜ ਵਹਿਮੀ ਜੀ ਨੇ 'ਜੱਸ ਜੀਵਨ' ਰਚ ਕੇ ਪੰਜਾਬੀ ਦੀ ਜਨਮਸਾਖੀ ਪਰੰਪਰਾ ਦਾ ਚੋਖਾ ਵਿਸਥਾਰ ਤੇ ਵਿਕਾਸ ਕਰ ਦਿੱਤਾ ਹੈ। 'ਨਦੇੜੋਂ ਬਾਦ ਦਸਮ ਗੁਰੂ ਦਰਸ਼ਨ', 'ਨਦੇੜੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ', 'ਸੁਹੇਵਾ ਸਾਹਿਬ', ਆਦਿ ਪੁਸਤਕਾਂ ਵਿਚ ਵਹਿਮੀ ਜੀ ਨੇ ਨਾਮਧਾਰੀ ਗੁਰੂ ਪਰੰਪਰਾ ਦੀ ਪੁਸ਼ਟੀ ਇਤਿਹਾਸਕ ਖੋਜ ਤੇ ਪ੍ਰਮਾਣਿਕ ਹਵਾਲਿਆਂ ਦੁਆਰਾ ਕਰਨ ਦਾ ਯਤਨ ਕੀਤਾ ਹੈ ਪਰ 'ਜਸ ਜੀਵਨ' ਵਿਚ ਆਪ ਨੇ ਗੁਰੂ ਇਤਿਹਾਸ ਦੀ ਉਸ ਲੜੀ ਨੂੰ ਅੱਗੇ ਤੋਰਿਆ ਹੈ ਜਿਸ ਨੂੰ ਭਾਈ ਸੰਤੋਖ ਸਿੰਘ ਬਾਹੋਵਾਲ ਨੇ ਆਰੰਭ ਕੀਤਾ ਸੀ। 1890 ਤੋਂ ਲੈ ਕੇ 1959 ਤਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੁੱਚੇ ਜੀਵਨ ਨੂੰ ਜਾਣਨ ਲਈ ਅਤੇ ਉਨ੍ਹਾਂ ਦੇ ਗੁਰੂਤ੍ਵ ਦੇ ਸਮੇਂ ਨਾਮਧਾਰੀ ਸਾਧ ਸੰਗਤ ਸਮਾਜ ਦੁਆਲੇ ਸਮਾਜਕ, ਧਾਰਮਿਕ, ਰਾਜਨੀਤਕ ਅਤੇ ਸਭਿਆਚਾਰਕ ਪਿਛੋਕੜ ਅਤੇ ਨਾਮਧਾਰੀ ਸਮਾਜ ਦੀ ਦੇਸ਼ ਪ੍ਰਤੀ ਕੀਤੀ ਗਈ ਘਾਲ ਅਤੇ ਪ੍ਰਾਪਤੀ ਨੂੰ ਇਸ ਪ੍ਰਮੁੱਖ ਰਚਨਾ ਵਿਚ ਸੰਕਲਿਤ ਕਰ ਦਿੱਤਾ ਹੈ। ਵਹਿਮੀ ਜੀ ਦੀ ਕਵਿਤਾ ਦਾ ਨਮੂਨਾ :

*ਸੱਜਣਾਂ ਨੈਣ ਮੇਰੇ ਸਿੱਕਦੇ ਨੀ ਰਹਿੰਦੇ*
*ਅੱਠੇ ਪਹਿਰ ਵਿਯੋਗ ਸੱਜਣ ਦਾ*
*ਨੈਣ ਵਿਛੋੜਾ ਨਹੀਂ ਸਹਿੰਦੇ।*
*ਇਕ ਪਲ ਪਿਆਰਾ ਨਜ਼ਰ ਨਾ ਆਵੇ*
*ਨਦੀਆਂ ਨੀਰ ਵਹਿੰਦੇ।*
*ਦੇਹ ਪਿਆਰਿਆ ਦਰਸ਼ਨ ਛੇਤੀ*
*ਨੈਣ ਮੁਸ਼ਤਾਕ ਤਹਿੰਦੇ।*

ਇਸ ਕਾਲ ਵਿਚ ਪ੍ਰਕਾਸ਼ਿਤ ਹੋਈ ਇਕ ਹੋਰ ਕਾਵਿ ਪੁਸਤਕ (ਸੰਤ ਖਾਲਸਾ) ਜੋ ਸਾਧਾਰਨ ਪੱਧਰ ਦੇ ਬੈਂਤਾਂ ਵਿਚ ਰਚੀ ਗਈ ਹੈ, ਸੰਤ ਹਰਨਾਮ ਸਿੰਘ, ਨਿਵਾਸੀ ਪਿੰਡ ਬਗਲੀ, ਜ਼ਿਲਾ ਲੁਧਿਆਣਾ ਦੀ ਰਚਨਾ ਹੈ। ਇਹ ਕਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਿਕਟਵਰਤੀ ਸਿੱਖ ਬਾਬਾ ਸੁੱਧ ਸਿੰਘ ਜੋ ਨਾਮਧਾਰੀ ਗੁਰੂ ਇਤਿਹਾਸ ਬਾਰੇ ਨੇੜੇ ਦੀ ਜਾਣਕਾਰੀ ਰੱਖਦਾ ਸੀ, ਦਾ ਪੁੱਤਰ ਹੈ। ਇਸ ਰਚਨਾ ਵਿਚ ਪ੍ਰਚਲਿਤ ਦੰਤ ਕਥਾਵਾਂ ਅਤੇ ਮਿੱਥਾਂ ਦਾ ਵੀ

Sri Satguru Jagjit Singh Ji Elibrary NamdhariElibrary@gmail.com

ਪ੍ਰਯੋਗ ਕੀਤਾ ਗਿਆ ਹੈ ਪਰ ਇਸ ਦੇ ਬਾਵਜੂਦ ਇਹ ਰਚਨਾ ਲਗਭਗ ਪੌਣੀ ਸਦੀ ਦੇ ਨਾਮਧਾਰੀ ਇਤਿਹਾਸ ਨੂੰ ਪੂਰੀ ਤਰ੍ਹਾਂ ਰੇਖਾ ਅੰਕਿਤ ਕਰ ਜਾਂਦੀ ਹੈ:

*ਸਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ*
*ਤੇਰਾ ਨਾਮ ਲੈ ਕਲਮ ਉਠਾਂਵਦਾ ਹਾਂ*
*ਤੇਰੇ ਪੰਥ ਪਿਆਰੇ ਦਾ ਹਾਲ ਦੂਲੋ*
*ਛੰਦਾ ਬੰਦੀ ਦੇ ਵਿਚ ਬਤਾਂਵਦਾ ਹਾਂ*
*ਅਪਨੇ ਕਾਜ ਤੂੰ ਆਪ ਹੀ ਸਿਰੇ ਚਾਹੜੀਂ*
*ਜਸ ਆਪਦਾ ਹੀ ਦੂਲੋ ਗਾਂਵਦਾ ਹਾਂ*
*ਤਾਕਤ ਲਿਖਣ ਦੀ ਬਖਸ਼ ਹਰਨਾਮ ਸਿੰਘ ਨੂੰ*
*ਤੇਰੇ ਚਰਨਾਂ ਤੇ ਸੀਸ ਝੁਕਾਂਵਦਾ ਹਾਂ।*

**ਇਸ ਕਾਲ ਦੇ ਇਤਿਹਾਸਕ ਲੇਖਕ** : ਸੰਤ ਨਿਧਾਨ ਸਿੰਘ ਆਲਿਮ ਨੇ 'ਜੁੱਗ ਪਲਟਾਊ ਸਤਿਗੁਰੂ' ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਨੇ 'ਨਾਮਧਾਰੀ ਇਤਿਹਾਸ ਭਾਗ ਪਹਿਲਾ' (ਜੀਵਨ ਬਿਰਤਾਂਤ ਸਤਿਗੁਰੂ ਬਾਲਕ ਸਿੰਘ) ਲਿਖ ਕੇ ਨਾਮਧਾਰੀ ਇਤਿਹਾਸ ਲਿਖਣ ਦੀ ਜੋ ਪਹਿਲ ਕੀਤੀ ਸੀ, ਉਸੇ ਬਾਰੇ ਹੀ ਅੱਗੇ ਸਰਦਾਰ ਨਾਹਰ ਸਿੰਘ ਗਰੇਵਾਲ ਅਤੇ ਸ੍ਰੀ ਅਮਰ ਭਾਰਤੀ ਨੇ ਇਸ ਲੜੀ ਨੂੰ ਅੱਗੇ ਤੋਰਿਆ ਹੈ। ਅਮਰ ਭਾਰਤੀ ਦੀ ਪੁਸਤਕ 'ਸਿੱਖ ਇਤਿਹਾਸ ਤੇ ਕੂਕੇ' ਹੈ, ਜਿਸ ਵਿਚ ਇਸ ਵਿਦਵਾਨ ਤੇ ਇਤਿਹਾਸ ਖੋਜੀ ਲੇਖਕ ਨੇ ਇਤਿਹਾਸ ਸੰਬੰਧੀ ਵਿਗਿਆਨਕ ਤੇ ਬਾਹਰਮੁਖੀ ਪਹੁੰਚ ਨੂੰ ਸਨਮੁਖ ਰੱਖ ਕੇ ਕੁਝ ਉਨ੍ਹਾਂ ਭਰਾਂਤੀਆਂ ਦਾ ਖੰਡਨ ਕੀਤਾ ਹੈ, ਜੋ ਨਾਮਧਾਰੀ ਇਤਿਹਾਸ ਦੇ ਉੱਜਲੇ ਪੱਖ ਨੂੰ ਵੀ ਸੰਕੀਰਨਤਾ ਪੂਰਬਕ ਸੌੜ ਦ੍ਰਿਸ਼ਟੀ ਤੋਂ ਵਾਚਦੇ ਰਹੇ ਹਨ।

ਇਸ ਕਾਲ ਦੇ ਪ੍ਰਮੁੱਖ ਇਤਿਹਾਸ ਲੇਖਕ ਨਾਮਧਾਰੀ ਇਤਿਹਾਸ (ਪਹਿਲਾ ਭਾਗ) ਦੇ ਕਰਤਾ ਸਰਦਾਰ ਨਾਹਰ ਸਿੰਘ ਹਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਨਾਮਧਾਰੀ ਇਤਿਹਾਸ ਦੇ ਪਹਿਲੇ ਭਾਗ ਜੋ 1857 ਅਰਥਾਤ ਸੰਤ ਖਾਲਸਾ ਦੇ ਜਨਮ ਕਾਲ ਤੋਂ ਲੈ ਕੇ 1872 ਦੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ, ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੇ ਬਰਮਾ ਵਿਚ ਬੰਦੀਵਾਨ ਕੀਤੇ ਜਾਣ ਤਕ ਸੰਬੰਧਿਤ ਹੈ ਪਰ ਨਾਮਧਾਰੀ ਸਤਿਗੁਰੂ ਰਾਮ ਸਿੰਘ ਤੋਂ ਪੂਰਬਲੇ ਸਮਾਚਾਰਾਂ ਨੂੰ ਵੀ ਇਤਿਹਾਸਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤਕ ਦੇ ਧਾਰਮਿਕ ਤੇ ਰਾਜਨੀਤਕ ਪੱਖਾਂ ਉਤੇ ਬੜੀ ਖੋਜ ਭਰਪੂਰ ਪੜਤਾਲ ਕੀਤੀ ਹੈ। 1872 ਤਕ ਦੇ ਇਤਿਹਾਸਕ ਸਮਾਚਾਰਾਂ ਨੂੰ ਪੂਰੀ ਛਾਣਬੀਨ ਪਿਛੋਂ ਕਲਮਬੰਦ ਕੀਤਾ ਹੈ। ਆਪ ਜੀ ਦੀ ਇਕ ਵੱਡੀ ਦੇਣ ਸਰਕਾਰੀ ਮਿਸਲਾਂ ਵਿਚ ਅੰਕਿਤ ਇਤਿਹਾਸਕ ਦਸਤਾਵੇਜ਼ਾਂ ਦਾ ਪ੍ਰਕਾਸ਼ਨ ਹੈ ਜੋ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਛਪੇ ਹਨ।

ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ ਕਾਲ ਵਿਚ ਜੋ ਲਗਭਗ ਸਾਰਾ ਹੀ ਸੰਘਰਸ਼ਮਈ ਦਸ਼ਾ ਅਤੇ ਵਿਦੇਸ਼ੀ ਸਰਕਾਰ ਨਾਲ ਪੂਰਨ ਅਸਹਿਯੋਗ ਦਾ ਕਾਲ ਹੈ, ਵਿਚ ਭਾਵੇਂ ਨਾਮਧਾਰੀ ਮਤ ਦੇ ਇਤਿਹਾਸ ਵਿਚ ਅਨੇਕ ਅਜਿਹੇ ਸ਼ਾਨਦਾਰ ਕਾਰਨਾਮੇ

ਸਿਰੇ ਚਾੜ੍ਹੇ ਗਏ ਪਰ ਇਨ੍ਹਾਂ ਨੂੰ ਨਿਯਮਤ ਰੂਪ ਵਿਚ ਆਧੁਨਿਕ ਦ੍ਰਿਸ਼ਟੀ ਤੋਂ ਵਾਚਣ ਤੇ ਵਿਗਿਆਨਕ ਲੀਹਾਂ ਉਤੇ ਰਚਨ ਦਾ ਸਿਹਰਾ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਾਲ ਨੂੰ ਹੀ ਪ੍ਰਾਪਤ ਹੈ।

**ਨਾਮਧਾਰੀ ਸਾਹਿਤ ਦਾ ਤੀਜਾ ਦੌਰ (1959 ਤੋਂ ਹੁਣ ਤਕ)**

ਨਾਮਧਾਰੀ ਸਾਹਿਤ ਦਾ ਤੀਜਾ ਕਾਲ ਵਰਤਮਾਨ ਸਤਿਗੁਰੂ ਜੀ ਦੇ ਗੁਰੂ ਪੱਦ ਨੂੰ ਸੰਭਾਲਣ ਨਾਲ ਸ਼ੁਰੂ ਹੁੰਦਾ ਹੈ ਅਤੇ ਇਸ ਵਿਚ ਨਾਮਧਾਰੀ ਸਾਹਿਤ ਅਤੇ ਪੱਤਰਕਾਰਤਾ ਦਾ ਚਹੁੰਮੁਖੀ ਵਿਕਾਸ ਹੋਇਆ ਹੈ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ, ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 1959 ਈਸਵੀ ਵਿਚ ਜੋਤੀ ਜੋਤ ਸਮਾਉਣ ਪਿਛੋਂ ਗੁਰਗੱਦੀ ਤੇ ਬਿਰਾਜਮਾਨ ਹੋਏ ਅਤੇ ਪਿਛਲੇ ਚਾਲੀ ਸਾਲਾਂ ਵਿਚ ਉਨ੍ਹਾਂ ਨੇ ਸੰਗੀਤ ਕਲਾ, ਸਾਹਿਤ ਦੀ ਸੰਭਾਲ, ਸੁਰੱਖਿਆ ਅਤੇ ਸਰਪ੍ਰਸਤੀ ਦੇ ਖੇਤਰ ਵਿਚ ਇਤਨਾ ਵੱਡਾ ਯੋਗਦਾਨ ਪਾਇਆ ਹੈ ਕਿ ਇਹ ਸਭ ਕੁਝ ਉਨ੍ਹਾਂ ਦੀ ਦੂਰ ਦਰਸ਼ਤਾ ਅਤੇ ਪ੍ਰਮਾਣ ਵਜੋਂ ਅਦੁੱਤੀ ਕੀਰਤੀਮਾਨ ਨੂੰ ਸਥਾਪਤ ਕਰਨ ਅਤੇ ਵਿਸ਼ੇਸ਼ ਕਰਕੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਸਮੇਂ ਵਿਚ ਰਚੇ ਗਏ ਸਾਹਿਤ ਨੂੰ ਸੰਭਾਲਣ ਤੇ ਉਸ ਦੇ ਸੁੰਦਰ ਨਵ-ਪ੍ਰਕਾਸ਼ਨ ਨਾਲ ਸੰਬੰਧ ਰੱਖਦਾ ਹੈ। ਉਨ੍ਹਾਂ ਦੇ ਕਾਲ ਵਿਚ ਨਾਮਧਾਰੀ ਸਾਹਿਤ ਨਾਲ ਸੰਬੰਧਿਤ ਜੋ ਰਚਨਾਵਾਂ ਪ੍ਰਕਾਸ਼ਿਤ ਹੋਈਆਂ ਹਨ ਅਤੇ ਜਿੰਨੇ ਪ੍ਰਮੁੱਖ ਸਾਹਿਤਕਾਰ ਉਨ੍ਹਾਂ ਦੇ ਪਾਵਨ ਤੇ ਪ੍ਰੇਰਨਾਸ਼ੀਲ ਵਿਅਕਤਿਤਵ ਤੋਂ ਪ੍ਰਭਾਵਿਤ ਹੋ ਕੇ ਸਾਹਿਤਕ ਖੇਤਰ ਵਿਚ ਸਿਰਜਨਾ ਕਰਦੇ ਰਹੇ ਹਨ, ਉਨ੍ਹਾਂ ਦਾ ਵੀ ਨਾ ਕੇਵਲ ਇਕ ਮਹੱਤਵਪੂਰਨ ਸੰਗ੍ਰਹਿ ਹੋਂਦ ਵਿਚ ਆਇਆ ਹੈ, ਸਗੋਂ ਇਸ ਦੌਰ ਵਿਚ ਰਚੇ ਗਏ ਸਾਹਿਤ ਦੇ ਸਾਰਥਕ ਲਖਸ਼ਾਂ ਤੇ ਉਦੇਸ਼ਾਂ ਨੇ ਨਾਮਧਾਰੀ ਸਾਹਿਤ ਦੇ ਸਮੁੱਚੇ ਖੇਤਰ ਨੂੰ ਪ੍ਰਮਾਣਿਕ ਰੂਪ ਵਿਚ ਉਜਾਗਰ ਕਰਕੇ ਇਸ ਦੇ ਗੌਰਵ ਨੂੰ ਸਰਬ ਸਮਿਆਂ ਲਈ ਸੁਨਿਸ਼ਚਿਤ ਕਰ ਦਿੱਤਾ ਹੈ।

ਇਨ੍ਹਾਂ ਤੋਂ ਬਿਨਾਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਕਾਲ ਵਿਚ ਰਚੇ ਗਏ ਇਤਿਹਾਸਕ ਬਾਰਾਂਮਾਹ, ਸੰਤ ਧਿਆਨ ਸਿੰਘ ਕਾਦਰਾਬਾਦੀ ਦਾ 'ਸ੍ਰੀ ਸਤਿਗੁਰੂ ਬਿਲਾਸ' ਅਤੇ ਗਿਆਨੀ ਗਿਆਨ ਸਿੰਘ ਰਚਿਤ 'ਕਬਿੱਤ' ਵਰਤਮਾਨ ਸਤਿਗੁਰੂ ਜੀ ਦੀ ਸਰਪ੍ਰਸਤੀ ਵਿਚ ਹੀ ਹੱਥ ਲਿਖਤਾਂ ਤੋਂ ਪਹਿਲੀ ਵਾਰ ਪ੍ਰਕਾਸ਼ਿਤ ਹੋਏ ਹਨ।

ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਇਨ੍ਹਾਂ ਉਪਰੋਕਤ ਗ੍ਰੰਥਾਂ ਨੂੰ ਮੁੱਖ ਰੱਖ ਕੇ ਹੀ ਵਿਦੇਸ਼ਾਂ ਵਿਚ ਪ੍ਰਵਚਨ ਤੇ ਉਪਦੇਸ਼ ਕਰਦੇ ਰਹੇ ਹਨ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੂਰਦ੍ਰਿਸ਼ਟੀ ਨੇ ਇਨ੍ਹਾਂ ਪ੍ਰਵਚਨਾਂ ਨੂੰ ਹੁਣ ਸੁੰਦਰ ਸਰੂਪ ਵਿਚ ਪ੍ਰਕਾਸ਼ਿਤ ਕਰਵਾ ਦਿੱਤਾ ਹੈ, ਜਿਨ੍ਹਾਂ ਦੀਆਂ ਦੋ ਜਿਲਦਾਂ ਛਪ ਚੁੱਕੀਆਂ ਹਨ ਅਤੇ ਬਾਕੀ ਦੀਆਂ ਛਪਾਈ ਅਧੀਨ ਹਨ। ਇਨ੍ਹਾਂ ਪੁਸਤਕਾਂ ਦੇ ਨਾਂ 'ਲਾਲ ਏਹਿ ਰਤਨ' ਹਨ ਅਤੇ ਇਨ੍ਹਾਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਸਮਾਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਮੋਲਕ ਵਿਚਾਰਾਂ, ਪ੍ਰਵਚਨਾਂ ਤੇ ਉਪਦੇਸ਼ਾਂ ਨੂੰ ਸੰਕਲਿਤ ਕੀਤਾ ਗਿਆ ਹੈ। ਇਨ੍ਹਾਂ ਦੇ ਭਾਸ਼ਣੀ ਸਰੂਪ ਨੂੰ ਸਾਹਿਤਕ ਰੂਪ ਦੇਣ ਵਿਚ ਪ੍ਰਿੰਸੀਪਲ ਬੇਅੰਤ ਕੌਰ ਦਾ ਵੱਡਾ ਯੋਗਦਾਨ ਹੈ। ਇਹ ਰਚਨਾਵਾਂ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ

Sri Satguru Jagjit Singh Ji Elibrary NamdhariElibrary@gmail.com

ਅਧਿਆਤਮਕ, ਵਿਸ਼ਵ ਵਿਆਪੀ, ਮਾਨਵੀ ਤੇ ਉਦਾਰਤਾ ਪੂਰਵਕ ਦ੍ਰਿਸ਼ਟੀਕੋਣ ਅਤੇ ਸਰਬ ਮਨੁੱਖਤਾ ਲਈ ਕਲਿਆਣਕਾਰੀ ਸੰਦੇਸ਼ ਦਾ ਬੋਧ ਕਰਵਾਉਂਦੀਆਂ ਹਨ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਸ਼ਾਲ ਮਾਨਵੀ ਹਿਰਦਾ ਕਿਸ ਤਰ੍ਹਾਂ ਸਰਬ ਮਨੁੱਖਤਾ ਦੇ ਪ੍ਰੇਮ ਤੇ ਉਸ ਨੂੰ ਉਤਸ਼ਾਹਿਤ ਕਰਕੇ ਨਵੇਂ ਸਮਾਜਕ ਸੰਦਰਭਾਂ ਵਿਚ ਅਦੁੱਤੀ ਜੀਵਨ ਜੁਗਤੀ ਦਾ ਮਾਰਗ ਦਰਸ਼ਕ ਸੀ। ਇਸ ਤੋਂ ਬਿਨਾਂ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਸ਼ਾਲ ਗਿਆਨ ਤੇ ਅਦੁੱਤੀ ਸੁਭਾਸ਼ਣੀ ਸ਼ਕਤੀ ਦਾ ਅਨੁਮਾਨ ਵੀ ਸਹਿਜੇ ਹੀ ਇਨ੍ਹਾਂ ਪ੍ਰਵਚਨਾਂ ਨੂੰ ਸੁਣ-ਪੜ੍ਹ ਕੇ ਲਾਇਆ ਜਾ ਸਕਦਾ ਹੈ।

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੀਵਾਨ ਬੂਟਾ ਸਿੰਘ ਦੇ ਛਾਪੇਖਾਨੇ ਤੋਂ ਪੱਥਰ ਦੇ ਛਾਪੇ ਵਿਚ ਆਦਿ ਗ੍ਰੰਥ ਨੂੰ ਛਪਵਾਇਆ ਸੀ ਕਿਉਂ ਜੋ ਇਨ੍ਹਾਂ ਸ੍ਰੀ ਆਦਿ ਗ੍ਰੰਥ ਦੇ ਸ਼ੁੱਧ ਪਾਠਾਂ ਦੀ ਪਰੰਪਰਾ ਗੁਰਮਤਿ ਦੀ ਸਾਹਿਤਕ ਪਰੰਪਰਾ ਵਿਚ ਪ੍ਰਮੁੱਖ ਸਥਾਨ ਰੱਖਦੀ ਹੈ। ਗੁਰਬਾਣੀ ਦੀ ਵਿਆਖਿਆ ਅਤੇ ਟੀਕਾਦਾਰੀ ਦੀਆਂ ਕਈ ਪੱਧਤੀਆਂ ਅਥਵਾ ਸੰਪਰਦਾਵਾਂ ਮੱਧਕਾਲ ਵਿਚ ਹੋਂਦ ਵਿਚ ਆਈਆਂ। ਇਨ੍ਹਾਂ ਵਿਚੋਂ ਹੀ ਉਦਾਸੀ ਸੰਪਰਦਾਇ ਦਾ ਨਾਮ ਲਿਆ ਜਾ ਸਕਦਾ ਹੈ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਹਰਨਾਮ ਦਾਸ ਉਦਾਸੀ ਦੁਆਰਾ ਰਚੇ ਗਏ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੇ ਟੀਕਿਆਂ ਨੂੰ ਵੱਡੀ ਰਕਮ ਭੇਟ ਕਰਕੇ ਪ੍ਰਾਪਤ ਕਰ ਲਿਆ ਸੀ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਟੀਕੇ ਵਿਚ ਕਈ ਸਿੱਧਾਂਤਕ ਉਕਾਈਆਂ ਹਨ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਈ ਹੋਰ ਵਿਦਵਾਨਾਂ ਮਾਸਟਰ ਨਿਹਾਲ ਸਿੰਘ, ਪੰਡਤ ਗੋਪਾਲ ਸਿੰਘ, ਸੰਤ ਤਰਸੇਮ ਸਿੰਘ, ਮਹਿੰਦਰ ਸਿੰਘ ਪੂਰਬਾ ਅਤੇ ਸ੍ਰੀ ਪ੍ਰੀਤਮ ਸਿੰਘ ਕਵੀ ਦੇ ਸਹਿਯੋਗ ਨਾਲ ਇਸ ਟੀਕੇ ਦੀ ਆਪਣੀ ਨਿਗਰਾਨੀ ਵਿਚ ਸੋਧ ਕਰਵਾਈ ਹੈ ਅਤੇ ਲਗਾਤਾਰ ਆਪ ਜੀ ਨੇ ਇਸ ਬੰਨੇ ਕਈ-ਕਈ ਘੰਟੇ ਰੋਜ਼ਾਨਾ ਸਮਾਂ ਦਿੱਤਾ ਹੈ।

**ਜਨਮਸਾਖੀ ਸਾਹਿਤ ਦੀ ਕਾਇਆ ਕਲਪ** : ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸਿੱਖ ਸਾਹਿਤ ਦੇ ਪਰੰਪਰਾਗਤ ਰੂਪ, ਜਨਮਸਾਖੀ ਦੇ ਰੂਪ ਵਿਚ ਵੀ ਕਾਫ਼ੀ ਕੁਝ ਨਵਾਂ ਵਾਧਾ ਹੋਇਆ ਹੈ। ਇਸ ਸੰਬੰਧ ਵਿਚ ਸੰਤ ਤਰਨ ਸਿੰਘ ਵਹਿਮੀ ਜੀ ਦਾ ਯੋਗਦਾਨ ਬੜਾ ਵੱਡਮੁੱਲਾ ਹੈ। ਇਸ ਇਤਿਹਾਸਕਾਰ ਅਤੇ ਨਾਮਧਾਰੀ ਲੇਖਕ ਨੇ 'ਜੱਸ ਜੀਵਨ' ਛੇ ਭਾਗਾਂ ਦੀ ਰਚਨਾ ਕਰਕੇ ਨਾਮਧਾਰੀ ਗੁਰੂ ਇਤਿਹਾਸ ਅਤੇ ਵਿਸ਼ੇਸ਼ ਕਰਕੇ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਨੂੰ ਸਾਲਾਂ ਦੇ ਕ੍ਰਮ ਅਨੁਸਾਰ ਵੇਰਵੇ ਸਹਿਤ ਆਪਣੀ ਕਲਮੀ ਘਾਲਣਾ ਦੁਆਰਾ ਅੰਕਿਤ ਕਰ ਦਿੱਤਾ ਹੈ। 'ਜੱਸ ਜੀਵਨ' ਜਿੱਥੇ ਨਾਮਧਾਰੀ ਸੰਪਰਦਾਇ ਅਤੇ ਵਿਸ਼ੇਸ਼ ਕਰਕੇ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਨੂੰ ਸੁਰੱਖਿਅਤ ਰੱਖਣ ਦਾ ਸਫ਼ਲ ਯਤਨ ਸੀ, ਉਥੇ ਤਰਨ ਸਿੰਘ ਵਹਿਮੀ ਦੀ ਵਾਰਤਕ ਵਿਚ ਸਰਲਤਾ, ਸਪੱਸ਼ਟਤਾ, ਸਰਸਤਾ ਅਤੇ ਸ਼ਰਧਾ ਗੁੰਧੀ ਮਧੁਰ ਭਾਵਨਾਯੁਕਤ ਗੱਦ ਸ਼ੈਲੀ ਦੇ ਉੱਤਮ ਉਦਾਹਰਣ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ।

ਤਰਨ ਸਿੰਘ ਵਹਿਮੀ ਦੀ ਸਾਹਿਤਕ ਘਾਲਣਾ ਬਾਰੇ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਾਲ ਵਿਚ ਪਹਿਲਾਂ ਹੀ ਚਰਚਾ ਕੀਤੀ ਜਾ ਚੁੱਕੀ ਹੈ ਪਰ ਜਨਮਸਾਖੀਆਂ

ਦੀ ਵਿਧਾ ਵਿਚ ਨਵੇਂ ਪਰਿਵਰਤਨ ਲਿਆਉਣ ਤੇ ਕਈ ਪੱਖਾਂ ਤੋਂ ਵਾਧਾ ਕਰਨ ਵਿਚ ਸੰਤ ਤਰਨ ਸਿੰਘ ਵਹਿਮੀ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਜਨਮਸਾਖੀ ਪਰੰਪਰਾ ਵਿਚ ਹੀ ਮਾਸਟਰ ਨਿਹਾਲ ਸਿੰਘ (1907) ਦਾ ਯੋਗਦਾਨ ਵੀ ਮਹੱਤਵਪੂਰਨ ਹੈ। ਉਹ ਸਾਖੀ ਪਰੰਪਰਾ ਵਿਚ ਭਾਈ ਵੀਰ ਸਿੰਘ ਤੋਂ ਬਹੁਤ ਪ੍ਰਭਾਵਿਤ ਹੋਇਆ ਹੈ। ਉਸ ਦੇ ਲਿਖਣ ਢੰਗ ਵਿਚ ਤੀਖਣ ਭਾਵੁਕਤਾ ਤੇ ਸ਼ਰਧਾ ਯੁਕਤ ਭਾਵਨਾ ਵਿਦਮਾਨ ਹੈ ਪਰ ਅੱਖੀਂ ਡਿੱਠੇ ਸਮਾਚਾਰ ਤੇ ਨਿਕਟ ਵਰਤੀਆਂ ਤੋਂ ਸੁਣੇ ਬਿਰਤਾਂਤ ਉਸ ਦੀ ਰਚਨਾ ਦੇ ਪ੍ਰਮੁੱਖ ਅੰਗ ਬਣੇ ਹਨ। ਇਸ ਲਈ ਯਥਾਰਥਮੁਖਤਾ ਮਾਸਟਰ ਨਿਹਾਲ ਸਿੰਘ ਦੀਆਂ ਰਚਨਾਵਾਂ ਦਾ ਵਿਸ਼ੇਸ਼ ਗੁਣ ਹੈ। ਤਰਨ ਸਿੰਘ ਵਹਿਮੀ ਜੀ ਦੀ ਤੁਲਨਾ ਵਿਚ ਉਸ ਦੀ ਵਾਰਤਕ ਵਧੇਰੇ ਸਾਹਿਤਕ ਗੁਣਾਂ ਵਾਲੀ ਹੈ। 'ਰੰਗੀ ਪ੍ਰੀਤਮ' (ਛੇ ਭਾਗ) 'ਬੇਅੰਤ ਲੀਲਾ' (ਤਿੰਨ ਭਾਗ) ਉਸ ਦੀਆਂ ਵਿਸ਼ੇਸ਼ ਰਚਨਾਵਾਂ ਹਨ, ਜਿਨ੍ਹਾਂ ਵਿਚ ਉਸ ਨੇ ਆਪਣੇ ਇਸ਼ਟ ਨਾਇਕਾਂ ਨਾਲ ਸੰਬੰਧਿਤ ਬਿਰਤਾਂਤਾਂ ਅਰਥਾਤ ਸਾਖੀਆਂ ਨੂੰ ਇਕ ਸਾਖੀਕਾਰ ਦੀ ਹੈਸੀਅਤ ਵਿਚ ਕਾਨੀਬੰਦ ਕਰਨ ਦਾ ਯਤਨ ਕੀਤਾ ਹੈ। 'ਕੂਕਿਆਂ ਦਾ ਪੰਥ ਨਿਰਾਲਾ', 'ਅਲੌਕਿਕ ਦਰਸ਼ਨ', 'ਰਤਨਮਾਲਾ', 'ਬਾਈਕਾਟ', 'ਸਤਿਗੁਰੂ ਸਾਖੀਆਂ', 'ਚਮਤਕਾਰੇ', 'ਮੌਜੀ ਠਾਕਰ', 'ਮਾਤਾਵਾਂ' ਅਤੇ 'ਦਾਨੇ ਤੇ ਮਸਤਾਨੇ' ਆਦਿ ਮਾਸਟਰ ਜੀ ਦੀਆਂ ਹੋਰ ਵਰਣਨਯੋਗ ਰਚਨਾਵਾਂ ਹਨ।

ਪ੍ਰਿੰਸੀਪਲ ਅਜੀਤ ਸਿੰਘ ਚੀਮਾ ਨੇ ਵੀ ਨਾਮਧਾਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੀਵਨ ਸਮਾਚਾਰਾਂ ਉਤੇ ਆਧਾਰਿਤ ਤੱਥਗਤ ਰਚਨਾ ਮੂਲ ਸਰੋਤਾਂ ਦੀ ਖੋਜ ਕਰਕੇ 1999 ਈਸਵੀ ਵਿਚ ਛਾਪੀ ਹੈ ਪਰ ਜਨਮਸਾਖੀ ਪਰੰਪਰਾ ਦੇ ਵਿਸਥਾਰ ਵਿਚ ਜੋ ਸ੍ਰੀ ਪ੍ਰੀਤਮ ਸਿੰਘ ਕਵੀ ਦਾ ਯੋਗਦਾਨ ਹੈ, ਉਸ ਨਾਲ ਤਾਂ ਗੁਰਮਤਿ ਸਾਹਿਤ ਦੀ ਜਨਮਸਾਖੀ ਪਰੰਪਰਾ ਦੀ ਕਾਇਆ ਕਲਪ ਹੀ ਹੋ ਗਈ ਹੈ, ਜੋ 'ਬੀਤੇ ਦੀਆਂ ਪੈੜਾਂ' ਜਿਸ ਦੇ ਦਸ ਭਾਗ ਹੁਣ ਤਕ ਪ੍ਰਕਾਸ਼ਿਤ ਹੋ ਚੁੱਕੇ ਹਨ, ਦੇ ਸਾਧਾਰਨ ਪਾਠ ਤੋਂ ਪ੍ਰਗਟ ਹੋ ਜਾਂਦਾ ਹੈ। ਇਹ ਰਚਨਾਵਾਂ ਯਥਾਰਥਮੁਖੀ ਹਨ ਅਤੇ ਇਨ੍ਹਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਵਿਅਕਤਿਤਵ ਨੂੰ ਨਿਕਟਵਰਤੀ ਤੇ ਇਸ ਦੇ ਸੁੰਦਰ ਮਾਨਵੀ ਸਰੂਪ ਵਿਚ ਪੇਸ਼ ਕੀਤਾ ਗਿਆ ਹੈ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਿੱਤ ਦੇ ਜੀਵਨ ਦੇ ਸਾਧਾਰਨ ਨਿੱਕੇ ਨਿੱਕੇ ਵੇਰਵੇ ਤੇ ਮੇਲ ਮੁਲਾਕਾਤਾਂ ਦੇ ਵਿਸਥਾਰ, ਸਿੱਖ-ਸੰਗਤਾਂ ਦੀ ਉਨ੍ਹਾਂ ਪ੍ਰਤੀ ਸ਼ਰਧਾ ਭਾਵਨਾ ਅਤੇ ਸ੍ਰੀ ਸਤਿਗੁਰੂ ਜੀ ਦੀ ਉਦਾਰਤਾ, ਦੂਰਦਰਸ਼ਤਾ ਤੇ ਜੀਵਨ ਦੇ ਯਥਾਰਥ ਸੰਬੰਧੀ ਬਹੁਪੱਖੀ ਪਹੁੰਚ ਦਾ ਪੂਰਨ-ਬੋਧ ਹੋ ਜਾਂਦਾ ਹੈ। ਇਹ ਸਾਖੀ ਬਿਰਤਾਂਤ ਵੀ ਹਨ, ਰੋਜ਼ਨਾਮਚੇ ਵੀ ਅਤੇ ਸਤਿਗੁਰੂ ਜੀ ਦੇ ਪ੍ਰਵਚਨ ਤੇ ਉਪਦੇਸ਼ ਵੀ। ਕਈ ਥਾਵਾਂ ਤੇ ਤਾਂ ਇਹ ਰਚਨਾ ਸਫ਼ਰਨਾਮੇ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ ਅਤੇ ਨਾਮਧਾਰੀ ਸਮਾਜ ਤੇ ਸਤਿਗੁਰੂ ਜੀ ਦੇ ਜੀਵਨ ਦੇ ਬਹੁਮੁਖੀ ਸਮਾਜਕ ਪੱਖਾਂ ਨੂੰ ਵੀ ਉਜਾਗਰ ਕਰਦੀ ਹੈ। ਬੀਤੇ ਦੀਆਂ ਪੈੜਾਂ ਦੇ ਛੇਵੇਂ ਭਾਗ ਵਿਚ ਕਵੀ ਜੀ ਇਕ ਸਫ਼ਰਨਾਮਾ ਲੇਖਕ ਦੇ ਤੌਰ ਤੇ ਵੀ ਉਜਾਗਰ ਹੋਏ ਹਨ, ਇਸੇ ਭਾਗ ਵਿਚ ਥਾਈਲੈਂਡ ਵਿਚ ਹੋਏ ਵਿਸ਼ਵ ਧਰਮ ਸੰਮੇਲਨ ਦਾ ਵਰਣਨ ਕੀਤਾ ਗਿਆ ਹੈ, ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ

Sri Satguru Jagjit Singh Ji Elibrary NamdhariElibrary@gmail com

ਪ੍ਰਮੁੱਖ ਮਹਿਮਾਨ ਸਨ, ਇਸ ਦਾ ਬਿਆਨ ਕਰਨ ਵਿਚ ਕਵੀ ਜੀ ਦੀ ਗੱਦ ਸ਼ੈਲੀ ਨੂੰ ਸਿਖਰਾਂ ਉਤੇ ਨਿਗਰੀ ਹੋਈ ਪਕੇਰੀ ਤੇ ਮਿੱਠੇ ਫਲ ਵਰਗੀ ਰਸਿਕ ਤੇ ਰੌਚਿਕਤਾ ਤੇ ਉਤਮ ਗੁਣਾਂ ਨਾਲ ਭਰਪੂਰ ਵੇਖਿਆ ਜਾ ਸਕਦਾ ਹੈ।

ਕਵੀ ਜੀ ਦੀਆਂ ਕੁਝ ਹੋਰ ਪੁਸਤਕਾਂ ਜਿਵੇਂ 'ਸ੍ਰੀ ਜੀਵਨ ਨਗਰ', 'ਸ੍ਰੀ ਭੈਣੀ ਸਾਹਿਬ' ਅਤੇ 'ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਇਕ ਪਰਿਵਰਤਨ' ਆਦਿ ਵੀ ਵਿਸ਼ੇਸ਼ ਧਿਆਨ ਮੰਗਦੀਆਂ ਹਨ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਉਨ੍ਹਾਂ ਦਾ ਦ੍ਰਿਸ਼ਟੀਕੋਣ ਪੂਰਨ ਤੌਰ ਤੇ ਯਥਾਰਥਵਾਦੀ, ਬਾਹਰਮੁਖੀ ਤੇ ਤਰਕਸ਼ੀਲ ਹੈ, ਭਾਵੇਂ ਸ਼ਰਧਾ ਦਾ ਰੰਗ ਵੀ ਬੜਾ ਵਿਆਪਕ ਹੈ। ਕਵੀ ਜੀ ਜਿੱਥੇ ਬਹੁਪੱਖੀ ਜੀਵਨ ਦੀਆਂ ਘਟਨਾਵਾਂ ਨੂੰ ਆਪਣੀ ਪਕੜ ਵਿਚ ਲੈਣ ਦੇ ਨਿਪੁੰਨ ਮਾਹਿਰ ਹਨ, ਉਥੇ ਉਨ੍ਹਾਂ ਦੀ ਗੱਦ ਸ਼ੈਲੀ ਵਿਚ ਵੀ ਸਰਸਤਾ, ਵੰਨਗੀ ਤੇ ਕਲਾਤਮਕ ਜੁਗਤੀਆਂ ਦਾ ਸਹਿਜ ਪ੍ਰਯੋਗ ਕੀਤਾ ਗਿਆ ਮਿਲਦਾ ਹੈ।

ਨਾਮਧਾਰੀ ਜਗਤ ਦੀ ਇਕ ਹੋਰ ਸਾਹਿਤਕ ਵਿਭੂਤੀ ਸੂਬਾ ਸੁਰਿੰਦਰ ਕੌਰ ਖਰਲ ਹੈ, ਜਿਸ ਨੇ ਕਵਿਤਾ ਤੇ ਵਾਰਤਕ ਦੋਹਾਂ ਖੇਤਰਾਂ ਵਿਚ ਹੀ ਵਿਸ਼ੇਸ਼ ਯੋਗਦਾਨ ਪਾਇਆ ਹੈ। ਕਾਵਿ ਪੁਸਤਕ 'ਬਖਸ਼ਿਸ਼' ਵਿਚ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਨੂੰ ਇਸ਼ਟ ਦੇਵ ਸਰੂਪ ਵਿਚ ਅਰਾਧਯ ਅਤੇ ਪੂਜਨਯੋਗ ਅਖੁਟ ਪ੍ਰੇਰਨਾ ਸਰੋਤ ਦੇ ਰੂਪ ਵਿਚ ਸੰਬੋਧਿਤ ਕੀਤਾ ਗਿਆ ਹੈ। ਕਵਿਤਾ ਵਿਚ ਪ੍ਰੇਮ ਰੰਗ ਬੜਾ ਗੂੜ੍ਹਾ ਤੇ ਮਧੁਰ ਹੈ ਪਰ ਸੂਬਾ ਸੁਰਿੰਦਰ ਕੌਰ ਖਰਲ ਦੀ ਵੱਡੀ ਦੇਣ 'ਪ੍ਰਕਾਸ਼ ਪੁੰਜ' ਦੀ ਰਚਨਾ ਹੈ, ਜਿਸ ਵਿਚ ਵਰਤਮਾਨ ਸਤਿਗੁਰੂ ਜੀ ਦੇ ਜੀਵਨ ਦੇ ਅਨੇਕ ਪੱਖਾਂ, ਜੀਵਨ ਸਮਾਚਾਰਾਂ ਕੀਤੀਆਂ ਗਈਆਂ ਵਿਸ਼ੇਸ਼ ਸਾਧਨਾਵਾਂ, ਅਧਿਆਤਮਕ ਪ੍ਰਾਪਤੀਆਂ ਅਤੇ ਆਪ ਜੀ ਦੇ ਜੀਵਨ ਦੇ ਨਿੱਕੇ ਨਿੱਕੇ ਵੇਰਵਿਆਂ ਰਾਹੀਂ ਕਈ ਅਜਿਹੇ ਪੱਖਾਂ ਨੂੰ ਮੂਰਤੀਮਾਨ ਕੀਤਾ ਗਿਆ ਹੈ, ਜੋ ਆਮ ਪਾਠਕਾਂ ਲਈ ਅਗਿਆਤ ਸਨ। ਵਿਸ਼ੇਸ਼ਤਾ ਇਹ ਹੈ ਕਿ ਆਪ ਨੇ ਇਸ ਪੁਸਤਕ ਵਿਚ ਵਰਤੀ ਗਈ ਵਸਤੂ ਸਮੱਗਰੀ ਨੂੰ ਬੜੀ ਮਿਹਨਤ, ਖੋਜ ਅਤੇ ਵੱਖ ਵੱਖ ਸੋਮਿਆਂ ਤੋਂ ਇਕੱਤਰ ਕਰਕੇ ਇਸ ਰਚਨਾ ਵਿਚ ਇਸ ਤਰ੍ਹਾਂ ਸਮੋਇਆ ਹੈ ਕਿ ਸ੍ਰੀ ਸਤਿਗੁਰੂ ਜੀ ਦਾ ਉੱਜਲ ਵਿਅਕਤਿਤਵ ਸਚਮੁੱਚ ਹੀ 'ਪ੍ਰਕਾਸ਼ ਪੁੰਜ' ਦੇ ਰੂਪ ਵਿਚ ਮੂਰਤੀਮਾਨ ਹੋਇਆ ਹੈ।

ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਹੀ ਕਈ ਹੋਰ ਰਚਨਾਵਾਂ ਰਚੀਆਂ ਗਈਆਂ ਹਨ, ਜੋ ਸਿੱਧੇ ਅਤੇ ਅਸਿੱਧੇ ਰੂਪ ਵਿਚ ਨਾਮਧਾਰੀ ਇਤਿਹਾਸ, ਰਹਿਤ ਮਰਿਆਦਾ ਤੇ ਧਾਰਮਿਕ ਕਿਰਿਆਵਾਂ ਤੇ ਕਾਰਜਾਂ ਨਾਲ ਸੰਬੰਧਿਤ ਹਨ। ਸ੍ਰੀ ਕਰਮ ਸਿੰਘ ਪਟਵਾਰੀ ਰਚਿਤ 'ਗੁਰ ਇਤਿਹਾਸ ਜਾਣਕਾਰੀ' ਵਿਚ ਨਾਮਧਾਰੀ ਇਤਿਹਾਸ ਦਾ ਵੇਰਵੇ ਸਹਿਤ ਬਿਆਨ ਕੀਤਾ ਗਿਆ ਹੈ।

ਵਿਚਾਰ ਅਧੀਨ ਕਾਲ ਵਿਚ ਹੀ ਨਾਮਧਾਰੀ ਇਤਿਹਾਸ ਸੰਬੰਧੀ ਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੀਆਂ ਜੀਵਨੀਆਂ ਬਾਰੇ ਵਿਸ਼ੇਸ਼ ਪੁਸਤਕਾਂ ਰਚੀਆਂ ਗਈਆਂ ਹਨ, ਜਿਨ੍ਹਾਂ ਦੇ ਪ੍ਰਤੱਖ ਰੂਪ ਵਿਚ ਪ੍ਰੇਰਨਾ ਸਰੋਤ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਹਨ। ਡਾ ਜਸਵੰਤ ਸਿੰਘ ਜੱਸ ਦੀ 'ਬਾਬਾ ਰਾਮ ਸਿੰਘ ਨਾਮਧਾਰੀ', ਡਾ ਕਰਮ ਸਿੰਘ ਕਪੂਰ ਦੀ 'ਸਤਿਗੁਰੂ ਪ੍ਰਤਾਪ ਸਿੰਘ' ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਪੁਸਤਕ

'ਅਟੱਲ ਪ੍ਰਤਾਪੀ' ਤੇ ਤਾਰਾ ਸਿੰਘ ਅਨਜਾਣ ਦੀ 'ਸਭਹਨ ਕੇ ਸਿਰਮੌਰ' ਅਤੇ 'ਸਾਹਿਬ ਗੁਣੀ ਗਹੇਰਾ' ਪੁਸਤਕਾਂ ਵਿਸ਼ੇਸ਼ ਤੌਰ ਤੇ ਉਪਰੋਕਤ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਇਤਿਹਾਸਕ ਜੀਵਨ ਬਿਰਤਾਂਤ ਹਨ। 1872 ਈਸਵੀ ਵਿਚ ਮਲੇਰਕੋਟਲੇ ਦੇ ਇਤਿਹਾਸਕ ਸ਼ਹੀਦੀ ਸਾਕੇ ਅਤੇ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਿਤ ਵੀ ਕੁਝ ਵਿਸ਼ੇਸ਼ ਪੁਸਤਕਾਂ ਰਚੀਆਂ ਗਈਆਂ। ਇਨ੍ਹਾਂ ਵਿਚ ਬਿਸ਼ਨ ਸਿੰਘ ਇਤਿਹਾਸਕਾਰ ਦਾ 'ਮਲੇਰਕੋਟਲੇ ਦਾ ਸ਼ਹੀਦੀ ਸਾਕਾ' ਬੜੀ ਉੱਚ ਕੋਟੀ ਦੀ ਕਾਵਿ ਪੁਸਤਕ ਹੈ। 'ਸਤਿਜੁਗ ਦੇ ਵਿਸ਼ੇਸ਼ ਅੰਕ ਵੀ ਇਸ ਸਮੇਂ ਪ੍ਰਕਾਸ਼ਿਤ ਹੋਏ। ਇਸੇ ਤਰ੍ਹਾਂ 1990 ਈਸਵੀ ਵਿਚ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ਦੇ ਅਵਸਰ ਉੱਤੇ ਵੀ ਵਿਸ਼ੇਸ਼ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ, ਜੋ ਨਾਮਧਾਰੀ ਇਤਿਹਾਸ, ਰਹਿਤ ਮਰਿਆਦਾ ਅਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਵਿਅਕਤਿਤਵ ਦੇ ਗੌਰਵ ਤੇ ਮਹਾਨਤਾ ਨੂੰ ਦਰਸਾਉਂਦੀਆਂ ਹਨ। ਇਨ੍ਹਾਂ ਵਿਚ ਹੀ ਇਕ ਦਰਸ਼ਨੀ ਪੁਸਤਕ 'ਮਹਾਨੂਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ' ਪ੍ਰਕਾਸ਼ਿਤ ਹੋਈ ਹੈ, ਜਿਸ ਵਿਚ ਪੰਜਾਹ ਤੋਂ ਵੀ ਵਧੀਕੀ ਭਿੰਨ ਭਿੰਨ ਲੇਖਕਾਂ ਤੇ ਵਿਦਵਾਨਾਂ ਦੇ ਵਡਮੁੱਲੇ ਲੇਖ ਸੰਕਲਿਤ ਕੀਤੇ ਗਏ ਹਨ। ਇਸ ਪੁਸਤਕ ਦੇ ਸੰਪਾਦਕ ਪ੍ਰੀਤਮ ਸਿੰਘ ਆਰਸੀ ਹਨ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਖ ਰੇਖ ਵਿਚ ਹੀ 'ਨਾਮਧਾਰੀ ਇਤਿਹਾਸ' ਪੁਸਤਕ ਦੇ ਲੇਖਕ ਸਰਦਾਰ ਨਾਹਰ ਸਿੰਘ ਦੀ ਅਣਥੱਕ ਘਾਲਣਾ ਸਦਕਾ 'ਕੂਕਾ ਡਾਕੂਮੈਂਟਸ' ਛਪੇ ਹਨ। ਜਿਨ੍ਹਾਂ ਵਿਚ ਤਤਕਾਲਕ ਨਾਮਧਾਰੀ ਇਤਿਹਾਸ ਤੇ 'ਕੂਕਾ ਲਹਿਰ' ਸੰਬੰਧੀ ਅਛੂੱਤੀ ਦਸਤਾਵੇਜ਼ੀ ਜਾਣਕਾਰੀ ਦਿਤੀ ਗਈ ਹੈ। ਇਨ੍ਹਾਂ ਤੋਂ ਬਿਨਾਂ ਡਾ ਫੌਜਾ ਸਿੰਘ ਅਤੇ ਡਾ ਐਮ ਐਮ ਆਹਲੂਵਾਲੀਆ ਦੀਆਂ ਨਾਮਧਾਰੀ ਇਤਿਹਾਸ ਬਾਰੇ ਅੰਗਰੇਜ਼ੀ ਪੁਸਤਕਾਂ ਨਾਮਧਾਰੀ ਇਤਿਹਾਸ ਸੰਬੰਧੀ ਪ੍ਰਮਾਣਿਕ ਜਾਣਕਾਰੀ ਦੇਣ ਵਾਲੀਆਂ ਰਚਨਾਵਾਂ ਹਨ। ਸ ਜਸਵਿੰਦਰ ਸਿੰਘ ਦੀ ਮੌਲਿਕ ਖੋਜ ਅਤੇ ਸੰਪਾਦਨਾ ਦੁਆਰਾ ਵੀ ਨਾਮਧਾਰੀ ਇਤਿਹਾਸ, ਧਾਰਮਿਕ ਤੇ ਸਭਿਆਚਾਰਕ ਰਵਾਇਤਾਂ ਨਾਲ ਸੰਬੰਧਿਤ 'ਬੇਅੰਤ ਪਾਤਸ਼ਾਹ' ਪੁਸਤਕ ਖ਼ਾਸ ਤੌਰ ਤੇ ਵਰਣਨਯੋਗ ਹੈ। ਗਿਆਨੀ ਮਿਹਰ ਸਿੰਘ ਕਾਨ੍ਹਪੁਰ ਰਚਿਤ 'ਪੁਰਖ ਗੁਰੂ' ਨਾਮਧਾਰੀ ਦ੍ਰਿਸ਼ਟੀਕੋਣ ਤੋਂ ਲਿਖੇ ਗਏ ਅਛੂੱਤੀ ਲੇਖਾਂ ਦਾ ਸੰਗ੍ਰਹਿ ਹੈ।

ਸੰਤ ਇੰਦਰ ਸਿੰਘ ਚੱਕਰਵਰਤੀ ਦਾ 'ਮਾਲਵੇਂਦਰ' ਮਹਾਂਕਾਵਿ ਇਸ ਸੰਬੰਧ ਵਿਚ ਪਹਿਲੀ ਕਾਵਿ ਪੁਸਤਕ ਸੀ। ਇਸ ਕਾਲ ਵਿਚ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਵਿਅਕਤਿਤਵ ਨੂੰ ਮੁਖ ਰੱਖ ਕੇ ਬਹੁਤ ਸਾਰੇ ਕਵੀਆਂ ਨੇ ਕਾਵਿ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਸਭ ਵਿਚ ਸ੍ਰੀ ਸਤਿਗੁਰੂ ਜੀ ਦਾ ਨਦਰ ਕਰਮ ਤੇ ਪ੍ਰੇਰਨਾ ਸ਼ਰਧਾ ਰੂਪੇ ਰੰਗ ਵਿਚ ਸੁੰਦਰ ਕਵਿਤਾ ਵਿਚ ਪ੍ਰਗਟ ਹੋਈ ਹੈ। ਪ੍ਰੀਤਮ ਸਿੰਘ ਕਵੀ ਦੀ ਰਚਨਾ 'ਸਿਮਰਨ (ਰੁਬਾਈਆਂ) ਸੂਬਾ ਸੁਰਿੰਦਰ ਕੌਰ ਖਰਲ ਦੀ ਕਾਵਿ ਪੁਸਤਕ ਬਖਸ਼ਿਸ਼, ਕਿਰਪਾਲ ਸਿੰਘ ਕਸੇਲ ਦਾ ਅਸ਼ਟ ਅਧਿਆਈ ਪ੍ਰਬੰਧ ਕਾਵਿ 'ਜੈਸਾ ਸਤਿਗੁਰੂ ਸੁਣੀਦਾ' ਅਤੇ 'ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ', ਮਾਸਟਰ ਅਮਰੀਕ ਸਿੰਘ, ਬਲਬੀਰ ਸਿੰਘ ਢਿੱਲੋਂ, ਗੁਰਦੇਵ ਸਿੰਘ ਰਾਏ (ਅਦੁਤੀ ਰਹਿਬਰ) ਅਤੇ ਪ੍ਰਿੰਸੀਪਲ ਅਜੀਤ ਸਿੰਘ ਚੀਮਾ ਦੀਆਂ

Sri Satguru Jagjit Singh Ji Elibrary NamdhariElibrary@gmail com

ਪੁਸਤਕਾਂ ਵੀ ਇਸੇ ਸ਼੍ਰੇਣੀ ਵਿਚ ਆਉਂਦੀਆਂ ਹਨ। ਇਨ੍ਹਾਂ ਸਭ ਕਾਵਿ ਪੁਸਤਕਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਅਕਤਿਤਵ ਦੇ ਸੂਰਜੀ ਪ੍ਰਕਾਸ਼ ਦੀਆਂ ਜਗਮਗਾਉਂਦੀਆਂ ਕਿਰਨਾਂ, ਮਧੁਰ ਕਾਵਿ ਬੋਲਾਂ ਦੇ ਰਾਗਾਤਮਕ ਸੁਰਾਂ ਵਿਚ ਗੂੰਜਦੀਆਂ ਸੁਣਾਈ ਦਿੰਦੀਆਂ ਹਨ।

ਕਵਿਤਾ ਦੇ ਖੇਤਰ ਵਿਚ ਨਾਮਧਾਰੀ ਸਾਹਿਤ ਦੇ ਪਹਿਲੇ ਖੰਡ ਦੀ ਪਰੰਪਰਾ ਨੂੰ ਸੁਰਜੀਤ ਰਖਦਿਆਂ ਹੋਇਆਂ ਤਾਰਾ ਸਿੰਘ ਅਨਜਾਣ ਦੁਆਰਾ ਸੰਪਾਦਕ ਕਾਵਿ ਪੁਸਤਕ 'ਰਾਮ ਵਿਯੋਗੀਆਂ ਦੇ ਬਾਰਾਂਮਾਹ' ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਾਲ ਖੰਡ ਵਿਚ ਰਚੇ ਗਏ ਚਾਰ ਹੋਰ ਬਾਰਾਂਮਾਹਾਂ ਦਾ ਸੰਕਲਨ ਕੀਤਾ ਗਿਆ ਹੈ, ਜਿਨ੍ਹਾਂ ਦਾ ਪ੍ਰੇਮ ਤੇ ਕਰੁਣਾਮਈ ਸੁਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ, ਉਨ੍ਹਾਂ ਦੀ ਦਰਸ਼ਨ-ਸਿੱਕ ਅਤੇ ਪੁਨਰ ਮਿਲਾਪ ਦੀ ਤਾਂਘ ਨਾਲ ਸਬੰਧ ਰੱਖਦਾ ਹੈ। ਇਨ੍ਹਾਂ ਵਿਚ ਬਾਰਾਮਾਹ ਦੀ ਉਸੇ ਪਿਰਤ ਦੀ ਪਾਲਣਾ ਕੀਤੀ ਗਈ ਹੈ, ਜੋ ਪਹਿਲੇ ਕਾਲ ਦੇ ਕਵੀਆਂ ਨੇ ਸਥਾਪਤ ਕੀਤੀ ਸੀ।

ਸੂਬਾ ਮੀਹਾਂ ਸਿੰਘ (1888 ਤੋਂ 1983) ਦਾ ਬਾਰਾਂਮਾਹ ਸਤਿਜੁਗ ਦੇ 1934 ਦੇ ਅੰਕ ਵਿਚ ਛਪਿਆ ਸੀ, ਭਾਵੇਂ ਇਸ ਬਾਰਾਂਮਾਹ ਵਿਚ ਇਕ ਵਿਯੋਗਣ ਇਸਤਰੀ ਜੋ ਆਪਣੇ ਗੁਰੂਪਤੀ ਤੋਂ ਆਪਣੇ ਆਪ ਨੂੰ ਵਿਛੜੀ ਹੋਈ ਬਿਰਹੋਂ ਦੇ ਡੰਗ ਸਹਾਰ ਰਹੀ ਹੈ, ਪ੍ਰਕਿਰਤੀ ਦੇ ਮੌਲਦੇ ਸੁਹਾਵਨੇ ਦ੍ਰਿਸ਼ਾਂ ਵਿਚ ਵੀ ਉਦਾਸ ਤੇ ਬੇਚੈਨ ਹੈ, ਦੇ ਮਨੋਭਾਵ ਅਭਿਵਿਅਕਤ ਕੀਤੇ ਗਏ ਹਨ। ਕਵੀ ਮਾਘ ਦੇ ਮਹੀਨੇ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਭੈਣੀ ਸਾਹਿਬ ਤੋਂ ਵਿਦਾ ਹੋਣ ਦੇ ਦ੍ਰਿਸ਼ ਦਾ ਵਰਣਨ ਬੜੇ ਸੁੰਦਰ ਤੇ ਕਾਵਿਮਈ ਢੰਗ ਨਾਲ ਕਰਦਾ ਹੈ, ਜਿਸ ਵਿਚ ਉਸ ਸਮੇਂ ਦਾ ਇਤਿਹਾਸਕ ਚਿੱਤਰ ਪੂਰੀ ਤਰ੍ਹਾਂ ਰੂਪਮਾਨ ਹੋਇਆ ਹੈ:

*ਮਾਹ ਮਾਘ ਦਾ ਦੁੱਖ ਕੀ ਕਹਾਂ ਭੈਣੇ*
*ਗਿਆ ਮਾਘ ਦੇ ਵਿਚ ਪਰਦੇਸ ਪੀਆ।*
*ਗੱਡੇ ਬੈਠਕੇ ਕੰਬਲੀ ਲੈ ਉਪਰ*
*ਜਿਮੀਂਦਾਰਾਂ ਦਾ ਕਰ ਲਿਆ ਭੇਸ ਪੀਆ।*
*ਧਾਹਾਂ ਮਾਰ ਕੇ ਰੋਂਦੀਆਂ ਦਾਸੀਆਂ ਨੇ*
*ਕੋਈ ਚਲੇ ਨਾ ਸਾਡੜੀ ਪੇਸ਼ ਪੀਆ।*

ਸੰਤ ਤੇਜਾ ਸਿੰਘ ਸੇਖਲ (1904-1989) ਦਾ ਬਾਰਾਂਮਾਹ 1987 ਦੇ 'ਬਸੰਤ ਅੰਕ' ਵਿਚ ਛਪਿਆ ਸੀ। ਇਸ ਬਾਰਾਂਮਾਹ ਦੀ ਛੰਦਚਾਲ ਹਾਸ਼ਮ ਦੇ ਦੋਹੜੇ ਅਤੇ ਦਵੱਈਏ ਛੰਦ ਨਾਲ ਮਿਲਦੀ ਜੁਲਦੀ ਹੈ। ਹਰ ਮਹੀਨੇ ਨੂੰ ਚਾਰ ਚਰਨਾਂ ਦੀ ਬੰਦਿਸ਼ ਵਿਚ ਹੀ ਰੱਖਿਆ ਗਿਆ ਹੈ। ਇਸ ਰਚਨਾ ਵਿਚ ਵੀ ਸਤਿਗੁਰੂ ਜੀ ਦੇ ਵਿਛੋੜੇ ਦਾ ਦਰਦ ਫ਼ਰਾਕ ਦਾ ਸਰੋਦੀ ਵਰਣਨ ਹੈ। ਕਈ ਥਾਵਾਂ ਤੇ ਅਲੰਕਾਰ ਬੜੇ ਸੁੰਦਰ ਤੇ ਢੁਕਵੇਂ ਵਰਤੇ ਗਏ ਹਨ:

Sri Satguru Jagjit Singh Ji Elibrary NamdhariElibrary@gmail.com

*ਸੁੱਕੀ ਰੱਤ ਸਰੀਰੋਂ ਸਾਰੀ, ਲੱਗੀ ਸਖਤ ਬੀਮਾਰੀ।*
*ਦਰਸ਼ਨ ਤੇਰਾ ਅਸਲ ਦਵਾਈ, ਹੋਰ ਕੋਈ ਨਹੀਂ ਕਾਰੀ।*

ਸ. ਚਤਰ ਸਿੰਘ ਬੀਰ ਦਾ ਬਾਰਾਂਮਾਹ ਦੋਹਿਰੇ ਦੇ ਛੰਦ ਰੂਪ ਵਿਚ ਰਚਿਆ ਗਿਆ ਹੈ, ਜਿਸ ਵਿਚ ਕੁਲ 24 ਪੰਕਤੀਆਂ ਹਨ। ਇਸ ਵਿਚ ਬਿਰਹਾ ਭਾਵ ਤੇ ਪ੍ਰੇਮ ਲਗਨ ਆਪ ਮੁਹਾਰੇ ਬਿਬੁਲ ਰੂਪ ਵਿਚ ਪ੍ਰਗਟਾਏ ਗਏ ਹਨ:

*ਫੱਗਣ ਫੁੱਲ ਬਾਗੀਂ ਖਿੜੇ, ਸਾਡੇ ਦਿਲ ਨਾ ਚੈਨ।*
*ਸਾਨੂੰ ਕਰਨ ਮਖੌਲ ਸਭ, ਸਾਡੇ ਸਾਕ ਤੇ ਸੈਨ।*
*ਨੱਚ ਪਏ ਦਿਲ ਮੋਰ ਬਣ, ਖੁਸ਼ੀਆਂ ਕਰੇ ਕਰੋੜ।*
*ਚੀਨੀ ਵਾਲਾ ਆ ਜਾਏ ਜੇਕਰ ਵਾਗਾਂ ਮੋੜ।*

ਸੰਤ ਇਕਬਾਲ ਸਿੰਘ ਮਨਚੰਦਾ (1919-1990) ਨੇ ਵੀ ਇਕ ਬਾਰਾਂਮਾਹ ਲਿਖਿਆ ਹੈ। ਉਹ ਸਿਆਮ ਵਿਚ ਨਿਵਾਸ ਰੱਖਦੇ ਸਨ ਅਤੇ ਉਨ੍ਹਾਂ ਦਾ ਸਤਿਗੁਰੂ ਸਾਹਿਬਾਨ ਅਤੇ ਉਨ੍ਹਾਂ ਦੀ ਸਾਜੀ ਨਿਵਾਜੀ ਸਾਧ ਸੰਗਤ ਨਾਲ ਅਥਾਹ ਪ੍ਰੇਮ ਸੀ। ਇਸੇ ਪ੍ਰੇਮ ਲਗਨ ਵਿਚੋਂ ਹੀ ਕਬਿੱਤਾਂ ਵਿਚ ਰਚੇ ਗਏ ਇਸ ਬਾਰਾਂਮਾਹ ਦਾ ਜਨਮ ਹੋਇਆ ਹੈ। ਇਹ ਰਚਨਾ ਅਨੇਕ ਕਾਵਿ ਗੁਣਾਂ ਨਾਲ ਵਿਭੂਸ਼ਿਤ ਹੈ। ਕਵੀ ਨੇ ਫੱਗਣ ਦੇ ਮਹੀਨੇ ਦਾ ਵਰਣਨ ਬੜੇ ਮਾਰਮਕ ਢੰਗ ਨਾਲ ਕੀਤਾ ਹੈ ਅਤੇ ਸਨਾਤਨ ਹਿੰਦੂ ਕਾਵਿ ਰੀਤੀ ਦੇ ਪਰੰਪਰਾਗਤ ਪ੍ਰਸੰਗਾਂ ਨਾਲ ਜੋੜ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਨੂੰ ਅਤਿ ਦੇ ਮਧੁਰ ਅਤੇ ਰਸ ਭਰਪੂਰ ਛੰਦ ਵਿਚ ਬੰਨਿਆ ਹੈ.

*ਭਾਗਨ ਕੀ ਫਾਗ ਸੰਗ ਝੂਲਨ ਬਗੀਚੀ ਭਲੀ,*
*ਲਾਗਤ ਨਾ ਭਲੀ ਮੋਹਿ ਪੀਆ ਪਰਦੇਸ ਹੈ।*
*ਆਏ ਨਾ ਆਗਮ ਹੈ ਅਵਧ ਸੂਨੀ ਰਾਮ ਬਿਨ*
*ਹਰ ਘੜੀ ਜਾਮ ਮੋਰੇ ਰਾਮ ਕੈ ਆਦੇਸ਼ ਹੈ।*
*ਇਤਨਾ ਸੰਦੇਸ਼ ਊਧੋ ਜਾਇ ਕਹੋ ਸ਼ਾਮ ਜੂ ਸੌਂ*
*ਕੂਕਿਓਂ ਬਾ ਆਪ ਬਿਨ ਜੋਗੀਓਂ ਸਾ ਵੇਸ ਹੈ।*
*ਦਰਸ਼ਨ ਕੀ ਆਸ ਸੇ ਨਾ ਕੀਜੀਓ ਨਿਰਾਸ ਮੋਕੋ*
*ਪ੍ਰਾਨ ਨਾਥ ਤੋਰੇ ਬਿਨ ਸੂਨੋ ਭਯੋ ਦੇਸ ਹੈ।*

ਬਾਰਾਂਮਾਹ ਦੀ ਪਰੰਪਰਾ ਵਿਚ ਹੀ ਕਿਰਪਾਲ ਸਿੰਘ ਕਸੇਲ ਨੇ 'ਜੈਸਾ ਸਤਿਗੁਰੂ ਸੁਣੀਂਦਾ' ਵਿਚ ਇਕ ਬਾਰਾਂਮਾਹ ਇਸ ਦੇ ਅੰਤਿਮ ਅਧਿਆਇ ਵਿਚ ਪ੍ਰਸਤੁਤ ਕੀਤਾ ਹੈ, ਜਿਸ ਦੇ ਮੁੱਖ ਨਾਇਕ ਵਰਤਮਾਨ ਸਤਿਗੁਰੂ ਜੀ ਹਨ ਅਤੇ ਜਿਸ ਵਿਚ ਸ਼ਬਦਾਂ ਦੇ ਪੁਸ਼ਪਹਾਰ ਦੁਆਰਾ ਸਤਿਗੁਰੂ ਜੀ ਦੇ ਚਰਨਾਂ ਉਤੇ ਸ਼ਾਬਦਿਕ ਉਪਹਾਰ ਭੇਟ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਬਾਬਾ ਬੁਲ੍ਹੇ ਸ਼ਾਹ ਵਾਲੀ ਕਾਵਿ ਰੀਤੀ ਹਰ ਮਹੀਨੇ ਦੇ ਆਰੰਭ ਤੋਂ ਪਹਿਲਾਂ ਦੋਹਿਰਾ ਤੇ ਫਿਰ ਬਾਰਾਂਮਾਹ ਦੀ ਪਰੰਪਰਾਗਤ ਛੰਦ ਚਾਲ ਨੂੰ ਅਪਨਾਇਆ ਗਿਆ ਹੈ:

Sri Satguru Jagjit Singh Ji Elibrary NamdhariElibrary@gmail.com

*ਅਸੂ ਮਹੀਨਾ ਚੜ੍ਹ ਪਿਆ*
*ਰਚਿਆ ਜਪ ਪ੍ਰਯੋਗ।*
*ਸੰਗਤਾਂ ਜੁੜੀਆਂ ਆਣ ਕੇ*
*ਨਦੀ ਨਾਮ ਸੰਜੋਗ।*
*ਨਦੀ ਨਾਮ ਸੰਜੋਗ ਪਿਆਰਾ*
*ਉਤਰ ਗਿਆ ਵਿਜੋਗ ਦਾ ਭਾਰਾ*
*ਸਤਿਗੁਰ ਬਖਸ਼ਿਆ ਨਾਮ ਆਧਾਰਾ*
*ਚਰਨੀਂ ਸੀਸ ਧਰਾਂ।*

ਇਸੇ ਰਚਨਾ ਵਿਚ ਕਰਤਾ ਨੇ 'ਸਤਵਾਰੇ' ਤੇ ਪਹਿਰਿਆਂ ਦਾ ਪ੍ਰਯੋਗ ਕੀਤਾ ਹੈ ਅਤੇ ਸ੍ਰੀ ਸਤਿਗੁਰੂ ਜੀ ਦੇ ਉਪਮਾ ਵਿਚ 'ਸਵੱਯੇ' ਲਿਖੇ ਹਨ ਜੋ ਪੁਸਤਕ 'ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ' ਮਹਾਰਾਜ ਵਿਚ ਸੰਕਲਿਤ ਹਨ।

ਇਸ ਕਾਲ ਦੇ ਕੁਝ ਹੋਰ ਪ੍ਰਮੁਖ ਸਾਹਿਤਕਾਰ ਹਨ, ਜਿਨ੍ਹਾਂ ਨੇ ਪੰਜਾਬੀ ਗੱਦ ਸਾਹਿਤ, ਨਾਮਧਾਰੀ ਸਾਹਿਤ ਸਿਰਜਨ ਅਤੇ ਇਤਿਹਾਸ ਨੂੰ ਕਾਨੋਬੱਧ ਕਰਨ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। ਉਨ੍ਹਾਂ ਵਿਚ ਕੁਝ ਵਰਣਨਯੋਗ ਨਾਮ ਹਨ: ਮਹਾਰਾਜ ਬੀਰ ਸਿੰਘ ਜੀ, ਸ੍ਰੀ ਅਮਰ ਭਾਰਤੀ, ਤਾਰਾ ਸਿੰਘ ਅਨਜਾਣ, ਬੀਬੀ ਬੇਅੰਤ ਕੌਰ।

ਸ੍ਰੀ ਮਹਾਰਾਜ ਬੀਰ ਸਿੰਘ ਜੀ ਜਿਸਨੇ ਇਸ ਕਾਲ ਵਿਚ ਦੋ ਪੁਸਤਕਾਂ 'ਕਾਂਗਰਸ ਤੇ ਕੂਕੇ' ਅਤੇ 'ਗੁਰੂ ਗ੍ਰੰਥ ਵਿਚਾਰ' ਲਿਖੀਆਂ ਹਨ। ਇਨ੍ਹਾਂ ਵਿਚ ਸਮਕਾਲੀ ਪਰਕਰਮ ਵਿਚ ਵਾਪਰੀਆਂ ਘਟਨਾਵਾਂ ਅਤੇ ਸਿਧਾਂਤ ਰੂਪ ਵਿਚ ਨਾਮਧਾਰੀ ਮਤ ਦੀ ਬੌਧਿਕ ਤੇ ਨਿਆਇਪੂਰਵਕ ਢੰਗ ਨਾਲ ਵਿਆਖਿਆ ਕੀਤੀ ਗਈ ਹੈ। ਉਨ੍ਹਾਂ ਦਾ ਲਿਖਣ ਢੰਗ ਬੜਾ ਸਰਲ, ਸਪਸ਼ਟ ਤੇ ਹਰ ਇਕ ਦੀ ਸਮਝ ਵਿਚ ਆਉਣ ਵਾਲਾ ਕਲਾਮਈ ਛੋਹਾਂ ਨਾਲ ਭਰਪੂਰ ਹੈ।

ਸ੍ਰੀ ਅਮਰ ਭਾਰਤੀ ਪੰਜਾਬੀ ਦੇ ਸੁਪ੍ਰਸਿੱਧ ਲੇਖਕ, ਚਿੰਤਕ, ਸਫਲ ਅਨੁਵਾਦਕ ਅਤੇ ਕਲਮ ਦੇ ਧਨੀ ਹਨ। ਆਪ ਜੀ ਦੀ ਰਚਨਾ ਵਿਚ ਗੰਭੀਰਤਾ, ਸੁਘੜਤਾ, ਯੁਕਤੀ ਪੂਰਵਕ, ਤਰਕਸ਼ੀਲ ਦਲੀਲਾਂ ਦੁਆਰਾ ਗੱਲ ਨੂੰ ਸਿੱਧ ਕਰਨ ਦੀ ਉਚਿਤ ਸ਼ਕਤੀ ਮੌਜੂਦ ਹੈ। 'ਸਿੱਖ ਇਤਿਹਾਸ ਤੇ ਕੂਕੇ' ਪੁਸਤਕ ਵਿਚ ਆਪ ਨੇ ਉਨ੍ਹਾਂ ਗਲਤ ਧਾਰਨਾਵਾਂ ਦਾ ਖੰਡਨ ਕੀਤਾ ਹੈ ਜੋ ਕੁਝ ਲੇਖਕਾਂ ਨੇ ਨਾਮਧਾਰੀ ਮਤ ਬਾਰੇ ਸੰਕੀਰਨ ਤੇ ਪੱਖਪਾਤੀ ਦ੍ਰਿਸ਼ਟੀ ਰੱਖ ਕੇ ਲਿਖੀਆਂ ਹਨ।

# ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਵਿਧਾ ਤੇ ਵਿਲੱਖਣਤਾ

ਡਾ. ਸੁਤਿੰਦਰ ਸਿੰਘ ਨੂਰ

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ਿਤ ਹੁਕਮਨਾਮਿਆਂ ਦੇ ਮੈਨੂੰ ਮੁੱਢਲੇ ਸ਼ਬਦ ਲਿਖਣ ਦਾ ਮੌਕਾ ਮਿਲਿਆ ਤੇ ਉਦੋਂ ਤੋਂ ਹੀ ਮੈਂ ਹੁਕਮਨਾਮਿਆਂ ਦੀ ਵਿਧਾ ਦੀ ਵਿਲੱਖਣਤਾ ਦੀ ਹੋਰ ਪਹਿਚਾਣ ਕਰਨ ਦਾ ਯਤਨ ਕਰ ਰਿਹਾ ਹਾਂ ਕਿਉਂਕਿ ਇਹ ਹੁਕਮਨਾਮੇ ਬਹੁਤ ਮਹੱਤਵਪੂਰਣ ਹਨ। ਡਾ. ਗੰਡਾ ਸਿੰਘ ਦੀ ਪੁਸਤਕ ਹੁਕਮਨਾਮੇ (1967), ਸ. ਸ਼ਮਸ਼ੇਰ ਸਿੰਘ ਅਸ਼ੋਕ ਦੀ ਗੁਰੂ ਖ਼ਾਲਸੇ ਦੇ ਨੀਸਾਣ ਅਤੇ ਹੁਕਮਨਾਮੇ (1986) ਅਤੇ ਹੋਰ ਲਿਖਤਾਂ ਤੋਂ ਵੀ ਮੈਂ ਇਹ ਤਲਾਸ਼ਣ ਦਾ ਯਤਨ ਕਰਦਾ ਰਿਹਾ ਕਿ ਹੁਕਮਨਾਮੇ ਨੂੰ ਇਤਿਹਾਸ ਵਿਚ ਇਕ ਵੱਖਰੀ ਵਿਧਾ ਜਾਂ ਕਿਹੋ ਜਿਹੀ ਵਿਲੱਖਣ ਵਿਧਾ ਦੇ ਤੌਰ 'ਤੇ ਕਿੰਨਾ ਕੁ ਤਲਾਸ਼ਿਆ ਜਾਂ ਸਵੀਕਾਰਿਆ ਗਿਆ ਹੈ ? ਇਸ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਗਿਆ ਕਿਉਂਕਿ ਇਨ੍ਹਾਂ ਪੁਸਤਕਾਂ ਵਿਚ ਹੁਕਮਨਾਮਿਆਂ ਨੂੰ ਸਿਰਫ਼ ਇਕੱਠਿਆਂ ਹੀ ਕੀਤਾ ਗਿਆ ਹੈ ਜਾਂ ਥੋੜ੍ਹੀ ਬਹੁਤ ਟਿੱਪਣੀ ਦਿੱਤੀ ਗਈ ਹੈ। ਜਦੋਂ ਕਿ ਇਸ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ, ਉਸ ਤੋਂ ਬਿਨ੍ਹਾਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਵਿਧਾ ਦੀ ਵਿਲੱਖਣਤਾ ਨੂੰ ਵੀ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ।

ਇਸ ਲਈ ਪਹਿਲਾਂ ਮੈਂ ਹੁਕਮਨਾਮੇ ਦੀ ਵਿਧਾ ਬਾਰੇ ਕੁਝ ਗੱਲਾਂ ਕਰਨਾ ਚਾਹੁੰਦਾ ਹਾਂ। ਹੁਕਮਨਾਮਾ ਕਿਸੇ ਚਿੱਠੀ ਰਾਹੀਂ ਭੇਜਿਆ ਕੇਵਲ ਸੰਦੇਸ਼ ਨਹੀਂ, ਭਾਵੇਂ ਸੰਦੇਸ਼ ਇਸ ਦਾ ਮੂਲ ਹੈ, ਜਿਸ ਦਾ ਭਾਸ਼ਾ-ਵਿਗਿਆਨ ਵਿਚ ਵਿਕਸਿਤ ਹੋਏ ਸੰਦੇਸ਼-ਸੰਕਲਪ, ਵਿਧੀਆਂ ਆਦਿ ਵੱਲੋਂ ਚੇਤੰਨ ਹੋ ਕੇ ਚੰਗੇਰਾ ਅਧਿਐਨ ਕੀਤਾ ਜਾ ਸਕਦਾ ਹੈ, ਪਰ ਮੈਂ ਇਸ ਵਿਧਾ ਨੂੰ ਥੋੜ੍ਹਾ ਜਿਹਾ ਹੋਰ ਵਿਸਤ੍ਰਿਤ ਹੋ ਕੇ ਦੇਖਣਾ ਚਾਹੁੰਦਾ ਹਾਂ, ਜਿਸ ਨਾਲ ਹੁਕਮਨਾਮੇ ਦੀ ਆਤਮਾ, ਅਵਚੇਤਨ ਜਾਂ ਮੌਲਿਕਤਾ ਨੂੰ ਵੱਧ ਸਮਝਿਆ ਜਾ ਸਕਦਾ ਹੈ, ਕਿਉਂਕਿ ਸਾਰੇ ਇਤਿਹਾਸ ਵਿਚ ਹੁਕਮਨਾਮੇ ਦਾ ਸੰਬੰਧ ਸਾਧਾਰਨ ਸ਼ਖ਼ਸੀਅਤ ਨਾਲ ਨਹੀਂ, ਸਤਿਗੁਰਾਂ ਦੇ ਹੁਕਮਨਾਮਿਆਂ ਨਾਲ ਹੈ, ਜਿਨ੍ਹਾਂ ਦੀ ਸ਼ਖ਼ਸੀਅਤ ਬੀਰਬਾਣੀ ਤੇ ਅਧਿਆਤਮ ਨਾਲ ਜੁੜੀ ਹੈ। ਇਸ ਲਈ ਹੁਕਮਨਾਮੇ ਦਾ

Sri Satguru Jagjit Singh Ji Elibrary NamdhariElibrary@gmail.com

ਅਵਚੇਤਨ ਤੇ ਅੰਦਰਲਾ ਹੁਕਮ ਦੇ ਸੰਕਲਪ ਨਾਲ ਜੁੜਿਆ ਹੋਇਆ ਹੈ। ਹੁਕਮਨਾਮਾ ਉਸੇ ਅਵਚੇਤਨ ਨੂੰ ਨਾਲ ਲੈ ਕੇ ਤੁਰਦਾ ਹੈ:

ਹੁਕਮੈ ਅੰਦਰਿ ਸਭ ਕੋ ਬਾਹਰ ਹੁਕਮ ਨਾ ਹੋਇ॥
ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ॥ (ਜਪੁ1(2)ਪੰਨਾ. 1)

... ...
ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥
ਖੋਟੇ ਠਵਰ ਨਾ ਪਾਇਸੀ ਰਲੇ ਜੂਠਾਨੈ॥ (ਆਸਾ 1, ਪੰਨਾ. 421)

... ...
ਹੁਕਮੁ ਮੰਨੇ ਸੋ ਜਨੁ ਪਰਵਾਣੁ॥ (ਬਸੰਤ 3, ਪੰਨਾ. 11)

... ...
ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ॥
ਹੁਕਮ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ॥
(ਸਲੋਕ, ਵਾਰਾਂ ਤੇ ਵਧੀਕ, 4, ਪੰਨਾ. 1422)

ਇਉਂ ਹੁਕਮਨਾਮੇ ਦੀ ਵਿਧਾ ਜਾਂ ਸੰਦੇਸ਼ ਇਸ ਅਵਚੇਤਨ ਤੋਂ ਆਰੰਭ ਹੁੰਦਾ ਹੈ। ਇਸ ਹੁਕਮ ਦੇ ਸੰਕਲਪ ਤੋਂ ਇਸ ਲਈ ਇਹ ਹੁਕਮ ਕੋਈ ਆਰਡਰ (order), ਕੋਈ ਹਉਂ ਨਹੀਂ, ਇਹ ਬਾਦਸ਼ਾਹ ਦਾ ਹੁਕਮਨਾਮਾ ਨਹੀਂ, ਉਸ ਦੇ ਵਿਪਰੀਤ ਸਤਿਗੁਰੂ ਦਾ ਹੁਕਮਨਾਮਾ ਹੈ, ਜਿਸਦੇ ਸੰਦੇਸ਼ ਵਿਚ ਨਿਮਰਤਾ ਰਮੀ ਹੋਈ ਹੈ, ਸੰਗਤ ਨਾਲ ਚੇਤਨਾ ਦਾ ਅੰਦਰੋਂ ਇਕ ਸੰਬੰਧ ਸਥਾਪਿਤ ਹੈ, ਜਿਸ ਵਿਚ ਕੁਝ ਕਹਿਣਾ ਵੀ ਨਹੀਂ ਪੈਂਦਾ, ਕਈ ਵਾਰ ਸੰਕੇਤ ਦੀ ਭਾਸ਼ਾ ਵਿਚ ਗੱਲ ਹੁੰਦੀ ਹੈ, ਪਰ ਪੂਰੀ ਪਰਿਵਾਰਕ ਸਾਂਝ ਨਾਲ। ਇਸੇ ਲਈ ਹੁਕਮਨਾਮੇ ਦੀ ਇਹ ਵਿਧਾ ਕੇਵਲ ਸਤਿਗੁਰਾਂ ਕੋਲ ਹੈ।

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਜਦੋਂ ਹੁਕਮਨਾਮੇ ਦੀ ਵਿਧਾ ਬਾਰੇ ਕਹਿੰਦੇ ਹਨ:

> ਤੁਸੀਂ ਜੋ ਆਖਦੇ ਹੋ ਰਹਿਤ ਦਾ ਹੁਕਮਨਾਮਾ ਦੇਓ ਸੋ ਜੀ ਅਸੀਂ ਕੀ ਹੁਕਮਨਾਮਾ ਦੇਣਾ ਹੈ। ਹੁਕਮਨਾਮਾ ਤਾਂ ਗੁਰੂ ਨੇ ਅੱਗੇ ਵੀ ਦੇ ਰਖਾ ਹੈ ਸਾਰੀ ਸੰਗਤ ਕੋ ਅਰ ਸਾਰੇ ਭੇਖਾਂ ਕੋ ਅਰ ਸਾਰੀਆਂ ਜਾਤਾਂ ਕੋ।
>
> (ਹੁਕਮਨਾਮਾ 28)

ਇਨ੍ਹਾਂ ਦੋ ਚਾਰ ਸਤਰਾਂ ਵਿਚ ਬਹੁਤ ਸਾਰੀਆਂ ਗੱਲਾਂ ਕਹਿ ਦਿੱਤੀਆਂ ਗਈਆਂ ਹਨ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮਨਾਮੇ ਦੀ ਵਿਧਾ ਨੂੰ ਕਿਵੇਂ ਲਿਆ ਹੈ ਤੇ ਕਿਵੇਂ ਅਗਾਂਹ ਤੋਰਿਆ, ਕਿਵੇਂ ਇਸ ਦੇ ਸਰੂਪ ਨੂੰ ਬਣਾਇਆ ਹੈ, ਇਸਦੇ ਸੰਕੇਤ ਤੇ ਇਸਦਾ ਸੰਕਲਪ ਇਨ੍ਹਾਂ ਸਤਰਾਂ ਵਿਚ ਮੌਜੂਦ ਹੈ। ਉਨ੍ਹਾਂ ਦਾ ਇਸ ਵਿਧਾ

Sri Satguru Jagjit Singh Ji Elibrary NamdhariElibrary@gmail com

ਨਾਲ ਜੁੜਦਿਆਂ ਵੀ ਸੰਬੰਧ ਗੁਰੂ-ਪਰੰਪਰਾ ਨਾਲ ਹੈ। ਗੁਰੂ ਸਾਹਿਬਾਨ ਨੇ ਸਰਬ-ਸਾਂਝੀਵਾਲਤਾ, ਜ਼ਾਤ-ਪਾਤ ਤੋਂ ਉੱਪਰ ਜੋ ਸੰਦੇਸ਼ ਦਿੱਤਾ ਹੈ, ਉਹ ਸੰਦੇਸ਼ ਇਥੇ ਹੁਕਮਨਾਮੇ ਦੀ ਵਿਧਾ ਦੇ ਅੰਗ-ਸੰਗ ਸਵੀਕਾਰ ਕੀਤਾ ਗਿਆ ਹੈ। ਇਉਂ ਹੁਕਮਨਾਮਾ ਕੇਵਲ ਇਕ ਆਮ ਲਿਖਤ ਨਹੀਂ ਰਹਿੰਦੀ ਸਗੋਂ ਇਸ ਦਾ ਸਰੂਪ ਵਿਚਾਰਧਾਰਕ ਹੋ ਜਾਂਦਾ ਹੈ, ਸਤਿਗੁਰੂ ਸੰਗਤ ਨੂੰ ਹੁਕਮਨਾਮੇ ਰਾਹੀਂ ਆਪਣੀ ਵਿਚਾਰਧਾਰਾ ਪ੍ਰਵਾਹਿਤ ਕਰਦਾ ਹੈ। ਇਉਂ ਹੁਕਮਨਾਮਾ ਇਕ ਵਿਚਾਰਧਾਰਕ ਪ੍ਰਵਚਨ ਹੈ। ਪ੍ਰਵਚਨ ਹੋਣ ਕਰਕੇ ਉਸ ਵਿਚ ਪਰੰਪਰਾ ਦੀ ਚੇਤਨਾ ਵੀ ਹੈ, ਸੰਜਮ ਨਾਲ ਗੱਲ ਕਹਿਣ ਦੀ ਵਿਧੀ ਵੀ ਤੇ ਸੰਬੋਧਨ ਨਾਲ ਜੜੀ ਸਰਲ ਸ਼ੈਲੀ ਵੀ। ਵਿਚਾਰਧਾਰਕ ਪ੍ਰਵਚਨ ਕਿਵੇਂ ਪ੍ਰਵਾਹਿਤ ਹੁੰਦੇ ਹਨ। ਇਸ ਦੀਆਂ ਉਦਾਹਰਣਾਂ ਥਾਂ ਪਰ ਥਾਂ ਹਨ:

1. ਦੇਖੋ ਪਹਿਲੇ ਜੋ ਮਲੇਛ ਕਾ ਪੂਰਬ ਤੇ ਆਉਣਾ ਸੀ ਸੋ ਬੀ ਹੋਆ, ਅਰ ਫੇਰ 1278 ਸੰਤ ਖਾਲਸਾ ਬੀ ਹੋਆ, ਫੇਰ 1288 ਮੈ 80 ਸੀਸ ਬੀ ਲਗੇ। ਫੇਰ ਏਸ ਤਰਫ ਕੋ ਬੀ ਆਦਿ ਪ੍ਰਦੇਸ ਮੈ। ਫੇਰ ਦੇਸ ਮੈ ਆਉਣ ਦਾ ਹੈ। ਅਰ ਦੂਆ ਮਲੇਛ ਬੀ ਪਛਮ ਤੇ ਉਤਪਤ ਹੋਇ ਆਇਆ ਹੈ।
2. ਕਲਹਿ ਮਾਈ ਨੂੰ ਤਾ ਨਿਉਦਾ ਹੁਣ ਮਲੇਛਾ ਦੇ ਘਰ ਜਾਣਦਾ ਹੁਕਮ ਹੋਇ ਗਿਆ ਹੈ। ਥੋੜੇ ਦਿਨਾਂ ਨੂੰ ਪ੍ਰਸਾਦਿ ਛਕ ਲਗ ਜਾਂਦੀ ਹੈ ਕਲ੍ਹਾ ਮਾਈ। ਅਰ ਛਕਾ ਬੀ ਬਹੁਤ ਹੈ। ਰੂਸ ਮੈਂ ਅਗੇ ਬਡੇ ਦੂੰਦ ਦੀ ਤਿਆਰੀ ਹੈ। ਅਗੇ ਭਾਈ ਗੁਰੂ ਬੇਅੰਤ ਹੈ। (ਹੁਕਮਨਾਮਾ 5)

ਇਹ ਵਿਚਾਰਧਾਰਕ ਪ੍ਰਵਚਨ ਵਿਧੀ ਇਨ੍ਹਾਂ ਹੁਕਮਨਾਮਿਆਂ ਦੀ ਵਿਲੱਖਣਤਾ ਹੈ, ਜੋ ਪਹਿਲੇ ਪਰੰਪਰਕ ਹੁਕਮਨਾਮਿਆਂ ਵਿਚ ਅਜੇ ਇਉਂ ਵਿਸਤ੍ਰਿਤ ਨਹੀਂ ਸੀ। ਇਕ ਨੈਤਿਕ ਤੇ ਪ੍ਰਬੰਧ-ਚੇਤਨਾ ਤਾਂ ਪਰੰਪਰਕ ਹੁਕਮਨਾਮਿਆਂ ਵਿਚ ਆ ਗਈ ਸੀ, ਪਰ ਅਜਿਹਾ ਵਿਚਾਰਧਾਰਕ ਪ੍ਰਵਾਹ ਅਜੇ ਉਨ੍ਹਾਂ ਦੀ ਆਵੱਸ਼ਕਤਾ ਨਹੀਂ ਸੀ ਬਣਿਆ। ਇਸ ਹੁਕਮਨਾਮੇ ਵਿਚ ਪੂਰਬੀ ਅਤੇ ਪੱਛਮੀ ਮਲੇਛ ਦਾ ਜਿਵੇਂ ਨਿਰਣਾ ਕੀਤਾ ਗਿਆ ਹੈ, ਇਸ ਵਿਚੋਂ ਭਾਰਤੀ ਸਭਿਆਚਾਰਕ ਪਰੰਪਰਾ ਦੀ ਪਹਿਚਾਣ ਹੀ ਪੈਦਾ ਨਹੀਂ ਹੁੰਦੀ, ਸਵਦੇਸ਼ੀ ਲਹਿਰ ਦੀ ਚੇਤਨਾ ਪ੍ਰਵਾਹਿਤ ਹੋ ਜਾਂਦੀ ਹੈ ਤੇ ਇਉਂ ਇਹ ਹੁਕਮਨਾਮੇ ਉਸ ਸਵਰਨ ਸੰਦੇਸ਼ ਦਾ ਚਿਹਨ-ਪ੍ਰਬੰਧ ਬਣ ਜਾਂਦੇ ਹਨ। ਸਾਰੀ ਭਾਸ਼ਾ ਉਸ ਚਿਹਨ-ਪ੍ਰਬੰਧ ਦੀ ਭਾਸ਼ਾ ਬਣ ਜਾਂਦੀ ਹੈ। ਜਦੋਂ ਉਹ ਸਦਾਚਾਰ ਤੇ ਨੈਤਿਕਤਾ ਦਾ ਨਿਰਣਾ ਕਰਦਿਆਂ ਆਖਦੇ ਹਨ:

> ਲੜਕੀ ਨਾ ਕਿਸੇ ਮਾਰਣੀ, ਨਾ ਕਿਸੇ ਵਟਾ ਕਰਨਾ, ਨਾ ਲੜਕੀ ਦੇ ਦੰਮ ਲੈਣੇ। ਜੋਹੜਾ ਲੜਕੀ ਮਾਰੇ ਬੇਚੇ, ਵਟ ਕਰੇ, ਉਸਦੇ ਹਥਾਂ ਦਾ, ਘਰ ਦਾ, ਅੰਨ ਪਾਣੀ ਨਹੀਂ ਵਰਤਣਾ। ਉਸ ਨੂੰ ਸੰਗਤ ਵਿਚ ਨਹੀਂ ਵੜਣ ਦੇਣਾ।

...ਕਿਸੇ ਦਾ ਧੱਕਾ ਕਰਕੇ, ਨਾ ਚੋਰੀ ਕਰਕੇ, ਨਾ ਠੱਗੀ ਕਰਕੇ, ਰੁਖ ਆਦਿਕ ਬੀ ਨਹੀਂ ਲੈਣਾ। (ਹੁਕਮਨਾਮਾ 20)

ਇਹ ਸੰਦੇਸ਼ ਉਸੇ ਵਿਚਾਰਧਾਰਕ-ਪ੍ਰਵਚਨ ਦੀ ਲੜੀ ਵਿਚ ਹੈ। ਇਉਂ ਅਜਿਹੇ ਸਮਾਜਿਕ ਸਭਿਆਚਾਰਕ ਰਾਜਸੀ ਪ੍ਰਬੰਧ ਦੀ ਵਿਚਾਰਧਾਰਾ ਇਨ੍ਹਾਂ ਹੁਕਮਨਾਮਿਆਂ ਵਿਚੋਂ ਉਸਰਦੀ ਹੈ, ਜਿਸ ਦੀਆਂ ਜੜ੍ਹਾਂ ਗੁਰਬਾਣੀ, ਗੁਰਮਤਿ ਪਰੰਪਰਾ ਵਿਚ ਹਨ ਤੇ ਨਾਲ ਹੀ ਇਤਿਹਾਸ ਵਿਚ ਜੋ ਮਲੇਛ ਸਭਿਆਚਾਰ ਤੇ ਰਾਜਨੀਤੀ ਦੀ ਆਮਦ ਹੋਈ ਹੈ, ਉਸਦਾ ਡਟਵਾਂ ਵਿਰੋਧ ਹੈ, ਉਸ ਦੀ ਸੰਗਤ ਨੂੰ ਹੁਕਮਨਾਮਿਆਂ ਰਾਹੀਂ ਚੇਤਨਾ ਹੈ। ਉਸ ਸਮੇਂ ਦੀ ਮਹੰਤ ਜਮਾਤ ਨਵੇਂ ਅੰਗਰੇਜ਼ ਮਲੇਛਾਂ ਨਾਲ ਜੋ ਸਮਝੌਤੇ ਕਰ ਰਹੀ ਸੀ, ਰਾਜੇ-ਮਹਾਰਾਜੇ ਜੋ ਕਰ ਰਹੇ ਸਨ, ਉਸਦਾ ਸਪੱਸ਼ਟ ਵਿਰੋਧ ਹੈ। ਇਹ ਸਾਰੀ ਦੀ ਸਾਰੀ ਜਮਾਤ ਗੁਰੂ ਜਮਾਤ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਰੋਧ ਵਿਚ ਖੜ੍ਹੀ ਸੀ। ਇਸ ਲਈ ਹੁਕਮਨਾਮੇ ਉਸ ਸਾਰੀ ਜਮਾਤ ਦੇ ਵਿਰੋਧ ਦਾ ਵਿਚਾਰਧਾਰਕ ਪ੍ਰਵਚਨ ਬਣਦੇ ਹਨ ਤੇ ਇਉਂ ਹੁਕਮਨਾਮਾ ਇਸ ਇਤਿਹਾਸ ਵਿਚ ਇਕ ਨਵੀਂ ਜ਼ਿੰਮੇਵਾਰੀ ਨਾਲ ਸੰਬੰਧਿਤ ਹੋ ਜਾਂਦਾ ਹੈ।

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਵਿੱਲਖਣਤਾ ਨਾਲ ਕੁਝ ਹੋਰ ਵਿਸ਼ੇਸ਼ ਗੱਲਾਂ ਸੰਬੰਧਿਤ ਹਨ, ਜਿਨ੍ਹਾਂ ਵੱਲ ਮੈਂ ਇਥੇ ਸੰਕੇਤ ਕਰਨਾ ਜ਼ਰੂਰੀ ਸਮਝਦਾ ਹਾਂ, ਭਾਵੇਂ ਵਿਚਾਰਧਾਰਕ ਪ੍ਰਵਚਨ ਵੱਲ ਉੱਪਰ ਸੰਕੇਤ ਕਰ ਦਿੱਤਾ ਹੈ। ਪਰ 1850 ਤੋਂ ਪਿੱਛੋਂ ਦਾ ਜੋ ਪੰਜਾਬ ਦਾ ਸਮਾਜਿਕ, ਸਭਿਆਚਾਰਕ ਤੇ ਰਾਜਸੀ ਇਤਿਹਾਸ ਹੈ, ਉਸ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ, ਨਾਮਧਾਰੀ ਲਹਿਰ ਦਾ ਅਹਿਮ ਰੋਲ ਬਣਦਾ ਹੈ। ਅਸਲ ਵਿਚ ਸਿੱਖਾਂ ਦਾ ਰਾਜਸੀ ਅੰਦੋਲਨ ਨਾਮਧਾਰੀ ਲਹਿਰ ਨਾਲ ਹੀ ਜੁੜਿਆ ਹੋਇਆ ਹੈ। ਪੰਜਾਬ ਵਿਚ ਬਾਕੀ ਸਥਿਤੀ ਇਸਤੋਂ ਕੁਝ ਭਿੰਨ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੋਰਖਾ ਦੇਣ ਤੋਂ ਬਾਅਦ ਪੰਜਾਬੀ ਵਿਸ਼ੇਸ਼ ਤੌਰ 'ਤੇ ਸਿੱਖ ਉਦਾਸ ਹਨ। ਰਾਜੇ-ਮਹਾਰਾਜੇ ਆਪਣੇ ਹਿਤਾਂ ਲਈ ਅੰਗਰੇਜ਼ ਨਾਲ ਸਮਝੌਤਾ ਕਰ ਰਹੇ ਹਨ। ਇਕ ਫਿਊਡਲ ਸਰਦਾਰਾਂ ਦੀ ਅਜਿਹੀ ਜਮਾਤ ਪੈਦਾ ਹੋ ਗਈ ਹੈ, ਜੋ ਅੰਗਰੇਜ਼ਾਂ ਦੇ ਨੇੜੇ ਹੋਣ ਵਿਚ ਆਪਣਾ ਭਲਾ ਸਮਝਦੀ ਹੈ। ਜਦੋਂ ਸਿੰਘ ਸਭਾ ਲਹਿਰ ਦਾ ਵੀ ਉਦੈ ਹੁੰਦਾ ਹੈ ਤਾਂ ਇਹ ਸੰਕਟ ਪੈਦਾ ਹੋ ਗਿਆ ਹੈ ਕਿ ਕਈ ਘਰਾਣਿਆਂ ਦੇ ਨੌਜਵਾਨ ਪੱਛਮੀ ਵਿਦਿਆ ਅਤੇ ਹੋਰ ਹਿੱਤਾਂ ਕਾਰਨ ਈਸਾਈ ਬਣ ਰਹੇ ਹਨ। ਇਸ ਮਾਹੌਲ ਵਿਚ ਪੰਜਾਬ ਵਿਚ ਕੂਕਿਆਂ, ਨਾਮਧਾਰੀਆਂ ਦੀ ਹੀ ਜ਼ਿੰਮੇਵਾਰੀ ਰਹਿ ਗਈ ਹੈ ਕਿ ਉਹ ਆਜ਼ਾਦੀ ਦੀ ਲਹਿਰ, ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕਰਨ ਦਾ ਝੰਡਾ ਚੁੱਕਣ, ਇਸ ਲਹਿਰ ਨੂੰ ਆਮ ਲੋਕਾਂ ਤਕ ਲੈ ਕੇ ਜਾਣ, ਕੁਰਬਾਨੀਆਂ ਦੇਣ। ਨਾਮਧਾਰੀ ਸਤਿਗੁਰੂ ਰਾਮ ਸਿੰਘ ਇਸ ਲਹਿਰ ਦੇ ਪ੍ਰਮੁੱਖ ਹਨ।

ਅੰਗਰੇਜ਼ਾਂ ਨੇ ਇਹ ਸਵੀਕਾਰ ਕਰ ਲਿਆ ਹੈ ਕਿ ਉਹ ਆਜ਼ਾਦੀ ਲਹਿਰ ਦੇ ਪ੍ਰਤੀਕ ਹਨ ਤੇ ਲੋਕਾਂ ਵਿਚ ਵਿਦਰੋਹ ਪੈਦਾ ਕਰ ਰਹੇ ਹਨ, ਇਸ ਲਈ ਉਨ੍ਹਾਂ ਨੂੰ ਦੇਸ਼ ਤੋਂ ਦੂਰ ਭੇਜ ਦਿੱਤਾ ਜਾਂਦਾ ਹੈ ਤੇ ਯਤਨ ਕੀਤਾ ਜਾਂਦਾ ਹੈ ਕਿ ਉਨ੍ਹਾਂ ਦਾ ਪੰਜਾਬ ਦੀ ਸੰਗਤ ਨਾਲ ਕੋਈ ਸੰਬੰਧ ਨਾ ਰਹੇ। ਇਸ ਸਥਿਤੀ ਵਿਚ ਹੁਕਮਨਾਮੇ ਇਸ ਰਾਜਸੀ ਲਹਿਰ ਦਾ ਸੰਦੇਸ਼ ਬਣ ਜਾਂਦੇ ਹਨ। ਜਦੋਂ ਹੁਕਮਨਾਮੇ ਵਿਚ ਇਹ ਬੋਲ ਉਦੈ ਹੁੰਦੇ ਹਨ :

> ਭਾਈ ਮੈ ਤਾਂ ਕਿਸੇ ਨੂੰ ਕੁਛ ਨਹੀਂ ਆਖਦਾ, ਗੁਰੂ ਦੇ ਘਰ ਸਭੋ ਕੁਝ ਬਥੇਰਾ ਹੈ। ਦੇਸ ਮੈ ਸਾਰੇ ਸਿਖਾਂ ਨੇ ਸਾਧਾਂ ਨੇ ਵੈਰ ਕੀਤਾ, ਪੁਜਕੇ ਵੇਕਾਰਨ, ਅਕਾਲ ਬੂੰਗੇ ਵਾਲਿਆਂ ਨੇ ਵੇਕਾਰਨ ਸਾਰੇ ਦੇਸ਼ ਮੈਂ ਕਲਾਮੁ ਲਿਖ ਕੇ ਫੇਰ ਦਿਤਾ ਅਵਚਲ ਨਗਰ ਤਾਈ। (ਹੁਕਮਨਾਮਾ 6)

ਉਸ ਸਮੇਂ ਦੇ ਮਹੰਤਾਂ, ਰਾਜਿਆਂ, ਮਹਾਰਾਜਿਆਂ ਤੇ ਪੱਛਮੀ ਮਲੇਛ ਦੀ ਇਕੋ ਸ਼੍ਰੇਣੀ ਹੈ। ਉਸ ਸ਼੍ਰੇਣੀ ਤੇ ਨਾਮਧਾਰੀਆਂ, ਸਤਿਗੁਰੂ ਰਾਮ ਸਿੰਘ ਦੇ ਦਰਮਿਆਨ ਸਮਾਜਿਕ ਤੇ ਰਾਜਸੀ ਵਿਰੋਧ (social and political contradiction) ਉਭਰੇ ਹੋਏ ਹਨ। ਇਕ ਅਹਿੰਸਕ ਲੜਾਈ ਹੈ। ਜਿਸ ਦਾ ਸਰੂਪ ਨਾਮਧਾਰੀਆਂ ਵੱਲੋਂ ਅਹਿੰਸਕ ਹੈ। ਇਹ ਹੁਕਮਨਾਮੇ ਇਸ ਅਹਿੰਸਕ ਲੜਾਈ ਦਾ ਵਾਹਣ ਤੇ ਪ੍ਰਗਟਾ ਹਨ। ਇਸ ਲਈ ਇਨ੍ਹਾਂ ਹੁਕਮਨਾਮਿਆਂ ਦੀ ਵਿਧਾ ਵਿਲੱਖਣ ਬਣਦੀ ਹੈ।

ਵਿਲੱਖਣ ਇਸ ਲਈ ਵੀ ਕਿਉਂਕਿ ਇਕ ਪਾਸੇ ਇਹ ਹੁਕਮਨਾਮੇ ਵਾਰਤਕ ਵਿਚ ਲਿਖੇ ਹੋਣ ਕਰਕੇ ਸਾਹਿਤ ਦਾ ਅੰਗ ਬਣਦੇ ਹਨ, ਦੂਜੇ ਪਾਸੇ ਇਹ ਵਿਧਾ ਅਜਿਹੀ ਹੈ, ਜੋ ਨਿਰਾ ਸਾਹਿਤ ਨਹੀਂ, ਇਨ੍ਹਾਂ ਦਾ ਪ੍ਰਯੋਜਨ ਸਾਹਿਤ-ਰਚਨਾ ਨਹੀਂ, ਸਗੋਂ ਇਨ੍ਹਾਂ ਦਾ ਪ੍ਰਯੋਜਨ ਦੂਰ ਦੂਰ ਤਕ ਸੰਦੇਸ਼ ਪਹੁੰਚਾਉਣ ਲਈ ਇਕ ਸੰਚਾਰ-ਪ੍ਰਬੰਧ ਨੂੰ ਖੜ੍ਹਾ ਕਰਨਾ ਹੈ। ਇਹ ਹੁਕਮਨਾਮੇ ਕੋਈ ਹੁਣ ਵਾਂਗ ਜਾਂ ਸਰਕਾਰੀ ਮਾਧਿਅਮਾਂ ਰਾਹੀਂ ਲੋਕਾਂ ਤਕ ਨਹੀਂ ਪਹੁੰਚ ਰਹੇ, ਸੰਗਤ ਰਾਹੀਂ ਸੰਗਤ ਕੋਲ ਪਹੁੰਚ ਰਹੇ ਹਨ, ਇਉਂ ਇਕ ਸੰਚਾਰ-ਪ੍ਰਬੰਧ (system of communication) ਦਾ ਇਕ ਪੂਰਾ ਸੰਕਲਪ ਇਸ ਹੁਕਮਨਾਮੇ ਦੀ ਵਿਧਾ ਨਾਲ ਹੀ ਜੁੜਿਆ ਹੋਇਆ ਹੈ। ਇਹ ਵਿਅਕਤੀ ਸੰਕਲਪ ਵੀ ਸਵਦੇਸ਼ੀ, ਲੌਕਿਕ ਤੇ ਮੌਲਿਕ ਹੈ, ਜਿਸ ਨਾਲ ਇਕ ਇਕ ਕਰਕੇ ਨਹੀਂ, ਸੰਗਤ ਸਮੂਹ ਰੂਪ ਵਿਚ ਜੁੜੀ ਹੋਈ ਹੈ। ਵਿਧਾ ਦਾ ਇਹ ਸੰਕਲਪ ਵਿਸ਼ਵ ਵਿਚ ਇਸ ਰੂਪ ਵਿਚ ਕਿਧਰੇ ਹੋਰ ਨਹੀਂ ਬਣਦਾ, ਇਸ ਦ੍ਰਿਸ਼ਟੀ ਤੋਂ ਹੁਕਮਨਾਮੇ ਦੀ ਵਿਧਾ ਤੇ ਵਿਲੱਖਣਤਾ ਦਾ ਹੋਰ ਅਧਿਐਨ ਕੀਤਾ ਜਾਣਾ ਚਾਹੀਦਾ ਹੈ।

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਕਵੀਆਂ ਦੁਆਰਾ ਰਚਿਤ ਬਾਰਾਂਮਾਹੇ
# ਸਰੂਪ ਅਤੇ ਮਹੱਤਵ

ਡਾ. ਬਲਜੀਤ ਕੌਰ

ਨਾਮਧਾਰੀ ਲਹਿਰ, ਜਿਸਦਾ ਮੁੱਢ 1857 ਈ. ਦੀ ਵਿਸਾਖੀ ਦੇ ਸ਼ੁਭ ਦਿਹਾੜੇ 'ਤੇ ਮਾਨਵਤਾ ਦੇ ਮਹਾਨ ਗੁਰੂ ਬਾਬਾ ਰਾਮ ਸਿੰਘ ਜੀ ਵਲੋਂ ਖ਼ਾਲਸਾ ਪੰਥ ਦੀ ਸਾਜਣਾ ਕੀਤੇ ਜਾਣ ਨਾਲ ਬੱਝਾ, ਭਾਰਤ ਦੇ ਇਤਿਹਾਸ ਵਿਚ ਇਕ ਬੇਜੋੜ ਮਹੱਤਵ ਵਾਲਾ ਵਰਤਾਰਾ ਹੈ। ਇਸ ਲਹਿਰ ਦੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਮਹਾਨ ਕੁਰਬਾਨੀਆਂ ਦਾ ਯੋਗਦਾਨ ਪਾਉਣ ਸਦਕਾ ਭਾਰਤੀ ਇਤਿਹਾਸ ਵਿਚ ਤਾਂ ਸੁਨਹਿਰੀ ਵਰਕੇ ਜੋੜੇ ਹੀ ਹਨ, ਪੰਜਾਬ ਦੇ ਇਤਿਹਾਸ ਵਿਚ ਇਸਦਾ ਹੋਰ ਵੀ ਵਡੇਰਾ ਮਹੱਤਵ ਇਸ ਕਰਕੇ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਹੋਏ ਖਾਲਸਾ ਪੰਥ ਦੇ ਧਾਰਮਿਕ, ਸਮਾਜਕ ਤੇ ਰਾਜਨੀਤਕ ਪੁਨਰ-ਉੱਥਾਨ ਦੀ 'ਚਹਨਕ ਬਣਗੇ ਉਭਰੀ' ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਸ ਲਹਿਰ ਨੇ ਲੋਕ-ਲਹਿਰ ਵਜੋਂ ਪ੍ਰਵਾਨਿਤ ਤੇ ਵਿਕਸਿਤ ਹੋ ਕੇ ਆਉਣ ਵਾਲੇ ਸਮਿਆਂ ਦਾ ਧਾਰਮਿਕ, ਸਮਾਜਕ ਤੇ ਰਾਜਨੀਤਕ ਦ੍ਰਿਸ਼ ਹੀ ਬਦਲ ਕੇ ਰੱਖ ਦਿੱਤਾ। ਨਾਮਧਾਰੀ ਲਹਿਰ ਜਿਸ ਧਾਰਮਿਕ ਸੰਦਰਭ ਨਾਲ ਜੁੜੀ ਹੋਈ ਹੈ, ਉਸਦੇ ਮੁੱਖ ਤੱਤ ਅਨਿੰਨ ਗੁਰੂ-ਭਗਤੀ ਤੇ ਨਾਮ-ਸਾਧਨਾ, ਉੱਚ ਨੈਤਿਕ ਆਚਰਣ ਅਤੇ ਸ਼ੁੱਧ ਪਵਿੱਤਰ ਜੀਵਨ-ਜਾਚ ਹਨ। ਇਨ੍ਹਾਂ ਦਾ ਸਮਾਜਕ ਪਾਸਾਰ ਸ਼ੁਭ ਵਿਉਹਾਰ, ਸਹਿਨਸ਼ੀਲਤਾ ਅਤੇ ਸਮੂਹ-ਭਾਵੀ ਸੋਚ ਨਾਲ ਜਾ ਜੁੜਦਾਹੈ। ਰਾਜਨੀਤਕ ਪੱਧਰ ਤੇ ਨਿਰਸੁਆਰਥ ਦੇਸ਼-ਪ੍ਰੇਮ, ਸੁਤੰਤਰਤਾ-ਭਾਵਨਾ ਅਤੇ ਨਿਆਂਪੂਰਨ ਲੋਕਤਾਂਤਰਿਕ ਪ੍ਰਬੰਧ ਵਿਚ ਵਿਸ਼ਵਾਸ ਵਾਲੇ ਪਾਸਾਰ ਵੀ ਇਸ ਲਹਿਰ ਦੇ ਧਾਰਮਿਕ ਤੇ ਸਮਾਜਿਕ ਸੰਦਰਭਾਂ ਵਿਚੋਂ ਹੀ ਹੋਂਦ ਗ੍ਰਹਿਣ ਕਰਦੇ ਹਨ। ਏਸੇ ਕਰਕੇ, ਮੂਲ ਰੂਪ ਵਿਚ ਧਾਰਮਿਕ ਸਰੂਪ ਵਾਲੀ ਲਹਿਰ ਹੋਣ ਦੇ ਬਾਵਜੂਦ ਇਹ ਭਾਰਤੀ ਜਨ-ਸਮੂਹ ਵਿਚ ਰਾਜਨੀਤਕ ਚੇਤਨਾ ਅਤੇ ਸੁਤੰਤਰਤਾ ਪ੍ਰਾਪਤੀ ਲਈ ਜੂਝਣ ਤੇ ਕੁਰਬਾਨੀਆਂ ਦੇਣ ਦੀ ਭਾਵਨਾ ਪੈਦਾ ਕਰਨ ਵਾਲੀ ਲਹਿਰ ਬਣੀ ਜਿਸ ਕਰਕੇ ਇਤਿਹਾਸਕਾਰ ਇਸ ਨੂੰ 'ਦੇਸ਼ ਦੇ ਸੁਤੰਤਰਤਾ ਸੰਗਰਾਮ ਦਾ ਪਹਿਲਾ ਚਰਣ' ਮੰਨਦੇ ਹਨ।

Sri Satguru Jagjit Singh Ji Elibrary NamdhariElibrary@gmail.com

ਪੰਜਾਬ ਦੇ ਇਤਿਹਾਸ ਵਾਂਗ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵੀ ਨਾਮਧਾਰੀ ਲਹਿਰ ਦਾ ਨਿਵੇਕਲਾ ਯੋਗਦਾਨ ਹੈ। ਇਸ ਲਹਿਰ ਨਾਲ ਸੰਬੰਧਿਤ ਸਾਹਿਤ ਰਚਨਾ ਇਸ ਦੇ ਧਾਰਮਿਕ ਤੇ ਰਾਜਨੀਤਕ ਸੰਦਰਭਾਂ ਦਾ ਹੀ ਇਕ ਅਭਿਵਿਅਕਤੀਮੂਲਕ ਪਾਸਾਰ ਹੈ। ਇਸ ਸਾਹਿਤ ਰਚਨਾ ਦਾ ਅਧਿਐਨ ਸਾਹਿਤਕ ਤੇ ਇਤਿਹਾਸਕ, ਦੋਹਾਂ ਪਹਿਲੂਆਂ ਤੋਂ ਸਾਰਥਕਤਾ ਰੱਖਦਾ ਹੈ, ਖਾਸ ਕਰਕੇ ਇਸ ਲਹਿਰ ਦੇ ਮੁਢਲੇ ਦੌਰ ਵਿਚ ਕੀਤੀ ਗਈ ਥੋੜ੍ਹੀ ਜਿਹੀ ਸਾਹਿਤ-ਰਚਨਾ ਤਾਂ ਵਿਸ਼ੇਸ਼ ਤੌਰ ਤੇ ਮੁੱਲਵਾਨ ਹੈ। ਇਹ ਦੌਰ ਅੰਗਰੇਜ਼ ਹਕੂਮਤ ਵਲੋਂ ਨਾਮਧਾਰੀਆਂ ਉੱਤੇ ਲਾਈਆਂ ਗਈਆਂ ਦਮਨਕਾਰੀ ਤੇ ਅਤਿਆਚਾਰੀ ਬੰਦਿਸ਼ਾਂ ਦਾ ਦੌਰ ਸੀ ਜਿਸ ਦੌਰਾਨ ਲਹਿਰ ਦੇ ਆਗੂਆਂ ਤੇ ਕਾਰਜ-ਕਰਤਿਆਂ ਦੀ ਨਜ਼ਰਬੰਦੀ, ਅੰਮ੍ਰਿਤਸਰ ਤੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਅਤੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਦੀਆਂ ਇਤਿਹਾਸਕ ਘਟਨਾਵਾਂ ਵਾਪਰੀਆਂ। ਇਹ ਪਰਿਸਥਿਤੀਆਂ ਨਾ ਤਾਂ ਸਾਹਿਤ ਦੀ ਰਚਨਾ ਲਈ ਸੁਖਾਵੀਆਂ ਸਨ ਤੇ ਨਾ ਹੀ ਇਸ ਦੀ ਸੰਭਾਲ ਲਈ। ਫਿਰ ਵੀ, ਇਸ ਦੌਰ ਵਿਚ ਕੁਝ ਕਾਵਿ-ਰਚਨਾਵਾਂ ਹੋਂਦ ਵਿਚ ਆਈਆਂ ਜੋ ਆਪਣੀ ਸਾਹਿਤਿਕ ਵਿਲੱਖਣਤਾ ਤੇ ਇਤਿਹਾਸਕ ਮਹੱਤਾ ਸਦਕਾ ਸੰਜੀਦਾ ਅਧਿਐਨ ਦੀਆਂ ਅਧਿਕਾਰੀ ਹਨ। ਇਨ੍ਹਾਂ ਵਿਚ ਬਾਬਾ ਚੰਦਾ ਸਿੰਘ, ਸੰਤ ਨਿਹਾਲ ਸਿੰਘ ਅਤੇ ਸੰਤ ਕਾਲਾ ਸਿੰਘ ਦੁਆਰਾ ਰਚਿਤ ਤਿੰਨ ਬਾਰਾਂਮਾਹੇ ਵਿਸ਼ੇਸ਼ ਤੌਰ ਤੇ ਅਧਿਐਨ ਯੋਗ ਹਨ।

ਇਹ ਬਾਰਾਂਮਾਹੇ, ਜੋ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲ ਵਿਚ ਰਚੇ ਗਏ, ਨਾਮਧਾਰੀ ਲਹਿਰ ਦੇ ਸਾਹਿਤ ਦੀਆਂ ਪਹਿਲੀਆਂ ਵੰਨਗੀਆਂ ਹਨ, ਅਤੇ ਇਹ ਚਾਰ ਹੋਰ ਬਾਰਾਂਮਾਹਿਆਂ ਸਮੇਤ ਤਾਰਾ ਸਿੰਘ ਅਣਜਾਣ ਦੁਆਰਾ ਸੰਪਾਦਿਤ ਪੁਸਤਕ ਰਾਮ ਵਿਯੋਗੀਆਂ ਦੇ ਬਾਰਾਂਮਾਹ ਵਿਚ ਸੰਕਲਿਤ ਹਨ। ਮਗਰਲੇ ਚਾਰ ਬਾਰਾਂਮਾਹੇ ਸੂਬਾ ਮੀਹਾਂ ਸਿੰਘ, ਸੰਤ ਤੇਜਾ ਸਿੰਘ ਸੋਖਲ, ਸੰਤ ਇਕਬਾਲ ਸਿੰਘ ਮਨਚੰਦਾ ਅਤੇ ਚਤਰ ਸਿੰਘ ਬੀਰ ਦੁਆਰਾ ਵੀਹਵੀਂ ਸਦੀ ਵਿਚ ਲਿਖੇ ਗਏ ਹਨ। ਇਨ੍ਹਾਂ ਬਾਰਾਂਮਾਹਿਆਂ ਨੂੰ ਇਨ੍ਹਾਂ ਦੇ ਧਾਰਮਿਕ ਸਮਾਜਕ ਤੇ ਰਾਜਨੀਤਕ ਸੰਦਰਭਾਂ ਸਹਿਤ ਪੜ੍ਹਨਾ, ਵਿਚਾਰਨਾ, ਇਨ੍ਹਾਂ ਦਾ ਪਰਸਪਰ ਤੁਲਨਾਤਮਕ ਅਧਿਐਨ ਕਰਨਾ ਅਤੇ ਪੰਜਾਬੀ ਸਾਹਿਤ ਦੀ ਪਰੰਪਰਾ ਵਿਚ ਇਨ੍ਹਾਂ ਦਾ ਸਥਾਨ ਨਿਸ਼ਚਿਤ ਕਰਨਾ ਹੀ ਮੇਰੇ ਇਸ ਪਰਚੇ ਦਾ ਸਰੋਕਾਰ ਹੈ।

ਬਾਰਾਂਮਾਹ ਬਿਰਹੋਂ ਕਾਵਿ ਦੀ ਇਕ ਵੰਨਗੀ ਵਜੋਂ ਸਥਾਪਤ ਹੋਇਆ ਕਾਵਿ-ਰੂਪ ਹੈ ਜੋ 'ਆਮ ਤੌਰ ਤੇ ਲੰਮੇ ਅਰਸੇ ਤਕ ਭੋਗੀ ਗਈ ਬਿਰਹੋਂ-ਭਾਵਨਾ ਨੂੰ ਪ੍ਰਗਟਾਉਣ ਲਈ ਵਰਤਿਆ ਜਾਂਦਾ ਰਿਹਾ ਹੈ।[1] ਇਸ ਕਾਵਿ-ਰੂਪ ਦੀ ਪ੍ਰਮੁਖ ਸੰਰਚਨਾਤਮਕ ਪਛਾਣ ਇਹ ਹੈ ਕਿ ਇਹ ਸਾਲ ਦੇ ਬਾਰਾਂ ਮਹੀਨਿਆਂ ਨਾਲ ਸੰਬੰਧਿਤ

Sri Satguru Jagjit Singh Ji Elibrary NamdhariElibrary@gmail.com

ਮੌਸਮੀ ਵਰਤਾਰਿਆਂ ਅਤੇ ਪ੍ਰਕਿਰਤਕ ਦ੍ਰਿਸ਼ਾਂ ਦੀ ਪਿੱਠਭੂਮੀ ਸਿਰਜ ਕੇ ਬਿਰਹੋਂ ਦੀ ਅਵਸਥਾ ਨੂੰ ਅਗਰਭੂਮਿਤ ਕਰਦਾ ਹੈ। ਬਾਰਾਂ ਮਹੀਨਿਆਂ ਦੇ ਨਾਵਾਂ ਨਾਲ ਸ਼ੁਰੂ ਹੋਣ ਵਾਲੇ ਬਾਰਾਂ ਉਪ-ਭਾਗ ਆਪਸ ਵਿਚ ਕੜੀਦਾਰ ਸੰਬੰਧ ਵਿਚ ਬੱਝ ਕੇ ਇਸ ਨੂੰ ਇਕ ਪ੍ਰਬੰਧ-ਕਾਵਿ, ਦੋਹਾਂ ਦਾ ਅੰਗ ਬਣਿਆ ਹੈ। ਬਾਰਾਂਮਹਾ ਮੁੱਖ ਤੌਰ 'ਤੇ ਅਨੁਭਵ-ਆਧਾਰਿਤ ਤੇ ਭਾਵਨਾ-ਪ੍ਰਧਾਨ ਰਚਨਾ ਹੈ ਜਿਸਦੀ ਵਕਤਾ ਧਿਰ ਇਸਤਰੀਲਿੰਗ ਹੈ। ਉਹ ਆਪਣੇ ਪ੍ਰੀਤਮ/ਪਤੀ ਦੇ ਕਿਸੇ ਕਾਰਣਵਸ਼ ਦੂਰ ਚਲੇ ਜਾਣ ਵਜੋਂ ਪੈਦਾ ਹੋਏ ਵਿਯੋਗ ਦੀ ਸਥਿਤੀ ਵਿਚ ਵਿਚਰਦੀ ਹੈ ਅਤੇ ਇਸ ਸਥਿਤੀ ਵਿਚ ਅਨੁਭੂਤ ਵੇਦਨਾ, ਵਿਆਕੁਲਤਾ, ਉਡੀਕ ਤੇ ਯਾਦ ਦੀ ਤੜਪ ਅਤੇ ਮਿਲਣ ਦੀ ਤੀਬਰ ਸਿੱਕ ਨੂੰ ਪ੍ਰਗੀਤਕ ਸੁਰ ਵਿਚ ਅਭਿਵਿਅਕਤ ਕਰਦੀ ਹੈ। ਇਸ ਅਭਿਵਿਅਕਤੀ ਦੀ ਮੁਖ ਜੁਗਤ ਵਜੋਂ ਉਹ ਸਾਲ ਦੇ ਬਾਰਾਂ ਮਹੀਨਿਆਂ ਦੇ ਰੁੱਤ ਮੂਲਕ ਵਰਤਾਰਿਆਂ ਨੂੰ ਆਪਣੀ ਮਨੋਦਸ਼ਾ ਦੇ ਅਨੁਕੂਲ ਬਣਾ ਕੇ ਚਿਤਰਦੀ ਹੈ। ਇਹ ਵਰਤਾਰੇ ਉਸਦੀ ਭਾਵ-ਅਵਸਥਾ ਦੇ ਆਲੰਬਨ ਜਾਂ ਉਦੀਪਨ ਦੇ ਰੂਪ ਵਿਚ ਅਤੇ ਭਾਵ-ਪ੍ਰਸਤੁਤੀ ਦੇ ਸਹਿ-ਸੰਬੰਧੀ ਰੂਪਕਾਂ ਦੀ ਭੂਮਿਕਾ ਵਿਚ ਵੀ ਕਾਰਜਸ਼ੀਲ ਰਹਿੰਦੇ ਹਨ। ਇਸ ਕਾਵਿ-ਰੂਪ ਦੇ ਵਿਧੀ-ਵਿਧਾਨ ਦੇ ਹੋਰ ਵੇਰਵੇ ਬਹੁਤੇ ਨਿਸ਼ਚਿਤ ਨਹੀਂ ਹਨ। ਇਸ ਦੀ ਸੰਰਚਨਾਤਮਕ ਪਛਾਣ ਦੀ ਵਧੇਰੇ ਕਰਕੇ ਕੇਂਦਰਣ ਦਾ ਨੁਕਤਾ ਬਣਦੀ ਹੈ।

ਪੰਜਾਬੀ ਬਾਰਾਂਮਾਹਿਆਂ ਦੀਆਂ ਪਹਿਲੀਆਂ ਵੰਨਗੀਆਂ ਲੋਕ-ਬਾਰਾਂਮਾਹਿਣਾਂ ਦੇ ਰੂਪ ਵਿਚ ਮਿਲਦੀਆਂ ਹਨ। ਪੰਜਾਬੀ ਲੋਕ-ਕਾਵਿ ਦੇ ਇਸ ਰੂਪ ਦੇ ਸੰਰਚਨਾਤਮਕ ਪੈਟਰਨ ਨੂੰ ਸਨਮੁਖ ਰੱਖ ਕੇ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਵਿਚ ਅਧਿਆਤਮਕ ਬਾਰਾਂਮਾਹ ਤੁਖਾਰੀ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਰਾਂਮਾਹ ਮਾਝ ਅਧਿਆਤਮਕ ਵਿਯੋਗ ਦੇ ਉਦਾਤ ਅਨੁਭਵ ਦਾ ਕਲਾਤਮਕ ਰੂਪਾਂਤਰਣ ਹਨ। ਅਧਿਆਤਮਕ ਬਾਰਾਂਮਾਹਿਆਂ ਦੀ ਪਰੰਪਰਾ ਵਿਚ ਸੂਫ਼ੀ ਕਵੀਆਂ ਦੁਆਰਾ ਰਚਿਤ ਬਾਰਾਂਮਾਹੇ ਵੀ ਉਪਲਬਧ ਹਨ। ਅਠ੍ਹਾਰਵੀਂ ਤੇ ਉਨ੍ਹੀਵੀਂ ਸਦੀ ਵਿਚ ਸ੍ਰੀ ਰਾਮਚੰਦਰ, ਸ੍ਰੀ ਕ੍ਰਿਸ਼ਨ, ਹਜ਼ਰਤ ਮੁਹੰਮਦ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਯੋਗ ਵਿਚ ਰਚੇ ਗਏ ਬਹੁਤ ਸਾਰੇ ਬਾਰਾਂਮਾਹੇ ਵੀ ਮਿਲਦੇ ਹਨ ਜਿਨ੍ਹਾਂ ਵਿਚੋਂ ਕੁਝ ਦੇ ਨਮੂਨੇ ਪਿਆਰਾਸਿੰਘ ਪਦਮ ਦੁਆਰਾ ਸੰਪਾਦਿਤ ਪੁਸਤਕ **ਪੰਜਾਬੀ ਬਾਰਾਂਮਾਹੇ** ਵਿਚ ਦਰਜ ਹਨ।

ਨਾਮਧਾਰੀ ਕਵੀਆਂ ਵਲੋਂ ਰਚੇ ਗਏ ਸੱਤ ਬਾਰਾਂਮਾਹੇ ਉਪਰ ਵਰਣਿਤ ਪਰੰਪਰਾ ਨਾਲ ਸੰਬੰਧਿਤ ਹਨ। ਇਨ੍ਹਾਂ ਦੀ ਪ੍ਰੇਰਕ ਸਥਿਤੀ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਵਲੋਂ ਜਲਾਵਤਨ ਕਰਕੇ ਰੰਗੂਨ ਭੇਜ ਦਿੱਤੇ ਜਾਣ ਕਾਰਣ

ਪੈਦਾ ਹੋਏ ਵਿਯੋਗ ਦੀ ਸਥਿਤੀ ਹੈ। ਇਸ ਸਥਿਤੀ ਵਿਚ ਨਾਮਧਾਰੀ ਸਿੱਖ-ਸੰਗਤ ਉਨ੍ਹਾਂ ਦੇ ਵਿਛੋੜੇ ਕਾਰਣ ਜੋ ਮਾਨਸਿਕ ਵਿਆਕੁਲਤਾ ਤੇ ਪੀੜਾ ਅਨੁਭਵ ਕਰਦੀ ਹੈ, ਉਹ ਇਨ੍ਹਾਂ ਬਾਰਮਾਂਮਾਹਿਆਂ ਦਾ ਆਧਾਰ-ਅਨੁਭਵ ਹੈ। ਇਹ ਗੁਰੂ (ਪ੍ਰੀਤਮ) ਵਿਯੋਗ ਰਾਜਨੀਤਕ ਦਮਨ ਦੇ ਕਾਰਣ ਉਪਜਿਆ ਹੈ, ਇਸ ਕਰਕੇ ਇਸ ਦਮਨ ਨਾਲ ਭਰਪੂਰ ਪਰਿਸਥਿਤੀਆਂ ਤੇ ਘਟਨਾਵਾਂ ਦਾ ਵਰਣਨ ਅਤੇ ਇਸ ਵਿਰੁੱਧ ਰੋਹ ਤੇ ਰੋਸ ਦੀ ਸੁਰ ਵੀ ਇਨ੍ਹਾਂ ਬਾਰਾਂਮਾਹਿਆਂ ਦੀ ਪੇਸ਼ਕਾਰੀ ਦੇ ਅੰਗ ਬਣੇ ਹਨ। ਇਹ ਵਿਸ਼ੇਸ਼ਤਾ ਇਨ੍ਹਾਂ ਰਚਨਾਵਾਂ ਨੂੰ ਇਤਿਹਾਸਕ ਤੇ ਰਾਜਨੀਤਕ ਚੇਤਨਾ ਦੇ ਪਾਸਾਰ ਨਾਲ ਜੋੜਦੀ ਹੈ।

ਇਨ੍ਹਾਂ ਸੱਤ ਬਾਰਾਂਮਾਹਿਆਂ ਵਿਚੋਂ ਸਭ ਤੋਂ ਪਹਿਲੀ ਤੇ ਸਭ ਤੋਂ ਵੱਡਆਕਾਰੀ ਰਚਨਾ ਬਾਬਾ ਚੰਦਾ ਸਿੰਘ ਦੁਆਰਾ ਰਚਿਤ ਬਾਰਾਂਮਾਹ ਹੈ। ਇਸਦਾ ਰਚਨਾ-ਕਾਲ 1872 ਈ. ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਮਗਰੋਂ ਦਾ ਸਮਾਂ ਹੈ ਅਤੇ ਇਹ 1884 ਈ. ਤਕ ਲੋਕਾਂ ਦੇ ਹੱਥਾਂ ਤਕ ਪਹੁੰਚ ਚੁਕਾ ਸੀ। ਡਾ. ਹਰਿਭਜਨ ਸਿੰਘ ਦੁਆਰਾ ਸੰਪਾਦਿਤ ਪੁਸਤਕ ਉਨ੍ਹੀਂਵੀ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ ਵਿਚ ਇਹ ਇਤਿਹਾਸਕ ਜਾਣਕਾਰੀ ਦਰਜ ਹੈ ਕਿ 24 ਜੂਨ 1884 ਨੂੰ ਉਸ ਵਕਤ ਦੇ ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਮਿਸਟਰ ਸੀ.ਐਲ.ਟੱਪਰ ਵਲੋਂ ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਮਿਸਟਰ ਏ. ਮਕੈਂਜ਼ੀ ਵਲ ਲਿਖੇ ਗਏ ਇਕ ਪੱਤਰ ਵਿਚ ਇਸ ਬਾਰਾਂਮਾਹੇ ਦਾ ਜ਼ਿਕਰ ਕੀਤਾ ਗਿਆ ਸੀ ਅਤੇ ਇਸ ਦਾ ਅੰਗਰੇਜ਼ੀ ਅਨੁਵਾਦ ਵੀ ਉਸ ਪੱਤਰ ਦੇ ਨਾਲ ਭੇਜਿਆ ਗਿਆ ਸੀ।[2]

ਬਾਬਾ ਚੰਦਾ ਸਿੰਘ ਦੇ ਬਾਰਾਂਮਾਹੇ ਦੀ ਸੰਰਚਨਾਤਮਕ ਵਿਲੱਖਣਤਾ ਧਿਆਨ ਦੇਣ ਯੋਗ ਹੈ। ਇਸ ਦਾ ਆਰੰਭ ਸਿੱਧਾ ਮਹੀਨਿਆਂ ਦੇ ਵਰਣਨ ਨਾਲ ਕਰਨ ਦੀ ਬਜਾਏ ਲੇਖਕ ਨੇ ਭੂਮਿਕਾ ਦੇ ਰੂਪ ਵਿਚ ਲਿਖੇ ਦੋਹਿਰੇ ਨਾਲ ਕੀਤਾ ਹੈ ਜਿਸ ਵਿਚ ਉਸ ਨੇ ਸ੍ਵੈ-ਪਰਿਚਯ ਦੇ ਕੁਝ ਵੇਰਵੇ ਅੰਕਿਤ ਕੀਤੇ ਹਨ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਲੇਖਕ ਨੇਤਰਹੀਣ ਹੈ ਅਤੇ ਸਹਾਰਨ ਨਾਂ ਦੇ ਸਥਾਨ 'ਤੇ ਦੀਵਾਨ ਸਿੰਘ ਦੇ ਕੋਲ ਰਹਿੰਦਾ ਹੈ। ਇਹੋ ਦੋਹਿਰਾ ਇਸ ਬਾਰਾਂਮਾਹੇ ਦੇ ਅੰਤ ਵਿਚ ਫੇਰ ਅੰਕਿਤ ਕੀਤਾ ਗਿਆ ਹੈ। ਇਸ ਕਾਵਿਮਈ ਭੂਮਿਕਾ ਉਪਰੰਤ ਬਾਰਾਂਮਾਹੇ ਦੇ ਆਰੰਭ ਵਿਚ ਚਾਰ ਹੋਰ ਦੋਹਿਰੇ ਗੁਰੂ-ਬੰਦਨਾ, ਗੁਰੂ-ਮਹਿਮਾ ਅਤੇ ਗੁਰੂ ਦੇ ਅਵਤਾਰ ਧਾਰਣ ਦੇ ਵੇਰਵਿਆਂ ਦੇ ਰੂਪ ਵਿਚ ਦਰਜ ਕੀਤੇ ਗਏ ਹਨ। ਇਨ੍ਹਾਂ ਤੋਂ ਬਾਅਦ ਬਾਰਾਂ ਮਹੀਨਿਆਂ ਦੇ ਨਾਵਾਂ ਨਾਲ ਆਰੰਭ ਹੋਣ ਵਾਲੇ ਬਾਰਾਂ ਉਪ-ਭਾਗ ਲਿਖੇ ਗਏ ਹਨ ਜਿਹੜੇ ਆਕਾਰ ਦੇ ਪੱਖੋਂ ਅਸਮਾਨ ਹਨ। ਚੇਤਰ ਦੇ ਨਾਂ ਨਾਲ ਸ਼ੁਰੂ ਹੋਣ ਵਾਲਾ ਪਹਿਲਾ ਉਪਭਾਗ ਪੰਝੀ ਪੰਗਤੀਆਂ ਦਾ ਹੈ ਜਦਕਿ ਵੈਸਾਖ ਮਹੀਨੇ ਵਾਲਾ ਦੂਸਰਾ ਉਪਭਾਗ ਤੀਹ ਪੰਗਤੀਆਂ

Sri Satguru Jagjit Singh Ji Elibrary NamdhariElibrary@gmail.com

ਦਾ ਹੈ। ਜੇਠ, ਸਾਵਣ ਤੇ ਪੋਹ ਵਾਲੇ ਉਪ-ਭਾਗਾਂ ਵਿਚ ਇਕੱਤੀ ਇਕੱਤੀ ਪੰਗਤੀਆਂ ਅਤੇ ਅੱਸੂ ਤੇ ਕੱਤਕ ਵਾਲੇ ਉਪ-ਭਾਗਾਂ ਵਚ ਚੌਂਤੀ ਚੌਂਤੀ ਪੰਗਤੀਆਂ ਸ਼ਾਮਿਲ ਕੀਤੀਆਂ ਹੋਈਆਂ ਹਨ। ਫੱਗਣ ਦੇ ਮਹੀਨੇ ਨਾਲ ਸੰਬੰਧਿਤ ਉਪ-ਭਾਗ ਉਨੱਤਰ ਪੰਗਤੀਆਂ ਦਾ ਹੈ। ਨਾਮਧਾਰੀ ਸਤਿਗੁਰੂ ਦੇ ਵਿਯੋਗ ਤੋਂ ਉਪਜੇ ਮਨੋਭਾਵਾਂ ਦੇ ਕਾਵਿਕ ਉਦਾਰ ਵਜੋਂ ਰਚਿਆ ਹੋਇਆ ਇਹ ਉਪ-ਭਾਗ ਸਭ ਤੋਂ ਵਿਸਤ੍ਰਿਤ ਹੈ। ਇਸ ਤੋਂ ਮਗਰੋਂ ਰਚਨਾ ਨੂੰ ਇਕ ਨਵੇਂ ਤੇ ਵਿਚਿੱਤਰ ਵਿਸਤਾਰ ਨਾਲ ਜੋੜਿਆ ਗਿਆ ਹੈ ਜਿਸ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਦੌਰਾਨ ਉਨ੍ਹਾਂ ਦੀ ਹਜ਼ੂਰੀ ਵਿਚ 'ਕਲ ਮਾਤਾ' ਦੇ ਆਉਣ ਦੇ ਕਾਲਪਨਿਕ ਪ੍ਰਸੰਗ ਦਾ ਵਰਣਨ ਕੀਤਾ ਗਿਆ ਹੈ। ਇਸ ਰਚਨਾ ਵਿਚ 'ਕਲ' ਤੇ 'ਨਾਰਦ' ਪਾਤਰਾਂ ਦਾ ਪ੍ਰਵੇਸ਼ ਕਰਾਉਣਾ ਲੇਖਕ ਦੀ ਪੰਜਾਬੀ ਵਾਰਾਂ ਦੇ ਇਨ੍ਹਾਂ ਮਿਥਿਹਾਸਕ ਪਾਤਰਾਂ ਦੀ ਲੜਾਈ ਦਾ ਮੁੱਢ ਬੰਨ੍ਹਣ ਵਾਲੀ ਭੂਮਿਕਾ ਪ੍ਰਤੀ ਸਚੇਤਤਾ ਦਾ ਲਖਾਇਕ ਹੈ। ਇਸ ਬਾਰਾਂਮਾਹੇ ਵਿਚ ਵੀ ਕਲ ਮਾਤਾ ਨੂੰ ਨਾਰਦ ਸਮੇਤ ਇਹੋ ਕੰਮ ਸੌਂਪਿਆ ਗਿਆ ਹੈ:

ਕਲ ਮਾਤਾ ਨੂੰ ਫੁਰਮਾਇਆ
ਤੂੰ ਵਿਚ ਪਠਾਣਾਂ ਜਾਹਿ
ਨਾਰਦ ਭਊਰੂ ਵਾਇਗਾ
ਤੂ ਸੁਤੀ ਕਲਾ ਜਗਾਇ[੬]

ਏਸੇ ਪ੍ਰਸੰਗ ਨੂੰ ਨਾਮਧਾਰੀ ਗੁਰੂ ਜੀ ਵੱਲੋਂ ਰੂਸ ਨੂੰ ਹੁਕਮਨਾਮੇ ਭੇਜੇ ਜਾਣ ਦਾ ਵੇਰਵਾ ਦਰਜ ਹੈ। ਜਿਸ ਅਨੁਸਾਰ ਰੂਸ ਨੂੰ ਪੰਜਾਬ ਆਉਣ ਅਤੇ ਅੰਗਰੇਜ਼ਾਂ ਉੱਤੇ ਹਮਲਾ ਕਰਕੇ ਉਨ੍ਹਾਂ ਪਾਸੋਂ ਭਾਰਤ ਨੂੰ ਆਜ਼ਾਦੀ ਦਿਵਾਉਣ ਵਿਚ ਮਦਦ ਕਰਨ ਦਾ ਹੁਕਮ (ਸੱਦਾ) ਦਿੱਤਾ ਗਿਆ ਹੈ।

ਅਗਲੀਆਂ ਪੰਕਤੀਆਂ ਵਿਚ ਰੂਸ ਦੇ ਹਮਲੇ ਦਾ ਅਤੇ ਉਸ ਦੇ ਫਲਸਰੂਪ ਅੰਗਰੇਜ਼ ਫੌਜਾਂ ਵਿਚ ਮਚੀ ਤਬਾਹੀ ਦਾ ਕਾਲਪਨਿਕ ਦ੍ਰਿਸ਼-ਚਿਤਰਣ ਹੈ:

ਫੌਜਾਂ ਚੜ੍ਹ ਰੂਸ ਦੀਆਂ ਧਾਈਆਂ
ਫਿਰ ਗਈਆਂ ਲੰਦਨ ਵਿਚ ਦੁਹਾਈਆਂ
ਓਧਰੋਂ ਗੋਰੇ ਕਰਦੇ ਧਾਈਆਂ
ਦਿਨੋ ਦਿਨ ਹੋਸਨ ਬਹੁਤ ਲੜਾਈਆਂ
ਮਰਸਨ ਬੇਟੇ ਜਾਏ ਮਾਈਆਂ
ਬਹਿ ਬਹਿ ਰੋਵਨ ਧੀਆਂ ਪਰਾਈਆਂ
ਪੱਲੂ ਪਾਇ ਕੇ।[੭]

ਇਸ ਤੋਂ ਅੱਗੇ ਸੂਬਾ ਬਿਸ਼ਨ ਸਿੰਘ ਦੇ ਅਫ਼ਗਾਨਿਸਤਾਨ ਵਿਚ ਗੁਰੂ ਦਾ

Sri Satguru Jagjit Singh Ji Elibrary NamdhariElibrary@gmail.com

ਹੁਕਮਨਾਮਾ ਲੈ ਕੇ ਜਾਣ ਦਾ ਅਤੇ ਉਥੋਂ ਦੀ ਹਕੂਮਤ ਵੱਲੋਂ ਹਾਂ ਪੱਖੀ ਕਾਰਵਾਈ ਦਾ ਜ਼ਿਕਰ ਆਇਆ ਹੈ। ਫਿਰ ਰੂਸ ਦੇ ਪੰਜਾਬ ਵਿਚ ਆਉਣ ਅਤੇ ਯੁੱਧ ਕਰਨ ਤੋਂ ਮਗਰੋਂ ਏਥੇ ਮਚਣ ਵਾਲੀ ਤਬਾਹੀ ਅਤੇ ਭੁੱਖਮਰੀ ਦੀ ਭਿਆਨਕ ਸਥਿਤੀ ਦੀ ਕਲਪਨਾ ਵੀ ਕੀਤੀ ਗਈ ਹੈ ਅਤੇ ਅਖ਼ੀਰ ਵਿਚ ਨਾਮਧਾਰੀ ਸਤਿਗੁਰੂ ਦੇ ਮੁੜ ਪੰਜਾਬ ਵਿਚ ਆ ਕੇ, ਅਸੁਰਾਂ ਦਾ ਸੰਘਾਰ ਕਰਨ ਅਤੇ ਪੁਰਾਣੀਆਂ ਸਫਾਂ ਉਠਾ ਕੇ, ਨਵੇਂ ਨਿਸ਼ਾਨ ਝੁਲਾਉਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਕਲ ਤੇ ਨਾਰਦ ਦਾ ਪ੍ਰਵੇਸ਼, ਲੜਾਈ ਦਾ ਜ਼ਿਕਰ, ਅਸੁਰਾਂ ਦਾ ਸੰਘਾਰ, ਨਵੇਂ ਨਿਸਾਨੇ ਝੁਲਾਉਣੇ ਆਦਿ ਵੇਰਵੇ ਇਸ ਰਚਨਾ ਨੂੰ ਬੀਰ ਰਸੀ ਪ੍ਰਭਾਵ ਨਾਲ ਜੋੜਦੇ ਹਨ। ਜਿਸ ਆਧਾਰ 'ਤੇ ਕਿਰਪਾਲ ਸਿੰਘ ਕਸੇਲ ਨੇ ਇਸ ਨੂੰ "ਸ਼ਿੰਗਾਰ ਅਤੇ ਬੀਰ ਰਸ ਦਾ ਅਦੁੱਤੀ ਸੰਯੋਗ" ਕਿਹਾ ਹੈ।[5] ਪਰ ਗਹਿਰਾਈ ਨਾਲ ਅਧਿਐਨ ਕੀਤਿਆਂ ਇਸ ਰਚਨਾ ਦਾ ਅੰਤਿਮ ਪ੍ਰਭਾਵ ਸ਼ਿੰਗਾਰ ਰਸੀ ਹੀ ਸਾਬਿਤ ਹੁੰਦਾ ਹੈ।

ਇਸ ਸਾਰੇ ਪ੍ਰਸੰਗ-ਵਰਣਨ ਤੋਂ ਕਵੀ ਦੀ ਕਲਪਨਾ-ਸ਼ਕਤੀ ਦੀ ਸਮਰੱਥਾ ਦਾ ਪ੍ਰਮਾਣ ਮਿਲਦਾ ਹੈ। ਇਹ ਸਭ ਭਾਵੇਂ ਕਾਲਪਨਿਕ ਵਰਣਨ ਹੈ ਪਰ ਇਸ ਵਿਚ ਕੁਝ ਇਤਿਹਾਸਕ ਘਟਨਾਵਾਂ ਦੇ ਸੰਕੇਤ ਵੀ ਮੌਜੂਦ ਹਨ। ਇਹ ਗੱਲ ਇਤਿਹਾਸਕ ਤੌਰ 'ਤੇ ਪ੍ਰਮਾਣਿਤ ਹੋ ਚੁੱਕੀ ਹੈ ਕਿ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਆਪਣੀ ਜਲਾਵਤਨੀ ਦੌਰਾਨ ਆਪਣੇ ਸੂਬਿਆਂ ਬਿਸ਼ਨ ਸਿੰਘ ਅਤੇ ਗੁਰਚਰਨ ਸਿੰਘ ਰਾਹੀਂ ਅਫ਼ਗਾਨਿਸਤਾਨ ਤੇ ਰੂਸ ਦੀਆਂ ਹਕੂਮਤਾਂ ਨਾਲ ਸੰਪਰਕ ਕਾਇਮ ਕਰਕੇ ਉਨ੍ਹਾਂ ਤੋਂ ਅੰਗਰੇਜ਼ਾਂ ਦੇ ਖਿਲਾਫ਼ ਲੜਾਈ ਲੜਨ ਵਾਸਤੇ ਮਦਦ ਲੈਣ ਦਾ ਉਪਰਾਲਾ ਕੀਤਾ ਸੀ। ਇਹ ਉਪਰਾਲਾ ਪੰਜਾਬ ਦੀਆਂ ਘਰੇਲੂ ਪਰਿਸਥਿਤੀਆਂ ਦੇ ਪ੍ਰਤੀਕੂਲ ਹੋਣ ਕਾਰਣ ਅਤੇ ਅੰਤਰਰਾਸ਼ਟਰੀ ਰਾਜਨੀਤੀ ਦੀਆਂ ਮਜਬੂਰੀਆਂ ਜਾਂ ਦਬਾਵਾਂ ਕਾਰਣ ਸਿਰੇ ਨਹੀਂ ਚੜ੍ਹ ਸਕਿਆ, ਪਰ ਇਹ ਆਪਣੇ ਆਪ ਵਿਚ ਨਾਮਧਾਰੀ ਗੁਰੂ ਜੀ ਦੀ ਦੇਸ਼-ਆਜ਼ਾਦੀ ਲਈ ਕੀਤੀ ਅਦੁੱਤੀ ਘਾਲਣਾ ਦੀ ਸ਼ਕਤੀਸ਼ਾਲੀ ਮਿਸਾਲ ਬਣਦਾ ਹੈ। ਚੰਦਾ ਸਿੰਘ ਦੇ ਬਾਰਾਂਮਾਹੇ ਵਿਚ ਆਏ ਉੱਪਰ-ਵਰਣਿਤ ਵੇਰਵੇ ਇਸ ਇਤਿਹਾਸਕ ਉਪਰਾਲੇ ਤੋਂ ਆਧਾਰ ਪ੍ਰਾਪਤ ਕਰਦੇ ਹਨ। ਇਸ ਕਾਲਪਨਿਕ ਵਰਣਨ ਉਪਰੰਤ ਬਾਰਾਂਮਾਹੇ ਦੇ ਅੰਤ ਵਿਚ ਅੰਤਿਕਾ ਅਤੇ ਮਹਾਤਮ ਦੇ ਰੂਪ ਵਿਚ ਪੰਜ ਦੋਹਿਰੇ ਅੰਕਿਤ ਕੀਤੇ ਗਏ ਹਨ ਜੋ ਇਸ ਰਚਨਾ ਦੇ ਆਰੰਭ ਵਾਲੇ ਪੈਟਰਨ ਨਾਲ ਇਕਸਾਰਤਾ ਕਾਇਮ ਕਰਦੇ ਹੋਏ ਇਸ ਨੂੰ ਇਕ ਸੁਗਠਿਤ ਤਰਤੀਬ ਪ੍ਰਦਾਨ ਕਰਦੇ ਹਨ।

ਬਾਬਾ ਚੰਦਾ ਸਿੰਘ ਦੇ ਬਾਰਾਂਮਾਹੇ ਵਾਲੀਆਂ ਬਹੁਤੀਆਂ ਵਿਸ਼ੇਸ਼ਤਾਵਾਂ ਉਨ੍ਹੀਵੀਂ ਸਦੀ ਵਿ ਹ ਰਚੇ ਗਏ ਦੋ ਹੋਰ ਬਾਰਾਂਮਾਹਿਆਂ ਵਿਚ ਨਜ਼ਰ ਨਹੀਂ ਆਉਂਦੀਆਂ। ਇਹ ਦੋਵੇਂ ਬਾਰਾ ਾਹੇ ਆਕਾਰ ਵਿਚ ਛੋਟੇ ਹਨ। ਇਹ ਬਾਰਾਂ ਮਹੀਨਿਆਂ ਦੇ ਨਾਵਾਂ ਤੋਂ

Sri Satguru Jagjit Singh Ji Elibrary NamdhariElibrary@gmail com

ਆਰੰਭ ਕੀਤੇ ਗਏ ਬੰਦਾਂ ਦੇ ਪ੍ਰਬੰਧ ਦੇ ਰੂਪ ਵਿਚ ਰਚੇ ਹੋਏ ਹਨ ਅਤੇ ਇਨ੍ਹਾਂ ਦੇ ਆਰੰਭ ਵਿਚ ਭੂਮਿਕਾ, ਗੁਰੂ-ਬੰਦਨਾ ਜਾਂ ਗੁਰੂ ਮਹਿਮਾ ਅਤੇ ਅੰਤ ਵਿਚ ਅੰਤਿਕਾ, ਨਿਸ਼ਕਰਸ਼ ਜਾਂ ਮਹਾਤਮ ਪ੍ਰਗਟਾਉਣ ਵਾਲੀਆਂ ਸਤਰਾਂ ਨਹੀਂ ਲਿਖੀਆਂ ਹੋਈਆਂ। ਬਿਨ੍ਹਾਂ ਕਿਸੇ ਉਚੇਚੇ ਦੇ ਬਾਰਾਂਮਾਹੇ ਦਾ ਆਰੰਭ ਤੇ ਅੰਤ ਕਰ ਦਿੱਤਾ ਗਿਆ ਹੈ। ਇਹ ਦੋਵੇਂ ਬਾਰਾਂਮਾਹੇ ਨਿਰ ਉਚੇਚ ਤੇ ਸਾਦ ਮੁਰਾਦੀ ਪ੍ਰਗਟਾਓ ਵਿਧੀ ਦੀ ਮਿਸਾਲ ਹਨ। ਇਨ੍ਹਾਂ ਵਿਚ ਕੁਝ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦਾ ਸੰਕੇਤ ਮਾਤਰ ਜ਼ਿਕਰ ਆਇਆ ਹੈ। ਬਾਬਾ ਚੰਦਾ ਸਿੰਘ ਦੇ ਬਾਰਾਂਮਾਹੇ ਵਾਂਗ ਇਨ੍ਹਾਂ ਘਟਨਾਵਾਂ ਨੂੰ ਵਧੇਰੇ ਵਿਸਤਾਰ ਸਹਿਤ ਪੇਸ਼ ਕਰਨ ਦੀ ਗੁੰਜਾਇਸ਼ ਸੰਤ ਨਿਹਾਲ ਸਿੰਘ ਤੇ ਸੰਤ ਕਾਲਾ ਸਿੰਘ ਦੇ ਬਾਰਾਂਮਾਹਿਆਂ ਵਿਚ ਨਹੀਂ ਹੈ। ਏਸੇ ਤਰ੍ਹਾਂ, ਇਨ੍ਹਾਂ ਰਚਨਾਵਾਂ ਵਿਚ ਸਤਿਗੁਰੂ ਦੇ ਵਿਛੋੜੇ ਕਾਰਣ ਪੈਦਾ ਹੋਈ ਬਿਰਹੋਂ-ਵੇਦਨਾ ਦਾ ਵਰਣਨ ਵੀ ਬਹੁਤ ਸੀਮਿਤ ਰੱਖਿਆ ਗਿਆ ਹੈ, ਜਿਵੇਂ:

ਫੱਗਣ ਫੇਰ ਕਦੀ ਆਵੀਂ ਮੁਖ ਆਪਣਾ ਦਿਖਾਵੀਂ,
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ ਜੈਸੇ ਜਿਗਰ ਵਿਚ ਫੋੜਾ,
ਦਿਨ ਰਾਤ ਇਹੋ ਝੋਰਾ ਕੋਈ ਗੱਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬੇਹਾਲ ਖੁਲ੍ਹੇ ਗਲ ਵਿਚ ਵਾਲ
ਫਿਰ ਥੱਕੀ ਢੂੰਡ ਭਾਲ, ਨੈਣੀਂ ਨੀਂਦ ਨਹੀਂ ਆਂਵਦੀ
ਨਿਹਾਲ ਸਿੰਘ ਔਗੁਣਹਾਰ, ਆਇਆ ਤੇਰੇ ਦਰਬਾਰ
ਗੁਰੂ ਭੁੱਲ ਚੁਕ ਬਖਸ਼ ਸੰਗਤ ਸੀਸ ਹੈ ਨਿਵਾਂਵਦੀ।[6]

ਸੰਤ ਕਾਲਾ ਸਿੰਘ ਦੇ ਬਾਰਾਂਮਾਹੇ ਵਿਚ ਤਾਂ ਵਿਯੋਗ-ਵਰਣਨ ਬਿਲਕੁਲ ਸਾਦਾ ਤੇ ਸੰਕੇਤਕ ਹੈ:

ਫੱਗਣ ਵਾਸ ਕਟ ਗੁਰ ਸਾਡੀ, ਵੱਲ ਪਰਦੇਸ ਸਿਧਾਰੇ ਨੇ
ਭੈਣੀ ਸਾਹਿਬ ਵਿਚ ਪਰਗਟ ਹੋ ਕੇ ਕੀਤੇ ਚੋਜ ਨਿਆਰੇ ਨੇ
ਗਊ ਵੰਸ ਨੂੰ ਰੱਖਣ ਦੇ ਹਿਤ ਸੀਸ ਸਿੰਘਾਂ ਨੇ ਵਾਰੇ ਨੇ
ਕਾਲਾ ਸਿੰਘ ਦਰਸ਼ਨ ਗੁਰ ਹੋਸੀ ਹੋਣ ਜੈ ਜੈ ਕਾਰੇ ਨੇ।[7]

ਇਸ ਦੇ ਉਲਟ, ਬਾਬਾ ਚੰਦਾ ਸਿੰਘ ਦੇ ਬਾਰਾਂਮਾਹੇ ਵਿਚ ਗੁਰੂ ਜੀ ਦੇ ਵਿਛੋੜੇ ਦੀ ਘਟਨਾ ਨੂੰ ਵਿਸਤਾਰ ਪੂਰਬਕ ਬਿਆਨ ਕੀਤਾ ਗਿਆ ਹੈ ਅਤੇ ਇਸ ਵਿਛੋੜੇ ਕਾਰਣ ਸੰਗਤ ਵਿਚ ਪੈਦਾ ਹੋਈ ਵਿਆਕੁਲਤਾ ਦਾ ਮਾਰਮਿਕ ਚਿਤਰਣ ਹੈ ਜੋ ਭਾਵਨਾਤਮਕ ਟੁੰਬ ਵਜੋਂ ਪ੍ਰਭਾਵਸ਼ਾਲੀ ਹੈ। ਮਿਸਾਲ ਵਜੋਂ ਨਿਮਨਅੰਕਿਤ ਪੰਗਤੀਆਂ ਅਧਿਐਨ ਯੋਗ ਹਨ:

Sri Satguru Jagjit Singh Ji Elibrary NamdhariElibrary@gmail.com

ਸਤਿਗੁਰ ਬਾਝੋਂ ਚੈਨ ਨਾ ਕੋਈ
ਸੰਗਤ ਸਭ ਉਦਾਸੀ ਹੋਈ
ਰਾਤੀਂ ਨੈਣੀਂ ਨੀਂਦ ਨਾ ਆਵੇ
ਤਾਰੇ ਗਿਣਦਿਆਂ ਰੈਣ ਵਹਾਵੇ
ਸਾਨੂੰ ਪਾਣੀ ਅੰਨ ਨਾ ਭਾਵੇ
ਦਿਨ ਦਿਨ ਗਮ ਗੁਰਾਂ ਦਾ ਖਾਵੇ
ਐਸਾ ਕੌਣ ਜੋ ਆਣ ਮਿਲਾਵੇ
ਮੈ ਕਰਾਂ ਸਿਰ ਵਾਰਨੇ।[8]

ਬਾਬਾ ਚੰਦਾ ਸਿੰਘ ਦੇ ਬਾਰਾਂਮਾਹੇ ਵਿਚ ਫੱਗਣ ਦੇ ਮਹੀਨੇ ਨਾਲ ਸੰਬੰਧਿਤ ਉਪ-ਭਾਗ ਹੋਰ ਸਾਰੇ ਉਪ-ਭਾਗਾਂ ਨਾਲੋਂ ਆਕਾਰ ਵਿਚ ਵਡੇਰਾ ਹੈ। ਕਵੀ ਬੜੇ ਤਰਤੀਬਬੱਧ ਢੰਗ ਨਾਲ ਇਸ ਤੋਂ ਪਹਿਲੇ ਉਪ-ਭਾਗ ਵਿਚ ਸੰਭਾਵੀ ਵਿਛੋੜੇ ਵੱਲ ਸੰਕੇਤ ਕਰਕੇ ਉਸ ਦੇ ਲਈ ਜ਼ਮੀਨ ਤਿਆਰ ਕਰ ਲੈਂਦਾ ਹੈ। ਸੰਤ ਨਿਹਾਲ ਸਿੰਘ ਤੇ ਸੰਤ ਕਾਲਾ ਸਿੰਘ ਦੇ ਬਾਰਾਮਾਹਿਆਂ ਵਿਚ ਭਾਵੇਂ ਬਾਰਾਂ ਦੇ ਬਾਰਾਂ ਬੰਦ ਇਕੋ ਜਿਹੇ ਆਕਾਰ ਵਾਲੇ ਹਨ ਅਤੇ ਸੁਗਠਿਤ ਤਰਤੀਬ ਵਿਚ ਬੱਝੇ ਹੋਏ ਹਨ ਪਰ ਇਨ੍ਹਾਂ ਵਿਚ ਉਸ ਆਪਮੁਹਾਰੀ ਭਾਸ਼ਕ ਲੈਅ ਅਤੇ ਮੌਲਿਕ ਪ੍ਰਗਟਾਓ-ਸ਼ੈਲੀ ਦੀ ਮਿਸਾਲ ਘੱਟ ਮਿਲਦੀ ਹੈ ਜੋ ਬਾਬਾ ਚੰਦਾ ਸਿੰਘ ਦੇ ਬਾਰਾਂਮਾਹੇ ਦੀ ਵਿਲੱਖਣ ਪਛਾਣ ਹੈ। ਇਸ ਬਾਰਾਂਮਾਹੇ ਦੀ ਵਰਣਨ-ਸ਼ੈਲੀ ਅਲੰਕਾਰਿਕ ਤੇ ਭਾਸ਼ਕ ਚਮਤਕਾਰ ਨਾਲ ਭਰਪੂਰ ਹੋਣ ਸਦਕਾ ਵਿਸ਼ੇਸ਼ ਆਕਰਸ਼ਣ ਰੱਖਦੀ ਹੈ। ਇਕ ਮਿਸਾਲ ਨਿਮਨਅੰਕਿਤ ਹੈ:

ਸਤਿਗੁਰ ਚੀਨੀ ਤੇ ਹੁੰਦੇ ਅਸਵਾਰ
ਸੂਬੇ ਸੋਭਾ ਪਾਵਣ ਨਾਲ
ਚੜ੍ਹਦੀ ਜਿਉਂ ਹੰਸਾਂ ਦੀ ਡਾਰ
ਸੋਹੇ ਚੰਦ ਜਿਵੇਂ ਪਰਵਾਰ
ਫੌਜਾਂ ਸੋਹਨ ਜਿਵੇਂ ਸਰਦਾਰ
ਐਸਾ ਕਰਣ ਜੋ ਕਰੇ ਬੀਚਾਰ
ਏਸ ਅਵਤਾਰ ਦੀ।[9]

ਇਸ ਤਰ੍ਹਾਂ ਦੀ ਅਲੰਕ੍ਰਿਤ ਸ਼ੈਲੀ ਦੀ ਹੀ ਵਿਰਲੀ ਟਾਵੀਂ ਮਿਸਾਲ ਸੰਤ ਨਿਹਾਲ ਸਿੰਘ ਦੇ ਬਾਰਾਂਮਾਹੇ ਵਿਚ ਉਪਲਬਧ ਹੁੰਦੀ ਹੈ। ਵੀਹਵੀਂ ਸਦੀ ਵਿਚ ਰਚੇ ਗਏ ਚਾਰ ਬਾਰਾਂਮਾਹਿਆਂ ਵਿਚੋਂ ਸੂਬਾ ਮੀਹਾਂ ਸਿੰਘ ਦਾ ਬਾਰਾਂਮਾਹ ਸੁਹਜਪੂਰਣ ਤਰਤੀਬ ਅਤੇ ਭਾਸ਼ਕ ਲੈਅ ਸਦਕਾ ਵਰਣਨਯੋਗ ਹੈ। ਮਿਸਾਲ ਵਜੋਂ ਹੇਠ ਲਿਖੇ ਬੰਦ ਦਾ ਅਧਿਐਨ ਕੀਤਾ ਜਾ ਸਕਦਾ ਹੈ:

Sri Satguru Jagjit Singh Ji Elibrary NamdhariElibrary@gmail.com

ਲੋਕੀਂ ਆਖਦੇ ਆਇਆ ਵੈਸਾਖ ਸੋਹਣਾ
ਸੋਹਣੇ ਬਾਝ ਸੁਹਾਵਣਾ ਲੱਗਦਾ ਨਹੀਂ
ਦੁਨੀਆਂ ਵਿਚ ਤਕਾਂਵਦੀ ਫਿਰਾਂ ਸੋਹਣੇ
ਸੋਹਣੇ ਬਾਝ ਤਕਾਵਣਾ ਜੱਗ ਦਾ ਨਹੀਂ।10

ਸੰਤ ਇਕਬਾਲ ਸਿੰਘ ਮਨਚੰਦਾ ਦੁਆਰਾ ਰਚਿਤ ਬਾਰਾਂਮਾਹ ਦੀ ਲੈਅਮਈ ਵਰਣਨ ਦੀਆਂ ਮਿਸਾਲਾਂ ਪੇਸ਼ ਕਰਦਾ ਹੈ। ਇਸ ਬਾਰਾਂਮਾਹੇ ਦੀ ਇਕ ਹੋਰ ਵਿਸ਼ੇਸ਼ਤਾ ਇਸ ਦੇ ਕੁਝ ਬੰਦਾਂ ਵਿਚ ਹਿੰਦਵੀ ਸ਼ਬਦ-ਬਣਤਰਾਂ ਦਾ ਪ੍ਰਯੋਗ ਹੈ। ਸਾਵਣ ਦੇ ਮਹੀਨੇ ਵਾਲਾ ਸਮੁੱਚਾ ਬੰਦ ਹੀ ਇਸ ਭਾਸ਼ਾ-ਪ੍ਰਯੋਗ ਦੀ ਮਿਸਾਲ ਹੈ।

ਨਾਮਧਾਰੀ ਕਵੀਆਂ ਦੇ ਇਹ ਬਾਰਾਂਮਾਹੇ ਕੁਝ ਭਾਸ਼ਕ ਤੇ ਸ਼ੈਲੀਗਤ ਵੱਖਰਤਾਵਾਂ ਰੱਖਣ ਦੇ ਬਾਵਜੂਦ ਕਈ ਸਾਂਝੇ ਪਛਾਣ-ਸੂਤਰਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਦਾ ਪ੍ਰਮੁੱਖ ਪਛਾਣ-ਸੂਤਰ ਇਨ੍ਹਾਂ ਦਾ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਇਤਿਹਾਸਕ ਜਲਾਵਤਨੀ ਦੇ ਕਾਰਣ ਪਏ ਗੁਰੂ ਵਿਛੋੜੇ ਤੋਂ ਪ੍ਰੇਰਿਤ ਹੋਣਾ ਹੈ। ਗੁਰੂ-ਪ੍ਰੀਤਮ ਪ੍ਰਤਿ ਸ਼ਰਧਾ-ਪ੍ਰੇਮ ਦਾ ਭਾਵ, ਉਸਦੀ ਨੂਰਾਨੀ ਸ਼ਖ਼ਸੀਅਤ ਦਾ ਕੀਲਵਾਂ ਪ੍ਰਭਾਵ, ਉਸਦੇ ਮਹਾਨ ਕਰਤੱਬਾਂ ਦੀ ਯਾਦ ਅਤੇ ਮਹਿਮਾ, ਉਸਨੂੰ ਮਿਲਣ ਦੀ ਬਿਹਬਲਤਾ ਅਤੇ ਉਸਦੇ ਪਰਤ ਆਉਣ ਦੀ ਆਸ-ਇਹ ਸਾਰੇ ਵੇਰਵੇ ਇਨ੍ਹਾਂ ਬਾਰਾਂਮਾਹਿਆਂ ਦੀ ਬਣਤਰ ਦਾ ਅੰਗ ਹਨ ਅਤੇ ਇਹ ਇਨ੍ਹਾਂ ਦੀ ਸਾਂਝੀ ਕੜੀ ਵਿਚ ਬੰਨ੍ਹਦੇ ਹਨ। ਇਨ੍ਹਾਂ ਸਾਰੀਆਂ ਰਚਨਾਵਾਂ ਦੀ ਵਕਤਾ ਤੇ ਅਨੁਭਵ-ਕਰਤਾ ਧਿਰ ਨਾਮਧਾਰੀ ਸੰਗਤ ਹੈ ਜਿਸਦਾ ਪ੍ਰੀਤਮ ਗੁਰੂ ਰਾਮ ਸਿੰਘ ਜੀ ਹਨ।

ਗੁਰੂ-ਪ੍ਰੀਤਮ ਦੇ ਪ੍ਰੇਮ ਵਿਚ ਲੂੰਅ-ਲੂੰਅ ਗੁੱਧੀ ਸੰਗਤ ਦੇ ਪ੍ਰੇਮ-ਭਾਵ ਦਾ ਸੰਜੋਗ ਸ਼ਿੰਗਾਰ-ਰਸੀ ਹੈ ਤੇ ਵਿਯੋਗ ਸ਼ਿੰਗਾਰ-ਰਸੀ ਪ੍ਰਗਟਾਵਾ ਇਨ੍ਹਾਂ ਬਾਰਾਮਾਹਿਆਂ ਵਿਚ ਚੇਤਰ ਤੋਂ ਫੱਗਣ ਤਕ ਦੀ ਸਮਾਂ-ਗਤੀ ਨਾਲ ਸੰਬੰਧਿਤ ਕਰਕੇ ਕੀਤਾ ਗਿਆ ਹੈ। ਬਹੁਤ ਸਾਰੇ ਪੰਜਾਬੀ ਬਾਰਾਂਮਾਹੇ ਚੇਤਰ ਦੇ ਮਹੀਨੇ ਤੋਂ ਆਰੰਭ ਹੋ ਕੇ ਫੱਗਣ ਦੇ ਮਹੀਨੇ ਦੇ ਵਰਣਨ 'ਤੇ ਆ ਕੇ ਸਮਾਪਤ ਹੁੰਦੇ ਹਨ। ਇਕਾ ਦੁਕੇ ਬਾਰਾਂਮਾਹੇ ਬਾਦਸ਼ਾਹ ਅਕਬਰ ਦੁਆਰਾ ਚਲਾਏ ਗਏ ਫਸਲੀ ਸਾਲ ਅਨੁਸਾਰ ਅੱਸੂ ਦੇ ਮਹੀਨੇ ਦੇ ਵਰਣਨ ਤੋਂ ਆਰੰਭ ਹੋ ਕੇ ਭਾਦਰੋਂ ਦੇ ਮਹੀਨੇ ਦੇ ਵਰਣਨ ਉੱਤੇ ਆ ਕੇ ਸਮਾਪਤ ਹੁੰਦੇ ਹਨ। ਇਸਦੀ ਇਕ ਮਿਸਾਲ ਬਾਬਾ ਬੁਲ੍ਹੇ ਸ਼ਾਹ ਦਾ ਬਾਰਾਂਮਾਹ ਹੈ।[11] ਨਾਮਧਾਰੀ ਕਵੀਆਂ ਦੁਆਰਾ ਰਚਿਤ ਬਾਰਾਂਮਾਹਿਆਂ ਦੀ ਇਕ ਹੋਰ ਸਾਂਝੀ ਪਛਾਣ ਇਹ ਹੈ ਕਿ ਇਨ੍ਹਾਂ ਵਿਚ ਚੇਤਰ ਤੋਂ ਫੱਗਣ ਤਕ ਦੇ ਮਹੀਨਿਆਂ ਦੇ ਨਾਵਾਂ ਨਾਲ ਆਰੰਭ ਹੋਣ ਵਾਲੇ ਵਰਣਨ ਵਿਚ ਮਹੀਨਿਆਂ ਦੇ ਨਾਵਾਂ ਤੋਂ ਇਲਾਵਾ ਹੋਰ ਮੌਸਮੀ ਵਰਤਾਰਿਆਂ ਦੇ ਪ੍ਰਕਿਰਤਕ ਦ੍ਰਿਸ਼ਾਂ ਦਾ ਚਿਤਰਣ ਨਾ-ਮਾਤਰ ਹੀ ਹੈ। ਹਾੜ ਦੀ ਗਰਮੀ, ਪੋਹ ਦੀ ਸਰਦੀ ਜਾਂ ਸਾਵਣ

ਦੀ ਬਰਸਾਤ ਰੁੱਤ ਦਾ ਸੰਕੇਤ ਹੀ ਦਿੱਤਾ ਗਿਆ ਹੈ। ਉਹ ਵੀ ਸਾਰੇ ਬਾਰਾਂਮਾਹਿਆਂ ਵਿਚ ਨਹੀਂ ਹੈ। ਇਸ ਪੱਖ ਤੋਂ ਇਹ ਬਾਰਾਂਮਾਹੇ ਬਾਰਹਮਾਹ ਤੁਖਾਰੀ ਦੀ ਬਜਾਏ ਬਾਰਹਮਾਹ ਮਾਝ ਦੀ ਵਰਣਨ-ਵਿਧੀ ਦਾ ਅਨੁਸਰਣ ਕਰਦੇ ਹਨ।

ਪੰਜਾਬੀ ਬਾਰਾਂਮਾਹਿਆਂ ਦੀ ਪਰੰਪਰਾ ਅਨੁਸਾਰ ਸਾਲ ਦੇ ਬਾਰਾਂ ਮਹੀਨਿਆਂ ਵਿਚੋਂ ਪਹਿਲੇ ਗਿਆਰਾਂ ਮਹੀਨਿਆਂ ਦਾ ਸਮਾਂ ਵਿਯੋਗ-ਅਵਸਥਾ ਦਾ ਸਮਾਂ ਹੈ। ਇਸ ਅਨੁਸਾਰ, ਚੇਤਰ ਤੋਂ ਮਾਘ ਤਕ ਦੇ ਮਹੀਨਿਆਂ ਨਾਲ ਸੰਬੰਧਿਤ ਵਰਣਨ ਬਿਰਹੋਂ-ਅਨੁਭਵ ਦਾ ਹੀ ਕਾਵਿਕ ਰੂਪਾਂਤਰਣ ਹੁੰਦਾ ਹੈ। ਇਨ੍ਹਾਂ ਮਹੀਨਿਆਂ ਵਿਚ ਹੋਣ ਵਾਲੇ ਰੁੱਤ-ਪਰਿਵਰਤਨ ਅਤੇ ਉਨ੍ਹਾਂ ਦੇ ਮੁਤਾਬਕ ਪ੍ਰਕਿਰਤਕ ਵਾਤਾਵਰਣ ਵਿਚ ਵਾਪਰਦੇ ਪਰਿਵਰਤਨ ਬਿਰਹੋਂ ਦੀ ਕਸਕ ਨੂੰ ਹੋਰ ਤੀਬਰ ਕਰਦੇ ਹਨ ਅਤੇ ਬਿਰਹਣ ਦੀ ਵਿਆਕੁਲਤਾ ਸਿਖਰ 'ਤੇ ਜਾ ਪਹੁੰਚਦੀ ਹੈ, ਜਿਥੇ ਇਸ ਦਾ ਵਰਣਨ ਕਰੁਣਾਮਈ ਰੂਪ ਵੀ ਧਾਰਣ ਕਰ ਜਾਂਦਾ ਹੈ। ਅਖੀਰ ਬਾਰ੍ਹਵੇਂ ਮਹੀਨੇ ਅਰਥਾਤ ਫੱਗਣ ਵਿਚ ਪ੍ਰੀਤਮ/ਪਤੀ ਘਰ ਮੁੜਦਾ ਹੈ, ਉਸ ਦੇ ਮਿਲਾਪ ਨਾਲ ਬਿਰਹਣ ਦਾ ਮਨ ਫੱਗਣ ਦੇ ਮਹੀਨੇ ਵਿਚ ਬਨਸਪਤੀ ਦੇ ਫੁੱਲਣ ਫਲਣ ਵਾਂਗ ਹੀ ਖਿੜਦਾ ਤੇ ਮੌਲਦਾ ਦਿਖਾਇਆ ਜਾਂਦਾ ਹੈ। ਇਸ ਤਰ੍ਹਾਂ ਬਾਰਾਂਮਾਹ ਵਿਯੋਗ ਤੋਂ ਸੰਜੋਗ ਤਕ ਦਾ ਸਫ਼ਰ ਤੈਅ ਕਰਦਾ ਹੋਇਆ ਅਤਿਅੰਤ ਦੁਖਮਈ ਵਾਤਾਵਰਣ ਵਿਚੋਂ ਉਭਰਦਾ ਹੈ ਅਤੇ ਸੁਖਮਈ ਅਵਸਥਾ ਦੇ ਚਿਤਰਣ ਉਤੇ ਸਮਾਪਤ ਹੁੰਦਾ ਹੈ। ਅਧਿਆਤਮਕ ਬਾਰਾਮਾਹਿਆਂ ਵਿਚ ਵੀ ਜੀਵਾਤਮਾ ਦੀ ਲੰਮੀ ਬਿਰਹੋਂ-ਅਵਸਥਾ ਅਤੇ ਮਿਲਾਪ-ਸਿੱਕ ਦਾ ਸਿੱਟਾ ਸੁਖਾਂਤਕ ਦਰਸਾਇਆ ਗਿਆ ਹੈ। ਫੱਗਣ ਦੇ ਮਹੀਨੇ ਵਿਚ ਉਸਦਾ ਪ੍ਰਭੂ-ਪਤੀ ਨਾਲ ਮਿਲਾਪ ਹੁੰਦਾ ਹੈ ਤੇ ਜੀਵਾਤਮਾ ਸਦੀਵੀ ਖੇੜੇ ਦੀ ਅਵਸਥਾ ਨੂੰ ਪ੍ਰਾਪਤ ਹੁੰਦੀ ਹੈ। ਗੁਰਬਾਣੀ ਦੇ ਦੋਵੇਂ ਬਾਰਾਂਮਾਹੇ ਇਸੇ ਪੈਟਰਨ ਅਨੁਸਾਰ ਤਰਤੀਬੇ ਹੋਏ ਹਨ।

ਨਾਮਧਾਰੀ ਕਵੀਆਂ ਦੁਆਰਾ ਰਚਿਤ ਬਾਰਾਂਮਾਹੇ ਇਸ ਪਰੰਪਰਾ ਤੋਂ ਬਿਲਕੁਲ ਨਿਖੜਦੇ ਨਜ਼ਰ ਆਉਂਦੇ ਹਨ। ਨਿਖੜਦੇ ਹੀ ਨਹੀਂ, ਉਹ ਇਸ ਨੂੰ ਉਲੱਦ ਦਿੰਦੇ ਹਨ ਅਤੇ ਇਸ ਤਰ੍ਹਾਂ ਬਾਰਾਂਮਾਹ ਦੇ ਪਰੰਪਰਿਕ ਪੈਟਰਨ ਨੂੰ ਅਵਿਵਸਥਿਤ ਕਰਕੇ ਨਵਾਂ ਪੈਟਰਨ ਸਿਰਜਦੇ ਹਨ। ਇਹ ਬਾਰਾਂਮਾਹੇ 'ਵਿਯੋਗ ਤੋਂ ਸੰਯੋਗ ਵਲ ਸਫ਼ਰ' ਦੇ ਪੈਟਰਨ ਨੂੰ ਭੰਗ ਕਰਕੇ ਵਿਯੋਗ ਤੋਂ ਸੰਯੋਗ ਵਲ ਜਾਂ ਫਿਰ ਵਿਯੋਗ ਤੋਂ ਵਿਯੋਗ ਤੱਕ ਦਾ ਸਫ਼ਰ ਤੈਅ ਕਰਦੇ ਹਨ। ਇਸ ਪ੍ਰਕਾਰ, ਨਾਮਧਾਰੀ ਬਾਰਾਂਮਾਹੇ ਦੋ ਵੱਖਰੀਆਂ ਵੱਖਰੀਆਂ ਸਥਿਤੀਆਂ ਦੀ ਰੂਪਮਾਨਤਾ ਦਰਸਾਉਂਦੇ ਹਨ:

(ੳ) ਲੰਮੇ ਸੰਯੋਗ ਦੇ ਅਨੁਭਵ ਉਪਰੰਤ ਅੰਤ ਵਿਚ ਵਿਛੋੜਾਂ ਪੈ ਜਾਣ ਦੀ ਸਥਿਤੀ

Sri Satguru Jagjit Singh Ji Elibrary NamdhariElibrary@gmail.com

(ਅ) ਆਰੰਭ ਤੋਂ ਲੈ ਕੇ ਅੰਤ ਤਕ ਨਿਰੰਤਰ ਵਿਯੋਗ ਭੋਗਣ ਦੀ ਸਥਿਤੀ

ਪਹਿਲੀ ਸਥਿਤੀ ਵਿਚ ਬਾਰਾਂਮਾਹੇ ਦੀ ਵਕਤਾ ਧਿਰ, ਨਾਮਧਾਰੀ ਸੰਗਤ, ਸਾਲ ਗਿਆਰਾਂ ਮਹੀਨੇ, ਅਰਥਾਤ ਚੇਤ ਤੋਂ ਮਾਘ ਦੇ ਮਹੀਨੇ ਤਕ ਨਾਮਧਾਰੀ ਗੁਰੂ ਨਾਨ ਸੰਯੋਗ ਦੀ ਅਵਸਥਾ ਵਿਚ ਵਿਚਰਦੀ ਹੋਈ ਆਤਮਿਕ ਆਨੰਦ ਦਾ ਅਨੁਭਵ ਕਰਦੀ ਦਿਖਾਈ ਗਈ ਹੈ। ਉਹ ਗੁਰੂ ਦੀ ਹਜ਼ੂਰੀ ਵਿਚ ਬੈਠਦੀ, ਉਸਦੇ ਦਰਸ਼ਨ ਕਰਕੇ ਤੇ ਬਚਨ ਸ੍ਰਵਣ ਕਰਕੇ ਨਿਹਾਲ ਹੁੰਦੀ, ਗੁਰੂ ਤੋਂ ਬਲਿਹਾਰ ਜਾਂਦੀ ਹੋਈ ਉਸ ਪ੍ਰਤਿ ਅਥਾਹ ਸ਼ਰਧਾ, ਪ੍ਰੇਮ ਅਤੇ ਸਮਰਪਣ-ਭਾਵ ਦਾ ਪ੍ਰਗਟਾਵਾ ਕਰਦੀ ਹੈ। ਇਹ ਸਾਰੇ ਸਾਲ ਦੇ ਗਿਆਰਾਂ ਮਹੀਨਿਆਂ ਦੇ ਵਰਣਨ ਨੂੰ ਆਤਮਿਕ ਖੇੜੇ ਦੇ ਵਾਤਾਵਰਣ ਨਾਲ ਸੰਜੁਗਤ ਕਰਦੇ ਹਨ। ਇਸ ਦੀ ਇਕ ਸੁੰਦਰ ਮਿਸਾਲ ਵਜੋਂ ਬਾਬਾ ਚੰਦਾ ਸਿੰਘ ਦੇ ਬਾਰਾਂਮਾਹੇ ਦਾ ਅਧਿਐਨ ਕਰਨਾ ਬਣਦਾ ਹੈ। ਇਸ ਵਿਚ ਚੇਤ ਤੋਂ ਮਾਘ ਤੱਕ ਦੇ ਮਹੀਨਿਆਂ ਦੇ ਵਰਣਨ ਦੀ ਪ੍ਰਕਿਰਤੀ ਹੁਲਾਸ ਮਈ ਹੈ। ਮਿਸਾਲ ਵਜੋਂ :

ਅੱਸੂ ਆਸ ਗੁਰਾਂ ਦੀ ਰੱਖੀ
ਨਿਤ ਮੈਂ ਦਰਸਨ ਦੇਖਾਂ ਅੱਖੀਂ
ਸਤਿਗੁਰ ਨਾਮ ਪਦਾਰਥ ਦਿੱਤਾ
ਬੈਠ ਕਿਨਾਰੇ ਚੱਖੀਂ
ਕੀ ਪਰਵਾਹ ਕਿਸੇ ਦੀ ਉਹਨਾਂ
ਗੁਰੂ ਜਿਨ੍ਹਾਂ ਦਾ ਪੱਖੀਂ
ਸਤਿਗੁਰ ਬਿਰਦ ਤੁਮਾਰਾ ਕਹੀਏ
ਲਾਜ ਬਿਰਦ ਦੀ ਰੱਖੀ
ਬਿਰਦ ਬੀਚਾਰ ਕੇ।[12]

ਮਾਘ ਮਹੀਨੇ ਵਾਲੇ ਉਪ-ਭਾਗ ਵਿਚ ਕਵੀ ਆਉਣ ਵਾਲੇ ਸਮੇਂ ਵਿਚ ਇਸ ਹੁਲਾਸਈ ਵਾਤਾਵਰਣ ਦੇ ਵਿਛੋੜੇ ਦੇ ਸੋਗ ਵਿਚ ਪਰਿਵਰਤਿਤ ਹੋ ਜਾਣ ਵੱਲ ਸੰਕੇਤ ਕਰ ਜਾਂਦਾ ਹੈ ਅਤੇ ਫਿਰ ਫੱਗਣ ਦੇ ਮਹੀਨੇ ਦਾ ਸਾਰਾ ਉਪ-ਭਾਗ ਇਸੇ ਗੌਰਵਮਈ ਵਾਤਾਵਰਣ ਦੀ ਪਿੱਠਭੂਮੀ ਵਿਚ ਰਚਿਆ ਗਿਆ ਹੈ :

ਮਹੀਨੇ ਫੱਗਣ ਕੀਆ ਪਰਵਾਸ
ਸਤਿਗੁਰ ਕੀਤਾ ਚਿੱਤ ਉਦਾਸ
ਜਿਵੇਂ ਰਾਮ ਚਲੇ ਬਨਬਾਸ
ਸੀਤਾ ਲਛਮਣ ਲੈ ਗਏ ਸਾਥ...[13]

ਸੰਤ ਨਿਹਾਲ ਸਿੰਘ ਅਤੇ ਸੰਤ ਕਾਲਾ ਸਿੰਘ ਦੁਆਰਾ ਰਚਿਤ ਬਾਰਾਂਮਾਹੇ ਵੀ ਬਾਬਾ ਚੰਦਾ ਸਿੰਘ ਦੇ ਬਾਰਾਂਮਾਹੇ ਵਾਂਗ ਹੀ ਸੰਯੋਗ ਦੀ ਸਥਿਤੀ ਤੋਂ ਵਿਯੋਗ ਦੀ

Sri Satguru Jagjit Singh Ji Elibrary NamdhariElibrary@gmail com

ਸਥਿਤੀ ਵੱਲ ਸਫ਼ਰ ਤੈਅ ਕਰਦੇ ਅਤੇ ਦੁਖਮਈ ਵਾਤਾਵਰਣ ਵਿਚ ਸਮਾਪਤ ਹੁੰਦੇ ਹਨ। ਇਸ ਵਾਤਾਵਰਣ ਵਿਚ ਗੁਰੂ ਦੇ ਮੁੜ ਦਰਸ਼ਨ ਹੋਣ ਦੀ ਆਸ ਇਕ ਸਕਾਰਾਤਮਕ ਵੇਰਵਾ ਹੈ।

ਵੀਹਵੀਂ ਸਦੀ ਵਿਚ ਰਚੇ ਗਏ ਚਾਰੇ ਨਾਮਧਾਰੀ ਬਾਰਾਂਮਾਹੇ ਵਿਯੋਗ ਤੋਂ ਵਿਯੋਗ ਤਕ ਦੀ ਸਥਿਤੀ ਦੇ ਅਨੁਭਵ ਨੂੰ ਰੂਪਮਾਨ ਕਰਦੇ ਹਨ। ਇਨ੍ਹ ਬਾਰਾਂਮਾਹਿਆਂ ਦੇ ਆਰੰਭ ਵਿਚ ਹੀ ਚੇਤਰ ਮਹੀਨੇ ਨਾਲ ਸੰਬੰਧਿਤ ਬੰਦ ਬਿਰਹੋਂ-ਵੇਦਨਾ ਦੇ ਚਿਤਰਣ ਦੀ ਮਿਸਾਲ ਬਣਦਾ ਹੈ:

ਚੇਤਰ ਚਿਤ ਦੇ ਵਿਚ ਉਦਾਸ ਹੋਏ
ਕਦੋਂ ਆਣ ਕੇ ਦਰਸ ਦਿਖਾਏ ਪੀਆ
ਅਸਾਂ ਰੋਂਦਿਆਂ ਤੇ ਕੁਰਲਾਂਦਿਆਂ ਨੂੰ
ਕਦੋਂ ਆਣਕੇ ਗਲੇ ਲਗਾਏ ਪੀਆ...[14] (ਸੂਬਾ ਮੀਹਾਂ ਸਿੰਘ)
... ...
ਚੇਤਰ ਚਿੰਤਾ ਸਤਿਗੁਰੂ ਵਾਲੀ
ਪੀਆ ਗਏ ਪ੍ਰਦੇਸ
ਜੋਗਣ ਬਣਕੇ ਢੂੰਡਣ ਜਾਵਾਂ
ਕਰਕੇ ਭਗਵਾ ਵੇਸ...[15](ਸੰਤ ਤੇਜਾ ਸਿੰਘ ਸੋਖਲ)

ਇਸ ਤਰ੍ਹਾਂ ਦੇ ਬਿਰਹੋਂ-ਵਰਣਨ ਇਨ੍ਹਾਂ ਬਾਰਾਂਮਾਹਿਆਂ ਦੇ ਆਰੰਭਕ ਬੰਦ ਤੋਂ ਲੈ ਕੇ ਅੰਤਿਮ ਬੰਦ ਤਕ ਦੀ ਵਿਸ਼ੇਸ਼ਤਾ ਹੈ। ਇਨ੍ਹਾਂ ਵਿਚ ਸੰਯੋਗ ਦੀ ਸਥਿਤੀ ਦੀ ਮੂਲੋਂ ਅਣਹੋਂਦ ਹੈ। ਇਸ ਲਈ ਇਹ ਨਿਰੋਲ ਵਿਯੋਗ ਸ਼ਿੰਗਾਰ-ਰਸੀ ਰਚਨਾਵਾਂ ਹਨ। ਇਸ ਤਰ੍ਹਾਂ ਰਚਨਾਵਾਂ ਦੇ ਕੁਝ ਨਮੂਨੇ ਲੋਕ ਬਾਰਾਮਾਹਿਆਂ ਦੀ ਪਰੰਪਰਾ ਵਿਚ ਉਪਲਬਧ ਹਨ।[16] 'ਬਾਰਾਂਮਾਹ ਬੁਲ੍ਹੇ ਸ਼ਾਹ ਦਾ' ਵੀ ਏਸੇ ਪੈਟਰਨ ਅਨੁਸਾਰ ਰਚਿਆ ਹੋਇਆ ਹੈ। ਇਸ ਵਿਚ ਵੀ ਅੱਸੂ ਦੇ ਮਹੀਨੇ ਤੋਂ ਆਰੰਭ ਕਰਕੇ ਦੋ ਮਹੀਨੇ ਤਕ ਦਾ ਸਮਾਂ ਚੱਕਰ ਬਿਰਹੋਂ-ਵੇਦਨਾ ਦੀ ਪੇਸ਼ਕਾਰੀ ਦੁਆਲੇ ਹੀ ਘੁੰਮਦਾ ਨਜ਼ਰ ਆਉਂਦਾ ਹੈ।[17] ਨਾਮਧਾਰੀ ਬਾਰਾਂਮਾਹਿਆਂ ਵਿਚ ਉਪਲਬਧ ਸੰਯੋਗ ਤੋਂ ਵਿਯੋਗ ਵੱਲ ਜਾਣ ਦੀ ਸਥਿਤੀ ਨਿਰੋਲ ਇਨ੍ਹਾਂ ਬਾਰਾਂਮਾਹਿਆਂ ਦੀ ਵਿਲੱਖਣ ਵਿਸ਼ੇਸ਼ਤਾ ਹੈ। ਦਰਅਸਲ ਉਨ੍ਹੀਵੀਂ ਸਦੀ ਵਿਚ ਰਚੇ ਗਏ ਤਿੰਨੇ ਬਾਰਾਂਮਾਹੇ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲ ਦੀਆਂ ਰਚਨਾਵਾਂ ਹਨ ਅਤੇ ਇਨ੍ਹਾਂ ਦੇ ਰਚਣਹਾਰਿਆਂ ਨੂੰ ਗੁਰੂ ਜੀ ਦੀ ਹਜ਼ੂਰੀ ਵਿਚ ਬੈਠਣ ਤੇ ਉਨ੍ਹਾਂ ਦੇ ਦਰਸ਼ਨ ਦੀਦਾਰ ਕਰਨ ਦਾ ਸੁਭਾਗ ਪ੍ਰਾਪਤ ਸੀ ਜਿਸ ਦੇ ਆਧਾਰ 'ਤੇ ਉਨ੍ਹਾਂ ਨੇ ਸੰਯੋਗ-ਅਵਸਥਾ ਦਾ ਚਿਤਰਣ ਕੀਤਾ ਹੈ। ਫਿਰ ਗੁਰੂ ਜੀ ਦੀ ਜਲਾਵਤਨੀ ਦੇ ਕਾਰਣ ਪੈਦਾ ਹੋਏ ਵਿਯੋਗ ਦੀ ਪੀੜਾ ਵੀ ਉਨ੍ਹਾਂ ਨੇ ਸੰਗਤ ਦੀ

Sri Satguru Jagjit Singh Ji Elibrary NamdhariElibrary@gmail.com

ਅਨੁਭੂਤੀ ਦਾ ਅੰਗ ਬਣਦੀ ਮਹਿਸੂਸ ਕੀਤੀ ਸੀ। ਦੂਸਰੇ ਪਾਸੇ ਵੀਹਵੀਂ ਸਦੀ ਵਿਚ ਰਚੇ ਗਏ ਚਾਰੇ ਬਾਰਾਂਮਾਹੇ ਗੁਰੂ ਜੀ ਦੇ ਵਿਯੋਗ ਨੂੰ ਨਿਰੰਤਰ ਮਹਿਸੂਸ ਕਰਦੀ ਆ ਰਹੀ ਸੰਗਤ ਦੇ ਮਨੋਭਾਵਾਂ ਦੀ ਪੇਸ਼ਕਾਰੀ ਹਨ। ਸੰਯੋਗ ਦਾ ਅਨੁਭਵ ਇਨ੍ਹਾਂ ਦੀ ਬਣਤਰ ਦਾ ਹਿੱਸਾ ਨਹੀਂ ਬਣਿਆ ਪਰ ਗੁਰੂ-ਪ੍ਰੀਤਮ ਵੱਲੋਂ ਕੀਤੇ ਗਏ ਮੁੜ ਆਉਣ ਦੇ ਵਾਅਦੇ ਵੱਲ ਸੰਕੇਤ ਇਸ ਨਿਰੰਤਰ ਵਿਯੋਗ ਦੀ ਸਥਿਤੀ ਵਿਚ ਸੰਯੋਗ ਦੀ ਸੰਭਾਵਨਾ ਦਾ ਹਾਂ ਮੁਖ ਵੇਰਵਾ ਹੈ ਜੋ ਵਿਯੋਗ ਦੀ ਸਥਿਤੀ ਨੂੰ ਕਰੁਣਾਮਈ ਨਿਰਾਸ਼ਾ ਦੀ ਹੱਦ ਤਕ ਨਹੀਂ ਪਹੁੰਚਣ ਦਿੰਦਾ।

ਇਸ ਪ੍ਰਕਾਰ, ਨਾਮਧਾਰੀ ਕਵੀਆਂ ਵੱਲੋਂ ਰਚੇ ਗਏ ਬਾਰਾਂਮਾਹਿਆਂ ਦੇ ਅਧਿਐਨ ਵਿਚੋਂ ਗੁਜ਼ਰਦਿਆਂ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਇਹ ਬਾਰਾਂਮਾਹੇ ਪੰਜਾਬੀ ਬਾਰਾਂਮਾਹਿਆਂ ਖ਼ਾਸ ਕਰਕੇ, ਧਾਰਮਿਕ ਬਾਰਾਂਮਾਹਿਆਂ ਦੀ ਪਰੰਪਰਾ ਨਾਲ ਸੰਬੰਧਿਤ ਹੁੰਦੇ ਹੋਏ ਵੀ ਵਿਲੱਖਣ ਵਿਸ਼ੇਸ਼ਤਾਵਾਂ ਦੀਆਂ ਧਾਰਨੀ ਕਾਵਿ-ਰਚਨਾਵਾਂ ਹਨ। ਇਹ ਪਰੰਪਰਾਗਤ ਬਾਰਾਂਮਾਹ ਦੇ ਕੇਵਲ ਇਕੋ ਪ੍ਰਮੁੱਖ ਪਛਾਣ-ਚਿੰਨ੍ਹ ਨਾਲ ਜੁੜੇ ਹੋਏ ਹਨ, ਉਹ ਹੈ, ਬਿਰਹੋਂ-ਭਾਵ ਦੀ ਅਭਿਵਿਅਕਤੀ। ਇਨ੍ਹਾਂ ਬਾਰਾਂਮਾਹਿਆਂ ਦੀਆਂ ਸੰਰਚਨਾਤਮਕ ਵਿਸ਼ੇਸ਼ਤਾਵਾਂ ਪਰੰਪਰਾਗਤ ਬਾਰਾਂਮਾਹਿਆਂ ਨਾਲੋਂ ਨਿੱਖੜਵੀਆਂ ਹਨ ਅਤੇ ਭਾਸ਼ਾਈ ਤੇ ਸ਼ੈਲੀਗਤ ਵਿਸ਼ੇਸ਼ਤਾਵਾਂ ਦੀ ਵੱਖਰੀ ਪਛਾਣ ਕਾਇਮ ਕਰਦੀਆਂ ਹਨ। ਇਨ੍ਹਾਂ ਸੱਤ ਬਾਰਾਂਮਾਹਿਆਂ ਦੀ ਆਪਸ ਵਿਚ ਤੁਲਨਾ ਕੀਤਿਆਂ ਇਨ੍ਹਾਂ ਦੀਆਂ ਇਕ ਦੂਜੇ ਨਾਲ ਸਮਾਨਤਾਵਾਂ ਦੇ ਬਾਵਜੂਦ ਜੋ ਵੱਖਰਤਾਵਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ, ਉਹ ਇਨ੍ਹਾਂ ਦੇ ਰਚਣਹਾਰਿਆਂ ਦੀ ਮੌਲਿਕਤਾ ਨੂੰ ਪ੍ਰਮਾਣਿਤ ਕਰਦੀਆਂ ਹਨ। ਇਨ੍ਹਾਂ ਬਾਰਾਂਮਾਹਿਆਂ ਦੇ ਇਤਿਹਾਸਕ ਮੁਲੰਕਣ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਮਹੱਤਵ ਨਿਰਵਿਵਾਦ ਹੈ, ਖਾਸ ਕਰਕੇ ਉਨ੍ਹੀਵੀਂ ਸਦੀ ਵਿਚ ਰਚੇ ਗਏ ਤਿੰਨਾਂ ਬਾਰਾਂਮਾਹਿਆਂ ਦਾ, ਜੋ ਨਾਮਧਾਰੀ ਲਹਿਰ ਦੇ ਮੁੱਢਲੇ ਦੌਰ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਦਾ ਯਥਾਰਥਕ ਵਿਵਰਣ ਵੀ ਪੇਸ਼ ਕਰਦੇ ਹਨ ਅਤੇ ਉਸ ਦੌਰ ਵਿਚ ਨਾਮਧਾਰੀ ਲਹਿਰ ਦੁਆਰਾ ਜਾਗ੍ਰਿਤ ਤੇ ਤੀਬਰ ਕੀਤੀ ਰਾਜਨੀਤਕ ਚੇਤਨਾ ਦਾ ਪ੍ਰਮਾਣ ਵੀ ਬਣਦੇ ਹਨ।

### ਟਿੱਪਣੀਆਂ ਤੇ ਹਵਾਲੇ

1. ਹਰਿਭਜਨ ਸਿੰਘ, ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ. 522
2. ਵੇਖੋ, ਪੰਨਾ. 521
3. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ. 43
4. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ. 45
5. ਵੇਖੋ, 'ਕੂਕਾ ਲਹਿਰ ਦੀ ਬੀਰ ਕਾਵਿ ਪਰੰਪਰਾ', ਖੋਜ ਪੱਤ੍ਰਿਕਾ ਬੀਰ-ਕਾਵਿ ਵਿਸ਼ੇਸ਼ ਅੰਕ

Sri Satguru Jagjit Singh Ji Elibrary NamdhariElibrary@gmail.com

6. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ. 54-55
7. ਉਹੀ, ਪੰਨੇ. 59-60
8. ਉਹੀ, ਪੰਨਾ. 30
9. ਉਹੀ, ਪੰਨਾ. 31
10. ਉਹੀ, ਪੰਨਾ. 30
11. ਵੇਖੋ, ਪਿਆਰਾ ਸਿੰਘ ਪਦਮ, ਪੰਜਾਬੀ ਬਾਰਾਂਮਾਹੇ, ਪੰਨੇ. 77-80
12. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ. 30
13. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ. 39
14. ਉਹੀ, ਪੰਨਾ. 68
15. ਉਹੀ, ਪੰਨਾ. 68
16. ਵੇਖੋ, ਪਿਆਰਾ ਸਿੰਘ ਪਦਮ, ਪੰਜਾਬੀ ਬਾਰਾਂਮਾਹੇ, ਪੰਨਾ. 71

## ਸਹਾਇਕ ਪੁਸਤਕਾਂ


1. ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ : ਰੂਪ-ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980
2. ਹਰਿਭਜਨ ਸਿੰਘ (ਸੰਪਾ.), ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, 1993
3. ਤਾਰਾ ਸਿੰਘ ਅਣਜਾਣ (ਸੰਪਾ.), ਰਾਮ ਵਿਯੋਗੀਆਂ ਦੇ ਬਾਰਾਂਮਾਹ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, (ਪੰਜਾਬ) 1994
4. ਨਾਮਧਾਰੀ ਸਿੱਖ : ਸੰਖੇਪ ਵਿਵਰਨ (28 ਕਬਿੱਤ ਗਿਆਨੀ ਗਿਆਨ ਸਿੰਘ ਜੀ), ਮੈਨੇਜਰ, 'ਸਤਿਜੁਗ', ਲੁਧਿਆਣਾ, 1998
5. ਪਿਆਰਾ ਸਿੰਘ ਪਦਮ (ਸੰਪਾ.), ਪੰਜਾਬੀ ਬਾਰਾਂਮਾਹੇ, ਕਲਮ ਮੰਦਿਰ, ਪਟਿਆਲਾ, ਦੂਜੀ ਛਾਪ, 1995


## ਪੱਤ੍ਰ-ਪੱਤ੍ਰਿਕਾਵਾਂ


'ਸਤਿਜੁਗ', ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਬਸੰਤ ਅੰਕ 2049 ਬਿ. ਸੰਮਤ ਅਤੇ ਬਸੰਤ ਅੰਕ 2052 ਬਿ. ਸੰਮਤ

'ਖੋਜ ਪੱਤ੍ਰਿਕਾ' ਬੀਰ ਕਾਵਿ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1992

'ਨਿਰੀਖਿਅਕ', ਨਾਮਧਾਰੀ ਵਿਦਿਅਕ ਜਥਾ, ਲੁਧਿਆਣਾ, ਮਿਤੀ ਹੀਣ

'ਵਰਿਆਮ' (ਸੰਪਾ.), ਜਗਦੀਸ਼ ਸਿੰਘ, ਲਾਡੋਵਾਲੀ ਰੋਡ, ਜਲੰਧਰ, ਬਸੰਤ ਵਿਸ਼ੇਸ਼ ਅੰਕ, ਫਰਵਰੀ-ਮਾਰਚ 1992

# 'ਸਤਿਜੁਗ' ਦੀ ਪੰਜਾਬੀ ਸਾਹਿਤ ਨੂੰ ਦੇਣ

ਡਾ. ਧਰਮ ਸਿੰਘ

ਬਿਜਲਈ ਸੰਚਾਰ ਮਾਧਿਅਮਾਂ ਤੋਂ ਪਹਿਲਾਂ ਪੱਤਰਕਾਰੀ ਵਿਚਾਰਾਂ ਦੇ ਪ੍ਰਗਟਾਵੇ ਅਤੇ ਸੰਚਾਰ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਮਾਧਿਅਮ ਸੀ। ਇਸੇ ਲਈ ਅਸੀਂ ਵੇਖਦੇ ਹਾਂ ਕਿ ਦੁਨੀਆ ਦੇ ਹਰ ਕੋਨੇ ਤੋਂ ਅਖ਼ਬਾਰ ਨਿਕਲਣੇ ਜਾਰੀ ਹੋਏ। ਦੇਸ਼ਾਂ, ਪ੍ਰਾਂਤਾਂ, ਕੌਮਾਂ ਅਤੇ ਭਾਸ਼ਾਈ ਸਮੂਹਾਂ ਨੇ ਕਈ ਕਈ ਅਖ਼ਬਾਰ ਰਿਸਾਲੇ ਜਾਰੀ ਕੀਤੇ। ਹਿੰਦੁਸਤਾਨ ਵਿਚ ਪੱਤਰਕਾਰੀ ਦਾ ਆਰੰਭ 1780 ਈ. ਵਿਚ ਹੋਇਆ ਮੰਨਿਆ ਜਾਂਦਾ ਹੈ ਜਦ ਕਲਕੱਤੇ ਤੋਂ 'ਬੰਗਾਲ ਗ਼ਜ਼ਟ' ਨਾਂ ਦਾ ਇਕ ਛੋਟਾ ਜਿਹਾ ਅਖ਼ਬਾਰ ਆਰੰਭ ਹੋਇਆ। ਪੰਜਾਬ ਵਿਚ ਪੰਜਾਬੀ ਪੱਤਰਕਾਰੀ ਦਾ ਆਰੰਭ ਇਸ ਤੋਂ ਠੀਕ ਇਕ ਸਦੀ ਬਾਅਦ 1880 ਈ. ਵਿਚ ਪ੍ਰੋ. ਗੁਰਮੁਖ ਸਿੰਘ ਦੁਆਰਾ ਕੱਢੇ ਗਏ 'ਗੁਰਮੁਖੀ ਅਖ਼ਬਾਰ' ਨਾਲ ਹੋਇਆ। 1890 ਤੋਂ 1920 ਈ. ਤਕ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖਾਂ ਨੇ ਪੱਤਰਕਾਰੀ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਪਛਾਣ ਲਿਆ ਸੀ, ਜਿਸ ਦਾ ਸਬੂਤ ਸਾਨੂੰ ਇਸ ਸਮੇਂ ਦੇ ਵੱਡੀ ਗਿਣਤੀ ਵਿਚ ਪ੍ਰਕਾਸ਼ਿਤ ਹੁੰਦੇ ਹਫ਼ਤਾਵਾਰ ਅਤੇ ਮਾਸਿਕ ਪੱਤਰਾਂ ਦੇ ਰੂਪ ਵਿਚ ਮਿਲਦਾ ਹੈ। 'ਖ਼ਾਲਸਾ ਸਮਾਚਾਰ', 'ਗੁਰਮਤਿ ਪ੍ਰਕਾਸ਼', 'ਸਿੰਘ ਸਭਾ ਗਜ਼ਟ', 'ਖਾਲਸਾ ਅਖ਼ਬਾਰ', 'ਸੁਧਾਰ ਪਤ੍ਰਿਕਾ', 'ਨਿਰਗੁਣਿਆਰਾ', 'ਅਮਰ ਪੱਤ੍ਰਿਕਾ' ਅਤੇ 'ਖਾਲਸਾ ਨੌਜਵਾਨ ਬਹਾਦਰ' ਆਦਿ ਪੱਤਰ ਇਸ ਸਮੇਂ ਦੇ ਪ੍ਰਤੀਨਿਧ ਪੱਤਰ ਹਨ। ਇਨ੍ਹਾਂ ਸਾਰੇ ਪੱਤਰਾਂ ਦਾ ਆਸ਼ਾ ਮੂਲ ਰੂਪ ਵਿਚ ਸਿੱਖ ਧਰਮ ਦਾ ਪ੍ਰਚਾਰ ਤੇ ਇਸ ਵਿਚ ਆ ਚੁੱਕੀਆਂ ਬੁਰਿਆਈਆਂ ਤੋਂ ਸਿੱਖ ਸਮਾਜ ਨੂੰ ਜਾਗਰੂਕ ਕਰਨਾ ਸੀ। ਕਿਧਰੇ ਕਿਧਰੇ ਰਾਜ ਭਗਤੀ ਅਤੇ ਸਰਕਾਰ ਪ੍ਰਸਤੀ ਦਾ ਸੁਰ ਵੀ ਇਨ੍ਹਾਂ ਵਿਚ ਸੁਣਾਈ ਦਿੰਦਾ ਹੈ।

1900-1920 ਈ. ਤਕ ਦੇ ਸਮੇਂ ਨੂੰ ਪੰਜਾਬੀ ਪੱਤਰਕਾਰੀ ਦੇ ਇਤਿਹਾਸਕਾਰਾਂ ਨੇ ਜਾਗ੍ਰਿਤੀ ਕਾਲ ਕਿਹਾ ਹੈ। ਇਸ ਅਰਸੇ ਵਿਚ ਨਾ ਕੇਵਲ ਇਸ ਵਿਚ ਵਿਸਤਾਰ ਹੀ ਆਇਆ ਅਤੇ ਵੱਡੀ ਗਿਣਤੀ ਵਿਚ ਹਫ਼ਤਾਵਾਰੀ, ਪੰਦਰਾਂ ਰੋਜ਼ਾ, ਮਾਸਿਕ ਅਤੇ ਤ੍ਰੈਮਾਸਿਕ ਪੱਤਰ ਹੀ ਛਪਣ ਲੱਗੇ, ਸਗੋਂ ਇਨ੍ਹਾਂ ਵਿਚ ਧਰਮ ਪ੍ਰਚਾਰ ਤੋਂ ਅੱਗ੍ਹੋਂ ਰਾਜਸੀ ਚੇਤਨਾ, ਆਪਣੇ ਹੱਕਾਂ ਪ੍ਰਤੀ ਅਗਾਹੀ, ਗ਼ੁਲਾਮੀ ਪ੍ਰਤੀ ਗਿਲਾਨੀ ਅਤੇ ਆਜ਼ਾਦੀ ਲਈ ਸੰਘਰਸ਼ ਦੀਆਂ ਸੁਰਾਂ ਵੀ ਸੁਣਾਈ ਦੇਣ ਲੱਗੀਆਂ। ਇਸ ਅਰਸੇ ਵਿਚ ਬਰਤਾਨਵੀ,

ਰਾਜ ਪ੍ਰਤੀ ਲੋਕਾਂ ਦੀ ਘਿਰਣਾ ਵਧਕੇ ਵਿਦਰੋਹ ਤਕ ਜਾ ਪਹੁੰਚੀ ਅਤੇ ਆਜ਼ਾਦੀ ਅੰਦੋਲਨ ਦਾ ਸਿੰਘ ਨਾਦ ਸਾਰੇ ਹਿੰਦੁਸਤਾਨ ਵਿਚ ਗੂੰਜਣ ਲੱਗ ਪਿਆ। ਕੁਝ ਇਹੋ ਜਿਹੇ ਮਾਹੌਲ ਵਿਚ ਨਾਮਧਾਰੀ ਸਮਾਜ ਦੇ ਮਾਸਿਕ 'ਸਤਿਜੁਗ' ਦਾ ਆਰੰਭ ਹੋਇਆ। ਸਤਿਜੁਗ ਸ਼ੁਰੂ ਹੋਣ ਦਾ ਪਹਿਲਾ ਕਾਰਨ ਸਮਾਂ ਹੈ ਜੋ ਸਮਾਜ, ਧਰਮ ਅਥਵਾ ਸਰਕਾਰਾਂ ਸਮੇਂ ਅਨੁਸਾਰ ਨਹੀਂ ਬਦਲਦੇ ਅਥਵਾ ਤੁਰਦੇ, ਸਮਾਂ ਉਨ੍ਹਾਂ ਨੂੰ ਬਦਲੇ ਹਾਲਾਤ ਅਨੁਸਾਰ ਚੱਲਣ ਲਈ ਮਜਬੂਰ ਕਰ ਦਿੰਦਾ ਹੈ। ਪੰਜਾਬ ਵਿਚ ਪੱਤਰਕਾਰੀ ਦਾ ਫੈਲਾਉ ਹੁੰਦਾ ਗਿਆ। ਕਈਆਂ ਸੰਸਥਾਵਾਂ ਦੇ ਆਪਣੇ ਅਖ਼ਬਾਰ ਜਾਰੀ ਹੋਏ ਜੋ ਉਨ੍ਹਾਂ ਦੇ ਆਦਰਸ਼ਾਂ ਅਤੇ ਵਿਚਾਰਾਂ ਦਾ ਪ੍ਰਚਾਰ ਤਾਂ ਕਰਦੇ ਹੀ ਸਨ, ਦੂਸਰਿਆਂ ਬਾਰੇ ਟੀਕਾ ਟਿੱਪਣੀਆਂ ਵੀ ਕਰਦੇ ਰਹਿੰਦੇ। ਨਾਮਧਾਰੀ ਸਮਾਜ ਤੇ ਵੀ ਕਈ ਤਰ੍ਹਾਂ ਦੇ ਵਾਰ ਹੋਏ ਜੋ ਇਨ੍ਹਾਂ ਦੇ ਆਦਰਸ਼ਾਂ, ਅਸੂਲਾਂ ਅਤੇ ਵਿਚਾਰਾਂ ਨੂੰ ਸੱਟ ਮਾਰਦੇ ਸਨ। ਇਸ ਲਈ ਸਮੇਂ ਅਨੁਸਾਰ ਜਦੋਂ ਛਪਾਈ ਦੇ ਸਾਧਨ ਸੌਖਿਆਂ ਮੁਹੱਈਆ ਹੋਣੇ ਸ਼ੁਰੂ ਹੋਏ ਤਾਂ ਅਨੇਕਾਂ ਅਖ਼ਬਾਰ ਚਾਲੂ ਹੋ ਗਏ, ਫਿਰ ਨਾਮਧਾਰੀ ਸਮਾਜ ਇਸ ਤੋਂ ਵਾਂਝਿਆਂ ਕਿਉਂ ਰਹਿ ਜਾਂਦਾ? ਆਪਣਿਆਂ ਵਿਚਾਰਾਂ ਨੂੰ ਸਪੱਸ਼ਟ ਕਰਨ ਅਥਵਾ ਦੂਸਰਿਆਂ ਤਕ ਪੁਚਾਉਣ ਲਈ ਦੂਸਰੇ ਅਖ਼ਬਾਰਾਂ ਦੇ ਮੂੰਹ ਵਲ ਕਿਉਂ ਵੇਖਦਾ? ਇਸ ਲਈ ਆਪਣੇ ਅਸੂਲਾਂ ਦਾ ਪ੍ਰਚਾਰ ਕਰਨ ਅਤੇ ਆਪਣੀਆਂ ਗੱਲਾਂ ਦੂਸਰਿਆਂ ਤਕ ਪ੍ਰਭਾਵੀ ਢੰਗ ਨਾਲ ਪੁਚਾਉਣ ਲਈ ਯੋਗ ਸਮੇਂ ਅਨੁਸਾਰ ਉੱਦਮ ਕੀਤਾ ਗਿਆ ਜਿਸ ਦੇ ਫਲਸਰੂਪ 'ਸਤਿਜੁਗ' ਅਖ਼ਬਾਰ ਸ਼ੁਰੂ ਹੋਇਆ।[1]

'ਸਤਿਜੁਗ' ਦਾ ਪਹਿਲਾ ਅੰਕ 26 ਮਈ 1920 ਨੂੰ ਛਪਿਆ। ਜਦੋਂ ਵੀ ਕੋਈ ਨਵਾਂ ਅਖ਼ਬਾਰ/ਰਸਾਲਾ ਜਾਰੀ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਉਸਦੇ ਜਾਰੀ ਕਰਨ ਦੇ ਮੰਤਵ, ਨੀਤੀਆਂ ਅਤੇ ਹੋਰ ਸੰਬੰਧਿਤ ਗੱਲਾਂ ਬਾਰੇ ਵੀ ਸਪੱਸ਼ਟ ਭਾਂਤ ਦੱਸਿਆ ਜਾਂਦਾ ਹੈ। 'ਸਤਿਜੁਗ' ਜਾਰੀ ਕਰਨ ਪਿੱਛੇ ਵੀ ਨਾਮਧਾਰੀ ਸਮਾਜ ਦੇ ਨਿਸਚਿਤ ਅਤੇ ਸਪਸ਼ਟ ਭਾਂਤ ਦੇ ਪ੍ਰਯੋਜਨ ਸਨ। ਇਸ ਅਖ਼ਬਾਰ ਦੇ ਪ੍ਰਵੇਸ਼ ਅੰਕ (26 ਮਈ 1920) ਵਿਚ ਅਖ਼ਬਾਰਾਂ ਰਿਸਾਲਿਆਂ ਦੇ ਮਹੱਤਵ ਬਾਰੇ ਆਮ ਤੌਰ ਤੇ ਅਤੇ 'ਸਤਿਜੁਗ' ਦੀਆਂ ਨੀਤੀਆਂ ਬਾਰੇ ਖ਼ਾਸ ਤੌਰ ਤੇ ਇਸ ਦਾ ਸੰਪਾਦਕ ਚਰਚਾ ਕਰਦਾ ਲਿਖਦਾ ਹੈ: "ਅਜ ਕਲ ਦੇ ਸਮੇਂ ਵਿਚ ਅਖ਼ਬਾਰਾਂ ਦੀ ਬੜੀ ਲੋੜ ਹੈ, ਕਿਉਂਕਿ ਅਖ਼ਬਾਰ ਦੇ ਬਿਨਾਂ ਕੋਈ ਕੌਮ ਜਾਂ ਪੰਥ ਆਪਣੀਆਂ ਤਕਲੀਫ਼ਾਂ ਨੂੰ ਸਰਕਾਰ ਅੱਗੇ ਅਥਵਾ ਸਾਰੇ ਦੇਸ਼ ਅਤੇ ਸਾਰੇ ਸੰਸਾਰ ਅੱਗੇ ਜ਼ਾਹਰ ਨਹੀਂ ਕਰਦਾ। ਜਿਸ ਕੌਮ ਦਾ ਦੁੱਖ ਨਾ ਜ਼ਾਹਰ ਹੋਵੇ, ਉਸ ਦਾ ਕੋਈ ਇਲਾਜ ਨਹੀਂ ਕਰਦਾ ਅਤੇ ਜਿਸ ਦਾ ਦੁੱਖ ਉਹਦੇ ਅਖ਼ਬਾਰਾਂ ਦੁਆਰਾ ਪ੍ਰਗਟ ਹੋ ਜਾਵੇ ਉਹਨੂੰ ਪਹਿਲਾਂ ਸਰਕਾਰ ਦੂਰ ਕਰ ਦਿੰਦੀ ਹੈ। ਜੇਕਰ ਨਾ ਕਰੇ ਤਾਂ ਸਾਰੇ ਦੇਸ਼ ਦੇ ਅਖ਼ਬਾਰ ਰੌਲਾ ਪਾ ਦਿੰਦੇ ਹਨ ਜਿਸ ਨਾਲ ਸਰਕਾਰ ਨੂੰ ਉਹ

Sri Satguru Jagjit Singh Ji Elibrary NamdhariElibrary@gmail com

ਤਕਲੀਫ਼ ਦੂਰ ਕਰਨੀ ਪੈਂਦੀ ਹੈ। ਜਿਸ ਤਰ੍ਹਾਂ ਹਰ ਇਕ ਕੌਮ ਨੂੰ ਪੂਰਾ ਕਰਨ ਲਈ ਚੰਗੇ ਆਦਮੀਆਂ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਕੌਮਾਂ ਅਥਵਾ ਦੇਸ਼ਾਂ ਨੂੰ ਜਗਾਨ ਵਾਸਤੇ ਚੰਗੇ ਅਖ਼ਬਾਰਾਂ ਦੀ ਲੋੜ ਹੁੰਦੀ ਹੈ ਜਿਸ ਕੌਮ ਅਥਵਾ ਦੇਸ਼ ਦੇ ਅਖ਼ਬਾਰ ਚੰਗੇ ਹਨ ਉਸ ਦੇਸ਼ ਦੇ ਦਿਨ ਚੰਗੇ ਹੋ ਜਾਂਦੇ ਹਨ।

ਇਹ 'ਸਤਿਜੁਗ' ਅਖ਼ਬਾਰ ਨਾਮਧਾਰੀ ਸਿੱਖਾਂ ਨੇ ਕੇਵਲ ਕੌਮ ਅਤੇ ਦੇਸ਼ ਦੀ ਸੇਵਾ ਲਈ ਜਾਰੀ ਕੀਤਾ ਹੈ। ਇਹਦਾ ਮੰਤਵ ਦੀਨ, ਦੁਖੀਆਂ, ਭੁੱਖਿਆਂ ਨੰਗਿਆਂ ਦੀ ਸੇਵਾ ਕਰਨਾ ਹੋਵੇਗਾ। ਥਾਂ ਥਾਂ ਤੇ ਪਾਠਸ਼ਾਲਾ ਖੋਹਲ ਕੇ ਛੋਟੇ ਵੱਡੇ ਸਭ ਨੂੰ ਵਿਦਿਆ ਪੜ੍ਹਾ ਕੇ ਦੇਸ਼ ਵਿਚੋਂ ਅਗਿਆਨ ਅੰਧੇਰ ਨੂੰ ਦੂਰ ਕਰੇਗਾ। ਪੰਥ ਅਤੇ ਦੇਸ਼ ਦੇ ਹਰ ਇਕ ਮਨੁੱਖ ਨੂੰ ਗਿਆਨੀ ਬਣਾ ਕੇ ਆਪਣੇ ਹੱਕ ਲੈਣ ਲਈ ਤਿਆਰ ਕਰੇਗਾ। ਪੰਥ ਅਥਵਾ ਦੇਸ਼ ਦੇ ਲੋਕਾਂ ਦੇ ਦਿਲਾਂ ਦਾ ਹਾਲ ਸਰਕਾਰ ਅੱਗੇ ਸਾਫ਼ ਸਾਫ਼ ਜ਼ਾਹਰ ਕਰੇਗਾ ਅਤੇ ਪਰਜਾ ਦੀਆਂ ਤਕਲੀਫ਼ਾਂ ਅਥਵਾ ਲੋਕਾਂ ਨੂੰ ਚੰਗੀ ਤਰ੍ਹਾਂ ਬੋਲ ਕੇ ਦੱਸੇਗਾ।

ਸਰਕਾਰੀ ਹਾਕਮਾਂ ਨੂੰ ਅਯੋਗ ਕੰਮਾਂ ਤੋਂ ਰੋਕੇਗਾ ਤੇ ਬੇਅਦਲੀ ਨੂੰ ਰੋਕਣ ਦਾ ਸਿਰੋਂ ਪਰੇ ਹੋ ਕੇ ਜਤਨ ਕਰੇਗਾ। ਇਸ ਤਰ੍ਹਾਂ ਪਰਜਾ ਤੇ ਰਾਜਾ ਵਿਚ ਮੇਲ ਕਰਾਉਣ ਅਤੇ ਪ੍ਰੇਮ ਵਧਾਉਣ ਦਾ ਯਤਨ ਕਰਕੇ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਅਥਵਾ ਸਵਰਾਜ (ਆਪਣਾ ਰਾਜ) ਦੁਵਾਉਣ ਦਾ ਲੱਕ ਬੰਨ੍ਹ ਕੇ ਯਤਨ ਕਰੇਗਾ ਅਤੇ ਦੇਸ਼ ਵਾਸੀਆਂ ਦੇ ਦੁੱਖ ਵਿਚ ਦੁੱਖ ਅਤੇ ਸੁੱਖ ਵਿਚ ਸੁੱਖ ਮੰਨੇਗਾ।[6] ਇਸ ਸੰਪਾਦਕੀ ਵਿਚ ਸਤਿਜੁਗ ਦੀਆਂ ਨੀਤੀਗਤ ਗੱਲਾਂ ਹੇਠ ਲਿਖੇ ਅਨੁਸਾਰ ਨਿਖਾਰੀਆਂ ਜਾ ਸਕਦੀਆਂ ਹਨ:

1. *ਕੌਮ ਦੇ ਮਸਲੇ ਸਰਕਾਰ ਸਾਹਮਣੇ ਰੱਖ ਕੇ ਉਹਨਾਂ ਦੇ ਹੱਲ ਦੀ ਮੰਗ ਕਰਨਾ।*
2. *ਲੋਕਾਂ ਨੂੰ ਹਰ ਪੱਖ ਤੋਂ ਜਾਗਰਿਤ ਕਰਕੇ ਆਪਣੇ ਹੱਕਾਂ ਪ੍ਰਤਿ ਸੁਚੇਤ ਕਰਨਾ।*
3. *ਦੀਨ ਦੁਖੀਆਂ ਅਥਵਾ ਪੀੜਿਤ ਲੋਕਾਂ ਨੂੰ ਜ਼ਬਾਨ ਦੇਣੀ।*
4. *ਵਿਦਿਆ ਪ੍ਰਚਾਰ ਜਿਸ ਵਿਚ ਗੁਰਮੁਖੀ ਲਿਪੀ ਅਤੇ ਪੰਜਾਬੀ ਨੂੰ ਵਧੇਰੇ ਮਹੱਤਵ ਦੇਣਾ।*
5. *ਬੇਇਨਸਾਫ਼ੀ ਦੂਰ ਕਰਵਾ ਕੇ ਤੇ ਇਨਸਾਫ਼ ਦਾ ਰਾਜ ਕਾਇਮ ਕਰਨਾ।*
6. *ਸ਼ਾਸਕਾਂ ਅਤੇ ਪਰਜਾ ਵਿਚਕਾਰ ਪੁਲ ਬਣਨਾ।*
7. *(ਆਜ਼ਾਦੀ ਤੋਂ ਪਹਿਲਾਂ) ਦੇਸ਼ ਦੀ ਆਜ਼ਾਦੀ ਲਈ ਜੂਝਣਾ।*

ਇਨ੍ਹਾਂ ਸਾਰੇ ਮੰਤਵਾਂ ਨੂੰ ਹਾਸਲ ਕਰਨ ਲਈ ਮਾਧਿਅਮ ਦੇ ਤੌਰ ਤੇ ਗੁਰਮੁਖੀ ਲਿਪੀ ਅਤੇ ਪੰਜਾਬੀ ਭਾਸ਼ਾ ਨੂੰ ਅਪਨਾਇਆ ਗਿਆ, ਕਿਉਂਕਿ ਲੋਕ ਭਾਸ਼ਾ ਹੀ ਕਿਸੇ ਭਾਸ਼ਾਈ ਸਮੂਹ ਦੇ ਦੁੱਖਾਂ ਦਰਦਾਂ ਦੇ ਇਜ਼ਹਾਰ ਦਾ ਸਭ ਤੋਂ ਵੱਡਾ ਤੇ ਸ਼ਕਤੀਸ਼ਾਲੀ ਵਸੀਲਾ ਹੁੰਦੀ ਹੈ। ਪੰਜਾਬੀ ਭਾਸ਼ਾ ਨੂੰ ਅਪਨਾਉਣਾ ਨਾਮਧਾਰੀ ਸਮਾਜ ਦੇ ਸਵਦੇਸ਼ੀ ਦਰਸ਼ਨ

Sri Satguru Jagjit Singh Ji Elibrary NamdhariElibrary@gmail.com

ਦੇ ਪ੍ਰਚਾਰ ਪ੍ਰਸਾਰ ਦਾ ਹੀ ਇਕ ਪਸਾਰ ਹੈ। 'ਸਤਿਜੁਗ' ਰਾਹੀਂ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਪਾਇਆ ਗਿਆ ਯੋਗਦਾਨ ਕਈਆਂ ਰੂਪਾਂ ਵਿਚ ਹੈ। ਉਦਾਹਰਣ ਵਜੋਂ ਬਾਬਾ ਰਾਮ ਸਿੰਘ ਜੀ ਬਾਰੇ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਕੋਲ ਬਹੁਤ ਭਾਸ਼ੀ ਵਿਦਵਾਨ ਹੋਣ ਦੇ ਬਾਵਜੂਦ ਰੂਸ ਦੇ ਜ਼ਾਰ ਵੱਲ ਉਨ੍ਹਾਂ ਨੇ ਜੋ ਦਰਜਨ ਕੁ ਦੇ ਕਰੀਬ ਪੱਤਰ ਲਿਖੇ, ਉਹ ਸਾਰੇ ਦੇ ਸਾਰੇ ਗੁਰਮੁਖੀ ਲਿਪੀ ਅਤੇ ਪੰਜਾਬੀ ਭਾਸ਼ਾ ਵਿਚ ਸਨ ਜੋ ਅੱਜ ਵੀ ਰੂਸ ਦੇ ਪੁਰਾਤਨ ਸੰਗ੍ਰਹਾਲੇ ਵਿਚ ਸੁਰੱਖਿਅਤ ਪਏ ਹਨ। ਇਹ ਵੀ ਦੱਸਿਆ ਜਾਂਦਾ ਹੈ ਕਿ ਬਾਬਾ ਜੀ ਦੇ ਯਤਨਾਂ ਅਤੇ ਖੇਚਲ ਨਾਲ ਹੀ ਸੰਨ 1865-66 ਈ. ਵਿਚ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਪੱਥਰ ਦੇ ਛਾਪੇ ਵਿਚ ਛਪਾਈ ਆਰੰਭ ਹੋਈ। ਬਾਬਾ ਰਾਮ ਸਿੰਘ ਜੀ ਦੇ ਪੱਤਰਾਂ ਵਿਚ ਗੁਰਸਿੱਖਾਂ ਨੂੰ ਗੁਰਮੁਖੀ ਅੱਖਰ ਪੜ੍ਹਾਉਣ ਅਤੇ ਗੁਰਬਾਣੀ ਕੰਠ ਕਰਨ/ਕਰਾਉਣ ਦੀ ਬਾਰ ਬਾਰ ਪ੍ਰੇਰਨਾ ਕੀਤੀ ਗਈ ਹੈ।

'ਸਤਿਜੁਗ' ਦੀ ਸਭ ਤੋਂ ਵੱਡੀ ਦੇਣ ਪੰਜਾਬੀ ਕਵਿਤਾ ਦੇ ਖੇਤਰ ਵਿਚ ਹੈ। ਪਿੱਛੇ 'ਸਤਿਜੁਗ' ਦੇ ਜਿਨ੍ਹਾਂ ਸਤ ਆਸ਼ਿਆਂ ਵੱਲ ਸੰਕੇਤ ਕੀਤਾ ਗਿਆ ਹੈ, ਉਹਨਾਂ ਦੀ ਪੂਰਤੀ ਲਈ ਕਵੀਜਨ ਕਵਿਤਾਵਾਂ ਅਤੇ ਗੀਤਾਂ ਦਾ ਆਸਰਾ ਲਿਆ ਕਰਦੇ ਸਨ ਕਿਉਂਕਿ ਉਹਨੀਂ ਦਿਨੀਂ ਕਵਿਤਾ ਹੀ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਸੀ। ਨਾਮਧਾਰੀ ਲਹਿਰ ਨੇ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੇ ਮਨਾਂ ਵਿਚ ਬਦੇਸ਼ੀ ਹਾਕਮਾਂ ਵਿਰੁੱਧ ਨਫ਼ਰਤ ਉਪਜਾਈ, ਜਿਹੜੀ ਮਗਰੋਂ ਗ਼ਦਰ ਲਹਿਰ ਅਤੇ ਗੁਰਦੁਆਰਾ ਲਹਿਰ ਸਮੇਂ ਆਪਣੇ ਪ੍ਰਚੰਡ ਰੂਪ ਵਿਚ ਸਾਹਮਣੇ ਆਈ। ਇਸ ਲਹਿਰ ਨੇ ਹੀ ਸਭ ਤੋਂ ਪਹਿਲਾਂ ਰਾਸ਼ਟਰੀ ਚੇਤਨਾ ਅਤੇ ਦੇਸ਼ ਭਗਤੀ ਆਦਿ ਦੇ ਜਜ਼ਬੇ ਵਾਲੀ ਕਵਿਤਾ ਨੂੰ ਜਨਮ ਦਿੱਤਾ।[3] ਇਸ ਤੱਥ ਨੂੰ ਇਕ ਮੌਕਾ ਮੇਲ ਸਮਝੋ ਜਾਂ ਲੇਖਕਾਂ ਵਲੋਂ 'ਸਤਿਜੁਗ' ਵਰਗੇ ਮੰਚ ਦੀ ਤਲਾਸ਼, ਉਸ ਵੇਲੇ ਦੇ ਬਹੁਤੇ ਅਤੇ ਪ੍ਰਸਿੱਧ ਕਵੀਆਂ ਦੀਆਂ ਕਵਿਤਾਵਾਂ ਇਸ ਰਿਸਾਲੇ ਵਿਚ ਛਪੀਆਂ ਹੋਈਆਂ ਮਿਲਦੀਆਂ ਹਨ। ਇਹ ਵੀ ਇਕ ਹਕੀਕਤ ਹੈ ਕਿ ਉਸ ਵੇਲੇ ਦੇ ਕਵੀਆਂ ਕੋਲ ਆਜ਼ਾਦੀ ਸੰਗਰਾਮ ਨੂੰ ਤਿੱਖਿਆਂ ਕਰਨ ਅਤੇ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਉਣ ਤੋਂ ਵੱਡਾ ਕੋਈ ਵਿਸ਼ਾ ਨਹੀਂ ਸੀ ਤੇ ਸਤਿਜੁਗ ਵਰਗਾ ਕੋਈ ਮੰਚ ਵੀ ਨਹੀਂ ਸੀ। ਕਵੀਆਂ ਵਿਚੋਂ ਅਵਤਾਰ ਸਿੰਘ ਆਜ਼ਾਦ, ਮੁਨਸ਼ਾ ਸਿੰਘ ਦੁਖੀ, ਧਨੀ ਰਾਮ ਚਾਤ੍ਰਿਕ, ਵਿਧਾਤਾ ਸਿੰਘ ਤੀਰ, ਸਰਦੂਲ ਸਿੰਘ ਕਵੀਸ਼ਰ, ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ ਅਤੇ ਗੁਰਦਿੱਤ ਸਿੰਘ ਕਮਲ ਆਦਿ ਦੀਆਂ ਕਵਿਤਾਵਾਂ ਸਤਿਜੁਗ ਵਿਚ ਵੱਡੀ ਗਿਣਤੀ ਵਿਚ ਛਪੀਆਂ ਸਨ।

ਇਨ੍ਹਾਂ ਕਵਿਤਾਵਾਂ ਦੀ ਮੂਲ ਸੁਰ ਬਾਬਾ ਰਾਮ ਸਿੰਘ ਜੀ ਦੀ ਵਡਿਆਈ ਦੇ ਨਾਲ ਨਾਲ ਉਹਨਾਂ ਦੀ ਜਲਾਵਤਨੀ ਕਰਕੇ ਨਾਮਧਾਰੀ ਸੰਗਤਾਂ ਦੇ ਹਿਰਦਿਆਂ ਵਿਚ

Sri Satguru Jagjit Singh Ji Elibrary NamdhariElibrary@gmail.com

ਪੈਦਾ ਹੋਈ ਬਿਰਹੋਂ ਦੀ ਚੀਸ ਅਤੇ ਸਵਦੇਸ਼ੀ ਦਰਸ਼ਨ ਹੈ। ਅਵਤਾਰ ਸਿੰਘ ਆਜ਼ਾਦ ਦੇ ਇਕ ਗੀਤ 'ਮਨਮੋਹਣਾ ਮਾਹੀ' ਵਿਚੋਂ ਕੁਝ ਸਤਰਾਂ ਹਨ:

*ਆਖਣ ਜਿਸ ਨੂੰ ਚੀਨੀ ਵਾਲਾ,*
*ਮਸਤਾਂ ਵਾਲਾ ਹੈਸੂ ਚਾਲਾ,*
*ਜਿਧਰ ਵੇਖੇ ਕਰੇ ਉਜਾਲਾ।*
*ਨੂਰ ਦਾ ਹੈ ਅਵਤਾਰ।*

ਵਿਛੋੜੇ ਦੀ ਬਿਹਬਲਤਾ ਇਨ੍ਹਾਂ ਸਤਰਾਂ ਵਿਚ ਵੇਖੋ:

*ਤੁਰ ਚਲਿਓ ਸੱਜਣਾ ਪਰਦੇਸੀ ਝਲਕ ਨੂਰਾਨੀ ਪਾ ਕੇ।*
*ਤੜਫਾਂਗੇ ਮੱਛੀ ਦੇ ਵਾਂਗਰ ਫੜਕਾਂਗੇ ਬਿਲਲਾ ਕੇ।*
*ਜੀਓ ਹੁੰਦਿਆਂ ਜੀਵਨ ਨ ਹੋਸੀ ਭੜਕੂ ਬਿਰਹੋਂ ਅਗਨੀ।*
*ਚੀਸਾਂ ਪੈਣਗੀਆਂ ਹਰ ਅੰਗੋਂ ਹੋਸ਼ ਨ ਰਹਿਸੀ ਅਪਣੀ।*

ਵਿਧਾਤਾ ਸਿੰਘ ਤੀਰ ਦੀ ਲੰਮੀ ਨਜ਼ਮ ਵਿਚੋਂ ਇਕ ਬੰਦ ਇਸ ਤਰ੍ਹਾਂ ਹੈ:

*ਧਰਤੀ ਮਾਲਵੇ ਦੀ ਖਾਣ ਬਰਕਤਾਂ ਦੀ,*
*ਰਾਣੀ ਉਹਦੀਆਂ ਕੁਦਰਤਾਂ ਸਾਰੀਆਂ ਦੀ।*
*ਚਰਨ ਰਾਮ ਦੇ ਸਿਦਕ ਵਿਚ ਪਰਸ ਰਹਸੀ*
*ਦਿਲੋਂ ਭਰੀ ਹੋਈ ਤਾਂਘਾਂ ਭਾਰੀਆਂ ਦੀ।*
*ਵਗਦੀ ਪਈ ਸੀ ਸਰਸੈ ਦੇ ਕੰਢਿਆਂ ਤੇ,*
*ਖੁਲੀ ਨਾਮ ਧਾਰਾ ਨਾਮਧਾਰੀਆਂ ਦੀ।*
*ਠੰਡ ਪਾਉਂਦੀ ਪਈ ਸੀ ਸੜਦਿਆਂ ਨੂੰ,*
*ਰੂਹ ਰੱਬ ਦੀ ਸ਼ਕਲ ਸੰਸਾਰੀਆਂ ਦੀ।*
*ਹਰ ਇਕ ਦਿਲ ਅੰਦਰ ਦਰਦ ਦੇਸ ਦਾ ਸੀ,*
*ਹਰ ਇਕ ਅੱਖ ਅੰਦਰ ਰਾਮ ਵੱਸਦਾ ਸੀ।*
*ਹਰ ਇਕ ਜੀਭ ਤੇ ਰਾਮ ਸੀ ਰਾਜ ਕਰਦਾ,*
*ਹਰ ਇਕ ਰੋਮ ਅੰਦਰ ਰਾਮ ਵਸਦਾ ਸੀ।*

ਨਾਮਧਾਰੀ ਸਮਾਜ ਵਿਚ ਗਊ ਪਾਲਣਾ ਉਹਨਾਂ ਦੇ ਸਵਦੇਸ਼ੀ ਚਿੰਤਨ ਦਾ ਹੀ ਇਕ ਪੱਖ ਹੈ। ਇਸ ਤੋਂ ਬਿਨਾਂ ਗਊ, ਗ਼ਰੀਬ ਅਤੇ ਦੀਨ ਦੁਖੀਆਂ ਦੀ ਪ੍ਰਤੀਕ ਵੀ ਹੈ ਅਤੇ ਇਸ ਵੰਚਿਤ ਜਾਂ ਮਹਿਰੂਮ ਤਬਕੇ ਨੂੰ ਜ਼ੁਬਾਨ ਦੇਣੀ ਵੀ ਸਤਿਜੁਗ ਅਤੇ ਦੂਜੇ ਪੱਤਰਾਂ ਦਾ ਆਸ਼ਾ ਸੀ। ਇਸੇ ਲਈ ਗਊ ਦੀ ਮਹਿਮਾ ਵਿਚ ਲਿਖੀਆਂ ਗਈਆਂ ਕਈ ਕਵਿਤਾਵਾਂ ਵੀ ਸਾਡੀ ਨਜ਼ਰੇ ਪੈਂਦੀਆਂ ਹਨ। ਗੁਰਦਿੱਤ ਸਿੰਘ ਕਮਲ ਦੀ ਇਕ ਕਵਿਤਾ ਵਿਚੋਂ ਕੁਝ ਸਤਰਾਂ ਪ੍ਰੇਸ਼ ਹਨ:

ਗਊਆਂ ਦੀ ਚੀਖ ਪੁਕਾਰ ਨਾਲ,
ਜਦ ਭਾਰਤ ਬਹੁਤ ਬੇਜ਼ਾਰ ਹੋਈ।
ਕੋਈ ਸੁਣਦਾ ਨਾ ਫਰਿਆਦ ਸੀਗਾ,
ਬੇਬੱਸ ਹੋਈ ਲਾਚਾਰ ਹੋਈ।
ਜਦ ਗਊਆਂ ਦਾ ਰਖਵਾਲਾ ਹੋ,
ਤੂੰ ਜਗ ਤੇ ਪ੍ਰੀਤਮ ਆਇਆ ਸੈ।
ਲਖ ਮਿਲਨ ਵਧਾਈਆਂ ਭਾਰਤ ਨੂੰ,
ਸੰਸਾਰ ਤੇ ਜੈ ਜੈ ਕਾਰ ਹੋਈ।'

'ਸਤਿਜੁਗ' ਵਿਚ ਸਭ ਤੋਂ ਵਧ ਗਿਣਤੀ ਵਿਚ ਕਵਿਤਾਵਾਂ ਛਪੀਆਂ ਹਨ। ਇਹ ਕਵਿਤਾਵਾਂ ਗਿਣਤੀ ਵਿਚ ਏਨੀਆਂ ਕੁ ਹਨ ਕਿ ਇਹਨਾਂ ਦੇ ਕਈ ਸੰਗ੍ਰਹਿ ਤਿਆਰ ਕੀਤੇ ਜਾ ਸਕਦੇ ਹਨ। ਇਸ ਵਿਚ ਨਾ ਕੇਵਲ ਨਾਮਧਾਰੀ ਸਮਾਜ ਦੇ ਚਿੰਤਨ ਦੇ ਹੀ ਦਰਸ਼ਨ ਹੁੰਦੇ ਹਨ, ਸਗੋਂ ਹਰ ਤਰ੍ਹਾਂ ਦੀਆਂ ਲਹਿਰਾਂ ਦੀਆਂ ਧੁਨੀਆਂ ਅਤੇ ਪ੍ਰਤਿਧੁਨੀਆਂ ਵੀ ਇਨ੍ਹਾਂ ਵਿਚ ਸੁਣਾਈ ਦਿੰਦੀਆਂ ਹਨ। ਰਾਸ਼ਟਰੀ ਸੰਗਰਾਮ ਨਾਲ ਸੰਬੰਧਿਤ ਪੰਜਾਬੀ ਕਵਿਤਾ ਦੇ ਕਈ ਸੰਗ੍ਰਹਿ ਛਪ ਕੇ ਸਾਹਮਣੇ ਆਏ ਹਨ, ਪਰ ਨਾਮਧਾਰੀ ਲਹਿਰ ਦੇ ਇਸ ਵਿਚ ਪਾਏ ਯੋਗਦਾਨ ਦਾ ਇਹਨਾਂ ਸੰਕਲਨਾਂ ਵਿਚ ਲੋੜੀਂਦਾ ਜ਼ਿਕਰ ਨਹੀਂ। ਚਾਹੀਦਾ ਤਾਂ ਇਹ ਹੈ ਕਿ ਇਸ ਪੱਤਰ ਵਿਚ ਛਪੀਆਂ ਹੋਈਆਂ ਕਵਿਤਾਵਾਂ ਦੇ ਸੰਕਲਨ ਤਿਆਰ ਕੀਤੇ ਜਾਣ ਤਾਂ ਜੋ ਇਨ੍ਹਾਂ ਦੁਆਰਾ ਪੰਜਾਬੀ ਸਮਾਜ ਨੂੰ ਆਜ਼ਾਦੀ ਅੰਦੋਲਨ ਲਈ ਤਿਆਰ ਕਰਨ ਵਿਚ ਨਿਭਾਹੀ ਗਈ ਭੂਮਿਕਾ ਨੂੰ ਵੀ ਰੇਖਾਂਕ੍ਰਿਤ ਕੀਤਾ ਜਾ ਸਕੇ ਅਤੇ ਇਸ ਲਹਿਰ ਦੀ ਪੰਜਾਬੀ ਕਵਿਤਾ ਦੇ ਸਮੁੱਚੇ ਰੂਪ ਵਿਚ ਪੰਜਾਬੀ ਕਾਵਿ ਪਰੰਪਰਾ ਦੇ ਵਿਕਾਸ ਵਿਚ ਪਾਏ ਗਏ ਯੋਗਦਾਨ ਦਾ ਮੁਲੰਕਣ ਵੀ ਕੀਤਾ ਜਾ ਸਕੇ।

.ਵਿਗਿਆਨਕ ਇਤਿਹਾਸ ਨੂੰ ਆਪਣੀ ਮਾਤਭਾਸ਼ਾ ਵਿਚ ਲਿਖਣ ਦਾ ਮੁੱਢ ਕਰਮ ਸਿੰਘ ਹਿਸਟੋਰੀਅਨ ਨਾਲ ਬੱਝ ਚੁੱਕਾ ਸੀ ਅਤੇ ਇਤਿਹਾਸ ਦੇ ਮਹੱਤਵ ਬਾਰੇ ਲੇਖਕ ਚੰਗੀ ਤਰ੍ਹਾਂ ਜਾਣੂ ਸਨ। ਇਸੇ ਲਈ ਅਸੀਂ ਵੇਖਦੇ ਹਾਂ ਕਿ ਨਾਮਧਾਰੀ ਪੱਤਰਕਾਰੀ ਵਿਚ ਬਾਬਾ ਰਾਮ ਸਿੰਘ, ਪੰਜਾਬ ਦੇ ਆਜ਼ਾਦੀ ਸੰਗਰਾਮ, ਨਾਮਧਾਰੀ ਸ਼ਹੀਦਾਂ ਅਤੇ ਇਤਿਹਾਸ ਦੇ ਹੋਰਨਾਂ ਪੱਖਾਂ ਵੱਲ ਉਚੇਚਾ ਧਿਆਨ ਦਿੱਤਾ ਜਾਂਦਾ ਸੀ ਤਾਂ ਪਾਠਕ ਗੌਰਵਸ਼ਾਲੀ ਅਤੀਤ ਨਾਲ ਵੀ ਬਰਾਬਰ ਜੁੜੇ ਰਹਿਣ। ਸਤਿਜੁਗ ਦੇ ਇਕ ਬਸੰਤ ਅੰਕ (1935 ਈ.) ਉਪਰ ਜੇਕਰ ਅਸੀਂ ਇਕ ਸਰਸਰੀ ਨਜ਼ਰ ਹੀ ਮਾਰੀਏ ਤਾਂ ਸਾਨੂੰ ਇਤਿਹਾਸ ਦੇ ਨਾਲ ਸੰਬੰਧਿਤ ਹੇਠ ਲਿਖੇ ਲੇਖ ਪ੍ਰਕਾਸ਼ਿਤ ਹੋਏ ਲੱਭਦੇ ਹਨ:

Sri Satguru Jagjit Singh Ji Elibrary NamdhariElibrary@gmail.com

*ਨਾਮਧਾਰੀ ਸ਼ਹੀਦਾਂ ਦੇ ਸਮਾਚਾਰ -ਅਵਤਾਰ ਸਿੰਘ ਆਜ਼ਾਦ*
*ਨਾਮਧਾਰੀ ਲਹਿਰ -ਗੁਰਮੁਖ ਨਿਹਾਲ ਸਿੰਘ*
*ਬਸ ਅੰਤ ਵਿਚ ਫਿਰ ਬਸੰਤ -ਪ੍ਰਿੰ. ਗੰਗਾ ਸਿੰਘ*
*ਇਲਾਹੀ ਦਾਤੇ ਦਾ ਬਰਮਾ ਦੇਸ਼ ਵਿਚ ਡੇਰਾ -ਗੁਰਦਿਤ ਸਿੰਘ ਕਮਲ*
*ਕੌਮ ਦਾ ਸੱਚਾ ਸਪੂਤ -ਗੁਰਾਂਦਿਤਾ ਖੰਨਾ*
*ਸੰਤ ਕੇਸਰ ਸਿੰਘ ਚਵਿੰਡੇ ਵਾਲੇ -ਤਰਨ ਸਿੰਘ ਵਹਿਮੀ*
*ਚੀਨੀ ਵਾਲਾ ਬਾਬਾ -ਸ਼ਿੰਗਾਰਾ ਸਿੰਘ*
*ਉਨ੍ਹੀਵੀਂ ਸਦੀ ਦਾ ਸਭ ਤੋਂ ਵੱਡਾ ਦੇਸ਼ ਭਗਤ -ਮਾਨ ਸਿੰਘ*
*ਆਜ਼ਾਦੀ ਪ੍ਰਾਪਤੀ ਦੇ ਅਸਲ ਸਾਧਨ -ਆਤਮਾ ਸਿੰਘ*

ਕਵਿਤਾਵਾਂ ਤੋਂ ਬਾਦ ਲੇਖਾਂ ਦੀ ਗਿਣਤੀ ਹੈ। ਪੱਤਰਾਂ ਦੇ ਸੰਪਾਦਕੀ ਲੇਖਾਂ ਤੋਂ ਬਿਨਾਂ ਇਹਨਾਂ ਵਿਚ ਪੰਜਾਬ ਦੇ ਇਤਿਹਾਸ ਨਾਲ ਸੰਬੰਧਿਤ ਲੇਖਾਂ ਵਿਚ ਪੰਜਾਬ ਦਾ ਇਤਿਹਾਸ ਸਾਂਭਿਆ ਪਿਆ ਹੈ। ਪੱਤਰਾਂ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਨ੍ਹਾਂ ਵਿਚ ਸਮਕਾਲ ਦਾ ਇਤਿਹਾਸ ਨਾਲੋ ਨਾਲ ਹੀ ਸਾਂਭਿਆ ਜਾਂਦਾ ਹੈ। ਇਸ ਲਈ ਇਨ੍ਹਾਂ ਵਿਚ ਇਤਿਹਾਸ ਦੀ ਇਕ ਨਿਰੰਤਰਤਾ ਵੀ ਚਲਦੀ ਹੈ। ਮੇਰਾ ਵਿਸ਼ਵਾਸ ਹੈ ਕਿ ਪੰਜਾਬ ਦੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਓਨੀ ਦੇਰ ਤਕ ਪ੍ਰਮਾਣਿਕ ਰੂਪ ਵਿਚ ਨਹੀਂ ਲਿਖਿਆ ਜਾ ਸਕਦਾ ਜਿੰਨੀ ਦੇਰ 'ਸਤਿਜੁਗ' ਤੇ ਦੂਜੇ ਪੱਤਰਾਂ ਵਿਚ ਛਪੀ ਸਮਗਰੀ ਦਾ ਸਰਵੇਖਣ ਨਹੀਂ ਕੀਤਾ ਜਾਂਦਾ। ਵਿਗਿਆਨ ਨਾਲ ਸੰਬੰਧਿਤ ਵਿਸ਼ਿਆਂ ਬਾਰੇ ਪੰਜਾਬੀ ਵਿਚ ਲਿਖਣ ਵਾਲਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਹੈ। ਵਿਗਿਆਨ ਜਾਂ ਤਕਨਾਲੋਜੀ ਦਾ ਨਾਮਧਾਰੀ ਦਰਬਾਰ ਦੇ ਸਵੇਦੇਸ਼ੀ ਦਰਸ਼ਨ ਨਾਲ ਕਤਈ ਕੋਈ ਵਿਰੋਧ ਨਹੀਂ ਹੈ। ਸਮੁੰਦਰ ਵਿਚ ਵਸਦੀ ਮਖ਼ਲੂਕ ਦੇ ਅਧਿਐਨ ਨੂੰ ਅੱਜ acquatic life ਦਾ ਨਾਂ ਦਿੱਤਾ ਗਿਆ ਹੈ। 'ਸਤਿਜੁਗ' ਦੇ ਕੁਝ ਅੰਕਾਂ ਵਿਚ "ਸਮੁੰਦਰ ਦੇ ਗਰਭ ਵਿਚ ਝਾਤੀ" ਨਾਂ ਦੇ ਕਈਆਂ ਕਿਸ਼ਤਾਂ ਵਿਚ ਛਪਣ ਵਾਲੇ ਇਕ ਲੇਖ ਵਿਚ ਸਮੁੰਦਰ ਵਿਚ ਰਹਿਣ ਵਾਲੇ ਜੀਵ ਜੰਤੂਆਂ ਬਾਰੇ ਜਾਣਕਾਰੀ ਕਰਾਈ ਗਈ ਹੈ। ਇਸੇ ਤਰ੍ਹਾਂ ਦਾ ਇਕ ਲੇਖ "ਸਾਇੰਸਦਾਨਾਂ ਦੇ ਚੁਹਲ" ਨਾਂ ਥੱਲੇ ਇਕ ਲੇਖ ਮਸਨੂਈ ਤਰੀਕਿਆਂ ਨਾਲ ਮੀਂਹ ਵਰਸਾਉਣ ਦੇ ਜਤਨ ਬਾਰੇ ਹੈ ਜਿਸ ਨੂੰ ਅੱਜ ਦੀ ਤਕਨੀਕੀ ਭਾਸ਼ਾ ਵਿਚ cloud seeding ਕਿਹਾ ਜਾਂਦਾ ਹੈ। ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਇਹਨਾਂ ਲੇਖਾਂ ਦਾ ਆਪਣਾ ਮਹੱਤਵ ਹੈ ਜਿਹਨਾਂ ਦਾ ਵਿਸ਼ਲੇਸ਼ਣ ਤੇ ਮੁਲੰਕਣ ਇਕ ਵੱਖਰੇ ਲੇਖ ਦੀ ਮੰਗ ਕਰਦਾ ਹੈ।

'ਸਤਿਜੁਗ' ਦੀ ਪੰਜਾਬੀ ਪੱਤਰਕਾਰੀ ਨੂੰ ਇਕ ਅਹਿਮ ਦੇਣ ਵਿਸ਼ੇਸ਼ ਮੌਕਿਆਂ ਉਪਰ ਵੱਡ ਆਕਾਰੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨਾ ਸੀ। 'ਸਤਿਜੁਗ' ਦੇ ਜਾਰੀ

Sri Satguru Jagjit Singh Ji Elibrary NamdhariElibrary@gmail.com

ਹੋਣ ਤਕ ਪੰਜਾਬ ਵਿਚ ਉਰਦੂ ਪੱਤਰਕਾਰੀ ਵਿਚ ਕਾਫ਼ੀ ਨਿਖਾਰ ਆ ਚੁੱਕਾ ਸੀ ਅਤੇ ਖ਼ਾਸ ਮੌਕਿਆਂ ਉਪਰ ਖ਼ਾਸ ਨੰਬਰ ਛਾਪਿਆ ਕੀਤੇ ਜਾਂਦੇ ਸਨ। ਇਸ ਦੇ ਮੱਧਕਾਲ ਵਿਚ ਖਾਲਸਾ ਸਮਾਚਾਰ, ਨਿਰਗੁਣਿਆਰਾ ਅਤੇ ਕਈ ਪੰਜਾਬੀ ਪੱਤਰ ਛਪ ਰਹੇ ਸਨ ਅਤੇ ਗੁਰਪੁਰਬਾਂ ਦੇ ਮੌਕੇ ਉਹ ਵੀ ਤਰੱਦਦ ਨਾਲ ਉਚੇਚੀ ਸਮੱਗਰੀ ਪਾਠਕਾਂ ਸਾਹਮਣੇ ਰੱਖਦੇ ਸਨ, ਪਰ ਜੋ ਜ਼ਖ਼ੀਮ ਅਤੇ ਵੱਡ ਆਕਾਰੀ ਨੰਬਰ ਕੱਢਣ ਦੀ ਪਿਰਤ 'ਸਤਿਜੁਗ' ਨੇ ਪਾਈ, ਉਹ ਆਪਣੇ ਆਪ ਵਿਚ ਪ੍ਰਸ਼ੰਸਾਯੋਗ ਹੈ। ਬਾਬਾ ਰਾਮ ਸਿੰਘ ਜੀ ਦੇ ਜਨਮ ਦਿਨ ਅਰਥਾਤ ਹਰ ਬਸੰਤ ਦੇ ਮੌਕੇ ਸਤਿਜੁਗ ਦਾ ਵਿਸ਼ੇਸ਼ ਅੰਕ ਕੱਢਿਆ ਜਾਂਦਾ। ਸੰਮਤ 1992 (1935 ਈ.) ਵਿਚ ਛਪੇ ਬਸੰਤ ਅੰਕ ਵਿਚ ਇਸ ਦਾ ਸੰਪਾਦਕ ਇਸ ਤੱਥ ਨੂੰ ਉਚੇਚੇ ਤੌਰ ਤੇ ਪਾਠਕਾਂ ਨਾਲ ਸਾਂਝਾ ਕਰਦਾ 'ਕੁਝ ਆਪਣੀ ਵੱਲੋਂ ਵੀ' ਸਿਰਲੇਖ ਅਧੀਨ ਲਿਖਦਾ ਹੈ, "ਸਾਨੂੰ ਇਹ ਦੱਸਣ ਦੀ ਲੋੜ ਵੀ ਪ੍ਰਤੀਤ ਨਹੀਂ ਹੁੰਦੀ ਹੈ ਕਿ ਏਡੇ ਵੱਡੇ ਆਕਾਰ ਦਾ ਅੰਕ, ਸਤਿਜੁਗ ਤੋਂ ਬਿਨਾਂ, ਪੰਜਾਬੀ ਦੇ ਸਪਤਾਹਕ ਅਥਵਾ ਮਾਸਕ ਪੱਤਰ ਨੇ ਕਦੇ ਵੀ ਪ੍ਰਕਾਸ਼ਿਤ ਕੀਤਾ ਹੋਵੇ। ਇਹ ਫ਼ਖਰ ਸਤਿਜੁਗ ਨੂੰ ਹੀ ਪ੍ਰਾਪਤ ਹੈ ਕਿ ਉਹ ਹਰ ਸਾਲ ਏਹੋ ਜਿਹਾ ਅਦੁੱਤੀ ਅੰਕ ਕੱਢ ਕੇ ਪੰਜਾਬੀ ਅਖ਼ਬਾਰ ਨਵੀਸੀ ਦੀ ਸ਼ਾਨ ਨੂੰ ਚਾਰ ਚੰਨ ਲਾ ਦਿੰਦਾ ਹੈ।" ਹਰ ਸਾਲ ਛਪਣ ਵਾਲੇ ਬਸੰਤ ਵਿਸ਼ੇਸ਼ ਅੰਕ ਵਿਚ ਕਵਿਤਾਵਾਂ, ਲੇਖ, ਕਹਾਣੀ ਨੁਮਾ ਰਚਨਾਵਾਂ ਅਤੇ ਇਤਿਹਾਸਕ ਲਿਖਤਾਂ ਆਦਿ ਅਨੇਕ ਭਾਂਤ ਦੀ ਸਮੱਗਰੀ ਪ੍ਰਕਾਸ਼ਿਤ ਕੀਤੀ ਜਾਂਦੀ ਸੀ। ਬਸੰਤ ਅੰਕਾਂ ਤੋਂ ਬਿਨਾਂ 'ਸਤਿਜੁਗ' ਦੇ ਕੁਝ ਹੋਰ ਵਿਸ਼ੇਸ਼ ਅੰਕ ਵੀ ਛਪੇ ਹਨ ਜਿਹਨਾਂ ਵਿਚ ਗੁਰੂ ਨਾਨਕ ਅੰਕ, ਪਾਠ ਅੰਕ, ਯੁਵਕ ਅੰਕ, ਗੁਰੂ ਗੋਬਿੰਦ ਸਿੰਘ ਅੰਕ, ਗਊ ਅੰਕ, ਇਸਤਰੀ ਅੰਕ, ਗੁਰੂ ਤੇਗ ਬਹਾਦਰ, ਤ੍ਰੈ ਸ਼ਤਾਬਦੀ ਸ਼ਹੀਦੀ ਅੰਕ ਉਲੇਖਯੋਗ ਹਨ।[7] ਚਿੱਤਰਕਾਰਾਂ ਕੋਲੋਂ ਉਚੇਚੀਆਂ ਤਸਵੀਰਾਂ ਬਣਵਾ ਕੇ ਇਹਨਾਂ ਅੰਕਾਂ ਨੂੰ ਸਚਿੱਤਰ ਕੀਤਾ ਜਾਂਦਾ ਜਿਸ ਨਾਲ ਇਹ ਅੰਕ ਹੋਰ ਵੀ ਸੁਹਜ ਭਰਪੂਰ ਅਤੇ ਪ੍ਰਭਾਵਸ਼ਾਲੀ ਬਣ ਨਿਬੜਦੇ। ਸਤਿਜੁਗ ਦੇ 1935 ਈ. ਵਿਚ ਛਪੇ ਬਸੰਤ ਵਿਸ਼ੇਸ਼ ਅੰਕ ਵਿਚ ਸਰਦਾਰ ਸੋਭਾ ਸਿੰਘ ਦੇ ਸ਼ਾਗਿਰਦ ਭਾਈ ਵਰਿਆਮ ਸਿੰਘ ਮੁਸੱਵਰ ਦੀਆਂ ਬਣਾਈਆਂ ਅਤੇ ਕੁਝ ਕੈਮਰੇ ਦੀਆਂ ਖਿੱਚੀਆਂ ਹੋਈਆਂ ਤਸਵੀਰਾਂ ਦਿੱਤੀਆਂ ਗਈਆਂ ਹਨ। "ਸਮਾਲੋਚਨਾ" ਕਾਲਮ ਅਧੀਨ ਸਮਕਾਲ ਵਿਚ ਛਪੀਆਂ ਨਵੀਆਂ ਪੰਜਾਬੀ ਪੁਸਤਕਾਂ ਦੇ ਰਿਵਿਊ ਵੀ 'ਸਤਿਜੁਗ' ਵਿਚ ਸ਼ਮਲ ਹੁੰਦੇ ਰਹੇ ਹਨ। ਉਦਾਹਰਣ ਵਜੋਂ ਇਨ੍ਹਾਂ ਦਿਨਾਂ ਵਿਚ ਹੀ ਬਾਵਾ ਪ੍ਰੇਮ ਸਿੰਘ ਹੋਤੀ ਦੀ ਕਿਤਾਬ 'ਸ. ਹਰੀ ਸਿੰਘ ਨਲੂਆ' ਛਪੀ ਤਾਂ ਇਸ ਦਾ ਰਿਵਿਊ 'ਸਤਿਜੁਗ' ਵਿਚ ਕੀਤਾ ਗਿਆ। ਰਿਵਿਊਕਾਰ ਲਿਖਦਾ ਹੈ, "ਅਜ ਜਿਸ ਢੰਗ ਨਾਲ ਕੌਮਾਂ ਦੇ ਵਿਦਵਾਨ ਆਪਣੇ ਬਜ਼ੁਰਗਾਂ ਦੇ ਸ਼ਾਨਦਾਰ ਕਾਰਨਾਮਿਆਂ ਨੂੰ ਉਜਾਗਰ ਕਰਨ ਦੇ ਜਤਨਾਂ ਵਿਚ ਲੱਗੇ ਹੋਏ ਹਨ, ਉਸਨੂੰ ਸਾਡੇ

Sri Satguru Jagjit Singh Ji Elibrary NamdhariElibrary@gmail.com

ਭੀ ਕੁਝ ਵਿਦਵਾਨਾਂ ਨੇ ਅਪਨਾਇਆ ਹੈ। ਉਨ੍ਹਾਂ ਵਿਦਵਾਨਾਂ ਵਿਚ ਵਿਸ਼ੇਸ਼ ਉਲੇਖਨੀਯ ਨਾਮ ਸ੍ਰੀਮਾਨ ਬਾਬਾਪ੍ਰੇਮ ਸਿੰਘ ਹੋਤੀ ਮਰਦਾਨ ਹੈ। ਆਪਨੇ 'ਜੀਵਨ ਬਿਰਤਾਂਤ ਮਹਾਰਾਜਾ ਨੌਨਿਹਾਲ ਸਿੰਘ ਜੀ' ਇਤਿਹਾਸਕ ਗ੍ਰੰਥ ਲਿਖ ਕੇ ਇਤਿਹਾਸ ਸੰਬੰਧੀ ਆਪਣੇ ਪ੍ਰੇਮ ਅਤੇ ਖੋਜਪੂਰਨ ਵਾਕਫ਼ੀਅਤ ਦਾ ਸਬੂਤ ਦਿੱਤਾ ਸੀ ਜਿਸ ਦਾ ਜਨਤਾ ਨੇ ਭੀ ਯੋਗ ਆਦਰ ਸਤਿਕਾਰ ਕੀਤਾ। ਪਰ ਸਰਦਾਰ ਹਰੀ ਸਿੰਘ ਨਲੂਆ ਨਾਮਕ ਗਰੰਥ ਦੇ ਰੂਪ ਵਿਚ ਆਪਨੇ ਆਪਣੀ ਇਤਿਹਾਸਕ ਖੋਜ ਦਾ ਜੋ ਸਬੂਤ ਦਿੱਤਾ ਹੈ, ਉਹ ਤੇ ਇਕ ਕਮਾਲ ਦਾ ਗ੍ਰੰਥ ਹੈ।[10] ਸਮਕਾਲੀ ਪੱਤਰਾਂ ਦੇ ਵਿਸ਼ੇਸ਼ ਅੰਕਾਂ ਬਾਰੇ 'ਸਤਿਜੁਗ' ਵਿਚ ਉਚੇਚੇ ਤੌਰ ਤੇ ਰਿਵਿਊਨੁਮਾ ਟਿੱਪਣੀਆਂ ਕੀਤੀਆਂ ਜਾਂਦੀਆਂ ਸਨ ਕਿਉਂਕਿ 'ਸਤਿਜੁਗ' ਦੇ ਆਪਣੇ ਵਿਸ਼ੇਸ਼ ਅੰਕ ਬੜੇ ਤਰੱਦਦ ਨਾਲ ਤਿਆਰ ਕੀਤੇ ਜਾਂਦੇ ਸਨ। ਉਸ ਵੇਲੇ ਚਲ ਰਹੇ ਰਿਸਾਲਿਆਂ 'ਅੰਮ੍ਰਿਤ' ਅਤੇ 'ਨਿਰਮਲ ਪੱਤਰ' ਦੇ ਗੁਰੂ ਨਾਨਕ ਦੇਵਜੀ ਦੇ ਗੁਰਪੁਰਬ ਦੇ ਮੌਕੇ ਛਪੇ ਵਿਸ਼ੇਸ਼ ਅੰਕਾਂ ਬਾਰੇ 'ਸਤਿਜੁਗ' ਵਿਚ ਟਿੱਪਣੀਆਂ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਅਬੋਹਰ ਤੋਂ ਨਿਕਲਣ ਵਾਲੇ ਇਕ ਹਿੰਦੀ ਮਾਸਕ ਪੱਤਰ 'ਦੀਪਕ' ਦੀ ਪ੍ਰਕਾਸ਼ਨਾ ਦੇ ਤਿੰਨ ਸਾਲ ਪੂਰੇ ਹੋਣ ਉਪਰੰਤ ਉਸਦੇ ਪ੍ਰਬੰਧਕਾਂ ਅਤੇ ਸੰਪਾਦਕ ਨੂੰ ਵਧਾਈ ਦਿੱਤੀ ਗਈ ਹੈ। ਪੰਜਾਬ ਵਿਚ ਹਿੰਦੀ ਪੱਤਰਕਾਰੀ ਦੇ ਇਤਿਹਾਸ ਬਾਰੇ ਇਹ ਬੜੀ ਮੁੱਲਵਾਨ ਸੂਚਨਾ ਹੈ। ਸਾਹਿਤਕ ਖਬਰਾਂ ਵੀ 'ਸਤਿਜੁਗ' ਵਿਚ ਬਰਾਬਰ ਛਪੀਆਂ। ਜਦ ਭਾਈ ਕਾਨ੍ਹ ਸਿੰਘ ਨਾਭਾ 77 ਸਾਲ ਦੀਉਮਰ ਭੋਗ ਕੇ ਸੰਮਤ 1995 (1938 ਈ.) ਵਿਚ ਅਕਾਲ ਚਲਾਣਾ ਕਰ ਗਏ ਤਾਂ 'ਸਤਿਜੁਗ' ਨੇ "ਵਿਦਿਆ ਦਾ ਮਾਰਤੰਡ ਅਸਤ ਹੋ ਗਿਆ" ਸਿਰਲੇਖ ਅਧੀਨ ਭਾਈ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ ਚਿਤਾਰਦਿਆਂ ਹੋਇਆਂ ਸ਼ਰਧਾਂਜਲੀ ਭੇਟ ਕੀਤੀ। 'ਸਤਿਜੁਗ' ਦੇ ਸੰਪਾਦਕਾਂ ਵਿਚ ਜਦ ਤਕ ਨਿਧਾਨ ਸਿੰਘ ਆਲਮ ਇਸ ਦੇ ਸੰਪਾਦਕ ਰਹੇ, ਇਸ ਵਿਚ ਸਾਹਿਤਕ ਰੰਗਣ ਵਧੇਰੇ ਰਹੀ ਕਿਉਂਕਿ ਆਲਮ ਜੀ ਖ਼ੁਦ ਇਕ ਚੰਗੇ ਕਵੀ ਸਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਅੱਸੀ ਸਾਲਾਂ ਦੀ ਲੰਮੀ ਉਮਰ ਵਿਚ 'ਸਤਿਜੁਗ' ਨੇ ਪੰਜਾਬੀ ਪੱਤਰਕਾਰੀ ਵਿਚ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ ਅਤੇ ਹਰ ਨਾਮਵਰ ਪੰਜਾਬੀ ਲੇਖਕ ਦਾ ਸਹਿਯੋਗ ਇਸ ਨੂੰ ਪ੍ਰਾਪਤ ਰਿਹਾ ਹੈ। ਨਾਮਧਾਰੀ ਸਮਾਜ ਦੇ ਆਪਣੇ ਲੇਖਕਾਂ ਤੋਂ ਬਿਨਾਂ ਵੀ ਕਈ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਇਸ ਵਿਚ ਛਪੀਆਂ ਰਹੀਆਂ ਹਨ। ਕੁਝ ਚੋਣਵੇਂ ਪੰਜਾਬੀ ਲੇਖਕਾਂ ਵਿਚ ਹੀਰਾ ਸਿੰਘ ਦਰਦ, ਚਰਨ ਸਿੰਘ ਸ਼ਹੀਦ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਡਾ. ਗੰਡਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਸ. ਸ. ਅਮੋਲ, ਪ੍ਰੋ. ਸ਼ੇਰ ਸਿੰਘ, ਭਾਈ ਮੋਹਨ ਸਿੰਘ ਵੈਦ ਅਤੇ ਮਾਸਟਰ ਤਾਰਾ ਸਿੰਘ ਦੇ ਨਾਂ ਇਹਨਾਂ ਵਿਚ ਸ਼ਾਮਲ ਹਨ। ਸਾਰੰਸ਼ ਇਹ ਕਿ 'ਸਤਿਜੁਗ' ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦਾ ਬਹੁਪੱਖੀ ਇਤਿਹਾਸ ਲਿਖਣ ਵਾਸਤੇ ਮੁੱਲਵਾਨ ਸਮੱਗਰੀ ਮੁਹੱਈਆ ਕਰਦਾ ਹੈ।

Sri Satguru Jagjit Singh Ji Elibrary NamdhariElibrary@gmail.com

## ਟਿੱਪਣੀਆਂ ਅਤੇ ਹਵਾਲੇ

1. 'ਸਤਿਜੁਗ' 80 ਸਾਲਾ ਵਿਸ਼ੇਸ਼ ਅੰਕ, ਮਾਰਚ 2001 ਵਿਚ ਜਸਵਿੰਦਰ ਸਿੰਘ ਦਾ ਲੇਖ, ਪੰਨਾ 14.
2. ਪਰਚਾ ਪਹਿਲਾ, ਜਿਲਦ ਪਹਿਲੀ, 26 ਮਈ 1920 ਉਪਰੋਕਤ ਵਿਸ਼ੇਸ਼ ਅੰਕ ਵਿਚੋਂ ਉਧਰਿਤ।
3. 'ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ', ਨਰਿੰਦਰ ਸਿੰਘ ਕਪੂਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 83.
4. ਇਹ ਸਾਰੀਆਂ ਕਵਿਤਾਵਾਂ 'ਸਤਿਜੁਗ' ਦੇ ਬਸੰਤ ਅੰਕ (ਸੰਮਤ 1992, ਮੁਤਾਬਿਕ 1935 ਈ. ਵਿਚੋਂ ਲਈਆਂ ਗਈਆਂ ਹਨ।)
5. ਉਹੀ।
6. 'ਸਤਿਜੁਗ', 4 ਕੱਤਕ 1995 (1938 ਈ.)
7. ਉਹੀ, 11 ਕੱਤਕ 1995 (1938 ਈ.)
8. ਉਹੀ, ਪੰਨਾ 3.
9. 'ਸਤਿਜੁਗ' 80 ਸਾਲਾ ਵਿਸ਼ੇਸ਼ ਅੰਕ, ਪੰਨਾ 23.
10. 'ਸਤਿਜੁਗ', 18 ਕੱਤਕ 1995 (1938 ਈ.)

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਪਰੰਪਰਾ ਦਾ ਸੰਗੀਤ ਕਲਾ ਨੂੰ ਯੋਗਦਾਨ

ਡਾ. ਗੁਰਨਾਮ ਸਿੰਘ

ਸਿੱਖ ਧਰਮ ਦੇ ਆਦਿ ਤੋਂ ਹੀ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਸਿੱਖੀ ਜੀਵਨ ਦਾ ਅਨਿੱਖੜ ਅੰਗ ਬਣਾਇਆ ਹੈ। ਸ਼ਬਦ ਕੀਰਤਨ ਦੀ ਵਿਸ਼ਾਲ ਮੌਲਿਕ ਪਰੰਪਰਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਰਾਗਾਤਮਕ ਸੰਗੀਤਕ ਆਧਾਰ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਅਧੀਨ ਮਰਿਆਦਤ ਤੇ ਨਿਰੰਤਰ ਰੂਪ ਵਿਚ ਜੰਗਾਂ ਯੁੱਧਾਂ ਦੇ ਕਠਿਨ ਸਮਿਆਂ ਵਿਚ ਵੀ ਕੀਰਤਨ ਦੁਆਰਾ ਸੰਗੀਤ ਦਾ ਪ੍ਰਵਾਹ ਨਿਰੰਤਰ ਚਲਦਾ ਰਿਹਾ।

ਸਮਾਜ ਸੁਧਾਰ, ਆਜ਼ਾਦੀ ਅੰਦੋਲਨ ਅਤੇ ਸਮਾਜਕ ਕੁਰੀਤੀਆਂ ਦੇ ਖਿਲਾਫ਼ ਸੰਘਰਸ਼ ਵਿਚ ਨਾਮਧਾਰੀ ਲਹਿਰ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦਿਆਂ ਸਿੱਖੀ ਸਰੂਪ ਦੀ ਵਿਲੱਖਣ ਪਹਿਚਾਣ ਨੂੰ ਕਾਇਮ ਰੱਖਣ ਲਈ ਅਤੇ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਦੀ ਸ਼ਖ਼ਸੀਅਤ ਨੂੰ ਬਣਾਉਣ ਸੰਵਾਰਨ ਲਈ ਉਨ੍ਹਾਂ ਦੇ ਸਰਬਾਂਗੀ ਵਿਕਾਸ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ। ਇਸ ਦਿਸ਼ਾ ਵਿਚ ਸੰਗੀਤ ਵਰਗੀ ਸੂਖ਼ਮ ਤੇ ਕੋਮਲ ਕਲਾ ਜੋ ਕੀਰਤਨ ਦੇ ਰੂਪ ਵਿਚ ਪਹਿਲਾਂ ਹੀ ਸਿੱਖੀ ਜੀਵਨ ਦਾ ਅਨਿੱਖੜ ਅੰਗ ਸੀ, ਦਾ ਵਿਸ਼ੇਸ਼ ਰੂਪ ਵਿਚ ਪ੍ਰਚਾਰ, ਪ੍ਰਸਾਰ ਤੇ ਸਥਾਪਤੀ ਦੀ ਇਕ ਜੀਵੰਤ ਲਹਿਰ ਨਾਮਧਾਰੀ ਪਰੰਪਰਾ ਦੁਆਰਾ ਪ੍ਰਾਰੰਭ ਕੀਤੀ ਗਈ। ਨਾਮਧਾਰੀ ਲਹਿਰ ਦੇ ਉਕਤ ਉਦੇਸ਼ ਤੋਂ ਬਿਨਾਂ ਸਮਕਾਲੀਨ ਸੰਗੀਤ ਜਗਤ ਵਿਚ ਮਰਿਆਦਤ ਸਿੱਖ ਸੰਗੀਤ ਪਰੰਪਰਾ ਆਪਣੇ ਮੌਲਿਕ ਸਰੂਪ ਦੀ ਪਛਾਣ ਤੋਂ ਅਵੇਸਲੀ ਹੋ ਰਹੀ ਸੀ। ਦਿਨੋਂ ਦਿਨ ਰਾਗ ਪਰੰਪਰਾ ਅਤੇ ਤੰਤੀ ਸਾਜ਼ਾਂ ਦੇ ਨਾਲ ਨਾਲ ਵੱਖ ਵੱਖ ਕੀਰਤਨ ਸ਼ੈਲੀਆਂ ਅਤੇ ਸੀਨਾ-ਬ-ਸੀਨਾ ਪ੍ਰਵਾਹਿਤ ਸੰਗੀਤ ਪਰੰਪਰਾ ਦੀਆਂ ਅਨਮੋਲ ਰਚਨਾਵਾਂ ਲੁਪਤ ਹੋਣ ਦੀ ਪ੍ਰਕਿਰਿਆ ਵਿਚ ਪੈ ਚੁੱਕੀਆਂ ਸਨ। ਹਰਮੋਨੀਅਮ ਵਾਜਿਆਂ ਨਾਲ ਵਰਤਮਾਨ ਸਮੇਂ ਚਲੰਤ ਗੀਤ, ਗ਼ਜ਼ਲਾਂ, ਧੁਨਾਂ ਉੱਤੇ ਹੋਣ ਵਾਲੇ ਕੀਰਤਨ ਨੇ ਇਸ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ। ਅਜੇਹੇ ਸਮੇਂ ਜ਼ਰੂਰਤ ਸੀ ਕਿ ਪੰਜਾਬੀ ਜਗਤ ਤੇ ਸਿੱਖੀ ਜਨਜੀਵਨ ਵਿਚ ਸੰਗੀਤ ਦੇ ਪ੍ਰਵਾਹ ਨੂੰ ਗਤੀਸ਼ੀਲ ਕਰਦਿਆਂ ਸਿੱਖ ਨੌਜਵਾਨਾਂ

Sri Satguru Jagjit Singh Ji Elibrary NamdhariElibrary@gmail.com

ਦੀ ਨਵੀਂ ਪੀੜ੍ਹੀ ਨੂੰ ਸੰਗੀਤ ਦੀ ਚੇਟਕ ਲਗਾਈ ਜਾਵੇ। ਨਾਮਧਾਰੀ ਪਰੰਪਰਾ ਇਸ ਕਾਰਜ ਨੂੰ ਇਕ ਸੰਗੀਤ ਲਹਿਰ ਦੇ ਰੂਪ ਵਿਚ ਸਿਰਜਣ ਵਿਚ ਸਫ਼ਲ ਹੋਈ ਹੈ ਅਤੇ ਇਸ ਪ੍ਰਯੋਜਨ ਦੀ ਪੂਰਤੀ ਲਈ ਇਸ ਨੂੰ ਸਹਿਜ ਸੁਭਾਵਕ ਰੂਪ ਵਿਚ ਹੀ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਸੁਨਿਸ਼ਚਤ ਯਤਨ ਕੀਤੇ ਗਏ ਜਿਨ੍ਹਾਂ ਦਾ ਕ੍ਰਮਵਾਰ ਵਿਸ਼ਲੇਸ਼ਣ ਇਸ ਤਰ੍ਹਾਂ ਕਰ ਸਕਦੇ ਹਾਂ।

ਨਾਮਧਾਰੀ ਪਰੰਪਰਾ ਦੇ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ, ਪ੍ਰੇਰਨਾ ਤੇ ਉਤਸ਼ਾਹ ਨਾਲ ਸਰਵ ਪ੍ਰਥਮ ਸੰਗੀਤ ਅਤੇ ਰਾਗਦਾਰੀ ਦਾ ਸੰਗੀਤ ਭਾਵ ਸ਼ਾਸਤਰੀ ਸੰਗੀਤ ਤੋਂ ਉਪਰ ਉੱਠ ਕੇ ਸਰਬ ਵਿਆਪੀ ਬ੍ਰਹਿਮੰਡੀ ਭਾਸ਼ਾ ਸੰਗੀਤ ਦੁਆਰਾ ਸਮੁੱਚੀ ਮਾਨਵਤਾ ਦੇ ਹਿਰਦਿਆਂ ਨੂੰ ਜਯੋਤਮਯ ਬਣਾਉਣ ਦੀ ਪ੍ਰਕਿਰਿਆ ਵਿਚ ਪਾਇਆ ਗਿਆ। ਇਸ ਨਾਲ ਸੰਗੀਤ ਪ੍ਰੇਮੀਆਂ ਸੰਗੀਤਕਾਰਾਂ ਦੇ ਆਪਸੀ ਸੰਗੀਤਮਈ ਮਿਲਨ ਤੋਂ ਸਿੱਖੀ ਦੀ ਸੰਗੀਤਕ ਖੁਸ਼ਬੂ ਅਤੇ ਨਵੀਨ ਸੰਗੀਤਕ ਭਾਈਚਾਰੇ ਦੀ ਸਿਰਜਣਾ ਹੋਈ ਜਿਸ ਨੇ ਸੰਗੀਤ ਪ੍ਰਤੀ ਸਾਡੇ ਲਗਾਵ ਅਤੇ ਸਰੋਕਾਰਾਂ ਦਾ ਆਦਰਸ਼ ਰੂਪ ਵਿਚ ਚਿਤ੍ਰਣ ਕੀਤਾ।

ਨਾਮਧਾਰੀ ਪਰੰਪਰਾ ਵਿਚ ਸੰਗੀਤ ਦੇ ਉੱਚਤਮ ਆਦਰਸ਼ਾਂ ਦੇ ਪ੍ਰਤਿਪਾਲਕ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਪ੍ਰੇਰਨਾ ਦੁਆਰਾ ਨੌਜੁਆਨ ਸਿਖਿਆਰਥੀਆਂ ਵਿਚ ਸੰਗੀਤ ਦੀ ਚਿਣਗ ਲਗਾ ਉਹਨਾਂ ਨੂੰ ਉੱਚਕੋਟੀ ਦੇ ਉਸਤਾਦ ਸੰਗੀਤਕਾਰਾਂ ਦੀ ਸ਼ਗਿਰਦੀ ਕਰਨ ਦਾ ਮਾਣ ਤੇ ਅਵਸਰ ਪ੍ਰਦਾਨ ਕਰਵਾਇਆ। ਏਥੇ ਇਹ ਵਰਣਨਯੋਗ ਹੈ ਕਿ ਸੰਗੀਤ ਜਗਤ ਵਿਚ ਕਿਸੇ ਵੱਡੇ ਉਸਤਾਦ ਦੀ ਸ਼ਗਿਰਦੀ ਤੇ ਸਰਪ੍ਰਸਤੀ ਮਿਲ ਜਾਣਾ ਅਤਿ ਕਠਿਨ ਅਤੇ ਦੂਸਰੇ ਜਨਮ ਵਾਲੀ ਗੱਲ ਹੈ ਜੋ ਵੱਡੇਭਾਗਾਂ ਨਾਲ ਨਸੀਬ ਹੁੰਦੀ ਹੈ। ਨਾਮਧਾਰੀ ਪਰੰਪਰਾ ਨੂੰ ਮਾਣ ਹੈ ਕਿ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਭਰਪੂਰ ਅਸ਼ੀਰਵਾਦ ਦੁਆਰਾ ਉਹ ਪ੍ਰਤਿਭਾਵਾਨ ਵਿਦਿਆਰਥੀ ਜਿਹੜੇ ਆਪਣੇ ਸੀਮਿਤ ਸ੍ਰੋਤਾਂ ਤੇ ਸਾਧਨਾਂ ਦੁਆਰਾ ਆਪਣੇ ਪਿੰਡ ਸ਼ਹਿਰ ਦੀ ਜੂਹ ਨਹੀਂ ਸਨ ਟੱਪ ਸਕਦੇ ਉਹ ਦੂਰ ਦੁਰਾਡੇ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਉਚਕੋਟੀ ਦੇ ਉਸਤਾਦਾਂ ਕੋਲ ਨਾਮਧਾਰੀ ਪਰੰਪਰਾ ਦੁਆਰਾ ਲਗਾਏ ਸੰਗੀਤ ਦੇ ਅਖੁੱਟ ਲੰਗਰ ਦੁਆਰਾ ਸੰਗੀਤ ਜਗਤ ਦੇ ਚਮਕਦੇ ਸਿਤਾਰੇ ਬਣਨ ਵੱਲ ਤੁਰ ਪਏ। ਇਨ੍ਹਾਂ ਉਸਤਾਦ ਸੰਗੀਤਕਾਰਾਂ ਦਾ ਸਿੱਖ ਬੱਚਿਆਂ ਲਈ ਸੰਗੀਤ ਗੁਰੂ ਵਜੋਂ ਮੰਨ ਜਾਣਾ ਸਤਿਗੁਰਾਂ ਦੀ ਬਖਸ਼ਿਸ਼ ਹੀ ਕਹੀ ਜਾ ਸਕਦੀ ਹੈ ਜਿਸ ਲਈ ਕਿੰਨੇ ਕੁ ਕਠਿਨ ਤੇ ਗੰਭੀਰ ਯਤਨ ਹੋਏ ਹੋਣਗੇ ਇਸ ਦਾ ਅਨੁਮਾਨ ਇਨ੍ਹਾਂ ਉਸਤਾਦ ਸੰਗੀਤਕਾਰਾਂ ਦਾ ਮਨੋਵਿਗਿਆਨ ਜਾਣਨ ਵਾਲਾ ਕੋਈ ਸੰਗੀਤ ਵਿਗਿਆਨੀ ਹੀ ਦਸ ਸਕਦਾ ਹੈ। ਜਿਨ੍ਹਾਂ ਪ੍ਰਤਿਭਾਵਾਨ ਨੌਜੁਆਨ ਸੰਗੀਤਕਾਰਾਂ ਨੂੰ ਵੱਖ ਵੱਖ ਉਸਤਾਦਾਂ ਦੀ ਸ਼ਾਗਿਰਦੀ

ਨਾਮਧਾਰੀ ਪਰੰਪਰਾ ਦੁਆਰਾ ਪਰਾਪਤ ਹੋਈ। ਉਹਨਾਂ ਦਾ ਏਥੇ ਜਿਕਰ ਕਰਨਾ ਕੁਥਾਂਹ ਨਹੀਂ ਹੋਵੇਗਾ।

1. ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਲਾਇਤ ਖਾਂ ਦੇ ਸ਼ਾਗਿਰਦ ਸ੍ਰੀ ਧਰਮਵੀਰ ਸਿੰਘ, ਸ੍ਰੀ ਸ਼ੇਰ ਸਿੰਘ ਚਾਵਲਾ, ਸ੍ਰੀ ਸੰਤੋਖ ਸਿੰਘ ਲਾਲ ਜੀ, ਸ੍ਰੀ ਬਲਜੀਤ ਸਿੰਘ।
2. ਪੰ: ਸ਼ਿਵ ਕੁਮਾਰ ਸੰਤੂਰ ਸਮਰਾਟ ਦੇ ਸ਼ਾਗਿਰਦ ਸ੍ਰੀ ਹਰਜਿੰਦਰ ਪਾਲ ਸਿੰਘ, ਸ੍ਰੀ ਕਿਰਨਪਾਲ ਸਿੰਘ।
3. ਸਰੋਦ ਸਮਰਾਟ ਉਸਤਾਦ ਅਮਜ਼ਦ ਅਲੀ ਖਾਂ ਦੇ ਸ਼ਾਗਿਰਦ ਸ੍ਰੀ ਗੁਰਦੇਵ ਸਿੰਘ, ਸ੍ਰੀ ਹਰਭਜਨ ਸਿੰਘ।
4. ਪ੍ਰਸਿੱਧ ਸਿਤਾਰ ਵਾਦਕ ਉਸਤਾਦ ਇਮਰਤ ਖਾਂ ਦੇ ਸ਼ਾਗਿਰਦ ਸ੍ਰੀ ਸੁਰਿੰਦਰ ਸਿੰਘ, ਸ੍ਰੀ ਚਰਨ ਸਿੰਘ ਜੰਮੂੰ, ਸ੍ਰੀ ਤੇਜਿੰਦਰ ਸਿੰਘ ਗੋਟਾ, ਸ੍ਰੀ ਗੁਰਮੁਖ ਸਿੰਘ, ਡਾ. ਅਮਰੀਕ ਸਿੰਘ।
5. ਪ੍ਰਸਿੱਧ ਤਬਲਾ ਵਾਦਕ ਪੰ: ਕਿਸ਼ਨ ਸਿੰਘ ਮਹਾਰਾਜ ਪਾਸ ਸ੍ਰੀ ਸੁਖਵਿੰਦਰ ਸਿੰਘ ਪਿੰਕੀ, ਸ੍ਰੀ ਸੁਖਦੇਵ ਸਿੰਘ, ਸ੍ਰੀ ਸੁਖਵਿੰਦਰ ਸਿੰਘ।
6. ਸਾਰੰਗੀ ਵਾਦਕ ਪੰ: ਰਾਮ ਨਾਰਾਇਣ ਜੀ ਦੇ ਸ਼ਾਗਿਰਦ ਦੇ ਤੌਰ ਤੇ ਸ੍ਰੀ ਸੁਰਜੀਤ ਸਿੰਘ, ਸ੍ਰੀ ਅਰਵਿੰਦਰ ਸਿੰਘ, ਸ੍ਰੀ ਸੁਰਿੰਦਰ ਸਿੰਘ।
7. ਮਿਸਰਾ ਬੰਧੂਆਂ, ਸ੍ਰੀ ਰਾਜਨ ਸਾਜਨ ਦੇ ਸ਼ਾਗਿਰਦ ਸ੍ਰੀ ਮੋਹਨ ਸਿੰਘ ਅਤੇ ਸ੍ਰੀ ਸੁਖਦੇਵ ਸਿੰਘ।
8. ਪੰ: ਰਾਮ ਜੀ ਮਿਸ਼ਰਾ ਸਪੁੱਤਰ ਪੰ: ਅਣੋਖੇ ਲਾਲ ਬਨਾਰਸ ਦੇ ਸ਼ਾਗਿਰਦ ਸ੍ਰੀ ਹਰਪ੍ਰੀਤ ਸਿੰਘ।
9. ਤਬਲਾ ਵਾਦਕ ਭਾਰਤ ਪ੍ਰਸਿੱਧ ਪੰ: ਸਾਮਤਾ ਪ੍ਰਸਾਦ ਦੇ ਸ਼ਾਗਿਰਦ ਸ ਅਵਤਾਰ ਸਿੰਘ ਅੰਮ੍ਰਿਤਸਰੀ।
10. ਪ੍ਰਸਿੱਧ ਬੰਸਰੀ ਵਾਦਕ ਸ੍ਰੀ ਹਰੀ ਪ੍ਰਸਾਦ ਚੌਰਸੀਆ ਦੇ ਸ਼ਾਗਿਰਦ ਜੰਮੂ ਵਾਲੇ ਸ੍ਰੀ ਸਤਿਪਾਲ ਸਿੰਘ।
11. ਪੰ: ਬਿਰਜੂ ਮਹਾਰਾਜ ਦੇ ਸ਼ਾਗਿਰਦ ਸ੍ਰੀ ਅਮਰ ਸਿੰਘ।
12. ਪੰ: ਦੁਰਗਾ ਲਾਲ ਕੱਥਕ ਦੇ ਸ਼ਾਗਿਰਦ ਸ੍ਰੀ ਬਲਵੰਤ ਸਿੰਘ, ਸੁਖਦੇਵ ਸਿੰਘ ਤੇ ਅਮਰੀਕ ਸਿੰਘ।

ਨਾਮਧਾਰੀ ਪਰੰਪਰਾ ਵਿਚ ਸੰਗੀਤ ਸਿਖਲਾਈ ਦੇ ਪ੍ਰਵਾਹ ਨੂੰ ਪੜਾਵਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ। ਇਕ ਪਾਸੇ ਤਾਂ ਇਸ ਸੰਗੀਤ ਲਹਿਰ ਦੇ ਸਰਪ੍ਰਸਤਾਂ ਨੇ ਆਪਣੀ ਪਰੰਪਰਾ ਦੇ ਉਸਤਾਦ ਸੰਗੀਤਕਾਰਾਂ ਦੀ ਸਿਰਜਣਾ ਕੀਤੀ ਅਤੇ ਸਥਾਨਕ ਪੱਧਰ ਉੱਤੇ ਉਹਨਾਂ ਨੂੰ ਸੰਗੀਤ ਸਿਖਲਾਈ ਦਾ ਕਾਰਜ ਸੌਂਪਿਆ ਗਿਆ। ਜਦ ਇਹ

ਉਸਤਾਦ ਸੰਗੀਤਕਾਰ ਸਥਾਨਕ ਪੱਧਰ ਉੱਤੇ ਸੰਗੀਤ ਸਿਖਲਾਈ ਲਈ ਨਵੀਂ ਪਨੀਰੀ ਤਿਆਰ ਕਰ ਲੈਂਦੇ ਤਾਂ ਇਨ੍ਹਾਂ ਨੂੰ ਹੋਰ ਵਧੇਰੇ ਵਧਣ ਫੁਲਣ ਲਈ ਸੁਖਾਵੇਂ ਮਾਹੌਲ ਵਿਚ ਸੰਗੀਤ ਦੇ ਉਸਤਾਦ ਮਾਲੀਆਂ ਕੋਲ ਮੌਲਣ, ਵਿਗਸਣ ਦੇ ਹੋਰ ਅਵਸਰ ਪ੍ਰਦਾਨ ਕੀਤੇ ਜਾਂਦੇ। ਸਥਾਨਕ ਪੱਧਰ ਉੱਤੇ ਸਮੇਂ ਸਮੇਂ ਜਿਨ੍ਹਾਂ ਉਸਤਾਦ ਸੰਗੀਤਕਾਰਾਂ ਨੇ ਇਸ ਪਰੰਪਰਾ ਵਿਚ ਆਪਣਾ ਯੋਗਦਾਨ ਪਾਇਆ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ: ਸੰਗੀਤਾਚਾਰੀਆ ਭਾਈ ਹਰਨਾਮ ਸਿੰਘ, ਉਸਤਾਦ ਊਧੋ ਖਾਂ ਸਾਹਿਬ, ਉਸਤਾਦ ਰਹੀਮ ਬਖਸ਼, ਸੰਤ ਹਜ਼ੂਰ ਸਿੰਘ ਚੰਦ੍ਹਾਂਸ, ਉਸਤਾਦ ਭਾਈ ਹਰਨਾਮ ਸਿੰਘ ਚਵਿੰਡਾ, ਭਾਈ ਮਸਤਾਨ ਸਿੰਘ ਪਟਿਆਲੇ ਵਾਲੇ, ਭਾਈ ਨਸੀਰ ਅੰਮ੍ਰਿਤਸਰ ਵਾਲੇ, ਸੰਤ ਸੁਖਦੇਵ ਸਿੰਘ ਸੁੱਖੀ, ਹਰਬੰਸ ਸਿੰਘ ਘੁੱਲਾ ਆਦਿ ਨਾਮ ਵਿਸ਼ੇਸ਼ ਹਨ। ਇਸਤੋਂ ਇਲਾਵਾ ਸਮੇਂ ਸਮੇਂ ਗਾਇਨ ਅਤੇ ਵਾਦਨ ਵਿਚ ਵਿਦਿਆਰਥੀਆਂ ਨੂੰ ਸਿਖਿਅਤ ਕਰਨ ਵਾਲੇ ਸੰਗੀਤ ਅਧਿਆਪਕਾਂ ਦਾ ਯੋਗਦਾਨ ਵੀ ਵਿਸ਼ੇਸ਼ ਹੈ। ਨਾਮਧਾਰੀ ਪਰੰਪਰਾ ਵਿਚ ਸੰਗੀਤ ਸੰਚਾਰ ਲਈ ਕੀਤੇ ਜਾ ਰਹੇ ਉਦਮਾਂ ਨੂੰ ਸੰਸਥਾਗਤ ਰੂਪ ਦੇਣ ਲਈ ਸੰਗੀਤ ਕੇਂਦਰਾਂ ਦਾ ਨਿਰਮਾਣ ਵੀ ਕੀਤਾ ਗਿਆ ਜਿਨ੍ਹਾਂ ਵਿਚੋਂ ਪ੍ਰਮੁੱਖ ਤੇ ਕੇਂਦਰੀ ਸੰਗੀਤ ਤੀਰਥ ਸ੍ਰੀ ਭੈਣੀ ਸਾਹਿਬ ਦਾ ਸਥਾਨ ਹੈ ਜੋ ਜ਼ਿਲਾ ਲੁਧਿਆਣਾ ਵਿਚ ਸਥਿਤ ਹੈ। ਸਰਵ ਪ੍ਰਥਮ 1928 ਈਸਵੀ ਵਿਚ ਇਥੇ ਨਾਮਧਾਰੀ ਵਿਦਿਆਲਾ ਸਥਾਪਤ ਕੀਤਾ ਗਿਆ। ਜਿੱਥੇ ਨਿਰੰਤਰ ਸੰਗੀਤ ਦੀ ਸਿਖਿਆ ਉਸਤਾਦ ਸੰਗੀਤਕਾਰਾਂ ਦੁਆਰਾ ਦਿੱਤੀ ਜਾ ਰਹੀ ਹੈ। ਇਸ ਤੋਂ ਬਿਨਾਂ ਸੰਗੀਤ ਸਿੱਖਿਆ ਦੇਣ ਦਾ ਕਾਰਜ ਯਾਤਰਾਵਾਂ ਦੌਰਾਨ ਵਿਭਿੰਨ ਸਮਿਆਂ ਤੇ ਸਥਾਨਾਂ ਉੱਤੇ ਲਗਦੇ ਦੀਵਾਨਾਂ ਵਿਚ ਕੀਤਾ ਜਾਂਦਾ ਰਿਹਾ ਅਤੇ ਇਹ ਪਰੰਪਰਾ ਅੱਜ ਵੀ ਜਾਰੀ ਹੈ। ਭੈਣੀ ਸਾਹਿਬ ਵਿਖੇ ਪ੍ਰਤਿਭਾਵਾਨ ਬੱਚਿਆਂ ਨੂੰ ਸੰਗੀਤ ਸਿਖਲਾਈ ਦੇ ਭਰਪੂਰ ਯਤਨ ਕੀਤੇ ਜਾਂਦੇ ਰਹੇ ਹਨ। ਇਸ ਦੇ ਨਾਲ ਹੀ ਏਥੇ ਉੱਚਕੋਟੀ ਦੇ ਇਸ ਸੰਗੀਤ ਤੀਰਥ ਦੇ ਗੌਰਵ ਨੂੰ ਹੋਰ ਵੀ ਵਧਾਇਆ ਅਤੇ ਇਕ ਸਥਾਪਤ ਸੰਸਥਾਗਤ ਸੰਗੀਤ ਪ੍ਰਤੀਕ ਵਜੋਂ ਉਜਾਗਰ ਕੀਤਾ ਹੈ। ਨਾਮਧਾਰੀ ਸੰਗੀਤਕਾਰਾਂ ਦਾ ਨਿਰੰਤਰ ਆਉਣਾ ਆਪਣੀ ਆਪਣੀ ਕਲਾ ਪ੍ਰਸਤੁਤ ਕਰਨਾ ਅਤੇ ਸੰਗੀਤ ਅਨੁਭਵਾਂ ਨੂੰ ਵਿਦਿਆਰਥੀਆਂ ਨਾਲ ਸਾਂਝੇ ਕਰਨ ਦੇ ਵੱਖ ਵੱਖ ਅਵਸਰਾਂ ਨੇ ਪਰੰਪਰਾ ਦੀਆਂ ਪ੍ਰਾਪਤੀਆਂ ਨਾਮਧਾਰੀ ਪਰੰਪਰਾ ਵਿਚ ਜਿੱਥੇ ਭਾਰਤੀ ਸ਼ਾਸਤਰੀ ਸੰਗੀਤ ਤੇ ਵਾਦਨ ਵਿਧਾਵਾਂ ਦੀ ਪ੍ਰੋਢ ਤੇ ਵਿਗਿਆਨਕ ਕਿਸਮ ਦੀ ਸਿਖਲਾਈ ਦਿੱਤੀ ਜਾਂਦੀ ਹੈ। ਉਥੇ ਤੰਤੀ ਸਾਜ਼ਾਂ ਉਪਰ ਗੁਰ ਮਰਿਆਦਾ ਅਨੁਸਾਰ ਕੀਰਤਨ ਦੀ ਪ੍ਰੇਰਨਾ ਵੀ ਦਿੱਤੀ ਜਾਂਦੀ ਹੈ। ਇਹੋ ਕਾਰਨ ਹੈ ਕਿ ਇਸ ਪਰੰਪਰਾ ਦੇ ਵਿਦਿਆਰਥੀਆਂ ਸ੍ਰੀ ਹਰਜਿੰਦਰਪਾਲ, ਸ੍ਰੀ ਕਿਰਨਪਾਲ ਸਿੰਘ ਨੇ ਪੰਡਤ ਸ਼ਿਵ ਕੁਮਾਰ (ਸੰਤੂਰ) ਤੋਂ, ਸ੍ਰੀ ਧਰਮਵੀਰ, ਸ੍ਰੀ ਸ਼ੇਰ ਸਿੰਘ, ਸ੍ਰੀ ਸੰਤੋਖ ਲਾਲ, ਸ੍ਰੀ ਬਲਜੀਤ ਸਿੰਘ ਨੇ ਉਸਤਾਦ ਅਮਜਦ ਅਲੀ ਖਾਂ ਸਾਹਿਬ

Sri Satguru Jagjit Singh Ji Elibrary NamdhariElibrary@gmail.com

ਤੋਂ, ਸ੍ਰੀ ਸੁਰਜੀਤ ਸਿੰਘ, ਸ੍ਰੀ ਅਰਵਿੰਦਰ ਸਿੰਘ, ਪੰਡਤ ਰਾਮ ਨਾਰਾਇਣ (ਸਾਰੰਗੀ ਵਾਦਕ) ਤੋਂ ਸ੍ਰੀ ਸੁਖਵਿੰਦਰ ਸਿੰਘ ਪਿੰਕੀ, ਸ੍ਰੀ ਸੁਖਦੇਵ ਸਿੰਘ ਨੇ ਪੰਡਤ ਕਿਸ਼ਨ ਮਹਾਰਾਜ ਤੋਂ ਸ੍ਰੀ ਸੁਰਿੰਦਰ ਸਿੰਘ, ਸ੍ਰੀ ਚਰਨ ਸਿੰਘ, ਸ੍ਰੀ ਤੇਜਿੰਦਰ ਸਿੰਘ ਗੋਟਾ, ਸ੍ਰੀ ਗੁਰਮੁਖ ਸਿੰਘ ਨੇ ਉਸਤਾਦ ਇਮਰਤ ਖਾਂ (ਸਿਤਾਰ ਵਾਦਕ) ਤੋਂ ਸਤਿਪਾਲ ਨੇ ਪੰਡਤ ਹਰੀ ਪਰਸਾਦ ਚੌਰਾਸੀਆ (ਬੰਸਰੀ ਵਾਦਕ) ਆਦਿ ਉਸਤਾਦ ਸੰਗੀਤਕਾਰਾਂ ਦੀ ਸ਼ਾਗਿਰਦੀ ਕਰਦਿਆਂ ਆਪਣੇ ਆਪਣੇ ਖੇਤਰਾਂ ਵਿਚ ਕਮਾਲ ਹਾਸਿਲ ਕੀਤਾ। ਇਨ੍ਹਾਂ ਵਿਦਿਆਰਥੀਆਂ ਨੇ ਸ਼ਾਸਤਰੀ ਸੰਗੀਤ ਦੇਖੇਤਰ ਵਿਚ ਭਰਪੂਰ ਨਾਮਣਾ ਖੱਟਣ ਦੇ ਨਾਲ ਨਾਲ ਸ਼ਬਦ ਕੀਰਤਨ ਪੱਧਤੀ ਦਾ ਤਿਆਗ ਨਹੀਂ ਕੀਤਾ ਅਤੇ ਇਸ ਪਰੰਪਰਾ ਵਿਚੋਂ ਕਈ ਹੋਣਹਾਰ ਕੀਰਤਨਕਾਰ ਵੀ ਸਾਹਮਣੇ ਆਏ ਅਤੇ ਇਹ ਵਿਕਾਸ ਪ੍ਰਕਿਰਿਆ ਨਿਰੰਤਰ ਜਾਰੀ ਹੈ। ਜਿਵੇਂ ਕਿ ਸੰਗੀਤ ਦੇ ਗਿਆਤਾ ਜਾਣਦੇ ਹਨ ਕਿ ਰਾਗਾਂ ਦੇ ਸੂਖ਼ਮ ਰਾਗਾਤਮਕ ਸਰੂਪ ਨੂੰ ਕਾਇਮ ਰੱਖਣ ਲਈ ਭਾਰਤੀ ਤੰਤੀ ਸਾਜ਼ ਹੀ ਉਪਯੁਕਤ ਉਪਕਰਣ ਹਨ। ਜਦੋਂ ਕਿ ਹਾਰਮੋਨੀਅਮ ਤੇ ਕੀ-ਬੋਰਡ ਵਰਗੇ ਫਿਕਸ ਸਕੇਲ ਵਾਲੇ ਸਾਜ਼ ਤਾਂ ਰਾਗਾਂ ਦਾ ਰੂਹਾਨੀ ਸੰਗੀਤਕ ਮੁਹਾਵਰਾ ਹੀ ਵਿਗਾੜ ਦਿੰਦੇ ਹਨ। ਭਾਵ ਸੁਰਾਂ ਦੇ ਸੂਖ਼ਸ਼ਮ ਉਤਰਾਅ ਚੜ੍ਹਾਵਾਂ ਨੂੰ ਇਹ ਸਾਜ਼ ਪ੍ਰਗਟਾਉਣ ਤੋਂ ਅਸਮਰਥ ਹਨ। ਏਸੇ ਕਰਕੇ ਤਾਂ ਗੁਰੂ ਘਰ ਵਿਚ ਤੰਤੀ ਸਾਜ਼ਾਂ ਦੇ ਪ੍ਰਯੋਗ ਨੂੰ ਅਹਿਮੀਅਤ ਦਿੱਤੀ ਜਾਂਦੀ ਰਹੀ ਅਤੇ ਤੰਤੀ ਸਾਜ਼ਾਂ ਦੀ ਪੁਨਰ-ਸੁਰਜੀਤੀ ਲਈ ਨਾਮਧਾਰੀ ਪਰੰਪਰਾ ਦਾ ਵਿਸ਼ਾਲ ਤੇ ਮਹੱਤਵਪੂਰਨ ਯੋਗਦਾਨ ਰਿਹਾ। ਜਿਸ ਨੇ ਸੰਗੀਤ ਸਿਖਿਆਰਥੀਆਂ ਨੂੰ ਤੰਤੀ ਸਾਜ਼ਾਂ ਨਾਲ ਜੋੜ ਕੇ ਸ਼ਬਦ ਕੀਰਤਨ ਦੀ ਮੌਲਿਕ ਸੰਗੀਤ ਪੱਧਤੀ ਦਾ ਵਿਕਾਸ ਕੀਤਾ। ਫਲਸਰੂਪ ਤਾਨਪੁਰਾ, ਦਿਲਰੁਬਾ, ਤਾਰ ਸ਼ਹਿਨਾਈ, ਸਰੋਦ, ਸਿਤਾਰ, ਸਾਰੰਗੀ ਆਦਿ ਨਾਲ ਤਬਲੇ ਕੀਰਤਨ ਕਰਦੇ ਆਮ ਵੇਖੇ ਜਾ ਸਕਦੇ ਹਨ।

ਸੰਗੀਤ ਨੂੰ ਇਕ ਵਿਸ਼ਾਲ ਆਧਾਰ ਦੇਣ ਲਈ ਨੌਜੁਆਨ ਸਿੱਖ ਵਿਦਿਆਰਥੀਆਂ ਵਿਚ ਇਸ ਦਾ ਆਕਰਸ਼ਣ ਪੈਦਾ ਕਰਨਾ, ਉਸਤਾਦ ਸੰਗੀਤਕਾਰਾਂ ਨਾਲ ਸੰਪਰਕ ਸਥਾਪਤੀ, ਪ੍ਰਤਿਭਾਵਾਨ ਸਿਖਿਆਰਥੀਆਂ ਨੂੰ ਉਸਤਾਦ ਸੰਗੀਤਕਾਰਾਂ ਦੀ ਸ਼ਾਗਿਰਦੀ ਕਰਾਉਣਾ, ਸੰਗੀਤ ਸੰਮੇਲਨਾਂ ਦੀ ਲੜੀ ਤੋਰਨਾ, ਸੰਗੀਤ ਕੇਂਦਰ ਤੇ ਸੰਸਥਾਵਾਂ ਦੀ ਸਥਾਪਤੀ, ਤੰਤੀ ਸਾਜ਼ਾਂ ਦੀ ਪੁਨਰ ਸੁਰਜੀਤ ਵਰਗੇ ਕੁਝ ਦਿਖ ਰੂਪ ਵਿਚ ਕੀਤੇ ਜਾ ਰਹੇ ਕਾਰਜਾਂ ਪਿੱਛੇ ਪ੍ਰੇਰਨਾ ਸਰੋਤ ਤੇ ਸਰਪ੍ਰਸਤ ਸੰਗੀਤ ਪ੍ਰਤਿਪਾਲਕ ਨਾਮਧਾਰੀ ਸਤਿਗੁਰ ਜਗਜੀਤ ਸਿੰਘ ਜੀ ਹਨ ਜਿਨ੍ਹਾਂ ਦੀ ਸੰਗੀਤ ਪ੍ਰਤਿਭਾ ਦੀ ਥਾਹ ਪਾ ਸਕਣਾ ਸਾਧਾਰਨ ਸੰਗੀਤ ਵਿਗਿਆਨੀ ਦੇ ਵਸੋਂ ਪਰੇ ਦੀ ਬਾਤ ਹੈ। ਪਰੰਤੂ ਆਪ ਜੀ ਨੇ ਨਾਮਧਾਰੀ ਸੰਗੀਤ ਪਰੰਪਰਾ ਦੀ ਇਸ ਵਿਸ਼ਾਲ ਸੰਗੀਤਕ ਜੋਤ ਨੂੰ ਨਿਤਾਂਤ ਪ੍ਰਜਵਲਤ ਰੱਖਣ ਲਈ ਆਪਦੀਆਂ ਬਖ਼ਸ਼ਿਸ਼ਾਂ ਤੇ ਰਹਿਮਤਾਂ ਦੇ ਖਜ਼ਾਨੇ ਸੰਗੀਤ ਵਿਦਿਆਰਥੀਆਂ

Sri Satguru Jagjit Singh Ji Elibrary NamdhariElibrary@gmail.com

ਤੇ ਸੰਗੀਤਕਾਰਾਂ ਲਈ ਇਸ ਲਈ ਖੋਲ੍ਹ ਦਿੱਤੇ ਕਿਉਂਕਿ ਆਪ ਜੀ ਖੁਦ ਉੱਚਕੋਟੀ ਦੇ ਸੰਗੀਤ ਆਚਾਰੀਆ ਹਨ। ਵੱਖ ਵੱਖ ਘਰਾਣਿਆਂ ਦੀ ਗਾਇਕੀ ਨੂੰ ਸਮਝਣ, ਪਰਖਣ ਤੇ ਨਿਰਖਣ ਦਾ ਕਮਾਲ, ਤਲਵੰਡੀ ਘਰਾਣੇ ਤੋਂ ਬਿਨਾਂ ਧਰੁਪਦ ਗਾਇਕੀ ਦੀਆਂ ਅਨਮੋਲ ਬੰਦਿਸ਼ਾਂ, ਵਿਭਿੰਨ ਤਾਲ ਰੂਪਾਂ ਤੇ ਸਵਾਈ, ਸਾਢ, ਪੌਣੀਆਂ ਤੇ ਹੋਰ ਵੱਖ ਅਪ੍ਰਚਲਿਤ ਮਾਤਰਾਵਾਂ ਵਿਚ ਵਿਕਟ ਤਾਲ ਰਚਨਾਵਾਂ ਉੱਤੇ ਆਧਾਰਿਤ ਬੰਦਿਸ਼ਾਂ, ਆਪ ਜੀ ਦੇ ਨਾਇਕ ਹੋਣ ਦਾ ਪ੍ਰਤੱਖ ਸਬੂਤ ਹਨ। ਨਾਮਧਾਰੀ ਸੰਗੀਤ ਪਰੰਪਰਾ ਦੇ ਵਾਰਸਾਂ ਨੂੰ ਇਸ ਅਨਮੋਲ ਖਜ਼ਾਨੇ ਨੂੰ ਪ੍ਰਚਾਰਨ ਲਈ ਉਚੇਚੇ ਯਤਨ ਕਰਨੇ ਚਾਹੀਦੇ ਹਨ। ਇਨ੍ਹਾਂ ਰਚਨਾਵਾਂ ਦੇ ਜੀਵੰਤ ਰੂਪ ਵਜੋਂ ਰਿਕਾਰਡਿੰਗ ਕਰਕੇ ਨਾਮਧਾਰੀ ਸੰਗੀਤ ਆਰਕਾਈਵਜ਼ ਵਿਚ ਸੰਭਾਲਣਾ, ਸੁਰਲਿਪੀਬੱਧ ਕਰਕੇ ਇਨ੍ਹਾਂ ਬੰਦਸ਼ਾਂ ਦਾ ਤੁਲਨਾਤਮਕ ਵਿਸ਼ਲੇਸ਼ਣ ਕਰਨਾ ਇਸ ਦਿਸ਼ਾ ਵਿਚ ਨਿੱਗਰ ਕਦਮ ਹੋਵੇਗਾ ਜਿਸ ਨਾਲ ਨਾਮਧਾਰੀ ਸੰਗੀਤ ਪਰੰਪਰਾ ਦਾ ਇਹ ਅਨਮੋਲ ਸਰਮਾਇਆ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਸਦਾ ਸਦਾ ਲਈ ਸੁਰੱਖਿਅਤ ਹੋ ਜਾਵੇਗਾ।

ਨਾਮਧਾਰੀ ਸੰਗੀਤ ਪਰੰਪਰਾ ਦੇ ਯੋਗਦਾਨ ਨੂੰ ਵਿਚਾਰਨ ਲਈ ਪ੍ਰਸਤੁਤ ਉਕਤ ਵਿਸ਼ਲੇਸ਼ਣ ਇਸ ਪਰੰਪਰਾ ਦੇ ਗਹਿਰ ਸਾਗਰ ਦੇ ਕਿਨਾਰੇ ਖਲੋ ਘੋਗੇ ਸਿੱਪੀਆਂ ਗਿਣਨ ਤੋਂ ਵੱਧ ਕੁਝ ਨਹੀਂ ਇਸ ਦੀ ਥਾਹ ਪਾਉਣ ਲਈ ਜ਼ਰੂਰੀ ਹੈ ਕਿ ਵਿਵਹਾਰਕ ਰੂਪ ਵਿਚ ਸੰਗੀਤ ਵਿਗਿਆਨਕ ਵਿਧੀ ਦੁਆਰਾ ਸਿਲਸਿਲੇਵਾਰ ਤੁਲਨਾਤਮਕ ਅਧਿਐਨ ਕੀਤਾ ਜਾਵੇ ਤਾਂ ਹੀ ਨਾਮਧਾਰੀ ਪਰੰਪਰਾ ਦੁਆਰਾ ਸੰਗੀਤ ਕਲਾ ਦੇ ਵਿਕਾਸ ਲਈ ਪਾਏ ਯੋਗਦਾਨ ਸੰਬੰਧੀ ਪੂਰਨ ਰੂਪ ਵਿਚ ਵਿਸ਼ਲੇਸ਼ਣ ਸੰਭਵ ਹੋ ਸਕੇਗਾ।

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਸੰਪਰਦਾ ਤੇ ਸੰਗੀਤ : ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਕਲਾ ਨੂੰ ਦੇਣ

ਡਾ. (ਮਿਸਿਜ਼) ਸ਼ਰਨ ਅਰੋੜਾ

ਸੰਗੀਤ ਵਿਚ ਈਸ਼ਵਰ ਨੂੰ ਪ੍ਰਤੱਖ ਦਰਸ਼ਨ ਕਰਾਉਣ ਦੀ ਸ਼ਕਤੀ ਹੈ। ਆਤਮਾ ਨਾਲ ਪਰਮਾਤਮਾ ਨੂੰ ਮੇਲਣਾ ਹੀ ਮੁੱਖ ਉਦੇਸ਼ ਹੈ। ਆਤਮਾ ਪਰਮਾਤਮਾ ਦਾ ਮਿਲਨ ਤੇ ਮੁਕਤੀ ਦਾ ਸੰਚਾਰ ਸਾਡੇ ਅੰਦਰ ਸੰਗੀਤ ਰਾਹੀਂ ਹੀ ਕੀਤਾ ਜਾ ਸਕਦਾ ਹੈ। ਸੰਗੀਤ ਹੀ ਪਰਮਾਤਮਾ ਤਕ ਪਹੁੰਚਣ ਲਈ ਇਕ ਸੀੜ੍ਹੀ ਹੈ।

ਆਹੋਬਲ ਨੇ ਸੰਗੀਤ ਪਰੀਜਾਤ ਵਿਚ ਇਸ ਪ੍ਰਕਾਰ ਦਰਸਾਇਆ ਹੈ :

ਵੀਨਾ ਵਾਦਨ ਤਤਵਗਯ ਸ਼ਰੁਤੀ ਜਾਤੀ ਵਿਸ਼ਾਰਦ :<br>
ਤਾਲ ਗਿਆਸਚਯ ਪ੍ਰਯਾ ਸੇਨ ਮੋਕਸ਼ ਮਾਰਗ ਨਿਗਛਤੀ ॥[1]

ਪੰਜਵੇਂ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ :

ਤਾਹ ਬੈਕੁੰਠ ਜਹ ਕੀਰਤਨ ਤੇਰਾ[2]

ਸੁਆਮੀ ਪਰਮਾਨੰਦ ਨੇ ਸੰਗੀਤ ਦੀ ਪਰਿਭਾਸ਼ਾ ਇਸ ਤਰ੍ਹਾਂ ਦਰਸਾਈ ਹੈ :

Music can be said to be the sweet and soothing sounds that vibrate and create an aesthetic feeling and beauties of the nature. So music is recognised as the greatest and first art that brings permanent peace and solace to the human world.[3]

ਸੰਗੀਤ ਇਕ ਅਨੁਪਮ ਕਲਾ ਹੈ, ਜੋ ਸੁਰ ਤਾਲ, ਲੈਅ ਅਤੇ ਸ਼ਬਦਾਂ ਦੀਆਂ ਵਿਭਿੰਨ ਪ੍ਰਕਾਰ ਦੀਆਂ ਰਚਨਾਤਮਕ ਕਲਪਨਾ ਦੁਆਰਾ ਭਿੰਨ ਭਿੰਨ ਰਾਗਾਂ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ।

ਗਾਇਨ ਵਾਦਨ ਤਥਾ ਨਿਰਤਯ, ਤ੍ਰਯ ਸੰਗੀਤ ਮੁਚਯਤੇ।<br>
ਨਿਰਤਯਮ ਵਾਦਾ ਨੁਗਮ ਪ੍ਰੋਕਤਮ, ਵਾਦਮ ਗੀਤਾ ਨਿਵਰਿਤੀ ਚ।[4]

ਨਾਮਧਾਰੀ ਸੰਪਰਦਾ ਦੇ ਸੰਚਾਲਕ ਨਾਮਧਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਗੀਤ ਪ੍ਰੇਮੀ ਸਨ ਤੇ ਉਨ੍ਹਾਂ ਇਹ ਮਹਿਸੂਸ ਕੀਤਾ ਕਿ ਕੌਮ ਵਿਚ ਰੂਹ ਭਰਨ ਲਈ ਸੰਗੀਤ ਵਿਚ ਤੇ ਸਾਹਿਤ ਵਿਚ ਅਥਾਹ ਸ਼ਕਤੀ ਹੈ। ਉਨ੍ਹਾਂ ਨੇ ਢੋਲਕੀ ਦੀ ਥਾਪ ਨਾਲ ਅੰਗਰੇਜ਼ ਹਕੂਮਤ ਹਿਲਾ ਦਿੱਤੀ ਸੀ।

Sri Satguru Jagjit Singh Ji Elibrary NamdhariElibrary@gmail.com

ਜੰਗੇ ਆਜ਼ਾਦੀ ਦੇ ਮੋਢੀ ਨਾ-ਮਿਲਵਰਤਨ ਲਹਿਰ ਦੇ ਬਾਨੀ ਧਰਮ ਰਖਿਅਕ ਅਤੇ ਨਾਮਧਾਰੀ ਲਹਿਰ ਦੇ ਜਨਮਦਾਤਾ ਨਾਮਧਾਰੀ ਗੁਰੂ ਰਾਮ ਸਿੰਘ ਜੀ ਦਾ ਅਵਤਾਰ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਰਾਈਆ ਸ੍ਰੀ ਭੈਣੀ ਸਾਹਿਬ ਵਿਖੇ ਬਸੰਤ ਪੰਚਮੀ ਵਾਲੇ ਦਿਨ 3 ਫਰਵਰੀ 1816 ਈ. ਹੋਇਆ।

ਨਾਮਧਾਰੀ ਗੁਰੂ ਰਾਮ ਸਿੰਘ ਜਿਨ੍ਹਾਂ ਨੇ ਵਿਸ਼ਵ ਸ਼ਾਂਤੀ, ਮਾਨਵ ਭਲਾਈ ਅਤੇ ਪਹਿਲੇ ਗੁਰੂ ਸਾਹਿਬਾਨਾਂ ਦੀ ਚਲਾਈ ਹੋਈ ਰੀਤੀ, ਨਾਮ, ਬਾਣੀ ਦੇ ਪ੍ਰਵਾਹ ਨੂੰ ਸ਼ੁਧ ਰਾਗਾਂ ਰਾਹੀਂ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਪ੍ਰਥਾ ਆਰੰਭ ਕੀਤੀ। ਹੱਲੇ ਦੇ ਦੀਵਾਨ ਆਰੰਭਨ ਦਾ ਸ਼੍ਰੇਅ ਇਸ ਮਹਾਨ ਆਤਮਾ ਨੂੰ ਜਾਂਦਾ ਹੈ। ਇਨ੍ਹਾਂ ਦੇ ਅਨੁਯਾਈ ਬਹਾਦੁਰ ਦੇ ਗੀਤ ਗਾਉਂਦੇ ਸੂਰਬੀਰਾਂ ਤੇ ਇਨ੍ਹਾਂ ਦੀ ਜਗਾਈ ਹੋਈ ਜੋਤ ਅੱਜ ਵੀ ਭੈਣੀ ਸਾਹਿਬ ਵਿਚ ਸਾਰੀ ਮਾਨਵਤਾ ਨੂੰ ਦੇਸ਼ ਪ੍ਰੇਮ ਤੇ ਸ਼ਾਂਤੀ ਦਾ ਸੁਨੇਹਾ ਦੇ ਰਹੀ ਹੈ।

ਇਨ੍ਹਾਂ ਨੂੰ ਸੰਗੀਤ ਨਾਲ ਅਥਾਹ ਪ੍ਰੇਮ ਸੀ। ਇਹ ਪੁਰਾਣੀ ਰੀਤੀ ਅਨੁਸਾਰ ਪਰਿਵਾਰ ਤੇ ਸਤਿਸੰਗ ਵਿਚ ਬੈਠ ਕੇ ਢੋਲਕੀ ਛੈਣਿਆਂ ਨਾਲ ਕੀਰਤਨ ਕਰਦੇ ਸਨ।

ਨਾਹਰ ਸਿੰਘ ਵਿਰੋਜ਼ਪੁਰ ਵਿਚ ਕੀਰਤਨ ਦਾ ਇਸ ਪ੍ਰਕਾਰ ਹਵਾਲਾ ਦਿੰਦੇ ਹਨ:

"ਆਸਾ ਦੀ ਵਾਰ ਲਾਵਣ ਸਭ ਨੇ ਸੁਨਣੀ, ਰਾਤ ਕੋ ਸ਼ਬਦ ਭੀ ਪੜਨੇ ਢੋਲਕ ਦੇ ਨਾਲ ਇਸ਼ਨਾਨ ਅੰਮ੍ਰਿਤ ਵੇਲੇ ਕਰਨਾ, ਆਪੇ ਆਸਾ ਦੀ ਵਾਰ ਵੀ ਪੜ੍ਹ ਲੈਣੀ, ਰਹਿਰਾਸ ਦੇ ਵੇਲੇ ਰਹਿਰਾਸ ਪੜ੍ਹਨੀ, ਆਰਤੀ ਸੋਹਿਲੇ ਪੜ੍ਹ ਕੇ ਅਰਦਾਸ ਕਰਕੇ ਬਰਾਜ ਜਾਨਾ।[6]

ਇਨ੍ਹਾਂ ਦੇ ਵਕਤ ਦੋ ਪ੍ਰਕਾਰ ਦੀਆਂ ਸ਼ੈਲੀਆਂ ਕੀਰਤਨ ਦੀਆਂ ਚਲਦੀਆਂ ਆਈਆਂ ਹਨ। ਇਕ ਤਾਂ ਰਾਗੀਆਂ ਰਬਾਬੀਆਂ ਵਲੋਂ ਰਾਗਾਂ ਤੇ ਆਧਾਰਿਤ ਕੀਰਤਨ ਨਿਰੋਲ ਸ਼ਬਦ ਗਾਇਨ ਅਤੇ ਸ਼ਾਸਤਰੀ ਅਨੁਸਾਰ ਗਾਇਨ, ਦੂਸਰਾ ਸੰਗਤਾਂ ਵਲੋਂ ਪ੍ਰੇਮ ਨਾਲ ਰਲ ਕੇ ਗਾਉਣਾ।[7]

ਢੋਲਕੀ ਦੀ ਥਾਪ, ਹੱਥੀ ਛੈਣੇ, ਖ਼ੁਸ਼ ਸਿਰ ਮਾਰ ਮਾਰ ਕੇ ਕੰਨਾਂ ਵਿਚ ਉਂਗਲਾਂ ਪਾ ਕੇ ਜਦ ਇਕ ਇਕ ਧਾਰਨਾ ਤੇ ਧੰਮ-ਚੌਗੜੀ ਚੁਕਨੀ, ਇੰਝ ਮਹਿਸੂਸ ਹੁੰਦਾ ਜਿਵੇਂ ਇਹ ਰਾਤੀਂ ਫਰੰਗੀਆਂ ਨੂੰ ਦੇਸ਼ ਵਿਚੋਂ ਕਢ ਕੇ ਹੀ ਸੌਣਗੇ। ਲੋਕਾਂ ਨੂੰ ਯਕੀਨ ਹੋਣ ਲਗਾ ਕਿ ਇਨ੍ਹਾਂ ਨੇ ਹੁਣ ਫ਼ਰੰਗੀਆਂ ਨੂੰ ਕਢ ਕੇ ਹੀ ਦਮ ਲੈਣਾ ਹੈ।

ਇਸ ਪ੍ਰਕਾਰ ਦੀਆਂ ਧਾਰਨਾਵਾਂ ਗਲੀ ਗਲੀ ਗੂੰਜਦੀਆਂ:

1. ਓਏ ਅਸਾਂ ਹਿੰਦ ਵਿਚ ਗਦਰ ਮਚੌਣਾ ਕਢਣਾ ਫ਼ਰੰਗੀਆਂ ਨੂੰ।
2. ਏਥੋਂ ਚੁਕ ਲੈ ਫ਼ਰੰਗੀਆ ਤੇ ਖ਼ਾਲਸੇ ਨੇ ਰਾਜ ਕਰਨਾ।

   ਛਾਉਣੀ ਕਰਦੇ ਫ਼ਰੰਗੀਆਂ ਖਾਲੀ, ਖਾਲਸੇ ਨੇ ਭੰਗ ਬੀਜਣੀ।

ਜਦੋਂ ਅੰਗਰੇਜ਼ਾਂ ਨੇ ਜਬਰਨ ਨਾਮਧਾਰੀਆਂ ਦਾ ਪ੍ਰਚਾਰ ਬੰਦ ਕਰ ਦਿੱਤਾ ਤਾਂ

ਉਹ ਢੋਲਕੀ ਹੀ ਸੀ, ਅੰਗਰੇਜ਼ ਰਾਜ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਪ੍ਰਸਿੱਧ ਸ਼ਾਇਰ ਸੰਤੋਖ ਸਿੰਘ ਸਫ਼ਰੀ ਇਸ ਪ੍ਰਕਾਰ ਲਿਖਦੇ ਹਨ:

ਗੋਰੇ ਹਲ ਗਏ ਹੱਲੇ ਦਾ ਸ਼ਬਦ ਸੁਣ ਕੇ
ਐਸੇ ਵਾਰ ਕੀਤੇ ਢੋਲਕੀ ਛੈਣਿਆਂ ਨੇ।
ਗੋਲੇ ਤੋਪਾਂ ਦੇ ਨਰਕਾਂ ਦੀ ਅਗ ਵਰਗੇ
ਠੰਢੇ ਠਾਰ ਕੀਤੇ ਢੋਲਕ ਛੈਣਿਆਂ ਨੇ।8

ਨਾਮਧਾਰੀ ਗੁਰੂ ਰਾਮ ਸਿੰਘ ਦਾ ਚਾਨਣ ਜਦੋਂ ਭਾਰਤ ਤੇ ਪਸਰਿਆ ਤਾਂ ਪ੍ਰਚਾਰ ਹਿਤ ਰਾਗੀਆਂ ਦੀਆਂ ਜੋੜੀਆਂ ਤਿਆਰ ਕੀਤੀਆਂ:

"ਚਾਰ ਸਾਲ ਦੇ ਥੋੜ੍ਹੇ ਸਮੇਂ ਵਿਚ ਹੀ ਹਰ ਇਲਾਕੇ ਵਿਚ ਸਾਰੇ ਮਰਦਾਂ ਅਤੇ ਇਸਤਰੀਆਂ ਸੰਗਤ ਵਿਚ ਮਿਲ ਕੇ ਇਕੱਠਿਆਂ ਢੋਲਕ, ਛੈਣਿਆਂ ਨਾਲ ਸਿੱਧੀਆਂ ਸਾਦੀਆਂ ਪੌੜੀ ਧਾਰਨਾਂ ਵਿਚ ਗੁਰਬਾਣੀ ਦੇ ਸ਼ਬਦ ਪੜ੍ਹਨ ਦਾ ਰਿਵਾਜ਼ ਦਿਨੋਂ ਦਿਨ ਫੈਲਦਾ ਚਲਾ ਗਿਆ। ਦਿਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ ਪਹਿਲੋਂ ਪਹਿਲ ਤੰਤੀ ਸਾਜ਼ਾਂ, ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਚੌਕੀਆਂ ਭੈਣੀ ਸਾਹਿਬ ਵਿਚ ਤਿਆਰ ਕੀਤੀਆਂ ਗਈਆਂ ਤੇ ਫਿਰ ਢੱਡ ਸਾਰੰਗੀ ਨਾਲ ਸੰਗਤਾਂ ਨੂੰ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਨਾਉਣ ਲਈ ਲਗਾਇਆ। ਇਹ ਪੰਜਾਬ ਦੇ ਸਭ ਇਲਾਕਿਆਂ ਵਿਚ ਜਾਂਦੇ ਸਨ। ਇਹ ਜਥੇ ਹੀ ਭੈਣੀ ਸਾਹਿਬ ਦੇ ਆਸ ਪਾਸ ਦਿਵਾਨਾਂ ਵਿਚ ਆਸਾ ਦੀ ਵਾਰ ਲਗਾ ਕੇ ਸ਼ਬਦ ਚੌਕੀਆਂ ਦੀ ਸੇਵਾ ਕਰਦੇ। ਰਾਗੀਆਂ ਅਤੇ ਢਾਡੀਆਂ ਲਈ ਇਕ ਰੁਪਿਆ ਸ਼ਬਦ ਚੌਕੀ ਦੀ ਭੇਟ ਮੁਕੱਰਰ ਕੀਤੀ ਗਈ।"9

ਘਰ ਘਰ ਵਿਚ ਸੰਗੀਤ ਦੀਆਂ ਸਵਰ ਲਹਿਰੀਆਂ ਗੂੰਜਦੀਆਂ ਸਨ। ਬੱਚੇ ਬੁੱਢੇ, ਜਵਾਨ ਸਭ ਗਲੀ ਗਲੀ ਗਾਉਂਦੇ:

1. ਉਹ ਘਰ ਕੂਕਿਆਂ ਦਾ, ਜਿਥੇ ਛੈਣੇ ਢੋਲਕੀ ਖੜਕੇ।
2. ਮੇਰੇ ਛੈਣਿਆਂ 'ਚੋਂ ਹਰਿ ਹਰਿ ਬੋਲੇ, ਢੋਲਕੀ 'ਚੋਂ ਰਾਮ ਬੋਲਦਾ।

ਸੋ ਬਾਬਾ ਰਾਮ ਸਿੰਘ ਦੀ ਸੰਗੀਤ ਨੂੰ ਬਹੁਮੁੱਲੀ ਦੇਣ ਹੈ, ਜਿਸ ਨੂੰ ਆਉਂਦੀਆਂ ਪੀੜ੍ਹੀਆਂ ਵਲੋਂ ਵੀ ਭਰਪੂਰ ਪਰੋਤਸਾਹਨ ਮਿਲ ਰਿਹਾ ਹੈ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਤੋਂ ਪਿੱਛੋਂ ਨਾਮਧਾਰੀ ਗੁਰੂ ਹਰੀ ਸਿੰਘ ਜੀ ਗੱਦੀ ਤੇ ਬਿਰਾਜਮਾਨ ਹੋਏ। ਇਨ੍ਹਾਂ ਦਾ ਸਮਾਂ ਵੀ (1819 ਤੋਂ 1906) ਤਕ ਦਾ ਹੈ। ਇਸ ਸਮੇਂ ਅੰਗਰੇਜ਼ ਸਰਕਾਰ ਨੇ ਭੈਣੀ ਸਾਹਿਬ ਤੇ ਪੂਰੀ ਚੌਕਸੀ ਵਰਤੀ ਹੋਈ ਸੀ। ਇਹ ਨਾਮ ਸਿਮਰਨ ਵਿਚ ਲੀਨ ਰਹਿੰਦੇ ਤੇ ਕੀਰਤਨ ਦੀ ਪ੍ਰਥਾ ਚਲਦੀ ਰਹੀ ਤੇ ਇਹ ਅੰਗਰੇਜ਼ਾਂ ਦੇ ਜ਼ੁਲਮ ਖਿੜੇ ਮੱਥੇ ਸਹਾਰਦੇ ਰਹੇ। ਨਾਮਧਾਰੀ ਗੁਰੂ ਹਰੀ ਸਿੰਘ

Sri Satguru Jagjit Singh Ji Elibrary NamdhariElibrary@gmail.com

ਜੀ ਦੇ ਪਿੱਛੋਂ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਨੇ ਗੱਦੀ ਸੰਭਾਲੀ। ਇਨ੍ਹਾਂ ਦਾ ਸਮਾਂ 1890 ਤੋਂ 1959 ਤਕ ਦਾ ਹੈ। ਇਹ ਸੰਗੀਤ ਦੇ ਪ੍ਰੇਮੀ ਸਨ ਤੇ ਸੰਗੀਤ ਦੀ ਅੱਛੀ ਸੂਝ ਬੂਝ ਦੇ ਮਾਲਕ ਸਨ। ਆਪ ਦਿਲਰੁਬਾ ਵਜਾਉਣ ਵਿਚ ਨਿਪੁੰਨ ਸਨ।

ਇਨ੍ਹਾਂ ਦੋ ਮਹਾਨ ਕੰਮ ਕੀਤੇ। ਪ੍ਰਥਮ ਸ਼ਬਦ ਰੀਤੀਆਂ ਦੇ ਵਿਆਪਕ ਪ੍ਰਸਾਰ ਤੇ ਬਲ ਦਿੱਤਾ ਜੋ ਰਬਾਬੀ ਘਰਾਣਿਆਂ ਵਿਚ ਸੀਨਾ-ਬ-ਸੀਨਾ ਪਰੰਪਰਾ ਦੇ ਰੂਪ ਵਿਚ ਚਲੀਆਂ ਆ ਰਹੀਆਂ ਹਨ। ਦੂਜਾ ਇਨ੍ਹਾਂ ਪੰਜਾਬ ਦੇ ਪਖਾਵਜ ਨੂੰ ਪੁਨਰ ਜੀਵਤ ਕੀਤਾ ਜੋ ਅਲੋਪ ਹੋ ਗਿਆ ਸੀ।10

ਸਤਿਗੁਰੂ ਜੀ ਆਪ ਤਾਊਸ ਲੈ ਕੇ ਬੈਠਦੇ, ਤਾਰਿਆਂ ਦੀ ਲੋਅ ਵਿਚ ਤੜਕੇ ਕੀਰਤਨ ਆਰੰਭ ਹੁੰਦਾ, ਉਚੀਆਂ ਸੁਰਾਂ ਨਾਲ ਮੋਰਾਂ ਦੀਆਂ ਹੂਕਾਂ ਵੀ ਸ਼ਾਮਲ ਹੁੰਦੀਆਂ। ਇਨ੍ਹਾਂ ਦਾ ਕੀਰਤਨ ਸੁਣਨ ਵਾਸਤੇ ਹੁਨਾਲ ਸਿਆਲ ਸੰਗਤ ਮਾਈ ਭਾਈ ਸਣਕੇਸੀ ਇਸ਼ਨਾਨ ਕਰਕੇ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਥਾਵਾਂ ਮਲ ਲੈਂਦੇ।[11] ਇਨ੍ਹਾਂ ਨੇ ਢੋਲਕ ਛੈਣਿਆਂ ਨਾਲ ਕੀਰਤਨ ਨੂੰ ਘਰ ਘਰ ਤੋਰਿਆ ਤੇ ਨਿਰਧਾਰਿਤ ਰਾਗਾਂ ਵਿਚ ਕੀਰਤਨ ਨੂੰ ਉਤਸਾਹਿਤ ਕੀਤਾ।

ਇਹ ਸੰਗੀਤਕਾਰਾਂ ਦੇ ਕਦਰਦਾਨ ਸਨ। ਉਚ ਕੋਟੀ ਦੇ ਸੰਗੀਤਕਾਰਾਂ ਨੂੰ ਸੁਨਣ ਲਈ, ਵਿਚਾਰ ਵਟਾਂਦਰਾ ਕਰਨ ਲਈ ਇਹ ਸਮਾਂ ਨਿਕਾਲਦੇ। ਭਾਰਤ ਦੇ ਪ੍ਰਸਿੱਧ ਸੰਗੀਤਕਾਰ ਪੰਡਿਤ ਓਂਕਾਰ ਨਾਥ ਠਾਕੁਰ, ਭਾਈ ਚਾਂਦ, ਭਾਈ ਨਸੀਰ, ਵਿਸ਼ਨੂੰ ਦਿਗੰਬਰ ਪਲੁਸਕਰ, ਸ੍ਰੀ ਮਹਾਂਦੇਵ ਕਥਿਕ ਆਦਿ ਇਨ੍ਹਾਂ ਨੂੰ ਸੰਗੀਤ ਸੁਨਾਣ ਲਈ ਭੈਣੀ ਸਾਹਿਬ ਆਉਂਦੇ।

ਆਪ ਦੀ ਸਮ੍ਰਿਤੀ ਵਿਚ ਪ੍ਰਤੀ ਵਰਸ਼ ਸ਼ਾਸਤਰੀ ਸੰਮੇਲਨ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਵਿਚ ਭਾਰਤ ਦੇ ਉਚ ਕੋਟੀ ਦੇ ਕਲਾਕਾਰ ਤੇ ਉਸਤਾਦ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਪੰਡਤ ਭੀਮਸੇਨ ਜੋਸ਼ੀ, ਪੰਡਤ ਜਸਰਾਜ, ਪੰਡਤ ਰਾਮ ਨਰਾਇਣ, ਪੰਡਤ ਕਿਸ਼ਨ ਮਹਾਰਾਜ, ਪੰਡਤ ਸ਼ਿਵ ਕੁਮਾਰ ਸ਼ਰਮਾ, ਸ੍ਰੀ ਹਰੀ ਪ੍ਰਸਾਦ ਚੋਰਸੀਆ, ਉਸਤਾਦ ਵਿਲਾਇਤ ਖ਼ਾਂ, ਉਸਤਾਦ ਅਮਜਦ ਅਲੀ ਖਾਂ ਇਮਰਤ ਖਾਂ ਆਦਿ ਦਾ ਨਾਮ ਉਲੇਖਨੀਯ ਹੈ।

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਸੰਗੀਤ ਦੇ ਉਪਾਸਕ ਸਨ। ਇਨ੍ਹਾਂ ਨੇ ਸੰਗੀਤਕਾਰਾਂ ਨੂੰ ਇਕ ਲੜੀ ਵਿਚ ਪਰੋਕੇ ਉਨ੍ਹਾਂ ਦੀ ਰਹਿਨੁਮਾਈ ਕੀਤੀ। ਨਾਮਧਾਰੀ ਗੁਰੂ ਪ੍ਰਤਾਪ ਸਿੰਘ ਸਿਮਰਤੀ (ਸਮਾਰੋਹ) ਸੰਮੇਲਨ ਇਸਦਾ ਪ੍ਰਤੱਖ ਪ੍ਰਮਾਣ ਹਨ। ਸਤਿਗੁਰੂ ਵਿਚਰਦੇ ਹੀ ਸੰਗੀਤ ਵਿਚ ਸਨ। ਆਪ ਜੀ ਦਾ ਸੰਗੀਤ ਨਾਲ ਸੰਬੰਧ ਰੋਜ਼ਾਨਾ ਤਿੰਨ ਵਜੇ ਅੰਮ੍ਰਿਤ ਵੇਲੇ ਤੋਂ ਆਰੰਭ ਹੁੰਦਾ ਹੈ ਤੇ ਸੂਰਜ ਦੇ ਉਦੈ ਹੋਣ ਤਕ ਚਲਦਾ, ਜੋ ਦੁਬਾਰਾ ਸ਼ਾਮ ਦੇ ਦਿਵਾਨ ਤਕ ਜਾਂਦਾ ਹੈ।[12]

Sri Satguru Jagjit Singh Ji Elibrary NamdhariElibrary@gmail com

ਸੰਗੀਤ ਦੇ ਖੇਤਰ ਵਿਚ ਇਨ੍ਹਾਂ ਦਾ ਨਾਮ ਆਉਣ ਵਾਲੀਆਂ ਪੀੜੀਆਂ ਤਕ ਜ਼ਿੰਦਾ ਰਹੇਗਾ। ਇਨ੍ਹਾਂ ਦੇ ਸਮੇਲਨਾਂ ਵਿਚ ਕਲਾਕਾਰ ਭਾਗ ਲੈਣਾ ਆਪਣਾ ਸੁਭਾਗ ਸਮਝਦੇ ਸਨ। ਸਤਿਗੁਰੂ ਜੀ ਨੂੰ ਸੰਗੀਤ ਕਲਾ ਦਾ ਬਹੁਤ ਗਿਆ ਸੀ, ਜੋ ਘਟ ਲੋਕਾਂ ਨੂੰ ਨਸੀਬ ਹੁੰਦਾ ਹੈ। 1959 ਈ. ਵਿਚ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦਾ ਸਵਰਗਵਾਸ ਹੋ ਗਿਆ ਤੇ ਇਨ੍ਹਾਂ ਦੇ ਸਪੁੱਤਰ ਮਹਾਰਾਜਾ ਜਗਜੀਤ ਸਿੰਘ ਜੀ ਗੁਰਗੱਦੀ ਤੇ ਆਸੀਨ ਹੋਏ।

**ਨਾਮਧਾਰੀ ਗੁਰੂ ਜਗਜੀਤ ਸਿੰਘ ਜੀ :**

ਇਹ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੇ ਸਪੁੱਤਰ ਹਨ ਤੇ ਪਿਤਾ ਦੀ ਤਰ੍ਹਾਂ ਦਿਲਰੁਬਾ ਵਜਾਉਣ ਵਿਚ ਨਿਪੁੰਨ ਹਨ, ਦਿਲਰੁਬਾ ਦੀ ਸ਼ਿਕਸ਼ਾ ਇਨ੍ਹਾਂ ਨੂੰ ਗੁੜ੍ਹਤੀ ਵਿਚ ਹੀ ਮਿਲੀ ਸੀ। ਇਨ੍ਹਾਂ ਦਾ ਸ਼ਾਸਤਰੀ ਸੰਗੀਤ ਤੇ ਲੋਕ ਸੰਗੀਤ ਵਿਚ ਮਹੱਤਵਪੂਰਨ ਯੋਗਦਾਨ ਹੈ। ਇਨ੍ਹਾਂ ਨੇ ਹਿੰਦੁਸਤਾਨ ਦੀਆਂ ਸ਼ਾਸਤਰੀ ਗਾਇਨ ਦੀਆਂ ਗਾਇਨ ਸ਼ੈਲੀਆਂ ਧਰੁਪਦ, ਧਮਾਰ, ਖ਼ਿਆਲ ਤੇ ਲੋਕ ਸੰਗੀਤ ਵਿਚ ਵਾਰਾਂ, ਧਾਰਨਾ ਨੂੰ ਬਹੁਤ ਪ੍ਰੋਤਸਾਹਿਤ ਕੀਤਾ। ਗੁਰਬਾਣੀ ਸੰਗੀਤ ਦਾ ਇਨ੍ਹਾਂ ਕੋਲ ਅਣਗਿਣਤ ਭੰਡਾਰ ਹੈ। ਇਹ ਸੰਗੀਤ ਦੇ ਵਾਦਨ ਜਿਸ ਤਰ੍ਹਾਂ ਦਿਲਰੁਬਾ, ਸਿਤਾਰ, ਸਰੋਦ, ਭਾਰ ਸ਼ਹਿਨਾਈ, ਸੰਤੂਰ ਵਾਦਨ, ਤਬਲਾ, ਪਖਾਵਜ, ਢੋਲਕੀ, ਛੈਣੇ, ਬਾਂਸਰੀ ਨੂੰ ਕੀਰਤਨ ਵਿਚ ਪ੍ਰਯੋਗ ਕਰ ਰਹੇ ਹਨ ਅਰਥਾਤ ਤੰਤੀ ਸਾਜ਼ਾਂ ਨਾਲ ਕੀਰਤਨ ਦਾ ਪ੍ਰਚਾਰ ਕਰ ਰਹੇ ਹਨ ਇਨ੍ਹਾਂ ਨੇ ਨ੍ਰਿਤ ਨੂੰ ਵੀ ਉਨੀ ਹੀ ਮਹੱਤਤਾ ਦਿਤੀ ਹੈ, ਜਿੰਨੀ ਗਾਇਨ ਤੇ ਵਾਦਨ ਨੂੰ ਉਸਤਾਦ ਹਰਭਜਨ ਸਿੰਘ ਅਨੁਸਾਰ :

"ਉਨ੍ਹਾਂ ਨੂੰ ਸੈਂਕੜੇ ਹੀ ਬੰਦਸ਼ਾਂ ਦੇ ਸਥਾਈ ਅੰਤਰੇ ਯਾਦ ਹਨ। ਹੋਰ ਧਮਾਰ ਦੀ ਪੇਸ਼ਕਾਰੀ ਖ਼ੂਬਸੂਰਤੀ ਨਾਲ ਨਿਭਾਂਦੇ ਹਨ।"[13]

ਪੁਰਾਤਨ ਹਵਾਲੇ ਦੱਸਦੇ ਹਨ ਕਿ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ਾਸਤਰੀ ਸੰਗੀਤ ਤੇ ਗੁਰਮਤਿ ਸੰਗੀਤ ਦੀ ਦੀਕਸ਼ਾ ਨਾਮਧਾਰੀ ਗੁਰੂ ਜਗਜੀਤ ਸਿੰਘ ਨੂੰ ਬਾਲਪਨ ਤੋਂ ਪ੍ਰਸਿੱਧ ਉਸਤਾਦਾਂ ਤੋਂ ਦਿਵਾਉਣੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਉਸਤਾਦਾਂ ਵਿਚੋਂ ਭਾਈ ਹਰਨਾਮ ਸਿੰਘ ਚਵਿੰਡਾ, ਉਸਤਾਦ ਊਧੋ ਖ਼ਾਂ ਸਾਹਿਬ, ਰਹਿਮਤ ਖ਼ਾਂ ਸਾਹਿਬ, ਜਨਾਬ ਦੌਲਤ ਕਵਾਲ ਭਾਈ ਤਾਬਾ ਜੀ, ਭਾਈ ਨਸੀਰ ਅੰਮ੍ਰਿਤਸਰ ਦਾ ਨਾਮ ਉਲੇਖਨੀਯ ਹੈ।[14]

"ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਜਿਵੇਂ ਆਪ ਦੱਸਦੇ ਹਨ 'ਮੇਰੀ ਸੰਗੀਤ ਸ਼ਿਕਸ਼ਾਂ ਮੇਰੇ ਪਿਤਾ, ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਨੇ ਉਸਤਾਦ ਹਰਨਾਮ ਸਿੰਘ ਜੀ ਤੇ ਉਸਤਾਦ ਰਹੀਮ ਬਖ਼ਸ਼ ਜੀ ਕੋਲੋਂ ਸ਼ੁਰੂ ਕਰਵਾਈ।"[15]

ਗੁਰਬਾਣੀ ਸੰਗੀਤ ਦੀਆਂ ਰਬਾਬੀ ਰੀਤਾਂ ਭਾਈ ਤਾਬਾ ਜੀ ਕੋਲੋਂ ਸਿਖਵਾਈਆਂ

Sri Satguru Jagjit Singh Ji Elibrary NamdhariElibrary@gmail.com

ਗਈਆਂ ਤੇ ਪੰਜਾਬ ਘਰਾਣੇ ਦੇ ਅੰਗ ਦੇ ਪਖਾਵਜ ਭਾਈ ਨਸੀਰ ਅੰਮ੍ਰਿਤਸਰੀ ਕੋਲੋਂ ਸਿਖੇ। ਉਹ ਉਸ ਜ਼ਮਾਨੇ ਦੇ ਪ੍ਰਸਿੱਧ ਉਸਤਾਦ ਭਾਈ ਲਾਲ, ਪੰਡਤ ਓਂਕਾਰ ਨਾਥ ਠਾਕੁਰ, ਸ੍ਰੀ ਵਿਨਾਇਕ ਰਾਓ ਪਟਵਰਧਨ, ਪੰਡਤ ਕ੍ਰਿਸ਼ਨ ਰਾਓ ਸ਼ੰਕਰ ਗਵਾਲੀਅਰ ਵਾਲੇ, ਪੰਡਤ ਏ ਕਾਨਨ, ਪੰਡਤ ਸ਼ਾਮਤਾ ਪ੍ਰਸ਼ਾਦ ਗੁਦਈ ਮਹਾਰਾਜ, ਪੰਡਤ ਗੋਪਾਲ ਮਿਸ਼ਰ, ਪ੍ਰਸਿੱਧ ਪਖਾਵਜੀ ਉਸਤਾਦ ਕਾਦਰ ਬਖ਼ਸ਼, ਪੰਡਤ ਮਹਾਂਦੇਵ ਪ੍ਰਸ਼ਾਦ ਕਥਿਕ ਤੇ ਹੋਰ ਪ੍ਰਸਿੱਧ ਗਾਇਕ ਸ੍ਰੀ ਭੈਣੀ ਸਾਹਿਬ ਆ ਕੇ ਨਾਮਧਾਰੀ ਸਤਿਗੁਰੂ ਪ੍ਰਤਾਪ ਜੀ ਦੇ ਸਾਹਮਣੇ ਗਾਉਂਦੇ ਵਜੌਂਦੇ ਸਨ ਅਤੇ ਅਸੀਂ ਬਹਿ ਕੇ ਸੁਣਦੇ ਸਿਖਾਂਦੇ ਸਾਂ।[16]

ਇਨ੍ਹਾਂ ਦਿਲਰੁਬਾ ਦੀ ਸ਼ਿਕਸ਼ਾ ਪਟਿਆਲੇ ਵਾਲੇ ਉਸਤਾਦ ਭਾਈ ਮਸਤਾਨ ਸਿੰਘ ਤੋਂ ਵੀ ਲੀਤੀ।

ਇਨ੍ਹਾਂ ਕੋਲ ਸ਼ਾਸਤਰੀ ਸੰਗੀਤ ਦੇ ਗੁਰਬਾਣੀ ਸੰਗੀਤ ਦਾ ਇੰਨਾ ਵਿਸ਼ਾਲ ਭੰਡਾਰਾ ਹੈ ਕਿ ਸਭ ਸੰਗੀਤਕਾਰ ਆ ਕੇ ਵੀ ਇਨ੍ਹਾਂ ਕੋਲੋਂ ਸਿੱਖਦੇ ਹਨ ਤੇ ਆਪਣੇ ਸ਼ਾਗਿਰਦਾਂ ਨੂੰ ਸਿਖਾਂਦੇ ਹਨ। ਖਾਸ ਕਰਕੇ ਧਰੁਪਦ ਧਮਾਰ ਦੀਆਂ ਬੰਦਸ਼ਾਂ ਦਾ ਜੁਆਬ ਹੀ ਨਹੀਂ ਹੈ।

ਆਪ ਸੰਗੀਤ ਨਾਲ ਰੋਜ਼ਾਨਾ ਤਿੰਨ ਵਜੇ ਅੰਮ੍ਰਿਤ ਵੇਲੇ ਜੁੜ ਜਾਂਦੇ ਹਨ ਤੇ ਸੂਰਜ ਦੇ ਚੜ੍ਹਨ ਤਕ ਸੰਗੀਤ ਵਿਚ ਡੁੱਬੇ ਰਹਿੰਦੇ ਹਨ ਤੇ ਵਾਤਾਵਰਣ ਸ਼ਾਮ ਦੇ ਦਿਵਾਨ ਤੱਕ ਜਾਂਦਾ ਹੈ।

"ਸ਼ਾਸਤਰੀ ਸੰਗੀਤ ਦੇ ਰਾਗਾਂ, ਧੁਨਾਂ ਤੇ ਤਾਲਾਂ ਵਿਚ ਆਪ ਨੇ ਵਿਸ਼ੇਸ਼ ਪ੍ਰਕਾਰ ਦਾ ਦਖ਼ਲ ਹਾਸਲ ਕਰ ਲਿਆ। ਆਪ ਦੇ ਦਰਬਾਰ ਵਿਚ ਗੁਰੂ ਅਰਜਨ ਦੇਵ ਤੋਂ ਚਲੀਆਂ ਆ ਰਹੀਆਂ ਧੁਨਾਂ ਤੇ ਰੀਤਾਂ ਅਨੁਸਾਰ ਬਾਣੀ ਦਾ ਕੀਰਤਨ ਹੁੰਦਾ ਹੈ। ਆਪ ਗਾਉਂਦੇ ਸੁਣਦੇ ਤਾਂ ਅੱਕਦੇ ਹੀ ਨਹੀਂ ਬਲਕਿ ਇੰਜ ਮਹਿਸੂਸ ਕਰਦੇ ਕਿ ਥਕੇਵਾਂ ਸੰਗੀਤ ਦੇ ਮਾਹੌਲ ਵਿਚ ਦੂਰ ਹੁੰਦਾ ਹੈ। ਅਕਸਰ ਹਿੰਦੁਸਤਾਨ ਦੇ ਪ੍ਰਸਿੱਧ ਸੰਗੀਤਕਾਰਾਂ ਨੂੰ ਸੁਣਦੇ ਤੇ ਆਪ ਵੀ ਗਾ ਕੇ ਸੁਣਾਂਦੇ।"17

**ਲੈਅ ਤੇ ਅਧਿਕਾਰ-ਇਕ ਨਿਵੇਕਲੀ ਦੇਣ :**

ਇਨ੍ਹਾਂ ਨੂੰ ਲੈਅ ਤੇ ਇੰਨਾ ਅਧਿਕਾਰ ਹੈ ਕਿ ਹਿੰਦੁਸਤਾਨ ਦੇ ਵੱਡੇ ਵੱਡੇ ਕਲਾਕਾਰ ਵੀ ਇਨ੍ਹਾਂ ਕੋਲੋਂ ਲੈਅਕਾਰੀਆਂ ਸਿੱਖਣ ਵਿਚ ਝਿਜਕ ਨਹੀਂ ਮਹਿਸੂਸ ਕਰਦੇ। ਸ਼ਾਸਤਰੀ ਸੰਗੀਤ ਦੇ ਰਾਗਾਂ ਅਨੁਸਾਰ ਧੁਨਾਂ ਦੀਆਂ ਰਚਨਾ ਕਰਦਿਆਂ ਆਪ ਅੱਧੀਆਂ ਪੌਣੀਆਂ ਸਵਾਈਆਂ ਮਾਤਰਾਵਾਂ ਦੀ ਗਿਣਤੀ ਅਨੁਸਾਰ ਤਾਲਾਂ ਦੀ ਰਚਨਾ ਕਰਦੇ ਹਨ। ਇਨ੍ਹਾਂ ਨੇ ਇਸ ਕਲਾ ਰਾਹੀਂ ਭਾਰਤ ਦੇ ਅਚਾਰੀਆਂ ਨੂੰ ਚਕਿਤ ਕਰ ਦਿੱਤਾ ਹੈ। ਪੌਣੇ ਗਿਆਰਾਂ, ਸਵਾਂ ਗਿਆਰਾਂ, ਸਵਾ ਚੌਦਾਂ, ਪੌਣੇ ਅੱਠ, ਤੇਰਾਂ ਸਹੀ ਸਤ ਬਟਾ ਅੱਠ ਮਾਤਰਾਵਾਂ ਵਿਚ ਤਾਲਬੱਧ ਬੰਦਸ਼ਾਂ ਸਰੋਤਿਆਂ ਅੱਗੇ ਪੇਸ਼ ਕਰਦੇ

ਹਨ। ਨਵੇਂ ਤਜਰਬੇ ਕੀਤੇ ਹਨ ਜਿਵੇਂ ਪੌਣੀਆਂ ਸਵਾਈ ਮਾਤਰਾ ਇਜ਼ਾਦ ਕਰਨਾ।

ਉਸਤਾਦ ਅਮਜ਼ਦ ਅਲੀ ਦੀ ਰਾਇ ਸੀ, "ਪੌਣੇ ਚੌਦਾਂ ਮਾਤਰਾ ਭਾਰਤ ਦੇ ਸਤਿਗੁਰਾਂ ਦੀ ਦੇਣ ਹੈ। ਮੈਂ ਭੀ ਇਨ੍ਹਾਂ ਤੋਂ ਸਮਝ ਕੇ ਪੌਣੇ ਪੰਦਰਾਂ ਮਾਤਰਾ ਵਜਾਣ ਦਾ ਯਤਨ ਕੀਤਾ ਹੈ।"[10]

**ਨਵੇਂ ਤਾਲ ਤੇ ਨਵੇਂ ਸਾਜ਼ ਇਜਾਦ ਕੀਤੇ :**

ਇਨ੍ਹਾਂ ਨੇ ਨਵੇਂ ਤਾਲ ਬਣਾਏ ਹਨ। ਇਨ੍ਹਾਂ ਤਾਲਾਂ ਦੇ ਨਾਮ ਆਪਣੇ ਨਾਮਧਾਰੀ ਗੁਰੂ ਸਾਹਿਬਾਨ ਦੇ ਨਾਮ ਤੇ ਰਖੇ ਹਨ ਜਿਸ ਤਰ੍ਹਾਂ ਹਰੀ ਤਾਲ, ਪਰਤਾਪ ਤਾਲ, ਨਵਾਂ ਸਾਜ਼ ਜਿਸਦਾ ਨਾਮ ਨਾਮਧਾਰੀ ਤਰੰਗ ਰਖਿਆ ਗਿਆ। ਕੱਚ ਦੇ ਗਿਲਾਸਾਂ ਵਿਚ ਪਾਣੀ ਭਰ ਕੇ ਹੱਥ ਦੇ ਅੰਗੂਠਿਆਂ ਨੂੰ ਨਾਜ਼ੁਕ ਗਲਾਸ ਰਗੜ ਰਗੜ ਕੇ ਸੁਰਾਂ ਨਿਕਲਦੀਆਂ ਹਨ। ਆਵਾਜ਼ ਬੰਸਰੀ ਦੀ ਵੀ ਮਾਲੂਮ ਹੁੰਦੀ ਹੈ, ਵਾਇਲਨ ਦਾ ਵੀ ਅਭਾਸ ਹੁੰਦਾ ਹੈ।

**ਗੁਰੂ ਸ਼ਿਸ਼ ਪਰੰਪਰਾ ਕਾਇਮ ਰੱਖੀ :**

ਇਨ੍ਹਾਂ ਨੇ ਪੁਰਾਤਨ ਗੁਰੂ ਸ਼ਿਸ਼ ਪਰੰਪਰਾ ਨੂੰ ਕਾਇਮ ਰਖਿਆ ਹੈ ਤੇ ਅਨੇਕ ਬੱਚਿਆਂ ਨੂੰ ਸੰਗੀਤ ਸਿਖਾ ਰਹੇ ਹਨ। ਭੈਣੀ ਸਾਹਿਬ ਵਿਚ ਇਸ ਸਮੇਂ ਜੋ ਸੰਗੀਤ ਸਿਖ ਰਹੇ ਹਨ ਇਨ੍ਹਾਂ ਵਿਚ ਹਰਬੰਸ ਸਿੰਘ ਘੁਲਾ ਦੇ ਲੜਕੇ ਗੁਰਲਾਲ ਸਿੰਘ ਗਾਇਕੀ ਤੇ ਅਜੈਪਾਲ ਸਿੰਘ ਤਬਲਾ ਅਤੇ ਨ੍ਰਿਤ ਸਿੱਖ ਰਹੇ ਹਨ। ਸ਼ੇਰ ਸਿੰਘ (ਤਬਲਾ) ਦੇ ਲੜਕੇ ਸਰਮੁਖ ਸਿੰਘ, ਸ਼ਾਮ ਸਿੰਘ ਤੇ ਸੁਖਵੰਤ ਸਿੰਘ ਗਾਇਨ, ਤਬਲਾ ਤੇ ਸਿਤਾਰ ਦੀ ਸ਼ਿਕਸ਼ਾ ਲੈ ਰਹੇ ਹਨ। ਹਰਿੰਦਰ ਸਿੰਘ ਮਾਨ ਤਬਲਾ, ਸ੍ਰੀ ਰਾਜੇਸ਼ ਮਾਲਵੀਆ ਤਬਲਾ, ਗੁਰਚਰਨ ਸਿੰਘ ਤਬਲਾ, ਅਮਨਦੀਪ ਸਿੰਘ ਦਿਲਰੁਬਾ, ਬਲਵੰਤ ਸਿੰਘ ਤੇ ਗੁਰਮੀਤ ਸਿੰਘ (ਤਾਰ ਸ਼ਹਿਨਾਈ) ਗੁਰਮੀਤ ਸਿੰਘ ਨੂੰ ਉੱਚ ਸ਼ਿਕਸ਼ਾ ਲਈ ਰਾਜਨ ਸਾਜਨ ਕੋਲ ਭੇਜਿਆ। ਬਲਜੀਤ ਸਿੰਘ ਨੇ ਬਿਸਮਿਲਾ ਖ਼ਾਂ ਤੋਂ ਤਾਰ ਸ਼ਹਿਨਾਈ ਦੀ ਸ਼ਿਕਸ਼ਾ ਲਈ। ਬਲਵੰਤ ਸਿੰਘ ਨੂੰ ਗੁਰੂ ਜੀ ਨੇ ਵਿਲਾਇਤ ਖ਼ਾਂ ਤੇ ਪੰਡਿਤ ਸ਼ਿਵ ਕੁਮਾਰ ਸ਼ਰਮਾ ਦਾ ਸ਼ਗਿਰਦ ਬਣਾਇਆ। ਸੁਖਵਿੰਦਰ ਸਿੰਘ ਪਿੰਕੀ ਨੇ ਕਿਸ਼ਨ ਮਹਾਰਾਜ ਤੋਂ ਤਬਲੇ ਦੀ ਸ਼ਿਕਸ਼ਾ ਲਈ। ਗਾਇਨ ਵਾਦਨ ਤੋਂ ਇਲਾਵਾ ਨ੍ਰਿਤ ਦੇ ਖੇਤਰ ਵਿਚ ਉੱਚ ਸ਼ਿਕਸ਼ਾ ਦਿਵਾ ਰਹੇ ਹਨ।

> "ਇਨ੍ਹਾਂ ਬੱਚਿਆਂ ਵਿਚ ਅਮਰ ਸਿੰਘ ਅੰਬਾ ਭੈਣੀ ਸਾਹਿਬ ਨੂੰ ਪੰਡਿਤ ਬਿਰਜੂ ਮਹਾਰਾਜ ਨੇ ਨ੍ਰਿਤ ਦੀ ਸ਼ਿਕਸ਼ਾ ਦਿੱਤੀ ਹੈ ਤੇ ਬਲਵੰਤ ਸਿੰਘ ਬਾਲੀ ਨਗਰ ਦਿੱਲੀ ਨੇ ਸਵਰਗੀਯ ਪੰਡਿਤ ਦੁਰਗਾ ਲਾਲ ਕੋਲੋਂ ਨ੍ਰਿਤ ਦੀ ਸ਼ਿਕਸ਼ਾ ਲਈ ਹੈ। ਸੁਖਦੇਵ ਸਿੰਘ ਸੁਖੀ ਨੇ ਦੁਰਗਾ ਲਾਲ ਕੋਲੋਂ ਪਖਾਵਜ਼ ਦੀ ਤਾਲੀਮ ਹਾਸਲ

Sri Satguru Jagjit Singh Ji Elibrary NamdhariElibrary@gmail.com

ਕੀਤੀ ਹੈ। ਅੱਜ ਕਲ੍ਹ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਰਮੁਖ ਸਿੰਘ, ਸ੍ਰੀ ਗਾਜੇਂਦਰ ਗੰਗਾਨੀ ਕੋਲੋਂ ਨ੍ਰਿਤ ਸਿੱਖ ਰਹੇ ਹਨ। ਅਜੇਪਾਲ ਸਿੰਘ ਤੇ ਹਰਪ੍ਰੀਤ ਸਿੰਘ ਵੀ ਬਿਰਜੂ ਮਹਾਰਾਜ ਤੋਂ ਤਾਲੀਮ ਲੈ ਰਹੇ ਹਨ। ਜਿਵੇਂ ਗਾਇਨ ਵਾਦਨ ਵਿਚ ਸ੍ਰੀ ਸਤਿਗੁਰੂ ਜੀ ਨੇ ਖੰਡ ਮਾਤਰਾ ਦੀ ਪਰੰਪਰਾ ਤੋਰੀ ਹੈ। ਇਸੇ ਤਰ੍ਹਾਂ ਨ੍ਰਿਤਕਾਰੀ ਵਿਚ ਵੀ ਖੰਡ ਮਾਤਰਾ ਦੀ ਗੋਤ ਤੋਰੀ। ਅਮਰ ਸਿੰਘ ਅੰਬਾ ਨੂੰ ਪੌਣੇ ਗਿਆਰਾਂ ਮਾਤਰਾ ਦਾ ਨ੍ਰਿਤ ਸਿਖਾਇਆ।"[19]

ਬਲਵੰਤ ਸਿੰਘ ਗਾਇਨ ਵਿਚ ਵੀ ਮਾਹਿਰ ਹੈ ਦਿਲਰੁਬਾ, ਸਿਤਾਰ, ਸੰਤੂਰ. ਤਬਲਾ ਤੇ ਨਾਮਧਾਰੀ ਤਰੰਗ ਬੜੀ ਪ੍ਰਬੀਨਤਾ ਨਾਲ ਵਜਾਂਦਾ ਹੈ। ਰਣਧੀਰ ਸਿੰਘ ਗਾਇਨ ਤੋਂ ਇਲਾਵਾ ਸਾਰੰਗੀ ਤੇ ਦਿਲਰੁਬਾ ਵੀ ਵਜਾਂਦਾ ਹੈ। ਇਸ ਨੂੰ ਪੰਡਿਤ ਰਾਮ ਨਾਰਾਇਣ ਦਾ ਸ਼ਿਸ਼ ਬਣਾਇਆ ਹੈ। ਲੜਕੀਆਂ ਵਿਚ ਗੁਰਮੀਤ ਕੌਰ, ਸਿਮਰਤਪਾਲ ਕੌਰ, ਹਰਮੀਤ ਕੌਰ, ਸਤਵਿੰਦਰ ਕੌਰ ਤੇ ਹੋਰ ਬੱਚੀਆਂ ਸੰਗੀਤ ਸਿੱਖਿਆ ਲੈ ਰਹੀਆਂ ਹਨ। ਇਨ੍ਹਾਂ ਵਿਚ ਜਰਨੈਲ ਸਿੰਘ ਤਬਲਾ ਤੇ ਉਸਦਾ ਭਰਾ ਗਾਇਨ ਦੀ ਸਿੱਖਿਆ ਹਾਸਲ ਕਰ ਰਹੇ ਹਨ।[20]

**ਸੰਗੀਤ ਸੰਮੇਲਨ :**

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਦਿੱਲੀ, ਬੰਬਈ, ਔਰੰਗਾਬਾਦ ਤੇ ਲਖਨਊ ਆਦਿ ਇਲਾਕਿਆਂ ਵਿਚ ਸੰਗੀਤ ਸੰਮੇਲਨ ਆਦਿ ਰਚਾ ਕੇ ਸੰਗੀਤ ਪ੍ਰੇਮੀਆਂ ਨੂੰ ਰਿਝਾਂਦੇ ਹਨ। ਇਨ੍ਹਾਂ ਸੰਮੇਲਨਾਂ ਨੂੰ ਵੱਖਰੇ ਵੱਖਰੇ ਸ਼ਹਿਰਾਂ ਵਿਚ ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿਚ ਹਿੰਦੁਸਤਾਨ ਦੇ ਉੱਚ ਕੋਟੀ ਦੇ ਕਲਾਕਾਰ ਹਿੱਸਾ ਲੈਂਦੇ ਹਨ। ਜਿਸ ਤਰ੍ਹਾਂ ਉਸਤਾਦ ਵਿਲਾਇਤ ਖ਼ਾਂ, ਉਸਤਾਦ ਅਮਜ਼ਦ ਅਲੀ ਖ਼ਾਂ, ਪੰਡਿਤ ਭੀਮ ਸੈਨ ਜੋਸ਼ੀ, ਪੰਡਿਤ ਜਸਰਾਜ, ਉਸਤਾਦ ਸ਼ਰਾਫ਼ਤ ਹੁਸੈਨ ਖਾਂ, ਉਸਤਾਦ ਬਿਸਮਿਲਾ ਖਾਂ, ਪੰਡਿਤ ਰਾਮ ਨਾਰਾਇਣ, ਪੰਡਿਤ ਸ਼ਿਵ ਕੁਮਾਰ ਸ਼ਰਮਾ, ਪੰਡਿਤ ਸ਼ਾਮਤਾ ਪ੍ਰਸ਼ਾਦ, ਪੰਡਿਤ ਕਿਸ਼ਨ ਮਹਾਰਾਜ ਆਦਿ।

> "ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਪ੍ਰਤਾਪ ਸਿੰਘ ਦੀ ਯਾਦ ਵਿਚ ਜੋ ਕਿ ਆਪ ਇਕ ਮਹਾਨ ਸੰਗੀਤਕਾਰ ਸਨ, ਭਾਰਤ ਵਿਚ ਸੰਗੀਤ ਸੰਮੇਲਨਾਂ ਦੀ ਇਕ ਲਹਿਰ ਚਲਾ ਦਿੱਤੀ ਸੀ। 1973 ਤੋਂ 1980 ਤਕ ਦੇਸ਼ ਦੇ ਅਲੱਗ ਅਲੱਗ ਸ਼ਹਿਰ ਦਿੱਲੀ, ਬੰਬਈ, ਔਰੰਗਾਬਾਦ, ਲਖਨਊ ਆਦਿ ਵਿਚ ਵੱਡੇ ਵੱਡੇ ਸੰਗੀਤ ਸੰਮੇਲਨ ਕਰਵਾਏ ਗਏ। ਇਨ੍ਹਾਂ ਸੰਗੀਤ ਸੰਮੇਲਨਾਂ ਵਿਚ ਦਰਸ਼ਕ ਬਿਨ੍ਹਾਂ ਟਿਕਟ ਖਰੀਦਿਆਂ ਜਾ ਸਕਦੇ ਸਨ ਜਦੋਂ ਕਿ ਕਲਾਕਾਰਾਂ ਨੂੰ ਪੂਰੀ ਫੀਸ ਦਿੱਤੀ ਜਾਂਦੀ ਹੈ।"[21]

ਵਿ੍ਸ਼ਵ ਵਿਦਿਆਲਾ ਵਿਚ ਸੰਗੀਤ ਨੂੰ ਉੱਚ ਸਥਾਨ ਦਿਵਾ ਰਹੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਸਥਾਪਿਤ ਹੋਈ

ਹੈ ਤੇ ਇਸੇ ਤਰ੍ਹਾਂ ਬਨਾਰਸ ਵਿਚ ਸੰਪੂਰਨਾ ਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਪੀਠ ਸੇਵਾ ਕਰ ਰਹੀ ਹੈ। ਇਨ੍ਹਾਂ ਵਿਚ ਕੂਕਾ ਇਤਿਹਾਸ ਬਾਰੇ ਖੋਜ ਕਰਕੇ ਆਮ ਲੋਕਾਂ ਤਕ ਪਹੁੰਚਾਇਆ ਜਾ ਰਿਹਾ ਹੈ।

**ਸਨਮਾਨਿਤ**

ਨਾਮਧਾਰੀ ਗੁਰੂ ਜਗਜੀਤ ਸਿੰਘ ਨੂੰ ਪਿਛਲੇ ਸਾਲ 4 ਨਵੰਬਰ ਨੂੰ ਉਸਤਾਦ ਹਾਫ਼ਿਜ਼ ਅਲੀ ਖਾਂ ਸੁਸਾਇਟੀ ਦੇ ਸਰੋਦ ਘਰ ਗਵਾਲੀਅਰ ਵੱਲੋਂ 'ਸੰਗੀਤ ਮਨੀਸ਼ੀ' ਦੇ ਤੌਰ 'ਤੇ ਸਨਮਾਨਿਤ ਕੀਤਾ ਗਿਆ ਹੈ। ਇਸ ਸੁਸਾਇਟੀ ਦੇ ਸਰਵੇ ਉਸਤਾਦ ਅਮਜ਼ਦ ਅਲੀ ਖਾਂ ਹਨ।[22] ਰਾਜ ਪੱਧਰ 'ਤੇ ਵੀ ਮਾਨਤਾ ਮਿਲ ਰਹੀ ਹੈ। 29 ਜਨਵਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦਿਵਸ 'ਤੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਭਰ ਵਿਚ ਛੁੱਟੀ ਦਾ ਐਲਾਨ ਕੀਤਾ।

**ਗੁਰਮਤਿ ਸੰਗੀਤ ਇਕ ਅਲੱਗ ਸ਼ੈਲੀ - ਭੈਣੀ ਸਾਹਿਬ ਦੀ ਆਸਾ ਦੀ ਵਾਰ**

ਆਮ ਪ੍ਰਚਲਤ ਗੁਰਮਤਿ ਸੰਗੀਤ ਨਾਲੋਂ ਥੋੜ੍ਹਾ ਕੁ ਹੱਟ ਕੇ ਹੈ। ਆਸਾ ਦੀ ਵਾਰ ਵੀ ਆਮ ਪ੍ਰਚਲਤ ਆਸਾ ਦੀ ਵਾਰ ਤੋਂ ਭਿੰਨ ਹੈ। ਇਸ ਵਿਚ ਇਕ ਤੋਂ ਜ਼ਿਆਦਾ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਚਾਰ ਤਾਲ, ਦੀਪਚੰਦੀ, ਝਪਤਾਲ ਆਦਿ। ਇਕ ਤੋਂ ਬਾਅਦ ਦੂਜਾ ਰਾਗ ਵੀ ਬਦਲਿਆ ਜਾਂਦਾ ਹੈ। ਭਿੰਨ-ਭਿੰਨ ਤੰਤੀ ਸਾਜ਼, ਦਿਲਰੁਬਾ, ਸਿਤਾਰ, ਤਾਊਸ, ਸੰਤੂਰ, ਤਬਲਾ, ਮਿਰਦੰਗ ਦੀ ਸੰਗਤੀ ਹੁੰਦੀ ਹੈ। ਬਸੰਤ ਰਿਤੂ ਵਿਚ ਬਸੰਤ ਦੀ ਵਾਰ ਗਾਈ ਜਾਂਦੀ ਹੈ।[23]

ਭੈਣੀ ਸਾਹਿਬ ਦੇ ਇਕ ਸਮਾਗਮ ਵਿਚ ਆਸਾ ਦੀ ਵਾਰ ਦੀ ਇਕ ਤਸਵੀਰ ਇਸ ਪ੍ਰਕਾਰ ਹੈ:

> "ਅੱਜ ਦੀਵਾਨ ਵਿਚ ਪੰਜ ਤਬਲੇ, ਤਿੰਨ ਦਿਲਰੁਬਾ, ਦੋ ਸਿਤਾਰਾਂ, ਇਕ ਸਰੋਦ ਤੇ ਹਰਮੋਨੀਅਮ ਸਨ। ਸਤਿਗੁਰੂ ਜੀ, ਠਾਕੁਰ ਉਦੈ ਸਿੰਘ, ਸ੍ਰੀ ਗੁਰੂ ਦੇਵ ਸਰੋਦ, ਉਸਤਾਦ ਹਰਭਜਨ ਸਿੰਘ, ਸ. ਮਹਿੰਦਰ ਸਿੰਘ ਅੰਮ੍ਰਿਤਸਰੀ, ਸ੍ਰੀ ਧਰਮਵੀਰ, ਸ੍ਰੀ ਹਰਪਾਲ ਸਿੰਘ ਜੀ, ਸ੍ਰੀ ਚਰਨ ਸਿੰਘ ਜੰਮੂ, ਸੁਖਦੇਵ ਸਿੰਘ, ਸ਼ੇਰ ਸਿੰਘ, ਭੈਣੀ ਸਾਹਿਬ ਕੀਰਤਨ ਕਰਦੇ ਰਹੇ। ਸਤਿਗੁਰੂ ਜੀ ਦੱਸ ਦੱਸ ਕੇ ਸ਼ਬਦ, ਛੱਕੇ ਅਤੇ ਰਾਗ ਆਦਿ ਵੀ ਬਦਲੀ ਕਰਦੇ ਰਹੇ।"[24]

ਹੋਲੇ ਦੇ ਦੀਵਾਨ ਲੱਗਦੇ ਹਨ, ਹੋਲੇ ਦੇ ਸ਼ਬਦ ਪੜ੍ਹੇ ਜਾਂਦੇ ਹਨ। ਢੋਲਕੀ ਛੈਣਿਆਂ ਦੀ ਆਵਾਜ਼ ਅਸਮਾਨ ਤਕ ਗੂੰਜਦੀ ਹੈ। ਜਦ ਦਿਨ ਚੜ੍ਹਦਾ ਹੈ ਤਾਂ ਚੰਡੀ ਦੀ ਵਾਰ ਦਾ ਪਾਠ ਕੀਤਾ ਜਾਂਦਾ ਹੈ। ਬਹਾਦਰੀ ਦੇ ਗੀਤ ਅਰਥਾਤ ਵਾਰਾਂ ਗਾਈਆਂ ਜਾਂਦੀਆਂ ਹਨ। ਹੋਲੇ ਦੇ ਦੀਵਾਨ ਖਾਸ ਕਰਕੇ ਹੋਲੇ ਮਹੱਲੇ ਤੇ ਵਿਸਾਖੀ ਦੇ ਮੇਲੇ, ਬਸੰਤ ਦੇ ਮੇਲੇ, ਅੱਸੂ ਦੇ ਮੇਲੇ ਵਾਲੇ ਦਿਨ ਹਿਹ ਦੀਵਾਨ ਸਾਰਾ ਦਿਨ ਹੀ ਚਲਦੇ

ਹਨ। ਇਨ੍ਹਾਂ ਨੂੰ ਕੂਕਿਆਂ ਦੇ ਦੀਵਾਨ ਵੀ ਕਿਹਾ ਜਾਂਦਾ ਹੈ।

ਨਾਮਧਾਰੀ ਗੁਰੂ ਜਗਜੀਤ ਸਿੰਘ ਵੀ ਸੰਗੀਤ ਕਲਾ ਨੂੰ ਬਹੁਤ ਵਿਕਸਿਤ ਕਰ ਰਹੇ ਹਨ। ਨਵੀਆਂ ਬੰਦਸ਼ਾਂ ਦੇ ਰਚਨਹਾਰ, ਸੁਧ ਰਾਗਾਂ ਵਿਚ ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਦੀ ਰੀਤ ਨੂੰ ਘਰ ਘਰ ਪਹੁੰਚਾ ਰਹੇ ਹਨ। ਸੰਗੀਤ ਨੂੰ ਉੱਨਤ ਤੇ ਪ੍ਰਫੁੱਲਤ ਕਰਨ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਅਸੀਂ ਕਲਾਕਾਰ, ਸੰਗੀਤਕਾਰ ਸਦਾ ਉਨ੍ਹਾਂ ਦੇ ਰਿਣੀ ਰਹਾਂਗੇ।

## ਟਿੱਪਣੀਆਂ ਤੇ ਹਵਾਲੇ


1. ਜਗਯ ਵਲਕਯੇ ਸਮ੍ਰਿਤੇ
2. ਆਦਿ ਗ੍ਰੰਥ, ਪੰਨਾ. 749
3. Swami Pramananda, 'Historcial Development of Indian Music', p. 14.
4. ਸੰਗੀਤ ਰਤਨਾਕਰ, ਪੰਡਿਤ ਸ਼ਾਰੰਗ ਦੇਵ
5. ਸਪਤਾਹਿਕ-ਸਤਿਯੁਗ, 29 ਮਾਰਚ ਤੋਂ 4 ਅਪ੍ਰੈਲ 2001
6. ਨਾਮਧਾਰੀ ਇਤਿਹਾਸ ਕ੍ਰਿਤ, ਨਾਹਰ ਸਿੰਘ, ਪੰਨਾ. 108, ਉਤਾਰਾ ਸਤਿਜੁਗ, 2001, ਪੰਨਾ. 61
7. ਅਮਰ ਭਾਰਤੀ, ਢੋਲਕ ਵੱਜਦੀ ਰਹੀ, ਸਤਿਜੁਗ, ਪੰਨਾ. 16
8. ਸੰਤੋਖ ਸਿੰਘ ਸਵਰੀ (ਪ੍ਰਸਿੱਧ ਲੇਖਕ), ਸਤਿਜੁਗ, 2001
9. ਨਾਮਧਾਰੀ ਇਤਿਹਾਸ ਕ੍ਰਿਤ ਨਾਹਰ ਸਿੰਘ, ਪੰਨਾ. 144-46
10. ਵਰਿਆਮ, ਭੈਣੀ ਸਾਹਿਬ ਦੀ ਸੰਗੀਤ ਪਰੰਪਰਾ, ਮਾਰਚ 1979, ਪੰਨਾ. 4
11. ਅਮਰ ਭਾਰਤੀ, ਢੋਲਕ ਵੱਜਦੀ ਰਹੀ, ਸਤਿਜੁਗ, ਪੰਨਾ. 19
12. ਸਤਿਜੁਗ, 2000, ਪੰਨਾ. 52
13. ਉਹੀ, ਪੰਨਾ.
14. ਉਹੀ, ਪੰਨਾ. 93
15. ਉਹੀ, ਪੰਨਾ. 129
16. ਉਹੀ, ਪੰਨਾ. 129
17. ਪ੍ਰੀਤ ਲੜੀ, ਮਾਰਚ 1999, ਪੰਨਾ. 27
18. ਸਤਿਜੁਗ, 2000
19. ਸਤਿਜੁਗ, ਉਸਤਾਦ ਹਰਭਜਨ ਸਿੰਘ, ਵਿਸ਼ੇਸ਼ ਅੰਕ-2000, ਪੰਨਾ. 132
20. ਸਤਿਜੁਗ, ਪੰਨਾ. 94
21. ਉਹੀ, ਪੰਨਾ. 132
22. ਉਹੀ
23. ਹਜ਼ੂਰੀ ਰਾਗੀ, ਸ. ਕੁਲਦੀਪ ਸਿੰਘ, ਹਜ਼ੂਰੀ ਰਾਗੀ ਸਵਰਗੀ ਸ. ਬੂਟਾ ਸਿੰਘ ਦੇ ਸਪੁੱਤਰ


Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਸੰਪ੍ਰਦਾ, ਸੰਗੀਤ ਪਰੰਪਰਾ ਅਤੇ ਸ਼ਾਸਤ੍ਰੀ ਸੰਗੀਤ ਦੀ ਸੰਭਾਲ

ਡਾ. ਵੀਰੇਂਦਰ ਕੁਮਾਰ

ਸੰਪੂਰਣ ਬ੍ਰਹਿਮੰਡ ਨਾਦਮਈ ਹੈ। ਨਾਦ ਸਰਬਵਿਆਪੀ ਹੈ, ਇਸ ਲਈ ਨਾਦ ਨੂੰ ਬ੍ਰਹਮ ਕਿਹਾ ਗਿਆ ਹੈ। ਰਿਸ਼ੀਆਂ ਨੇ ਸੰਗੀਤ ਨੂੰ ਕੇਵਲ ਮਨੋਰੰਜਨ ਦਾ ਇਕ ਮਾਤਰ ਸਾਧਨ ਨਾ ਮੰਨ ਕੇ ਬਲਕਿ ਪ੍ਰਭੂ ਭਗਤੀ ਵੱਲ ਸੰਗੀਤ ਦੀ ਧਾਰਾ ਪ੍ਰਵਾਹ ਨੂੰ ਮੋੜ ਦੇ ਕੇ ਹਜ਼ਾਰਾਂ ਸਾਲ ਪਹਿਲਾਂ ਹਰੀ ਕੀਰਤਨ ਦੀ ਨੀਂਹ ਸੰਗੀਤ ਦੁਆਰਾ ਰੱਖੀ ਸੀ। ਸੰਗੀਤ ਇਕ ਈਸ਼ਵਰੀ ਦੇਣ ਹੈ।

ਮੱਧਕਾਲ ਭਗਤੀ ਯੁੱਗ ਦੇ ਵਿਚ ਸੰਤ ਸੰਗੀਤਕਾਰਾਂ ਦੀ ਬਹੁਤੀਆਂ ਰਚਨਾਵਾਂ ਸੰਗੀਤਕ ਗੁਣਾਂ ਨਾਲ ਭਰਪੂਰ ਸਨ, ਜਿਹਨਾਂ ਵਿਚ ਸਿੱਖ ਗੁਰੂਆਂ ਨੇ ਵਿਸ਼ੇਸ਼ ਰੂਪ ਵਿਚ ਸੰਗੀਤ ਕਲਾ ਨੂੰ ਮਹੱਤਵ ਦਿੱਤਾ ਅਤੇ ਆਪਣੀਆਂ ਰਚਨਾਵਾਂ ਨੂੰ ਰਾਗਬੱਧ ਕਰਕੇ ਗਾਉਣ ਦੀ ਇਕ ਅਜਿਹੀ ਸ਼ੈਲੀ ਨੂੰ ਜਨਮ ਦਿੱਤਾ ਜਿਸਨੂੰ ਅੱਜ ਅਸਾਂ ਗੁਰਬਾਣੀ ਸੰਗੀਤ ਅਰਥਾਤ ਗੁਰਮਤ ਸੰਗੀਤ ਕਹਿੰਦੇ ਹਾਂ।

ਗੁਰਬਾਣੀ ਸੰਗੀਤ ਦੀ ਇਕ ਵੱਡੀ ਵਿਸ਼ੇਸ਼ਤਾ ਹੈ ਕਿ ਇਸ ਦਾ ਪੱਖ ਸੰਗੀਤਕ ਹੈ ਅਤੇ ਇਸਦਾ ਅੰਗ ਵੀ ਸੰਗੀਤਕ ਹੈ। ਪੰਜਾਬ ਦੇ ਸੰਤ ਕਵੀਆਂ ਨੂੰ ਸੰਗੀਤ ਦੇ ਨਾਲ ਇਕ ਵਿਸ਼ੇਸ਼ ਰੁਚੀ ਹੋਣ ਦੇ ਕਾਰਣ ਉਹਨਾਂ ਨੇ ਸੰਗੀਤ ਨੂੰ ਇਕ ਧਾਰਮਕ ਪ੍ਰਤਿਸ਼ਠਾ ਪ੍ਰਦਾਨ ਕੀਤੀ। ਸਾਰੇ ਗੁਰੂਆਂ ਨੇ ਬਾਣੀ ਦੀ ਰਚਨਾ ਨੂੰ ਰਾਗਾਂ ਵਿਚ ਆਧਾਰਿਤ ਕਰਕੇ ਆਪਣੇ ਦਰਬਾਰਾਂ ਵਿਚ ਕੀਰਤਨ ਦੀ ਇਸ ਪਰੰਪਰਾ ਨੂੰ ਪਹਿਲਾ ਸਥਾਨ ਦਿੱਤਾ। ਉਹਨਾਂ ਨੇ ਇਸ ਨੂੰ ਕੇਵਲ ਸਾਧਨ ਹੀ ਨਹੀਂ ਮੰਨਿਆ ਬਲਕਿ ਇਸ ਨੂੰ ਉੱਚਾ ਉਠਾ ਕੇ ਜੀਵਨ ਦਾ ਇਕ ਅੰਗ ਵੀ ਬਣਾਦਿਆ। ਕੀਰਤਨ ਨੂੰ ਗੁਰਬਾਣੀ ਦੇ ਵਿਚ ਅੰਮ੍ਰਿਤ ਮਹਾਰਸ ਅਤੇ ਮੁਕਤੀ ਦਾਇਕ ਕਿਹਾ ਗਿਆ ਹੈ।

ਅਹਿੰਸਾ ਅਤੇ ਮਾਨਵ ਧਰਮ ਦੇ ਸੰਦੇਸ਼ਵਾਹਕ ਆਦਿ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਕਲਾ ਦਾ ਗਹਿਨ ਰੂਪ ਨਾਲ ਅਨੁਭਵ ਕਰਕੇ ਇਸ ਨੂੰ ਜੀਵਨ ਦਾ ਇਕ ਵਿਸ਼ੇਸ਼ ਅੰਗ ਬਣਾਇਆ ਅਤੇ ਇਸ ਦੁਆਰਾ ਆਪਣੀ ਪਵਿੱਤਰ ਬਾਣੀ ਦਾ ਪ੍ਰਚਾਰ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲਗਭਗ ਸਾਰੀਆਂ ਰਚਨਾਵਾਂ

ਰਾਗਾਂ ਅਤੇ ਸੁਰ-ਤਾਲ ਵਿਚ ਰਚਿਤ ਹਨ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੰਚਮ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਧਰਮ ਪ੍ਰਚਾਰ ਵਾਸਤੇ ਸੰਗੀਤ ਦੁਆਰਾ ਹਰੀ ਕੀਰਤਨ ਦੀ ਇਸ ਪਰੰਪਰਾ ਨੂੰ ਬਹੁਤ ਜ਼ਰੂਰੀ ਬਣਾ ਦਿੱਤਾ। ਸੰਗੀਤ ਦੀ ਵਿਵਸਥਾ ਸਤਿਗੁਰੂਆ ਲਈ ਇਕ ਪਰੰਪਰਾ ਦਾ ਰੂਪ ਧਾਰਨ ਕਰ ਗਈ ਸੀ ਅਤੇ ਆਪਣੇ ਦਰਬਾਰਾਂ ਵਿਚ ਕੀਰਤਨ ਦੀ ਇਸ ਪਰੰਪਰਾ ਨੂੰ ਪ੍ਰਮੁੱਖ ਸਥਾਨ ਦਿੱਤਾ।

ਗੁਰਮਤਿ ਸੰਗੀਤ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਦਾ ਰਾਗਬੱਧ ਹੋਣਾ ਹੈ। ਗੁਰਮਤਿ ਸੰਗੀਤ ਵਿਚ ਅਕਾਲ ਪੁਰਖ ਦੇ ਪ੍ਰਤਿ ਪ੍ਰਸ਼ੰਸਾ ਦੇ ਬੋਲ ਉਸ ਨੂੰ ਆਪਣੇ ਸਾਹਮਣੇ ਸਮਝਕੇ ਤੇ ਮਹਿਸੂਸ ਕਰਕੇ ਅਤੇ ਰਾਗ ਵਿਚ ਗਾਉਣ ਦੀ ਕਿਰਿਆ ਨੂੰ ਕੀਰਤਨ ਕਿਹਾ ਜਾਂਦਾ ਹੈ।

ਪੰਜਾਬ ਦੇ ਆਧੁਨਿਕ ਕਾਲ ਦਾ ਸੰਗੀਤ ਗੁਰੂ ਸਾਹਿਬਾਨ ਦੀ ਇਕ ਵਡਮੁੱਲੀ ਦਾਤ ਹੈ। ਗੁਰੂ ਸਾਹਿਬਾਨ ਦੇ ਦਰਬਾਰੀ ਸੰਗੀਤ ਦਾ ਇਤਿਹਾਸ ਗੀਤਾਂ ਦੇ ਸੰਗ੍ਰਹਿ ਵਿਚ ਅੰਕਿਤ ਹੈ। ਇਹ ਨਿਸ਼ਚਿਤ ਹੈ ਕਿ ਆਤਮਾ ਤਕ ਪਹੁੰਚ ਸਕਣ ਵਾਲੇ ਸੰਗੀਤ ਦਾ ਸ੍ਰੋਤ ਸ਼ਾਸਤ੍ਰੀ ਸੰਗੀਤ ਜਾਂ ਪੁਰਾਣੀਆਂ ਰੀਤਾਂ ਹੀ ਹੋ ਸਕਦੀਆਂ ਹਨ, ਜਿਹਨਾਂ ਨੂੰ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਤੇ ਮਾਨਤਾ ਪ੍ਰਾਪਤ ਰਹੀ ਹੈ।

## ਨਾਮਧਾਰੀ ਗੁਰੂ ਸਿੱਖ ਪਰੰਪਰਾ

ਨਾਮਧਾਰੀ ਦਾ ਅਰਥ ਹੈ ਅਕਾਲ ਪੁਰਖ (ਭਗਵਾਨ) ਦੇ ਨਾਮ ਨੂੰ ਧਾਰਨ ਕਰਨ ਵਾਲਾ। ਨਾਮਧਾਰੀ ਪੰਥ ਦੇ ਸੰਚਾਲਕ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਅਕਾਲ ਪੁਰਖ ਦੇ ਨਾਮ ਅਤੇ ਬਾਣੀ ਦਾ ਏਨਾ ਪ੍ਰਵਾਹ ਚਲਾਇਆ ਕਿ ਉਹਨਾਂ ਦੇ ਪੈਰੋਕਾਰਾਂ ਦਾ ਨਾਮ ਨਾਮਧਾਰੀ ਹੋ ਗਿਆ। ਨਾਮਧਾਰੀ ਸਮਾਜ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਭ ਤੋਂ ਉੱਚਾ ਮੰਨਦਾ ਹੈ। ਉਹ ਪਰਮਾਤਮਾ ਦੀ ਪ੍ਰਾਪਤੀ ਦੇ ਲਈ ਨਾਮਧਾਰੀ ਸਤਿਗੁਰੂ ਜੀ ਦੀ ਸ਼ਰਣ ਦੇ ਵਿਚ ਜਾਣਾ ਜ਼ਰੂਰੀ ਸਮਝਦੇ ਹਨ।

ਨਾਮਧਾਰੀ ਸੰਪਰਦਾ ਵਿਚ ਨਾਮਧਾਰੀ ਲੋਕ ਸਵੇਰੇ ਤਿੰਨ ਵਜੇ ਉੱਠ ਕੇ ਆਪਣੇ ਨਿਤ ਕਰਮਾਂ ਤੋਂ ਫਾਰਗ (ਨਿਵਰਿਤ) ਹੋ ਕੇ ਕੇਸ਼ੀ ਸਨਾਨ ਕਰ ਸਵੱਛ ਸਫੇਦ ਵਸਤਰ ਧਾਰਨ ਕਰਦੇ ਹਨ ਅਤੇ ਇਸ ਤੋਂ ਬਾਅਦ ਸਮੂਹਿਕ ਰੂਪ ਇਕੱਠੇ ਹੋ ਕੇ ਨਾਮਧਾਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਆਸਾ ਦੀ ਵਾਰ ਦਾ ਗਾਇਨ ਕਰਦੇ ਹਨ ਅਤੇ ਸੂਰਜ ਨਿਕਲਣ ਤਕ ਗੁਰਬਾਣੀ ਦਾ ਕੀਰਤਨ ਕੀਤਾ ਜਾਂਦਾ ਹੈ। ਇਸ ਸਮੂਹਿਕ ਕੀਰਤਨ ਦੀ ਅਗਵਾਈ ਖ਼ੁਦ ਸਤਿਗੁਰੂ ਜੀ ਜਾਂ ਉੱਚ ਕੋਟੀ ਦੇ ਸਿੰਘ ਕਰਦੇ ਹਨ। ਸੰਧਿਆ ਕਾਲ ਦੇ ਸਮੇਂ ਵੀ ਗੁਰਬਾਣੀ ਦੀ ਪੁਰਾਤਨ ਰੀਤਾਂ ਦਾ ਕੀਰਤਨ ਕੀਤਾ ਜਾਂਦਾ ਹੈ। ਇਸ ਤਰਾਂ ਪਰੰਪਰਾ ਅਨੁਸਾਰ ਸਾਰੇ ਕੀਰਤਨ ਦੀਵਾਨਾਂ ਵਿਚ ਸ਼ੁੱਧਤਾ ਦੀ ਮਰਿਆਦਾ ਦਾ ਪਾਲਣ ਕੀਤਾ ਜਾਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਸਾਹਿਤ ਅਤੇ ਸੰਗੀਤ ਕਲਾ ਦੀ ਦ੍ਰਿਸ਼ਟੀ ਨਾਲ ਆਦਿ ਗ੍ਰੰਥ ਮੱਧਕਾਲ ਦਾ ਇਕ ਪ੍ਰਮਾਣਿਕ ਗ੍ਰੰਥ ਮੰਨਿਆ ਜਾਂਦਾ ਹੈ। ਉਸ ਵੇਲੇ ਗੁਰਬਾਣੀ ਦਾ ਕੀਰਤਨ ਸਿਰਫ਼ ਰਬਾਬੀ ਹੀ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਬਾਬੀਆਂ ਤੋਂ ਇਲਾਵਾ ਆਪ ਸਿੱਖਾਂ ਨੂੰ ਵੀ ਕੀਰਤਨ ਦੀ ਦਾਤ ਦਿੱਤੀ। ਉਸ ਵੇਲੇ ਦੇ ਕੀਰਤਨ ਵਿਚ ਸਾਰੰਦਾ, ਮਧਮ ਵੀਣਾ, ਤਬਲਾ ਪਖਾਵਜ, ਤਾਊਸ ਆਦਿ ਸਾਜ਼ ਪ੍ਰਯੁਕਤ ਕੀਤੇ ਜਾਂਦੇ ਸਨ।

ਨਾਮਧਾਰੀ ਜਗਤ ਦੀ ਸਥਾਪਨਾ ਦੇ ਨਾਲ ਹੀ ਸੰਗਤ ਵਿਚ ਕੀਰਤਨ ਢੋਲਕ, ਛੈਣਿਆਂ ਦੇ ਨਾਲ ਵਿਧੀ ਪੂਰਵਕ ਆਸਾ ਦੀ ਵਾਰ ਆਦਿ ਦਾ ਅਟੁੱਟ ਕ੍ਰਮ ਸ਼ੁਰੂ ਹੋ ਗਿਆ ਸੀ। ਨਾਮਧਾਰੀ ਗੁਰੂ ਰਾਮ ਸਿੰਘ ਨੇ ਉਹਨਾਂ ਦੇ ਪੂਰਵਵਰਤੀ ਸਿੱਖ ਗੁਰੂਆਂ ਦੀ ਪਰੰਪਰਾਵਾਂ ਨੂੰ ਜਿਉਂ ਦਾ ਤਿਉਂ ਸੰਭਾਲਦੇ ਹੋਏ ਦੋਨੋਂ ਸਮੇਂ ਦੇ ਦੀਵਾਨਾਂ ਦੇ ਸਿਲਸਿਲੇ ਵਿਚ ਕਿਸੀ ਵੀ ਤਰਹ ਦੀ ਰੁਕਾਵਟ ਨਾ ਆਉਣ ਦਿੱਤੀ।

ਨਾਮਧਾਰੀ ਸੰਪਰਦਾਇ ਵਿਚ ਕੀਰਤਨ ਕਰਨ ਦੇ ਢੰਗ ਵਿਚ ਰਾਗੀ ਸ਼ਾਨ ਵਜਾਉਂਦੇ ਹਨ। ਬਾਣੀ ਦਾ ਗਾਇਨ ਜਿਸ ਰਾਗ ਵਿਚ ਕਰਨਾ ਹੋਵੇ ਉਸਰਾਗ ਨੂੰ ਭੰਤੀ ਸਾਜ਼ਾਂ ਤੇ ਵਜਾਉਣ ਦੀ ਕਿਰਿਆ ਨੂੰ ਸ਼ਾਨ ਜਾਂ ਲਹਿਰਾ ਕਹਿੰਦੇ ਹਨ, ਜਿਸਦੇ ਨਾਲ ਸਾਰਾ ਵਾਤਾਵਰਣ ਰਾਗਮਈ ਹੋ ਜਾਂਦਾ ਹੈ ਅਤੇ ਗਾਇਕ ਦੇ ਦਿਲ ਦਿਮਾਗ਼ ਤੇ ਛਾ ਜਾਂਦਾ ਹੈ। ਸ਼ਾਨ ਤੋਂ ਬਾਅਦ ਮੰਗਲਾਚਰਨ ਕੀਤੀ ਜਾਂਦੀ ਹੈ। ਜਿਸ ਵਿਚ ਧਮਾਰ ਜਾਂ ਚਾਰਤਾਲ ਜਾਂ ਇਕਤਾਲਾ ਵਿਲੰਭਤ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਡੰਡੋਤ ਬੰਧਨ ਨੂੰ ਕਰਨ ਬਾਅਦ ਧਰੁਪਦ ਜਾਂ ਕਿਸੀ ਵੱਡੀ ਤਾਲ ਵਿਚ ਗੀਤ ਗਾਈ ਜਾਂਦੀ ਹੈ। ਧਰੁਪਦ ਤੋਂ ਬਾਅਦ ਕੋਈ ਆਸਾਨ ਜਾਂ ਸਰਲ ਗੀਤ ਤੀਨਤਾਲ ਆਦਿ ਵਿਚ ਗਾਈ ਜਾਂਦੀ ਹੈ ਅਤੇ ਵਿਚ ਵਿਚ ਜ਼ਰੂਰਤ ਅਨੁਸਾਰ ਗੁਰਬਾਣੀ ਦੇ ਪ੍ਰਮਾਣ ਦਿੱਤੇ ਜਾਂਦੇ ਹਨ। ਕੀਰਤਨ ਮਰਿਆਦਾ ਦੇ ਆਖਿਰ ਵਿਚ ਉਸੀ ਰਾਗ ਦੀ ਪਉੜੀ ਗਾ ਕੇ ਕੀਰਤਨ ਦੀ ਸਮਾਪਤੀ ਕੀਤੀ ਜਾਂਦੀ ਹੈ। ਕੀਰਤਨ ਦੇ ਸਮੇਂ ਰਾਗੀ ਲੈਅਬੱਧ ਗੀਤਾਂ ਨੂੰ ਹੀ ਗਾਉਂਦੇ ਹਨ।

ਸੱਚ ਤਾਂ ਇਹ ਹੈ ਕਿ ਕੀਰਤਨ ਦੀ ਪੁਰਾਤਨ ਮਰਿਆਦਾ ਜੋ ਕਿਤੇ ਪਾਈ ਜਾਂਦੀ ਹੈ ਤਾਂ ਉਹ ਹੈ ਨਾਮਧਾਰੀ ਸੰਪਰਦਾਇ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਸਿੱਖ ਗੁਰੂਆਂ ਵਾਲੀ ਆਨ ਬਾਨ ਨੂੰ ਸਥਾਪਿਤ ਕੀਤਾ ਜਿਸ ਦਾ ਇਕ ਜ਼ਰੂਰੀ ਅੰਸ਼ ਸੀ ਸੰਗੀਤ ਅਤੇ ਕੀਰਤਨ। ਨਾਮਧਾਰੀ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਦੇ ਵਿਚ ਦੋਨੋਂ ਸਮੇਂ ਦਾ ਦੀਵਾਨ ਲਗਦਾ ਸੀ ਜਿਸ ਵਿਚ ਕੀਰਤਨ, ਮਰਿਆਦਾ ਨਾਲ ਹੁੰਦਾ ਸੀ।

ਮਹਾਨ ਉੱਜਵਲ ਸ਼ੋਭਾਵਾਨ, ਸੂਰਜ ਸਮਾਨ ਤੇਜ ਵਾਲੇ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਾਮਧਾਰੀ ਸੰਪਰਦਾਇ ਮੁਕਤੀਦਾਤਾ ਸ੍ਰੀ ਸਤਿਗੁਰ ਦੇ ਰੂਪ

ਵਿਚ ਮੰਨਦੇ ਹਨ। ਆਪਣੇ ਬਾਲਪਨ ਵਿਚ ਹੀ ਸੰਗੀਤ ਦਾ ਗਿਆਨ ਹਾਸਲ ਕੀਤਾ। ਬਚਪਨ ਤੋਂ ਹੀ ਆਪ ਸਵੇਰੇ ਦੋ ਵਜੇ ਉੱਠ ਕੇ ਇਸ਼ਨਾਨ ਕਰਕੇ ਆਸਾ ਦੀ ਵਾਰ ਦੇ ਕੀਰਤਨ ਵਿਚ ਨਾਮਧਾਰੀ ਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕਰਕੇ ਉਹਨਾਂ ਦੇ ਪਿੱਛੇ ਬੈਠ ਜਾਂਦੇ ਸੀ। ਸ਼ਾਮ ਦੇ ਦੀਵਾਨ ਵਿਚ ਵੀ ਇਹ ਜੋਟੀਆਂ ਦੇ ਸ਼ਬਦ ਪੜ੍ਹਦੇ ਸਨ। ਪਿਤਾ ਸਤਿਗੁਰੂ ਜੀ ਦੇ ਸਚਖੰਡ ਪਿਆਣੇ ਤੋਂ ਬਾਅਦ ਗੁਰੂ ਗੱਦੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਦਾ ਸਾਰਾ ਭਾਰ ਆਪ ਜੀ ਨੂੰ ਆਪਣੇ ਮੋਢਿਆਂ ਤੇ ਚੁੱਕਣਾ ਪਿਆ ਸੀ। ਸੰਗੀਤ ਦੀ ਪਰੰਪਰਾ ਨੂੰ ਸ੍ਰੀ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਪਹਿਲੇ ਗੁਰੂਆਂ ਵਾਂਗ ਹੀ ਪ੍ਰੇਮਪੂਰਵਕ ਗ੍ਰਹਿਣ ਕੀਤਾ। ਸੰਗੀਤ ਦੇ ਪ੍ਰਤਿ ਅਧਿਆਤਮਕ ਮੋਹ ਹੋਣ ਕਾਰਨ ਆਪ ਨੇ ਯੁਵਾ ਅਵਸਥਾ ਵਿਚ ਹੀ ਭਾਈ ਮਸਤਾਨ ਸਿੰਘ ਜੀ ਪਟਿਆਲਾ ਅਤੇ ਭਾਈ ਕਾਲੂ ਜੀ ਨਾਰੋਵਾਲ ਤੋਂ ਸੰਗੀਤ ਦੀ ਸਿਖਿਆ ਵਿਧੀਵਤ ਪ੍ਰਾਪਤ ਕੀਤੀ। ਦਿਲਰੁਬਾ (ਤਾਊਸ) ਆਪ ਜੀ ਦਾ ਪਸੰਦਦੀਦਾ ਸਾਜ਼ ਰਿਹਾ। ਆਪਣੇ ਪਿਤਾ ਨਾਮਧਾਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੀ ਆਪ ਸੰਗੀਤਕਾਰਾਂ ਦੁਆਰਾ ਕੀਤੀ ਗਈ ਈਸ਼ਵਰੀਯ ਵੰਦਨਾ ਰੋਜ਼ਾਨਾ ਹੋਣ ਵਾਲੇ ਦੀਵਾਨਾਂ ਵਿਚ ਸੁਣਦੇ ਰਹੇ। ਨਾਮਧਾਰੀਆਂ ਦੇ ਪ੍ਰਕਾਸ਼ਿਤ ਗ੍ਰੰਥ ਜਸਜੀਵਨ ਦੇ ਲੇਖਕ ਤਰਨ ਸਿੰਘ ਬਹਮੀ ਨੂੰ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇੰਞ ਦਸਿਆ ਕਿ "ਮੈਂ ਬਹੁਤ ਸਾਰੇ ਸਾਧੂ ਸੰਤਾਂ ਦੇ ਵਚਨ ਸੁਣੇ ਹਨ। 1954 ਵਿਕ੍ਰਮੀ ਸੰਮਤ ਵਿਚ ਜਦੋਂ ਨਾਮਧਾਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਾਲ ਦੜਪ (ਸਿਆਲਕੋਟ) ਦੇ ਦੌਰੇ ਤੇ ਸੀ ਉਸ ਵੇਲੇ ਸਤਿਗੁਰੂ ਹਰੀ ਸਿੰਘ ਜੀ ਦੇ ਸਾਹਮਣੇ ਅਤੇ ਉਹਨਾਂ ਦੇ ਨਾਲ ਕਈ ਕਈ ਜੋੜੀਆਂ ਰਾਗੀਆਂ ਦੀਆਂ ਹੁੰਦੀਆਂ ਸਨ ਜੋ ਤਾਊਸ ਵਜਾਉਂਦੇ ਅਤੇ ਸ਼ਬਦ ਪੜ੍ਹਦੇ ਸਨ, ਉਸਵੇਲੇ ਛੇ ਰਾਗੀ ਜਥੇ ਅਤੇ ਤਿੰਨ ਢਾਦੀ ਜਥੇ ਵਾਰੀ ਵਾਰੀ ਨਾਲ ਅਤੇ ਕਈ ਵਾਰ ਮੌਜਮਸਤੀ ਵਿਚ ਇਕੱਠੇ ਵੀ ਸ਼ਬਦ ਕੀਰਤਨ ਕਰਦੇ ਸਨ।"

ਉਸ ਸਮੇਂ ਦੇ ਸੰਕਟ ਭਰੇ ਹਾਲਾਤ ਵਿਚ ਜਦੋਂ ਕਿ ਭੈਣੀ ਸਾਹਿਬ ਦੇ ਗੁਰਦੁਆਰੇ ਵਿਚ ਪੰਜ ਤੋਂ ਜ਼ਿਆਦਾ ਲੋਕਾਂ ਦਾ ਪ੍ਰਵੇਸ਼ ਵਰਜਿਤ ਸੀ ਉਸ ਵੇਲੇ ਵੀ ਆਪ ਨੇ ਵਿਰਾਸਤ ਵਿਚ ਮਿਲੀ ਗੁਰਬਾਣੀ ਦੇ ਸ਼ਬਦ, ਕੀਰਤਨ ਦੀ ਪ੍ਰਥਾ ਨੂੰ ਕਾਇਮ ਰੱਖਿਆ ਕਿਉਂਕਿ ਉਸ ਵੇਲੇ ਸੰਗੀਤ ਕਲਾ ਹੀ ਇਕ ਮਾਤਰ ਸ਼ਕਤੀ ਦੇ ਰੂਪ ਵਿਚ ਸੀ ਜਿਹੜੀ ਮਨ ਦੀ ਇਕਾਗਰਤਾ ਅਤੇ ਸ਼ਾਂਤੀ ਨੂੰ ਪ੍ਰਦਾਨ ਕਰ ਸਕਦੀ ਸੀ। ਗੁਰੂ ਗੱਦੀ ਤੇ ਬਿਰਾਜਮਾਨ ਹੋਣ ਤੋਂ ਬਾਅਦ ਆਪ ਜੀ ਦੀ ਸੰਗੀਤਕ ਪ੍ਰਤਿਭਾ ਅਤੇ ਸੰਗੀਤ ਪ੍ਰੇਮ ਹੋਰ ਵੀ ਨਿੱਖਰ ਕੇ ਸਾਹਮਣੇ ਆਇਆ। ਕਈ ਕਲਾਕਾਰਾਂਨੂੰ ਆਪ ਜੀ ਨੇ ਸਨਮਾਨਪੂਰਵਕ ਆਪਣੇ ਦੀਵਾਨਾਂ ਵਿਚ ਸਥਾਨ ਦਿੱਤਾ ਅਤੇ ਕਈਆਂ ਨੂੰ ਭੈਣੀ ਸਾਹਿਬ ਵਿਖੇ ਬੁਲਵਾ ਕੇ ਆਦਰ ਸਹਿਤ ਉਹਨਾਂ ਤੋਂ ਬਾਣੀ ਨੂੰ ਸੁਣਿਆ। ਕਈ

Sri Satguru Jagjit Singh Ji Elibrary NamdhariElibrary@gmail.com

ਦਰਵੇਸ਼ ਕਲਾਕਾਰਾਂ ਨਾਲ ਆਪ ਜੀ ਦੇ ਬਹੁਤ ਚੰਗੇ ਨਜ਼ਦੀਕੀ ਸੰਬੰਧ ਸਨ। ਜਿਸ ਤਰ੍ਹਾਂ ਕਿ ਪੰਡਿਤ ਵਿਸ਼ਨੂ ਦੀਗੰਬਰ ਪੁਲਸਕਰ ਜੀ ਨੂੰ ਬੁਲਾ ਕੇ ਜਾਂ ਉਹਨਾਂ ਦੇ ਕੋਲ ਜਾ ਕੇ ਆਪਣੀ ਸੰਗੀਤਕ ਪਿਆਸ ਨੂੰ ਸ਼ਾਂਤ ਕੀਤ।

ਨਾਮਧਾਰੀ ਸਤਿਗੁਰੂ ਜੀ ਨੂੰ ਧਰੁਪਦ ਧਮਾਰ ਪ੍ਰਤਿ ਅਥਾਹ ਰੁਚੀ ਸੀ। ਨਾਮਧਾਰੀ ਸਤਿਗੁਰੂ ਜੀ ਤੰਤੂ ਵਾਦਨ ਤੋਂ ਇਲਾਵਾ ਪਖਾਵਜ ਵਾਦਨ ਵਿਚ ਵੀ ਬੜੀ ਕੁਸ਼ਲਤਾ ਰੱਖਦੇ ਸੀ। ਆਪ ਜੀ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਸੀ ਜਿਸ ਵਿਚ ਸਮੇਂ ਅਨੁਸਾਰ ਸਾਰੇ ਰਾਗ ਅਲਗ-ਅਲਗ ਸ਼ਬਦਾਂ ਵਿਚ ਅਲਗ-ਅਲਗ ਢੰਗ ਦੇ ਨਾਲ ਉਹਨਾਂ ਦਾ ਉਚਾਰਨ ਕਰਦੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਰਾਗਾਂ ਨੂੰ ਗਾਉਣ ਦਾ ਢੰਗ, ਪੜਤਾਲ, ਪਉੜੀ ਮਿਲਾ ਕੇ ਗਾਉਂਦਾ ਆਦਿ ਵੱਲ ਨਾਮਧਾਰੀ ਸਤਿਗੁਰੂ ਜੀ ਦਾ ਆਪਣੇ ਸਮੇਂ ਵਿਚ ਵਿਸ਼ੇਸ਼ ਧਿਆਨ ਰਿਹਾ ਹੈ।

ਆਪ ਜੀ ਕਠਿਨ ਤੋਂ ਕਠਿਨ ਵਿਲੰਭਤ ਲੈਅ ਵਿਚ ਅਸਾਨੀ ਨਾਲ ਲੈਅ ਬੱਧ ਹੋ ਕੇ ਗਾ ਲੈਂਦੇ ਸਨ। ਧਮਾਰ, ਤੀਨਤਾਲ, ਪੰਜਾਬੀ ਠੇਕਾ ਇਹ ਇਨ੍ਹਾਂ ਦੇ ਮਨਪਸੰਦ ਤਾਲ ਹਨ। ਪ੍ਰਸਿੱਧ ਗਾਇਕ ਸਿੰਘ ਬੰਧੂ ਸਰਦਾਰ ਸੁਰਿੰਦਰ ਸਿੰਘ ਜੀ ਦੇ ਅਨੁਸਾਰ "ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਸੰਗੀਤਕ ਆਤਮਾ ਸਨ। ਆਪ ਖੁਦ ਤਾਊਸ ਵਜਾਉਂਦੇ ਸਨ ਤੇ ਅਪਨੇ ਸਿੱਖਾਂ ਨੂੰ ਕੀਰਤਨ ਮਰਿਆਦਾ ਦੇ ਵਿਚ ਉਹਨਾਂ ਦੀ ਅਗਵਾਈ ਕਰਦੇ ਸਨ। ਸਤਿਗੁਰੂ ਜੀ ਇਕ ਮਹਾਨ ਗਿਆਨੀ, ਸਰਪ੍ਰਸਤ ਤੇ ਪੰਜਾਬੀ ਸੰਗੀਤਕਾਰਾਂ ਦਾ ਇਕ ਕੇਂਦਰ ਬਿੰਦੂ ਬਣ ਗਏ ਸਨ।"

ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਚਾਰ ਅਨੁਸਾਰ ਜਿਹੜਾ ਮਨੁਖ ਸੰਗੀਤ ਵਿਦਿਆ ਤੋਂ ਅਣਭਿਜ ਹੈ ਉਹ ਜੀਵਨ ਦਾ ਸੱਚਾ ਸੁੱਖ ਅਨੁਭਵ ਨਹੀਂ ਕਰ ਸਕਦਾ। ਗੁਰਮਤਿ ਸੰਗੀਤ, ਕਲਾ ਦੇ ਨਾਲ ਅਤੇ ਨਾਮ ਬਾਣੀ ਦੇ ਪ੍ਰਚਾਰ ਦੇ ਲਈ ਨਾਮਧਾਰੀ ਸਤਿਗੁਰੂ ਜੀ ਦਾ ਵਿਸ਼ੇਸ਼ ਲਗਾਉ ਸੀ। ਉਹਨਾਂ ਦੀ ਸਦਾ ਹੀ ਇਹ ਇੱਛਾ ਪ੍ਰਬਲ ਰਹੀ ਕਿ ਸਿੱਖਾਂ ਦੇ ਵਿਚ ਗੁਰਮੁਖਤਾ ਦਾ ਪ੍ਰਕਾਸ਼ ਜਗਦੀ ਜੋਤ ਦੀ ਤਰਹ ਪ੍ਰਜਵਲਿਤ ਹੁੰਦਾ ਰਹੇ।

ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਨ ਤੋਂ ਬਾਅਦ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਰੂਪ ਵਿਚ ਗੱਦੀ ਸੰਭਾਲੀ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਦੇ ਪ੍ਰਤਿ ਲਗਾਉ ਪਹਿਲੇ ਸਤਿਗੁਰੂਆਂ ਦੀ ਤਰਹ ਹੀ ਹੈ। ਸੰਗੀਤ ਦੀ ਸਿਖਿਆ ਪੂਜਯ ਪਿਤਾ ਦੁਆਰਾ ਭੈਣੀ ਸਾਹਿਬ ਵਿਚ ਸਥਾਪਿਤ ਸੰਗੀਤ ਵਿਦਿਆਲਾ ਵਿਚ ਹੀ ਹੋਈ, ਜਿਸ ਦੇ ਪਹਿਲੇ ਉਸਤਾਦ ਭਾਈ ਹਰਨਾਮ ਸਿੰਘ ਜੀ ਸਨ। ਉਸ ਤੋਂ ਬਾਅਦ ਰਾਮਪੁਰ, ਪਟਿਆਲਾ ਦੇ ਕਲਾਵੰਤ ਉਸਤਾਦ ਸ੍ਰੀ ਉਦੋ ਖਾਂ ਨੂੰ ਨਿਯੁਕਤ ਕੀਤਾ ਗਿਆ।

Sri Satguru Jagjit Singh Ji Elibrary NamdhariElibrary@gmail com

ਸਿੱਖਾਂ ਵਿਚ ਸੰਗੀਤ ਅਤੇ ਵਿਸ਼ੇਸ਼ਕਰ ਗੁਰਮਤਿ ਸੰਗੀਤ ਨੂੰ ਖਤਮ ਹੁੰਦਿਆਂ ਦੇਖ ਕੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਾਸਤ੍ਰੀ ਸੰਗੀਤ ਨੂੰ ਨਾਮਧਾਰੀਆਂ ਵਿਚ ਪ੍ਰਚਾਰ ਵਾਸਤੇ ਬਕਾਇਦਾ ਅਪਨਾ ਮੰਤਵ ਬਣਾ ਲਿਆ ਅਤੇ ਦੇਸ਼ ਦੇ ਵੱਡੇ-ਵੱਡੇ ਕਲਾਕਾਰਾਂ ਦੇ ਨਾਲ ਸੰਪਰਕ ਸਥਾਪਤ ਕੀਤਾ। ਸਭ ਤੋਂ ਪਹਿਲਾਂ ਨਾਮਧਾਰੀ ਸਤਿਗੁਰੂ ਜੀ ਨੇ ਗੁਰੂ ਘਰ ਵਿਚ ਜੋ ਸ਼ਬਦ ਕੀਰਤਨ ਦੀ ਪ੍ਰਥਾ ਹੈ ਉਸਦੇ ਸਰਵਪਖੀ ਵਿਕਾਸ ਦੇ ਲਈ ਪੁਰਾਨੀ ਰੀਤਾਂ ਵਾਲੇ ਸ਼ਬਦਾਂ ਨੂੰ ਸੱਵਰ ਬੱਧ ਕਰਾਇਆ। ਇਸ ਕੰਮ ਲਈ ਸੰਗੀਤਾਚਾਰਿਆ ਸਰਦਾਰ ਪਿਆਰਾ ਸਿੰਘ ਜੀ (ਤਾਰ ਸ਼ਹਨਾਈ ਵਾਲੇ) ਨੂੰ ਨਿਯੁਕਤ ਕੀਤਾ। ਨਾਮਧਾਰੀ ਰਵਾਇਤੀ ਕੀਰਤਨ ਦੇ ਲਈ ਸੇਠ ਹਜੂਰ ਸਿੰਘ ਚੰਦਰ ਹਾਸ ਅਤੇ ਉਸਤਾਦ ਹਰਭਜਨ ਸਿੰਘ ਜੀ ਤੋਂ ਛੋਟੇ ਅਤੇ ਵੱਡੇ ਬੱਚਿਆਂ ਨੂੰ ਸੰਗੀਤ ਸਿਖਾਉਣ ਦਾ ਪ੍ਰਬੰਧ ਕੀਤਾ। ਗੁਰਬਾਣੀ ਕੀਰਤਨ ਅਤੇ ਸ਼ਾਸਤ੍ਰੀ ਸੰਗੀਤ ਦੇ ਪ੍ਰਚਾਰ ਲਈ ਕਈ ਨਵੇਂ ਸਕੂਲ ਸਥਾਪਤ ਕਿਤੇ। ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਸਾਰਾ ਖਰਚ ਅਪਨੇ ਜਿੰਮੇ ਲੈ ਲਿਆ।

ਆਪ ਅਮ੍ਰਿਤ ਵੇਲੇ ਵਿਚ ਸੰਗਤ ਸਹਿਤ ਆਸਾ ਕੀ ਵਾਰ ਦੇ ਕੀਤਰਨ ਦਾ ਸ਼ਰਵਣ ਅਤੇ ਗਾਇਨ ਕਰਦੇ ਹਨ। ਉਸ ਵਿਚ ਪ੍ਰਭਾਤ ਵੇਲੇ ਦੇ ਰਾਗਾਂ ਦਾ ਸੁਭਾਵਿਕ ਹੀ ਕਲਾਪੂਰਣ ਉਚਾਰਣ ਹੋ ਜਾਂਦਾ ਹੈ।ਆਪ ਖੁਦ ਜਦੋਂ ਅਪਨੇ ਪਿਆਰੇ ਸਾਜ਼ ਦਿਲਰੁਬਾ ਤੇ ਗਜ ਸੰਚਾਲਨ ਕਰਦੇ ਹਨ ਤਾਂ ਦਿਲਰੁਬਾ ਦੀ ਸਵਰ ਮਿਲੀਆਂ ਤਰਬਾਂ ਰਸ ਰੰਗ ਦੀ ਅਲੌਕਿਕ ਸਵਰ ਲਹਰਿਆਂ ਨੂੰ ਅੰਦੋਲਿਤ ਕਰ ਦਿੰਦੀਆਂ ਹਨ। ਇਸ ਤੋਂ ਇਲਾਵਾ ਕਦੇ-ਕਦੇ ਕੇਵਲ ਦਿਲਰੁਬਾ ਦੀਆਂ ਤਰਬਾ ਨੂੰ ਦੋਨਾਂ ਹੱਥਾਂ ਦੇ ਨੌਹੁਆਂ ਨਾਲ ਛੇੜ ਕੇ ਅਤੇ ਲੈਅਬੱਧ ਕਰਕੇ ਵੀ ਵਜਾਉਂਦੇ ਹਨ ਜੋ ਕਿ ਇਕ ਨਵੇਂ ਢੰਗ ਦਾ ਵਾਦਨ ਸਵਰੂਪ ਹੈ।

ਯਥਾਰਥਕ ਪ੍ਰਭਾਵ ਦੇ ਅੰਤਰਗਤ ਲੇਖਕ ਡਾ. ਤਰਨ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਕੀਰਤਨ ਕਰਦੀਆਂ ਹੋਏ ਦੇਖਿਆ ਹੈ ਅਤੇ ਇੰਝ ਬਿਆਨ ਕੀਤਾ ਹੈ। "ਸਿਮਰਨ ਜੀ ਅਤੇ ਰਾਗ ਦੀ ਦਾਤ ਇਹਨਾਂ ਦੋਨਾਂ ਭਾਈਆਂ ਨੂੰ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਹੈ।"

ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਮਹਾਨ ਵਿਲੱਖਣਤਾ ਇਹ ਹੈ ਕਿ ਆਪ ਕਠਿਨ ਤੋਂ ਕਠਿਨ ਤਾਲਾਂ ਅਤੇ ਟੇਢੀ ਤੋਂ ਟੇਢੀ ਲੈਅ ਵਿਚ ਬਹੁਤ ਕਠਿਨ ਬੰਦਿਸ਼ਾਂ ਬਣਾਉਂਦੇ, ਗਾਉਂਦੇ ਅਤੇ ਵਜਾਉਂਦੇ ਹਨ।

ਇਹ ਕਰਿਸ਼ਮਾ ਲੇਖਕ ਨੂੰ ਵੀ ਕਈ ਵਾਰ ਭੈਣੀ ਸਾਹਿਬ ਵਿਚ ਅਤੇ ਹੋਰ ਕਈ ਥਾਵਾਂ ਤੇ ਹੋਇਆ ਸੰਗੀਤ ਗੋਸ਼ਟੀਆਂ ਵਿਚ ਵੇਖਣ ਦਾ ਅਵਸਰ ਪ੍ਰਾਪਤ ਹੋਇਆ ਹੈ ਕਿ ਕਿਵੇਂ ਕੁਝ ਹੀ ਪਲਾਂ ਵਿਚ ਪੋਟਿਆਂ ਤੇ ਗਿਣਦਿਆਂ ਹੀ ਅਨੇਕਾਂ ਤਿਹਾਈਆਂ,

ਚਕਰਦਾਰ ਤਿਹਾਈਆਂ ਅਪਨੇ ਆਪ ਹਜ਼ੂਰ ਦੇ ਸਾਹਮਣੇ ਪ੍ਰਗਟ ਹੋ ਜਾਂਦੀਆਂ ਹਨ। ਅਤੇ ਸਰੋਤੇ ਦਰਸ਼ਕ ਵਾਹ-ਵਾਹ ਕਰ ਉਠਦੇ ਹਨ।

ਨਾਮਧਾਰੀਆਂ ਦੇ ਵਰਤਮਾਨ ਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਸੰਤ ਸੰਗੀਤਕਾਰ ਦੇ ਰੂਪ ਵਿਚ ਸ਼ੋਭਾਵਾਨ ਹੋਏ ਹਨ। ਆਪ ਦਿਲਰੁਬਾ ਨੂੰ ਬਹੁਤ ਹੁਨਰਮੰਦੀ ਨਾਲ ਵਜਾਂਦੇ ਹਨ ਅਤੇ ਸਿੱਖਾਂ ਦੇ ਪਰੰਪਰਾਗਤ ਰਾਗ ਸੰਗੀਤ ਦੇ ਭੰਡਾਰ ਹਨ। ਇਕ ਪ੍ਰੇਰਣਾਮਈ ਗਾਇਕੀ ਨੂੰ ਜੋ ਕਿ ਸਮੇਂ ਦੇ ਨਾਲ ਸਤਕਾਰ ਯੋਗ ਹੈ। ਧਰੁਪਦ ਸ਼ੈਲੀ ਵਿਚ ਆਪ ਗਾਉਂਦੇ ਹਨ। ਇਹ ਸ਼ੈਲੀ ਸਿੱਖ ਗੁਰੂਆਂ ਦੀ ਸ਼ੈਲੀ ਹੈ। ਸਵਾਮੀ ਪਾਗਲ ਦਾਸ ਵਰਗੇ ਮਹਾਨ ਪਖਾਵਜੀ ਨੇ ਆਪ ਨੂੰ ਇਕ ਮਹਾਨ ਲੈਅਕਾਰ ਹੋਣ ਦੇ ਬਾਰੇ ਉੱਚੀ ਸਿਫਤ ਕੀਤੀ ਹੈ।ਆਪ ਜੀ ਨੇ ਕਈ ਨਵੀਆਂ ਤਾਲਾਂ ਦਾ ਆਵਿਸ਼ਕਾਰ ਕੀਤਾ ਹੈ। ਜਿਹਨਾਂ ਵਿਚ ਹਰਿਤਾਲ, ਪ੍ਰਤਾਪ ਤਾਲ ਇਤਿਆਦਿ ਹਨ। ਜਿਹਨਾਂ ਨੂੰ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਨੇ ਨਾਮਧਾਰੀ ਸੇਵਕਾਂ ਨੂੰ ਸਿਖਾਇਆ ਹੈ। ਨਾਮਧਾਰੀ ਪੰਥ ਦੀਆਂ ਮਹਾਨ ਪਰੰਪਰਾਵਾਂ ਨੂੰ ਕਾਇਮ ਰੱਖ ਕੇ ਆਪ ਨੇ ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀ ਸੰਗੀਤ ਕੇਂਦਰ ਸਥਾਪਿਤ ਕੀਤਾ ਹੈ। ਜਿਥੇ ਪਰੰਪਰਾਗਤ ਗੁਰੂਜਨ ਜਾਂ ਉਸਤਾਦ ਗਾਇਨ, ਰਬਾਬ, ਤਬਲਾ, ਪਖਾਵਜ (ਬਨਾਰਸ ਅੰਗ ਅਤੇ ਪੰਜਾਬ ਅੰਗ) ਅਤੇ ਹੋਰ ਕਈ ਤੰਤੀ ਸਾਜ਼ਾਂ (ਸਿਤਾਰ, ਸਰੋਦ, ਦਿਲਰੁਬਾ, ਸੰਤੂਰ) ਦੀ ਸਿਖਿਆ ਹੋਨਹਾਰ ਵਿਦਿਆਰਥੀਆਂ ਨੂੰ ਦਿੰਦੇ ਹਨ। ਸੰਗੀਤ ਪ੍ਰਚਾਰ ਦੀ ਲਹਿਰ ਨੂੰ ਅੱਗੇ ਵਧਾਉਂਦਿਆਂ ਨਾਮਧਾਰੀ ਸਤਿਗੁਰੂ ਜੀ ਨੇ ਹੋਣਹਾਰ ਵਿਦਿਆਰਥੀਆਂ ਨੂੰ ਚੁਣਿਆਂ ਹੈ ਅਤੇ ਦੇਸ਼ ਦੇ ਦਿਗਜ ਕਲਾਕਾਰਾਂ ਜਿਵੇਂ ਕਿ ਉਸਤਾਦ ਵਿਲਾਇਤ ਖਾਂ, ਉਸਤਾਦ ਅਜਮਤ ਅਲੀ ਖਾਂ, ਪੰ. ਕਿਸ਼ਨ ਮਹਾਰਾਜ, ਪੰ. ਸ਼ਿਵ ਕੁਮਾਰ ਸ਼ਰਮਾ, ਪੰ. ਰਾਜਨ-ਸਾਰਜਨ ਮਿਸ਼ਰਾ, ਉਸਤਾਦ ਅਲਾ ਰਖਾ ਵਰਗੇ ਪ੍ਰਸਿੱਧ ਕਲਾਕਾਰਾਂ ਦੇ ਕੋਲ ਸ਼ਾਗਿਰਦੀ ਹਾਸਲ ਕਰਵਾਈ ਹੈ।

ਫਖਰ ਕੀਤਾ ਜਾ ਸਕਦਾ ਹੈ ਕਿ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੇ ਉਤਰਾਧਿਕਾਰੀ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਵੀ ਉਸ ਸੰਗੀਤ ਪਰੰਪਰਾ ਨੂੰ ਉਸੀ ਤਰਹ ਨਿਭਾਉਂਦੇ ਆ ਰਹੇ ਹਨ ਜੋ ਕਿ ਉਹਨਾਂ ਨੂੰ ਪੂਰਵਵਰਤੀ ਗੁਰੂਆਂ ਤੋਂ ਪ੍ਰਾਪਤ ਹੋਈ ਸੀ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਅਪਨੇ ਪਿਤਾ ਸਤਿਗੁਰੂ ਜੀ ਦੇ ਗੁਣਾਂ ਸਹਿਤ ਸੰਗੀਤ ਦੀ ਪਰੰਪਰਾ ਨੂੰ ਅਦਭੁਤ ਢੰਗ ਦੇ ਨਾਲ ਵਿਕਸਿਤ ਕਰ ਰਹੇ ਹਨ ਅਤੇ ਇਹ ਮਨੋਂ ਕਾਮਨਾ ਕਰਦੇ ਹਾਂ ਕਿ ਜਦੋਂ ਹਰ ਭਾਰਤੀ ਸ਼ਾਸਤ੍ਰੀ ਸੰਗੀਤ ਨੂੰ ਸੁਨਣ ਸਮਝਣ ਅਤੇ ਗਾਉਣ ਵਿਚ ਆਤਮ ਨਿਰਭਰ ਹੋ ਸਕੇਗਾ।

**ਗੁਰਮਤਿ ਸੰਗੀਤ ਅਤੇ ਸੰਗੀਤ ਪਰੰਪਰਾ ਨੂੰ ਸੰਭਾਲਣ ਦੇ ਉਪਰਾਲੇ ਤੇ ਯਤਨ:** ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਅਨੁਸਾਰ ਤੋਂ ਪੁਰਾਣੀਆਂ ਬੰਦਿਸ਼ਾਂ, ਸ਼ਬਦ ਰੀਤਾਂ ਪੁਰਾਤਨ ਕੀਰਤਨੀਆਂ ਦੇ ਨਾਲ ਹੀ ਅਲੋਪ ਹੁੰਦੀਆਂ ਦੇਖ ਕੇ ਇਸ ਅਲੌਕਿਕ ਖਜ਼ਾਨੇ ਦੇ ਗੁਮ ਹੋ ਜਾਨ ਦਾ ਡਰ ਗੁਰੂ ਸਿੱਖ ਪਵਿਤਰ ਆਤਮਾਵਾਂ ਨੇ ਮਹਿਸੂਸ ਕੀਤਾ ਤੇ ਉਹਨਾਂ ਨੇ ਇਸ ਖਜ਼ਾਨੇ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਨਾਮਧਾਰੀ ਗੁਰੂ ਰਾਮ ਸਿੰਘ ਦੇ ਅੰਮ੍ਰਿਤ ਪ੍ਰਚਾਰ ਦੇ ਸਮੇਂ ਤੇ ਹੀ ਦੀਵਾਨਾ ਵਿਚ ਸ਼ਬਦ ਬਾਣੀ ਪੜਨ ਲਈ ਪਹਿਲੋ ਪਹਿਲ ਤੰਤੀ ਵਾਦ ਰਬਾਬ, ਤਾਊਸ ਅਤੇ ਤਬਲੇ ਵਾਲੀਆਂ ਤਿੰਨ ਮੰਡਲਿਆਂ ਭੈਣੀ ਸਾਹਿਬ ਵਿਚ ਹੀ ਤਿਆਰ ਕੀਤੀਆਂ ਗਈਆਂ। ਸੱਚੀ ਗੱਲ ਤਾਂ ਇਹ ਹੈ ਕਿ ਕੀਰਤਨ ਦੀ ਪੁਰਾਨੀ ਮਰਿਆਦਾ ਜੇ ਕਿਧਰੇ ਸੁਰਜੀਤ ਹੈ ਤਾਂ ਨਾਮਧਾਰੀ ਸਮਾਜ ਵਿਚ ਹੀ ਹੈ। ਇਸ ਨੂੰ ਜੀਵਤ ਰੱਖਣ ਵਾਲੇ ਸਨ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ।

ਆਪ ਨੇ ਗੁਰੂ ਘਰ ਵਿਚ ਰਾਗੀਆਂ ਰਬਾਬੀਆਂ ਤੋਂ ਚਲੀ ਆ ਰਹੀ ਕੀਰਤਨ ਪ੍ਰਥਾ ਨੂੰ ਹਾਨੀ ਹੁੰਦੀ ਦੇਖ ਕੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਦਰਬਾਰ ਦੇ ਸੰਪ੍ਰਦਾਇਅ ਦੇ ਪ੍ਰਸਿੱਧ ਵਿਦਵਾਨ ਭਾਈ ਤਾਬਾ ਜੀ ਅਤੇ ਭਾਈ ਨਸੀਰ ਜੀ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ।

ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਹੁਤ ਵਾਰੀ ਕਈ ਹੋਰ ਰਬਾਬੀਆਂ ਨੂੰ ਅੰਮ੍ਰਿਤਸਰੋਂ ਬੁਲਵਾ ਕੇ ਉਹਨਾ ਪਾਸੋਂ ਪੁਰਾਤਨ ਰੀਤਾਂ, ਚੌਕਿਆਂ ਦੇ ਢੰਗ ਅਤੇ ਗੁਰਬਾਣੀ ਦੇ ਕਈ ਸ਼ਬਦ ਸੁਣ ਦੇ ਰਹਿੰਦੇ ਸੀ। ਆਪ ਅਪਨੇ ਦੋਹਾਂ ਸਾਹਿਬਜਾਦਿਆਂ ਵਰਤਮਾਨ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਵੀਰ ਸਿੰਘ ਜੀ ਨੂੰ ਸ਼ਾਸਤ੍ਰੀ ਅਤੇ ਸ਼ਬਦ ਗਾਇਨ ਦੀਆਂ ਪੁਰਾਤਨ ਰੀਤਾਂ ਦਾ ਵਿਰਸਾ ਪ੍ਰਾਪਤ ਕਰਨ ਲਈ (ਅੱਜ ਕਲ) ਪਾਕਿਸਤਾਨ ਵਿਚਲੇ ਕਈ ਰਾਗੀਆਂ, ਰਬਾਬੀਆਂ ਦੀ ਮਦਦ ਵੀ ਲਈ। ਮਹਾਰਾਜ ਬੀਰ ਸਿੰਘ ਜੀ ਨੂੰ ਵਿਸ਼ੇਸ਼ ਕਰਕੇ ਪੰਜਾਬ ਅੰਗ ਦੇ ਤਬਲਾ ਵਾਦਨ ਦੀ ਸਿੱਖਿਆ ਭਾਈ ਕਾਦਰ ਬਕਸ਼ ਤੋਂ ਦਵਾਈ।

ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦਵਾਉਣ ਵਾਸਤੇ ਆਪ ਜੀ ਨੇ ਵਿਸ਼ੇਸ਼ ਧਿਆਨ ਦਿੱਤਾ ਅਤੇ ਭੈਣੀ ਸਾਹਿਬ ਵਿਖੇ ਅਪਨਾ ਇਕ ਵਿਦਿਆਲਾ ਵੀ ਸ਼ੁਰੂ ਕੀਤਾ। ਸਿੱਖਾਂ ਵਿਚ ਸੰਗੀਤ ਦੀ ਰੁਚੀ ਪੈਦਾ ਕਰਨ ਅਤੇ ਗਿਆਨ ਦੇਣ ਲਈ ਸੰਗੀਤਾਚਾਰੀਆਂ ਭਾਈ ਸ੍ਰੀ ਹਰਨਾਮ ਸਿੰਘ ਜੀ ਚਵਿੰਡੇ ਵਾਲੇ ਨੂੰ ਸਰਵਪ੍ਰਥਮ ਅਧਿਆਪਕ ਦੇ ਤੌਰ ਤੇ ਨਿਯੁਕਤ ਕੀਤਾ, ਜਿਹਨਾਂ ਦੇ ਨਾਲ ਇਸ ਵਿਦਿਆਲੇ ਵਿਚ ਉਸਤਾਦ ਉਦੋਂ ਖਾਂ ਕੁਝ ਦੇਰ ਉਹਨਾਂ ਦੇ ਪੁੱਤਰ ਰਹੀਮ ਬਕਸ਼, ਭਾਈ ਤਾਬਾ, ਭਾਈ ਨਸੀਰ ਜੀ ਆਦਿ ਬੱਚਿਆਂ ਦੇ ਗਲੇ ਸੁਰ ਕਰਕੇ ਸੰਗੀਤ ਦੀ ਝਰਨਾਹਟ ਛੇੜ

ਦਿੰਦੇ ਸਨ। ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਸਮੇਂ ਦੇ ਪ੍ਰਸਿੱਧ ਰਾਗੀਆਂ ਤੇ ਸੰਗੀਤਕਾਰਾਂ ਨੂੰ ਬੁਲਾਉਂਦੇ ਰਾਗ ਸੁਣਦੇ ਤੇ ਬੱਚਿਆਂ ਨੂੰ ਸੰਗੀਤ ਸਿੱਖਿਆ ਦਵਾਉਂਦੇ ਸਨ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗੀਤ ਵਿਦਿਆਰਥੀਆਂ ਦੀ ਸਮੇਂ-ਸਮੇਂ ਪ੍ਰੀਖਿਆ ਲੈਂਦੇ ਰਹਿੰਦੇ ਸਨ। ਪ੍ਰੀਖਿਆਵਾਂ ਉਸਤਾਦਾਂ ਕੋਲ ਹੁੰਦੀਆਂ ਸਨ। ਪ੍ਰੀਖਿਆਂ ਦੇ ਚਾਰ ਨਿਯਮ ਰੱਖੇ ਸਨ। 1. ਸੁਰ, 2. ਤਾਲ, 3. ਸ਼ਬਦ ਅਤੇ 4. ਲੈਅ। ਪ੍ਰੀਖਿਆ ਦੇਣ ਵਾਲੇ ਹਰ ਵਿਦਿਆਰਥੀ ਨੂੰ ਇਹਨਾਂ ਚਾਰ ਨਿਯਮਾਂ ਵਿਚ ਵੱਧ ਤੋਂ ਵੱਧ ਨੰਬਰ ਲੈਣ ਨਾਲ ਹੀ ਉਹ ਵੱਧ ਯੋਗ ਮੰਨਿਆ ਜਾਂਦਾ ਸੀ। ਲੈਅ ਦੀ ਪ੍ਰੀਖਿਆ ਸਟੱਪ ਵਾਚ ਨਾਲ ਕੀਤੀ ਜਾਂਦੀ ਸੀ।

ਸ੍ਰੀ ਭੈਣੀ ਸਾਹਿਬ ਸ਼ੁਰੂ ਤੋਂ ਹੀ ਗੁਰਮਤਿ ਸੰਗੀਤ ਦਾ ਕੇਂਦਰ ਰਿਹਾ ਹੈ। ਅਨੇਕਾਂ ਸੰਗੀਤ ਸਮਾਗਮ ਇਸ ਧਰਤੀ ਤੇ ਹੋ ਚੁੱਕੇ ਹਨ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਮਸ਼ਹੂਰ ਹਜ਼ੂਰੀ ਰਬਾਬੀ ਕੀਰਤਨੀਏ ਭਾਈ ਲਾਲ, ਭਾਈ ਸੁੰਦਰ, ਭਾਈ ਸੰਦਲ, ਭਾਈ ਮੱਤੂ ਪਰੰਪਰਾ ਨਾਲ ਕੀਰਤਨ ਕਰਦੇ ਸਨ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅੰਮ੍ਰਿਤਸਰੀ ਰਬਾਬੀਆਂ ਭਾਈ ਤਾਬਾ, ਭਾਈ ਇਨਾਇਤ, ਭਾਈ ਦੇਸਾ ਆਦਿ ਨੂੰ ਕਈ ਵਾਰ ਉਹਨਾ ਪਾਸੋਂ ਕਈ ਪੁਰਾਨੀਆਂ ਰੀਤਾਂ ਸੁਨ ਕੇ ਉਹਨਾ ਨੂੰ ਸਾਂਭਣ ਦਾ ਯਤਨ ਵੀ ਕੀਤਾ।

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਨੇ 1933 ਈ. ਅਸੂ ਦੇ ਮਹੀਨੇ ਸ੍ਰੀ ਭੈਣੀ ਸਾਹਿਬ ਵਿਚ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਿਸ ਵਿਚ ਇਨਾਮੀ ਪ੍ਰਤਿਯੋਗਿਤਾ ਵੀ ਕਰਵਾਈ ਗਈ। ਪ੍ਰਤਿਯੋਗਿਤਾ ਦੇ ਨਿਯਮ ਸਨ ਕਿ ਜਿਸ ਰਾਗ ਵਿਚ ਬਾਣੀ ਉਚਾਰੀ ਗਈ ਹੈ ਉਹ ਬਾਣੀ ਉਸੀ ਰਾਗ ਵਿਚ ਹੀ ਗਾਈ ਜਾਵੇ। ਦੂਸਰਾ ਤੰਤੀ ਸਾਜ਼ਾ ਦੀ ਹੀ ਵਰਤੋਂ ਹੋਵੇਗੀ। ਇਸ ਪ੍ਰਤਿਯੋਗਿਤਾ ਦੇ ਜਜ ਸਨ ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ, ਸਰਦਾਰ ਮੁਕੰਦ ਸਿੰਘ ਅੰਬਾਲਾ, ਸੰਤ ਹੀਰਾ ਸਿੰਘ ਜੀ ਅਤੇ ਬਾਬਾ ਨਿਹਾਲ ਸਿੰਘ ਜੀ, ਭਾਈ ਮਲੰਗ ਤੇ ਭਾਈ ਨਸੀਰ ਜੀ ਇਸ ਸੰਮੇਲਨ ਦੇ ਪਖਾਵਜੀ ਸਨ। ਪਹਿਲਾ ਇਨਾਮ ਭਾਈ ਹਰਨਾਮ ਸਿੰਘ ਠੱਠਾ ਟਿੱਬਾ, ਦੂਸਰਾ ਇਨਾਮ ਭਾਈ ਲਾਲ ਜੀ ਰਬਾਬੀ ਸ੍ਰੀ ਅੰਮ੍ਰਿਤਸਰ, ਤੀਜਾ ਇਨਾਮ ਸੁਮੰਦ ਸਿੰਘ ਜੀ ਰਾਗੀ ਨਨਕਾਣਾ ਸਾਹਿਬ ਦੇ ਹਿੱਸੇ ਆਇਆ। ਹੋਰ ਆਏ ਰਾਗੀਆਂ ਨੂੰ ਵੀ ਨਗਦ ਇਨਾਮ ਤੇ ਸਰੋਪ ਦਿੱਤੇ ਗਏ।

ਅਨੇਕਾਂ ਪੱਖ ਜੋ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੀ ਮਨੁੱਖੀ ਸ਼ਖਸ਼ੀਅਤ ਦੇ ਅੰਗ ਰਹੇ ਹਨ, ਇਨ੍ਹਾਂ ਵਿਚੋਂ ਇਕ ਅੰਗ ਸੰਗੀਤ ਦਾ ਹੈ ਜਿਸ ਦਾ ਆਪ ਮਹਾ ਵਿਦਵਾਨ ਤੇ ਕਦਰਦਾਨ ਸਨ, ਉਨ੍ਹਾਂ ਨੇ ਗੁਰੂ ਘਰ ਦੀ ਪੁਰਾਤਨ ਕੀਰਤਨ ਸ਼ੈਲੀ ਨੂੰ ਵੀ ਸੰਭਾਲੀ ਰੱਖਿਆ ਤੇ ਪ੍ਰਚਾਰ ਕੀਤਾ। ਨਾਲ ਹੀ ਸ਼ਾਸਤ੍ਰੀ ਸੰਗੀਤ ਦੀਆਂ ਨਵੀਨ

ਸ਼ੈਲੀਆਂ ਦਾ ਵੀ ਸਤਿਕਾਰ ਕੀਤਾ। ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਕਿਰਪਾ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੀ ਪੁਰਾਤਨ ਗੀਤਾਂ ਦਾ ਇਕ ਬਹੁਤ ਵੱਡਾ ਖਜ਼ਾਨਾ ਹੈ।

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੀ ਸੰਭਾਲ ਸਦਕਾ ਅੱਜ ਬਾਣੀ ਦੇ ਕੁਝ ਰਾਗ ਆਸਾ, ਮਾਂਝ, ਸੂਹੀ, ਵਡਹੰਸ ਆਦਿ ਰਾਗਾਂ ਦੀ ਗਾਇਕੀ, ਜਿਹੜੀ ਕੀ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਮ੍ਰਿਤਸਰ ਦੇ ਰਬਾਬੀਆਂ ਤੋਂ ਸਿੱਖੀ ਸੀ, ਉਹ ਅੱਜ ਵੀ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਬਾਰ ਦੇ ਵਿਚ ਸੁਣੀ ਜਾ ਸਕਦੀ ਹੈ। ਪੁਰਾਣੀਆਂ ਗੀਤਾਂ, ਛੰਦ, ਪੜਤਾਲਾਂ, ਅਲਾਹੁਣੀਆਂ, ਵਾਰਾਂ ਆਦਿ ਦੀਆਂ ਅਨੇਕਾਂ ਧੁਨਾਂ ਅੱਜ ਵੀ ਨਾਮਧਾਰੀ ਕੇਂਦਰ ਵਿਚ ਸੁਣੀਆਂ ਜਾ ਸਕਦੀਆਂ ਹਨ। ਜਿਹੜੀਆਂ ਕਿ ਸਤਿਗੁਰੂ ਜੀ ਦੇ ਸਮੇਂ ਵਿਚ ਹੀ ਇਨ੍ਹਾਂ ਸਭ ਦੀ ਸੰਭਾਲ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕੀਤੀ ਗਈ।

ਅੱਜ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਗੁਰਮਤਿ ਸੰਗੀਤ ਅਤੇ ਸ਼ਾਸਤ੍ਰੀ ਸੰਗੀਤ ਦੀ ਮਰਿਆਦਾ ਸ੍ਰੀ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਨੇ ਇਸ ਨਾਮਧਾਰੀ ਦਰਬਾਰ ਵਿਚ ਪੂਰੀ ਤਰਹ ਕਾਇਮ ਰਖੀ ਹੋਈ ਹੈ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਮਰਿਆਦਾ ਅਨੁਸਾਰ ਗਾਇਨ ਅਤੇ ਵਾਦਨ ਬਹੁਤ ਹੀ ਸੁੰਦਰ ਢੰਗ ਨਾਲ ਕਰਦੇ ਹਨ ਅਤੇ ਆਪ ਜੀ ਦੀ ਕਿਰਪਾ ਨਾਲ ਕਈ ਸੰਗੀਤ ਵਿਦਿਆਰਥੀ ਇਸ ਪਰੰਪਰਾ ਤੋਂ ਸਿੱਖਿਆ ਲੈ ਰਹੇ ਹਨ। ਭਾਵੇਂ ਇਹ ਪਰੰਪਰਾ ਅਪਨੇ ਮੂਲ ਸਥਾਨ ਤੋਂ ਅਸਤਵਿਅਸਤ ਹੋ ਚੁੱਕੀ ਹੈ ਪਰ ਸਤਿਗੁਰੂ ਜੀ ਦੇ ਦਰਬਾਰ ਵਿਚ ਜਿਉਂ ਦੀ ਤਿਉਂ ਹੈ।

ਅੱਜ ਦੇ ਸਮੇਂ ਵਿਚ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੇ ਉਤਰਾਧਿਕਾਰੀ ਦੇ ਰੂਪ ਵਿਚ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਉਸ ਵੇਲੇ ਦੀ ਸੰਗੀਤ ਪਰੰਪਰਾ ਨੂੰ ਉਸੀ ਤਰ੍ਹਾਂ ਹੀ ਨਾਲ ਲੈ ਕੇ ਚਲ ਰਹੇ ਹਨ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਵੱਲ ਝੁਕਾਉ ਉਸ ਪਰੰਪਰਾ ਅਨੁਸਾਰ ਹੈ ਜਿਹੜੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਦੀ ਰਬਾਬ ਦੀ ਧੁਨ ਤੋਂ ਸ਼ੁਰੂ ਕੀਤਾ ਸੀ। ਪੰਥ ਵਿਚ ਆ ਰਹੀ ਸੰਗੀਤਕ ਰੁਚੀ ਦੀ ਕੰਮੀ ਦਾ ਅਨੁਭਵ ਕਰਕੇ ਇਸ ਦੀ ਉਨਤੀ ਅਤੇ ਪ੍ਰੋਤਸਾਹਨ ਲਈ ਜੋ-ਜੋ ਵੀ ਕਦਮ ਚੁੱਕੇ ਹਨ ਉਸਦਾ ਅੱਜ ਤੋਂ ਪੰਜੀ-ਤੀਹ ਵਰੇ ਪਹਿਲਾਂ ਕੋਈ ਵੀ ਇਸ ਬਾਰੇ ਸਾਜ਼ ਵਜਾਉਣ ਦੀ ਪਰੰਪਰਾ ਵੀ ਕੀਰਤਨ ਦਾ ਇਕ ਵਧੀਆ ਪ੍ਰਗਟਾਵਾ ਹੈ। ਇਹ ਗੀਤ ਅੱਜ ਵੀ ਨਾਮਧਾਰੀ ਸਮਾਜ ਵਿਚ ਇਕ ਪਰੰਪਰਾ ਦੇ ਰੂਪ ਵਿਚ ਵਿਦਮਾਨ ਹੈ।

**ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਸੰਗੀਤ ਪਰੰਪਰਾ ਅਤੇ ਸ਼ਾਸਤ੍ਰੀ ਸੰਗੀਤ ਦੀ ਸੰਭਾਲ ਦੇ ਯਤਨ ਉਪਰਾਲੇ** : ਸਤਿਗੁਰੂ ਜੀ ਨੇ ਸਿਧੇ ਸਾਧੇ ਕਿਸਾਨ ਲੋਕਾਂ ਦੀ ਹਿਰਦੇ ਰੂਪੀ ਬੰਜਰ ਭੂਮੀ ਤੇ ਸੰਗੀਤ ਦੀ ਫੁਲਵਾੜੀ ਲਾਈ ਹੈ। ਸ਼ਾਸਤਰੀ ਸੰਗੀਤ ਰੂਪੀ ਇਹ ਪੌਦਾ ਸਤਿਗੁਰੂ ਜੀ ਦੀ ਦੇਖ-ਰੇਖ ਵਿਚ ਫਲਿਆ ਅਤੇ ਫੁੱਲਿਆ। ਅੱਜ ਇਸ ਪਨੀਰੀ ਤੋਂ ਬਣੀ ਫੁਲਵਾੜੀ ਦੇ ਫੁੱਲ ਅਤੇ ਫ਼ਲ ਵੱਡੇ-ਵੱਡੇ ਸੰਗੀਤ ਦਰਬਾਰਾਂ, ਸੰਗੀਤ ਸੰਮੇਲਨਾਂ, ਦੂਰਦਰਸ਼ਨ ਕੇਂਦਰਾਂ ਅਤੇ ਅਕਾਸ਼ਵਾਣੀ ਦੁਆਰਾ ਨਾਮਧਾਰੀ ਪੰਥ ਅਤੇ ਸਮਾਜ ਦੀ ਖ਼ੁਸ਼ਬੂ ਨੂੰ ਪ੍ਰਵਾਹਿਤ ਕਰਦੇ ਹੋਏ ਨਜ਼ਰ ਆ ਰਹੇ ਹਨ। ਨਾਮਧਾਰੀ ਪਹਿਰਾਵੇ ਵਾਲੇ ਸੰਗੀਤ ਸਿੱਖਿਆ ਪ੍ਰਾਪਤ ਕਰ ਰਹੇ ਛੋਟੇ-ਛੋਟੇ ਬੱਚਿਆਂ ਨੂੰ ਤਬਲਾ, ਸਿਤਾਰ, ਬੰਸਰੀ, ਸਰੋਦ, ਤਾਊਸ, ਸੰਤੂਰ, ਭਾਰਸ਼ਹਨਾਈ ਆਦਿ ਸਾਜ਼ਾਂ ਦਾ ਵਾਦਨ ਧਰੁਪਦ ਦੁਆਰਾ ਰਾਗਾਂ ਵਿਚ ਅਤੇ ਨ੍ਰਿਤ ਵਿਚ ਕਠਿਨ ਸਾਢੇ ਸੋਲਾਂ, ਸਾਢੇ ਚੌਦਾਂ, ਸਵਾ ਦੌਦਾ, ਪੌਣੇ ਪੰਦਰਾਂ ਆਦਿ ਮਾਰਤਾਵਾਂ ਦੀਆਂ ਮੁਸ਼ਕਿਲ ਤਾਲਾਂ ਨੂੰ ਸਿਖਾ ਕੇ ਸੰਗੀਤ ਦੇ ਵੱਡੇ-ਵੱਡੇ ਪੰਡਿਤਾਂ ਨੂੰ ਹੈਰਤ ਵਿਚ ਪਾ ਦਿੱਤਾ ਹੈ ਅਤੇ ਸਾਰੇ ਵਿਦਵਾਨ ਇਹਨਾਂ ਨੂੰ ਸੁਣ ਕੇ ਗਦ-ਗਦ ਹੋ ਜਾਂਦੇ ਹਨ। ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਦੁਆਰਾ ਚਲਾਏ ਗਏ ਸੰਗੀਤ ਵਿਦਿਆਲੇ ਨੂੰ ਜਾਰੀ ਰੱਖਿਆ। ਇਸ ਤੋਂ ਇਲਾਵਾ ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀ ਕਲਾ ਕੇਂਦਰ ਦੀ ਸਥਾਪਨਾ ਅਤੇ ਹੋਰ ਦੂਸਰੇ ਸ਼ਹਿਰਾਂ ਵਿਚ ਵੀ ਨਾਮਧਾਰੀ ਕਲਾ ਕੇਂਦਰ ਖੋਲ੍ਹ ਕੇ ਜਿਹਨਾਂ ਵਿਚ ਬਹੁਤ ਸਾਰੇ ਨਾਮਧਾਰੀ ਨਵਯੁਵਕ ਸੰਗੀਤ ਦੀ ਅਤਿਉੱਤਮ ਸਿੱਖਿਆ ਸੰਗੀਤਕਾਰਾਂ ਅਤੇ ਕੀਰਤਨਕਾਰਾਂ ਕੋਲੋਂ ਪ੍ਰਾਪਤ ਕਰ ਰਹੇ ਹਨ। ਸਤਿਗੁਰੂ ਜੀ ਨਾਮਧਾਰੀ ਬੱਚਿਆਂ ਅਤੇ ਸਿੱਖਾਂ ਨੂੰ ਉੱਚ-ਕੋਟੀ ਦੇ ਸੰਗੀਤ ਕਲਾ ਵਿਦਵਾਨਾਂ ਦੇ ਪਾਸ ਸਿੱਖਿਆ ਪ੍ਰਾਪਤ ਕਰਨ ਲਈ ਉਤਸਾਹਿਤ ਵੀ ਕਰਦੇ ਹਨ। ਅੱਜ ਦੇ ਪੰਜਾਬ ਦੇ ਲਈ ਸ਼ਾਸਤਰੀ ਸੰਗੀਤ ਦਾ ਅਮੁਲਵਾਨ ਖਜ਼ਾਨਾ ਸੰਭਾਲਣ ਦੇ ਲਈ ਸਾਰੇ ਮਹਾਨ ਕਲਾਕਾਰਾਂ ਦੀ ਕਲਾ ਦਾ ਇਕ ਗੁਲਦਸਤਾ ਸੰਜੋਣ ਵਾਸਤੇ ਅਨੇਕਾਂ ਨਾਮਧਾਰੀ ਬੱਚਿਆਂ ਨੂੰ ਉੱਚ-ਕੋਟੀ ਦੇ ਉਸਤਾਦਾਂ, ਗਾਇਕਾਂ, ਵਾਦਕਾਂ ਅਤੇ ਪਖਾਵਜਿਆਂ ਦੇ ਸ਼ਾਗਿਰਦ ਕਰਵਾਇਆ ਹੈ।

ਜੀਵਨ ਨਗਰ ਵਿਚ ਸਥਾਪਤ ਸੰਗੀਤ ਵਿਦਿਆਲਾ ਵਿਚ ਪੰ. ਮਹਾਦੇਵ ਕਥਕ (ਜੈਪੁਰ ਵਾਲੇ) ਜੋ ਕਿ ਧਰੁਪਦ ਧਮਾਰ ਦੇ ਉਸਤਾਦ ਸਨ ਅਤੇ ਉਹਨਾਂ ਦੀ ਸ਼ਾਗਿਰਦੀ ਵਿਚ ਇਹ ਧਰੁਪਦ ਧਮਾਰ ਦੀ ਗਾਇਕੀ ਦਾ ਗਿਆਨ ਸ੍ਰੀ ਗੁਰਦੇਵ ਸਿੰਘ ਅਤੇ ਸ੍ਰੀ ਹਰਭਜਨ ਸਿੰਘ ਨੇ ਪ੍ਰਾਪਤ ਕੀਤਾ। ਸਰੋਦ ਦੇ ਬਾਦਸ਼ਾਹ ਉਸਤਾਦ ਅਮਜਦ ਅਲੀ ਖਾਂ ਦੇ ਕੋਲ ਇਨ੍ਹਾਂ ਹੀ ਸੁਪਾਤਰਾਂ ਨੇ ਸਿਖਿਆ ਪ੍ਰਾਪਤ ਕਰ ਸ੍ਰੀ ਗੁਰਦੇਵ ਸਿੰਘ ਜੀ ਇਕ ਕੁਸ਼ਲ ਸਰੋਦ ਵਾਦਕ ਦੇ ਰੂਪ ਵਿਚ ਅਤੇ ਸ੍ਰੀ ਹਰਭਜਨ ਸਿੰਘ ਜੀ ਜੋ

Sri Satguru Jagjit Singh Ji Elibrary NamdhariElibrary@gmail.com

ਕਿ ਨਾਮਧਾਰੀ ਸਮਾਜ ਵਿਚ ਨਾਮਧਾਰੀ ਉਸਤਾਦ ਦੇ ਰੂਪ ਵਿਚ ਇਸ ਸਮੇਂ ਉਜਾਗਰ ਹਨ ਅਤੇ ਨਾਮਧਾਰੀ ਸਮਾਜ ਦਾ ਨਾਮ ਸੰਗੀਤ ਜਗਤ ਵਿਚ ਉੱਚਾ ਕੀਤਾ ਹੈ। ਸ੍ਰੀ ਸਤਿਗੁਰੂ ਜੀ ਸ਼ਾਸਤ੍ਰੀ ਸੰਗੀਤ ਦੇ ਹਰ ਖੇਤਰ ਬੰਸਰੀ, ਸੰਤੂਰ, ਸਿਤਾਰ, ਸਰੋਦ, ਤਾਰਸ਼ਹਨਾਈ, ਤਬਲਾ, ਪਖਾਵਜ ਅਤੇ ਨ੍ਰਿਤ ਆਦਿ ਵਿਚ ਨਾਮਧਾਰੀ ਸਮਾਜ ਅਤੇ ਗ਼ੈਰ ਨਾਮਧਾਰੀ ਸਮਾਜ ਦੇ ਸੁਯੋਗ ਪਾਤਰ ਬੱਚਿਆਂ ਨੂੰ ਖੋਜ ਕੇ ਉਸਤਾਦਾਂ ਦੇ ਕੋਲ ਭੇਜ ਕੇ ਉਤਸ਼ਾਹਿਤ ਕਰ ਰਹੇ ਹਨ।

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਚਲਾਈ ਗਈ ਸੰਗੀਤ ਸੰਮੇਲਨਾਂ ਦੀ ਪਰਿਪਾਟੀ ਨੂੰ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਅਤੇ ਨਾਮਧਾਰੀ ਸਮਾਜ ਨੇ ਬਣਾਈ ਰੱਖਿਆ ਹੈ। ਸੰਗੀਤ ਸੰਮੇਲਨਾਂ ਵਿਚ ਵੱਡੇ ਵੱਡੇ ਸੰਗੀਤਕਾਰਾਂ ਨੂੰ ਸੁਣਨ ਅਤੇ ਉਹਨਾਂ ਦੀ ਕਲਾ ਨੂੰ ਵੇਖਣ ਦਾ ਇਕ ਵਧੀਆ ਮੌਕਾ ਮਿਲਦਾ ਹੈ। ਨਾਮਧਾਰੀ ਸਮਾਜ ਵਿਚ ਸ਼ਾਸਤਰੀ ਸੰਗੀਤ ਸੰਮੇਲਨਾਂ ਦਾ ਆਯੋਜਨ ਹੋਲਾ ਮੁਹੱਲਾ ਦੇ ਮੇਲਿਆਂ ਦੀ ਤਰਾਂ ਹੀ ਕੀਤਾ ਜਾਂਦਾ ਹੈ ਅਤੇ ਇਹ ਸੰਮੇਲਨ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਸ਼ਾਸਤਰੀ ਸੰਗੀਤ ਦੇ ਪਾਰਖੂਆਂ, ਪ੍ਰੇਮੀਆਂ ਅਤੇ ਕਲਾਕਾਰਾਂ ਨੂੰ ਇਕ ਮੰਚ ਪ੍ਰਦਾਨ ਕਰਦਾ ਹੈ।

**ਕਲਾਕਾਰਾਂ ਅਤੇ ਉਸਤਾਦਾਂ ਨਾਲ ਸੰਪਰਕ ਦੇ ਉਪਰਾਲੇ**

ਸੰਗੀਤ ਸਿੱਖਿਆ ਪ੍ਰਾਪਤ ਕਰਨ ਲਈ ਯੋਗ ਅਧਿਆਪਕ ਅਤੇ ਕਲਾਕਾਰਾਂ ਨਾਲ ਸੰਪਰਕ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਕੀਤਾ ਜਾ ਰਿਹਾ ਹੈ। ਉਸਤਾਦ ਹਰਨਾਮ ਸਿੰਘ ਜੀ, ਊਦੋਂ ਖਾਂ, ਹਰੀਮ ਬਕਸ਼, ਭਾਈ ਨਸੀਰ, ਭਾਈ ਕਾਲੂ ਅਤੇ ਭਾਈ ਤਾਬਾ ਜੀ ਆਦਿ ਕਲਾਕਾਰ ਉਲੇਖਨੀ ਹਨ।

ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਨੇ ਬਕਾਇਦਾ ਸਿੱਖਾਂ ਵਿਚ ਸ਼ਾਸਤ੍ਰੀ ਸੰਗੀਤ ਦੇ ਪ੍ਰਚਾਰ ਲਈ ਹਿੰਦੁਸਤਾਨ ਦੇ ਉੱਚ ਕੋਟੀ ਦੇ ਸ਼ਾਸਤ੍ਰੀ ਸੰਗੀਤ ਦੇ ਪੰਡਤਾਂ, ਉਸਤਾਦਾਂ (ਗਾਇਕ ਅਤੇ ਵਾਦਕ) ਅਤੇ ਮਸ਼ਹੂਰ ਤਬਲਾ ਅਤੇ ਪਖਾਵਜ ਵਾਦਕਾਂ ਨਾਲ ਸੰਪਰਕ ਬਨਾਉਣ ਦਾ ਮੰਤਵ ਬਣਾ ਲਿਆ ਸੀ। ਸ਼ਾਸਤ੍ਰੀ ਸੰਗੀਤ ਦੇ ਉਸਤਾਦਾਂ ਨੂੰ ਇਕ ਇਸ ਤਰ੍ਹਾਂ ਦੇ ਕਦਰਦਾਨ ਦੀ ਜ਼ਰੂਰਤ ਸੀ। ਜਿਨ੍ਹਾਂ ਕਲਾਕਾਰਾਂ ਅਤੇ ਯੋਗ ਉਸਤਾਦ ਕਲਾਕਾਰਾਂ ਨਾਲ ਸੰਪਰਕ ਕੀਤਾ ਗਿਆ ਹੈ, ਉਹ ਇਸ ਤਰ੍ਹਾਂ ਹੈ।

ਉਸਤਾਦ ਅਮਜਦ ਅਲੀ ਖਾਂ (ਸਰੋਦ), ਉਸਤਾਦ ਵਿਲਾਇਤ ਖਾਂ, ਉਸਤਾਦ ਇਮਰਤ ਹੁਸੈਨਖਾਂ, ਉਸਤਾਦ ਸ਼ਾਹਿਦ ਪਰਵੇਜ਼ (ਸਿਤਾਰ), ਪੰਡਿਤ ਸ਼ਿਵ ਕੁਮਾਰ ਸ਼ਰਮਾ (ਸੰਤੂਰ), ਪੰਡਿਤ ਹਰੀ ਪ੍ਰਸਾਦ ਚੌਰਸੀਆ (ਬੰਸਰੀ), ਪੰਡਿਤ ਬਿਰਜੂ ਮਹਾਰਾਜ, ਪੰਡਿਤ ਦੁਰਗਾ ਲਾਲ (ਨ੍ਰਿਤ), ਪੰਡਿਤ ਮਹਾਦੇਵ ਕਥਕ (ਧਰੁਪਦ), ਪੰਡਿਤ ਰਾਜਨ-

ਸਾਜਨ ਮਿਸ਼ਰਾ (ਗਾਇਨ), ਪੰਡਿਤ ਰਾਮ ਨਰਾਇਨ, ਉਸਤਾਦ ਸਾਬਰੀ ਖਾਂ (ਸਾਰੰਗੀ), ਪੰਡਿਤ ਕਿਸ਼ਨ ਮਹਾਰਾਜ, ਪੰਡਿਤ ਸਾਮਤਾ ਪ੍ਰਸਾਦ ਅਤੇ ਉਸਤਾਦ ਅਲਾ ਰਖਾ ਖਾਂ (ਤਬਲਾ ਅਤੇ ਪਖਾਵਜ)।

ਨਾਮਧਾਰੀ ਗੁਰੂ ਜੀ ਦੇਵਚਨਾਂ ਅਨੁਸਾਰ ਉਸਤਾਦ ਵਿਲਾਯਤ ਖਾਂ ਸਾਹਿਬ ਜਲਦੀ ਹੀ ਕਿਸੀ ਨੂੰ ਨਹੀਂ ਸਿਖਾਉਂਦੇ ਪਰ ਜਦੋਂ ਵੀਜਿਸ ਵੀ ਸ਼ਾਗਿਰਦ ਨੂੰ ਭੇਜਿਆ ਉਹਨਾਂ ਨੇ ਨਾਂਹ ਨਹੀਂ ਕੀਤੀ।

ਉਸਤਾਦ ਦੇ ਕੋਲ ਭੇਜੇ ਗਏ ਕੁਝ ਇਕ ਸ਼ਾਗਿਰਦਾਂ ਦੇ ਨਾਮ ਜੋ ਇਸ ਵੇਲੇ ਨਾਮਧਾਰੀ ਮੰਚ ਤੇ ਅਤੇ ਬਹਰੀ ਆਯੋਜਕਾਂ ਦੁਆਰਾ ਪ੍ਰਦਾਨ ਕੀਤੇ ਗਏ ਮੰਚ ਤੇ ਅਤੇ ਸੰਗੀਤ ਖੇਤਰ ਵਿਚ ਆਪਣਾ ਨਾਮ ਕਮਾ ਰਹੇ ਹਨ।

ਉਸਤਾਦ ਅਮਜਦ ਅਲੀ ਦੇ ਸ਼ਾਗਿਰਦ ਉਸਤਾਦ ਸ੍ਰੀ ਗੁਰਦੇਵ ਸਿੰਘ ਸਰੋਦ, ਉਸਤਾਦ ਹਰਭਜਨ ਸਿੰਘ ਗਾਇਨ ਅਤੇ ਸਿਤਾਰ ਉਸਤਾਦ ਵਿਲਾਇਤ ਖਾਂ ਦੇ ਸ਼ਾਗਿਰਦ ਡਾ. ਵੀਰੇਂਦਰ ਕੁਮਾਰ (ਲੇਖਕ) ਜਿਹੜੇ ਅੱਜਕਲ੍ਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸੰਗੀਤ ਵਿਭਾਗ ਵਿਚ ਰੀਡਰ ਦੇ ਪਦ ਤੇ ਕੰਮ ਕਰ ਰਹੇ ਹਨ (ਸਿਤਾਰ), ਸ੍ਰੀ ਧਰਮਵੀਰ ਸਿੰਘ (ਯੂ.ਕੇ.) (ਸਿਤਾਰ), ਬਲਵੰਤ ਸਿੰਘ (ਸਿਤਾਰ)। ਉਸਤਾਦ ਇਮਰਤ ਖਾਂ ਦੇ ਸ਼ਾਗਿਰਦ ਸ੍ਰੀ ਚਰਨ ਸਿੰਘ, ਗੁਰਮੁਖ ਸਿੰਘ, ਅਮਰੀਕ ਸਿੰਘ। ਉਸਤਾਦ ਪਿਆਰਾ ਸਿੰਘ ਅਤੇ ਉਸਤਾਦ ਬਿਸਮਿਲਾ ਖਾਂ ਦੇ ਸ਼ਾਗਿਰਦ ਸ੍ਰੀ ਬਲਜੀਤ ਸਿੰਘ (ਤਾਰਸ਼ਹਨਾਈ ਅਤੇ ਦਿਲਰੁਬਾ)।

ਪੰਡਿਤ ਸ਼ਿਵ ਕੁਮਾਰ ਸ਼ਰਮਾ ਦੇ ਸ਼ਾਗਿਰਦ ਸ੍ਰੀ ਹਰਜਿੰਦਰ ਸਿੰਘ, ਸ੍ਰੀ ਕਿਰਨਪਾਲ ਸਿੰਘ। ਪੰਡਿਤ ਰਾਮ ਨਰਾਇਨ ਦੇ ਸ਼ਾਗਿਰਦ ਸੁਰਜੀਤ ਸਿੰਘ (ਸਾਰੰਗੀ)। ਉਸਤਾਦ ਸਾਬਰੀ ਖਾਂ ਦੇ ਸ਼ਾਗਿਰਦ ਸ਼ਮਿੰਦਰਪਾਲ ਸਿੰਘ (ਸਾਰੰਗੀ, ਏ.ਆਈ.ਆਰ.ਜਲੰਧਰ)। ਪੰਡਿਤ ਹਰੀ ਪ੍ਰਸਾਦ ਚੌਰਸੀਆ ਦੇ ਸ਼ਾਗਿਰਦ ਸਤਪਾਲ ਸਿੰਘ (ਬੰਸਰੀ) ਜੰਮੂ। ਪੰਡਿਤ ਰਾਜਨ-ਸਾਜਨ ਮਿਸ਼ਰਾ ਦੇ ਸ਼ਾਗਿਰਦ ਮੋਹਨ ਸਿੰਘ ਸੁਖਦੇਵ ਸਿੰਘ (ਗਾਇਨ ਖਿਆਲ, ਤਰਾਨਾ, ਟੱਪਾ), ਬਲਵੰਤ ਸਿੰਘ (ਗਾਇਨ)। ਪੰਡਿਤ ਬਿਰਜੂ ਮਹਾਰਾਜ ਦੇ ਸ਼ਾਗਿਰਦ ਕਾਕਾ ਅਮਰ ਸਿੰਘ (ਨ੍ਰਿਤ) ਕਥਕ। ਪੰਡਿਤ ਕਿਸ਼ਨ ਮਹਾਰਾਜ ਦੇ ਸ਼ਾਗਿਰਦ ਉਸਤਾਦ ਸੁਖਵਿੰਦਰ ਸਿੰਘ ਪਿੰਕੀ ਭੈਣੀ ਸਾਹਿਬ, ਸੁਖਦੇਵ ਸਿੰਘ ਜਲੰਧਰ (ਤਬਲਾ)। ਪੰਡਿਤ ਸਾਮਤਾ ਪ੍ਰਸਾਦ ਦੇ ਸ਼ਾਗਿਰਦ ਸਵਰਗੀ ਸ੍ਰੀ ਅਵਤਾਰ ਸਿੰਘ। ਉਸਤਾਦ ਅਲਾ ਰਖਾ ਖਾਂ ਦੇ ਸ਼ਾਗਿਰਦ ਕੁਲਵੰਤ ਸਿੰਘ, ਜਤਿੰਦਰਪਾਲ ਸਿੰਘ ਚਿੰਕੂ, ਕੁਲਵਿੰਦਰ ਸਿੰਘ, ਤਰਸੇਮ ਸਿੰਘ ਜਲੰਧਰ (ਤਬਲਾ, ਪਖਾਵਜ)। ਕਲਾਕਾਰਾਂ ਉਸਤਾਦਾਂ ਅਤੇ ਕੁਝ ਸੁਪਾਤਰਾਂ ਦੇ ਸਤਿਗੁਰੂ ਨਾਮਧਾਰੀ ਜਗਜੀਤ ਸਿੰਘ ਜੀ ਦੇ ਪ੍ਰਤਿ ਉਦਗਾਰ।

ਉਸਤਾਦ ਅਮਜਦ ਅਲੀ ਖਾਂ (ਸਰੋਦ) (ਸਾਕਸ਼ਾਤਕਾਰ) ਸਤਿਗੁਰੂ ਜੀ ਸ਼ਾਸਤ੍ਰੀ

ਸੰਗੀਤ ਅਤੇ ਲੈਅ ਦੇ ਸੁਲਝੇ ਹੋਏ ਵਿਦਵਾਨ ਹਨ। ਸ਼ਾਸਤ੍ਰੀ ਸੰਗੀਤ ਦੇ ਨਾਲ ਸਤਿਗੁਰੂ ਜੀ ਨੂੰ ਬਹੁਤ ਪਿਆਰ ਅਤੇ ਸੂਝ-ਬੂਝ ਹੈ ਇਹੀ ਕਾਰਨ ਹੈ ਕਿ ਸੰਗੀਤਕਾਰਾਂ ਦੇ ਲਈ ਉਹਨਾਂ ਦੇ ਮਨ ਵਿਚ ਵਿਸ਼ੇਸ਼ ਪ੍ਰੇਮ ਅਤੇ ਅਸ਼ੀਰਵਾਦ ਹੈ। ਸ਼ਾਸਤ੍ਰੀ ਸੰਗੀਤ ਦੇ ਉਸਤਾਦਾਂ ਨੂੰ ਇਕ ਇਸ ਤਰ੍ਹਾਂ ਦੇ ਹੀ ਕਦਰਦਾਨ ਦੀ ਹੀ ਜ਼ਰੂਰਤ ਸੀ...। ਨਾਮਧਾਰੀ ਸੰਪਰਦਾਇ ਦੇ ਵਿਚ ਇਹ ਲੋਕ ਗੁਰੂ ਸ਼ਿਸ਼ ਪਰੰਪਰਾ ਨੂੰ ਬਹੁਤ ਮਹੱਤਵ ਦਿੰਦੇ ਹਨ। ਨਾਮਧਾਰੀ ਸਤਿਗੁਰੂ ਜੀ ਦੀ ਕਿਰਪਾ ਦੇ ਨਾਲ ਕੁਝ ਲੋਕ ਸਿਤਾਰ ਵਜਾ ਰਹੇ ਹਨ, ਕੁਝ ਧਰੁਪਦ ਗਾ ਰਹੇ ਹਨ ਅਤੇ ਕੁਝ ਸਰੋਦ ਵਜਾ ਰਹੇ ਹਨ।

**ਪੰਡਿਤ ਰਾਮ ਨਰਾਇਨ (ਸਾਰੰਗੀ) (ਸਾਕਸ਼ਾਤਕਾਰ)**

ਮੇਰਾ ਸੰਪਰਕ ਨਾਮਧਾਰੀ ਸਤਿਗੁਰੂ ਜੀ ਨਾਲ 1973 ਤੋਂ ਹੈ। ਤਿੰਨ ਨਾਮਧਾਰੀ ਸ਼ਿਸ਼ਆਂ ਨੂੰ ਸਾਰੰਗੀ ਸਿਖਨ ਲਈ ਬੰਬਈ ਭੇਜਿਆ। ਉਹਨਾਂ ਵਿਚੋਂ ਸੁਰਜੀਤ ਸਿੰਘ ਬਹੁਤ ਵਧੀਆ ਸਾਰੰਗੀ ਵਜਾ ਰਿਹਾ ਹੈ। ਇਹ ਸਭ ਲੋਕ ਗੁਰੂ ਸ਼ਿਸ਼ ਪਰੰਪਰਾ ਨਾਲ ਸਿਖਦੇ ਹਨ ਅਤੇ ਗੁਰੂ ਸ਼ਿਸ਼ ਪਰੰਪਰਾ ਵਿਚ ਵਿਸ਼ਵਾਸ ਰੱਖਦੇ ਹਨ। ਇਹਨਾਂ ਲੋਕਾਂ ਵਿਚਗੁਰੂ ਦੇ ਪ੍ਰਤਿ ਸੱਚੀ ਸ਼ਰਧਾ ਅਤੇ ਭਾਵਨਾ ਹੁੰਦੀ ਹੈ।

**ਪੰਡਿਤ ਰਾਜਨ ਅਤੇ ਸਾਜਨ ਮਿਸ਼ਰਾ (ਗਾਇਨ) (ਸਾਕਸ਼ਾਤਕਾਰ)**

ਸਾਡਾ ਸੰਪਰਕ ਸਨ 1973 ਤੋਂ ਹੈ। ਸਾਡਾ ਗਾਨਾ ਸੁਣਨ ਤੋਂ ਬਾਅਦ ਨਾਮਧਾਰੀ ਸਤਿਗੁਰੂ ਜੀ ਦੀ ਬਹੁਤ ਕਿਰਪਾ ਹੋਈ ਜੋ ਸਾਨੂੰ ਇਤਨਾ ਸਨੇਹ ਮਿਲਿਆ ਹੈ। ਅੱਜ ਜੋ ਵੀ ਸਾਡੇ ਲੋਕਾਂ ਦੀ ਪਰਿਸਥਿਤ ਹੈ ਇਸ ਤਰ੍ਹਾਂ ਸਾਡੇ ਉੱਤੇ ਸਤਿਗੁਰੂ ਜੀ ਦੀ ਕਿਰਪਾ ਰਹੀ ਹੈ। 1978 ਵਿਚ ਦੋ ਨਾਮਧਾਰੀ ਮੋਹਨ ਸਿੰਘ ਅਤੇ ਸੁਖਦੇਵ ਸਿੰਘ ਨੂੰ ਸਾਡੇ ਕੋਲ ਤਾਲੀਮ ਹਾਸਲ ਕਰਨ ਲਈ ਭੇਜਿਆ। ਉਸ ਸਮੇਂ ਤੋਂ ਹੀ ਇਹ ਲੋਕ ਜਿਸ ਤਰ੍ਹਾਂ ਗੁਰੂ ਸ਼ਿਸ਼ ਪਰੰਪਰਾ ਵਿਚ ਹੁੰਦਾ ਹੈ। ਬਿਲਕੁਲ ਸੇਵਾ ਕਰਕੇ ਹੀ ਤਾਲੀਮ ਹਾਸਲ ਕਰ ਰਹੇ ਹਨ। ਇਹ ਲੋਕ ਗੁਰੂ ਸ਼ਿਸ਼ ਪਰੰਪਰਾ ਵਿਚ ਬਹੁਤ ਵਿਸ਼ਵਾਸ ਰੱਖਦੇ ਹਨ। ਸਤਿਗੁਰੂ ਜੀ ਦੀ ਆਗਿਆ ਹੈ ਕਿ ਸੰਗੀਤ ਵਿਚ ਹੀ ਰਹੋ। ਇਨ੍ਹਾਂ ਲਈ ਨਾਮਧਾਰੀ ਸਤਿਗੁਰੂ ਜੀ ਦੀ ਆਗਿਆ ਤੋਂ ਉਪਰ ਕੋਈ ਆਗਿਆ ਨਹੀਂ ਹੈ।

ਨਾਮਧਾਰੀ ਸਤਿਗੁਰੂ ਜੀ ਇਕ ਮਹਾਨ ਸੰਗੀਤਕਾਰ ਹਨ। ਸੈਂਕੜੇ, ਹਜ਼ਾਰਾਂ ਬੰਦਿਸ਼ਾਂ ਯਾਦ ਹਨ। ਧਰੁਪਦ ਯਾਦ ਹਨ ਅਤੇ ਬਹੁਤ ਪੁਰਾਣੀਆਂ ਪੁਰਾਣੀਆਂ ਚੀਜ਼ਾਂ ਜਿਨ੍ਹਾਂ ਦਾ ਕਿ ਕਿਤਾਬਾਂ ਵਿਚ ਵੀ ਜ਼ਿਕਰ ਨਹੀਂ ਹੈ ਐਸੇ ਐਸੇ ਰਾਗਾਂ ਦੀਆਂ ਮੁਸ਼ਕਲ ਤਾਲਾਂ ਵਿਚ ਬੰਦਿਸ਼ਾਂ ਜੋ ਉਹਨਾਂ ਨੇ ਬਜ਼ੁਰਗਾਂ ਤੋਂ ਸਿੱਖੀਆਂ ਹਨ। ਨਾਮਧਾਰੀ ਸਤਿਗੁਰੂ ਜੀ ਗੁਣ ਦੀ ਕਦਰ ਕਰਦੇ ਹਨ। ਜਿੱਥੇ ਵੀ ਕੋਈ ਗੁਣੀ ਆਦਮੀ ਹੁੰਦਾ ਹੈ ਸਤਿਗੁਰੂ ਜੀ ਉਸ ਦੀ ਇੱਜ਼ਤ ਕਰਦੇ ਹਨ। ਅਸੀਂ ਵੀ ਸਤਿਗੁਰੂ ਜੀ ਪਾਸੋਂ ਕੁਝ ਬੰਦਿਸ਼ਾਂ ਸਿੱਖੀਆਂ

ਹਨ। ਉਹਨਾਂ ਦੀ ਅਪਾਰ ਕਿਰਪਾ ਰਹੀ ਹੈ ਦੱਸਣ ਵਿਚ...ਪੂਰੇ ਹਿੰਦੁਸਤਾਨ ਭਰ ਵਿਚ ਸ਼ਾਗਿਰਦਾਂ ਨੂੰ ਸਿੱਖਣ ਦੇ ਲਈ ਭੇਜਿਆ ਜਾਏ ਇਹ ਸਭ ਕੌਣ ਕਰ ਸਕਦਾ ਹੈ? ਕੋਈ ਸਿਤਾਰ ਸਿਖ ਜਾਏ, ਕੋਈ ਸਰੋਦ ਸਿਖ ਜਾਏ। ਕੁਝ ਲੋਕ ਸੰਗੀਤ ਦੇ ਖੇਤਰ ਵਿਚ ਚੰਗਾ ਨਾਮ ਵੀ ਕਮਾ ਰਹੇ ਹਨ।

ਡਾ. ਵੀਰੇਂਦਰ (ਸੁਪਾਤਰ ਸਿਤਾਰ) ਲੇਖਕ ਦਾ ਸੰਪਰਕ 1973 ਤੋਂ ਹੈ। ਮੈਨੂੰ ਨਾਮਧਾਰੀ ਸਤਿਗੁਰੂ ਜੀ ਉਸਤਾਦ ਵਿਲਾਇਤ ਖਾਂ ਦੇ ਪਾਸ ਉਹਨਾਂ ਦੇ ਨਿਵਾਸ ਸਥਾਨ ਦੇਹਰਾਦੂਨ ਲੈ ਗਏ। ਰੀਤ ਮੁਤਾਬਕ ਖਾਂ ਸਾਹਿਬ ਨੇ ਮੈਨੂੰ ਆਪਣੀ ਸ਼ਾਗਿਰਦੀ ਵਿਚ ਲੈ ਕੇ ਮੇਰਾ ਸਿਤਾਰ ਸੁਣ ਕੇ ਖਾਂ ਸਾਹਿਬ ਨੇ ਕਿਹਾ ਕਿ ਇਸ ਲੜਕੇ ਨੇ ਇੰਜਨ ਦੇ ਸਾਰੇ ਪੁਰਜ਼ੇ ਇਕੱਠੇ ਕਰ ਲਏ ਹਨ। ਇਸ ਨੂੰ ਤਾਂ ਕੇਵਲ ਇਤਨਾ ਹੀ ਦੱਸਣਾ ਹੈ ਕਿ ਕਿਹੜਾ ਪੁਰਜ਼ਾ ਕਿੱਥੇ ਲਗਾਨਾ ਹੈ।

ਨਾਮਧਾਰੀ ਸਤਿਗੁਰੂ ਜੀ ਨੇ ਮੇਰਾ ਸਿਤਾਰ ਸੁਣਿਆ ਅਤੇ ਮੈਨੂੰ ਹੋਰ ਅੱਗੇ ਸਿਖਣ ਲਈ ਪ੍ਰੋਤਸਾਹਿਤ ਅਤੇ ਪ੍ਰੇਰਿਤ ਕੀਤਾ। ਖਾਂ ਸਾਹਿਬ ਨਾਲ ਸਤਿਗੁਰੂ ਜੀ ਦਾ ਸੰਪਰਕ ਸੀ। ਮੈਨੂੰ ਖਾਂ ਸਾਹਿਬ ਤਕ ਪਹੁੰਚਾਨ ਵਿਚ ਸਤਿਗੁਰੂ ਜੀ ਦੀ ਅਪਾਰ ਕਿਰਪਾ ਹੋਈ। ਮੇਰਾ ਖਾਣ ਪੀਣ, ਰਹਿਣ ਆਦਿ ਦਾ ਸਾਰਾ ਖ਼ਰਚ ਸਤਿਗੁਰੂ ਜੀ ਨੇ ਹੀ ਕੀਤਾ। ਗੁਰੂ ਸ਼ਿਸ਼ ਪਰੰਪਰਾ ਵਿਚ ਮੇਰਾ ਸਿਖਣ ਦਾ ਅਨੁਭਵ ਬਹੁਤ ਸੁਖਦਾਈ ਮਹਿਸੂਸ ਹੋਇਆ। ਸਤਿਗੁਰੂ ਜੀ ਇਕ ਵਿਸ਼ਾਲ ਹਿਰਦੇ ਦੇ ਮਾਲਕ ਹਨ। ਸ਼ਾਸਤ੍ਰੀ ਸੰਗੀਤ ਦੇ ਲਈ ਜਿਹਨਾਂ ਵਿਚ ਥੋੜਾ ਜਿਹਾ ਵੀ ਗੁਣ ਹੈ ਉਸ ਦੇ ਲਈ ਵੱਡੇ ਤੋਂ ਵੱਡੇ ਸੰਗੀਤਕਾਰ ਨਾਲ ਸੰਪਰਕ ਕਰਕੇ ਉਸਦੀ ਸਿੱਖਿਆ ਦਾ ਪ੍ਰਬੰਧ ਕਰਕੇ ਪ੍ਰੋਤਸਾਹਿਤ ਕਰਦੇ ਰਹਿੰਦੇ ਹਨ।

. ਬਲਜੀਤ ਸਿੰਘ (ਤਾਰਸ਼ਹਨਾਈ ਅਤੇ ਦਿਲਰੁਬਾ ਵਾਦਕ) ਉਸਤਾਦ ਬਿਸਮਿਲਾ ਖਾਂ ਸਾਹਿਬ ਜਲਦੀ ਕਿਸੇ ਨੂੰ ਮਿਲਦੇ ਨਹੀਂ। ਕਿੰਤੂ ਜਦੋਂ ਤੋਂ ਸਤਿਗੁਰੂ ਜੀ ਦਾ ਸੰਪਰਕ ਖਾਂ ਸਾਹਿਬ ਨਾਲ ਹੋਇਆ ਉਸ ਦਿਨ ਤੋਂ ਹੀ ਖਾਂ ਸਾਹਿਬ ਨੇ ਮੈਨੂੰ ਸਿੱਧੇ ਉਪਰ ਚਲੇ ਆਉਣ ਦਾ ਆਦੇਸ਼ ਦਿੱਤਾ। ਖਾਂ ਸਾਹਿਬ ਦੇ ਪਾਸ ਸਾਰੇ ਸ਼ਿਸ਼ ਗੁਰੂ ਸ਼ਿਸ਼ ਪਰੰਪਰਾ ਦਾ ਪਾਲਣ ਕਰਦੇ ਹੋਏ ਬਿਨਾਂ ਕਿਸੀ ਫੀਸ ਤੋਂ ਸਿੱਖਿਆ ਹਾਸਲ ਕਰਦੇ ਹਨ। ਇਹ ਸਭ ਕੁਝ ਨਾਮਧਾਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਦਾ ਹੀ ਸਦਕਾ ਹੈ। (ਸਾਕਸ਼ਾਤਕਾਰ)

ਨਿਸ਼ਕਰਸ਼ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਿਨ੍ਹਾਂ ਜਿਨ੍ਹਾਂ ਕਲਾਕਾਰਾਂ ਨਾਲ ਵੀ ਸੰਪਰਕ ਸਥਾਪਤ ਕੀਤਾ ਗਿਆ ਚਾਹੇ ਸੰਗੀਤ ਸੰਮੇਲਨ ਵਿਚ ਭਾਗ ਲੈਣ ਲਈ ਜਾਂ ਸਿਖਿਆ ਵਾਸਤੇ ਉਹਨਾਂ ਪਾਸ ਆਪਣੇ ਬੱਚਿਆਂ ਨੂੰ ਭੇਜਿਆ ਗਿਆ। ਉਹਨਾਂ ਬੱਚਿਆਂ ਨੂੰ ਸੰਗੀਤ ਦੀ ਸਿਖਿਆ ਦੇ ਕੇ ਸੰਮੇਲਨ ਵਿਚ ਭਾਗ ਲੈ ਕੇ ਸਾਰੇ

Sri Satguru Jagjit Singh Ji Elibrary NamdhariElibrary@gmail.com

ਕਲਾਕਾਰਾਂਨੇ ਨਾਮਧਾਰੀ ਗੁਰੂ ਜੀ ਦੇ ਪ੍ਰਤਿ ਸਤਕਾਰ ਅਤੇ ਆਪਣੇ ਉਦਗਾਰਾਂ ਨੂੰ ਪ੍ਰਗਟ ਕੀਤਾ ਹੈ।

ਨਾਮਧਾਰੀ ਸੰਪਰਦਾਇ ਸੰਗੀਤ ਕਲਾ ਦੇ ਲਈ ਇਕ ਧ੍ਰੋਹਰ ਹੈ। ਇਕ ਸੰਗ੍ਰਹਾਲੈਅ ਹੈ। ਜਿੱਥੇ ਹਜ਼ਾਰਾਂ ਬੰਦਸ਼ਾਂ ਰਿਕਾਰਡ ਕੀਤੀਆਂ ਗਈਆਂ ਹਨ। ਜਿੱਥੇ ਸੰਗੀਤ ਦੇ ਪੰਡਿਤ ਅਤੇ ਉਸਤਾਦ ਦਿਲ ਖੋਲ੍ਹ ਕੇ ਆਪਣਾ ਖਜ਼ਾਨਾ ਸੁਰੱਖਿਅਤ ਸਮਝ ਕੇ ਸੰਭਾਲ ਵਾਸਤੇ ਦੇ ਦਿੰਦੇ ਹਨ। ਉਸਤਾਦ ਵਿਲਾਇਤ ਖਾਂ ਸਾਹਿਬ ਨੇ ਅਨੇਕਾਂ ਬੰਦਸ਼ਾਂ ਰਿਕਾਰਡ ਕਰਵਾਈਆਂ। ਇਥੋਂ ਤਕ ਕਿ ਆਪਣੇ ਕੁਝ ਪੈਤ੍ਰਿਕ ਅਨਮੋਲ ਸਾਜ਼ ਵੀ ਸਤਿਗੁਰੂ ਜੀ ਪਾਸ ਸੰਭਾਲ ਦਿੱਤੇ ਹਨ। ਇਸ ਸੰਪਰਦਾਇ ਵਿਚ ਭੈਰਉ ਦੇ ਪ੍ਰਕਾਰ, ਬਿਲਾਵਲ ਦੇ ਪ੍ਰਕਾਰ, ਮਲਹਾਰ ਦੇ ਪ੍ਰਕਾਰ, ਕਾਨਹੜਾ ਦੇ ਪ੍ਰਕਾਰ, ਸਾਰੰਗ ਦੇ ਪ੍ਰਕਾਰ ਅਤੇ ਕਈ ਹੋਰ ਤਰ੍ਹਾਂ ਦੇ ਰਾਗ ਰਾਗਣੀਆਂ ਸੁਣਨ ਅਤੇ ਸਿੱਖਣ ਨੂੰ ਮਿਲ ਸਕਦੇ ਹਨ। ਪੰਡਿਤ ਰਾਜਨ-ਸਾਜਨ ਮਿਸ਼ਰਾ, ਉਸਤਾਦ ਅਮਜਦ ਅਲੀ ਖਾਂ ਅਤੇ ਅਨੇਕਾਂ ਦੂਸਰੇ ਕਈ ਕਲਾਕਾਰਾਂ ਅਤੇ ਸੰਗੀਤਕਾਰਾਂ ਨੇ ਇਸ ਸੰਭਾਲ ਖਜ਼ਾਨੇ ਦਾ ਲਾਭ ਉਠਾਇਆ ਹੈ ਅਤੇ ਫ਼ਖ਼ਰ ਮਹਿਸੂਸ ਕਰਕੇ ਕਹਿੰਦੇ ਹਨ ਕਿ ਇਹ ਫਲਾਂ ਚੀਜ਼ ਅਸੀਂ ਨਾਮਧਾਰੀ ਸਤਿਗੁਰੂ ਜੀ ਤੋਂ ਸਿੱਖ ਲਈ ਹੈ।

Sri Satguru Jagjit Singh Ji Elibrary NamdhariElibrary@gmail.com

# ਸੰਗੀਤ ਦਾ ਅਦਭੁਤ ਕੇਂਦਰ ਸ੍ਰੀ ਭੈਣੀ ਸਾਹਿਬ

ਜਗਦੀਸ਼ ਸਿੰਘ 'ਵਰਿਆਮ'

ਮਾਸਕ 'ਵਰਿਆਮ' ਦੇ ਅਕਤੂਬਰ 1995 ਵਾਲੇ ਅੰਕ ਦੇ ਮੁੱਖ ਪੰਨੇ ਤੇ ਇਕ ਤਸਵੀਰ ਛਪੀ ਹੈ ਜੋ ਹੈ ਤਾਂ ਆਮ ਤਸਵੀਰ ਹੀ ਪਰ ਇਹ ਤਸਵੀਰ ਬਹੁਤ ਕੁਝ ਕਹਿ ਜਾਂਦੀ ਹੈ। ਇਹ ਸ੍ਰੀ ਭੈਣੀ ਸਾਹਿਬ ਵਿਚ ਹੋ ਰਹੀ ਇਸ ਆਮ ਸੰਗੀਤ ਸਭਾ ਦੀ ਹੈ। ਆਮ ਸੰਗੀਤ ਸਭਾ ਤੋਂ ਭਾਵ ਹੈ ਕਿ ਕਿਸੇ ਵੱਡੀ ਸੰਗੀਤ ਕਾਨਫ਼ਰੰਸ ਦੀ ਨਹੀਂ, ਕਿਸੇ ਵੱਡੇ ਉੱਚੇ ਸਟੇਜ ਦੀ ਵੀ ਨਹੀਂ ਸਗੋਂ ਫਰਸ਼ ਤੇ ਚਾਦਰਾਂ ਵਿਛਾ ਕੇ ਬੈਠੇ ਲੋਕਾਂ ਦੀ ਹੈ। ਪਰ ਫਿਰ ਵੀ ਇਸ ਦੀ ਆਪਣੀ ਮਹੱਤਤਾ ਹੈ। ਇਕ ਪਾਸੇ ਆਪਣੇ ਆਸਣ ਤੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਸੁਸ਼ੋਭਤ ਹਨ। ਛੋਟਾ ਜਿਹਾ ਮਾਈਕ ਸਟੈਂਡ ਉਹਨਾਂ ਦੇ ਸਾਹਮਣੇ ਪਿਆ ਹੈ। ਉਹਨਾਂ ਦੇ ਨਾਲ ਹੀ ਇਕ ਸੱਜਣ ਢੋਲਕ ਲੈ ਕੇ ਬੈਠੇ ਸਨ। ਸਤਿਗੁਰੂ ਜੀ ਦੇ ਨਾਲ ਢੋਲਕ ਲੈ ਕੇ ਕੋਈ ਬੈਠਾ ਹੋਵੇ ਇਹ ਵੀ ਕੋਈ ਵੱਡੀ ਨਹੀਂ। ਆਮ ਜਿਹੀ ਗੱਲਹੈ। ਪਰ ਇਹ ਬੰਦਾ ਆਮ ਨਹੀਂ। ਇਹ ਭਾਰਤ ਦਾ ਸੰਸਾਰ ਪ੍ਰਸਿੱਧ ਨ੍ਰਿਤਕ ਹੈ: ਪੰਡਿਤ ਬਿਰਜੂ ਮਹਾਰਾਜ। ਸੰਗੀਤ ਦੀਆਂ ਤਿੰਨੇ ਹੀ ਕਲਾਵਾਂ ਗਾਇਣ, ਵਾਦਕ ਅਤੇ ਨ੍ਰਿਤ ਵਿਚ ਸਿਖਰਲੀ ਅਨੁਭੂਤੀ: ਬਿਰਜੂ ਮਹਾਰਾਜ, ਜਿਨ੍ਹਾਂ ਦੀ ਲੈਅਕਾਰੀ ਅਤੇ ਤਾਲ ਦੀ ਸੂਝ ਦਾ ਜਵਾਬ ਨਹੀਂ, ਦੁਨੀਆਂ ਦੀਆਂ ਪ੍ਰਸਿੱਧ ਸਟੇਜਾਂ ਤੇ ਪਸਿੱਧ ਮੌਕਿਆਂ ਅਤੇ ਵਿਅਕਤੀਆਂ ਸਾਹਮਣੇ ਪ੍ਰੋਗਰਾਮ ਕਰਨ ਵਾਲਾ ਇਕ ਭਾਰਤ ਦਾ ਇਕ ਗੌਰਵਸ਼ਾਲੀ ਕਲਾਕਾਰ ਭੈਣੀ ਸਾਹਿਬ ਵਿਖੇ ਸਾਧਾਰਨ ਸਫ਼ ਤੇ ਬੈਠਾ ਹੈ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਗਾਇਨ ਵਿਚਸੰਗਤ ਕਰਨ ਵਾਲੀ ਇਕ ਹੋਰ ਜੋੜੀ ਬੈਠੀ ਹੈ। ਇਹ ਹੈ ਭਾਰਤ ਦੀ ਪ੍ਰਥਮ ਸ਼ਾਸਤ੍ਰੀ ਗਾਇਕਾਂ ਦੀ ਜੋੜੀ, ਰਾਜਨ-ਸਾਜਨ ਮਿਸ਼ਰਾ। ਨਾਮਧਾਰੀ ਕਲਾਕਾਰ ਪਖਾਵਜ ਲੈ ਕੇ ਬੈਠੇ ਹਨ। ਇਸ ਤਸਵੀਰ ਵਿਚ ਭਾਵੇਂ ਨਹੀਂ ਦਿਸ ਰਹੇ ਪਰ ਉਸ ਸਮੇਂ ਹਾਜ਼ਰ ਸਨ ਭਾਰਤ ਦੇ ਤਬਲਾ ਸਮਰਾਟ ਉਸਤਾਦ ਅੱਲਾ ਰਖਾ ਖਾਂ। ਬਿਰਜੂ ਮਹਾਰਾਜ ਦੇ ਹੱਥਾਂ ਵਿਚ ਇਕ ਸਾਧਾਰਨ ਢੋਲਕ ਕਲਾ ਕ੍ਰਿਤੀ ਬਣੀ ਹੋਈ ਹੈ।

ਵਰਿਆਮ ਵਿਚ ਹੀ ਛਪੇ ਇਕ ਲੇਖ ਵਿਚ ਇਸ ਤਸਵੀਰ ਦੀ ਵਿਆਖਿਆ ਕਰਦਿਆਂ ਦਰਜ ਹੈ, "ਸੰਗੀਤ ਪ੍ਰਤਿਨਿਧਾਂ ਦੀ ਮੌਜੂਦਗੀ ਵਿਚ ਸੰਪੂਰਣ ਸੰਗੀਤ ਦਾ ਮੂਰਤ ਰੂਪ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਹਨ। ਤਲਿਸਮ ਪੂਰਾ ਹੈ, ਸਮੁੱਚੀ ਕਾਇਨਾਮ ਇਸ ਦੈਵੀ ਸੰਗੀਤ ਦੇ ਰੰਗ ਵਿਚ ਭਿੱਜੀ ਪਈ ਹੈ।"

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਵਲੋਂ ਰਾਗ ਮਾਲਕੌਂਸ ਦੀਆਂ ਸੁਰਾਂ ਵਿਚਬਣਾਈ ਗਈ ਇਕ ਬੰਦਿਸ਼ ਗੁਰੂ ਅਰਜਨ ਦੇਵ ਜੀ ਦੀ ਅਮਰ ਰਚਨਾ "ਨਾਨਕ ਬਿਜੁਲੀਆਂ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ...ਮਿਸ਼ਰਾ ਬੰਧੂ ਅਗੇ ਵੀ ਗਾਉਂਦੇ ਹਨ ਪਰ ਅਜ ਸਤਿਗੁਰੂ ਜੀ ਦੇ ਆਪਣੇ ਸਾਥ ਨਾਲ ਹੋਰ ਵੀ ਚਲੂਲਾ ਰੰਗ ਚਾੜ੍ਹ ਰਹੀ ਹੈ। ਮਹਾਨ ਕਲਾਕਾਰ ਵਿਸਮਾਦੀ ਅਵਸਥਾ ਵਿਚ ਹਨ ਜਦੋਂ ਸਤਿਗੁਰੂ ਜੀ ਨੇ ਇਕਹੋਰ ਬੰਦਿਸ਼ ਮਾਲਕੌਂਸ ਵਿਚ ਗਾਈ "ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾ।" ਉਸਤਾਦ ਅੱਲਾ ਰੱਖਾ ਆਖ ਰਹੇ ਹਨ ਮੈਨੂੰ ਵੀ ਆਪਣਾ ਬਚਪਨ ਯਾਦ ਆ ਗਿਆ ਹੈ। ਇਸੇ ਮੰਦਰ ਵਿਚ ਹੀ ਮੇਰੇ ਗੁਰੂ ਮੀਆਂ ਕਾਦਰ ਬਖਸ਼ ਵੀ ਆਏ ਸਨ।"

ਇਸੇ ਹੀ ਲੇਖ ਵਿਚ ਅਗਲੇ ਦਿਨ ਦਾ ਜ਼ਿਕਰ ਹੈ: "ਸਵੇਰੇ ਗਿਆਰਾਂ ਵਜੇ ਸੰਗੀਤ ਸਭਾ ਮੁੜ ਇਕੱਤ੍ਰਿਤ ਹੋਈ। ਇਸ ਵਿਚ ਸਮੂਹ ਸੰਗੀਤਕਾਰ ਹਾਜ਼ਰ ਸਨ। ਸ੍ਰੀ ਲਛਮਣ ਸਿੰਘ ਸੀਨ ਨੇ ਸਤਿਗੁਰੂ ਜੀ ਨੂੰ ਪੁੱਛਿਆ ਕਿ -ਪਿਛਲੀ ਵਾਰ ਮੈਂ ਆਇਆ ਸੀ ਤਾਂ ਸ਼ੁੱਧ ਮਲ੍ਹਾਰ ਬਾਰੇ ਪੁੱਛ ਰਹੇ ਸੀ, ਕੀ ਉਹ ਲਭ ਪਿਆ? ਸਤਿਗੁਰੂ ਜੀ ਨੇ ਬਾਲ ਕਲਾਕਾਰਾਂ ਨੂੰ ਮੰਚ ਤੇ ਬਿਠਾ ਦਿੱਤਾ। ਉਨ੍ਹਾਂ ਸ਼ੁੱਧ ਮਲ੍ਹਾਰ, ਸਮੇਤ ਕਈ ਪ੍ਰਕਾਰ ਦੇ ਮਲ੍ਹਾਰ ਗਾ ਕੇ ਸੁਣਾ ਦਿੱਤੇ। ਅੱਜ ਮੁੱਖ ਤੌਰ ਤੇ ਰਾਜਨ ਮਿਸ਼ਰਾ ਜੀ ਦਾ ਗਾਇਨ ਹੋਣਾ ਸੀ। ਮਲ੍ਹਾਰ ਚਲਦਾ ਵੇਖ ਕੇ ਉਹਨਾਂ ਰਾਮਦਾਸੀ ਮਲ੍ਹਾਰ ਵਿਚ ਆਲਾਪ ਸ਼ੁਰੂ ਕੀਤਾ। ਮਲ੍ਹਾਰ ਬਾਦ ਉਹਨਾਂ ਟੋਡੀ ਰਾਗ ਸ਼ੁਰੂ ਕੀਤਾ। ਅੱਧ ਵਿਚ ਜਾ ਕੇ ਕਹਿਣ ਲੱਗੇ -ਅੱਜ ਦਾ ਪ੍ਰੋਗਰਾਮ ਦਾ ਤਾਲੀਮ ਲੈਣ ਦਾ ਸੀ ਮੈਂ ਕੁਝ ਸੀਖੂੰਗਾ ਆਪ ਭੀ ਕ੍ਰਿਪਾ ਕੀਜੀਏ। ਹੁਣ ਸਤਿਗੁਰੂ ਜੀ ਵੀ ਟੋਡੀ ਵਿਚ ਗਾਇਨ ਕਰਨ ਲੱਗੇ। ਨਾਲ ਹੀ ਰਾਜਨ ਜੀ ਸਨ। ਉਸਤਾਦ ਉਧੋ ਖਾਂ ਦੁਆਰਾ ਸਿਖਲਾਈ ਤਲਵੰਡੀ ਘਰਾਣੇ ਦੀ ਬੰਦਸ਼ "ਕਰਮ ਕਰ ਜਬ ਸਭ ਬਣ ਆਏ। ਮੋਰੇ ਕਹਾ ਕਛੂ ਹੋਤ ਨਾਹੀ ਜੋ ਲਿਖਿਆ ਲਿਲਾਟ ਸੋ ਮੈਂ ਬਾਢੂੰ। ਹੁਣ ਵੱਖ ਵੱਖ ਰਾਗਾਂ ਵਿਚ ਅਤੇ ਤਾਲਾਂ ਵਿਚ ਬੰਦਸ਼ਾਂ ਦਾ ਉਚਾਰਨ ਹੋਇਆ। ਗਿਆਰਾਂ ਮਾਤਰਾਂ, ਦਸ ਮਾਤਰਾਂ, ਬਾਰਾਂ ਚੌਦਾਂ ਸੋਲਾਂ ਮਾਤਰਾਂ ਦੀਆਂ ਬੰਦਸ਼ਾਂ ਨਾਲ ਨਾਲ ਗਾ ਰਹੇ ਸਨ ਅਤੇ ਹੋਰ ਸੰਗੀਤਾਰਥੀ ਵੀ ਗਾ ਰਹੇ ਸਨ। ਬਹੁਤ ਅਦਭੁਤ ਸਮਾਂ ਬਣਿਆ।

ਅਜਿਹੀਆਂ ਸਭਾਵਾਂ ਸ੍ਰੀ ਭੈਣੀ ਸਾਹਿਬ ਵਿਚ ਆਮ ਜਿਹੀ ਗੱਲ ਰਹੀਆਂ ਹਨ। ਕਦੀ ਰਾਜਨ ਸਾਜਨ ਆਏ ਹਨ, ਕਦੇ ਉਸਤਾਦ ਵਲਾਇਤ ਖਾਂ ਪਧਾਰੇ ਹਨ ਤੇ ਕਦੇ ਉਸਤਾਦ ਇਮਾਰਤ ਖਾਂ। ਕਦੇ ਬਿਰਜੂ ਮਹਾਰਾਜ ਕਦੇ ਦੁਰਗਾ ਲਾਲ ਕੱਥਕ ਤੇ ਕਦੇ ਗੰਗਾਨੀ ਭਰਾ। ਇਹ ਸਾਰੀ ਕਲਾਕਾਰੀ ਕਾਇਨਾਤ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਰਜੀ ਸ਼ਖ਼ਸੀਅਤ ਦੁਆਲੇ ਹੀ ਘੁੰਮਦੀ ਹੈ।

ਵਰਿਆਮ ਵਿਚ ਹੀ ਛਪੇ ਡਾ. ਵਰਿਆਮ ਸਿੰਘ ਸੰਧੂ ਦੇ ਸਫ਼ਰਨਾਮੇ ਵਿਚ ਸਤਿਗੁਰੂ ਜੀ ਦੀ ਇਸੇ ਕਲਾਕਾਰੀ ਕਾਇਨਾਤ ਦਾ ਵਰਨਣ ਇਵੇਂ ਹੈ:

"ਤੇ ਅੱਜ ਸਤਿਗੁਰੂ ਜੀ ਦਾ ਮੈਂ-ਇਕ ਹੋਰ ਹੀ ਨਵਾਂ ਰੂਪ ਦੇਖ ਰਿਹਾ ਸਾਂ। ਉਹਨਾਂ ਦੀ ਕਲਾਕਾਰ ਸ਼ਖਸੀਅਤ ਦੀਆਂ ਕਿੰਨੀਆਂ ਕੋਮਲ ਪਰਤਾਂਸਨ। ਅੱਜ ਉਹ ਆਪ ਬਹੁਤ ਹੀ ਪੁਰਾਣੀਆਂ ਤੇ ਮੁਲਵਾਨ ਕਲਾਸੀਕਲ ਬੰਦਿਸ਼ਾਂ ਦਾ ਗਾਇਨ ਅਤੇ ਵਿਆਖਿਆ ਕਰ ਰਹੇ ਸਨ ਤੇ ਗਾਇਨ ਵਿਚ ਰਾਜਨ ਤੇ ਸਾਜਨ ਭਰਾਵਾਂ ਨੂੰ ਸਾਥ ਦੇਣ ਲਈ ਕਹਿ ਰਹੇ ਸਨ, ਜਿਵੇਂ ਉਸਤਾਦ ਚੇਲਿਆਂ ਨੂੰ ਸੰਥਾ ਦੇ ਰਿਹਾ ਹੋਵੇ ਤੇ ਹੈ ਵੀ ਇੰਜ ਹੀ ਸੀ। ਕਿਸੇ ਬੰਦਿਸ਼ ਦਾ ਨਵਾਂ ਅਸਲ ਖ਼ਜ਼ਾਨਾ ਲੱਭਣ 'ਤੇ ਮਿਸ਼ਰਾ ਭਰਾ ਮੰਤਰ ਮੁਗਧ ਹੋਏ ਵਿਸਮਾਦ ਵਿਚ ਸਿਰ ਹਿਲਾ ਰਹੇ ਸਨ...।(ਵਰਿਆਮ, ਅਗਸਤ-ਅਕਤੂਬਰ 1997)

ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਿਰਸੰਦੇਹ ਭਾਰਤੀ ਸੰਗੀਤ ਜਗਤ ਨੂੰ ਨਵੀਆਂ ਮੰਜ਼ਿਲਾਂ ਬਖਸ਼ੀਆਂ ਹਨ। ਭਾਰਤੀ ਸੰਗੀਤ ਜਗਤ ਦੇ ਵੱਡੇ ਤੋਂ ਵੱਡੇ ਸਨਮਾਨਾਂ ਨਾਲ ਸਨਮਾਨਤ ਉਸਤਾਦ ਅਮਜਦ ਅਲੀ ਖਾਂ ਸਰੋਦ ਵਾਲਿਆਂ ਆਪਣੇ ਇਕ ਲੇਖ ਵਿਚ ਲਿਖਿਆ—

"ਬਹੁਤ ਪਿਛਲੀ ਗੱਲ ਨਾ ਕਰਕੇ ਅਜੇ ਹੁਣ ਦੇ ਹੀ ਕੁਝ ਮਹੀਨੇ ਪਹਿਲੇ, ਲੈਅ ਦੇ ਮਾਮਲੇ ਵਿਚ ਸਤਿਗੁਰੂ ਜੀ ਨੇ ਸੰਗੀਤ ਜਗਤ ਨੂੰ ਇਕ ਨਵੀਂ ਸੋਚ ਵਿਚਾਰ ਦਿੱਤੀ। ਮਿਸਾਲ ਦੇ ਤੌਰ ਤੇ ਸਵਾ ਚੌਦਾਂ ਮਾਤ੍ਰਾਂ ਦਾ ਤਾਲ, ਜਦੋਂ ਮੈਂ ਇਹ ਸੁਣੇ, ਅਤੇ ਸਿਰਫ ਤਾਲ ਹੀ ਨਹੀਂ ਸਗੋਂ ਉਹਨਾਂ ਸਭ ਵਿਚ ਇਕ ਇਕ ਧਰੁਪਦ, ਅਤੇ ਸਿਰਫ ਇਹ ਹੀ ਨਹੀਂ ਕਿ ਧਰੁਪਦ ਬਣਾ ਕੇ ਛੱਡ ਦਿੱਤਾ ਬਲਕਿ ਬਾਕਾਇਦਾ ਉਸ ਦੀਆਂ ਚਾਲਾਂ, ਅਤੇ ਚਾਲਾਂ ਨੂੰ ਏਨੀ ਆਸਾਨੀ ਨਾਲ ਵਰਤਿਆ ਜਿਵੇਂ ਤਿੰਨ ਤਾਲ ਵਿਚ ਹੀ ਗਾਇਨ ਵਾਦਨ ਹੋ ਰਿਹਾ ਹੋਵੇ। ਤਿੰਨ ਤਾਲ ਮੈਂ ਇਸ ਲਈ ਕਿਹਾ ਹੈ ਕਿਉਂਕਿ ਉਹ ਬਰਾਬਰ 16 ਮਾਤਰਾਂ ਦਾ ਤਾਲ ਹੈ ਜਿਸ ਨੂੰ ਹਿੰਦੁਸਤਾਨ ਦਾ ਹਰ ਆਦਮੀ ਸਮਝਦਾ ਹੈ ਕਿ ਇਹ ਆਸਾਨ ਤਾਲ ਹੈ। ਇਹਨਾਂ ਸਤਿਗੁਰੂ ਜੀ ਦੇ ਬਣਾਏ ਹੋਏ ਤਾਲਾਂ ਤੋਂ ਇੰਨਾਂ ਪ੍ਰਭਾਵਤ ਹੋਇਆ ਕਿ ਮੈਂ ਖੁਦ ਵੀ ਰਾਗ ਦੇਵ ਵਿਚ ਇਕ ਸਵਾ ਚੌਦਾਂ ਮਾਤ੍ਰਾਂ ਵਿਚ ਬੰਦਿਸ਼ ਬਣਾਨ ਦੀ ਕੋਸ਼ਿਸ਼ ਕੀਤੀ ਅਤੇ ਉਸ ਨੂੰ ਸਤੰਬਰ 77 ਵਿਚ ਕਲਕੱਤੇ ਦੀ ਇਕ ਬਹੁਤ ਵੱਡੀ ਕਾਨਫਰੰਸ 'ਸੁਰੇਸ਼ ਸੰਗੀਤ ਸੰਸਦ' ਵਿਚ ਵਜਾਇਆ ਅਤੇ ਸੁਣਨ ਵਾਲਿਆਂ ਨੇ ਉਸ ਦੀ ਖੂਬ ਦਾਦ ਦਿਤੀ"... (ਵਰਿਆਮ, ਸਤਿਗੁਰੂ ਜਗਜੀਤ ਸਿੰਘ ਅੰਕ 1978)

ਸਤਿਗੁਰੂ ਜੀ ਨੇ ਇਹ ਖੰਡ ਮਾਤਰਾ ਵਾਲੇ ਤਾਲ ਬੱਚਿਆਂ ਨੂੰ ਸਿਖਾਏ। ਇਸ ਸੰਬੰਧ ਵਿਚ ਬਹੁਤ ਸਾਰੀਆਂ ਉਦਾਹਰਣਾਂ ਹਨ ਇਥੇ ਕੇਵਲ ਇਕ ਸੰਗੀਤ ਸੰਮੇਲਨ

ਦੀ ਰਿਪੋਰਟ ਵਿਚੋਂ ਕੁਝ ਭਾਗ ਦਰਜ ਕਰਦੇ ਹਾਂ। ਏਵਾਨੇ ਗਾਲਿਬ ਹਾਲ ਦਿੱਲੀ ਵਿਚ ਹੋਏ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਦੀ 10 ਅਪਰੈਲ 1977 ਦੀ ਇਹ ਰਿਪੋਰਟ ਹੈ: "...ਇਸ ਪਿਛੋਂ ਇਕ ਅਦਭੁਤ ਆਈਟਮ ਪੇਸ਼ ਹੋਈ। ਸ੍ਰੀ ਭੈਣੀ ਸਾਹਿਬ ਸੰਗੀਤ ਵਿਦਿਆਲਾ ਦੇ 11 ਸਾਲਾ ਵਿਦਿਆਰਥੀ ਸੁਖਵਿੰਦਰ ਸਿੰਘ ਨੇ ਪਖਾਵਜ ਤੇ ਸਾਢੇ ਸੋਲਾਂ ਮਾਤਰਾਂ ਦਾ ਤਾਲ ਵਜਾ ਕੇ ਵੱਡੇ ਵੱਡੇ ਸੰਗੀਤਾਚਾਰੀਆਂ ਨੂੰ ਹੈਰਾਨ ਕਰ ਦਿੱਤਾ। ਹਾਰਮੋਨੀਅਮ ਤੇ ਸੁਖਵਿੰਦਰ ਦਾ ਹੀ ਭਰਾ ਸੁਖਦੇਵ ਸਿੰਘ ਨਗਮਾ ਦੇ ਰਿਹਾ ਸੀ। ਸਾਢੇ ਸੋਲਾਂ ਮਾਤਰਾਂ ਵਜਾਉਣੀਆਂ ਤੇ ਕਿਤੇ ਰਹੀਆਂ ਗਿਣਨੀਆਂ ਵੀ ਮੁਸ਼ਕਲ ਹੁੰਦੀਆਂ ਹਨ ਅਤੇ ਜਦੋਂ ਮੁਸ਼ਕਲ ਤਿਹਾਈਆਂ ਪਿਛੋਂ ਬਾਲ ਕਲਾਕਾਰ ਸਮ ਤੇ ਆਉਂਦਾ ਤਾਂ ਜਿਥੇ ਸ੍ਰੋਤੇ ਗੜਗਜਵੀਆਂ ਤਾਲੀਆਂ ਨਾਲ ਸੁਆਗਤ ਕਰਕੇ ਉਥੇ ਉਸਤਾਦ ਭਾਈ ਨਿਹਾਲ ਸਿੰਘ ਪਰਦੇ ਪਿੱਛੇ ਹੀ ਨੱਚਣ ਲਗ ਪੈਂਦਾ ਹੈ।" (ਵਰਿਆਮ, ਮਈ 1977, ਪੰਨਾ 25)

ਮਹਾਨ ਸਿਤਾਰ ਵਾਦਕ ਉਸਤਾਦ ਵਲਾਇਤ ਖਾਂ ਸਾਹਿਬ ਭਾਰਤੀ ਸੰਗੀਤ ਦੇ ਸ਼ਹਿਨਸ਼ਾਹ, ਸਿਤਾਰ ਦੇ ਜਾਦੂਗਰ, ਆਫਤਾਬੇ ਮੌਸੀਕੀ ਅਤੇ ਅਨੇਕਾਂ ਹੋਰਾਂ ਵਿਸ਼ੇਸ਼ਣਾਂ ਨਾਲ ਯਾਦ ਕੀਤੇ ਜਾਂਦੇ ਹਨ, ਜੋ ਉਹਨਾਂ ਦੀ ਸੰਗੀਤ ਜਗਤ ਵਿਚ ਸਿਰਮੌਰਤਾ ਨੂੰ ਜ਼ਾਹਰ ਕਰਦੇ ਹਨ। ਅੱਜਕਲ ਆਪ ਜ਼ਿਆਦਾ ਸਮਾਂ ਨਿਊਯਾਰਕ ਅਮਰੀਕਾ ਵਿਚ ਰਹਿੰਦੇ ਹਨ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਉਹ ਪੀਰ ਦਾ ਦਰਜਾ ਦਿੰਦੇ ਹਨ। ਅਨੇਕਾਂ ਸੰਗੀਤ ਮਿਲਣੀਆਂ ਉਹਨਾਂ ਨਾਲ ਹੋ ਚੁੱਕੀਆਂ ਹਨ। ਨਾਮਧਾਰੀ ਸੰਗੀਤ ਵਿਦਿਆਰਥੀਆਂ ਨੂੰ ਆਪ ਸੰਗੀਤ ਦੀ ਸਿਖਿਆ ਦੇਣ ਵਿਚ ਕਦੇ ਵੀ ਸੰਕੋਚ ਨਹੀਂ ਕਰਦੇ। ਇਕ ਮਿਲਣੀ ਖਾਂ ਸਾਹਿਬ ਦੇ ਨਿਊਯਾਰਕ ਵਾਲੇ ਨਿਵਾਸ ਅਸਥਾਨ ਤੇ 23 ਜੁਲਾਈ 1997 ਨੂੰ ਹੋਈ। ਖਾਂ ਸਾਹਿਬ ਨੇ ਬਹੁਤ ਦਿਨਾਂਬਾਦ ਸਤਿਗੁਰੂ ਜੀ ਦੀ ਆਮਦ ਨੂੰ ਮੁੱਖ ਰੱਖ ਕੇ ਸਿਤਾਰ ਵਾਦਨ ਕੀਤਾ। ਵਰਿਆਮ ਵਿਚ ਛਪੀ ਰਿਪੋਰਟ ਦੇਕੁਝ ਅੰਸ਼ ਹਾਜ਼ਰ ਹਨ:

"...ਵਜਦ ਵਿਚ ਆਏ ਖਾਂ ਸਾਹਿਬ ਸਿਤਾਰ ਵਾਦਨ ਦੇ ਨਾਲ ਮੁੱਖ ਤੋਂ ਗਾ ਕੇ ਵੀ ਸਤਿਗੁਰੂ ਜੀ ਨੂੰ ਰਿਝਾ ਰਹੇ ਸਨ। ਇਕ ਨਵਾਂ ਸੰਸਾਰ ਸਿਰਜਿਆ ਜਾ ਰਿਹਾ ਸੀ। ਅਰਜ਼ ਹੋਈ ਸਤਿਗੁਰੂ ਜੀ ਨੂੰ ਕਿਰਪਾ ਕਰਨ ਦੀ ਅਤੇ ਸੰਗੀਤ ਦੇ ਇਕ ਮਹਾਨ ਕਲਾਕਾਰ ਅੱਗੇ ਸਤਿਗੁਰੂ ਜੀ ਨੇ ਸੰਗੀਤ ਦੀ ਗੰਗਾ ਵਹਾ ਦਿੱਤੀ। ਰਾਗ ਬਿਲਾਵਲ, ਸ਼ੁਕਲ ਬਿਲਾਵਲ, ਅਲੱਹੀਆ ਬਿਲਾਵਲ, ਬਿਲਾਵਲ ਦੀ ਪੜਤਾਲ, ਸੂਹੀ, ਕੁੰਭ, ਹਮੀਰ, ਪੀਲੂ, ਮਲ੍ਹਾਰ ਦੇ ਕਈ ਪ੍ਰਕਾਰ ਬਹਾਰ, ਕੇਦਾਰ, ਗਾਰਾ, ਮਾਲਕੌਂਸ ਅਤੇ ਹੋਰ ਰਾਗਾਂ ਵਿਚ ਬੰਦਸ਼ਾਂ ਦਾ ਇਕ ਅਟੁੱਟ ਸਿਲਸਿਲਾ ਚਲਦਾ ਰਿਹਾ। ਸਤਿਗੁਰੂ ਜੀ ਬੰਦਸ਼ ਦੀ ਥੋਹੜੀ ਜਾਣਕਾਰੀ ਦੇ ਕੇ ਅਗਲੀ ਬੰਦਿਸ਼ ਸ਼ੁਰੂ ਕਰ ਦਿੰਦੇ। ਤਬਲੇ ਤੇ ਪਿੰਕੀ

ਅਤੇ ਗਾਇਨ ਵਿਚ ਸਹਿਯੋਗਾ ਮੋਹਨ ਸਿੰਘ, ਸੁਖਦੇਵ ਸਿੰਘ ਅਤੇ ਹਰਬੰਸ ਸਿੰਘ ਘੁੱਲਾ ਦਿੰਦੇ ਰਹੇ। ਕਦੇ ਚਾਰ ਤਾਲ ਦੇ ਧਰੁਪਦ, ਕਦੇ ਧਮਾਰ ਦੇ ਬੋਲ, ਕਦੇ ਝੱਪ ਤਾਲ ਕਦੇ ਇਕ ਤਾਲ ਕਦੇ ਤ੍ਰਿੰਨ ਤਾਲ ਅਤੇ ਕਦੇ ਇਕੋ ਬੰਦਿਸ਼ ਵਿਚ ਬਦਲਵੇਂ ਤਾਲਾਂ ਵਿਚ ਪੜਤਾਲ। ਖਾਂ ਸਾਹਿਬ ਗਦ ਗਦ ਹੋਏ ਬੰਦਸ਼ਾਂ ਤੇ ਝੂਮ ਵੀ ਰਹੇ ਸਨ, ਪਰਸੰਸਾ ਵੀ ਕਰ ਰਹੇ ਸਨ ਅਤੇ ਬੰਦਸ਼ਾਂ ਨੂੰ ਰਿਕਾਰਡ ਕਰਨ ਲਈ ਬੇਨਤੀ ਵੀ ਕਰ ਰਹੇ ਸਨ। ਸਤਿਗੁਰੂ ਜੀ ਨੇ ਅਹਲਈਆ ਬਿਲਾਵਲ ਵਿਚ ਬੰਦਸ਼ ਆਰੰਭੀ ਜਿਸ ਦੇ ਬੋਲ ਸਨ, "ਸੁਆਮੀ ਤੈਨੂੰ ਓਹ ਦਿਨ ਭੂਲ ਗਏ" ਤਾਂ ਖਾਂ ਸਾਹਿਬ ਕਹਿਣ ਲੱਗੇ "ਮੁਝੇ ਕੁਛ ਨਹੀਂ ਭੂਲਾ ਸਭ ਯਾਦ ਹੈ।" ਸੂਫ਼ੀ ਮਤ ਵਿਚ ਪੀਰਾਂ ਮੁਰਸ਼ਦਾਂ ਨਾਲ ਆਸ਼ਕ ਮਾਸ਼ੂਕ ਦੇ ਰਿਸ਼ਤੇ ਦੀ ਪਿੱਠਭੂਮੀ ਵਿਚ ਖਾਂ ਸਾਹਿਬ ਨੇਮ੍ਰੀ ਸਤਿਗੁਰੂ ਜੀ ਨੂੰ ਕਿਹਾ, "ਆਪ ਕੇ ਤੋ ਕਈ ਜਗਹ ਮਾਸ਼ੂਕ ਹੈਂ...ਏਕ ਯਹਾਂ ਹੈ।" (ਏਕ ਯਹਾਂ ਤੋਂ ਭਾਵ ਉਹਨਾਂ ਦੇ ਆਪਣੇ ਆਪ ਤੋਂ ਸੀ) "ਇਸੀ ਜ਼ਰੀਏ ਪੀਰ ਕੇ ਸਾਹਮਣੇ ਬੈਠੇ ਹੈ"।

"ਤੇਰੇ ਮਿਲਣ ਦਾ ਚਾਅ ਨੀ ਸਹੀਓ...ਅਬ ਕੋਊ ਕੈਸੇ ਹੋਰੀ ਖੇਲੇ...ਬਰਸਨ ਲਾਗੀ ਰੇ ਬਦਰੀਆ ਸਾਵਨ ਕੀ...ਗਰਜ ਗਰਜ ਘਟਿ ਛਾਈ...ਗਾਵਹੁ ਚਤੁਰੰਗ ਅਤਿ ਧੁ ਨਵੇਲਰੀ, ਜਾ ਜਾ ਰੇ ਕਾਗਾ ਜਾ ਰੇ..., ...ਨਾਹੀ ਪੜਤ ਪੀਆ ਬਿਨ ਚੈਨ" ਆਦਿਕ ਬੰਦਸ਼ਾਂ ਦੇ ਬੋਲਾਂ ਅਤੇ ਕੁਝ ਗੁਰਬਾਣੀ ਦੀਆਂ ਤੁਕਾਂ ਤੇ ਆਧਾਰਿਤ ਬੰਦਿਸ਼ਾਂ ਨਾਲ ਸਤਿਗੁਰੂ ਜੀ ਦਾ ਲਚਕੀਲਾ ਗਾਇਨ ਢੰਗ ਸਭ ਕੁਝ ਵਿਸਮਾਦ ਕਰਨ ਵਾਲਾ ਸੀ। ਖਾਂ ਸਾਹਿਬ ਦਾ ਸਮੁੱਚਾ ਘਰ ਸਰੋਤਿਆਂ ਨਾਲ ਭਰਪੂਰ ਸੀ ਅਤੇ ਇਸ ਇਤਿਹਾਸਕ ਅਤੇ ਯਾਦਗਾਰੀ ਮਹੱਤਵ ਵਾਲੀ ਇਸ ਸਭ ਵਿਚ ਅਤਿ ਪ੍ਰਸੰਨ ਮੁਦਰਾ ਵਿਚ ਉਸਤਾਦ ਵਲਾਇਤ ਖਾਂ ਸਾਹਿਬ ਕਹਿ ਰਹੇ ਸਨ:

"ਜੋ ਸੰਗੀਤ ਨਾਮਧਾਰੀ ਪੰਥ ਮੇਂ ਹੈ ਯਾ ਹਮ ਸੂਫ਼ੀ ਲੋਗੋ ਮੇਂ ਹੈ, ਯਹੀ ਏਕ ਜ਼ਰੀਆ ਹੈ ਜਿਸ ਸੇ ਹਮ ਮਾਲਕ ਕੋ ਪਾ ਸਕਤੇ ਹੈਂ। ਗੁਰੂ ਨਾਨਕ ਜੀ ਨੇ ਸੰਗੀਤ ਸੇ ਮਾਲਕ ਕੋ ਪਾਇਆ ਹੈ...ਮੇਰੇ ਪਾਸ ਜੋ ਸਾਜ਼ ਹੈਂ, ਵੋਹ ਮੇਰਾ ਖਜ਼ਾਨਾ ਹੈ। ਵੋਹ ਕਿਸੀ ਮਿਊਜ਼ੀਅਮ ਕੋ ਨਹੀਂ ਦੂੰਗਾ, ਵੋਹ ਭੈਣੀ ਸਾਹਿਬ ਭੇਜੂੰਗਾ।" (ਵਰਿਆਮ, ਅਗਸਤ-ਸਤੰਬਰ-ਅਕਤੂਬਰ 1997)

ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਵਿਚ ਨਾਮਧਾਰੀਆਂ ਨੇ ਭਾਰਤ ਦੇ ਨਵੀਨ ਸੰਗੀਤ ਇਤਿਹਾਸ ਤੇ ਇਕ ਐਸੀ ਮੋਹਰ ਲਾਈ ਹੈ ਜੋ ਸਮੇਂ ਦੇ ਬੀਤਣ ਨਾਲ ਹੋਰ ਵੀ ਉਘੜਵੀਂ ਹੋਵੇਗੀ।

ਨਾਮਧਾਰੀਆਂ ਕੋਲ ਜਿੱਥੇ ਸ਼ਾਸਤਰੀ ਸੰਗੀਤ ਦੀਆਂ ਸਾਰੀਆਂ ਹੀ ਨਵੀਨ ਰੌਂਵਾਂ ਸੁਰੱਖਿਅਤ ਹਨ, ਉਥੇ ਹੀ ਗੁਰਮਤ ਸੰਗੀਤ ਗੁਰਬਾਣੀ ਗਾਇਨ ਦੀ ਪਰੰਪਰਕ ਰੀਤਾਂ ਦਾ ਵੀ ਇਕ ਅਖੁੱਟ ਖਜ਼ਾਨਾ ਹੈ। ਇਹਨਾਂ ਦਾ ਵਿਸਥਾਰ ਪੂਰਵਕ ਵਰਣਨ ਹੋਰ ਵਿਦਵਾਨ

ਕਰ ਰਹੇ ਹਨ। ਉਂਜ ਇਹ ਵਿਸ਼ਾ ਬਹੁਤ ਵੱਡੀ ਪੁਸਤਕ ਦਾ ਹੈ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਵੇਲੇ ਜੋ ਰਾਗੀਆਂ-ਰਬਾਬੀਆਂ ਦੀਆਂ ਜੋੜੀਆਂ ਸਨ ਉਹਨਾਂ ਦਾ ਇਤਿਹਾਸ ਵਿਚ ਵਰਣਨ ਮਿਲਦਾ ਹੈ ਅਤੇ ਇਥੇ ਲੇਖ ਵਧਣ ਦੇ ਡਰੋਂ ਲਿਖਣ ਤੋਂ ਸੰਕੋਚ ਕੀਤਾ ਜਾ ਰਿਹਾ ਹੈ। ਪਰ ਇਸ ਅਖੁੱਟ ਖਜ਼ਾਨੇ ਦੀ ਕੇਵਲ ਗਵਾਹੀ ਵਜੋਂ ਹੀ ਪ੍ਰਸਿੱਧ ਸਿੱਖ ਵਿਦਵਾਨ ਸਵ. ਡਾਕਟਰ ਤਾਰਨ ਸਿੰਘ ਦੇ ਇਕ ਲੇਖ ਦਾ ਹਵਾਲਾ ਦਿੱਤਾ ਜਾਂਦਾ ਹੈ:

"ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਤੇ ਉਹਨਾਂ ਦੇ ਵੀਰ ਬਾਬਾ ਬੀਰ ਸਿੰਘ ਨੂੰ ਮਿਲਣ ਦਾ ਮੌਕਾ ਮੈਨੂੰ ਇਸ ਤਰ੍ਹਾਂ ਪ੍ਰਾਪਤ ਹੋਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਰਿਕਾਰਡ ਕਰਨ ਦੀ ਇਕ ਯੋਜਨਾ ਉਲੀਕੀ। ਯੋਜਨਾ ਇਹ ਸੀ ਕਿ ਸੁਪ੍ਰਸਿੱਧ ਰਾਗੀ ਜੱਥਿਆਂ ਅਤੇ ਸੰਗੀਤਕਾਰਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਪਹਿਲਾਂ ਟੇਪ ਰੀਕਾਰਡ ਕੀਤੀਆਂ ਜਾਣ ਅਤੇ ਫਿਰ ਉਹਨਾਂ ਦੀ ਨੋਟੇਸ਼ਨ ਕਰਾਈ ਜਾਵੇ ਅਤੇ ਨੋਟੇਸ਼ਨ ਪ੍ਰਕਾਸ਼ਿਤ ਕੀਤੀ ਜਾਵੇ। ਯੋਜਨਾ ਵਿਚ ਇਹ ਵੀ ਸ਼ਾਮਲ ਸੀ ਕਿ ਪਾਕਿਸਤਾਨ ਜਾ ਚੁੱਕੇ ਰਬਾਬੀਆਂ ਤੋਂ ਵੀ ਪੁਰਾਤਨ ਰੀਤਾਂ ਇਕੱਤਰ ਕੀਤੀਆਂ ਜਾਣ ਪਰ ਇਹ ਸੰਭਵ ਨਹੀਂ ਸੀ ਹੋ ਸਕਿਆ। ਇਸ ਯੋਜਨਾ ਨੂੰ ਹੱਥ ਵਿਚ ਲੈਣ ਲਈ ਪਹਿਲਾਂ ਇਹ ਜ਼ਰੂਰੀ ਸੀ ਕਿ ਜਿਨ੍ਹਾਂ ਰਾਗੀਆਂ ਤੇ ਸੰਗੀਤਕਾਰਾਂ ਪਾਸ ਪੁਰਾਤਨ ਰੀਤਾਂ ਦਾ ਖਜ਼ਾਨਾ ਹੈ ਉਹ ਲੱਭੇ ਜਾਣ। ਇਸ ਭਾਲ ਵਿਚ ਕਈ ਰਾਗੀਆਂ ਪਾਸੋਂ ਅਜ਼ਮਾਇਸ਼ੀ ਤੌਰ ਤੇ ਪੁਰਾਤਨ ਰੀਤਾਂ ਦੀ ਰੀਕਾਰਡਿੰਗ ਕੀਤੀ ਗਈ ਜਿਵੇਂ ਕਿ ਭਾਈ ਪ੍ਰਤਾਪ ਸਿੰਘ ਰਾਗੀ ਸੀਸ ਗੰਜ ਦਿੱਲੀ, ਸਵਰਗਵਾਸੀ ਭਾਈ ਸਮੁੰਦ ਸਿੰਘ ਜੀ, ਭਾਈ ਧਰਮ ਸਿੰਘ ਜੀ ਜ਼ਖ਼ਮੀ, ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਆਦਿ। ਇਸ ਸੰਬੰਧ ਵਿਚ ਪਤਾ ਲੱਗਾ ਕਿ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਅਤੇ ਬਾਬਾ ਬੀਰ ਸਿੰਘ ਜੀ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਦਾ ਬੜਾ ਵੱਡਾ ਖਜ਼ਾਨਾ ਹੈ। ਇਹ ਸਚਮੁੱਚ ਐਸਾ ਹੀ ਸੀ। ਇਸ ਸੰਬੰਧ ਵਿਚ ਮੈਂ ਤੇ ਮੇਰੇ ਸਾਥੀ ਸ. ਬਲਕਾਰ ਸਿੰਘ, ਬਾਬਾ ਬੀਰ ਸਿੰਘ ਜੀ ਨੂੰ ਮਿਲੇ। ਉਹਨਾਂ ਨੇ ਬੜੀ ਉਦਾਰਤਾ ਨਾਲ ਸੇਠ ਤਰਲੋਕ ਸਿੰਘ ਜੀ ਦੀ ਕੋਠੀ ਵਿਖੇ ਬਹੁਤ ਸਾਰੀਆਂ ਪੁਰਾਤਨ ਰੀਤਾਂ ਰਿਕਾਰਡਿੰਗ ਕਰਾਈਆਂ। ਇਸ ਤਰ੍ਹਾਂ ਮੇਰਾ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਅਤੇ ਬਾਬਾ ਬੀਰ ਸਿੰਘ ਜੀ ਨਾਲ ਸੰਪਰਕ ਬਣਿਆ...।" (ਵਰਿਆਮ, ਸਤਿਗੁਰੂ ਜਗਜੀਤ ਸਿੰਘ ਅੰਕ, ਜਨਵਰੀ-ਫਰਵਰੀ-ਮਾਰਚ 1978)

ਪ੍ਰਸਿੱਧ ਰਾਗੀ ਭਾਈ ਗੁਰਚਰਨ ਸਿੰਘ ਕੰਵਲ ਦਿੱਲੀ ਵਾਲਿਆਂ ਆਪਣੇ ਇਕ ਲੇਖ "ਕੀਰਤਨ ਦਰਬਾਰ ਤੇ ਇਨ੍ਹਾਂ ਦਾ ਪਿਛੋਕੜ" ਵਿਚ ਇਵੇਂ ਲਿਖਿਆ ਹੈ:

Sri Satguru Jagjit Singh Ji Elibrary NamdhariElibrary@gmail.com

"ਨਾਮਧਾਰੀ ਸੰਪਰਦਾਇ ਦੇ ਮੁਖੀ ਜਿਨ੍ਹਾਂ ਨੂੰ ਨਾਮਧਾਰੀ ਸੰਗਤ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਰਕੇ ਪੂਜਦੀ ਸੀ ਉਹ ਖ਼ੁਦ ਭੀ ਸੰਗੀਤ ਵਿਦਿਆ ਦੇ ਮਾਹਿਰ ਸਨ। ਗੁਰਮਤ ਕੀਰਤਨ ਦੀ ਪੁਰਾਤਨ ਮਰਿਆਦਾ ਬਰਕਰਾਰ ਰੱਖਣ ਦੇ ਭੀ ਇੱਛੁਕ ਸਨ। ਉਹਨਾਂ ਨੇ ਸ੍ਰੀ ਭੈਣੀ ਸਾਹਿਬ ਇਕ ਕੀਰਤਨ ਦਰਬਾਰ ਕਰਵਾਇਆ ਸੀ ਜਿਸ ਵਿਚ ਧਰੁਪੱਦ ਸ਼ੈਲੀ ਨੂੰ ਹੀ ਪ੍ਰਧਾਨ ਮੰਨਿਆ ਗਿਆ ਸੀ। ਸਚਖੰਡ ਨਿਵਾਸੀ ਭਾਈ ਹਰਨਾਮ ਸਿੰਘ ਟਿੱਬਾ ਨੂੰ ਧਰੁਪੱਦ ਗਾਇਨ ਕਰਕੇ ਪਹਿਲਾ ਇਨਾਮ ਦਿੱਤਾ ਗਿਆ ਸੀ। ਭਾਈ ਸਾਹਬਿ ਨੇ ਬਹੁਤ ਪੁਰਾਤਨ ਗੀਤ 'ਬਿਸਰ ਗਈ ਸਭ ਤਾਤ ਪਰਾਈ' ਵਾਲਾ ਸ਼ਬਦ ਰਾਗ ਕਾਨੜਾ ਵਿਚ ਗਾਇਆ ਸੀ। ਮਹਾਰਾਜਾ ਪ੍ਰਤਾਪ ਸਿੰਘ ਜੀ ਦਾ ਇਹ ਯਤਨ ਭੀ ਰਾਗੀ ਜੱਥਿਆਂ ਦਾ ਉਤਸ਼ਾਹ ਵਧਾਉਣ ਅਤੇ ਸੰਗਤਾਂ ਦੀ ਰੁਚੀ ਇਸ ਪਾਸੇ ਲਾਉਣ ਦੇ ਮਨੋਰਥ ਦੇ ਲਈ ਹੀ ਸੀ। ਭਾਵੇਂ ਨਾਮਧਾਰੀ ਸੰਗਤਾਂ ਵਿਚ ਬਹੁਤਾ ਕਰਕੇ ਹੱਲੇ ਦੀ ਧਾਰਨਾ ਉਪਰ ਕੀਰਤਨ ਹੁੰਦਾ ਚਲਿਆ ਆ ਰਿਹਾ ਹੈ ਪਰ ਫਿਰ ਭੀ ਨਾਮਧਾਰੀ ਸੰਗਤਾਂ ਵਿਚ ਕੀਰਤਨ ਦੀ ਮਰਿਆਦਾ ਨੂੰ ਕਾਇਮ ਰੱਖਣ ਦੇ ਯਤਨ ਅਕਸਰ ਹੁੰਦੇ ਰਹਿੰਦੇ ਹਨ ਕਿਉਂਕਿ ਹੁਣ ਵਾਲੇ ਮਹਾਰਾਜ ਬਾਬਾ ਜਗਜੀਤ ਸਿੰਘਜੀ ਪਿਤਾ ਜੀ ਵਾਂਗੂ ਸੰਗੀਤਕਾਰ ਹਨ।" (ਵਰਿਆਮ, ਜਨਵਰੀ-ਮਾਰਚ 1993, ਪੰਨਾ 45)

ਸ੍ਰੀ ਭੈਣੀ ਸਾਹਿਬ ਦੇ ਇਸ ਕੀਰਤਨ ਦਰਬਾਰ ਦੀ ਗੱਲ ਚਲ ਹੀ ਰਹੀ ਹੈ ਤਾਂ ਇਕ ਦਿਲਚਸਪ ਵਾਰਤਾ ਵੀ ਇਥੇ ਦਰਜ ਕਰਨੀ ਜੋਗ ਹੈ। "ਵਾਰਤਾ ਇਕ ਨਵੀਂ" ਲੇਖ ਲੜੀ ਅਧੀਨ ਸ੍ਰੀ ਭੈਣੀ ਸਾਹਿਬ ਦੇ ਪੁਰਾਣੇ ਵਿਦਿਆਰਥੀ ਅਤੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਪ੍ਰੀਤਮ ਸਿੰਘ ਪੰਛੀ ਨੇ ਇਕ ਲੇਖ ਲਿਖਿਆ ਸੀ "ਸੰਗੀਤ ਬਨਾਮ ਘੁੰਗਰੂ" ਭਾਵੇਂ ਸਾਡੇ ਪਰਚੇ ਦਾ ਆਕਾਰ ਕੁਝ ਵਧ ਜਾਵੇ ਪਰ ਇਥੇ ਦੇਣਾ ਪ੍ਰਸੰਗਕ ਜ਼ਰੂਰ ਹੋਵੇਗਾ। ਆਪ ਲਿਖਦੇ ਹਨ:

"1933 ਦਾ ਸਾਲ ਭੈਣੀ ਸਾਹਿਬ ਵਿਚ ਪੰਜਾਬ ਭਰ ਦੇ ਸੰਗੀਤਕਾਰਾਂ ਦਾ ਇਕੱਠ। ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਅੱਸੂ ਦੇ ਮੇਲੇ ਉੱਤੇ ਸੰਗੀਤ ਸੰਮੇਲਨ ਬੁਲਾਇਆ ਸੀ। ਸੰਗੀਤ ਮੁਕਾਬਲੇ ਵਿਚ ਪੰਜਾਬ ਤੋਂ ਬਾਹਰ ਦੇ ਕੁਝ ਪ੍ਰਸਿੱਧ ਸੰਗੀਤਕਾਰ ਵੀ ਸ਼ਿਰਕਤ ਸ਼ਾਮਲ ਹੋਏ ਸਨ। ਪਹਿਲਾ ਇਨਾਮ ਭਾਈ ਹਰਨਾਮ ਸਿੰਘ ਟਿੱਬਾ ਅਤੇ ਦੂਜਾ ਭਾਈ ਲਾਲ ਸਿੰਘ ਨੇ ਜਿੱਤਿਆ ਸੀ। ਤੀਸਰੇ ਵਿਜੇਤਾ ਦਾ ਨਾਂ ਯਾਦ 'ਚੋਂ ਲਹਿ ਗਿਆ ਹੈ।"

ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਦਾ ਇਹ ਉਪਰਾਲਾ ਕੋਈ ਨਵਾਂ ਨਹੀਂ ਸੀ। ਉਹ ਸੰਗੀਤਕਾਰਾਂ ਨੂੰ ਖ਼ਾਸ ਮੌਕਿਆਂ ਉੱਤੇ ਉਤਸ਼ਾਹਤ ਕਰਦੇ ਰਹਿੰਦੇ ਸਨ ਅਤੇ ਨਾਮਧਾਰੀ ਮਹਾਂਵਿਦਿਆਲੇ ਵਿਚ ਸੰਗੀਤ ਦੀ ਸਿਖਸ਼ਾ ਲਈ ਉਹਨਾਂ ਨੇ ਭਾਈ ਹਰਨਾਮ

ਸਿੰਘ ਚਵਿੰਡਾ ਤੇ ਰਾਮਪੁਰ ਦੇ ਮੁਸਲਮਾਨ ਸੰਗੀਤਕਾਰਾਂ ਨੂੰ ਨਿਯੁਕਤ ਕਰ ਰੱਖਿਆ ਸੀ। ਕਰਿਸ਼ਨਾ ਰਾਓ ਗਵਾਲੀਅਰ ਜਿਹੇ ਭਾਰਤ ਪ੍ਰਸਿੱਧ ਸੰਗੀਤਕਾਰਾਂ ਨੂੰ ਭੈਣੀ ਸਾਹਿਬ ਬੁਲਾ ਕੇ ਉਹ ਸਨਮਾਨ ਦਿੰਦੇ ਰਹਿੰਦੇ ਸਨ।

ਪਰ 1933 ਦਾ ਸੰਗੀਤ ਸੰਮੇਲਨ ਇਕ ਅਸਾਧਾਰਨ ਅਤੇ ਅਨੂਠਾ ਸਮਾਰੋਹ ਸੀ ਜਿਸ ਵਿਚ ਸਾਨੂੰ ਤਿੰਨ ਦਿਨ ਤਕ ਪੰਜਾਬ ਭਰ ਕੇ ਸੰਗੀਤਕਾਰਾਂ ਨੂੰ ਸੁਣਨ ਦਾ ਮੌਕਾ ਮਿਲਿਆ ਸੀ। ਉਦੋਂ ਦੇ ਕਈ ਧੁਰੰਧਰ ਸੰਗੀਤਕਾਰਾਂ ਦੀਆਂ ਲੰਮੀਆਂ ਤਾਨਾਂ ਅੱਜ ਵੀ ਕੰਨਾਂ ਵਿਚ ਗੂੰਜਦੀਆਂ ਹਨ। ਕਲਾ ਦੇ ਖੇਤਰ ਵਿਚ ਸ਼ਾਇਦ ਇਹ ਪਹਿਲਾ ਚਮਤਕਾਰ ਸੀ, ਜਿਸ ਨੂੰ ਬਾਕੀ ਸਿਖ ਸੰਪਰਦਾਵਾਂ ਨੇ ਵੀ ਕਬੂਲ ਕੀਤਾ ਸੀ ਅਤੇ ਉਹਨਾਂ ਨੇ ਇਸ ਨੂੰ ਸਿੱਖਾਂ ਦੀ ਸੰਗੀਤ-ਪਰੰਪਰਾ ਵਿਚ ਇਕ ਮੀਲ-ਪੱਥਰ ਦਸਿਆ ਸੀ।

ਸਮਾਰੋਹ ਖ਼ਤਮ ਹੋਇਆ। ਪਹਿਲਾ, ਦੂਜਾ ਅਤੇ ਤੀਜਾ ਇਨਾਮ ਜਿੱਤਣ ਵਾਲਿਆਂ ਤੋਂ ਬਿਨਾਂ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਦੀਆਂ ਪਾਰਖੂ ਨਜ਼ਰਾਂ ਸਾਹਮਣੇ ਇਕ ਦਰਜਨ ਹੋਰ ਸੰਗੀਤਕਾਰ ਅਜਿਹੇ ਸਨ ਜਿਹਨਾਂ ਨੂੰ ਉਹ ਕਿਸੇ ਨਾ ਕਿਸੇ ਤਰ੍ਹਾਂ ਨਿਵਾਜਣਾ ਚਾਹੁੰਦੇ ਸਨ।

ਉਹ ਆਪਣੇ ਪਸ਼ੂਆਂ ਵਾਲੇ ਤਬੇਲੇ ਵਿਚ ਗਏ। ਇਕ ਇਕ ਗਊ ਨੂੰ ਪਿਆਰ ਭਰੀ ਥਾਪੜੀ ਦਿੱਤੀ ਅਤੇ ਫਿਰ ਇਕ ਦਰਜਨ ਗਊਆਂ ਛਾਂਟਦਿਆਂ ਕਿਹਾ, "ਇਹਨਾਂ ਦੇ ਗਲੀਂ ਘੁੰਗਰੂ ਬੰਨ੍ਹੋ। ਜਦੋਂ ਇਹ ਚਲਣ ਤਾਂ ਇਹਨਾਂ ਦੇ ਘੁੰਗਰੂਆਂ ਦੀ ਆਵਾਜ਼ ਤੋਂ ਸੰਗੀਤਕਾਰਾਂ ਨੂੰ ਪਤਾ ਲੱਗੇ ਕਿ ਸਾਡੀਆਂ ਗਊਆਂ ਸਿਰਫ਼ ਦੁੱਧ ਹੀ ਨਹੀਂ ਦਿੰਦੀਆਂ ਸਗੋਂ ਇਕ ਸੁਰ, ਇਕ ਲੈਅ ਵਿਚ ਘੁੰਗਰੂਆਂ ਦੇ ਸਾਜ਼ਾਂ 'ਚੋਂ ਸੰਗੀਤ ਵੀ ਪੈਦਾ ਕਰ ਸਕਦੀਆਂ ਹਨ, ਇਹ ਗਊਆਂ ਬਾਰਾਂ ਚੰਗੇ ਸੰਗੀਤਕਾਰਾਂ ਨੂੰ ਦਿੱਤੀਆਂ ਜਾਣਗੀਆਂ।

ਸਕੂਲ ਦੇ ਬੱਚਿਆਂ ਲਈ ਉਹ ਮਨੋਰੰਜਨ ਦਾ ਦਿਨ ਸੀ। ਅਸੀਂ ਗੁਰਦੁਆਰੇ ਦੀ ਡਿਉਢੀ ਤੋਂ ਥੋੜਾ ਅਗਾਂਹ ਭੱਠੇ ਕੋਲ ਦੀ ਪੱਕੀ ਸੜਕ ਨੂੰ ਜਾਂਦੇਰਾਹ ਵੱਲ ਮੂੰਹ ਕੇ ਖੜੋ ਗਏ ਸਾਂ। ਸੰਗੀਤਕਾਰ ਗਊਆਂ ਨੂੰ ਅਗਾਂਹ ਸੜਕ ਵਲ ਨੂੰ ਧਰੂੰਹਦੇ। ਉਹ ਰੱਸੇ ਤੁੜਾ ਕੇ ਪਿਛਾਂਹ ਆਪਣੇ ਤਬੇਲੇ ਵੱਲ ਦੌੜਦੀਆਂ। ਸਾਡੇ ਲਈ ਇਹ ਮਨੋਰੰਜਨ ਸੀ ਪਰ ਸੰਗੀਤਕਾਰਾਂ ਲਈ ਗਊਆਂ ਨੂੰ ਲਿਜਾਣਾ ਇਕ ਮੁਸੀਬਤ ਹੋ ਗਈ ਸੀ।

ਇਹ ਸੰਘਰਸ਼ ਦੁਪਹਿਰਾਂ ਤਕ ਚਲਦਾ ਰਿਹਾ। ਅਖੀਰ ਹਾਰ ਕੇ ਸੰਗੀਤਕਾਰ, ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਰਨ ਆਏ। ਬੋਲੇ, "ਮਹਾਰਾਜ! ਸਾਡਾ ਇਮਤ੍ਿਹਾਨ ਨਾ ਲਓ, ਆਪਣੀਆਂ ਗਊਆਂ ਸੰਭਾਲੋ। ਇਹਨਾਂ ਦਾ ਦੁੱਧ ਪੀਣਾ ਸਾਡੇ ਭਾਗਾਂ ਵਿਚ ਨਹੀਂ ਲਿਖਿਆ ਹੋਇਆ। ਪਰ ਇਕ ਬੇਨਤੀ ਜ਼ਰੂਰ ਕਰਾਂਗੇ, ਸਾਨੂੰ ਇਨਾਮ ਵਜੋਂ ਇਹਨਾਂ ਦੇ ਗਲੀਂ ਬੱਝੇ ਘੁੰਗਰੂ ਦੇ ਦਿਉ। ਘੁੰਗਰੂਆਂ ਦਾ ਸੰਗੀਤ ਸਾਨੂੰ ਭੈਣੀ

ਸਾਹਿਬ ਦੇ ਇਸ ਇਤਿਹਾਸਕ ਸੰਗੀਤ ਸੰਮੇਲਨ ਦੀ ਯਾਦ ਨੂੰ ਤਾਜ਼ਾ ਰੱਖਣ ਦੀ ਪ੍ਰੇਰਣਾ ਦਿੰਦਾ ਰਹੇਗਾ।" (ਵਰਿਆਮ, ਜੂਨ 1977)

ਇਸ ਵੇਲੇ ਵੀ ਨਾਮਧਾਰੀ ਸੰਗੀਤਕਾਰਾਂ ਦੀ ਨਵੀਂ ਪੀੜ੍ਹੀ ਨੂੰ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੜੀ ਮਿਹਨਤ ਨਾਲ ਪੁਰਾਣੀਆਂ ਗੁਰਮਤ ਗੀਤਾਂ, ਜੋ ਆਪ ਨੇ ਰਬਾਬੀ ਉਸਤਾਦਾਂ ਪਾਸੋਂ ਸਿੱਖੀਆਂ ਹਨ ਅਤੇ ਧਰੁਪਦਸ਼ੈਲੀ ਤੇ ਆਧਾਰਿਤ ਹਨ, ਸਿਖਾਈਆਂ ਹਨ। ਇਸ ਤੋਂ ਇਲਾਵਾ ਬਹੁਤ ਦੁਰਲੱਭ ਸੁਰਤਾਲ ਰਚਨਾਵਾਂ ਨਵੀਆਂ ਕੰਪੋਜ਼, ਕੀਤੀਆਂ ਹਨ, ਜੋ ਬਹੁਤ ਆਕਰਸ਼ਕ ਹਨ ਅਤੇ ਜਦੋਂ ਗੁਣੀ ਜਣਾਂ ਦੀ ਸਭਾ ਵਿਚ ਉਹ ਸੁਣਾਈਆਂ ਜਾਂਦੀਆਂ ਹਨ ਤਾਂ ਦੁਨੀਆਂ ਹੀ ਬਦਲ ਜਾਂਦੀ ਹੈ।

ਗੁਰਮਤ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੀਆਂ ਸਾਰੀਆਂ ਸ਼ੈਲੀਆਂ ਵਿਚ ਤਾਂ ਸੰਗੀਤ ਵਿਦਿਆਰਥੀਆਂ ਨੂੰ ਮੁਹਾਰਤ ਪ੍ਰਕਾਸ਼ ਕੀਤੀ ਗਈ ਹੈ ਪਰ ਨਾਲ ਨਾਲ ਹੀ ਸਰਲ ਸੰਗੀਤ ਵਿਚ ਹੁੰਦਾ ਕੀਰਤਨ 'ਹੱਲੇ ਦਾ ਦੀਵਾਨ' ਜਿਸ ਵਿਚ ਢੋਲਕ ਛੈਣਿਆਂ ਨਾਲ ਰਵਾਇਤੀ ਢੰਗ ਦਾ ਕੀਰਤਨ ਕੀਤਾ ਜਾਂਦਾ ਹੈ ਉਸ ਦੀਆਂ ਗੀਤਾਂ ਵੀ ਆਸਾ ਦੀ ਵਾਰ ਦੇ ਕੀਰਤਨ ਵਾਸਤੇ ਰਾਗਾਂ ਵਿਚ ਨਿਬੱਧ ਕੀਤੀਆਂ ਹੁੰਦੀਆਂ ਹਨ। ਕੀਰਤਨਕਾਰ ਭਾਵੇਂ ਬਕਾਇਦਾ ਰਾਗ ਨਹੀਂ ਸਿੱਖੇ ਹੁੰਦੇ ਪਰ ਉਹੋ ਸੁੱਤੇ ਸਿੱਧ ਹੀ ਆਸਾ, ਭੈਰਵ, ਭੈਰਵੀ, ਆਸਾਵਰੀ, ਦੇਸ-ਸੋਰਠ ਆਦਿ ਰਾਗਾਂ ਦੀਆਂ ਬੰਦਸ਼ਾਂ ਵਿਚ ਰਸ ਅਤੇ ਵਜਦ ਭਰਪੂਰ ਕੀਰਤਨ ਕਰਦੇ ਹਨ। ਇਸ ਤਰ੍ਹਾਂ ਸ੍ਰੀ ਭੈਣੀ ਸਾਹਿਬ ਵਿਚ ਸੰਗੀਤ ਦੇ ਸਾਰੇ ਰੂਪ, ਸੁਗਮ ਸੰਗੀਤ, ਗੁਰਮਤ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੀਆਂ ਸਭ ਸ਼ੈਲੀਆਂ ਅਤੇ ਪ੍ਰਕਾਰ ਸੁਰੱਖਿਅਤ ਹਨ।

ਸ੍ਰੀ ਭੈਣੀ ਸਾਹਿਬ ਸੰਗੀਤ ਦਾ ਅਦਭੁਤ ਕੇਂਦਰ ਹੈ।

# ਨਾਮਧਾਰੀ ਪੰਥ : ਵਿਰਸਾ ਤੇ ਵਰਤਮਾਨ

**ਡਾ. ਦੇਵਿੰਦਰ ਸਿੰਘ**

ਇਸਲਾਮੀ ਸਭਿਆਚਾਰ ਦੇ ਭਾਰਤੀ ਸਭਿਆਚਾਰ ਉਪਰ ਹਾਵੀ ਹੋਣ ਨਾਲ, ਜਿੱਥੇ ਹਿੰਦੁਸਤਾਨ ਦੇ ਧਰਮ ਸਾਧਕਾਂ ਉਪਰ ਕਾਫ਼ੀ ਅਸਰ ਹੋਇਆ, ਉਥੇ ਗੁਰੂ ਨਾਨਕ ਦੇਵ ਦੁਆਰਾ ਕਹੀ ਗਈ ਹੇਠਲੀ ਤੁਕ, ਸਾਡੀ ਤਵੱਜੋ ਮੰਗਦੀ ਹੈ:

*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*

*(ਰਾਗ ਧਨਾਸਰੀ ਮਹਲਾ ੧)*

ਖੱਤਰੀ, ਹਿੰਦੂਆਂ ਦੇ ਚਾਰ ਵਰਨਾਂ ਵਿਚੋਂ ਦੂਜਾ ਪ੍ਰਮੁੱਖ ਵਰਨ ਮੰਨਿਆ ਗਿਆ ਹੈ, ਜਿਸਦਾ ਮੂਲ ਕਰਤੱਵ ਪਰਜਾ ਨੂੰ ਡੈ ਤੋਂ ਬਚਾਉਣਾ ਹੈ। ਗੁਰੂ ਨਾਨਕ ਦੇਵ ਦੀ ਇਹ ਟਿੱਪਣੀ ਉਹਨਾਂ ਦੇ ਆਪਣੇ ਮੂਲ ਧਰਮ (ਕਰਤੱਵ) ਨੂੰ ਛੱਡਣ ਨਾਲ ਸੰਬੰਧਿਤ ਹੈ। ਮਲੇਛ, ਉਹ ਸ਼ਬਦ ਹੈ ਜਿਸਦਾ ਅਰਥ ਨਾ ਸਮਝਿਆ ਜਾ ਸਕੇ। ਇਸ ਤਰ੍ਹਾਂ ਮਲੇਛ ਭਾਖਿਆ, ਉਸ ਬੋਲੀ ਵੱਲ ਇਸ਼ਾਰਾ ਹੈ, ਜੋ ਸਮਝ ਗੋਚਰੀ ਨਹੀਂ। ਗੁਰੂ ਨਾਨਕ ਦੇਵ ਦੀ ਇਹ ਟਿੱਪਣੀ, ਹਿੰਦੁਸਤਾਨ ਦੇ ਇਕ ਮਹੱਤਵਪੂਰਨ ਵਰਣ ਦੇ ਕਾਰਜ ਅਤੇ ਉਸਦੀਂ ਇਸਲਾਮੀ ਸਭਿਆਚਾਰ ਨੂੰ ਕਬੂਲਣ ਬਾਰੇ, ਇਕ ਮਹੱਤਵਪੂਰਨ ਦਸਤਾਵੇਜ਼ ਹੈ। ਇਥੇ ਗੁਰੂ ਨਾਨਕ ਦੇਵ ਜੀ ਵਲੋਂ ਹਿੰਦੁਸਤਾਨੀਆਂ ਦੇ ਸਵਾਰਥ ਵੱਸ ਹੋ ਕੇ ਗਾਯਤ੍ਰੀ ਆਦਿ ਦਾ ਤਿਆਗ ਕਰ, ਕਲਮਾ ਅੰਗੀਕਾਰ ਕਰਨ ਉਪਰ ਵਿਅਕਤੀਗਤ ਉਦਾਸੀਨਤਾ ਹੈ। ਸੰਸਕ੍ਰਿਤ ਵਿਦਵਾਨਾਂ ਨੇ 'ਮਲੇਛ' ਸ਼ਬਦ ਦਾ ਪ੍ਰਯੋਗ ਵਿਦੇਸ਼ੀਆਂ ਅਤੇ ਆਰੀਆ ਧਰਮ ਵਿਰੁੱਧ ਲੋਕਾਂ ਲਈ ਭੀ ਵਰਤਿਆ ਹੈ ਅਤੇ ਮਲੇਛ ਵਿਅਕਤੀਆਂ ਨੂੰ ਪਾਪ ਕਰਨ ਵਾਲਾ ਪੁਰਸ਼, ਕੁਕਰਮ ਅਤੇ ਅਨਿਆਇ ਕਰਨ ਵਾਲਾ ਵਿਅਕਤੀ ਵੀ ਕਿਹਾ ਹੈ। ਬੌਧਾਨਯ ਰਿਸ਼ੀ ਦਾ ਇਕ ਸ਼ਲੋਕ ਹੈ:

*ਗੋਮਾਂਸ ਖਾਦਕੋ ਯਸਤੁ ਵਿਰੁਧੰ ਬਹੁ ਭਾਸ਼ਤੇ।*
*ਸਰਵਾਚਾਰ ਵਿਹੀਨਸ਼ਯ ਮਲੇਛ ਇਤੀ ਬਿਧੀਯਤੇ।*

ਅਰਥਾਤ ਜੋ ਗਊ ਦਾ ਮਾਸ ਖਾਂਦਾ ਹੈ, ਵੇਦ ਵਿਰੁੱਧ ਬੋਲਦਾ ਹੈ ਅਤੇ ਜਿਸਦਾ ਉੱਤਮ ਆਚਾਰ ਨਹੀਂ, ਉਹ ਮਲੇਛ ਹੈ।

ਹਿੰਦੁਸਤਾਨ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਇਹ ਬਦੇਸ਼ੀਆਂ ਦੇ ਹਮਲਿਆਂ ਦਾ ਸ਼ਿਕਾਰ ਰਿਹਾ ਹੈ ਅਤੇ ਇਨ੍ਹਾਂ ਹਮਲਿਆਂ ਦਾ ਦਰਵਾਜ਼ਾ ਪੰਜਾਬ ਰਿਹਾ ਹੈ। ਕੁਝ

Sri Satguru Jagjit Singh Ji Elibrary NamdhariElibrary@gmail com

ਅੰਦਰੂਨੀ ਕਮਜ਼ੋਰੀਆਂ ਕਾਰਨ, ਬਦੇਸ਼ੀ ਇਸ ਉਪਰ ਹਾਵੀ ਰਹੇ ਅਤੇ ਰਾਜ ਕਰਦੇ ਰਹੇ। ਇਸ ਪ੍ਰਕਿਰਿਆ ਵਿਚ, ਉਹ ਬਾਹਰੋਂ ਆਈ ਕੌਮ ਦੇ ਧਰਮ, ਰਹੁ-ਰੀਤਾਂ, ਕਾਰ-ਵਿਹਾਰ, ਖਾਣ-ਪੀਣ, ਰਸਮੋ-ਰਿਵਾਜਾਂ ਤੇ ਬੋਲੀ ਨੂੰ ਅਪਨਾਉਣ 'ਚ ਫ਼ਖ਼ਰ ਮਹਿਸੂਸ ਕਰਦੇ ਰਹੇ। ਇਸ ਖੇਤਰ ਵਿਚ ਵੱਡੇ ਲੋਕਾਂ ਦੇ ਬੇਰੁਖੀ ਤੇ ਪਰ-ਸਭਿਆਚਾਰ ਕਬੂਲਣ ਦੀ ਰੁਚੀ ਅਤੇ ਸਾਧਾਰਨ ਲੋਕਾਂ ਦੀ ਧਰਮ-ਪਰਿਵਰਤਨ ਦੀ ਆਦਤ ਨੇ, ਹਿੰਦੁਸਤਾਨੀਆਂ ਦੇ ਸਭਿਆਚਾਰ ਨੂੰ ਵੱਡੇ ਰੂਪ ਵਿਚ ਪ੍ਰਭਾਵਿਤ ਕੀਤਾ।

ਪੂਰੇ ਸੌ ਸਾਲ ਬਾਅਦ, ਅਰਥਾਤ 1799 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ, ਇਸੇ ਸਮੁਦਾਇ ਵਿਚੋਂ ਉਭਰ ਕੇ, ਲਾਹੌਰ ਉਪਰ ਕਬਜ਼ਾ ਕਰਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਦੀ ਨੀਂਹ ਰੱਖਦਾ ਹੈ। ਇਸ ਤਰ੍ਹਾਂ ਰਣਜੀਤ ਸਿੰਘ, ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਦੇ ਪੂਰਤੀ ਹੀ ਨਹੀਂ ਕਰਦਾ ਸਗੋਂ ਆਪਣੇ ਕਬਜ਼ੇ ਰਾਹੀਂ ਹਿੰਦੁਸਤਾਨ ਵਿਚ ਆਜ਼ਾਦੀ ਦੇ ਸੰਕਲਪ ਦੀ ਪੇਸ਼ਕਾਰੀ ਕਰਦਾ ਹੈ। 1801 ਈਸਵੀ ਵਿਚ ਉਹ ਮਹਾਰਾਜਾ ਦੇ ਰੂਪ ਵਿਚ ਆ ਕੇ, ਪੰਜਾਬ ਉਪਰ ਕਾਬਜ਼ ਹੁੰਦਾ ਹੈ ਅਤੇ 'ਸਰਕਾਰ' ਦੇ ਰੂਪ ਵਿਚ ਪੇਸ਼ ਹੁੰਦਾ ਹੈ। ਇਹ ਸਮਾਂ ਉਹ ਸੀ, ਜਦੋਂ ਹਿੰਦੁਸਤਾਨ ਦਾ ਬਾਕੀ ਇਲਾਕਾ ਅੰਗਰੇਜ਼ਾਂ ਦੇ ਅਧੀਨ ਸੀ। ਮਹਾਰਾਜਾ ਰਣਜੀਤ ਸਿੰਘ ਦੀ ਦੂਰ-ਅੰਦੇਸ਼ੀ, ਰਾਜਸੀ ਸੂਝ, ਸੂਰਬੀਰਤਾ ਅਤੇ ਲੀਡਰਸ਼ਿਪ ਨੂੰ ਜਾਣਦਿਆਂ ਅੰਗਰੇਜ਼ਾਂ ਨੂੰ ਉਸ ਨਾਲ ਸੰਧੀ ਕਰਨ ਲਈ ਮਜਬੂਰ ਹੋਣਾ ਪਿਆ। ਰਣਜੀਤ ਸਿੰਘ ਦੇ ਐਸੇ ਚਰਿਤ੍ਰ ਦਾ ਵਰਣਨ ਜੰਗਨਾਮਾ ਸ਼ਾਹ ਮੁਹੰਮਦ ਵਿਚ ਬਾਖ਼ੂਬੀ ਚਿਤਰਿਤ ਹੈ:

*ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਇਆ।*
*ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ, ਜੰਮੂ ਕਾਂਗੜਾ ਕੋਟ ਨਿਵਾਇ ਗਿਆ।*
*ਹੋਰ ਦੇਸ਼ ਲੱਦਾਖ਼ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾਇ ਗਿਆ।*
*ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ।*

ਰਣਜੀਤ ਸਿੰਘ ਦੇ ਰਾਜ ਭਾਗ ਦੀ ਐਸੀ ਸੋਭਾ ਨੇ, ਅੰਗਰੇਜ਼ ਹਕੂਮਤ ਨੂੰ ਵੀ ਅਤਿ ਪ੍ਰਭਾਵਿਤ ਕੀਤਾ ਅਤੇ ਆਖ਼ਿਰ 1808 ਈਸਵੀ ਵਿਚ Sir Charles Matcalfe ਨੇ ਅੰਗਰੇਜ਼ ਸਰਕਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਨਾਲ ਮਿੱਤਰਤਾ ਜਤਾ ਕੇ, 25 ਅਪਰੈਲ 1809 ਨੂੰ ਸੰਧੀ ਕੀਤੀ, ਜਿਸ ਅਨੁਸਾਰ ਸਤਲੁਜ ਦਰਿਆ ਇਸ ਪਾਰ ਰਣਜੀਤ ਸਿੰਘ ਤੇ ਉਸ ਪਾਰ ਅੰਗਰੇਜ਼ ਕਾਬਜ਼ ਰਹਿਣਗੇ। ਤਾਕਤਵਰ ਵਿਦੇਸ਼ੀਆਂ ਵੱਲੋਂ ਇਹ ਸੰਧੀ ਸਾਧਾਰਨ ਘਟਨਾ ਨਹੀਂ ਸੀ। 1839 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਸੁਰਗਵਾਸ ਹੋਇਆ। ਰਣਜੀਤ ਸਿੰਘ ਦੇ ਰਾਜ ਬਾਅਦ ਕਰੁਣਾਮਈ ਚਿਤ੍ਰਣ ਇਸ ਦੌਰ ਦੇ ਪੰਜਾਬੀ ਸਾਹਿਤ ਵਿਚ ਕੀਤਾ ਮਿਲਦਾ ਹੈ:

Sri Satguru Jagjit Singh Ji Elibrary NamdhariElibrary@gmail.com

ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਤਲਵਾਰ ਦਰਬਾਰ ਮੀਆਂ।.......
ਵੀਰ ਸਿੰਘ ਨੂੰ ਮਾਰਿਆ ਡਾਹਿ ਤੋਪਾਂ
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ॥.......
ਕਿਹਾ ਬੁਰਛਿਆਂ ਆਣ ਅੰਧੇਰ ਪਾਇਆ
ਜੇਹੜਾ ਬਹੇ ਗੱਦੀ ਉਹ ਨੂੰ ਮਾਰ ਲੈਂਦੇ॥.......
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,
ਖ਼ਾਲੀ ਨਹੀਂ ਜਾਂਦਾ ਕੋਈ ਵਾਰ ਮੀਆਂ।

ਕਾਬਿਲ ਵਾਰਿਸ ਦੀ ਅਣਹੋਂਦ, ਸਵਾਰਥੀ ਚਰਿਤ੍ਰ, ਅਨੈਤਿਕਤਾ ਤੇ ਆਪੋ ਧਾਪੀ ਨੇ ਆਜ਼ਾਦ ਪੰਜਾਬ ਨੂੰ ਇਕ ਵਾਰ ਫੇਰ ਗ਼ੁਲਾਮ ਬਣਾ ਦਿੱਤਾ ਅਤੇ ਆਖਿਰ 5 ਅਪਰੈਲ 1849 ਈਸਵੀ ਵਿਚ ਪੰਜਾਬ ਸਮੇਤ ਸਮੁੱਚਾ ਹਿੰਦੁਸਤਾਨ ਅੰਗਰੇਜ਼ੀ ਰਾਜ ਦੇ ਅਧੀਨ ਹੋ ਗਿਆ।

ਅੰਗਰੇਜ਼ਾਂ ਦੀਆਂ ਚਕਾਚੌਂਧ ਕਰਨ ਵਾਲੀਆਂ ਯੋਜਨਾਵਾਂ ਅਤੇ ਈਸਾਈ ਮਤ ਦਾ ਪ੍ਰਚਾਰ ਤੇ ਪ੍ਰਸਾਰ, ਇਕ ਵਾਰ ਫੇਰ ਕਈ ਵਿਅਕਤੀਆਂ ਨੂੰ ਹਲੂਣ ਗਿਆ। ਸਮੂਹਿਕ ਧਰਮ ਪਰਿਵਰਤਨ, ਅੰਗਰੇਜ਼ੀ ਸਭਿਆਚਾਰ ਦਾ ਪ੍ਰਸਾਰ ਤੇ ਫੈਲਾਉ, ਭਾਰਤ ਤੇ ਵਿਸ਼ੇਸ਼ ਕਰ ਪੰਜਾਬ ਵਿਚ ਕੁਝ ਐਸੀਆਂ ਸੰਸਥਾਵਾਂ ਤੇ ਸੰਗਠਨਾਂ ਦੇ ਉਦੈ ਦਾ ਕਾਰਨ ਬਣਦਾ ਹੈ ਜੋ ਅੰਗਰੇਜ਼ੀ ਸਰਕਾਰ ਦੀਆਂ ਐਸੀਆਂ ਨੀਤੀਆਂ ਦੇ ਵਿਰੋਧ ਵਿਚੋਂ ਪੈਦਾ ਹੁੰਦੀਆਂ ਹਨ। ਈਸਾਈ ਮਤ ਨੇ ਪੰਜਾਬ ਦੇ ਜਨਜੀਵਨ ਉਪਰ ਵੀ ਡੂੰਘਾ ਪ੍ਰਭਾਵ ਪਾਇਆ ਅਤੇ ਸਿੱਟੇ ਵਜੋਂ ਬਾਕੀ ਧਰਮਾਂ ਦੇ ਨਾਲ ਨਾਲ ਸਿੱਖ ਸਮੁਦਾਇ ਨੇ ਵੀ ਐਸੇ ਪ੍ਰਭਾਵਾਂ ਦਾ ਗੰਭੀਰ ਨੋਟਿਸ ਲਿਆ। ਪਰੰਤੂ ਐਸੇ ਪ੍ਰਭਾਵਾਂ ਪ੍ਰਤੀ ਸੁਚੇਤ ਕਰਨ ਲਈ, ਇਹਨਾਂ ਸਮੁਦਾਵਾਂ ਤੇ ਸੰਗਠਨਾਂ ਦੇ ਪੈਰੋਕਾਰ, ਅੰਗਰੇਜ਼ੀ ਸਰਕਾਰ ਨਾਲ ਕਿਸੇ ਪ੍ਰਕਾਰ ਦੇ ਟਕਰਾਉ ਤੋਂ ਗੁਰੇਜ਼ ਹੀ ਕਰਦੇ ਰਹੇ।

ਇਸ ਦ੍ਰਿਸ਼ਟੀ ਤੋਂ ਬਾਬਾ ਰਾਮ ਸਿੰਘ ਦਾ ਸਮੁਦਾਇ ਤੇ ਉਹਨਾਂ ਦੀ ਸੋਚ ਪ੍ਰਾਰੰਭ ਤੋਂ ਹੀ, ਸਿੱਧੇ ਟਕਰਾਉ ਵਾਲੀ ਤੇ ਨਾ-ਮਿਲਵਰਤਣ ਵਾਲੀ ਦੇਖੀ ਜਾ ਸਕਦੀ ਹੈ। ਇਸੇ ਲਈ, ਨਾਮਧਾਰੀ ਸੰਗਠਨ, ਇਸ ਦੌਰ ਦਾ ਮਹੱਤਵਪੂਰਨ ਸੰਗਠਨ ਪ੍ਰਵਾਨ ਕੀਤਾ ਜਾਂਦਾ ਹੈ। ਲਾਹੌਰ ਦਰਬਾਰ ਦੀ ਸਿੱਖ ਸੈਨਾ ਦੇ ਮੈਂਬਰ ਦੀ ਹੈਸੀਅਤ ਵਿਚ ਆਪ ਰਾਜਸੀ, ਧਾਰਮਿਕ ਤੇ ਅੰਗਰੇਜ਼ੀ ਸਰਕਾਰ ਦੀਆਂ ਨੀਤੀਆਂ ਤੋਂ ਭਲੀਭਾਂਤ ਵਾਕਿਫ਼ ਸਨ ਅਤੇ ਰਣਜੀਤ ਸਿੰਘ ਦੇ ਸੁਰਗਵਾਸ ਬਾਅਦ ਸਿੱਖ ਰਾਜ ਵਿਚ ਆਏ ਨਿਘਾਰ ਤੋਂ ਵੀ ਭਲੀਭਾਂਤ ਜਾਣੂ ਸਨ। ਐਸੀ ਸੋਚ ਨੇ ਹੀ ਆਪ ਨੂੰ ਬਾਬਾ ਬਾਲਕ ਸਿੰਘ ਦੀ ਸ਼ਰਨ ਵਿਚ ਆਉਣ ਅਤੇ ਸਿੱਖ ਸੈਨਾ ਨੂੰ ਤਿਆਗਣ ਦਾ ਮੌਕਾ ਪ੍ਰਦਾਨ ਕੀਤਾ।

Sri Satguru Jagjit Singh Ji Elibrary NamdhariElibrary@gmail.com

ਆਖਿਰ ਉਹਨਾਂ, ਭੈਣੀ ਸਾਹਿਬ ਵਿਖੇ, ਇਸ ਸੰਗਠਨ ਦਾ ਮੁੱਖ ਕੇਂਦਰ ਸਥਾਪਤ ਕੀਤਾ, ਜੋ ਦੁਨੀਆਂ ਵਿਚ, ਇਸ ਸੰਗਠਨ ਦੇ ਪੈਰੋਕਾਰਾਂ ਲਈ ਸਤਿਕਾਰਤ ਤੇ ਪ੍ਰਵਾਨਿਤ ਧਰਮ ਅਸਥਾਨ ਹੈ। ਇਸ ਪੰਥ ਦੇ ਪ੍ਰਚਾਰ ਤੇ ਪ੍ਰਸਾਰ ਲਈ, ਉਹ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਰਦੇ ਰਹੇ ਅਤੇ ਆਪਣੇ ਤਰਖਾਣਾ ਕਿੱਤੇ ਨੂੰ ਵੀ ਤਿਆਗਿਆ ਨਹੀਂ।

ਨਾਮਧਾਰੀ ਪੰਥ ਦੀ ਬੁਨਿਆਦ ਵਧੇਰੇ ਕਰਕੇ, ਗੁਰਮਤਿ ਪਰੰਪਰਾ ਦੇ ਪਰਿਪੇਖ ਵਿਚ ਹੀ ਮਹੱਤਵ ਰੱਖਦੀ ਹੈ ਅਤੇ ਇਸਦਾ ਅਧਿਆਤਮਕ ਤੇ ਸਮਾਜਕ ਆਧਾਰ, ਗੁਰਮਤਿ ਆਦਰਸ਼ਾਂ ਉਪਰ ਹੀ ਆਧਾਰਿਤ ਹੈ। ਇਸੇ ਲਈ ਬਾਬਾ ਰਾਮ ਸਿੰਘ ਦੁਆਰਾ ਸਥਾਪਤ ਇਹ ਸੰਗਠਨ, ਗੁਰੂ ਨਾਨਕ ਦੁਆਰਾ ਸਥਾਪਤ ਸਿੱਧਾਂਤਾਂ ਦੇ ਨਾਲ ਨਾਲ (ਜੋ ਵਧੇਰੇ ਕਰਕੇ ਆਤਮਿਕ ਜਾਗ੍ਰਿਤੀ ਦੇ ਸੂਚਕ ਹੋ ਕੇ, ਸਮਾਜਿਕ ਜਾਗ੍ਰਿਤੀ ਲਿਆਉਣ ਲਈ ਪ੍ਰਯਤਨ ਸੀ) ਗੁਰੂ ਗੋਬਿੰਦ ਸਿੰਘ ਦੇ ਰਾਜਨੀਤਕ ਚੇਤਨਾ ਸੰਬੰਧੀ ਉਦੇਸ਼ਾਂ ਨਾਲ ਵੀ ਓਤਪ੍ਰੋਤ ਹੈ। ਇਸੇ ਲਈ ਨਾਮਧਾਰੀ ਪੰਥ ਦੇ ਸਿੱਧਾਂਤਾਂ ਨੂੰ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਧਾਂਤਾਂ ਦਾ ਸਮਨਵੈ ਪ੍ਰਵਾਨ ਕੀਤਾ ਜਾ ਸਕਦਾ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ:

> *ਸੰਨ 1841 ਵਿਚ ਨੌਕਰੀ ਛੱਡ ਕੇ (ਬਾਬਾ ਰਾਮ ਸਿੰਘ) ਛੱਈ ਪਿੰਡ (ਜ਼ਿਲਾ ਅਟਕ) ਦੇ ਵਸਨੀਕ ਬਾਬਾ ਬਾਲਕ ਸਿੰਘ ਜੀ ਦੇ, (ਜਿਹਨਾਂ ਨੇ ਹਜ਼ਰੋ ਵਿਚ ਭਗਤੀ ਦਾ ਬਹੁਤ ਪ੍ਰਚਾਰ ਕੀਤਾ), ਚਾਟੜੇ ਹੋ ਕੇ ਨਾਮ ਉਪਦੇਸ਼ ਲੀਤਾ ਅਰ ਭੈਣੀ ਵਿਚ ਨਿਵਾਸ ਕਰਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ, ਇਸ ਮਤ ਦੇ ਸਿੱਖ ਸਫੇਦ ਵਸਤਰ ਅਤੇ ਚਿੱਟੀ ਉਂਨ ਦੀ ਮਾਲਾ ਰੱਖਦੇ ਵਾਹਿਗੁਰੂ ਮੰਤ੍ਰ ਦਾ ਉਪਦੇਸ਼ ਕੰਨ ਵਿਚ ਦਿੱਤਾ ਜਾਂਦਾ ਹੈ, ਅੰਮ੍ਰਿਤ ਇਕ ਪਾਤ੍ਰ ਵਿਚ ਇਕੱਠਾ ਨਹੀਂ ਛਕਾਉਂਦੇ ਹਨ, ਹਵਨ ਦੇ ਵੱਡੇ ਪ੍ਰੇਮੀ ਹਨ, ਅਨੰਦ ਵਿਆਹ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਿਕ੍ਰਮਾ ਦੀ ਥਾਂ ਵੇਦੀ ਗੱਡ ਕੇ ਅਗਨਿ ਵਿਚ ਹੋਮ ਕਰਕੇ ਲਾਵਾਂ ਪੜ੍ਹਦੇ ਹਨ, ਬਹੁਤ ਪ੍ਰੇਮੀ, ਹਾਲ ਵਿਚ ਮਸਤ ਹੋ ਕੇ ਚੀਕਾਂ (ਕੂਕਾਂ) ਮਾਰ ਉਠਦੇ ਹਨ ਅਰ ਦਸਤਾਰ ਉਤਾਰ ਕੇ ਨੱਚਣ ਟੱਪਣ ਲਗ ਜਾਂਦੇ ਹਨ, ਜਿਸ ਤੋਂ ਕੂਕਾ ਸੰਗਿਆ ਹੋ ਗਈ, ਵਾਸਤਵ ਵਿਚ ਪੰਥ ਦੀ ਸੰਗਯਾ 'ਨਾਮਧਾਰੀਆਂ' ਹੈ।*
>
> (ਮਹਾਨ ਕੋਸ਼, ਪੰਨਾ 1033-34)

ਇਹਨਾਂ ਪੱਖਾਂ ਵਿਚ ਹਵਨ ਦਾ ਪ੍ਰੇਮੀ ਹੋਣਾ, ਵੇਦੀ ਦਾ ਪ੍ਰਯੋਗ ਅਤੇ ਅੰਮ੍ਰਿਤ ਛਕਾਉਣ ਦਾ ਢੰਗ ਭਾਵੇਂ ਸਿੱਖ ਧਰਮ ਤੋਂ ਕੁਝ ਓਪਰਾ ਹੈ ਪਰੰਤੂ ਇਸ ਪੰਥ ਦਾ ਹਰ ਅਨੁਯਾਈ, ਸਿੱਖ ਧਰਮ ਵਿਚ ਪੂਰਨ ਵਿਸ਼ਵਾਸ ਰੱਖਦਾ ਹੈ। ਇਸਦੇ ਅਨੁਯਾਈਆਂ ਦਾ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਚ ਪੂਰਨ ਵਿਸ਼ਵਾਸ ਇਸ ਦੀ ਹਾਮੀ ਭਰਦਾ

Sri Satguru Jagjit Singh Ji Elibrary NamdhariElibrary@gmail.com

ਹੈ। ਇਸੇ ਦਸਤਾਵੇਜ਼ ਵਿਚ ਜਾਤਪਾਤ ਦੇ ਵਿਤਕਰੇ ਤੋਂ ਉਪਰ ਉੱਠ ਕੇ ਸਿੱਖੀ ਜੀਵਨ ਜੀਵਣਾ, ਵਰਣ ਵਿਤਕਰੇ ਤੋਂ ਉਪਰ ਉਠ ਕੇ ਵਿਵਾਹ ਦੀ ਖੁੱਲ੍ਹ, ਵਿਧਵਾ ਵਿਆਹ 'ਚ ਯਕੀਨ, ਨਸ਼ਿਆਂ ਤੋਂ ਪ੍ਰਹੇਜ਼, ਸੱਚ ਦੇ ਪੈਰੋਕਾਰ ਹੋਣਾ, ਸਭ ਨੂੰ ਨਾਲ ਲੈ ਕੇ ਚੱਲਣਾ, ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਣਾ ਅਤੇ ਸਫੇਦ ਬਸਤਰ ਪਹਿਨਣਾ ਤੇ ਮਾਲਾ ਨੂੰ ਇਸ ਪੰਥ ਦੇ ਪੈਰੋਕਾਰਾਂ ਵਿਚ ਮੂਲ ਪ੍ਰਵਾਨ ਕੀਤਾ ਜਾਂਦਾ ਹੈ।

ਬਾਬਾ ਰਾਮ ਸਿੰਘ, ਇਨ੍ਹਾਂ ਅਧਿਆਤਮਕ ਉਦੇਸ਼ਾਂ ਦੇ ਨਾਲ ਨਾਲ, ਇਸ ਪੰਥ ਦੇ ਪੈਰੋਕਾਰਾਂ ਲਈ ਰਾਜਸੀ ਚੇਤਨਾ ਦੇ ਵੀ ਹਾਮੀ ਸਨ। ਸਿੱਖ ਰਾਜ ਦੇ ਪੱਤਨ ਬਾਅਦ ਉਹਨਾਂ ਨੇ ਈਸਾਈ ਮਤ ਦੇ ਵਿਰੋਧ ਲਈ, ਸਿੱਖ ਧਰਮ ਦੇ ਪ੍ਰਸਾਰ ਤੇ ਪ੍ਰਚਾਰ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਇਸਦੇ ਨਾਲ ਹੀ ਆਪ ਅੰਗਰੇਜ਼ੀ ਰਾਜ ਦੇ ਰਾਜਨੀਤਕ ਦ੍ਰਿਸ਼ਟ ਪੱਖਾਂ, ਸਭਿਆਚਾਰਕ ਪ੍ਰਭਾਵਾਂ ਅਤੇ ਧਰਮ ਪਰਿਵਰਤਨ ਤੋਂ ਵੀ ਕਾਫ਼ੀ ਚਿੰਤਤ ਸਨ। ਇਸੇ ਲਈ, ਉਹ ਆਪਣੇ ਪੰਥ ਦੇ ਪੈਰੋਕਾਰਾਂ ਨੂੰ ਅੰਗਰੇਜ਼ੀ ਵਿਦਿਆ ਪੜ੍ਹਾਉਣ ਵਿਦੇਸ਼ੀ ਪੋਸ਼ਾਕ ਅਤੇ ਨਸ਼ਿਆਂ ਦਾ ਪ੍ਰਯੋਗ ਕਰਨ ਤੇ ਮਾਸਾਹਾਰੀ ਹੋਣ ਦੇ ਵੀ ਸਖ਼ਤ ਵਿਰੋਧੀ ਸਨ। ਇਥੋਂ ਤਕ ਕਿ ਉਹ ਡਾਕਖਾਨਿਆਂ ਤੇ ਰੇਲ ਦੇ ਪ੍ਰਯੋਗ ਦੇ ਵੀ ਵਿਰੋਧੀ ਸਨ। ਇਕ ਤਰ੍ਹਾਂ ਨਾਲ ਉਹਨਾਂ ਅੰਗਰੇਜ਼ਾਂ ਦੀ ਹਰ ਸਹੂਲਤ ਨੂੰ ਨੁਕਰਾ ਕੇ, ਭਾਰਤੀ ਜੀਵਨ-ਜਾਚ ਲਈ ਪਰੇਰਿਆ। 'ਸੌ ਸਾਖੀਆਂ' ਵਿਚ ਅੰਗਰੇਜ਼ੀ ਸਾਮਰਾਜ ਦੇ ਵਿਰੋਧ ਸੰਬੰਧੀ ਅਨੇਕ ਵਿਵਰਣ ਮਿਲਦੇ ਹਨ।

ਐਸੀ ਭਾਵਨਾ ਅਧੀਨ ਹੀ ਆਪ ਦੇ ਸੇਵਕਾਂ ਉਪਰ ਸਰਕਾਰੀ ਏਜੰਸੀਆਂ ਦੀ ਕਰੜੀ ਨਜ਼ਰ ਸੀ ਅਤੇ ਕਈ ਸਿੱਖ, ਅੰਗਰੇਜ਼ੀ ਸਾਮਰਾਜ ਦੀਆਂ ਸਖ਼ਤੀਆਂ ਤੋਂ ਬਚਣ ਲਈ, ਇਸ ਪੰਥ ਨਾਲੋਂ ਆਪਣੇ ਆਪ ਨੂੰ ਵੱਖਰੇ ਰੱਖਦੇ ਸਨ। ਇਥੋਂ ਤਕ ਕਿ ਉਹਨਾਂ ਨੂੰ 'ਤਨਖਾਹੀਆ' ਵੀ ਕਰਾਰ ਦਿੱਤਾ ਜਾਂਦਾ ਸੀ। ਬਾਬਾ ਰਾਮ ਸਿੰਘ ਦੀ ਇਸ ਰਾਜਸੀ ਜਾਗ੍ਰਿਤੀ ਨੇ, ਅੰਗਰੇਜ਼ ਸਰਕਾਰ ਨੂੰ ਬਹੁਤ ਚਿੰਤਿਤ ਕਰ ਦਿੱਤਾ ਅਤੇ ਉਹ ਇਸ ਪੰਥ ਦੀ ਹਰ ਹਰਕਤ ਤੇ ਨਜ਼ਰ ਰੱਖਦੇ ਸਨ। ਸਰਕਾਰ ਦੀਆਂ ਨੀਤੀਆਂ ਵਿਚ ਇਸ ਪੰਥ ਦੇ ਸਿੱਧਾਂਤਾਂ ਵਿਚ, ਕੁਝ ਐਸੇ ਪੱਖ ਦਰਜ ਕਰਕੇ, ਇਸ ਨੂੰ ਬਦਨਾਮ ਕਰਨ ਦੇ ਪ੍ਰਯਾਸਾਂ ਵੱਲ ਇਸ਼ਾਰਾ ਵੀ ਮਿਲਦਾ ਹੈ:

> "In the papers relating to Kooka Sect, the Govt. account details the following leading features of the doctrines of Baba Ram Singh, '..., but advocates much too-free-intercourse between the sexes, men and women rave together at his meetings, and thousands of women and young girls have joined the sect...." (Dr. Gopal Singh, **A History of the Sikh People, p.608)**

ਇਸ ਸਮੇਂ, ਇਕ ਗੱਲ ਸਪਸ਼ਟ ਸੀ ਕਿ ਅੰਗਰੇਜ਼ੀ ਸਾਮਰਾਜ ਦੇ ਸਾਹਮਣੇ, ਇਸ ਪੰਥ ਦੇ ਅਨੁਯਾਈ, ਇਕ ਗੰਭੀਰ ਚੈਲੰਜ ਵਾਂਗ ਸਨ। ਉਹਨਾਂ ਨੂੰ ਇਸ ਗੱਲ ਦਾ ਡਰ ਸੀ ਕਿ ਇਕ ਦਿਨ ਇਹ ਸਾਡੇ ਵਿਨਾਸ਼ ਦਾ ਕਾਰਨ ਬਣ ਸਕਦੇ ਹਨ। ਇਸੇ ਲਈ 1872 ਈਸਵੀ ਵਿਚ, ਆਪਣੇ ਸ਼ਾਕਾਹਾਰੀ ਅਤੇ ਗਊ-ਰਖਿਅਕ ਸਿੱਧਾਂਤਾਂ ਨੂੰ ਮੁੱਖ ਰੱਖਕੇ, ਜਿਉਂ ਹੀ ਉਹਨਾਂ ਮਲੇਰਕੋਟਲੇ ਦੇ ਕੁਝ ਬੁੱਚੜਾਂ ਦਾ ਕਤਲ ਕੀਤਾ ਤਾਂ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੇ ਬਿਨਾਂ ਕਿਸੇ ਜਾਂਚ ਪੜਤਾਲ ਦੇ, 49 ਨਾਮਧਾਰੀ ਸਿੱਖਾਂ ਨੂੰ ਤੋਪਾਂ ਸਾਹਮਣੇ ਖੜੇ ਕਰਕੇ ਉਡਾਇਆ ਅਤੇ ਅਗਲੇ ਦਿਨ ਸੋਲ੍ਹਾਂ ਨੂੰ ਵੀ ਤੋਪਾਂ ਸਾਹਮਣੇ ਖੜੇ ਕਰਕੇ ਉਡਾ ਦਿੱਤਾ। ਇਸੇ ਘਟਨਾ ਦੀ ਆੜ ਵਿਚ, ਬਾਬਾ ਰਾਮ ਸਿੰਘ ਨੂੰ ਦੇਸ਼-ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ ਗਿਆ, ਜਿਥੇ ਉਹ 29 ਨਵੰਬਰ, 1885 ਨੂੰ ਸੁਰਗਵਾਸ ਹੋਏ ਦਸੇ ਜਾਂਦੇ ਹਨ।

ਇਸ ਤਰ੍ਹਾਂ, ਉਹਨਾਂ ਦੁਆਰਾ ਚਲਾਈ ਸਮਾਜੀ-ਧਾਰਮਿਕ ਲਹਿਰ, ਇਕ ਸ਼ਕਤੀਸ਼ਾਲੀ ਰਾਜਨੀਤਕ ਲਹਿਰ ਵਜੋਂ ਉੱਭਰ ਕੇ ਸਾਹਮਣੇ ਆਈ ਜਿਸਨੇ ਗ਼ੁਲਾਮੀ ਤੇ ਆਜ਼ਾਦੀ ਦੇ ਤੁਲਨਾਤਮਕ ਪੱਖ ਨੂੰ ਪੇਸ਼ ਕਰਕੇ, ਸਮੁੱਚੇ ਭਾਰਤੀਆਂ ਤੇ ਵਿਸ਼ੇਸ਼ ਕਰਕੇ, ਪੰਜਾਬੀਆਂ ਵਿਚ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾਈਆਂ। ਇਹ ਇਕ ਤਰ੍ਹਾਂ ਨਾਲ, ਭਾਰਤੀਆਂ ਵਿਚ ਰਾਸ਼ਟਰੀ ਚੇਤਨਾ ਪੈਦਾ ਕਰਨ ਦਾ ਸਭ ਤੋਂ ਪ੍ਰਥਮ ਪ੍ਰਯਾਸ ਸੀ। ਇਸ ਵਕਤ ਬੇਸ਼ਕ ਆਰੀਆ ਸਮਾਜ, ਸਿੰਘ ਸਭਾ ਲਹਿਰ ਆਦਿ ਦੇ ਅਨੁਯਾਈ ਵੀ ਅੰਗਰੇਜ਼ਾਂ ਦੀਆਂ ਵਧੀਕੀਆਂ ਤੇ ਨੀਤੀਆਂ ਤੋਂ ਪਰੇਸ਼ਾਨ ਸਨ ਪਰ ਜਿਸ ਉੱਚੀ ਸੁਰ ਨਾਲ ਨਾਮਧਾਰੀ ਪੰਥ ਨੇ, ਅੰਗਰੇਜ਼ਾਂ ਨਾਲ ਮੱਥਾ ਲਾਇਆ, ਓਨੀ ਉੱਚੀ ਸੁਰ ਹੋਰ ਕਿਸੇ ਲਹਿਰ/ਪੰਥ ਵਿਚ ਦਿਖਾਈ ਨਹੀਂ ਦਿੰਦੀ। ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਤਾਂ੍ਹ ਇਸਦੇ ਉਦੇਸ਼ਾਂ ਵਿਚ ਸਾਫ਼ ਸਪੱਸ਼ਟ ਕਰ ਦਿੱਤਾ ਸੀ ਕਿ ਐਸਾ ਕੋਈ ਕਦਮ ਨਹੀਂ ਚੁੱਕਣਾ ਜਿਸ ਨਾਲ ਅੰਗਰੇਜ਼ੀ ਹਕੂਮਤ ਖ਼ਫਾ ਹੋਵੇਂ। ਬਾਬਾ ਰਾਮ ਸਿੰਘ, ਰੰਗੂਨ ਤੋਂ ਆਪਣੇ ਅਨੁਯਾਈਆਂ ਨੂੰ ਚਿੱਠੀਆਂ ਰਾਹੀਂ, ਆਪਣੇ ਉਦੇਸ਼ਾਂ ਤੇ ਅੰਗਰੇਜ਼ੀ ਸਰਕਾਰ ਦੀਆਂ ਨੀਤੀਆਂ ਪ੍ਰਤੀ ਜਾਗਰੂਕ ਕਰਦੇ ਰਹੇ।

ਨਾਮਧਾਰੀ ਪੰਥ ਦਾ ਮੂਲ, ਗੁਰਮਤਿ ਦੀ ਫਿਲਾਸਫ਼ੀ ਵਿਚ ਅਥਾਹ ਵਿਸ਼ਵਾਸ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਸਥਾਪਿਤ ਰਾਜਸੀ ਚੇਤਨਾ ਹੈ। ਇਸੇ ਲਈ, ਨਾਮਧਾਰੀ ਪੰਥ ਦਾ ਵਿਰਸਾ, ਇਕ ਮਹਾਨ ਵਿਰਸਾ ਹੈ, ਜੋ ਕਈ ਸੁਨਹਿਰੇ ਅਸੂਲਾਂ ਨੂੰ ਆਪਣੇ ਵਿਚ ਲੁਕੋਈ ਬੈਠਾ ਹੈ।

ਬਾਬਾ ਰਾਮ ਸਿੰਘ ਦੀ ਸਮੁੱਚੀ ਵਿਚਾਰਧਾਰਾ ਗੁਰਮਤਿ ਪਰਿਕ੍ਰਮਾ ਦੀ ਅਨੁਸਾਰੀ ਹੈ। ਇਹ ਗੁਰਮਤਿ ਆਸ਼ੇ ਦੇ ਅਨੁਕੂਲ ਹੈ। ਸਗੋਂ ਇਹ ਐਸਾ ਪੰਥ ਹੈ ਜੋ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਗੁਰਮਤਿ ਆਦੇਸ਼ਾਂ ਦੇ ਨਾਲ ਨਾਲ ਗੁਰੂ ਗੋਬਿੰਦ ਸਿੰਘ ਦੀ ਫਿਲਾਸਫ਼ੀ ਦਾ ਖ਼ੂਬਸੂਰਤ ਸਮਨਵੈ ਹੈ। ਇਸੇ ਲਈ ਇਸ ਸੰਗਠਨ ਦਾ ਵਰਤਮਾਨ, ਇਸਦੇ ਵਿਰਸੇ ਵਿਚ ਨਿਹਿਤ ਹੈ ਅਤੇ ਇਹ ਵਰਤਮਾਨ ਉੱਜਵਲ ਵੀ ਹੈ।

# ਨਾਮਧਾਰੀ ਸੰਪ੍ਰਦਾਇ ਦਾ ਆਧੁਨਿਕ ਪਰਿਪੇਖ

ਡਾ. ਗੁਰਸ਼ਰਨ ਕੌਰ ਜੱਗੀ

ਸਿੱਖ ਧਰਮ ਵਿਚ ਵਿਕਸਿਤ ਹੋਈਆਂ ਸੰਪ੍ਰਦਾਵਾਂ ਵਿਚੋਂ ਸ਼ੁੱਧ, ਸਾਤਵਿਕ ਅਤੇ ਤੇਜਸਵੀ ਤੱਤਵਾਂ ਨਾਲ ਸਰਾਬੋਰ ਨਾਮਧਾਰੀ ਸੰਪ੍ਰਦਾਇ ਦਾ ਇਤਿਹਾਸ ਇਤਨਾ ਜੀਵੰਤ, ਇਤਨਾ ਕਾਰਜਸ਼ੀਲ ਅਤੇ ਇਤਨਾ ਭਵਿੱਖਮੁਖੀ ਹੈ ਕਿ ਇਸ ਦੇ ਮੁਕਾਬਲੇ ਤੇ ਸੰਸਾਰ ਦੀ ਕਿਸੇ ਧਾਰਮਿਕ ਸੰਪ੍ਰਦਾਇ ਨੂੰ ਰੱਖ ਸਕਣਾ ਸਰਲ ਨਹੀਂ ਹੈ।

ਇਹ ਹੰਸ ਸਰੂਪੀ ਨਾਮਧਾਰੀ ਸੰਕਟ ਸਹਿਨ ਕਰਨ ਦੇ ਸਮਰਥ ਹੀ ਨਹੀਂ, ਉਸ ਵਿਚੋਂ ਉਭਰਨ ਦੇ ਵੀ ਸਮਰਥ ਹਨ। ਉਭਰਨ ਦੇ ਹੀ ਨਹੀਂ, ਪੁਨਰ ਸਥਾਪਤ ਹੋਣ ਦੀ ਸਮਰਥਾ ਵੀ ਰਖਦੇ ਹਨ, ਕਿਉਂਕਿ ਇਨ੍ਹਾਂ ਨੂੰ ਨਾਮ ਦੀ ਜੋ ਗੁੜ੍ਹਤੀ ਮਿਲਦੀ ਹੈ ਉਹ ਇਨ੍ਹਾਂ ਨੂੰ ਅਮਰਤਾ ਦੇ ਉਜਲੇ ਮਾਰਗ ਉਤੇ ਅੱਗੇ ਤੋਰਦੀ ਹੈ। ਨਾਮ ਦੀ ਜੋਤਿ ਤੋਂ ਪ੍ਰਕਾਸ਼ਿਤ ਮਾਰਗ ਤੇ ਇਹ ਕਦੇ ਡੋਲਦੇ ਨਹੀਂ, ਥਿੜਕਦੇ ਨਹੀਂ। ਗੁਰੂ ਦੀ ਕਿਰਪਾ ਨਾਲ ਪ੍ਰੇਰੇ ਅਤੇ ਆਤਮ-ਵਿਸ਼ਵਾਸ ਨਾਲ ਦ੍ਰਿੜ੍ਹ ਹੋਏ ਇਨ੍ਹਾਂ ਮਰਜੀਵੜਿਆਂ ਦਾ ਕਰਮਾਚਾਰ ਸ਼ੁੱਧ ਅਤੇ ਨਾਮ ਸਿਮਰਨ ਸੁੱਚਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਮਹਾਂ ਪ੍ਰਸਥਾਨ ਤੋਂ ਬਾਦ ਜਿਸ ਸੰਕਟ ਦਾ ਸਾਹਮਣਾ ਸਿੱਖ ਜਗਤ ਨੂੰ ਕਰਨਾ ਪਿਆ ਅਤੇ ਜਿਸ ਤਰ੍ਹਾਂ ਸਿਰ ਤਲੀ ਤੇ ਧਰ ਕੇ ਸਿੱਖ ਸਾਧਕਾਂ ਨੇ ਆਪਣੇ ਗੌਰਵ ਨੂੰ ਕਾਇਮ ਰੱਖਿਆ, ਉਹ ਇਤਿਹਾਸ ਦੀ ਅਨੂਪਮ ਅਤੇ ਅਦਭੁਤ ਘਟਨਾ ਹੈ। ਪਰ ਮੁੜ ਜਦੋਂ ਉਹ ਸ਼ਕਤੀ ਸੰਜੋ ਕੇ ਮਿਸਲਾਂ ਦੇ ਰੂਪ ਵਿਚ ਸੰਗਠਿਤ ਹੋਏ ਅਤੇ ਮੱਲਾਂ ਮਾਰ ਕੇ ਖੇਤਰਾਂ ਦੇ ਸੁਆਮੀ ਬਣੇ ਤਾਂ ਉਨ੍ਹਾਂ ਅੰਦਰ ਸਾਮੰਤੀ ਬਿਰਤੀਆਂ ਵਿਕਸਿਤ ਹੋਣ ਲੱਗੀਆਂ। ਇਨ੍ਹਾਂ ਬਿਰਤੀਆਂ ਨੇ ਮਾਨਸਿਕ ਅਤੇ ਸਰੀਰਕ ਕਮਜ਼ੋਰੀ ਨੂੰ ਜਨਮ ਦਿੱਤਾ। ਉਨ੍ਹਾਂ ਅੰਦਰ ਕੌਮੀ ਏਕਤਾ ਦਾ ਅਭਾਵ ਸੀ, ਸ਼ਕਤੀ ਹਾਸਲ ਕਰਨ ਲਈ ਇਕ ਮਿਸਲ ਦੂਜੀ ਮਿਸਲ ਦੀ ਵੈਰਨ ਸੀ। ਸਿੱਖ ਮਰਯਾਦਾ ਤੋਂ ਸੱਖਣੀਆਂ ਅਨੇਕ ਗਿਰਾਵਟਾਂ ਸਰਦਾਰਾਂ ਵਿਚ ਘਰ ਕਰ ਚੁੱਕੀਆਂ ਸਨ। ਧਰਮ ਭਾਵਨਾ ਖ਼ਤਮ ਹੋਣ ਲਗ ਪਈ ਸੀ। ਇਤਿਹਾਸਕ ਸੱਚ ਹੈ ਕਿ ਇਨ੍ਹਾਂ ਪਰਿਸਥਿਤੀਆਂ ਵਿਚ ਸ਼ਕਤੀਵਰ ਮਿਸਲ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ ਅਤੇ ਹੌਲੀ ਹੌਲੀ ਦਬਦਬਾ ਵਧਦਾ ਗਿਆ। ਉਸ ਵੇਲੇ ਰਾਜ-ਵਿਸਥਾਰ ਦੀ ਵਿਧੀ ਸਾਮੰਤੀ ਸੀ। ਸਿੱਖ ਧਰਮ ਦੀ ਸਵੱਛਤਾ ਤੋਂ ਵਿਹੂਣੀ ਅਤੇ ਹਉਮੈ ਨਾਲ ਗ੍ਰਸਤ ਇਕ ਅਜਿਹੀ ਬਿਰਤੀ ਸੀ ਜਿਸ ਵਿਚ ਖਾਲਸਈ ਆਚਾਰ ਦੀ ਥਾਂ ਰਾਣਾਚਾਰੀ ਪ੍ਰਧਾਨ ਹੋ ਗਈ ਸੀ।

Sri Satguru Jagjit Singh Ji Elibrary NamdhariElibrary@gmail.com

ਉਦੋਂ ਸਿੱਖ ਰਾਜ ਨਹੀਂ, ਸਿੱਖ ਮਹਾਰਾਜੇ ਦਾ ਸਾਮੰਤੀ ਰਾਜ ਕਾਇਮ ਹੋਇਆ ਸੀ। ਸਰਦਾਰੀਆਂ ਕਾਇਮ ਹੋਈਆਂ ਸਨ। ਪਰ ਉਨ੍ਹਾਂ ਦੀਆਂ ਜੜ੍ਹਾਂ ਵਿਚ ਖੁਆਰੀਆਂ ਦੀ ਖਾਦ ਪਾਈ ਜਾ ਰਹੀ ਸੀ। ਸੁਖ ਨੇ ਰੋਗ ਦਾ ਰੂਪ ਧਾਰਨ ਕਰ ਲਿਆ ਸੀ। ਫਲਸਰੂਪ ਰਾਜ ਕਾਇਮ ਹੋਇਆ, ਸਿਤਾਰੇ ਵਾਂਗ ਚਮਕਿਆ ਤੇ ਫਿਰ ਲੋਪ ਹੋ ਗਿਆ। ਧਨ ਪ੍ਰਾਪਤੀ ਦੇ ਲੋਭ, ਆਚਾਰ ਦੀ ਗਿਰਾਵਟ ਅਤੇ ਦੂਰ-ਦਰਸ਼ਿਤਾ ਦੇ ਅਭਾਵ ਨੇ ਹਜ਼ਾਰਾਂ ਸੈਨਿਕਾਂ ਦੀਆਂ ਕੁਰਬਾਨੀਆਂ ਦੁਆਰਾ ਕਾਇਮ ਹੋਇਆ ਰਾਜ ਛਿਣਾਂ ਪਲਾਂ ਵਿਚ ਖ਼ਤਮ ਕਰ ਦਿੱਤਾ। ਸਾਰੀ ਕੌਮ ਮਜ਼ਾਕ ਦਾ ਕਾਰਨ ਬਣੀ। ਸਾਧਾਰਨ ਸਿੱਖ ਸੈਨਿਕ ਸਰਦਾਰਾਂ ਦੀਆਂ ਗੱਦਾਰੀਆਂ ਤੋਂ ਮਜਬੂਰ ਹੋ ਕੇ ਆਪਣੇ ਪਿਆਰੇ ਸ਼ਸਤਰਾਂ ਨੂੰ ਚੁੰਮ ਚੁੰਮ ਕੇ ਆਤਮ-ਸਮਰਪਣ ਕਰਦੇ ਰਹੇ। ਸਰਦਾਰਾਂ ਦੀ ਵਿਲਾਸਤਾ ਨੇ ਕੌਮ ਦੇ ਗੌਰਵ ਅਤੇ ਖਾਲਸਈ ਸ਼ਾਨ ਦੇ ਉਚੇ ਕਲਸ ਨੂੰ ਘਟੇ ਰੋਲ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਨਾਲ ਪ੍ਰਸ਼ਾਸਨਿਕ ਅਨੁਸ਼ਾਸਨ ਦਾ ਓਹਲਾ ਹਟ ਗਿਆ। ਗੰਦਾ ਮਵਾਦ ਬਾਹਰ ਆ ਗਿਆ। ਇਸ ਸਭ ਨਾਲ ਚੋਗਿਰਦਾ ਸੋਗਮਈ ਹੋ ਗਿਆ, ਸਮਾਜ ਗਿਲਾਨੀ ਦੇ ਗਰਤ ਵਿਚ ਜਾ ਡਿਗਿਆ, ਧਰਮ ਪ੍ਰਤਿ ਬੇਪ੍ਰਤੀਤੀ ਨੇ ਪਤਿਤਪੁਣੇ ਨੂੰ ਵਿਕਾਸ ਦਿੱਤਾ। ਇਸ ਘੁੱਪ ਹਨੇਰੇ ਵਿਚੋਂ ਕੌਮ ਨੂੰ ਕੱਢਣ ਲਈ ਕਿਸੇ ਯੁਗ ਨਾਇਕ ਦੀ ਲੋੜ ਸੀ। ਰਸਾਤਲਗ੍ਰਸਤ ਸਮਾਜ ਵਿਚੋਂ ਹੀ ਸਭਿਆਚਾਰਕ ਕ੍ਰਾਂਤੀ ਜਨਮ ਲੈਂਦੀ ਹੈ। ਇਹ ਕ੍ਰਾਂਤੀ ਪੁਰਾਤਨਤਾ ਦੇ ਗੁਣਾਂ ਦੇ ਸਵੀਕਰਨ, ਗਲਤ ਕਦਰਾਂ ਕੀਮਤਾਂ ਦੇ ਅਸਵੀਕਰਣ ਅਤੇ ਯੁਗ ਦੀ ਲੋੜ ਅਨੁਸਾਰ ਨਵੀਨ ਅਤੇ ਸੁਅਸਥ ਪਰੰਪਰਾਵਾਂ ਦੇ ਸੰਸਥਾਪਨ ਦੁਆਰਾ ਸੰਪੰਨ ਹੁੰਦੀ ਹੈ। ਇਸ ਨਾਲ ਇਕ ਨਵਾਂ ਸਭਿਆਚਾਰ ਸਾਹਮਣੇ ਆਉਂਦਾ ਹੈ। ਉਦੋਂ ਇਸ ਨਵੇਂ ਸਭਿਆਚਾਰ ਦਾ ਦਿਸ਼ਾ-ਨਿਰਦੇਸ਼ ਕਰਨ ਵਾਲੇ ਸਨ। ਨਾਮਧਾਰੀ ਗੁਰੂ ਰਾਮ ਸਿੰਘ ਜੀ ਜੋ ਆਪਣੀ ਕਾਰਜਸ਼ੈਲੀ ਰਾਹੀਂ ਰਾਮ ਸਿੰਘ ਤੋਂ ਭਾਈ ਰਾਮ ਸਿੰਘ, ਬਾਬਾ ਰਾਮ ਸਿੰਘ, ਗੁਰੂ ਰਾਮ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਨਾਵਾਂ ਵਾਲੇ ਬਣਦੇ ਗਏ। ਸਤਿਗੁਰੂ ਰਾਮ ਸਿੰਘ ਵਰਗੀ ਸਾਹਸੀ ਆਤਮਾ ਵਾਲਾ ਕੋਈ ਵਿਰਲਾ ਲੋਕ-ਨਾਇਕ ਹੀ ਇਤਿਹਾਸ ਦੇ ਪੰਨਿਆਂ ਤੋਂ ਬੋਲ ਸਕਦਾ ਹੈ।

ਨਾਮਧਾਰੀ ਗੁਰੂ ਰਾਮ ਸਿੰਘ ਨੇ ਸੰਨ 1837 ਈ. ਵਿਚ ਆਪਣਾ ਸੈਨਿਕ ਜੀਵਨ ਸ਼ੁਰੂ ਕੀਤਾ। ਇਹ ਕੰਵਰ ਨੌਨਿਹਾਲ ਸਿੰਘ ਦੀ ਰੈਜੀਮੈਂਟ ਵਿਚ ਭਰਤੀ ਹੋਏ। ਉਨ੍ਹਾਂ ਨੂੰ ਅਕਸਰ ਲਾਹੌਰ ਤੋਂ ਪਿਸ਼ਾਵਰ ਤਕ ਆਣਾ ਜਾਣਾ ਪੈਂਦਾ ਸੀ। ਉਨ੍ਹਾਂ ਦੀ ਰੁਚੀ ਜਿਗਿਆਸੂ ਵਾਲੀ ਸੀ। ਇਕ ਵਾਰ ਸੰਨ 1841 ਵਿਚ ਹਜ਼ਰੋ ਨਗਰ ਕੋਲੋਂ ਲੰਘੇ ਤਾਂ ਪੱਛਮੀ ਪੰਜਾਬ ਅਤੇ ਖ਼ਾਸ ਕਰ ਪੋਠੋਹਾਰ ਵਿਚ ਨਾਮ ਬਾਣੀ ਦਾ ਨਿੱਠ ਕੇ ਪ੍ਰਚਾਰ ਕਰਨ ਵਾਲੇ ਬਾਬਾ ਬਾਲਕ ਸਿੰਘ ਦੇ ਦਰਸ਼ਨ ਕੀਤੇ। ਨੈਣ ਗਡਾਵਡ ਹੋਏ। ਸਤਿਗੁਰੂ ਰਾਮ ਸਿੰਘ ਨੇ ਨਾਮ ਦੀ ਦਾਤ ਮੰਗੀ। ਸਤਿਗੁਰੂ ਬਾਲਕ ਸਿੰਘ ਨੇ ਕਿਹਾ, 'ਠਾਕਰ

Sri Satguru Jagjit Singh Ji Elibrary NamdhariElibrary@gmail.com

ਜੀ, ਇਸ ਭੰਡਾਰੇ ਦੇ ਤਾਂ ਮਾਲਕ ਹੀ ਆਪ ਹੋ।' ਸਪਸ਼ਟ ਹੈ ਕਿ ਬਾਬਾ ਬਾਲਕ ਸਿੰਘ ਨੇ ਸਤਿਗੁਰੂ ਰਾਮ ਸਿੰਘ ਦੇ ਪ੍ਰਭਾਵਸ਼ਾਲੀ ਵਿਅਕਤਿਤਵ ਵਿਚਲੀ ਬ੍ਰਹਮੀ ਜੋਤਿ ਨੂੰ ਪਛਾਣ ਲਿਆ। ਉਨ੍ਹਾਂ ਨੂੰ ਨਾਮ-ਸਾਧਨਾ ਦੇ ਪ੍ਰਵਾਹ ਨੂੰ ਅੱਗੇ ਚਲਾਣ ਵਾਲਾ ਯੋਗ ਉਤਰਾਧਿਕਾਰੀ ਮਿਲ ਗਿਆ। ਉਹ ਸਹਿਜ ਸੰਤੁਸ਼ਟ ਹੋ ਗਏ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਨੂੰ 1845 ਤਕ ਕੀਤੀ ਸੈਨਿਕ ਨੌਕਰੀ ਵਿਚ ਦੋ ਲਾਭ ਹੋਏ। ਇਕ ਇਹ ਕਿ ਵਿਹਲੇ ਸਮੇਂ ਦਾ ਸਦ-ਉਪਯੋਗ ਕਰਕੇ ਉਨ੍ਹਾਂ ਨੇ ਨਾਮ ਅਭਿਆਸ ਕੀਤਾ ਅਤੇ ਦੂਜਾ ਇਹ ਕਿ ਫ਼ੌਜ ਵਿਚ ਰਹਿ ਕੇ ਕੌਮ ਵਿਚ ਵਾਪਰ ਰਹੀਆਂ ਗਿਰਾਵਟਾਂ ਅਤੇ ਸਿਰ ਤੇ ਆਣ ਵਾਲੇ ਸੰਕਟ ਨੂੰ ਚੰਗੀ ਤਰ੍ਹਾਂ ਭਾਂਪ ਲਿਆ। ਦਸੰਬਰ, 1845 ਵਿਚ ਹੋਈ ਮੁਦਕੀ ਦੀ ਲੜਾਈ ਵਿਚ ਭਾਗ ਲੈਣ ਲਈ ਲਾਹੌਰੋਂ ਚਲਣ ਵੇਲੇ ਆਪ ਨੇ ਜਿੱਤ ਦੀ ਅਰਦਾਸ ਨਾ ਕੀਤੀ ਕਿਉਂਕਿ ਪਰਿਸਥਿਤੀਆਂ ਅਨੁਸਾਰ ਹਾਰ ਯਕੀਨੀ ਬਣ ਚੁੱਕੀ ਸੀ। ਮੁਦਕੀ ਦੇ ਮੈਦਾਨ ਵਿਚ ਇਹ ਕਹਿ ਕਿ ਅੰਗਰੇਜ਼ ਸਾਹਮਣੇ ਹਥਿਆਰ ਸੁੱਟਣ ਨਾਲੋਂ ਸਤਲੁਜ ਦਰਿਆ ਨੂੰ ਅਰਪਿਤ ਕਰਨਾ ਉਚਿਤ ਹੈ, ਭੈਣੀ ਸਾਹਿਬ ਪਰਤ ਆਏ। ਨੌਕਰੀ ਦੌਰਾਨ ਆਪ ਨੇ ਨਾਮ ਸਿਮਰਨ ਅਤੇ ਗੁਰਬਾਣੀ ਅਨੁਸਾਰ ਜੀਵਨ ਜੀਣ ਦੀ ਚੇਟਕ ਅਨੇਕ ਸੈਨਿਕਾਂ ਨੂੰ ਲਗਾ ਦਿੱਤੀ। ਆਪ ਦੀ ਸੈਨਿਕ ਪਲਟਨ ਨੂੰ ਨਾਮ ਜਪਣ ਕਾਰਨ 'ਭਗਤਾਂ ਦੀ ਪਲਟਨ' ਕਿਹਾ ਜਾਣ ਲਗਿਆ। ਸੰਪਰਕ ਵਿਚ ਆਣ ਵਾਲੇ ਇਹੀ ਅਨੁਸ਼ਾਸਿਤ ਅਤੇ ਨਿਯਮਬੱਧ ਜੀਵਨ ਵਾਲੇ ਲੋਕ ਕਾਲਾਂਤਰ ਵਿਚ ਬੜੇ ਵਿਸ਼ਵਸਤ ਨਾਮਧਾਰੀ ਕਾਰਕੁਨ ਬਣੇ। ਸਤਿਗੁਰੂ ਰਾਮ ਸਿੰਘ ਨੇ ਕੌਮ ਦੀ ਹਾਲਤ ਨੂੰ ਵੇਖ ਕੇ ਇਸ ਦੇ ਪੁਰਾਤਨ ਗੌਰਵ ਨੂੰ ਮੁੜ ਕਾਇਮ ਕਰਨ ਦੀ ਗੱਲ ਸੋਚੀ। ਪਹਿਲਾਂ ਖੁਦ ਬਾਬਾ ਜਵਾਹਰ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਅਤੇ ਸਿੱਖ ਮਰਯਾਦਾ ਦਾ ਪ੍ਰਚਾਰ ਕੀਤਾ। ਸਤਿਗੁਰੂ ਜੀ ਨੂੰ ਸਪੱਸ਼ਟ ਸੀ ਕਿ ਕੌਮਾਂ ਉਹ ਉਠਦੀਆਂ ਹਨ ਜਿਨ੍ਹਾਂ ਦਾ ਜੀਵਨ ਸਵੱਛ ਹੋਵੇ। ਸਵੱਛ ਜੀਵਨ ਨਾਲ ਕੌਮਾਂ ਉੱਨਤੀ ਦੇ ਸਿਖਰਾਂ ਨੂੰ ਛੋਹਦੀਆਂ ਹਨ। ਸਤਿਗੁਰੂ ਜੀ ਨੇ ਕੌਮ ਅੰਦਰ ਸ਼ਕਤੀ ਦਾ ਸੰਚਾਰ ਕਰਨ ਲਈ ਪ੍ਰਚਾਰ ਦੌਰੇ ਕੀਤੇ। ਸਮਾਜ ਵਿਚ ਪਸਰੀਆਂ ਹੋਈਆਂ ਗਿਰਾਵਟਾਂ ਨੂੰ ਸਮਝਿਆ। ਅੰਮ੍ਰਿਤ ਦੀ ਸਹੀ ਮਰਯਾਦਾ ਨੂੰ ਜਾਣਨ ਲਈ ਭਾਈ ਰਾਇ ਸਿੰਘ ਨੂੰ ਨਾਂਦੇੜ ਭੇਜਿਆ ਅਤੇ ਗੰਭੀਰ ਚਿੰਤਨ ਤੋਂ ਬਾਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਲਈ ਸੰਚਾਰਿਤ ਅੰਮ੍ਰਿਤ ਨੂੰ ਪੁਨਰ ਸੰਚਾਰਿਤ ਕੀਤਾ। ਸੰਨ 1857 ਦੀ ਵਿਸਾਖੀ ਨੂੰ ਭੈਣੀ ਸਾਹਿਬ ਵਿਚ ਪੁਰਾਤਨ ਮਰਯਾਦਾ ਅਨੁਸਾਰ ਅੰਮ੍ਰਿਤ ਤਿਆਰ ਕੀਤਾ ਅਤੇ ਪੰਜ ਸਿੰਘਾਂ (ਬਾਬਾ ਕਾਨ੍ਹ ਸਿੰਘ ਨਿਹੰਗ, ਭਾਈ ਲਾਭ ਸਿੰਘ ਰਾਗੀ, ਭਾਈ ਆਤਮਾ ਸਿੰਘ, ਭਾਈ ਨੈਣਾ ਸਿੰਘ ਅਤੇ ਭਾਈ ਸੁਧ ਸਿੰਘ) ਨੂੰ ਪਾਨ ਕਰਾਇਆ। ਸਿੱਖੀ ਰਵਾਇਤਾਂ ਨੂੰ ਸਜਰਾ ਕੀਤਾ। ਬਾਣੀ ਅਤੇ ਕਕਾਰਾਂ ਦੀ ਮਰਯਾਦਾ ਨੂੰ ਕਾਇਮ

Sri Satguru Jagjit Singh Ji Elibrary NamdhariElibrary@gmail.com

ਕੀਤਾ। ਵੱਡ ਆਕਾਰੀ ਕ੍ਰਿਪਾਨ ਉਤੇ ਪਾਬੰਦੀ ਲੱਗੀ ਹੋਣ ਕਾਰਨ ਸਿੰਘਾਂ ਨੂੰ ਖੂੰਡੇ, ਸੋਟੇ ਜਾਂ ਸਫਾਜੰਗ ਨਾਲ ਸੁਸਜਿਤ ਕੀਤਾ ਤਾਂ ਜੋ ਉਨ੍ਹਾਂ ਦੀ ਅੰਦਰਲੀ ਜੰਗਜੂ ਬਿਰਤੀ ਨਾ ਘਟੇ ਅਤੇ ਲੋੜ ਪੈਣ ਤੇ ਹਥਿਆਰ ਵਜੋਂ ਵਰਤਿਆ ਜਾ ਸਕੇ। ਸੰਤ ਖਾਲਸੇ ਦੇ ਦੋ ਹੀ ਹਥਿਆਰ ਹਨ- ਨਿਮਰਤਾ ਅਤੇ ਦੂਜਾ ਜੇ ਸੰਕਟ ਆ ਜਾਏ ਤਾਂ ਘਬਰਾਉਣ ਦੀ ਥਾਂ ਡਟ ਜਾਏ। ਲੋੜ ਪੈਣ ਤੇ ਜੋ ਵੀ ਹੱਥ ਵਿਚ ਆਏ ਵਾਰ ਕਰੇ, ਵਾਰ ਅੱਗੇ ਨੂੰ ਜਾਏ ਪਿੱਛੇ ਨਾ ਮੁੜੇ ਭਾਵੇਂ ਸਿਰ ਵੀ ਚਲਾ ਜਾਏ।'ਸੰਤ ਖਾਲਸਾ ਆਪਣੇ ਬਚਨ, ਸੋਚ ਅਤੇ ਕਰਮ ਕਰਕੇ ਸ਼ੁੱਧ ਅਤੇ ਗੁਰੂ ਦੁਆਰਾ ਅਭਿਮੰਤ੍ਰਿਤ ਹੈ। ਉਸ ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਨੇ 'ਸੰਤ ਖਾਲਸਾ' ਨਾਂ ਨਾਲ ਸਥਿਤੀ ਅਨੁਰੂਪ ਖਾਲਸੇ ਦਾ ਪੁਨਰ ਸਿਰਜਨ ਕੀਤਾ ਜਾਂ ਪਰਿਸਥਿਤੀਆਂ ਕਾਰਨ ਖਾਲਸੇ ਵਿਚ ਵਿਆਪਤ ਹੋ ਚੁੱਕੇ ਦੁਰਾਚਾਰ ਦੀ ਮੈਲ ਨੂੰ ਨਸ਼ਟ ਕੀਤਾ। ਇਸ ਘਟਨਾ ਤੋਂ ਬਾਦ ਨਾਮਧਾਰੀ ਸਾਧਕ ਅੰਮ੍ਰਿਤ ਪ੍ਰਚਾਰ ਲਈ ਸਾਰੇ ਪੰਜਾਬ ਵਿਚ ਪਸਰ ਗਏ। ਇਨ੍ਹਾਂ ਦੀ ਗਿਣਤੀ ਹਜ਼ਾਰਾਂ ਤੋਂ ਵਧ ਕੇ ਲੱਖਾਂ ਤਕ ਜਾ ਪਹੁੰਚੀ। ਸਤਿਗੁਰੂ ਰਾਮ ਸਿੰਘ ਜੀ ਨੇ ਇਹ ਵੀ ਮਹਿਸੂਸ ਕੀਤਾ ਕਿ ਇਸਤਰੀ ਜਾਤਿ ਦਾ ਉਥਾਨ ਤਦ ਹੀ ਹੋ ਸਕਦਾ ਹੈ ਜੇ ਇਹ ਵੀ ਪੁਰਸ਼ਾਂ ਵਾਂਗ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਏ। ਇਸ ਲਈ ਪਹਿਲੀ ਵਾਰ 1 ਜੂਨ 1863 ਨੂੰ ਲੁਧਿਆਣਾ ਜ਼ਿਲੇ ਦੇ ਸਿਆੜ ਪਿੰਡ ਵਿਚ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਰੀਤ ਸੰਪੰਨ ਕੀਤੀ।

ਨਾਮਧਾਰੀ ਗੁਰੂ ਰਾਮ ਸਿੰਘ ਨੇ ਆਪਣੇ ਅਨੁਯਾਈਆਂ ਨੂੰ ਰਾਜਨੀਤਕ, ਸਮਾਜਕ ਅਤੇ ਧਾਰਮਿਕ ਤੌਰ ਤੇ ਸਵੱਛ ਮਨੁੱਖ ਬਣਨ ਲਈ ਕੁਝ ਵਿਸ਼ੇਸ਼ ਗੱਲਾਂ ਦੀ ਪਾਲਣਾ ਦਾ ਉਪਦੇਸ਼ ਦਿੱਤਾ। ਜਿਵੇਂ

1) *ਗੁਰਬਾਣੀ ਪੜ੍ਹਨਾ ਅਤੇ ਗਾਉਣਾ,*
2) *ਨਾਮ ਸਿਮਰਨ ਕਰਨਾ,*
3) *ਸਿੱਖ ਰਹਿਤ ਮਰਯਾਦਾ ਦਾ ਪਾਲਣ ਕਰਨਾ,*
4) *ਕੁੜੀਆਂ ਨਾ ਮਾਰਨਾ,*
5) *ਬਹੁਤ ਘੱਟ ਖ਼ਰਚੇ ਵਾਲੇ ਅੰਤਰਜਾਤੀ ਵਿਆਹ ਕਰਨੇ,*
6) *ਵਿਆਜ ਨਾ ਲੈਣਾ,*
7) *ਕਿਸੇ ਪ੍ਰਕਾਰ ਦਾ ਨਸ਼ਾ ਜਾਂ ਮਾਸ ਦਾ ਸੇਵਨ ਨਾ ਕਰਨਾ,*
8) *ਆਪਣੇ ਸੰਸਕ੍ਰਿਤਿਕ ਵਿਰਸੇ ਨੂੰ ਨ ਤਿਆਗਣਾ,*
9) *ਮੜ੍ਹੀ ਮਸਾਣ ਤੇ ਨਾ ਜਾਣਾ,*
10) *ਅਹਿੰਸਾ ਬ੍ਰਤ ਧਾਰਨ ਕਰਨਾ,*
11) *ਕਿਸੇ ਜੀਵ ਜਾਂ ਮਨੁੱਖ ਨੂੰ ਵਿਅਰਥ ਵਿਚ ਕਸ਼ਟ ਨਾ ਪਹੁੰਚਾਣਾ।*

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਗੁਰੂ ਰਾਮ ਸਿੰਘ ਪਾਸ ਤਿੱਖੀ ਦ੍ਰਿਸ਼ਟੀ ਸੀ। ਫਲਸਰੂਪ ਉਨ੍ਹਾਂ ਦੀ ਸ੍ਰਿਸ਼ਟੀ ਨਾਮਧਾਰੀ ਸੰਪ੍ਰਦਾਇ ਵੀ ਤੇਜਸਵੀ ਸਰੂਪ ਵਾਲੀ ਸਿੱਧ ਹੋਈ ਅਤੇ ਜਨਮੁਕਤੀ ਅੰਦੋਲਨ ਦੇ ਸੰਚਾਲਨ ਵਿਚ ਉਹ ਸਫਲ ਹੋਏ। ਆਪ ਨੇ ਥਾਂ ਥਾਂ ਦੌਰੇ ਕੀਤੇ, ਲੋਕਾਂ ਨੂੰ ਧਰਮ ਵਿਚ ਦ੍ਰਿੜ੍ਹਤਾ ਦਾ ਉਪਦੇਸ਼ ਕੀਤਾ। ਧਰਮ ਤੋਂ ਡਿੱਗਿਆ ਮਨੁੱਖ ਕਿਸੇ ਪੱਖ ਤੋਂ ਵੀ ਕਾਇਮ ਨਹੀਂ ਰਹਿ ਸਕਦਾ। ਹੋਰ ਤੇ ਹੋਰ ਰਾਜਨੀਤਕ ਤੌਰ ਤੇ ਵੀ ਉਹ ਹਾਰ ਜਾਂਦਾ ਹੈ ਕਿਉਂਕਿ ਉਸਦੀ ਰਾਜਨੀਤੀ ਧਰਮ ਆਧਾਰਿਤ ਨਹੀਂ ਰਹਿੰਦੀ। ਰਾਜਨੀਤੀ ਦੇ ਘੋੜੇ ਨੂੰ ਕੁਰਾਹੇ ਪੈਣੋਂ ਰੋਕਣ ਲਈ ਧਰਮ ਉਸ ਲਗਾਮ ਦੀ ਭੂਮਿਕਾ ਨਿਭਾਉਂਦਾ ਹੈ ਜੋ ਰਾਜਨੀਤੀ ਨੂੰ ਠੀਕ ਦਿਸ਼ਾ ਵਿਚ ਵਿਕਸਿਤ ਹੋਣ ਲਈ ਪ੍ਰੇਰਿਤ ਅਤੇ ਅਨੁਸ਼ਾਸਿਤ ਕਰਦਾ ਹੈ।

ਸਤਿਗੁਰੂ ਰਾਮ ਸਿੰਘ ਦੇ ਧਰਮ ਪ੍ਰਚਾਰ ਨਾਲ ਸਿੱਖ ਸਮਾਜ ਵਿਚ ਇਕ ਨਵੀਂ ਚੇਤਨਾ ਵਿਆਪਤ ਹੋਈ। ਸਾਤਵਿਕ ਰੁਚੀਆਂ ਦਾ ਪ੍ਰਸਾਰ ਹੋਇਆ। ਦਿਨੋ ਦਿਨ ਲੋਕੀਂ ਸਤਿਗੁਰੂ ਰਾਮ ਸਿੰਘ ਦੇ ਆਦੇਸ਼ਾਂ ਦੀ ਪਾਲਣਾ ਲਈ ਉਨ੍ਹਾਂ ਦੀ ਜਥੇਬੰਦੀ ਵਿਚ ਸ਼ਾਮਲ ਹੁੰਦੇ ਗਏ। ਘਰ ਘਰ 'ਰਾਮ ਸਿੰਘ' ਪੈਦਾ ਹੋ ਗਿਆ। ਵੱਖ ਵੱਖ ਇਤਿਹਾਸਕਾਰਾਂ ਅਨੁਸਾਰ 1871 ਤਕ ਨਾਮਧਾਰੀਆਂ ਦੀ ਗਿਣਤੀ 7 ਲੱਖ ਤੋਂ 10 ਲੱਖ ਤਕ ਹੋ ਚੁੱਕੀ ਸੀ।

ਇਸ ਵਿਚ ਸੰਦੇਹ ਨਹੀਂ ਕਿ ਨਾਮਧਾਰੀ ਅੰਦੋਲਨ ਦਾ ਆਰੰਭ 'ਸੰਤ ਖਾਲਸਾ' ਦੇ ਸਮਾਗਮ ਤੋਂ ਹੀ ਸ਼ੁਰੂ ਹੋ ਗਿਆ ਸੀ, ਪਰ ਸੰਨ 1863 ਤੋਂ ਇਹ ਅੰਦੋਲਨ ਅੰਗਰੇਜ਼ ਸ਼ਾਸਨ ਨੂੰ ਰੜਕਣ ਲੱਗਾ। 3 ਜੂਨ 1863 ਵਿਚ ਖੋਟੇ (ਹੁਣ ਫਰੀਦਕੋਟ) ਪਿੰਡ ਵਿਚ ਕੀਤੇ ਨਵੀਂ ਮਰਯਾਦਾ ਤੇ ਆਧਾਰਿਤ ਵਿਆਹਾਂ (ਆਨੰਦ ਕਾਰਜਾਂ) ਕਾਰਨ ਪੈਦਾ ਹੋਇਆ ਬ੍ਰਾਹਮਣਵਾਦੀ ਵਿਰੋਧ ਸਰਕਾਰ ਦੁਆਰਾ ਪੁਸ਼ਟ ਹੋਇਆ ਅਤੇ ਸਤਿਗੁਰੂ ਜੀ ਦੀ ਗਤੀਵਿਧੀ ਉਤੇ ਸੰਨ 1867 ਤਕ ਪਾਬੰਦੀ ਲਗਾ ਦਿੱਤੀ। ਕਰੜੀ ਨਿਗਰਾਨੀ ਵਿਚ ਰਹਿਣ ਦੇ ਚਾਰ ਸਾਲ ਨਾਮਧਾਰੀ ਅੰਦੋਲਨ ਲਈ ਵਰਦਾਨ ਸਾਬਤ ਹੋਏ। ਸਤਿਗੁਰੂ ਜੀ ਨੇ ਇਸ ਸਮੇਂ ਦੌਰਾਨ ਅੰਦੋਲਨ ਨੂੰ ਜਾਰੀ ਰੱਖਣ ਲਈ ਕਈ ਤਰ੍ਹਾਂ ਦੇ ਉਦਮ ਕੀਤੇ। 22 ਸੂਬਿਆਂ (ਉੱਚ ਅਧਿਕਾਰੀਆਂ) ਦੀ ਨਿਯੁਕਤੀ ਕਰਕੇ ਨਾਮਧਾਰੀ ਅੰਦੋਲਨ ਦੇ ਮਨੋਰਥਾਂ ਤੋਂ ਲੋਕਾਂ ਨੂੰ ਜਾਣਕਾਰ ਕਰੀ ਰੱਖਿਆ। ਹਰ ਪ੍ਰਕਾਰ ਦੇ ਸਰਕਾਰੀ ਵਸੀਲਿਆਂ ਨੂੰ ਤਿਆਗ ਦਿੱਤਾ। ਉਨ੍ਹਾਂ ਦੀ ਥਾਂ ਆਪਣੇ ਸਾਧਨ ਪ੍ਰਯੋਗ ਵਿਚ ਲਿਆਂਦੇ। ਬਦੇਸ਼ੀ ਵਸਤਾਂ ਦੀ ਵਰਤੋਂ ਛੱਡ ਦਿੱਤੀ, ਹਰਕਾਰਿਆਂ ਰਾਹੀਂ ਡਾਕ ਦੀ ਵਿਵਸਥਾ ਕੀਤੀ। ਰੇਲ ਗੱਡੀਆਂ ਵਿਚ ਸਫ਼ਰ ਕਰਨਾ ਅਤੇ ਸਰਕਾਰੀ ਨੌਕਰੀ ਕਰਨੀ ਰੋਕ ਦਿੱਤੀ, ਕਚਹਿਰੀਆਂ ਵਿਚ ਮੁਕੱਦਮੇ ਲੈ ਜਾਣ ਦੀ ਥਾਂ ਪਿੰਡਾਂ ਵਿਚ ਪੰਚਾਇਤ ਪ੍ਰਣਾਲੀ ਨੂੰ ਲਾਗੂ ਕੀਤਾ। ਲੋਕਾਂ ਵਿਚ ਗ਼ੁਲਾਮੀ ਦੇ ਸੰਸਕਾਰਾਂ ਨੂੰ ਸਥਿਰ ਰੱਖਣ ਵਿਚ ਸਭ ਤੋਂ

Sri Satguru Jagjit Singh Ji Elibrary NamdhariElibrary@gmail.com

ਵੱਧ ਹਾਨੀਕਾਰਕ ਵਿਦੇਸ਼ੀ ਸਿਕਸ਼ਾ ਵਿਧੀ ਨੂੰ ਤਿਆਗਣ ਲਈ ਬਲ ਦਿੱਤਾ ਅਤੇ ਉਸ ਦੀ ਥਾਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਵਿਚ ਰੁਚੀ ਪੈਦਾ ਕੀਤੀ। ਗੁਰਮੁਖੀ ਅੱਖਰਾਂ ਦਾ ਗਿਆਨ ਜ਼ਰੂਰੀ ਕੀਤਾ। ਧਰਮਸ਼ਾਲਾਵਾਂ/ਗੁਰਦੁਆਰਿਆਂ ਵਿਚ ਦੇਸੀ ਪੜ੍ਹਾਈ ਦੀ ਵਿਵਸਥਾ ਕੀਤੀ। ਗੁਰਬਾਣੀ ਪਠਨ ਪਾਠਨ ਵਿਚ ਰੁਚੀ ਪੈਦਾ ਕਰਨ ਲਈ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਨੂੰ ਪਹਿਲੀ ਵਾਰ ਪ੍ਰਕਾਸ਼ਿਤ ਕਰਨ ਦੀ ਵਿਵਸਥਾ ਕੀਤੀ।

ਇਹ ਸਭ ਕੁਝ ਸਵਰਾਜ ਪ੍ਰਾਪਤੀ ਦਾ ਪਹਿਲਾ ਉੱਦਮ ਹੈ। ਕਾਂਗਰਸ ਦੁਆਰਾ ਚਲਾਈ ਨਾ-ਮਿਲਵਰਤਣ ਦੀ ਲਹਿਰ ਅਸਲੋਂ ਪੰਜਾਹ ਸਾਲ ਪਹਿਲਾਂ ਨਾਮਧਾਰੀ ਸਤਿਗੁਰੂ ਵਲੋਂ ਚਲਾਈ ਜਾ ਚੁੱਕੀ ਸੀ। ਸੱਚ ਤਾਂ ਇਹ ਹੈ ਕਿ ਸਰੂਪ ਅਤੇ ਮਨੋਰਥ ਵਜੋਂ ਕਾਂਗਰਸ ਪਾਰਟੀ ਨਾਮਧਾਰੀ ਸੰਪ੍ਰਦਾਇ ਦਾ ਭਾਰਤੀ ਸੰਸਕਰਣ ਹੈ। ਸੰਨ 1867 ਵਿਚ ਨਜ਼ਰਬੰਦੀ ਦੇ ਚਾਰ ਸਾਲਾਂ ਬਾਦ ਸਤਿਗੁਰੂ ਜੀ ਨੇ ਨਾਮਧਾਰੀ ਅੰਦੋਲਨ ਵਿਚ ਹੋਰ ਤੇਜ਼ੀ ਲਿਆਂਦੀ। ਲਗਪਗ ਤਿੰਨ ਲੱਖ ਸਿੰਘ ਨਾਮਧਾਰੀ ਝੰਡੇ ਹੇਠ ਇਕੱਠੇ ਹੋ ਗਏ। ਰਿਆਸਤ ਕਸ਼ਮੀਰ ਵਿਚ ਇਕ ਕੂਕਾ ਰਜਮੈਂਟ ਕਾਇਮ ਕੀਤੀ। ਨੇਪਾਲ ਨਾਲ ਸੰਬੰਧ ਸਥਾਪਤ ਕੀਤੇ। ਅਫਗਾਨਿਸਤਾਨ ਦੇ ਦੋ ਸ਼ਹਿਜ਼ਾਦੇ ਵੀ ਭੈਣੀ ਸਾਹਿਬ ਆ ਕੇ ਆਪ ਨੂੰ ਮਿਲੇ। ਸੰਨ 1857 ਦੇ ਗ਼ਦਰ ਵਿਚੋਂ ਬਚ ਰਹੇ ਨੇਤਾਵਾਂ ਨੂੰ ਵੀ ਮਿਲੇ। ਰੂਸ ਸਰਕਾਰ ਅਤੇ ਜਲਾਵਤਨ ਮਹਾਰਾਜਾ ਦਲੀਪ ਸਿੰਘ ਨਾਲ ਵੀ ਸੰਪਰਕ ਕਾਇਮ ਕੀਤਾ। ਅੰਗਰੇਜ਼ਾਂ ਵਿਰੁੱਧ ਹਰ ਪਾਸੇ ਨਫ਼ਰਤ ਪਸਰ ਗਈ। ਸਤਿਗੁਰਾਂ ਦੇ ਸੰਕੇਤ ਤੇ ਆਪਣਾ ਸਭ ਕੁਝ ਨਿਛਾਵਰ ਕਰਨ ਲਈ ਸਾਰਾ ਨਾਮਧਾਰੀ ਸਮਾਜ ਤਤਪਰ ਹੋ ਗਿਆ। ਮਸਤਾਨੇ ਅਤੇ ਸ਼ਹਾਦਤ ਲਈ ਉਤਸ਼ਾਹੀ ਕੂਕਿਆਂ ਵਲੋਂ ਗਊ ਰੱਖਿਆ ਦੇ ਉਦਮ ਵਿਚ ਜੋ ਕਾਰਵਾਈਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਦੇ ਫਲਸਰੂਪ ਜੋ ਸ਼ਹੀਦੀਆਂ ਹੋਈਆਂ, ਉਨ੍ਹਾਂ ਤੋਂ ਸਰਕਾਰ ਦੀ ਕੂਕਿਆਂ ਪ੍ਰਤਿ ਪਹੁੰਚ ਦਾ ਸਰੂਪ ਸਪਸ਼ਟ ਹੋ ਗਿਆ। 17 ਜਨਵਰੀ 1872 ਵਿਚ ਸਤਿਗੁਰੂ ਜੀ ਨੂੰ ਗਿਆਰਾਂ ਸੂਬਿਆਂ ਸਮੇਤ ਪਕੜ ਕੇ ਪਹਿਲਾਂ ਇਲਾਹਾਬਾਦ ਦੇ ਕਿਲ੍ਹੇ ਵਿਚ ਅਤੇ ਫਿਰ ਥੋੜ੍ਹੇ ਚਿਰ ਬਾਦ ਉਨ੍ਹਾਂ ਨੂੰ ਨਾਨੂੰ ਸਿੰਘ ਸਹਿਤ ਰੰਗੂਨ ਜਲਾਵਤਨ ਕਰ ਦਿੱਤਾ ਗਿਆ ਅਤੇ ਬਾਕੀਆਂ ਨੂੰ ਵੀ ਹੋਰ ਥਾਵਾਂ ਤੇ ਨਜ਼ਰਬੰਦ ਕਰ ਦਿੱਤਾ ਗਿਆ। ਕੁਝ ਸਮੇਂ ਬਾਦ ਆਪ ਦੀ ਅਗਵਾਈ ਗੁਪਤ ਸਾਧਨਾਂ ਰਾਹੀਂ ਪੰਜਾਬ ਪਹੁੰਚਦੀ ਰਹੀ। ਸਰਕਾਰੀ ਸੂਚਨਾ ਮੁਤਾਬਿਕ 29 ਨਵੰਬਰ 1885 ਨੂੰ ਮਰਗੋਈ ਵਿਖੇ ਆਪ ਨੇ ਮਹਾ-ਪ੍ਰਸਥਾਨ ਕੀਤਾ।

ਇਧਰ ਪੰਜਾਬ ਵਿਚ ਨਾਮਧਾਰੀਆਂ ਉਤੇ ਘੋਰ ਦਮਨ ਚਕਰ ਚਲਿਆ। ਹਰ ਨਾਮਧਾਰੀ ਦੀ ਗਤੀਵਿਧੀ ਉਤੇ ਕਈ ਪ੍ਰਕਾਰ ਦੀਆਂ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਭੈਣੀ ਸਾਹਿਬ ਵਿਚ ਪੁਲਿਸ ਦੀ ਚੌਕੀ ਬਿਠਾ ਦਿੱਤੀ ਗਈ ਜੋ ਸੰਨ 1923

ਤਕ ਪੂਰੇ 51 ਸਾਲ ਬੈਠੀ ਰਹੀ। ਕਿਸੇ ਅੰਦੋਲਨ ਨੂੰ ਕੁਚਲ ਦੇਣ ਵਾਲੀਆਂ ਇਨ੍ਹਾਂ ਸਖ਼ਤੀਆਂ ਦੇ ਬਾਵਜੂਦ ਨਾਮਧਾਰੀ ਗੁਰੂ ਰਾਮ ਸਿੰਘ ਦੇ ਉਤਰਾਧਿਕਾਰੀ ਸਤਿਗੁਰੂ ਹਰੀ ਸਿੰਘ ਨੇ ਨਾਮਧਾਰੀ ਅੰਦੋਲਨ ਨੂੰ ਬੜੀ ਸੁਚੱਜੀ ਵਿਵਸਥਾ ਨਾਲ ਚਲਾਈ ਰੱਖਿਆ। ਨਾਮ-ਸਿਮਰਨ ਵਿਚ ਆਪਣੇ ਅਨੁਯਾਈਆਂ ਨੂੰ ਦ੍ਰਿੜ ਕਰਕੇ ਉਨ੍ਹਾਂ ਦਾ ਮਨੋਬਲ ਬਣਾਈ ਰੱਖਿਆ। ਆਪਣੇ ਮਨੋਰਥ ਤੋਂ ਨਾਮਧਾਰੀ ਸਿੰਘ ਰਤਾ ਭਰ ਵੀ ਨ ਡੋਲੇ।

ਸੰਨ 1889 ਈਸਵੀ ਵਿਚ ਪੈਦਾ ਹੋਏ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਨੇ 16 ਸਾਲ ਦੀ ਆਯੂ ਵਿਚ ਇਸ ਅੰਦੋਲਨ ਦੀ ਵਾਗਡੋਰ ਸੰਭਾਲੀ। ਸਤਿਗੁਰੂ ਪ੍ਰਤਾਪ ਸਿੰਘ ਨੇ ਭੈਣੀ ਸਾਹਿਬ ਵਿਚ ਵੈਦਿਕ ਮਾਹੌਲ ਸਿਰਜ ਕੇ ਜਿਥੇ ਵੈਦਿਕ ਪਰੰਪਰਾਵਾਂ ਅਤੇ ਮਾਨਤਾਵਾਂ ਨੂੰ ਪੁਨਰ ਜੀਵਿਤ ਕੀਤਾ, ਉਥੇ ਰਹਿਣੀ ਬਹਿਣੀ ਨੂੰ ਵੀ ਸਵੱਛਤਾ ਪ੍ਰਦਾਨ ਕਰਕੇ ਹੰਸ-ਆਚਾਰ ਦਾ ਪ੍ਰਚਲਨ ਕੀਤਾ। ਗਊ ਰੱਖਿਆ ਪ੍ਰਤਿ ਉਹ ਵਿਸ਼ੇਸ਼ ਰੂਪ ਵਿਚ ਜਾਗਰੂਕ ਰਹੇ। ਉਨ੍ਹਾਂ ਨੇ ਪ੍ਰਭੂ ਭਗਤੀ ਦੇ ਨਾਲ ਦੇਸ਼ ਭਗਤੀ ਨੂੰ ਵੀ ਪਹਿਲਾਂ ਵਾਂਗ ਜਾਰੀ ਰੱਖਿਆ, ਪਰ ਥੋੜਾ ਜਿੰਨਾ ਸਰੂਪ ਜ਼ਰੂਰ ਬਦਲਿਆ। ਸਤਿਗੁਰੂ ਰਾਮ ਸਿੰਘ ਵੇਲੇ ਦੇਸ਼ ਭਗਤੀ ਪੂਰੀ ਤਰ੍ਹਾਂ ਧਰਮ ਦਾ ਅੰਗ ਬਣ ਕੇ ਚਲੀ ਸੀ, ਪਰ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਨੇ ਦੇਸ਼ ਦੀਆਂ ਬਦਲੀਆਂ ਹੋਈਆਂ ਪਰਿਸਥਿਤੀਆਂ ਅਨੁਸਾਰ ਦੇਸ਼ ਭਗਤੀ ਦੀ ਭਾਵਨਾ ਨੂੰ ਧਰਮ-ਨਿਰਪੇਖ ਰਾਜਨੀਤਕ ਪਾਰਟੀ ਕਾਂਗਰਸ ਨਾਲ ਜੋੜਿਆ। ਨਾਮਧਾਰੀਆਂ ਨੇ ਕਾਂਗਰਸ ਪਾਰਟੀ ਵਿਚ ਕਿਸੇ ਮੁੱਖ ਆਗੂ ਦੀ ਭੂਮਿਕਾ ਨਹੀਂ ਨਿਭਾਈ ਅਤੇ ਨਾ ਹੀ ਧਰਮ ਨਿਰਪੇਖ ਦੇਸ਼ ਭਗਤ ਬਣਨ ਦੀ ਉਨ੍ਹਾਂ ਦੀ ਕੋਈ ਲਾਲਸਾ ਸੀ। ਕਾਂਗਰਸ ਨਾਲ ਜੁੜਨ ਦਾ ਉਨ੍ਹਾਂ ਦਾ ਨਿਵੇਕਲਾ ਢੰਗ ਸੀ। ਉਹ ਕਾਂਗਰਸ ਪਾਰਟੀ ਦਾ ਅੰਗ ਬਣਨ ਦੀ ਥਾਂ ਸਮੂਹਿਕ ਤੌਰ ਤੇ ਉਸ ਦੇ ਸਮਰਥਕ ਸਨ ਅਤੇ ਉਸ ਦੇ ਪ੍ਰੋਗਰਾਮਾਂ ਨੂੰ ਕਾਮਯਾਬ ਕਰਨ ਵਿਚ ਪੂਰੀ ਤਰ੍ਹਾਂ ਸਹਾਇਕ ਸਨ।

ਜੇ ਗੰਭੀਰਤਾ ਨਾਲ ਵੇਖੀਏ ਤਾਂ ਕਾਂਗਰਸ ਪਾਰਟੀ ਦੇ ਜੋ ਮੁੱਖ ਮੁੱਦੇ ਸਨ, ਜਿਵੇਂ ਨਾ-ਮਿਲਵਰਤਣ, ਸਵਦੇਸ਼ੀ ਵਸਤਾਂ ਦੀ ਵਰਤੋਂ ਆਦਿ, ਉਹ ਤਾਂ ਨਾਮਧਾਰੀ ਸੰਪ੍ਰਦਾਇ ਨੇ ਪੰਜਾਹ ਕੁ ਵਰ੍ਹੇ ਪਹਿਲਾਂ ਤੋਂ ਹੀ ਅਪਨਾਏ ਹੋਏ ਸਨ। ਅਸਲ ਵਿਚ ਉਹ ਬਿਨਾਂ ਸੰਕੋਚ ਹਰ ਉਸ ਰਾਜਨੀਤਕ ਪਾਰਟੀ ਦੇ ਸਮਰਥਕ ਸਨ ਜੋ ਦੇਸ਼ ਦੀ ਆਜ਼ਾਦੀ ਲਈ ਲੜ ਰਹੀ ਸੀ। ਉਨ੍ਹਾਂ ਦੀ ਦੇਸ਼-ਭਗਤੀ ਦੀ ਭਾਵਨਾ ਦੇਸ਼-ਏਕਤਾ ਦੀ ਭਾਵਨਾ ਨਾਲ ਸੰਬੰਧਿਤ ਸੀ। ਇਹੀ ਕਾਰਨ ਹੈ ਕਿ ਉਹ ਫ਼ਿਰਕੂ ਨਾ ਬਣ ਸਕੇ। ਉਨ੍ਹਾਂ ਨੇ ਵੀਹਵੀਂ ਸਦੀ ਵਿਚ ਰਾਜਨੀਤੀ ਅਤੇ ਧਰਮ ਵਿਚ ਜੋ ਸੁਮੇਲ ਲਿਆਂਦਾ, ਉਹ ਇਕ ਸ਼ਲਾਘਾਯੋਗ ਉੱਦਮ ਹੈ।

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਨੇ ਨਾਮਧਾਰੀ ਪੰਥ ਨੂੰ ਸਦਾ ਜਗਾਈ ਹੀ ਨਹੀਂ ਰੱਖਿਆ, ਸਗੋਂ ਸੁਚੱਜੀ ਅਗਵਾਈ ਦੇ ਕੇ ਕਾਮਯਾਬੀ ਦੇ ਮਾਰਗ ਉੱਤੇ ਅੱਗੇ ਵਧਾਇਆ

ਹੈ। ਘਰੇਲੂ ਦਸਤਕਾਰੀ ਨੂੰ ਵਿਕਸਿਤ ਕਰਨ ਵਿਚ ਉਨ੍ਹਾਂ ਦਾ ਵਿਸ਼ੇਸ਼ ਰੁਝਾਨ ਸੀ। ਸਮੁੱਚੇ ਤੌਰ ਤੇ ਸੰਕਟ ਦੀ ਘੜੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਨੇ ਸਿੱਖ ਸਮਾਜ ਨੂੰ ਸ਼ਾਂਤਮਈ ਅਗਵਾਈ ਦਿੱਤੀ ਅਤੇ ਪ੍ਰੇਮ ਦੇ ਸੂਤਰ ਨਾਲ ਸਭ ਨੂੰ ਪਰੋਈ ਰੱਖਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਦ 22 ਅਗਸਤ 1959 ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸੰਪ੍ਰਦਾਇ ਨੂੰ ਅਧਿਆਤਮਕ ਮਾਰਗ ਉਤੇ ਅੱਗੇ ਵਧਾਉਣ ਲਈ ਜ਼ਿੰਮੇਵਾਰੀ ਸੰਭਾਲੀ। ਸੁਯੋਗ ਗੁਰੂ-ਪਿਤਾ ਦੀ ਦੇਖ ਰੇਖ ਵਿਚ ਵਿਕਸਿਤ ਹੋਈ ਪ੍ਰਤਿਭਾ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਅਧਿਆਤਮਕ ਸਾਧਨਾ ਦੇ ਸਿਖਰ ਹਨ।

ਬਦਲਦੇ ਹਾਲਾਤ ਵਿਚ ਰਾਜਨੀਤੀ ਅਸੂਲਪ੍ਰਸਤੀ ਅਨੁਸਾਰ ਨ ਰਹਿ ਕੇ ਰਾਜ ਅਧਿਕਾਰ ਦੀ ਪ੍ਰਾਪਤੀ ਵੱਲ ਰੁਚਿਤ ਹੋ ਗਈ ਹੈ। ਧਾਰਮਿਕ ਜਾਂ ਸੰਪ੍ਰਦਾਈ ਮਾਨਸਿਕਤਾ ਦੇ ਸਾਹਮਣੇ ਲੋਕਤੰਤਰਿਕ ਪ੍ਰਣਾਲੀ ਸਥਾਪਤ ਹੋ ਗਈ ਹੈ। ਵੋਟ ਹਾਸਲ ਕਰਨ ਵੇਲੇ ਵੱਖ ਵੱਖ ਸੰਪ੍ਰਦਾਵਾਂ ਨੂੰ ਵੋਟ-ਬੈਂਕਾਂ ਦੀ ਭੂਮਿਕਾ ਨਿਭਾਉਣ ਵਜੋਂ ਵਰਤਿਆ ਜਾ ਰਿਹਾ ਹੈ। ਸਤਿਗੁਰੂ ਪ੍ਰਤਾਪ ਸਿੰਘ ਨੇ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਆਪਣੇ ਆਪ ਨੂੰ ਦੇਸ਼-ਭਗਤੀ ਪ੍ਰਧਾਨ ਲਹਿਰਾਂ, ਪਾਰਟੀਆਂ ਨਾਲ ਜੋੜੀ ਰੱਖਿਆ ਸੀ। ਹੁਣ ਕਿਸੇ ਕਦ ਬੁੱਤ ਵਾਲੀ ਰਾਜਨੀਤਕ ਪਾਰਟੀ ਦੇ ਨਾ ਰਹਿਣ ਕਾਰਨ ਨਾਮਧਾਰੀ ਗੁਰੂ ਜਗਜੀਤ ਸਿੰਘ ਸੁਤੰਤਰ ਰਹਿ ਕੇ ਆਪਣੀ ਸੰਪ੍ਰਦਾਇ ਨੂੰ ਸਹੀ ਦਿਸ਼ਾ ਵੱਲ ਲੈ ਜਾ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਨੇ ਸਦੀਵੀ ਸੱਚ ਵਾਲਾ ਮਾਰਗ ਅਪਣਾਉਣ ਲਈ ਆਪਣੇ ਅਨੁਯਾਈਆਂ ਨੂੰ ਦਿਸ਼ਾ ਨਿਰਦੇਸ਼ ਕੀਤਾ ਹੈ। ਇਸੇ ਲਈ ਇਹ ਸੰਪ੍ਰਦਾਇ ਰਾਜਨੀਤਕ ਕੁਚੱਕਰਾਂ ਤੋਂ ਮੁਕਤ ਚਲਦੀ ਆ ਰਹੀ ਹੈ। ਆਪ ਰਾਜਨੀਤੀ ਨੂੰ ਧਰਮਾਧਾਰਿਤ ਰੱਖਣ ਵਿਚ ਵਿਸ਼ਵਾਸ ਰਖਦੇ ਹਨ। ਪ੍ਰਭੂ ਭਗਤੀ ਅਤੇ ਦੇਸ਼ ਭਗਤੀ ਧਰਮਾਚਾਰ ਅਤੇ ਸਦਾਚਾਰ, ਸ਼ਰਧਾ ਅਤੇ ਨੀਤੀ, ਅਰਥ ਅਤੇ ਫਰਜ਼ ਵਿਚ ਸੰਤੁਲਨ ਰੱਖਦਿਆਂ ਆਪ ਨੇ ਜਨ-ਸਾਧਾਰਣ ਤੋਂ ਲੈ ਕੇ ਅਧਿਕਾਰਾਂ ਦੇ ਸੁਆਮੀਆਂ ਨੂੰ ਸਹੀ ਮਾਰਗ ਦਾ ਅਨੁਸਰਣ ਕਰਨ ਲਈ ਪ੍ਰੇਰਿਤ ਕੀਤਾ ਹੈ।

ਧਾਰਮਿਕ ਤੌਰ ਤੇ ਨਾਮਧਾਰੀ ਗੁਰੂ ਜਗਜੀਤ ਸਿੰਘ ਨੇ ਨਾਮ ਬਾਣੀ ਦਾ ਪ੍ਰਵਾਹ ਪੂਰਵ-ਵਤ ਜਾਰੀ ਰਖਿਆ ਹੈ ਅਤੇ ਗੁਰਬਾਣੀ ਦੇ ਸ਼ੁੱਧ ਰਾਗਾਂ ਅਤੇ ਤੰਤ੍ਰੀ-ਸਾਜ਼ਾਂ ਨਾਲ ਸ਼ਬਦ-ਗਾਇਨ ਦੀ ਵਿਰਾਸਤ ਨੂੰ ਸੰਭਾਲਿਆ ਹੋਇਆ ਹੈ। ਆਪ ਖ਼ੁਦ ਪ੍ਰਤਿਭਾ ਸੰਪੰਨ ਸੰਗੀਤਗ ਹਨ। ਆਪ ਦੀ ਭਗਤੀ ਭਾਵਨਾ ਦੇਸ਼ ਦੀਆਂ ਸੀਮਾਵਾਂ ਤੋਂ ਉਚੀ ਉਠ ਕੇ ਵਿਸ਼ਵ ਸ਼ਾਂਤੀ, ਮਾਨਵ ਭਲਾਈ, ਸਹਿਹੋਂਦ, ਸਹਿਨਸ਼ੀਲਤਾ ਆਦਿ ਅਨੇਕ ਉਦਾਰਵਾਦੀ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਸੇ ਲਈ ਆਪ ਦੇਸ ਅਤੇ ਵਿਦੇਸ਼ ਦੇ ਸਾਰੇ ਧਰਮਾਂ ਦੇ ਮੁੱਖ ਧਰਮ-ਧਾਮਾਂ ਉਤੇ ਜਾਂਦੇ ਹਨ। ਉਨ੍ਹਾਂ ਦੇ ਸਮਾਗਮਾਂ

ਅਤੇ ਸੰਮੇਲਨਾਂ ਵਿਚ ਸ਼ਾਮਲ ਹੁੰਦੇ ਹਨ। ਉਨ੍ਹਾਂ ਦੇ ਵਿਚਾਰਾਂ ਨੂੰ ਸੁਣਦੇ ਅਤੇ ਸਿੱਖ ਧਰਮ ਦੀ ਜੀਵਨ-ਜਾਚ ਅਤੇ ਅਧਿਆਤਮਕਤਾ ਨੂੰ ਸਪਸ਼ਟ ਕਰਦੇ ਹਨ। ਇਹੀ ਕਾਰਣ ਹੈ ਕਿ ਦੇਸ਼ ਵਿਦੇਸ਼ ਦੇ ਰਾਜਨੀਤਕ, ਧਾਰਮਿਕ, ਸਮਾਜਕ ਸਭਾ ਸੋਸਾਇਟੀਆਂ ਦੇ ਮੁਖੀ ਆਪ ਪਾਸ ਆਉਂਦੇ ਅਤੇ ਆਪ ਨੂੰ ਆਪਣੇ ਪਾਸ ਬੁਲਾਉਂਦੇ ਹਨ। ਆਪ ਨੇ ਪਰਸਪਰ ਸੰਵਾਦ ਦੇ ਸਾਧਨ ਨੂੰ ਵਰਤ ਕੇ ਵਿਚਾਰਧਾਰਕ ਮਾਨਤਾਵਾਂ ਦਾ ਵਿਸਤਾਰ ਕੀਤਾ ਹੈ। ਧਰਮ ਦੇ ਖੇਤਰ ਵਿਚ ਆਪ ਦੀ ਦੇਣ ਨੇ ਆਪ ਨੂੰ ਸ਼ੋਭਾਸ਼ਾਲੀ ਵਿਅਕਤਿਤ੍ਵ ਦਾ ਸੁਆਮੀ ਬਣਾਇਆ ਹੈ। ਆਪ ਥੋੜੀਆਂ ਲੋੜਾਂ ਵਾਲੇ ਵੱਡੇ ਧਰਮ ਆਗੂ ਹਨ ਜੋ ਲੋਕਾਂ ਦੀਆਂ ਵੱਡੀਆਂ ਲੋੜਾਂ ਨੂੰ ਪੂਰਾ ਕਰਨ ਵਿਚ ਸਮਰੱਥ ਹਨ।

ਨਾਰੀ ਜਾਤੀ ਦੇ ਉਥਾਨ ਵਲ ਨਾਮਧਾਰੀ ਗੁਰੂ ਰਾਮ ਸਿੰਘ ਨੇ ਵਿਸ਼ੇਸ਼ ਧਿਆਨ ਦਿੱਤਾ ਹੈ ਕਿਉਂਕਿ ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਬਣ ਚੁੱਕਿਆ ਸੀ ਕਿ ਕੋਈ ਕੌਮ ਅਤੇ ਦੇਸ਼ ਉਦੋਂ ਤਕ ਤਰੱਕੀ ਨਹੀਂ ਕਰ ਸਕਦਾ, ਜਦ ਤਕ ਸਮਾਜ ਦਾ ਅਰਧ-ਅੰਗ, ਨਾਰੀ ਆਪਣੇ ਗੌਰਵ ਨੂੰ ਪ੍ਰਾਪਤ ਨਹੀਂ ਹੁੰਦੀ। ਅਜ ਜੋ ਇਸਤਰੀ ਨੂੰ ਅਧਿਕਾਰ ਦੇਣ ਦੀ ਗੱਲ ਕਦੇ ਕਦੇ ਚਲਦੀ ਹੈ, ਇਸ ਦਾ ਫੁਰਨਾ ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਨੂੰ ਫੁਰਿਆ ਸੀ ਇਸਤਰੀਆਂ ਦੀ ਸਮਾਜਕ ਬੰਦ-ਖਲਾਸੀ ਲਈ ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਆਦੇਸ਼ ਦਿੱਤਾ ਕਿ

1) *ਜੰਮਦੀਆਂ ਧੀਆਂ ਨੂੰ ਮਾਰਿਆ ਨਾ ਜਾਏ,*
2) *ਬਾਲ ਵਿਆਹ ਦੀ ਰੀਤ ਖ਼ਤਮ ਕੀਤੀ ਜਾਏ,*
3) *ਕੁੜੀ ਵੇਚਣੀ ਜਾਂ ਵਟੇ ਦਾ ਸਾਕ ਕਰਨਾ ਬੰਦ ਕੀਤਾ ਜਾਏ,*
4) *ਵਿਧਵਾ ਨੂੰ ਵਿਆਹ ਕਰਨ ਦੀ ਖੁੱਲ੍ਹ ਹੋਏ,*
5) *ਲੜਕੀਆਂ ਲਈ ਵਿਦਿਆ ਪ੍ਰਾਪਤੀ ਲਾਜ਼ਮੀ ਕੀਤੀ ਜਾਏ,*
6) *ਨਵੀਂ ਆਨੰਦ ਕਾਰਜ ਪ੍ਰਥਾ ਅਨੁਸਾਰ ਵਿਆਹ ਕਰਕੇ ਲੜਕੀਆਂ ਦੇ ਮਾਪਿਆਂ ਨੂੰ ਵਿਅਰਥ ਦੇ ਖ਼ਰਚਿਆਂ ਤੋਂ ਮੁਕਤ ਕੀਤਾ ਜਾਏ।*

ਇਸਤਰੀ ਸੰਬੰਧੀ ਇਹ ਦ੍ਰਿਸ਼ਟੀਕੋਣ ਸਤਿਗੁਰੂ ਰਾਮ ਸਿੰਘ ਨੂੰ ਵਿਸ਼ਵ ਦੇ ਮਹਾਨ ਲੋਕ-ਨਾਇਕਾਂ ਵਿਚ ਖੜ੍ਹਾ ਕਰਦਾ ਹੈ। ਉਨ੍ਹਾਂ ਦੇ ਅਜਿਹੇ ਦ੍ਰਿਸ਼ਟੀਕੋਣ ਨਾਲ ਨਾਮਧਾਰੀਆਂ ਵਿਚ ਇਸਤਰੀ ਪ੍ਰਤਿ ਆਦਰ ਦੀ ਭਾਵਨਾ ਵਿਕਸਿਤ ਹੋਈ ਅਤੇ ਉਹ ਸਮਾਜ ਵਿਚ ਮਰਦ ਨਾਲ ਬਰਾਬਰ ਹੋ ਕੇ ਵਿਚਰਨ ਲੱਗੀਆਂ। ਇਸ ਬਿਰਤੀ ਦਾ ਭਾਵੇਂ ਸਮਾਜ ਅਤੇ ਬ੍ਰਾਹਮਣਵਾਦ ਵੱਲੋਂ ਵਿਰੋਧ ਹੋਇਆ, ਪਰ ਹੌਲੀ ਹੌਲੀ ਲੋਕੀਂ ਸਤਿਗੁਰੂ ਰਾਮ ਸਿੰਘ ਦੀ ਨਵਚੇਤਨਾ ਦੇ ਕਾਇਲ ਹੋ ਗਏ ਅਤੇ ਇਸਤਰੀ ਜਾਤੀ ਪ੍ਰਤਿ ਸੁਅਸਥ ਵਿਚਾਰ ਪਸਰਨ ਲੱਗੇ। ਸਿੱਟੇ ਵਜੋਂ ਨਾਮਧਾਰੀ ਇਸਤਰੀਆਂ ਨੇ ਵੀ ਸੰਪ੍ਰਦਾਇਕ ਕਾਰਵਾਈਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਸਤਿਗੁਰੂ ਜਗਜੀਤ ਸਿੰਘ ਨੇ ਸਤਿਗੁਰੂ

Sri Satguru Jagjit Singh Ji Elibrary NamdhariElibrary@gmail.com

ਰਾਮ ਸਿੰਘ ਦੁਆਰਾ ਚਲਾਈ ਇਸਤਰੀ ਸੁਧਾਰ ਲਹਿਰ ਨੂੰ ਹੋਰ ਮਜ਼ਬੂਤ ਕੀਤਾ। ਲੜਕਿਆਂ ਵਾਂਗ ਇਸਤਰੀਆਂ ਦੇ ਧਾਰਮਿਕ ਸੰਮੇਲਨਾਂ ਦੀ ਵਿਵਸਥਾ ਕੀਤੀ ਅਤੇ ਉਨ੍ਹਾਂ ਨੂੰ ਅਵਸਰ ਦਿੱਤਾ ਕਿ ਆਪਣੇ ਵਿਚਾਰ ਸਪਸ਼ਟਤਾ ਨਾਲ ਪ੍ਰਗਟ ਕਰ ਸਕਣ।

ਲੜਕੀਆਂ ਨੂੰ ਸਟੇਜਾਂ ਉਤੇ ਬਹਿਣ, ਸ਼ਬਦ ਕੀਰਤਨ ਵਿਚ ਸ਼ਾਮਲ ਹੋਣ ਅਤੇ ਧਰਮ ਪ੍ਰਚਾਰ ਵਿਚ ਖੁੱਲ੍ਹ ਕੇ ਭਾਗ ਲੈਣ ਲਈ ਉਤਸ਼ਾਹਿਤ ਕੀਤਾ, ਉਨ੍ਹਾਂ ਨੂੰ ਸੂਬੇ ਵੀ ਬਣਾਇਆ। ਅੱਜ ਨਾਮਧਾਰੀ ਇਸਤਰੀਆਂ ਲੇਖਕਾਵਾਂ ਹਨ, ਸਿੱਖਿਆ ਸ਼ਾਸਤਰੀ ਹਨ, ਵਕੀਲ ਅਤੇ ਡਾਕਟਰ ਹਨ, ਆਧੁਨਿਕ ਤਕਨਾਲੋਜੀ ਵਿਚ ਪ੍ਰਬੀਨ ਹਨ, ਪ੍ਰਸ਼ਾਸਕੀ ਕਾਰਜ ਨਿਭਾਉਣ ਵਿਚ ਸਫਲ ਹਨ।

ਨਾਮਧਾਰੀ ਗੁਰੂ ਜਗਜੀਤ ਸਿੰਘ ਉਨ੍ਹਾਂ ਭਵਿੱਖਮੁਖੀ ਧਰਮਸਾਧਕਾਂ ਵਿਚੋਂ ਹਨ ਜਿਨ੍ਹਾਂ ਨੇ ਯੁਗ ਦੀਆਂ ਪਰਿਸਥਿਤੀਆਂ ਅਨੁਸਾਰ ਆਪਣੇ ਅਨੁਯਾਈਆਂ ਨੂੰ ਸੇਧ ਦੇ ਕੇ ਪ੍ਰਗਤੀ ਦੇ ਪੱਥ ਤੇ ਅੱਗੇ ਤੋਰਿਆ ਹੈ। ਕੌਮ ਦੀ ਨਬਜ਼ ਦੀ ਪਛਾਣ ਭਲਾ ਆਪ ਤੋਂ ਚੰਗੀ ਹੋਰ ਕੌਣ ਕਰ ਸਕਦਾ ਹੈ। ਆਪ ਨੇ ਭੈਣੀ ਸਾਹਿਬ ਦਾ ਕਾਇਆ ਕਲਪ ਕਰ ਦਿੱਤਾ ਹੈ। ਕੱਖਾਂ ਦੇ ਛਪਰਾਂ ਅਤੇ ਕੁਲੀਆਂ ਨੂੰ ਭਵਨਾਂ ਵਿਚ ਬਦਲ ਕੇ ਆਜ਼ਾਦ ਦੇਸ਼ ਵਿਚ ਕੁਲੀਆਂ ਤੋਂ ਪੱਕੀਆਂ ਇਮਾਰਤਾਂ ਵਲ ਯਾਤਰਾ ਕੀਤੀ ਹੈ। ਆਪ ਨੇ ਭੈਣੀ ਸਾਹਿਬ ਵਿਚ ਯਾਤਰੂਆਂ ਦੇ ਸੁਵਿਧਾ ਪੂਰਵਕ ਠਹਿਰਨ ਲਈ ਸੁੰਦਰ ਨਿਵਾਸ ਸਥਾਨ ਬਣਾਇਆ ਹੈ। ਸਤਿਗੁਰੂ ਪ੍ਰਤਾਪ ਸਿੰਘ ਦੀ ਯਾਦ ਵਿਚ ਇਕ ਵਿਸ਼ਾਲ ਸਮ੍ਰਿਤੀ ਭਵਨ ਦਾ ਨਿਰਮਾਣ ਕਰਵਾਇਆ ਹੈ ਜੋ ਤਕਨੀਕੀ ਪੱਖ ਤੋਂ ਇਕ ਉਚੇਚਾ ਤਜਰਬਾ ਹੈ। ਆਪ ਨੇ ਰਾਮਸਰ ਸਰੋਵਰ ਨੂੰ ਆਧੁਨਿਕ ਜੁਗਤ ਅਨੁਸਾਰ ਨਵਾਂ ਰੂਪ ਦਿੱਤਾ ਹੈ। ਬੜੇ ਉਘੇ ਇੰਜੀਨੀਅਰਾਂ ਅਤੇ ਡੀਜ਼ਾਈਨਰਾਂ ਦੀਆਂ ਰਾਵਾਂ ਲੈ ਕੇ ਇਕ ਅਜਿਹੇ ਸੁੰਦਰ ਸਰੋਵਰ ਦਾ ਨਿਰਮਾਣ ਕਰਵਾਇਆ ਹੈ ਜੋ ਨਾ ਕੇਵਲ ਕਲਾ ਦਾ ਉਤਮ ਨਮੂਨਾ ਹੈ, ਸਗੋਂ ਸੋਧੀਆਂ ਵਾਸਤੇ ਮਰਯਾਦਾ ਅਨੁਕੂਲ ਜਲ ਦੀ ਉਪਲਬਧੀ ਵੀ ਕਰਨ ਵਾਲਾ ਸਰੋਵਰ ਹੈ। ਭੈਣੀ ਸਾਹਿਬ ਵਿਚ ਬਣਿਆ ਗੁਰੂ ਨਾਨਕ ਸਦਭਾਵਨਾ ਮੰਦਰ ਇਕ ਉਲੇਖ ਯੋਗ ਇਮਾਰਤ ਹੈ। ਬਿਨਾਂ ਥੰਮਾਂ ਦੇ ਬਣਿਆ ਇਸ ਦਾ ਵਿਸ਼ਾਲ ਹਾਲ ਭਵਨ-ਨਿਰਮਾਣ ਕਲਾ ਦੀ ਉਤਮ ਪ੍ਰਾਪਤੀ ਹੈ। ਇਸ ਵਿਚ ਇਕੋ ਸਮੇਂ ਹਜ਼ਾਰਾਂ ਸਰੋਤੇ ਦੀਵਾਨ ਵਿਚ ਸ਼ਾਮਲ ਹੋ ਸਕਦੇ ਹਨ। ਸਕੇਟਿੰਗ ਲਈ ਵੀ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਲੇਰ ਕੋਟਲਾ ਵਿਚ 66 ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਬਣਾਇਆ ਗਿਆ ਸਮਾਰਕ ਅਤੇ 66 ਫੁੱਟ ਉਚਾ ਖੰਡਾ ਸੁੰਦਰ ਸਮ੍ਰਿਤੀ ਦਾ ਪ੍ਰਤੀਕ ਹੈ।

ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦੀ ਦੂਰਦਰਸ਼ਤਾ ਦਾ ਉਲੇਖ-ਯੋਗ ਪੱਖ ਇਹ ਵੀ ਹੈ ਕਿ ਆਪ ਨੇ ਬਦਲੇ ਹੋਏ ਹਾਲਾਤ ਅਨੁਸਾਰ ਨਵੀਂ ਸ਼ਿਕਸ਼ਾ ਪ੍ਰਣਾਲੀ ਨੂੰ ਅਪਨਾਉਣ ਲਈ ਨਾ ਕੇਵਲ ਅਨੁਯਾਈਆਂ ਨੂੰ ਪ੍ਰੇਰਿਤ ਕੀਤਾ, ਸਗੋਂ ਸੰਸਥਾਵਾਂ

Sri Satguru Jagjit Singh Ji Elibrary NamdhariElibrary@gmail.com

ਦੀ ਸਥਾਪਨਾ ਕੀਤੀ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ, ਮਾਨਸਰੋਵਰ ਗਾਰਡਨ, ਦਿੱਲੀ; ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ, ਭੈਣੀ ਸਾਹਿਬ; ਗੁਰੂ ਹਰੀ ਸਿੰਘ ਮਹਾਂਵਿਦਿਆਲਾ, ਜੀਵਨ ਨਗਰ; ਇੰਦਰ ਨੈਸ਼ਨਲ ਸਕੂਲ ਥਾਈਲੈਂਡ ਆਦਿ ਕੁਝ ਕੁ ਸਕੂਲਾਂ ਕਾਲਜਾਂ ਦੇ ਨਾਂ ਗਿਣਾਏ ਜਾ ਸਕਦੇ ਹਨ।

ਬਨਾਰਸ ਵਿਚ ਡਾ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲੇ ਅਤੇ ਅੰਮ੍ਰਿਤਸਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਤਿਗੁਰੂ ਰਾਮ ਸਿੰਘ ਚੇਅਰਾਂ ਦੀ ਸਥਾਪਨਾ ਆਪ ਜੀ ਦੀ ਵਿਦਿਆ ਵਿਸਤਾਰ ਲਈ ਦਿੱਤੀ ਪ੍ਰੇਰਨਾ ਦੇ ਉਜਲੇ ਸੰਸਥਾਪਨ ਹਨ। ਇਨ੍ਹਾਂ ਚੇਅਰਾਂ ਦੀ ਸਥਾਪਨਾ ਨਾਲ ਨਾਮਧਾਰੀ ਸੰਪ੍ਰਦਾਇ ਬਾਰੇ ਇਕ ਨਵੇਂ ਢੰਗ ਦਾ ਸੰਵਾਦ ਚਲ ਪਿਆ ਹੈ। ਇਸ ਪ੍ਰਕਾਰ ਦੇ ਸੰਵਾਦਾਂ ਨਾਲ ਨਾਮਧਾਰੀ ਇਤਿਹਾਸ, ਸਭਿਆਚਾਰ ਅਤੇ ਭਾਵਨਾਤਮਕ ਏਕਤਾ ਦੀ ਭਾਵਨਾ ਦੀ ਖੋਜ ਦੇ ਦੁਆਰ ਖੁੱਲ੍ਹਣ ਦੀ ਸੰਭਾਵਨਾ ਹੈ। ਲੜਕੀਆਂ ਦੀ ਸ਼ਿਕਸ਼ਾ ਸੰਬੰਧੀ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਇਹ ਸੋਚ ਨੂੰ ਕ੍ਰਿਆਤਮਕ ਰੂਪ ਦੇਣ ਲਈ ਇਸਤਰੀ ਵਿਦਿਅਕ ਜਥਾ ਵੀ ਬਣਾਇਆ ਗਿਆ ਹੈ।

ਖੇਡਾਂ ਦੇ ਵਿਕਾਸ ਲਈ ਵੀ ਆਪ ਬਹੁਤ ਉਤਸੁਕ ਹਨ। ਆਪ ਖੁਦ ਖੇਡਾਂ ਦੇ ਸ਼ੌਕੀਨ ਹਨ ਅਤੇ ਬੱਚਿਆਂ ਨੂੰ ਬੈਡਮਿੰਟਨ, ਹਾਕੀ, ਕਬੱਡੀ, ਨੇਜ਼ਾਬਾਜ਼ੀ, ਰੱਸਾਕਸ਼ੀ, ਵਾਲੀਬਾਲ, ਫੁੱਟਬਾਲ, ਰੋਲਰ ਸਕੇਟਿੰਗ ਆਦਿ ਖੇਡਾਂ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰਦੇ ਹਨ। ਨਾਮਧਾਰੀ ਹਾਕੀ ਟੀਮ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਪਛਾਣ ਬਣਾਈ ਹੈ। ਅਫਰੀਕਾ ਅਤੇ ਯੋਰਪ ਵਿਚ ਕਈ ਮੈਚ ਖੇਡੇ ਹਨ। ਖੇਡਾਂ ਵੇਲੇ ਖਿਡਾਰੀਆਂ ਦੇ ਬਸਤ੍ਰ ਨਾਮਧਾਰੀਆਂ ਵਾਲੇ ਹੁੰਦੇ ਹਨ। ਸਤਿਗੁਰੂ ਜਗਜੀਤ ਸਿੰਘ ਦੀ ਖੇਤੀਬਾੜੀ ਸੰਬੰਧੀ ਵੀ ਬੜੀ ਪੈਨੀ ਦ੍ਰਿਸ਼ਟੀ ਹੈ। ਆਪ ਦੀ ਅਸੀਸ ਨਾਲ ਠਾਕੁਰ ਉਦੈ ਸਿੰਘ ਦੀ ਮਿਹਨਤ ਦੇ ਸਦਕੇ ਨਾਮਧਾਰੀ ਸੀਡਜ਼ ਬੰਗਲੌਰ ਨੇ ਬੀਜਾਂ ਆਦਿ ਦੇ ਨਿਰਯਾਤ ਵਿਚ ਵਿਸ਼ੇਸ਼ ਨਾਂ ਖੱਟਿਆ ਹੈ।

ਖੇਤੀਬਾੜੀ ਨਾਲ ਸੰਬੰਧਿਤ ਪਸ਼ੂ ਧਨ ਦੀ ਪਾਲਣਾ ਅਤੇ ਉਨ੍ਹਾਂ ਦੀਆਂ ਵਿਸ਼ੇਸ਼ ਨਸਲਾਂ ਨੂੰ ਵਿਕਸਿਤ ਕਰਨਾ ਵੀ ਆਪ ਦੇ ਸ਼ੁਗਲਾਂ ਵਿਚੋਂ ਹਨ। ਗਊਆਂ ਨੂੰ ਪਾਲਣ ਪੋਸਣ ਵਿਚ ਨਾਮਧਾਰੀ ਸੰਪ੍ਰਦਾਇ ਦੀ ਵਿਸ਼ੇਸ਼ ਭੂਮਿਕਾ ਹੈ, ਕਿਉਂਕਿ ਗਊ ਭਾਰਤੀ ਖੇਤੀਬਾੜੀ ਅਤੇ ਪੇਂਡੂ ਜੀਵਨ ਦੀ ਸੰਪੰਨਤਾ ਦਾ ਪ੍ਰਤੀਕ ਹੈ।

ਸਤਿਗੁਰੂ ਜੀ ਨੇ ਭੈਣੀ ਸਾਹਿਬ ਅਤੇ ਜੀਵਨ ਨਗਰ ਵਿਚ ਬਿਰਧ ਆਸ਼ਰਮ ਸਥਾਪਤ ਕੀਤੇ ਹੋਏ ਹਨ ਜਿਨ੍ਹਾਂ ਵਿਚ ਬੇਸਹਾਰਾ ਬਿਰਧਾਂ ਨੂੰ ਨਿਵਾਸ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਦੇਖਭਾਲ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀਆਂ ਖਾਹਿਸ਼ਾਂ ਅਤੇ ਲੋੜਾਂ ਨੂੰ ਪੂਰਾ ਕੀਤਾ ਜਾਂਦਾ ਹੈ। ਇਨ੍ਹਾਂ ਬਿਰਧਾਂ ਵਿਚ ਲੇਖਕ, ਕਲਾਕਾਰ,

ਸੰਗੀਤਕਾਰ, ਅਕਾਦਮਿਕ ਸ਼ਖ਼ਸੀਅਤ ਆਦਿ ਸ਼ਾਮਲ ਹਨ। ਬੇਸਹਾਰਾ ਇਸਤਰੀਆਂ ਨੂੰ ਵੀ ਸਥਾਨ ਦਿੱਤਾ ਜਾਂਦਾ ਹੈ।

ਲੋਕਾਂ ਨੂੰ ਬੀਮਾਰੀਆਂ ਤੋਂ ਨਿਜਾਤ ਦਿਵਾਉਣ ਲਈ ਲੁਧਿਆਣੇ ਵਿਚ ਦਵਾ ਦਾਰੂ ਅਤੇ ਹੋਰ ਸੁਵਿਧਾਵਾਂ ਦੀ ਪਹਿਲਾਂ ਹੀ ਵਿਵਸਥਾ ਕੀਤੀ ਹੋਈ ਹੈ। ਭੈਣੀ ਸਾਹਿਬ ਵਿਚ ਚੁੰਬਕ ਇਲਾਜ ਕਰਨ ਦੀ ਵਿਵਸਥਾ ਕੀਤੀ ਹੋਈ ਹੈ। ਹੁਣ ਅਪੋਲੋ ਦੇ ਸਹਿਯੋਗ ਨਾਲ ਲੁਧਿਆਣੇ ਵਿਚ ਬਹੁਤ ਵੱਡਾ ਹਸਪਤਾਲ ਬਣਾਇਆ ਜਾ ਰਿਹਾ ਹੈ।

ਸਾਹਿਤ ਸਿਰਜਨਾ ਪ੍ਰਤਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਚੇਚੀ ਰੁਚੀ ਹੈ। ਆਪ ਸਾਹਿਤਕਾਰਾਂ ਲਈ ਪ੍ਰੇਰਨਾ ਸਰੋਤ ਹਨ। ਆਪ ਨੇ ਲੇਖਕਾਂ ਲਈ ਸਾਹਿਤ ਸਿਰਜਨਾ ਦੇ ਮਨੋਰਥ ਨੂੰ ਨਿਸ਼ਚਿਤ ਕਰਦੇ ਹੋਇਆਂ 17 ਜੁਲਾਈ 1983 ਨੂੰ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ, ਬੈਂਕਾਕ ਨੂੰ ਸੰਬੋਧਨ ਕੀਤਾ ਸੀ ਅਤੇ ਬਾਬਾ ਫ਼ਰੀਦ ਦੇ ਇਕ ਸ਼ਲੋਕ ਰਾਹੀਂ ਕਿਹਾ ਸੀ 'ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ'। ਸਤਿਗੁਰੂ ਜੀ ਬੜੇ ਖੁਦ ਵੀ ਕਵਿਤਾ ਰਚਦੇ ਹੁੰਦੇ ਸਨ ਅਤੇ ਉਚੇਚੇ ਤੌਰ ਤੇ ਪਿੰਗਲ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਹੁਣ ਵੀ ਆਪ ਦੇ ਪ੍ਰਵਚਨ, ਭਾਸ਼ਾ ਸ਼ੈਲੀ, ਭਾਵਨਾ ਅਤੇ ਸਪਸ਼ਟਤਾ ਵਜੋਂ ਸੁੰਦਰ ਸਾਹਿਤਿਕ ਉਦਗਾਰ ਹਨ।

ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਨੂੰ ਪ੍ਰਮਾਣਿਕ ਰੂਪ ਵਿਚ ਪ੍ਰਕਾਸ਼ਿਤ ਕਰਕੇ ਗੁਰੂ-ਸੰਦੇਸ਼ ਨੂੰ ਹਰ ਇਕ ਨਾਮਧਾਰੀ ਤਕ ਪਹੁੰਚਾਣਾ ਸਰਲ ਕਰ ਦਿੱਤਾ ਹੈ। 'ਬੀਤੇ ਦੀਆਂ ਪੈੜਾਂ' ਦੇ ਦਸ ਭਾਗ ਛਪ ਚੁੱਕੇ ਹਨ। ਇਸ ਪੁਸਤਕ ਲੜੀ ਰਾਹੀਂ ਪੁਰਾਤਨ ਸੂਫ਼ੀਆਂ ਦੇ ਤਜ਼ਕਰੇ ਜਾਂ ਰੋਜ਼ਨਾਮਚੇ ਲਿਖਣ ਦੀ ਪਰੰਪਰਾ ਨੂੰ ਕਵੀ ਪ੍ਰੀਤਮ ਸਿੰਘ ਨੇ ਸਤਿਗੁਰੂ ਜੀ ਦੇ ਜੀਵਨ-ਚਰਿਤ ਨੂੰ ਨਿੱਤ ਦੇ ਕਾਰਜ-ਕ੍ਰਮ ਰਾਹੀਂ ਉਜਾਗਰ ਕੀਤਾ ਹੈ। ਇਸ ਬਿਰਤਾਂਤ ਤੋਂ ਸਤਿਗੁਰੂ ਜੀ ਦੀ ਦੂਰਦਰਸ਼ਤਾ, ਉਦਾਰਤਾ, ਸਮੱਸਿਆਵਾਂ ਦੇ ਸਮਾਧਾਨ ਲਈ ਬਹੁਪੱਖੀ ਪਹੁੰਚ ਅਤੇ ਧਰਮ-ਸਾਧਨਾ ਵਿਚ ਤਨਮਇਤਾ ਦਾ ਪਰਿਚਯ ਮਿਲਦਾ ਹੈ। ਪ੍ਰਵਚਨ, ਸਾਖੀ, ਸਫ਼ਰਨਾਮਾ ਅਤੇ ਡਾਇਰੀ ਆਦਿ ਸਾਹਿਤਕ ਵਿਧਾਵਾਂ ਵਿਚ ਲਿਖੀ ਇਹ ਪੁਸਤਕ ਲੜੀ ਪੰਜਾਬੀ ਦੀ ਸਰਸ, ਸਰਲ ਅਤੇ ਸਪਸ਼ਟ ਸ਼ੈਲੀ ਦਾ ਉੱਜਲਾ ਨਮੂਨਾ ਹੈ।

ਇਸ ਤੋਂ ਇਲਾਵਾ, ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਅਨੇਕ ਰਚਨਾਵਾਂ ਦੇ ਪ੍ਰਕਾਸ਼ਨ ਦੀ ਵਿਵਸਥਾ ਕੀਤੀ ਜਾ ਰਹੀ ਹੈ ਅਤੇ ਨਾਮਧਾਰੀ ਲੇਖਕਾਂ ਨੂੰ ਉਤਸ਼ਾਹਿਤ ਵੀ ਕੀਤਾ ਜਾਂਦਾ ਹੈ। ਗੁਰਮਤਿ ਸਾਹਿਤ ਸੰਬੰਧੀ ਕੰਮ ਕਰਨ ਵਾਲੇ ਵਿਦਵਾਨਾਂ ਅਤੇ ਲੇਖਕਾਂ ਨੂੰ ਉਚੇਚੇ ਤੌਰ ਤੇ ਸਨਮਾਨਿਤ ਕਰਨਾ ਆਪ ਜੀ ਨੂੰ ਵਿਸ਼ੇਸ਼ ਤੌਰ ਤੇ ਰੁਚੀਕਰ ਹੈ। ਅਨੇਕ ਸਾਹਿਤਕ ਕਾਨਫਰੰਸਾਂ, ਵਿਸ਼ਵ ਪੰਜਾਬੀ ਕਾਨਫਰੰਸਾਂ ਕਰਨ ਲਈ ਆਪ ਵਲੋਂ ਮਾਇਕ ਸਹਾਇਤਾ ਦੀ ਵਿਵਸਥਾ ਕੀਤੀ ਜਾਂਦੀ ਹੈ। ਪੰਜਾਬੀ ਭਾਸ਼ਾ ਦੇ ਵਿਕਾਸ

Sri Satguru Jagjit Singh Ji Elibrary NamdhariElibrary@gmail.com

ਵਿਚ ਲੱਗੀਆਂ ਅਕਾਦਮੀਆਂ ਜਾਂ ਸਭਾਵਾਂ ਵੀ ਆਪ ਦੀ ਕਿਰਪਾ ਦੀਆਂ ਪਾਤਰ ਰਹੀਆਂ ਹਨ। ਜਦ ਕਦੇ ਕੋਈ ਨਾਮਧਾਰੀ ਸੰਮੇਲਨ ਹੁੰਦਾ ਹੈ, ਉਦੋਂ ਉਚੇਚੇ ਤੌਰ ਤੇ ਕਵੀ ਦਰਬਾਰ ਕਰਵਾਏ ਜਾਂਦੇ ਹਨ। ਲੋੜਵੰਦ ਸਾਹਿਤਕਾਰਾਂ ਨੂੰ ਬੀਮਾਰੀ ਵੇਲੇ ਪੂਰੀ ਸਹਾਇਤਾ ਦਿੱਤੀ ਜਾਂਦੀ ਹੈ ਅਤੇ ਪ੍ਰਸਿੱਧ ਪੰਜਾਬੀ ਸਾਹਿਤਕਾਰਾਂ ਦੀ ਯਾਦ ਵਿਚ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਸਾਹਿਤਕਾਰਾਂ ਅਤੇ ਸੰਗੀਤਕਾਰਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਸਤਿਗੁਰੂ ਜਗਜੀਤ ਸਿੰਘ ਸਚਮੁਚ ਸਾਹਿਤਕਾਰਾਂ ਅਤੇ ਕਲਾਕਾਰਾਂ ਦੇ ਦਿਲੋਂ ਕਦਰਦਾਨ ਹਨ।

ਅੰਤ ਵਿਚ ਇਤਨਾ ਕਹਿ ਸਕਣਾ ਸਰਲ ਪ੍ਰਤੀਤ ਹੁੰਦਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਂ ਅਤੇ ਸਰੂਪ ਨਾਮਧਾਰੀ ਸੰਪ੍ਰਦਾਇ ਦੇ ਵਿਕਾਸ ਨੂੰ ਪ੍ਰਕਾਸ਼ਿਤ ਕਰਨ ਵਾਲਾ ਚੌਮੁਖੀਆ ਦੀਵਾ ਹੈ।

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਲਹਿਰ ਅਤੇ ਗਲੋਬਲ ਚੇਤਨਾ

ਡਾ. ਮਹੀਪ ਸਿੰਘ

ਚੇਤਨਾ ਕਿਸੇ ਵੀ ਵਿਅਕਤੀ ਜਾਂ ਸਮਾਜ ਦੀ ਜਾਗਰੂਕ ਮਾਨਸਿਕ ਪ੍ਰਕਿਰਿਆ ਨਾਲ ਜੁੜੀ ਹੁੰਦੀ ਹੈ। ਸਾਰੀ ਪ੍ਰਕਿਰਤੀ ਨੂੰ ਅਸੀਂ ਦੋ ਹਿੱਸਿਆਂ ਵਿਚ ਵੰਡਦੇ ਹਾਂ —ਚੇਤਨ ਤੇ ਜੜ ਵਿਚ। ਸੰਵੇਦਨਸ਼ੀਲ, ਮਹਿਸੂਸ ਕਰਨ ਵਾਲੀਆਂ ਵਸਤਾਂ ਚੇਤਨ ਜਗਤ ਦਾ ਅੰਗ ਹਨ ਤੇ ਸੰਵੇਦਨਹੀਨ, ਮਹਿਸੂਸ ਨਾ ਕਰ ਸਕਣ ਦੀ ਸਥਿਤੀ ਵਿਚ ਰਹਿਣ ਵਾਲੀਆਂ ਵਸਤਾਂ ਜੜ-ਪਦਾਰਥ ਹਨ।

ਚੇਤਨਾ ਦੇ ਤਿੰਨ ਪੱਖ ਹੁੰਦੇ ਹਨ -ਗਿਆਨ, ਰਾਗ ਤੇ ਉੱਦਮ- ਚੇਤਨਾ ਲੋਕਾਂ ਨਾਲ, ਸੰਸਾਰ ਨਾਲ, ਕੁਦਰਤ ਨਾਲ ਸਾਡਾ ਰਿਸ਼ਤਾ ਜੋੜਦੀ ਹੈ। ਇਹ ਸਾਡੇ ਅਨੁਭਵ ਨੂੰ ਡੂੰਘਿਆਈ ਵੀ ਦਿੰਦੀ ਹੈ ਤੇ ਉਸਦਾ ਵਿਸਤਾਰ ਵੀ ਕਰਦੀ ਹੈ।

ਅੱਜ ਅਸੀਂ ਜਦੋਂ ਗਲੋਬਲ ਚੇਤਨਾ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਅਰਥ ਇਹੋ ਹੈ ਕਿ ਮਨੁੱਖੀ ਚੇਤਨਾ ਵਿਅਕਤੀ, ਪਰਿਵਾਰ, ਪਿੰਡ, ਕਸਬੇ, ਸ਼ਹਿਰ ਅਤੇ ਦੇਸ਼ ਦੀਆਂ ਹੱਦਾਂ ਤੋਂ ਅਗਾਂਹ ਵਧਦੀ ਹੋਈ ਸਾਰੇ ਸੰਸਾਰ ਨੂੰ ਆਪਣੀ ਗਲਵਕੜੀ ਵਿਚ ਲੈਣ ਨੂੰ ਤਿਆਰ ਹੋ ਰਹੀ ਹੈ। ਨਿਰੰਤਰ ਪਰਿਵਰਤਨਸ਼ੀਲਤਾ ਜਾਂ ਪ੍ਰਵਾਹ ਚੇਤਨਾ ਦੀ ਮੁੱਖ ਵਿਸ਼ੇਸ਼ਤਾ ਹੈ। ਜਿਹੜਾ ਜੀਵਨ ਜਿੰਨਾ ਗਤੀਸ਼ੀਲ ਜਾਂ ਪ੍ਰਵਾਹਮਈ ਹੁੰਦਾ ਹੈ ਉਹ ਓਨਾ ਹੀ ਸਚੇਤਨ ਹੁੰਦਾ ਹੈ।

ਜੜ ਪਦਾਰਥ ਵਿਚ ਅਗਾਂਹ ਵਧਣ ਦੀ ਸੰਭਾਵਨਾ ਨਹੀਂ ਹੁੰਦੀ, ਪਰ ਹਰ ਚੇਤਨ ਵਸਤੂ ਅਗਾਂਹ ਵਧਦੀ ਹੈ ਤੇ ਪਰਿਵਰਤਨਸ਼ੀਲ ਹੁੰਦੀ ਹੈ। ਜਦੋਂ ਕਿਸੇ ਵਿਅਕਤੀ ਜਾਂ ਸਮਾਜ ਵਿਚ ਅਗਾਂਹ ਜਾਣ ਦੀ ਇੱਛਿਆ ਮੁੱਕ ਜਾਂਦੀ ਹੈ ਜਾਂ ਘੱਟ ਹੋ ਜਾਂਦੀ ਹੈ ਤਾਂ ਉਹ ਜੜਤਾ ਜਾਂ ਖੜੋਤ ਦੇ ਘੇਰੇ ਵਿਚ ਆ ਜਾਂਦਾ ਹੈ। ਇਸੇ ਲਈ ਗੁਰਬਾਣੀ ਅੱਗੇ ਵਧਣ ਤੇ ਉਸ ਲਈ ਤਾਂਘ ਪੈਦਾ ਕਰਨ ਤੇ ਜ਼ੋਰ ਦਿੰਦੀ ਹੈ:

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
*ਨਾਨਕ ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ॥*

(ਮਾਰੂ ਮਹਲਾ ੫)

ਉੱਨੀਵੀਂ ਸਦੀ ਦੇ ਮੱਧ ਤੋਂ ਉਭਰਨੀ ਸ਼ੁਰੂ ਹੋਈ ਨਾਮਧਾਰੀ ਲਹਿਰ ਨੇ ਚੇਤਨਾ ਪ੍ਰਵਾਹ ਵਿਚ ਆਈ ਖੜੋਤ ਨੂੰ ਤੋੜਿਆ ਸੀ। ਪੰਜਾਬ ਵਿਚੋਂ ਸਿੱਖ ਰਾਜ ਦੀ ਸਮਾਪਤੀ

Sri Satguru Jagjit Singh Ji Elibrary NamdhariElibrary@gmail.com

ਦੇ ਪਿਛੋਂ ਬੜੇ ਨਿਰਾਸ਼ਾਜਨਕ ਪਤਨ ਦਾ ਦੌਰ ਆ ਗਿਆ ਸੀ। ਪੰਜਾਬੀਆਂ ਦੀ ਆਜ਼ਾਦੀ ਖੁਸ ਗਈ। ਮਹਾਰਾਜਾ ਰਣਜੀਤ ਸਿੰਘ ਨੇ ਜਿਸ ਸਵੈਮਾਣ ਭਰੇ, ਸਰਬ ਸਾਂਝੇ ਰਾਜ ਨੂੰ, ਅੱਠ ਸਦੀਆਂ ਦੀ ਗ਼ੁਲਾਮੀ, ਜ਼ੋਰ-ਜਬਰ, ਲਗਾਤਾਰ ਹੁੰਦੇ ਜਰਵਾਣਿਆਂ ਦੇ ਹਮਲਿਆਂ ਤੋਂ ਪੈਦਾ ਹੋਈ ਬਰਬਾਦੀ ਦੇ ਪਿਛੋਂ ਉਸਾਰਿਆ ਸੀ, ਉਹ ਵੇਖਦੇ-ਵੇਖਦੇ ਢਹਿ ਢੇਰੀ ਹੋ ਗਿਆ ਸੀ। ਚਹੁੰ ਪਾਸੇ ਗ਼ੱਦਾਰਾਂ, ਝੋਲੀ-ਚੁੱਕਾਂ, ਖ਼ੁਦਗਰਜ਼ਾਂ ਦਾ ਬੋਲਬਾਲਾ ਹੋ ਗਿਆ ਸੀ। ਸਿੱਖਾਂ ਦੇ ਧਾਰਮਿਕ ਜੀਵਨ ਉਤੇ ਇੰਨੇ ਕਾਲੇ ਪ੍ਰਛਾਵੇਂ ਆ ਗਏ ਸਨ ਕਿ ਇਹ ਜਾਪਣ ਲਗ ਪਿਆ ਸੀ ਕਿ ਗੁਰੂ ਨਾਨਕ ਦੇਵ ਨੇ ਜਿਸ ਨਵੇਂ ਚਾਨਣ ਨਾਲ ਇਸ ਦੇਸ਼ ਦੀ ਧਰਤੀ ਤੇ ਅਨੇਕ ਸੂਰਜ ਉਗਾ ਦਿੱਤੇ ਸਨ, ਉਹ ਵੀ ਕਾਲੇ ਬੱਦਲਾਂ ਦੇ ਘੇਰੇ ਵਿਚ ਆ ਕੇ ਆਪਣੀ ਸਾਰੀ ਚਮਕ ਗੁਆ ਬਹਿਣਗੇ।

ਅਜਿਹੇ ਘੋਰ ਨਿਰਾਸ਼ਾ ਭਰੇ ਵਾਤਾਵਰਣ ਵਿਚ ਗੁਰੂ ਰਾਮ ਸਿੰਘ ਨੇ ਜੀਵਨ-ਜਿਊਤੀ ਨੂੰ ਮੁੜ ਉਜਾਗਰ ਕੀਤਾ ਤੇ ਜੜ੍ਹ ਜਮਾਉਂਦੀ ਜਾ ਰਹੀ ਖੜੋਤ ਨੂੰ ਤੋੜ ਕੇ ਚੇਤਨਾ ਦੇ ਪ੍ਰਵਾਹ ਨੂੰ ਅੱਗੇ ਵਧਣ ਦੇ ਸਾਰੇ ਰਾਹ ਖੋਲ੍ਹ ਦਿੱਤੇ।

ਅੱਜ ਦੀ ਵਿਸ਼ਵ ਵਿਆਪੀ ਚੇਤਨਾ ਕੁਝ ਗੱਲਾਂ ਤੇ ਆਪਣਾ ਦ੍ਰਿੜ੍ਹ ਭਰੋਸਾ ਰੱਖਦੀ ਹੈ। ਇਕ ਸੰਸਾਰ ਵਿਚ ਊਚ-ਨੀਚ, ਨਿੱਕੇ-ਵੱਡੇ ਜਾਂ ਕਾਲੇ-ਗੋਰੇ ਦਾ, ਭੇਦ ਚੇਤਨਾ ਦੀ ਸੰਕੀਰਣਤਾ ਨੂੰ ਉਜਾਗਰ ਕਰਦਾ ਹੈ। ਸਾਰੇ ਮਨੁੱਖਾਂ ਦੀ ਸਮਤਾ ਤੇ ਬਰਾਬਰੀ ਨੂੰ ਸਿੱਖ ਲਹਿਰ ਨੇ ਪੰਜ ਸਦੀਆਂ ਪਹਿਲਾਂ ਨਾ ਕੇਵਲ ਪ੍ਰਚਾਰਿਆ ਸਗੋਂ ਜੀਵਨ ਵਿਚ ਰੂਪਮਾਨ ਕਰਕੇ ਵਿਖਾਇਆ। ਕਾਲਾ ਸਿੰਘ ਲਿਖਤ ਸਿੰਘਾਂ ਨਾਮਧਾਰੀਆਂ ਦਾ ਸ਼ਹੀਦ ਬਿਲਾਸ, ਪੰਨਾ 32-33 ਵਿਚ ਗੁਰੂ ਰਾਮ ਸਿੰਘ ਦੇ ਵਿਚਾਰਾਂ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ: "ਗੁਰੂ ਗੋਬਿੰਦ ਸਿੰਘ ਵੱਲੋਂ ਪ੍ਰਮਾਣੀਕ ਗ੍ਰੰਥ ਹੀ ਕੇਵਲ ਸਤਿ ਹੈ, ਜੋ ਧੁਰ ਕੀ ਬਾਣੀ ਹੈ ਅਤੇ ਕੇਵਲ ਇਹ ਹੀ ਪਵਿੱਤਰ ਬਾਣੀ ਸਭ ਤੋਂ ਉਚੀ ਹੈ, ਹਰ ਪ੍ਰਾਣੀ ਬਿਨਾਂ ਜਾਤ-ਬਰਨ ਦੇ ਲਿਹਾਜ਼ ਦੇ ਸਿੱਖੀ ਵਿਚ ਸ਼ਾਮਿਲ ਹੋ ਸਕਦਾ ਹੈ"।

ਵਿਸ਼ਵ ਵਿਆਪੀ ਚੇਤਨਾ ਦਾ ਦੂਜਾ ਮਹੱਤਵਪੂਰਨ ਪਹਿਲੂ ਅਨਿਆਂ, ਉਹ ਜੋ ਕਿਸੇ ਵੱਲੋਂ ਵੀ ਕਿਉਂ ਨਾ ਹੋਵੇ, ਦਾ ਪ੍ਰਤੀਕਾਰ ਕਰਨਾ ਹੈ। ਮੱਧਯੁਗ ਦੀ ਸਾਰੀ ਭਗਤੀ ਲਹਿਰ ਮਨੁੱਖ ਦੀ ਅਧਿਆਤਮਕ ਚੇਤਨਾ ਦੇ ਵਿਕਾਸ 'ਤੇ ਜ਼ੋਰ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਉਸਨੂੰ ਸਮਾਜਕ ਚੇਤਨਾ ਨਾਲ ਜੋੜਿਆ। ਸਮਾਜਕ ਚੇਤਨਾ ਨਾਲ ਜੁੜਿਆ ਵਿਅਕਤੀ ਸਮਾਜ ਦੀਆਂ ਕੁਰੀਤੀਆਂ ਨਾਲ ਵੀ ਲੜਦਾ ਹੈ ਤੇ ਸਮਾਜ ਉਤੇ ਅਨਿਆਂ ਪੂਰਨ ਢੰਗ ਨਾਲ ਭਾਰੂ ਹੋਣ ਵਾਲੀਆਂ ਤਾਕਤਾਂ ਨਾਲ ਵੀ ਜੂਝਦਾ ਹੈ। ਇਸ ਲਈ ਆਪਣੇ ਸਾਹਮਣੇ ਉਹ ਉਸ ਆਦਰਸ਼ ਨੂੰ ਰੱਖਦਾ ਹੈ ਜਿਹੜਾ ਗੁਰੂ ਤੇਗ਼ ਬਹਾਦਰ ਜੀ ਨੇ ਦਰਸਾਇਆ ਸੀ:

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*

Sri Satguru Jagjit Singh Ji Elibrary NamdhariElibrary@gmail.com

ਇਹ ਸਿੱਧਾਂਤ ਅੱਜ ਦਾ ਗਲੋਬਲ ਸਿੱਧਾਂਤ ਹੈ -ਨਾ ਕਿਸੇ ਨੂੰ ਡਰਾਓ, ਨਾ ਕਿਸੇ ਤੋਂ ਡਰੋ। ਨਾ ਜਾਬਰ ਬਣੋ ਨਾ ਕਮਜ਼ੋਰ ਬਣੋ। ਆਪ ਸੁਖ ਨਾਲ ਜੀਓ, ਦੂਜੇ ਨੂੰ ਸੁਖ ਨਾਲ ਜੀਊਣ ਦਿਉ। ਅੱਜ ਦੇ ਸੰਸਾਰ ਵਿਚ ਇਸ ਨੂੰ ਸਹਿਹੋਂਦ ਦਾ ਸਿੱਧਾਂਤ (Principle of coexistence) ਆਖਦੇ ਹਨ। ਸਾਰੀ ਸਿੱਖ ਲਹਿਰ ਇਸ ਸਿੱਧਾਂਤ ਨੂੰ ਪ੍ਰਵਾਨ ਕਰਦੀ ਹੈ।

ਪਰੰਤੂ ਉਸ ਦਾ ਇਸ ਗੱਲ ਤੇ ਵੀ ਭਰੋਸਾ ਹੈ ਕਿ ਜੇ ਕੋਈ ਵਿਅਕਤੀ ਜਾਂ ਸਮੂਹ ਤੁਹਾਨੂੰ ਲਗਾਤਾਰ ਡਰਾਉਣ ਦਾ ਯਤਨ ਕਰੇ, ਤੁਹਾਡੇ ਤੇ ਜ਼ੁਲਮ ਕਰੇ, ਤੁਹਾਨੂੰ ਤਸੀਹੇ ਦੇਵੇ ਤਾਂ ਉਸਦਾ ਪੂਰੀ ਤਾਕਤ ਨਾਲ ਮੁਕਾਬਲਾ ਕਰੋ। ਸਿੱਖ ਇਸ ਨਿਸ਼ਚੈ ਨੂੰ 'ਧਰਮ' ਕਰਕੇ ਮੰਨਦੇ ਹਨ ਅਤੇ ਧਰਮ ਦੀ ਅਜਿਹੀ ਪਾਲਣਾ ਲਈ ਜੋ ਸੰਘਰਸ਼ ਕਰਨਾ ਪੈਂਦਾ ਹੈ, ਉਸ ਨੂੰ ਉਹ 'ਧਰਮਯੁੱਧ' ਕਹਿੰਦੇ ਹਨ। ਇਸ ਧਰਮਯੁੱਧ ਲਈ ਸਿਰ ਨੂੰ ਤਲੀ ਤੇ ਰੱਖ ਕੇ ਅੱਗੇ ਨਿਤਰਨਾ ਪੈਂਦਾ ਹੈ। ਸਿਰ ਦੇਣਾ ਪੈਂਦਾ ਹੈ, ਪਰ ਮੂੰਹੋਂ ਉਫ ਵੀ ਨਹੀਂ ਨਿਕਲਦੀ।

ਸਾਰਾ ਸਿੱਖ ਇਤਿਹਾਸ ਅਜਿਹੇ ਜੀਵਨ ਮੰਤਵ ਨਾਲ ਭਰਿਆ ਹੋਇਆ ਹੈ। ਇਸ ਜੀਵਨ ਮੰਤਵ ਦੀ ਪ੍ਰਾਪਤੀ ਲਈ ਤਿੰਨ ਗੁਰੂ ਸਾਹਿਬਾਨ ਨੇ ਆਪਣੀਆਂ ਸ਼ਹੀਦੀਆਂ ਦਿੱਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਵੀ ਸ਼ਹੀਦੀਆਂ ਦਿੱਤੀਆਂ। ਉਨ੍ਹਾਂ ਦੇ ਅਣਗਿਣਤ ਸਿੱਖ-ਸੇਵਕਾਂ ਨੇ ਕਦੀ ਬੰਦ ਬੰਦ ਕਟਵਾ ਕੇ, ਕਦੀ ਚਰਖੜੀਆਂ ਤੇ ਚੜ੍ਹਕੇ, ਕਦੀ ਆਰਿਆਂ ਨਾਲ ਦੋਫਾੜ ਹੋ ਕੇ, ਕਦੀ ਉਬਲਦੀਆਂ ਦੇਗਾਂ ਵਿਚ ਬਹਿ ਕੇ ਆਪਣੀ ਸੂਰਮਗਤੀ ਦਾ ਸਬੂਤ ਦਿੱਤਾ।

ਨਾਮਧਾਰੀ ਸਿੱਖਾਂ ਨੇ ਸ਼ਹੀਦੀਆਂ ਦੀ ਇਸ ਅਨੋਖੀ ਪਰੰਪਰਾ ਨੂੰ ਸਿਖਰ ਤੀਕ ਪੁਚਾ ਦਿੱਤਾ। ਮਲੇਰ ਕੋਟਲਾ ਦੇ ਮੈਦਾਨ ਵਿਚ ਜਦੋਂ ਉਨ੍ਹਾਂ ਨੂੰ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ ਤਾਂ ਉਥੇ ਮੌਜੂਦ ਇਕ ਅੰਗਰੇਜ਼ ਅਫਸਰ ਨੇ ਪਿਛੋਂ ਲਿਖਿਆ ਸੀ: "ਪੂਰਾ ਯੂਰੋਪ ਇਕ ਈਸਾ ਉਤੇ ਮਾਣ ਕਰਦਾ ਹੈ ਕਿ ਕਿਉਂਕਿ ਉਹ ਕੁਝ ਅਸੂਲਾਂ ਲਈ ਸੂਲੀ ਤੇ ਚੜ੍ਹੇ ਸਨ। ਪਰ ਅੱਜ ਮੈਂ ਇਥੇ ਅਨੇਕ ਈਸਾ ਵੇਖੇ ਹਨ, ਜੋ ਹੱਸ ਹੱਸ ਕੇ ਸੂਲੀ ਨੂੰ ਗਲ ਨਾਲ ਲਗਾਉਂਦੇ ਸਨ"।

ਨਾਮਧਾਰੀ ਲਹਿਰ ਨੇ ਦੂਰ-ਦੂਰ ਤੀਕ ਆਪਣਾ ਪ੍ਰਭਾਵ ਪਾਇਆ। ਇਕ ਇਤਿਹਾਸਕਾਰ ਨੇ ਲਿਖਿਆ ਹੈ ਕਿ "ਉਸ ਵੇਲੇ ਦੀ ਅੰਗਰੇਜ਼ ਸਰਕਾਰ ਇਸ ਲਹਿਰ ਤੋਂ ਬੁਰੀ ਤਰ੍ਹਾਂ ਘਾਬਰ ਗਈ ਸੀ। ਜੇ ਕਿਧਰੇ ਅੱਠ-ਦਸ ਕੂਕੇ ਵੀ ਇਕੱਠੇ ਜਾਂਦੇ ਦਿੱਸਦੇ, ਤਾਂ ਕੂਕਿਆਂ ਦੇ ਵਧੇ ਚਲੇ ਆ ਰਹੇ ਹੋਣ ਦੀਆਂ ਤਾਰਾਂ ਖੜਕ ਜਾਂਦੀਆਂ, ਅਫਸਰਾਂ ਨੂੰ ਅਫਰਾ-ਤਫਰੀ ਪੈ ਜਾਂਦੀ, ਫੌਜ ਤੇ ਪੁਲੀਸ ਨੂੰ ਤਿਆਰੀ ਦੇ ਹੁਕਮ ਮਿਲ ਜਾਂਦੇ, ਰੇਲ ਦੇ ਸਟੇਸ਼ਨਾਂ ਤੇ ਪਹਿਰੇ ਲਾ ਦਿੱਤੇ ਜਾਂਦੇ ਤੇ ਦਰਿਆਵਾਂ ਦੇ ਪੱਤਣ ਰੋਕ ਲਏ ਜਾਂਦੇ।"

ਨਾਮਧਾਰੀ ਲਹਿਰ ਨੇ ਅਜਿਹੀ ਚੇਤਨਾ ਦਾ ਨਿਰਮਾਣ ਕੀਤਾ ਸੀ ਕਿ ਉਸ ਤੋਂ ਪਿਛੋਂ ਸਮਾਜ ਸੁਧਾਰ ਅਤੇ ਦੇਸ਼ ਦੀ ਆਜ਼ਾਦੀ ਲਈ ਜਿੰਨੀਆਂ ਵੀ ਲਹਿਰਾਂ ਉਠੀਆਂ, ਉਨ੍ਹਾਂ ਉਤੇ ਇਸ ਦਾ ਪੂਰਾ ਪ੍ਰਭਾਵ ਨਜ਼ਰ ਆਉਂਦਾ ਹੈ। ਨਾਮਧਾਰੀ ਲਹਿਰ ਦੇ ਪਿਛੋਂ ਇਸ ਬਾਰੇ ਸਭ ਤੋਂ ਵੱਡਾ ਉਪਰਾਲਾ ਅਮਰੀਕਾ ਤੇ ਕੈਨੇਡਾ ਵਿਚ ਉਭਰੀ ਗ਼ਦਰ ਲਹਿਰ ਦਾ ਹੈ। ਇਸ ਲਹਿਰ ਦੇ ਸਭ ਤੋਂ ਉਘੇ ਮੋਢੀ ਬਾਬਾ ਸੋਹਣ ਸਿੰਘ ਭਕਨਾ ਉਤੇ ਨਾਮਧਾਰੀ ਲਹਿਰ ਦਾ ਡੂੰਘਾ ਅਸਰ ਸੀ। ਸੋਹਣ ਸਿੰਘ, ਬਾਬਾ ਕੇਸਰ ਦੀ ਸੰਗਤ ਵਿਚ ਆ ਕੇ ਜਿਸ ਸੁਚੱਜੇ ਜੀਵਨ ਵੱਲ ਆਇਆ ਸੀ, ਉਹ ਉਘੇ ਨਾਮਧਾਰੀ ਸਨ ਅਤੇ ਨਾਮਧਾਰੀ ਆਚਾਰ-ਵਿਹਾਰ ਦੇ ਪੂਰੇ ਧਾਰਨੀ ਸਨ। ਬੜੇ ਚਿਰ ਤੀਕ ਅੰਗਰੇਜ਼ ਸਰਕਾਰ ਵੀ ਗ਼ਦਰ ਲਹਿਰ ਦੇ ਪਿਛੋਕੜ ਵਿਚ ਨਾਮਧਾਰੀ ਲਹਿਰ ਦੀ ਪ੍ਰੇਰਨਾ ਨੂੰ ਸਵੀਕਾਰ ਕਰਦੀ ਰਹੀ।

ਉਸ ਵੇਲੇ ਸਿੱਖਾਂ ਵਿਚ ਦੋ ਵਰਗ ਬਣ ਗਏ ਸਨ। ਇਕ ਵਰਗ ਦੇ ਆਗੂ ਇਹ ਸਮਝਦੇ ਸਨ ਕਿ ਅੰਗਰੇਜ਼ ਸਰਕਾਰ ਨਾਲ ਬਣਾ ਕੇ ਰੱਖਣਾ, ਉਨ੍ਹਾਂ ਨੂੰ ਆਪਣੀ ਵਫ਼ਾਦਾਰੀ ਦਾ ਯਕੀਨ ਦਿਲਾਉਂਦੇ ਰਹਿਣਾ, ਉਨ੍ਹਾਂ ਨਾਲ ਕਿਸੇ ਤਰ੍ਹਾਂ ਦੀ ਸਿੱਧੀ ਟੱਕਰ ਨਾ ਲੈਣਾ ਹੀ ਸਮਝਦਾਰੀ ਹੈ ਤੇ ਇਸੇ ਨਾਲ ਸਿੱਖਾਂ ਦਾ ਭਲਾ ਹੈ। ਦੂਜੇ ਵਰਗ ਦੇ ਲੋਕੀਂ ਇਹ ਮੰਨਦੇ ਸਨ ਕਿ ਸਾਡੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਇਹ ਵਿਦੇਸ਼ੀ ਸਰਕਾਰ ਹੈ। ਜਦੋਂ ਤੀਕ ਅਸੀਂ ਇਨ੍ਹਾਂ ਤੋਂ ਆਪਣੇ ਮੁਲਕ ਨੂੰ ਆਜ਼ਾਦ ਨਹੀਂ ਕਰਾਵਾਂਗੇ, ਸਾਨੂੰ ਸੰਸਾਰ ਵਿਚ ਕਿਤੇ ਵੀ ਉਹ ਮਾਣ-ਸਤਿਕਾਰ ਨਹੀਂ ਮਿਲੇਗਾ, ਜਿਹੜਾ ਸਾਡਾ ਹੱਕ ਹੈ। ਨਾਮਧਾਰੀ ਲਹਿਰ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਲਈ ਯਤਨਾਂ ਦਾ ਮੁੱਢ ਬੰਨ੍ਹ ਦਿੱਤਾ ਸੀ। ਗ਼ਦਰ ਲਹਿਰ, ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ ਵਰਗੀਆਂ ਲਹਿਰਾਂ ਇਸੇ ਰਾਹ 'ਤੇ ਤੁਰਨ ਵਾਲੀਆਂ ਲਹਿਰਾਂ ਸਨ, ਜਿਹੜੀਆਂ ਨਾ ਅੰਗਰੇਜ਼ਪ੍ਰਸਤਾਂ ਨੂੰ ਚੰਗੀਆਂ ਲਗਦੀਆਂ ਸਨ ਅਤੇ ਨਾ ਹੀ ਗੁਰਦੁਆਰਿਆਂ ਉਤੇ ਕਾਬਜ਼ ਉਨ੍ਹਾਂ ਪੁਜਾਰੀਆਂ ਤੇ ਮਹੰਤਾਂ ਨੂੰ ਜਿਹੜੇ ਪੂਰੀ ਤਰ੍ਹਾਂ ਸਰਕਾਰਪ੍ਰਸਤ ਬਣ ਚੁੱਕੇ ਸਨ।

ਨਾਮਧਾਰੀ ਲਹਿਰ ਨੇ ਵਿਦੇਸ਼ੀ ਸਰਕਾਰ ਨਾਲ ਲੜਨ ਦਾ ਜੋ ਅਨੂਠਾ ਢੰਗ ਅਪਨਾਇਆ ਸੀ, ਉਸਨੂੰ ਅੱਗੇ ਚਲ ਕੇ ਇਸ ਦੇਸ਼ ਦੇ ਸਵਤੰਤਰਤਾ ਸੰਗਰਾਮ ਵਿਚ ਸਭ ਤੋਂ ਵੱਧ ਪਹਿਲ ਮਿਲੀ। ਅੱਜ ਸਾਰੇ ਸੰਸਾਰ ਵਿਚ ਇਸ ਢੰਗ ਨੂੰ ਮਾਨਤਾ ਮਿਲ ਰਹੀ ਹੈ। ਇਹ ਢੰਗ ਸੀ 'ਨਾਮਿਲਵਰਤਣ' ਦਾ। ਜ਼ਾਲਮ ਸਰਕਾਰ ਨੂੰ ਕਿਸੇ ਤਰ੍ਹਾਂ ਦਾ ਸਹਿਯੋਗ ਨਾ ਦਿਉ, ਨਾ ਉਨ੍ਹਾਂ ਵੱਲੋਂ ਬਣਾਏ ਸਕੂਲਾਂ ਵਿਚ ਬੱਚੇ ਪੜ੍ਹਾਓ, ਨਾ ਇਨਸਾਫ਼ ਲਈ ਉਨ੍ਹਾਂ ਦੀਆਂ ਅਦਾਲਤਾਂ ਵਿਚ ਜਾਓ, ਨਾ ਉਨ੍ਹਾਂ ਦੀਆਂ ਮਿੱਲਾਂ ਵੱਲੋਂ ਬਣਾਇਆ ਕੱਪੜਾ ਪਾਓ।

Sri Satguru Jagjit Singh Ji Elibrary NamdhariElibrary@gmail.com

ਡਾ. ਪੱਟਾਭੀ ਸੀਤਾਰਾਮਇਆ ਨੇ ਆਪਣੀ ਬੜੀ ਪ੍ਰਸਿੱਧ ਪੁਸਤਕ 'ਕਾਂਗਰਸ ਦਾ ਇਤਿਹਾਸ' ਵਿਚ ਇਕ ਬੜੀ ਮਹੱਤਵ ਵਾਲੀ ਗੱਲ ਲਿਖੀ ਹੈ ਕਿ ਜਦੋਂ 'ਗੁਰੂ ਕਾ ਬਾਗ਼' ਦਾ ਮੋਰਚਾ ਲਗਿਆ ਤਾਂ ਕਿਰਪਾਨਧਾਰੀ ਸਿੱਖਾਂ ਦੇ ਅਹਿੰਸਾ ਦਾ ਵਰਤ ਲੈ ਕੇ ਉਥੇ ਮੋਰਚਾ ਲਗਾਇਆ, ਜਿਸ ਨੂੰ ਵੇਖ ਕੇ ਸਾਰਾ ਦੇਸ਼ ਅਚੰਭੇ ਵਿਚ ਪੈ ਗਿਆ। ਲੇਖਕ ਦੇ ਸ਼ਬਦਾਂ ਵਿਚ, "ਸਿੱਖਾਂ ਨੇ ਜੱਥੇ ਅਹਿੰਸਾ ਦਾ ਵਰਤ ਲੈ ਕੇ ਪੁਲੀਸ ਦੀਆਂ ਟੁਕੜੀਆਂ ਦੇ ਵਿਚੋਂ ਲੰਘਦੇ ਸਨ ਅਤੇ ਉਨ੍ਹਾਂ ਨੂੰ ਗ਼ੈਰਕਾਨੂੰਨੀ ਜੱਥੇ ਮੰਨ ਕੇ ਖ਼ੂਬ ਕੁੱਟਿਆ ਜਾਂਦਾ ਸੀ। ਦੇਸ਼ ਵਿਚ ਇਸ ਦ੍ਰਿਸ਼ ਨਾਲ ਸਨਸਨੀ ਫੈਲ ਗਈ। ਸ਼ਾਂਤਮਈ ਰਹਿਣ ਦਾ ਇਹ ਪਾਠ ਭਾਰਤ ਦੀ ਉਹ ਵੀਰ ਜਾਤੀ ਪੜ੍ਹ ਰਹੀ ਸੀ, ਜਿਸਨੇ ਯੂਰਪ ਵਿਚ ਜਰਮਨਾਂ ਨਾਲ ਮੋਰਚੇ ਲਾਏ ਸਨ ਅਤੇ ਅੰਗਰੇਜ਼ਾਂ ਲਈ ਜਿੱਤਾਂ ਪ੍ਰਾਪਤ ਕੀਤੀਆਂ ਸਨ। ਸਿੱਖਾਂ ਦੇ ਇਸ ਆਤਮ-ਸੰਜਮ ਦੀ ਪ੍ਰਸੰਸਾ ਸਰਕਾਰ ਨੇ ਵੀ ਖੁੱਲ੍ਹ ਕੇ ਕੀਤੀ ਸੀ।"

ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਉਤੇ ਨਾਮਧਾਰੀ ਲਹਿਰ ਦਾ ਡੂੰਘਾ ਅਸਰ ਸੀ। ਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਬ੍ਰਾਹਮਣਾਂ ਅਤੇ ਆਪਣੇ ਆਪ ਨੂੰ ਗੁਰੂ ਕਹਾਉਣ ਵਾਲੇ ਬੇਦੀਆਂ-ਸੋਢੀਆਂ ਦੇ ਵਿਰੁੱਧ ਜ਼ਬਰਦਸਤ ਆਵਾਜ਼ ਉਠਾਈ ਸੀ। ਅਲੋਪ ਹੋ ਰਹੀ ਆਨੰਦ ਵਿਆਹ ਦੀ ਰਸਮ ਨੂੰ ਆਪ ਨੇ ਸੁਰਜੀਤ ਕੀਤਾ ਅਤੇ ਹੋਰ ਰੀਤਾਂ ਨੂੰ ਗੁਰਮਤਿ ਦੇ ਸਾਂਚੇ ਵਿਚ ਢਾਲਣ ਦਾ ਯਤਨ ਆਰੰਭਿਆ ਸੀ। ਆਪ ਦੇ ਯਤਨਾਂ ਦਾ ਨਤੀਜਾ ਇਹ ਹੋਇਆ ਸੀ ਕਿ ਪੰਜਾਬ ਦੇ ਹਰ ਇਲਾਕੇ ਵਿਚ ਸਿੱਖੀ ਪ੍ਰਚਾਰ ਦੀ ਇਕ ਲਹਿਰ ਚੱਲ ਪਈ ਸੀ ਤੇ ਲੋਕ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸੱਜਣੇ ਸ਼ੁਰੂ ਹੋ ਗਏ ਸਨ।

ਨਾਮਧਾਰੀ ਲਹਿਰ ਨੇ ਜਿਸ ਮਨੁੱਖੀ ਚੇਤਨਾ ਨੂੰ ਹਲੂਣਾ ਦੇ ਕੇ ਜਗਾਇਆ ਸੀ ਉਹ ਗਲੋਬਲ ਚੇਤਨਾ ਦਾ ਇਕ ਰੂਪ ਬਣ ਗਈ। ਵਿਸ਼ਵ ਵਿਆਪੀ ਪੱਧਰ ਤੇ ਇਹ ਸੁਨੇਹਾ ਲਿਜਾਣ ਦੀ ਲੋੜ ਹੈ ਕਿ ਕਿਵੇਂ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਆਦਰਸ਼ਾਂ ਦੀ ਸਥਾਪਨਾ ਕੀਤੀ ਸੀ ਜਿਹੜੇ ਅੱਜ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਬਣੇ ਹੋਏ ਹਨ।

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਲਹਿਰ ਅਤੇ ਇੱਕੀਵੀਂ ਸਦੀ

ਤਾਰਾ ਸਿੰਘ ਅਨਜਾਣ

ਇੱਕੀਵੀਂ ਸਦੀ ਦੀ ਸਰਦਲ ਉਤੇ ਪਹੁੰਚਦਿਆਂ ਵਿਸ਼ਵ ਅਤੇ ਉਸਦੇ ਆਲੇ ਦੁਆਲੇ ਵਿਚ ਬੇਮਿਸਾਲ ਤਬਦੀਲੀਆਂ ਆ ਚੁੱਕੀਆਂ ਹਨ। ਸੰਸਾਰ ਵਿਚ ਬਹੁਤ ਸਾਰੀਆਂ ਸਮਾਜ-ਸਭਿਆਚਾਰਕ, ਆਰਥਕ, ਰਾਜਨੀਤਕ ਅਤੇ ਤਕਨੀਕੀ ਤਬਦੀਲੀਆਂ ਨੇ ਮਨੁੱਖੀ ਵਿਹਾਰ ਅਤੇ ਉਸ ਦੇ ਰਹਿਣ-ਸਹਿਣ ਉਤੇ ਅਸਰ ਪਾਇਆ ਹੈ। ਲੋਕ ਸੰਚਾਰ, ਉਚੇਰੀ ਵਿਦਿਆ ਦਾ ਫੈਲਾਉ, ਖੁਸ਼ਹਾਲੀ ਦਾ ਵਿਕਾਸ, ਪੈਸੇ ਦੀ ਚਮਕ-ਦਮਕ, ਫੈਸ਼ਨ, ਤੇਜ਼ ਰਫ਼ਤਾਰ ਜ਼ਿੰਦਗੀ, ਆਧੁਨਿਕਵਾਦ, ਸ਼ਹਿਰੀਕਰਨ, ਸੂਚਨਾ ਤਕਨਾਲੋਜੀ ਵਿਚ ਅਦੁੱਤੀ ਕ੍ਰਾਂਤੀ ਆਈ ਹੈ ਅਤੇ ਉਪਭੋਗਤਾਵਾਦ ਦਾ ਵਿਸ਼ਵ ਪੱਧਰ ਉਤੇ ਪ੍ਰਭਾਵਿਤ ਕਰਨ ਦਾ ਰੁਝਾਨ ਹੈ। ਇਸ ਤੋਂ ਬੱਚਾ, ਬੁੱਢਾ, ਬਾਲਾ, ਇਸਤਰੀ, ਪੁਰਸ਼ ਸਭ ਪ੍ਰਭਾਵਿਤ ਹੋ ਰਹੇ ਹਨ। ਉਹਨਾਂ ਦੀਆਂ ਇੱਛਾਵਾਂ ਅਤੇ ਅਕਾਂਖਿਆਂ ਵਧ ਰਹੀਆਂ ਹਨ।

ਇੱਕੀਵੀਂ ਸਦੀ ਵਿਚ ਸਮੁੱਚੇ ਜਗਤ ਵਿਚ ਆ ਰਹੀ ਤਬਦੀਲੀ ਅਧਿਆਤਮਕਤਾ, ਧਾਰਮਿਕ ਕਦਰਾਂ ਕੀਮਤਾਂ ਉਤੇ ਵੀ ਅਸਰ ਪਾ ਰਹੀ ਹੈ। ਇਹ ਮਨੁੱਖ ਨੂੰ ਸਰੀਰਕ, ਮਾਨਸਿਕ, ਆਤਮਕ ਰੋਗਾਂ ਕਾਰਨ ਪ੍ਰਭਾਵਿਤ ਕਰ ਰਹੀ ਹੈ। ਭੌਤਿਕ ਸੁੱਖਾਂ ਵਿਚ ਹੋ ਰਹੇ ਵਾਧੇ ਦੇ ਨਾਲ ਨਾਲ ਹੜ੍ਹਾਂ, ਤੂਫਾਨਾਂ, ਭੂਚਾਲਾਂ, ਬਿਮਾਰੀਆਂ ਨਾਲ ਵਧ ਰਹੇ ਮਨੁੱਖੀ ਤੇ ਪ੍ਰਕ੍ਰਿਤਿਕ ਨੁਕਸਾਨਾਂ ਨੂੰ ਵਾਪਰਦਿਆਂ ਵੇਖ ਕੇ ਹੁਣ ਸਾਰਾ ਸੰਸਾਰ ਚਿੰਤਿਤ ਹੈ। ਨਾਮਧਾਰੀ ਸਿੱਖ ਇਸੇ ਮਨੁੱਖੀ ਭਾਈਚਾਰੇ ਦਾ ਹਿੱਸਾ ਹੈ, ਸੋ ਇਹ ਸਮੇਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕਦਾ। ਇਸ ਦੇ ਨਾਲ ਨਾਲ ਉਹ ਆਪਣੀ ਪਛਾਣ ਕਾਇਮ ਰੱਖਦਾ ਰਹੇਗਾ। ਕੂਕੇ ਜਾਂ ਨਾਮਧਾਰੀ ਸਿੱਖ ਮੂਲ ਭਾਰਤੀ ਪ੍ਰੰਪਰਾ ਦਾ ਹਿੱਸਾ ਹਨ।

*ਪੰਥ ਖਾਲਸੇ ਮੈਂ ਏਕ ਸ਼ਾਖ ਕੂਕੇ ਸਿੰਘਨ ਕੀ*
*ਤੀਸਕ ਬਰਸ ਤੇ ਜੋ ਬਿਦਤੇ ਮਹਾਨ ਹੈ।*

*(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, 1889)*

ਉਹ ਗੁਰੂ ਨਾਨਕ ਅਤੇ ਹੋਰ ਸਤਿਗੁਰੂ ਸਾਹਿਬਾਨ ਉਤੇ ਸ਼ਰਧਾ ਰੱਖਦੇ ਹਨ। ਉਹ ਗੁਰਬਾਣੀ ਅਨੁਸਾਰ ਜੀਵਨ ਜਿਉਣ ਦੀ ਸਫ਼ਲ ਕੋਸ਼ਿਸ਼ ਕਰਦੇ ਹਨ। ਸਿੱਖੀ ਨੂੰ ਮੁੜ ਸੁਰਜੀਤ ਕਰਨ ਲਈ 1857 ਈ. ਵਿਚ ਨਾਮਧਾਰੀ ਪੰਥ ਦੀ ਸਾਜਨਾ ਕੀਤੀ

Sri Satguru Jagjit Singh Ji Elibrary NamdhariElibrary@gmail.com

ਗਈ। ਨਾਮਧਾਰੀ ਸਿੱਖਾਂ ਦਾ ਨਾਂ 'ਕੂਕੇ' ਪ੍ਰਚੱਲਤ ਰਿਹਾ। ਇਹੀ ਨਾਂ ਅੰਗਰੇਜ਼ ਹਾਕਮਾਂ ਦੇ ਦਸਤਾਵੇਜ਼ਾਂ ਵਿਚ ਲਿਖਿਆ ਹੋਇਆ ਹੈ। ਇਹਨਾਂ ਦੀ ਮਾਣ ਮਰਯਾਦਾ ਤੇ ਜੀਵਨ ਜੁਗਤ ਬਾਰੇ ਗਿਆਨੀ ਗਿਆਨ ਸਿੰਘ ਨੇ ਆਪਣੇ ਗ੍ਰੰਥ, 'ਪੰਥ ਪ੍ਰਕਾਸ਼' ਵਿਚ ਲਿਖਿਆ ਹੈ:

*ਠਟਤ ਭਵਾਨੀ ਕੀ ਉਪਾਸ਼ਨਾ, ਪਠਤ ਬਾਨੀ,*
*ਵਾਹਿਗੁਰੂ ਵਾਹਿਗੁਰੂ, ਰਟਤ ਅਮੂਕੇ ਹੈਂ।*
*ਸ਼ੁਕਲ ਬਸਨ, ਮਾਲਾ, ਸੂਧੀ ਦਸਤਾਰ ਦਾਢੀ,*
*ਕਰਿ ਹੈਂ ਹਮਨ, ਪਾਠ ਗ੍ਰੰਥ ਗੁਰੂ ਜੂ ਕੇ ਹੈਂ।*
*ਦਸਮੇਂ ਗੁਰੂ ਕੇ ਸਿੰਘ, ਸਾਦਿਕ ਸਹੀ ਹੈਂ ਸਭ*
*ਲਾਲਸਾ ਲਲਾਮ, ਰਾਜ ਲੈਬੇ ਕੀ ਅਚੂਕੇ ਹੈਂ।*
*ਹੋਰੇ ਜੈਸੇ ਲੱਖਣ ਹੈਂ, ਟੋਰੇ ਜੈਸੇ ਗਯਾਨ ਸਿੰਘ*
*ਐਸੇ ਪ੍ਰਸਿੱਧ ਹੀ ਅਬਿਧ, ਸਿੱਖ ਕੂਕੇ ਹੈਂ।*

ਹਿੰਦੀ ਦੇ ਪ੍ਰਸਿੱਧ ਲੇਖਕ ਮੈਥਿਲੀ ਸ਼ਰਣ ਗੁਪਤ ਨੇ ਨਾਮਧਾਰੀ ਸਿੱਖਾਂ ਨੂੰ ਸਿੱਖ ਪਰੰਪਰਾ ਵਿਚ ਵਿਦੇਸ਼ੀ ਸ਼ਾਸਨ ਦਾ ਬਹਿਸ਼ਕਾਰ ਕਰਨ ਵਾਲੇ ਲਿਖਿਆ ਹੈ। (ਗੁਰੂ ਕੁਲ)

19ਵੀਂ ਸਦੀ ਦੇ ਦੂਜੇ ਅੱਧ ਵਿਚ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਕੂਕਾ ਮੂਵਮੈਂਟ ਜਾਂ ਨਾਮਧਾਰੀ ਲਹਿਰ ਕੇਵਲ ਅਧਿਆਤਮਕ ਸਾਧਨਾ ਕਰਨ ਵਾਲਿਆਂ ਦੀ ਜਮਾਤ ਹੀ ਨਹੀਂ ਸੀ ਸਗੋਂ ਇਸ ਦਾ ਸਮਾਜਕ ਅਤੇ ਰਾਜਨੀਤਕ ਪ੍ਰੋਗਰਾਮ ਐਨਾ ਨਵੇਕਲਾ, ਸੁਧਾਰਵਾਦੀ ਅਤੇ ਵਿਦੇਸ਼ੀ ਹਾਕਮ ਅੰਗਰੇਜ਼ ਰਾਜ ਦੀਆਂ ਜੜ੍ਹਾਂ ਹਿਲਾ ਦੇਣ ਵਾਲਾ ਸੀ ਕਿ ਸਮਕਾਲੀ ਇਤਿਹਾਸਕਾਰਾਂ, ਪੱਤਰਕਾਰਾਂ ਤੇ ਸਰਕਾਰੀ ਅਧਿਕਾਰੀਆਂ ਨੇ ਇਸ ਬਾਰੇ ਲਿਖਿਆ:

*(ਗੁਰੂ) ਰਾਮ ਸਿੰਘ ਅਤੇ ਉਸ ਦੇ ਮੁਰੀਦਾਂ ਦੇ ਮੁੱਦੇ ਮਹਿਜ਼ ਧਾਰਮਕ ਹੀ ਨਹੀਂ ਸਨ। ਸਗੋਂ ਇਕ ਧਾਰਮਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿਚ ਉਸ ਨੇ ਡੂੰਘੇ ਰਾਜਨੀਤਕ ਮਨਸੂਬੇ ਬਣਾਏ।*

(ਸਯਦ ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ)

ਬਰਤਾਨਵੀ ਹਾਕਮ ਨੇ ਇਹਨਾਂ ਦੇ ਰਾਜਨੀਤਕ ਪੱਖ ਬਾਰੇ ਖ਼ੁਦ ਲਿਖਿਆ ਕਿ ਕੂਕਿਆਂ ਦੇ ਅੰਗਰੇਜ਼ ਰਾਜ ਪ੍ਰਤੀ ਵਫ਼ਾਦਾਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। (ਡਿਸਟ੍ਰਿਕਟ ਗਜ਼ਟੀਅਰ ਲੁਧਿਆਣਾ)

ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਸ੍ਰੀ ਸਤਿਗੁਰੂ ਜੀ ਨੂੰ, ਨਾਮਿਲਵਰਤਣ ਨੂੰ, ਰਾਜਨੀਤਕ ਹਥਿਆਰ ਵਜੋਂ ਵਰਤਣ ਦਾ ਮੋਢੀ ਲਿਖਿਆ ਗਿਆ ਹੈ:

*(ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ ਵਪਾਰੀ ਮਾਲ ਅਤੇ ਨੌਕਰੀਆਂ ਪ੍ਰਤੀ ਨਾਮਿਲਵਰਤਣ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ।*

ਨਾਮਧਾਰੀ ਸਿੱਖਾਂ ਦੀ ਅਧਿਆਤਮਕ ਸਾਧਨਾ, ਸੰਗਠਨਾਤਮਿਕ ਸੂਝ, ਰਾਜਨੀਤਕ ਚੇਤਨਾ ਤੇ ਅਮਲ ਨੇ ਅੰਗਰੇਜ਼ ਹਾਕਮਾਂ ਦੀ ਐਨੀ ਨੀਂਦ ਹਰਾਮ ਕੀਤੀ ਕਿ ਉਹਨਾਂ ਨੇ ਨਾਮਧਾਰੀ ਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਅਤੇ 51 ਸਾਲ ਤਕ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਅੱਗੇ ਪੁਲਿਸ ਚੌਂਕੀ ਬਿਠਾਈ, ਜਿਹੜੀ ਇਹਨਾਂ ਦੀਆਂ ਰਾਜਨੀਤਕ ਕਾਰਗੁਜ਼ਾਰੀਆਂ ਉਤੇ ਨਜ਼ਰ ਰੱਖਦੀ ਸੀ। ਪੰਜ ਤੋਂ ਵੱਧ ਸਿੱਖਾਂ ਨੂੰ ਇਕੱਠੇ ਇਕੋ ਸਮੇਂ ਗੁਰਦੁਆਰੇ ਅੰਦਰ ਨਹੀਂ ਸੀ ਜਾਣ ਦੇਂਦੀ, ਉਹਨਾਂ ਨੂੰ ਸਤਾਉਂਦੀ ਸੀ। ਜੇ ਹੋਰ ਵੀ ਕਿਤੇ ਪੰਜਾਬ ਵਿਚ ਪੰਜ ਨਾਮਧਾਰੀ ਇਕੱਠੇ ਹੁੰਦੇ ਤਾਂ ਉਹਨਾਂ ਦੇ ਖ਼ਿਲਾਫ਼ ਕਾਰਵਾਈ ਕੀਤੀ ਜਾਂਦੀ। ਏਥੋਂ ਤਕ ਕਿ ਸਰਕਾਰ ਤੋਂ ਇਜਾਜ਼ਤ ਲੈਣ ਤੋਂ ਬਿਨਾਂ ਅਖੰਡ ਪਾਠ ਕਰਵਾਉਣ, ਕਰਨ ਵਾਲੇ ਘਰ ਦੇ ਮਾਲਕ, ਪਾਠੀਆਂ, ਧੂਪੀਆਂ, ਲਾਂਗਰੀਆਂ, ਪਹਿਰੇਦਾਰਾਂ ਨੂੰ ਕੈਦ ਕੀਤਾ ਗਿਆ ਅਤੇ ਜੁਰਮਾਨੇ ਕੀਤੇ ਗਏ।

ਹਰ ਪਿੰਡ ਦੇ ਨੰਬਰਦਾਰ ਨੇ ਨਾਮਧਾਰੀ ਸਿੱਖਾਂ ਦੇ ਉਸ ਦੇ ਪਿੰਡ ਆਉਣ ਬਾਰੇ ਥਾਣੇ ਇਤਲਾਹ ਦੇਣੀ ਹੁੰਦੀ ਸੀ ਜੇ ਕੋਈ ਇੰਜ ਕਰਨ ਵਿਚ ਢਿੱਲ ਵਰਤਦਾ ਤਾਂ ਉਸ ਦੀ ਨੰਬਰਦਾਰੀ ਖੁੱਸਣ ਵਿਚ ਦੇਰ ਨਹੀਂ ਸੀ ਲਗਦੀ।

ਅੰਗਰੇਜ਼ ਸਰਕਾਰ ਨੇ ਨਾਮਧਾਰੀ ਲਹਿਰ ਨੂੰ ਖ਼ਤਮ ਕਰਨ ਦਾ ਪੂਰਾ ਟਿੱਲ ਲਾਇਆ ਪਰ ਇਹ ਦ੍ਰਿੜ੍ਹ ਸੰਕਲਪ ਲਹਿਰ ਦਬਾਈ ਹੀ ਨਾ ਜਾ ਸਕੀ। ਦੇਸ਼ ਦੇ ਹੋਰ ਸੂਰਮੇ ਵੀ ਆਜ਼ਾਦੀ ਲਈ ਸੰਘਰਸ਼ ਵਿਚ ਸਰਗਰਮ ਹੋ ਗਏ। ਸਭ ਦੀ ਸਾਂਝੀ ਜਦੋਜਹਿਦ ਨਾਲ ਦੇਸ਼ ਆਜ਼ਾਦ ਹੋਇਆ।

ਦੇਸ਼ ਸੁਤੰਤਰ ਹੋਣ ਬਾਅਦ ਨਾਮਧਾਰੀ ਸਿੰਘ ਮੁੜ ਵਸੇਬੇ ਅਤੇ ਵਿਕਾਸ ਦੇ ਕੰਮਾਂ ਵਿਚ ਜੁੜ ਗਏ। ਇਹ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿਚ ਫੈਲਣ ਲੱਗੇ। ਇਹਨਾਂ ਵਿਸ਼ਵ ਦੇ ਹੋਰ ਦੇਸ਼ਾਂ ਵੱਲ ਵੀ ਕਦਮ ਵਧਾਏ। ਅੱਜ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਇਹ ਬਹੁਤ ਹੀ ਮਹੱਤਵਪੂਰਣ ਖੇਤਰਾਂ ਵਿਚ ਆਪਣੀਆਂ ਅਧਿਆਤਮਿਕ ਤੇ ਸਦਾਚਾਰਕ ਕਦਰਾਂ ਕੀਮਤਾਂ, ਮਿਹਨਤ-ਮੁਸ਼ੱਕਤਾਂ ਤੇ ਆਪਣੇ ਬਾਣੇ ਤੇ ਬਾਣੀ ਕਾਰਨ ਪੰਜ ਮਹਾਂਦੀਪਾਂ ਵਿਚ ਆਪਣੀ ਨਵੇਕਲੀ ਪਛਾਣ ਬਣਾਈ ਬੈਠੇ ਹਨ।

ਬਾਕੀ ਜਗਤ ਨਾਲ, ਇੱਕੀਵੀਂ ਸਦੀ ਦੇ ਦਰਵਾਜ਼ੇ ਤੇ ਪਹੁੰਚ ਚੁੱਕਾ ਨਾਮਧਾਰੀ ਸਿੱਖ, ਸੰਸਾਰ ਦੇ ਬਦਲਦੇ ਸਰੂਪ ਬਾਰੇ, ਉਸ ਵਿਚ ਆ ਰਹੀਆਂ ਤਬਦੀਲੀਆਂ ਬਾਰੇ ਪੂਰੀ ਤਰ੍ਹਾਂ ਜਾਗਰੂਕ ਹੈ। ਉਹ ਆਪਣੇ ਵਡਮੁੱਲੇ ਅਸੂਲਾਂ ਉਤੇ ਕਾਇਮ ਰਹਿ ਕੇ ਸੰਸਾਰ

Sri Satguru Jagjit Singh Ji Elibrary NamdhariElibrary@gmail.com

ਦੀਆਂ ਨਿਆਮਤਾਂ ਦੀ ਸੁਚੱਜੀ ਵਰਤੋਂ ਕਰ ਰਿਹਾ ਹੈ। ਪਰ ਜਿਹੜੀਆਂ ਵਿਸ ਗੰਦਲਾਂ ਆਤਮਕ ਸੁਖ ਦੇ ਰਾਹ ਦਾ ਰੋੜਾ ਬਣਦੀਆਂ ਹਨ ਜਾਂ ਆਉਣ ਵਾਲੇ ਸਮੇਂ ਵਿਚ ਬਣਨਗੀਆਂ ਉਹਨਾਂ ਨਾਲ ਨਾਮਧਾਰੀ ਲਹਿਰ ਦੇ ਅਨੁਯਾਈ ਦਾ ਕੋਈ ਵਾਸਤਾ ਨਹੀਂ।

ਸਿੱਖਿਆ ਮਨੁੱਖੀ ਬੁੱਧੀ ਨੂੰ ਤੀਖਣ ਕਰਨ ਵਿਚ ਸਹਾਈ ਹੁੰਦੀ ਹੈ। ਸਿੱਖਿਆ ਦੇ ਸਾਧਨਾਂ ਤੇ ਤਕਨੀਕ ਵਿਚ ਨਵੀਆਂ ਤਬਦੀਲੀਆਂ ਵਾਪਰ ਰਹੀਆਂ ਹਨ। ਇਸ ਦੇ ਢੰਗ ਤਰੀਕੇ ਵੀ ਵਸੀਹ ਹੋ ਰਹੇ ਹਨ। ਪਹਿਲਾਂ ਸਕੂਲੀ ਸਿੱਖਿਆ ਹੀ ਮੁੱਖ ਮੰਨੀ ਗਈ ਸੀ ਪਰ ਨਾਮਧਾਰੀ ਸਿੱਖਾਂ ਨੇ ਇਹ ਸਿੱਖਿਆ ਪ੍ਰਾਪਤ ਨਹੀਂ ਕੀਤੀ। ਕਾਰਨ, ਅੰਗਰੇਜ਼ ਰਾਜ ਸਮੇਂ ਨਾਮਧਾਰੀ ਲਹਿਰ ਨੇ ਅੰਗਰੇਜ਼ੀ ਸਿੱਖਿਆ ਪ੍ਰਣਾਲੀ ਦਾ ਪੂਰਨ ਬਾਈਕਾਟ ਕੀਤਾ ਸੀ। ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਉਦੋਂ ਨਾਮਧਾਰੀ ਅਗਿਆਨਤਾ ਦੇ ਅੰਨ੍ਹੇ ਖੂਹ ਵਿਚ ਧੱਕੇ ਗਏ। ਉਹਨਾਂ ਨੂੰ ਪੜ੍ਹਨ ਦੀ ਤਾਕੀਦ ਕੀਤੀ ਗਈ ਸੀ। ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ, ਬਰ੍ਹਮਾ (ਮਯਾਮਾਰ) ਵਿਖੇ ਨਜ਼ਰਬੰਦ ਰਹਿੰਦਿਆਂ ਉਥੋਂ ਭੇਜੇ ਹੁਕਮਨਾਮੇ ਵਿਚ ਤਾਕੀਦ ਕੀਤੀ, "ਸਭ ਕੁੜੀ ਮੁੰਡੇ ਨੂ ਅਖਰ ਪੜਾਇ ਦੇਣੇ ਗੁਰਮੁਖੀ।"

ਭਾਰਤ ਦੇ ਆਜ਼ਾਦ ਹੋਣ ਬਾਅਦ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਨੇ ਸਭ ਨਾਮਧਾਰੀ ਸਿੱਖਾਂ ਨੂੰ ਸਕੂਲਾਂ ਵਿਚ ਪੜ੍ਹਨ ਦੀ ਆਗਿਆ ਦਿੱਤੀ। ਅੱਜ ਉਹ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਵਿਦਿਅਕ ਅਤੇ ਕਿੱਤਾਮੁਖੀ ਪੜ੍ਹਾਈਆਂ ਕਰ ਰਹੇ ਹਨ। ਇੱਕੀਵੀਂ ਸਦੀ ਵਿਚ ਹੋਰ ਵੱਧ ਨਾਮਧਾਰੀ ਸਿੱਖਾਂ ਦੇ ਡਾਕਟਰ, ਇੰਜੀਨੀਅਰ, ਆਰਕੀਟੈਕਟ, ਵਕੀਲ, ਪ੍ਰੋਫ਼ੈਸਰ ਬਣਨ ਦੀ ਸੰਭਾਵਨਾ ਹੈ। ਉਹ ਪ੍ਰਸ਼ਾਸਨਿਕ ਸੇਵਾਵਾਂ ਵਿਚ ਵੀ ਆਪਣੀ ਥਾਂ ਬਣਾ ਸਕਦੇ ਹਨ। ਵਿੱਦਿਆ ਦੇ ਪ੍ਰਸਾਰ, ਇਸ ਦੇ ਵਿਸ਼ਵ ਵਿਆਪੀ ਝੁਕਾਅ, ਤਕਨਾਲੋਜੀ ਨੂੰ ਉਹ ਭਲੀ ਭਾਂਤ ਜਾਣ ਰਹੇ ਹਨ ਅਤੇ ਆਪਣੇ ਅਮੀਰ ਵਿਰਸੇ ਨੂੰ ਸੰਭਾਲਣ ਲਈ ਉਹਨਾਂ ਇਸ ਕੰਪਿਊਟਰ ਯੁੱਗ ਦਾ ਲਾਹਾ ਲੈਣਾ ਸ਼ੁਰੂ ਕਰ ਦਿੱਤਾ ਹੈ।

ਇੱਕੀਵੀਂ ਸਦੀ ਵਿਚ ਇਸ ਲਹਿਰ ਦਾ ਖੋਜ-ਕਾਰਜਾਂ ਖਾਸ ਕਰਕੇ ਆਪਣੇ ਇਤਿਹਾਸ ਦੀ ਖੋਜ ਅਤੇ ਇਸ ਦੀ ਵਿਗਿਆਨਿਕ ਢੰਗ ਨਾਲ ਪੇਸ਼ਕਾਰੀ ਵੱਲ ਰੁਝਾਨ ਹੋਰ ਵਧੇਗਾ। ਪਹਿਲਾਂ ਤਾਂ ਪੱਛਮੀ ਵਿੱਦਿਆ, ਕੋਈ ਵਿਰਲਾ ਹੀ ਪੜ੍ਹਿਆ ਹੋਇਆ ਸੀ। ਉਹ ਵੀ ਐਸਾ ਵਿਅਕਤੀ ਜੋ ਪਹਿਲਾਂ ਨਾਮਧਾਰੀ ਨਹੀਂ ਸੀ ਤੇ ਬਾਅਦ ਵਿਚ ਇਹਨਾਂ ਤੋਂ ਪ੍ਰਭਾਵ ਗ੍ਰਹਿਣ ਕਰਕੇ ਬਣਿਆ ਸੀ ਜਾਂ ਘਰ ਮਿਹਨਤ ਕਰਕੇ, ਉਹ ਅੰਗਰੇਜ਼ੀ ਨਹੀਂ ਸਨ ਪੜ੍ਹ ਸਕਦੇ। ਸੋ ਨਾਮਧਾਰੀ ਲਹਿਰ ਬਾਰੇ ਦਸਤਾਵੇਜ਼ੀ ਅਧਿਐਨ ਪੂਰੀ ਤਰ੍ਹਾਂ ਨਾ ਹੋ ਸਕਿਆ। ਬਹੁਤਾ ਖੋਜ ਕਾਰਜ ਪੁੱਛ ਪੁਛਾ ਕੇ ਹੀ ਹੋਇਆ। ਮਹਾਰਾਜ

ਗੁਰਦਿਆਲ ਸਿੰਘ, ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚਕਰਵਰਤੀ ਨੇ ਵੱਧ ਮਿਹਨਤ ਕਰਕੇ ਕੁਝ ਤੱਥ ਪੇਸ਼ ਕੀਤੇ। ਉਹਨਾਂ ਸਿਲਸਿਲੇਵਾਰ ਇਤਿਹਾਸ ਵੀ ਲਿਖਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਥਾਪੜੇ ਨਾਲ ਸ੍. ਨਾਹਰ ਸਿੰਘ ਐਮ. ਏ. ਨੇ ਸਰਕਾਰੀ ਦਸਤਾਵੇਜ਼ਾਂ ਫੋਲੀਆਂ ਅਤੇ ਉਹਨਾਂ ਨੇ ਪੁਰਾਣੀ ਸਮੱਗਰੀ ਦੇ ਆਧਾਰ ਉਤੇ ਨਾਮਧਾਰੀ ਇਤਿਹਾਸ ਲਿਖਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍. ਜਸਵਿੰਦਰ ਸਿੰਘ ਐਮ. ਏ. ਦੀ ਰੁਚੀ ਨੂੰ ਧਿਆਨ ਵਿਚ ਰੱਖਕੇ ਸਰਕਾਰੀ ਨੌਕਰੀ ਛੁੜਾ ਕੇ ਖੋਜ ਕਾਰਜ ਹਿਤ ਜ਼ਿੰਮੇਵਾਰੀ ਤੇ ਲਾਇਆ। ਉਹਨਾਂ ਨੈਸ਼ਨਲ ਆਰਕਾਈਵਜ਼ ਦਿੱਲੀ ਦੇ ਵਰਕੇ ਫੋਲ ਕੇ ਕੁਝ ਦਸਤਾਵੇਜ਼ੀ ਰਚਨਾਵਾਂ ਪ੍ਰਕਾਸ਼ਿਤ ਕਰਵਾਈਆਂ ਹਨ। ਇਹ ਉਹਨਾਂ ਦੀ ਖੋਜ ਦਾ ਹੀ ਸਿੱਟਾ ਹੈ ਕਿ ਨਾਮਧਾਰੀ ਗੁਰੂ ਰਾਮ ਸਿੰਘ ਦੇ ਬਰਮਾ ਵਿਖੇ ਚਲਾਣਾ ਕਰਨ ਵਾਲੀ ਖ਼ਬਰ ਸੱਚੀ ਨਹੀਂ। ਉਹਨਾਂ ਯੂ. ਕੇ. ਬਰਮਾ ਆਦਿ ਜਾ ਕੇ ਖੋਜ ਕਾਰਜ ਨੂੰ ਅੱਗੇ ਤੋਰਿਆ ਹੈ। ਯੂ. ਕੇ. ਦੇ ਸ੍ ਸੁਰਜੀਤ ਸਿੰਘ ਜੋਤ ਹੁਰੀਂ ਵੀ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਖੇਤਰ ਵਿਚ ਬਹੁਤ ਮਿਹਨਤ ਕਰ ਰਹੇ ਹਨ। ਉਹਨਾਂ ਤਾਂ ਆਪਣੇ ਘਰ ਨੂੰ ਪੁਰਾਣੀਆਂ ਪੁਸਤਕਾਂ ਦੀ ਲਾਇਬ੍ਰੇਰੀ ਹੀ ਬਣਾ ਰੱਖਿਆ ਹੈ।

ਇਹਨਾਂ ਨਿੱਜੀ ਯਤਨਾਂ ਨੂੰ ਯੂਨੀਵਰਸਿਟੀ ਪੱਧਰ ਉਤੇ ਲੈ ਜਾਣ ਦੀ ਲੋੜ ਹੈ। ਇਸ ਖੋਜ ਵੱਲ ਵਿਸ਼ੇਸ਼ ਧਿਆਨ ਕੇਂਦਰਿਤ ਕਰਨ ਲਈ ਸਤਿਗੁਰੂ ਜੀ ਦੀ ਕਿਰਪਾ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਵਿਸ਼ੇਸ਼ ਦਿਲਚਸਪੀ ਦਿਖਾਉਣ ਅਤੇ ਹੋਰ ਅਧਿਕਾਰੀਆਂ ਦੇ ਇਸ ਦਾ ਮਹੱਤਵ ਸਮਝਣ ਨਾਲ ਦੋ ਯੂਨੀਵਰਸਿਟੀਆਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਉਤੇ ਚੇਅਰਾਂ ਸਥਾਪਤ ਹੋਈਆਂ ਹਨ। 1997 ਈ. ਵਿਚ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ, ਵਾਰਾਣਸੀ (ਉਤਰ ਪ੍ਰਦੇਸ਼) ਅਤੇ 1999 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਪੰਜਾਬ) ਵਿਚ ਚੇਅਰ ਸਥਾਪਤ ਹੋਈ। ਇੱਕੀਵੀਂ ਸਦੀ ਵਿਚ ਇਹਨਾਂ ਚੇਅਰਾਂ ਰਾਹੀਂ ਐਮ. ਫਿਲ., ਪੀਐਚ. ਡੀ., ਡੀ. ਲਿਟ. ਪੱਧਰ ਦਾ ਖੋਜ ਕਾਰਜ ਹੋਵੇਗਾ।

ਇਹਨਾਂ ਯੂਨੀਵਰਸਿਟੀਆਂ ਵਿਚ ਹੋਣ ਵਾਲੇ ਸੈਮੀਨਾਰ, ਕਾਰਜਸ਼ਾਲਾਵਾਂ, ਗੋਸ਼ਟੀਆਂ, ਨਾਮਧਾਰੀ ਇਤਿਹਾਸ ਨੂੰ ਵਿਗਿਆਨਕ ਨਜ਼ਰੀਏ ਤੋਂ ਵਾਚਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਾ ਵਾਰਾਣਸੀ ਵਲੋਂ ਇਕ ਗੋਸ਼ਟੀ 1997 ਈ. ਵਿਚ ਕੀਤੀ ਗਈ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਇਹ ਗੋਸ਼ਟੀ 2001 ਈ. ਵਿਚ ਆਯੋਜਿਤ ਕੀਤੀ ਜਾ ਰਹੀ ਹੈ। ਇਹ ਉੱਦਮ ਸ਼ਲਾਘਾਯੋਗ ਹੈ। ਇਸ ਦਾ ਪ੍ਰਭਾਵ ਵਿਸ਼ਵ ਪੱਧਰ

Sri Satguru Jagjit Singh Ji Elibrary NamdhariElibrary@gmail.com

ਉਤੇ ਨਾਮਧਾਰੀ ਲਹਿਰ ਦੇ ਇਤਿਹਾਸਿਕ ਮਹੱਤਵ ਨੂੰ ਵਾਚਣ ਉਤੇ ਪਏਗਾ। ਭਵਿੱਖ ਵਿਚ ਇਹ ਕਾਰਜ ਹੋਰ ਵੱਧ ਥਾਵਾਂ ਉਤੇ ਹੁੰਦੇ ਰਹਿਣਗੇ। ਨਵੀਆਂ ਯੋਜਨਾਵਾਂ ਤਿਆਰ ਕਰਕੇ ਅਕਾਦਮਿਕ ਕਾਰਜ ਅੱਗੇ ਵਧਣਗੇ।

ਪਿਛਲੇ ਸਮੇਂ ਉਤੇ ਝਾਤ ਪਾਇਆਂ, ਨਾਮਧਾਰੀ ਲਹਿਰ ਸੰਬੰਧੀ ਲਿਖਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਸਾਹਿਤ ਵਿਚ ਨਾਮਧਾਰੀ ਲੇਖਕਾਂ ਦੀ ਕਲਮ ਵੀ ਘੱਟ ਹੀ ਚੱਲੀ ਹੈ। ਨਾਮਧਾਰੀ ਸਿੱਖ ਆਪਣੇ ਵਸੀਹ ਤਜਰਬੇ, ਰੁਚੀਆਂ ਤੇ ਵਿਦਿਅਕ ਯੋਗਤਾਵਾਂ ਕਾਰਨ ਇੱਕੀਵੀਂ ਸਦੀ ਵਿਚ ਗੁਣਾਤਮਕ ਤੇ ਗਿਣਾਤਮਕ ਪੱਖੋਂ ਸਾਹਿਤ ਵਿਚ ਵਾਧਾ ਕਰ ਸਕਦੇ ਹਨ। ਨਹੀਂ ਤਾਂ ਉਨੀਵੀਂ ਸਦੀ ਵਿਚ 8-10 ਲੇਖਕ ਹੀ ਸਾਹਮਣੇ ਆਏ ਹਨ। ਉਹ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਅਤੇ ਬਾਬਾ ਸੰਤੋਖ ਸਿੰਘ ਜੀ ਦੇ 'ਸਤਿਗੁਰੂ ਬਿਲਾਸ' ਤੋਂ ਬਿਨਾਂ ਬਾਕੀ ਕਵਿਤਾ ਹੀ ਲਿਖਦੇ ਸੀ। ਵੀਹਵੀਂ ਸਦੀ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਨਾਮਧਾਰੀ ਸਾਹਿਤਕਾਰਾਂ ਦੀਆਂ ਕਵਿਤਾ, ਕਹਾਣੀ, ਇਕਾਂਗੀ, ਨਾਵਲ, ਮਹਾਂਕਾਵਿ, ਕਿੱਸਾ ਕਾਵਿ ਤੇ ਵਾਰਤਕ ਰਚਨਾਵਾਂ ਪ੍ਰਕਾਸ਼ਿਤ ਹੋਈਆਂ ਹਨ। ਇਹਨਾਂ ਲੇਖਕਾਂ ਵਿਚੋਂ ਪ੍ਰਮੁਖ ਬਾਬਾ ਚੰਦ ਸਿੰਘ, ਕਾਲਾ ਸਿੰਘ, ਹਰਨਾਮ ਸਿੰਘ, ਸੰਤ ਧਿਆਨ ਸਿੰਘ, ਸੰਤ ਇੰਦਰ ਸਿੰਘ ਚਕਰਵਰਤੀ, ਸੰਤ ਨਿਧਾਨ ਸਿੰਘ ਆਲਿਮ, ਤਰਨ ਸਿੰਘ ਵਹਿਮੀ, ਆਤਮਾ ਸਿੰਘ ਸਨਖਤਰਵੀ, ਰਜਿੰਦਰ ਸਿੰਘ ਗੁਰੂਸਰ, ਮਾਸਟਰ ਨਿਹਾਲ ਸਿੰਘ, ਮੰਗਲ ਸਿੰਘ ਲਾਇਲਪੁਰੀ, ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਅਮਰ ਭਾਰਤੀ, ਖਜ਼ਾਨ ਸਿੰਘ ਇਨਸਾਫ, ਬੇਅੰਤ ਕੌਰ, ਸੁਰਿੰਦਰ ਕੌਰ ਖਰਲ, ਅਮਰੀਕ ਸਿੰਘ, ਗਿਆਨੀ ਤੇਜਾ ਸਿੰਘ, ਤਾਰਾ ਸਿੰਘ ਅਨਜਾਣ ਆਦਿ ਹਨ। ਏਸੇ ਕਰਕੇ ਭਵਿੱਖਤ ਉੱਜਲਾ ਲੱਗਦਾ ਹੈ।

ਇੱਕੀਵੀਂ ਸਦੀ ਧਾਰਮਿਕ ਵਖਰੇਵੇਂ ਵਧਾਉਣ ਦੀ ਥਾਂ ਆਪਸੀ ਸਹਿਯੋਗ, ਸੁਹਿਰਦਤਾ ਤੇ ਇਕ ਦੂਜੇ ਦੇ ਨੇੜੇ ਹੋਣ ਦੀ ਸਦੀ ਹੋਵੇਗੀ। ਇਸ ਵਿਚ ਨਾਮਧਾਰੀ ਲਹਿਰ ਆਪਣਾ ਬਣਦਾ ਹਿੱਸਾ ਪਾਏਗੀ। ਇਸ ਸਦੀ ਵਿਚ ਪਰਸਪਰ ਧਰਮ ਨਿਸ਼ਠਾ (ਇੰਟਰਫੇਥ) ਦਾ ਖੇਤਰ ਮੋਕਲਾ ਹੋ ਰਿਹਾ ਹੈ। ਸਿੱਖ ਧਰਮ ਗ੍ਰੰਥ ਤਾਂ ਪਹਿਲਾਂ ਹੀ "ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ" ਦਾ ਰਸਤਾ ਵਿਖਾਉਂਦਾ ਹੈ। ਸ੍ਰੀ ਆਦਿ ਗ੍ਰੰਥ ਵਿਚ ਸਤਿਗੁਰੂ ਸਾਹਿਬਾਨ ਦੇ ਨਾਲ ਵੱਖ ਵੱਖ ਫਿਰਕਿਆਂ, ਜਾਤਾਂ, ਧਾਰਮਿਕ ਵਿਸ਼ਵਾਸਾਂ, ਮਜ਼੍ਹਬਾਂ ਇਲਾਕਿਆਂ ਦੇ ਧਾਰਮਿਕ ਆਗੂਆਂ, ਸੰਤਾਂ, ਭਗਤਾਂ ਦੀ ਬਾਣੀ ਦਰਜ ਹੈ। ਦਸਮੇਂ ਪਾਤਸ਼ਾਹ ਦੇ ਗ੍ਰੰਥ 'ਸ੍ਰੀ ਦਸਮ ਗ੍ਰੰਥ' ਦੀ ਬਾਣੀ, 'ਅਕਾਲ ਉਸਤਤ' ਦੇ ਇੱਕ ਕਬਿਤ ਵਿਚ ਦਰਜ ਹੈ:

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ*
*ਮਾਨਸ ਸਭੈ ਏਕ ਪੈ ਅਨੇਕ ਕੋ ਭ੍ਰਮਾਉ ਹੈ।*

*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥26॥86॥*

ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਨੇ 1934 ਈ. ਵਿਚ ਸਿੱਖ ਭਾਈਚਾਰੇ ਦੀ ਏਕਤਾ ਲਈ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਕੀਤੀ। ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਨੇ 1999 ਵਿਚ ਕੇਪ ਟਾਊਨ ਦੱਖਣੀ ਅਫ਼ਰੀਕਾ ਵਿਚ ਹੋਈ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਵਿਚ ਹਿੱਸਾ ਲੈਣ ਲਈ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ। ਹਰਵਿੰਦਰ ਸਿੰਘ ਹੰਸਪਾਲ ਦੀ ਅਗਵਾਈ ਹੇਠ ਪ੍ਰਤੀਨਿਧ ਮੰਡਲ ਭੇਜਿਆ। ਇੰਗਲੈਂਡ ਦੀ ਨਾਮਧਾਰੀ ਸੰਗਤ ਦੇ ਪ੍ਰਾਪੇਗੰਡਾ ਸੈਕਟਰੀ ਸੀ। ਵਾਸਦੇਵ ਸਿੰਘ ਭਮਰਾ ਇੰਟਰ ਫੇਥ ਸੰਸਥਾ ਵਿਚ ਆਪਣੀ ਨਵੇਕਲੀ ਪਛਾਣ ਰੱਖਦੇ ਹਨ। ਸ੍ਰੀ ਸਤਿਗੁਰੂ ਜੀ ਦੀ ਹੋਰ ਧਰਮਾਂ ਦੇ ਧਰਮ ਗੁਰੂਆਂ ਨਾਲ ਗੋਸ਼ਟਿ ਹੁੰਦੀ ਰਹਿੰਦੀ ਹੈ। ਕਈ ਨਾਮਧਾਰੀ ਦੀਵਾਨ ਚਰਚਾਂ, ਮੰਦਰਾਂ, ਗੁਰੂ ਸਿੰਘ ਸਭਾ ਗੁਰਦੁਆਰਿਆਂ ਵਿਚ ਲਗਦੇ ਹਨ। ਇੱਕੀਵੀਂ ਸਦੀ ਵਿਚ ਨਾਮਧਾਰੀ ਲਹਿਰ ਇਸ ਪਾਸੇ ਆਪਣਾ ਇਹ ਰੁਝਾਨ ਜਾਰੀ ਰੱਖੇਗੀ।

ਧਾਰਮਿਕ ਨੇੜਤਾ ਦੇ ਨਾਲ ਨਾਲ ਸਦਾਚਾਰ ਕਦਰਾਂ ਕੀਮਤਾਂ ਮਨੁੱਖ ਨੂੰ ਚੰਗੇਰਾ ਮਨੁੱਖ ਬਣਾਉਂਦੀਆਂ ਹਨ। ਸਦਾਚਾਰਕ ਗਿਰਾਵਟ, ਸਰੀਰਕ ਤੇ ਸਮਾਜਕ ਰੋਗਾਂ ਨੂੰ ਜਨਮ ਦਿੰਦੀ ਹੈ। ਇਹਨਾਂ ਤੋਂ ਛੁਟਕਾਰਾ ਪਾਉਣ ਲਈ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਤੋਂ ਦੂਰ ਰਹਿਣਾ ਸੁਖਦਾਈ ਰਹਿੰਦਾ ਹੈ। ਇੱਕੀਵੀਂ ਸਦੀ ਦੀ ਮਗਰਮੱਛ ਵਾਂਗ ਮੂੰਹ ਅੱਡੀ ਬੈਠੀ ਬੀਮਾਰੀ, ਏਡਜ਼ ਨੇ ਸਾਰੇ ਵਿਸ਼ਵ ਨੂੰ ਚਿੰਤਿਤ ਕਰ ਦਿੱਤਾ ਹੈ। ਅਜੇ ਤਕ ਚਿਕਿਤਸਾ ਵਿਗਿਆਨ ਇਸ ਦਾ ਕੋਈ ਤਸੱਲੀਬਖਸ਼ ਹੱਲ ਨਹੀਂ ਲੱਭ ਸਕਿਆ। ਏਸੇ ਕਰਕੇ ਕਿਸੇ ਏਡਜ਼ ਕਾਰਨ ਰੋਗੀ ਮਨੁੱਖਾਂ ਦੇ ਮੌਤ ਦੇ ਮੂੰਹੋਂ ਬਚਣ ਦੀ ਸੰਭਾਵਨਾ ਘੱਟ ਹੀ ਨਜ਼ਰ ਆਉਂਦੀ ਹੈ। ਇਹ ਚਿੰਤਾ 1999 ਈਸਵੀ ਦੀ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਵਿਚ ਵੀ ਪ੍ਰਗਟ ਕੀਤੀ ਗਈ ਸੀ।

ਇਸ ਰੋਗ ਦੇ ਕਾਰਨਾਂ ਵਿਚੋਂ ਇਕ ਖਾਸ ਕਾਰਨ ਕਿਸੇ ਰੋਗ ਗ੍ਰਸਤ ਵਿਅਕਤੀ ਨਾਲ ਜਿਨਸੀ ਸੰਬੰਧ ਬਣਾਉਣਾ ਹੈ ਅਤੇ ਇਲਾਜ ਵੀ ਗ਼ੈਰ ਔਰਤ/ਮਰਦ ਨਾਲ ਲਿੰਗ ਸੰਬੰਧ ਰੱਖਣ ਤੋਂ ਬਚਣਾ ਹੈ। ਪਰ ਨਾਰੀ ਨਾਲ ਸੇਜ ਸਾਂਝੀ ਨਾ ਕਰਨਾ ਸਾਡੇ ਸਦਾਚਾਰਕ ਮੁੱਲਾਂ ਦਾ ਪਹਿਲਾਂ ਹੀ ਹਿੱਸਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਲਿਖਿਆ ਹੈ:

- *ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ।*
- *ਪਰ ਨਾਰੀ ਕੀ ਸੇਜ ਪਰ ਭੂਲਿ ਨ ਦੀਜਹੁ ਪਾਇ।* (ਚਰਿਤ੍ਰ)

ਨਾਮਧਾਰੀ ਗੁਰੂ ਰਾਮ ਸਿੰਘ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਤਾਕੀਦ ਕੀਤੀ ਹੈ:

> *ਰੰਡੀ ਦੇ ਸੰਗਿ ਤੇ ਇਕ ਤਾਂ ਸਰੀਰ ਨੂੰ ਦੁਖ ਲਗ ਜਾਂਦਾ ਹੈ, ਦੂਜਾ ਪੈਸਾ ਬਰਬਾਦ ਹੁੰਦਾ ਹੈ, ਤੀਆ ਧਰਮ ਜਾਂਦਾ ਹੈ, ਚੌਥਾ ਲੋਕਾਂ ਮੈ ਬਹੁਤ ਭੰਡੀ ਹੁੰਦੀ ਹੈ।* (ਹੁਕਮਨਾਮਾ 49)

ਭਖ ਅਭਖ ਖਾਣਾ, ਨਸ਼ੇ ਪਤੇ ਕਰਨਾ ਮਨੁੱਖ ਨੂੰ ਸਰੀਰਕ ਪੱਖੋਂ ਕਮਜ਼ੋਰ ਤੇ ਰੋਗੀ ਕਰਦਾ ਹੈ ਅਤੇ ਸਦਾਚਾਰਕ ਪੱਖੋਂ ਹੀਨਭਾਵਨਾ ਦਾ ਸ਼ਿਕਾਰ। ਪਿਛਲੀਆਂ ਸਦੀਆਂ ਵਾਂਗ ਇਕੀਵੀਂ ਸਦੀ ਦਾ ਨਾਮਧਾਰੀ ਵੀ ਇਹਨਾਂ ਦੀ ਮਾਰ ਤੋਂ ਬਚਿਆ ਰਹੇਗਾ। ਉਹ ਨਾ ਹੀ ਗੈਰਜ਼ਰੂਰੀ ਤੌਰ ਉਤੇ ਕਮਜ਼ੋਰ ਹੋਵੇਗਾ ਤੇ ਨਾ ਹੀ ਨਸ਼ਿਆਂ ਅਤੇ ਬੀਮਾਰੀ ਕਾਰਨ ਅਜ਼ਾਈਂ, ਅਕਾਲ ਮਿਰਤੂ ਦਾ ਸ਼ਿਕਾਰ ਹੋਵੇਗਾ। ਉਹ ਕਲਜੁਗ ਦੇ ਭਿਆਨਕ ਸਮੇਂ ਵਿਚ ਗਿਆਨੀ ਗਿਆਨ ਸਿੰਘ ਦਾ ਦਸਿਆ ਸਤਿਜੁਗੀ ਜੀਵਨ ਜਿਉਂਦਾ ਰਹੇਗਾ।

> *ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ*
> *ਠਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।* (ਪੰਥ ਪ੍ਰਕਾਸ਼)

ਚਰਸ, ਗਾਂਜਾ, ਹਸ਼ੀਸ਼, ਸਮੈਕ, ਬ੍ਰਾਊਨ ਸ਼ੂਗਰ, ਅਫੀਮ, ਸ਼ਰਾਬ ਤੇ ਹੋਰ ਨਸ਼ਿਆਂ ਤੋਂ ਬਚਿਆ ਨਾਮਧਾਰੀ ਸਿੰਘ ਇੱਕੀਵੀਂ ਸਦੀ ਵਿਚ ਵੀ ਨਰੋਇਆ ਰਹੇਗਾ। ਉਹ ਚਾਹ, ਕਾਫੀ, ਕੋਕਾ ਕੋਲਾ ਵਰਗੇ ਬੀਮਾਰੀ ਨੂੰ ਸੱਦਾ ਦੇਣ ਵਾਲੇ ਪਦਾਰਥਾਂ ਨੂੰ ਨਿਆਮਤ ਨਹੀਂ ਸਮਝੇਗਾ ਤੇ ਇਹਨਾਂ ਤੋਂ ਬਚਿਆ ਰਹੇਗਾ।

ਨਾਮਧਾਰੀ ਲਹਿਰ ਦੇ ਅਨੁਗਾਮੀ ਦਾ ਪਰਿਵਾਰ ਸੰਯੁਕਤ, ਮੁਹੱਬਤ ਭਰਿਆ ਜੀਵਨ ਬਿਤਾਉਂਦਾ ਰਹੇਗਾ। ਉਂਜ ਹੁਣ ਪਰਿਵਾਰ ਟੁੱਟ ਰਹੇ ਹਨ। ਰੋਜ਼ੀ ਰੋਟੀ ਦੀ ਭਾਲ ਲਈ ਦੂਰ ਦੁਰਾਡੇ ਜਾਣਾ ਇਕ ਕਾਰਨ ਹੋ ਸਕਦਾ ਹੈ ਪਰ ਮੋਹ, ਪਿਆਰ ਦਾ ਘਟਣਾ ਤੇ ਸਵਾਰਥ ਦਾ ਵਧਣਾ ਇਕ ਖ਼ਾਸ ਕਾਰਨ ਹੈ। ਇਸ ਨਾਲ ਆਪਣੇ ਅਮੀਰ ਵਿਰਸੇ ਤੋਂ ਬੇਮੁਖ ਹੋਣ, ਬਜ਼ੁਰਗਾਂ ਪ੍ਰਤੀ ਅਨਾਦਰ ਤੇ ਲਾਪ੍ਰਵਾਹੀ ਦੀ ਭਾਵਨਾ ਵਧ ਰਹੀ ਹੈ। ਦੇਸ ਤੇ ਸਮਾਜ ਪ੍ਰਤੀ ਜ਼ੁੰਮੇਵਾਰੀਆਂ ਨਿਭਾਉਣ ਲਈ ਮਨੁੱਖ ਨੂੰ ਕਾਨੂੰਨ ਹੀ ਮਜ਼ਬੂਰ ਕਰਦਾ ਹੈ ਪਰ ਨਾਮਧਾਰੀ ਸਾਂਝ, ਸਾਥ, ਮੋਹ, ਪਿਆਰ, ਨਿਘ-ਨੇੜ ਕੇਵਲ ਇਸ ਕਰਕੇ ਹੀ ਨਹੀਂ ਰੱਖ ਰਿਹਾ ਕਿ ਉਹ ਆਲੇ ਦੁਆਲੇ ਤੋਂ ਸਿੱਖ ਰਿਹਾ ਹੈ ਸਗੋਂ ਇਸ ਕਰਕੇ ਹੈ ਕਿ ਉਹ ਆਪਣੇ ਸਤਿਗੁਰ ਨਾਲ ਸਤਿਕਾਰ ਪਿਆਰ ਦੀ ਤੰਦ ਨਾਲ ਬੱਝਾ ਹੋਇਆ ਹੈ। ਸਤਿਗੁਰੂ ਜੀ ਨਾਲ ਸਾਂਝ ਉਹਨਾਂ ਨੂੰ ਸਮਾਜਕ ਤੇ ਨਿੱਜੀ ਸਮੱਸਿਆਵਾਂ ਤੋਂ ਮੁਕਤੀ ਦਿਵਾਉਣ ਵਿਚ ਸਹਾਈ ਹੁੰਦੀ ਹੈ। ਉਸ ਅੰਦਰ ਇਕੱਲੇਪਨ ਅਤੇ ਅਸੁਰੱਖਿਅਤਾ ਦੀ ਭਾਵਨਾ ਜੇ ਆਏਗੀ ਤੇ ਉਸ ਉਤੇ ਅੰਕੁਸ਼ ਲੱਗਿਆ ਰਹੇਗਾ।

Sri Satguru Jagjit Singh Ji Elibrary NamdhariElibrary@gmail.com

ਜੀਉ ਤੇ ਜੀਣ ਦਿਓ ਨਾਲ ਜੀਵ ਪ੍ਰੇਮ ਦੀ ਭਾਵਨਾ ਜੁੜੀ ਹੋਈ ਹੈ। ਨਾਮਧਾਰੀ ਸ਼ਾਕਾਹਾਰੀ ਹੈ ਸੋ ਇੱਕੀਵੀਂ ਸਦੀ ਵਿਚ ਵੀ ਉਸ ਦੀ ਸਭ ਜੀਵਾਂ ਪ੍ਰਤੀ ਪ੍ਰੇਮ ਦੀ ਭਾਵਨਾ ਬਣੀ ਰਹੇਗੀ। ਦੂਜੇ ਪਾਸੇ ਮਾਸਾਹਾਰੀ ਵਿਅਕਤੀ ਦੇ ਮਨ ਵਿਚ ਕਿਸੇ ਜੀਵ ਨੂੰ ਮਾਰਨ, ਉਸ ਦਾ ਸ਼ਿਕਾਰ ਕਰਨ, ਉਸਨੂੰ ਕੁਹੀਂਦਾ ਵੇਖਣ ਜਾਂ ਉਸਨੂੰ ਪਰੋਸਿਆ ਵੇਖਕੇ ਹਮਦਰਦੀ ਦੀ ਭਾਵਨਾ ਰਹਿੰਦੀ ਹੀ ਨਹੀਂ। ਇਸ ਤਰ੍ਹਾਂ ਨਾਮਧਾਰੀਆਂ ਦੇ ਜੀਵ ਪ੍ਰੇਮ ਤੇ ਸ਼ਾਕਾਹਾਰ ਕਾਰਨ ਹੀ ਜੀਵਾਂ ਦੀਆਂ ਖ਼ਤਮ ਹੋ ਰਹੀਆਂ ਪ੍ਰਜਾਤੀਆਂ ਬਚੀਆਂ ਰਹਿ ਸਕਣਗੀਆਂ ਅਤੇ ਵੰਨ ਸੁਵੰਨੇ ਵਿਸ਼ਵ ਦਾ ਨੁਕਸਾਨ ਹੋਣੋਂ ਬਚਿਆ ਰਹਿ ਸਕੇਗਾ।

ਆਤੰਕਵਾਦੀਆਂ ਦੇ ਮਨ ਵਿਚ ਵੀ ਕਿਸੇ ਦਾ ਖ਼ੂਨ ਡੁਲ੍ਹਦਾ ਵੇਖ ਕੇ ਪਿਆਰ ਤੇ ਹਮਦਰਦੀ ਨਹੀਂ ਉਪਜਦੀ। ਨਾਮਧਾਰੀ ਜੀਵ ਹੱਤਿਆ ਨੂੰ ਨਫ਼ਰਤ ਕਰਦਾ ਹੈ। ਸੋ, ਉਹ ਸਾਰੇ ਜੀਵਾਂ ਦੇ ਸਰਦਾਰ ਮਨੁੱਖ ਦਾ ਵੀ ਨੁਕਸਾਨ ਨਹੀਂ ਹੋਣ ਦੇਵੇਗਾ ਤੇ ਦਹਿਸ਼ਤ ਪਸੰਦਾਂ ਦੀ ਗਿਣਤੀ ਘਟਾਵੇਗਾ। ਉਗਰਵਾਦ ਦਾ ਅਸਰ ਬਹੁਤਾ ਨੌਜਵਾਨ ਪੀੜ੍ਹੀ ਉਤੇ ਹੁੰਦਾ ਹੈ। ਮਰਨ-ਮਾਰਨ ਵਾਲੇ ਬਹੁਤੇ ਨੌਜਵਾਨ ਹੀ ਹੁੰਦੇ ਹਨ; ਸੋ ਇਸ ਉਮਰ ਦੇ ਮਿਹਨਤਕਸ਼ ਹੱਥਾਂ ਦੀ ਗਿਣਤੀ ਵੀ ਘਟਦੀ ਹੈ। ਪਰ ਨਾਮਧਾਰੀ ਸਿੱਖਾਂ ਦਾ ਵਿਹਾਰ ਅਚੇਤ ਹੀ ਉਗਰਵਾਦ ਦਾ ਖ਼ਾਤਮਾ ਕਰਨ ਵਿਚ ਆਪਣਾ ਹਿੱਸਾ ਪਾ ਰਿਹਾ ਹੋਵੇਗਾ।

ਉਗਰਵਾਦ ਤੇ ਦੇਸ਼ਾਂ ਦੀਆਂ ਆਪਸੀ ਲੜਾਈਆਂ ਨਾਲ ਬਦਅਮਨੀ ਫੈਲਦੀ ਹੈ। ਪਰ ਬਹੁਤੇ ਮਨੁੱਖ ਬਿਨਾਂ ਕਲਿੰਗਾ ਦੀ ਲੜਾਈ ਲੜਿਆਂ ਅਮਨ ਨਾਲ ਰਹਿਣਾ ਚਾਹੁੰਦੇ ਹਨ। ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਨਾਮਧਾਰੀ ਸਿੱਖ ਖੁਦ ਹੀ ਅਮਨ ਪਸੰਦ ਨਹੀਂ ਸਗੋਂ ਸ਼ਾਂਤੀ ਦਾ ਅਲੰਬਰਦਾਰ ਹੈ ਤੇ ਰਹੇਗਾ। ਸ੍ਰੀ ਸਤਿਗੁਰੂ ਜੀ ਵਿਸ਼ਵ ਅਮਨ ਲਹਿਰ ਵਿਚ ਸਰਗਰਮ ਹਿੱਸਾ ਲੈਂਦੇ ਰਹੇ ਹਨ। ਉਹ ਜਾਣਦੇ ਹਨ ਕਿ ਅਮਨ ਲਈ ਯਤਨ ਕੇਵਲ ਰਾਜਨੀਤਕ ਆਗੂਆਂ ਅਤੇ ਰਾਜ ਪ੍ਰਮੁੱਖਾਂ ਦਾ ਹੀ ਕੰਮ ਨਹੀਂ ਧਾਰਮਿਕ ਵਿਅਕਤੀ ਇਸ ਵਿਚ ਮਹੱਤਵਪੂਰਨ ਹਿੱਸਾ ਪਾ ਸਕਦੇ ਹਨ। ਉਹ ਆਪਣੀ ਅਧਿਆਤਮਿਕ ਸਾਧਨਾ ਨਾਲ ਮਨੁੱਖੀ ਮਨ ਨੂੰ ਪ੍ਰਭਾਵਿਤ ਕਰ ਸਕਦੇ ਹਨ। ਅਗਸਤ 2000 ਵਿਚ ਵਿਸ਼ਵ ਦੇ ਧਾਰਮਿਕ ਅਤੇ ਅਧਿਆਤਮਿਕ ਰਹਿਨੁਮਾਵਾਂ ਦਾ ਦਹਿਸਦੀ ਵਿਸ਼ਵ ਅਮਨ ਸਿਖਰ ਸੰਮੇਲਨ ਯੂ. ਐਨ. ਓ. ਦੇ ਅਸੈਂਬਲੀ ਹਾਲ ਵਿਚ, ਨਿਊਯਾਰਕ (ਅਮਰੀਕਾ) ਵਿਚ ਹੋਇਆ। ਆਪ ਜੀ ਦੀ ਛਤਰ ਛਾਇਆ ਹੇਠ ਉਸ ਵਿਚ ਨਾਮਧਾਰੀ ਸਿੱਖਾਂ ਨੇ ਵੀ ਸਰਗਰਮ ਹਿੱਸਾ ਲਿਆ। ਆਉਣ ਵਾਲਾ, ਅਮਨ ਸਿਖਰ ਸੰਮੇਲਨ ਸ੍ਰੀ ਸਤਿਗੁਰੂ ਜੀ ਵੱਲੋਂ ਕਰਵਾਏ ਜਾਣ ਦਾ ਐਲਾਨ ਕੀਤਾ ਗਿਆ। ਨਾਮਧਾਰੀ ਲਹਿਰ ਵੱਲੋਂ ਇੱਕੀਵੀਂ ਸਦੀ ਵਿਚ ਐਸੀਆਂ ਸਰਗਰਮੀਆਂ ਜਾਰੀ ਰੱਖੀਆਂ ਜਾਣਗੀਆਂ।

Sri Satguru Jagjit Singh Ji Elibrary NamdhariElibrary@gmail com

ਵਿਸ਼ਵ ਅਮਨ, ਭਾਈਚਾਰਕ ਏਕਤਾ, ਪਰਿਵਾਰਕ ਮੇਲ ਜੋਲ, ਸਮਾਜਕ ਸਾਂਝ, ਸ਼ਾਕਾਹਾਰ ਅਤੇ ਸਦਾਚਾਰਕ ਮੁੱਲਾਂ ਨੂੰ ਪੱਲੇ ਬੰਨਣ ਵਾਲਾ ਇੱਕੀਵੀਂ ਸਦੀ ਦਾ ਨਾਮਧਾਰੀ ਸਿੱਖ ਸਰਬੱਤ ਦੇ ਭਲੇ ਨੂੰ ਅਮਲੀ ਰੂਪ ਦੇਣ ਵਾਲਾ ਮਨੁੱਖ ਹੋਵੇਗਾ। ਉਹ ਦੂਜੇ ਨੂੰ ਜਿਉਂਦਾ ਜਾਗਦਾ, ਵਿਕਾਸ ਕਰਦਾ ਵੇਖ ਕੇ ਖਿੜਿਆ ਨਜ਼ਰ ਆਏਗਾ। ਇਸ ਨਾਲ ਉਹ ਸੰਸਾਰ ਨੂੰ ਖੁਸ਼ੀਆਂ ਨਾਲ ਭਰ ਰਿਹਾ ਹੋਵੇਗਾ।

ਮਨੁੱਖ ਦੀਆਂ ਸਕਾਰਾਤਮਕ ਬਿਰਤੀਆਂ ਪ੍ਰਸੰਨਤਾ ਵਧਾਉਂਦੀਆਂ ਹਨ ਤੇ ਨਕਾਰਾਤਮਕ ਬਿਰਤੀਆਂ ਇਸ ਨੂੰ ਘਟਾਉਂਦੀਆਂ ਹਨ। ਨਕਾਰਾਤਮਕ ਬਿਰਤੀਆਂ ਮਨੁੱਖ ਅੰਦਰ ਈਰਖਾ ਦਵੈਤ, ਵੈਰ, ਵਿਰੋਧ ਭਰਦੀਆਂ ਹਨ। ਉਹ ਉਸ ਨੂੰ ਗੁਸੈਲ ਬਣਾਉਂਦੀਆਂ ਹਨ। ਮਨੁੱਖ ਕੁਚਲ, ਕਠੋਰ, ਕਪਟੀ ਤੇ ਕਾਮੀ ਬਣ ਜਾਂਦਾ ਹੈ। ਉਹ ਲੋਭੀ ਤੇ ਹੰਕਾਰੀ ਬਣ ਜਾਂਦਾ ਹੈ। ਉਸ ਦਾ ਮੋਹ ਪਿਆਰ ਸੀਮਿਤ ਹੁੰਦਾ ਹੈ। ਸਵਾਰਥ ਦੇ ਵਲਗਣ ਵਿਚ ਵਲਿਆ, ਐਸਾ ਮਨੁੱਖ, ਮਾਯੂਸ, ਉਪਰਾਮ, ਖਿਝ ਕਾਰਨ ਢਹਿੰਦੀ ਕਲਾ ਵੱਲ ਜਾ ਰਿਹਾ ਹੁੰਦਾ ਹੈ। ਉਹ ਨਸ਼ੇ-ਪਤੇ, ਚੋਰੀ ਚਕਾਰੀ, ਖ਼ੂਨ ਖ਼ਰਾਬੇ ਵੱਲ ਤੇ ਦੂਜੇ ਦਾ ਹੱਕ ਮਾਰਨ ਵੱਲ ਵਧਦਾ ਹੈ। ਕਈ ਵਾਰ ਉਹ ਐਨਾ ਢਹਿੰਦੀ ਕਲਾ ਵਿਚ ਜਾ ਚੁੱਕਾ ਹੁੰਦਾ ਹੈ ਕਿ ਉਹ ਦੂਸਰੇ ਨੂੰ ਕਤਲ ਕਰਨਾ ਤਾਂ ਕੀ ਆਤਮਹੱਤਿਆ ਕਰਨੋਂ ਵੀ ਗੁਰੇਜ਼ ਨਹੀਂ ਕਰਦਾ। ਉਹ ਆਪਣੇ ਤੇ ਆਪਣੇ ਹਮਸਾਇਆਂ ਨੂੰ ਕਿਸੇ ਵੱਡੇ ਸੰਕਟ ਵਿਚ ਪਾ ਦੇਂਦਾ ਹੈ। ਪਰ ਇੱਕੀਵੀਂ ਸਦੀ ਦਾ ਨਾਮਧਾਰੀ ਪਹਿਲਾਂ ਵਾਂਗ ਸਕਾਰਾਤਮਿਕ ਰੁਚੀਆਂ ਦਾ ਧਾਰਨੀ ਰਹੇਗਾ। ਉਹ ਸਤ-ਧਰਮ, ਸਰਬੱਤ ਦੇ ਭਲੇ, ਸਬਰ ਸ਼ੁਕਰ ਦਾ ਪੱਲਾ ਫੜੀ ਰੱਖੇਗਾ। ਉਹ ਸਹਿਜ, ਸਰਲ, ਸ਼ਾਂਤ, ਸੁਖਦਾਇਕ ਜੀਵਨ ਬਤੀਤ ਕਰੇਗਾ। ਇਸ ਦਾ ਕਾਰਨ ਹੈ ਉਸ ਨੂੰ ਸਤਿਗੁਰੂ ਦਾ ਦਿੱਤਾ ਨਾਮ ਤੇ ਉਸ ਦਾ ਸਿਮਰਨ। ਉਂਜ ਪੱਛਮੀ ਤੇ ਪੂਰਬੀ ਧਰਮਾਂ ਵਿਚ ਨਾਮਸਿਮਰਨ ਕਰਨ ਦਾ ਮਹੱਤਵ ਹੈ। ਸਿੱਖ ਧਰਮ ਗ੍ਰੰਥ ਵਿਚ ਤਾਂ ਸਤਿਗੁਰੂ ਦੀ ਸ਼ਰਨ ਆਉਣ ਅਤੇ ਨਾਮ ਜਪਣ ਦੀ ਵਾਰ ਵਾਰ ਤਾਕੀਦ ਕੀਤੀ ਗਈ ਹੈ ਅਤੇ ਨਾਮਧਾਰੀ ਲਹਿਰ ਦਾ ਪੈਰੋਕਾਰ, ਸਤਿਗੁਰੂ ਦੀ ਰਹਿਨੁਮਾਈ ਕਰਕੇ ਭਜਨ ਬੰਦਗੀ ਦਾ ਲਾਹਾ ਲੈਂਦਾ ਰਹੇਗਾ।

ਇੱਕੀਵੀਂ ਸਦੀ ਵਿਚ ਨਾਮਧਾਰੀ ਸਿੱਖ ਵੱਧ ਅਮੀਰ ਹੋਵੇਗਾ। ਪਰ ਉਸਦੀ ਅਮੀਰੀ ਕੇਵਲ ਆਰਥਿਕ ਪੱਖੋਂ ਨਹੀਂ ਹੋਵੇਗੀ, ਉਸ ਦੀ ਪ੍ਰੰਪਰਕ ਵਿਰਸੇ ਤੇ ਸਭਿਆਚਾਰਕ ਤੇ ਸਦਾਚਾਰਕ ਗੁਣਾਂ ਦੀ ਵੀ ਅਮੀਰੀ ਹੋਵੇਗੀ ਅਤੇ ਵੱਡੀ ਅਮੀਰੀ ਹੋਵੇਗੀ ਰੂਹਾਨੀਅਤ ਦੀ, ਭਜਨ ਬੰਦਗੀ ਦੀ, ਸੇਵਾ ਦੀ। ਇਸ ਦੀ ਮਿਸਾਲ ਹੈ ਕਿ ਨਾਮਧਾਰੀ ਸਿੱਖ ਪੈਸੇ ਨੂੰ ਆਪਣੇ ਐਸ਼ੋ ਅਰਾਮ ਤੇ ਸਵਾਰਥ ਲਈ ਨਹੀਂ ਵਰਤਦਾ, ਉਹ ਧਾਰਮਕ ਕਾਰਜਾਂ ਤੇ ਸੇਵਾ ਸਹਾਇਤਾ ਲਈ ਵਰਤਦਾ ਹੈ, ਇਕ ਇਕ ਸਿੱਖ ਸਾਰੇ ਸਾਲ ਦਾ ਸ੍ਰੀ ਭੈਣੀ ਸਾਹਿਬ ਦਾ ਖ਼ਰਚ ਕਰਨ ਦੀ ਸੇਵਾ ਲੈਣ ਵਿਚ ਆਪਣਾ ਸੁਭਾਗ ਸਮਝਦਾ ਹੈ। ਇਸ

Sri Satguru Jagjit Singh Ji Elibrary NamdhariElibrary@gmail.com

ਵਿਚ ਦੋ ਵੱਡੇ ਮੇਲੇ ਅੱਸੂ ਦਾ ਮੇਲਾ ਅਤੇ ਹੋਲਾ ਮਹੱਲਾ ਵੀ ਹੁੰਦੇ ਹਨ। 50-60 ਲੱਖ ਹੋਣਾ ਕੋਈ ਵੱਡੀ ਗੱਲ ਨਹੀਂ। ਉਹ ਹੋਰ ਥਾਈਂ ਵੀ ਦਾਨ ਦੇਂਦਾ ਹੈ। ਇੱਕੀਵੀਂ ਸਦੀ ਵਿਚ ਐਸੇ ਸਮਰਥਾਵਾਨ ਵਿਅਕਤੀ ਹੋਰ ਵਧਣਗੇ।

ਇੰਜ ਨਾਮਧਾਰੀ ਲਹਿਰ ਦੇ ਇੱਕੀਵੀਂ ਸਦੀ ਦੇ ਰੁਝਾਨ ਨੂੰ ਵਿਚਾਰਿਆਂ ਇਹ ਸਾਫ਼ ਨਜ਼ਰ ਆਉਂਦਾ ਹੈ ਕਿ ਇਸ ਸਮੇਂ ਵਿਚ ਇਸ ਰਾਹੀਂ ਅਪਣਾਈਆਂ ਕਦਰਾਂ ਕੀਮਤਾਂ, ਉਹਨਾਂ ਉਤੇ ਅਮਲ, ਇਸ ਦੇ ਅਮੀਰ ਵਿਰਸੇ ਨੂੰ ਸੰਭਾਲਣ ਅਤੇ ਸਰਬੱਤ ਦੇ ਭਲੇ ਲਈ ਉਸਦੀ ਵਰਤੋਂ ਲਈ ਸਹਾਈ ਹੋਣਗੀਆਂ। ਇਹ ਵਿਸ਼ਵ ਹਰੀ ਦਾ ਰੂਪ ਨਜ਼ਰ ਆਉਣ ਕਾਰਨ ਪਿਆਰਾ ਪਿਆਰਾ ਲਗਦਾ ਤੇ ਵਧਦਾ ਫੁੱਲਦਾ ਰਹੇਗਾ। ਨਾਮਧਾਰੀ ਲਹਿਰ ਦਾ ਇਸ ਵਿਚ ਆਪਣਾ ਮੁੱਲਵਾਨ ਹਿੱਸਾ ਪਏਗਾ।

Sri Satguru Jagjit Singh Ji Elibrary NamdhariElibrary@gmail.com

# ਇਕੀਵੀਂ ਸਦੀ ਵਿਚ ਨਾਮਧਾਰੀ ਫਲਸਫ਼ੇ ਦਾ ਰੋਲ

**ਸੱਜਦ ਆਸਿਫ਼ ਸ਼ਾਹਕਾਰ**

ਭਾਵੇਂ ਤਾਰੀਖ਼ ਦੇ ਇਲਮ ਵਿਚ ਬੇਸ਼ੁਮਾਰ ਖ਼ਰਾਬੀਆ ਸਨ ਪਰ ਫੇਰ ਵੀ ਇਹ ਇਲਮ ਇਨਸਾਨ ਦੀ ਮਜਬੂਰੀ ਏ ਤੇ ਬੰਦੇ ਦਾ ਏਸ ਬਿਨਾ ਕੰਮ ਨਹੀ ਸਰਦਾ । ਇਨਸਾਨ ਹਾਲ ਘੜੀ ਦੇ ਮਸਲੇ ਜਾਂ ਔਂਭ ਹੱਲ ਕਰਨ ਲਈ ਤੇ ਭਲਕੇ ਲਈ ਮਨਸੂਬਾਬੰਦੀ ਕਰਨ ਲਈ ਤਾਰੀਖ਼ ਤੋਂ ਮਦਦ ਲੈਣ ਤੇ ਮਜਬੂਰ ਏ । ਤਾਰੀਖ਼ ਨੂੰ ਅਸੀਂ ਕਈ ਤਰ੍ਹਾਂ ਨਾਲ ਬਿਆਨ ਕਰ ਸਕਦੇ ਆਂ। ਇਹਦਾ ਇਕ ਨਾਂ ਜ਼ੰਜੀਰ ਜਾਂ ਸੰਗਲ ਵੇ ਏਸ ਦੀ ਹਰ ਕੜੀ ਜਾਂ ਘੜੀ ਇਨਸਾਨ ਦੀ ਨਿਵੇਕਲੀ (Individual) ਜਾਂ ਸਾਂਝੀ (Collective) ਹੱਡਵਰਤੀ experience ਦੇ ਨਤੀਜੇ ਦਾ ਰਿਕਾਰਡ ਏ। ਭਾਵੇਂ ਬੰਦੇ ਨੇ ਇਹ ਨਤੀਜੇ ਆਪਣੇ ਮਸਲਿਆਂ ਦੇ ਹੱਲ ਕੱਢਣ ਦੀ ਮਜਬੂਰੀ ਦੇ ਤਹਿਤ ਕੱਢੇ ਪਰ ਇਹ ਨਤੀਜੇ ਅਗਲੀਆਂ ਨਸਲਾਂ ਦੇ ਕੰਮ ਵੀ ਆਏ ਤੋਂ ਜਦ ਬੰਦੇ ਨੂੰ ਇਹਨਾਂ ਮਸਲਿਆਂ ਦਾ ਸਾਹਮਣਾ ਕਰਨਾ ਪਿਆ ਤੇ ਉਹਨੂੰ ਨਵੇਂ ਸਿਰੇ ਤੋਂ ਸਾਰੇ ਅਮਲ 'ਚੋਂ ਲੰਘਣ ਦੀ ਲੋੜ ਨਾ ਪਈ ਸਗੋਂ ਉਹਨੇ ਆਪਣੇ ਪਿਓ-ਦਾਦੇ ਦੇ ਕੱਢੇ ਹੋਏ ਹੱਲ ਨੂੰ ਏਸ ਮਸਲੇ ਦੇ ਹੱਲ ਲਈ ਵਰਤ ਲਿਆ। ਜੇਕਰ ਅਸੀਂ ਇਨਸਾਨ ਦੀ ਜ਼ਿੰਦਗੀ 'ਚੋਂ ਧਰਮੀ ਹਿੱਸੇ ਨੂੰ ਕੁਝ ਚਿਰ ਲਈ ਵੱਖ ਕਰਕੇ ਰੱਖ ਲਈਏ ਤੇ ਇਨਸਾਨ ਦੀ ਜ਼ਿੰਦਗੀ ਦਾ ਮਕ਼ਸਦ ਵੇਖੀਏ ਤੇ ਸਾਨੂੰ ਇਨਸਾਨ ਦੋ ਕੰਮ ਕਰਦਾ ਨਜ਼ਰ ਆਉਂਦਾ ਏ:

1. ਆਪਣੇ ਰੋਜ਼ ਦੇ ਮਸਲਿਆਂ ਨੂੰ ਹੱਲ ਕਰਨ ਲਈ ਜੰਗ ਕਰਦਾ ਏ । ਉਹਦੀ ਇਹ ਜੰਗ ਕਦੇ ਤੇ ਨਿਵੇਕਲੀ ਹੁੰਦੀ ਏ ਤੇ ਕਦੀ ਸਾਂਝੀ ।
2. ਆਪਣੇ ਵਾਧੇ ਲਈ ਜੰਗ। ਇਹ ਜੰਗ ਵੀ ਉਹਨੇ ਨਿਵੇਕਲੀ ਤੇ ਸਾਂਝੀ ਬੁਨਿਆਦ ਤੇ ਕੀਤੀ। ਜੰਗ ਦੇ ਏਸ ਹਿੱਸੇ ਨੂੰ ਇਨਸਾਨੀ ਤਹਿਜ਼ੀਬ ਜਾਂ ਰਹਿਤਲ Civilization ਦੀ ਤਾਰੀਖ਼ ਵੀ ਆਖਦੇ ਨੇ

ਕਈ ਵਾਰ ਮੈਨੂੰ ਤਾਰੀਖ਼ ਦਾ ਇਹ ਰੂਪ ਇਕ ਕਾਫ਼ਲੇ ਵਾਂਗੂੰ ਲਗਦਾ ਏ। ਇਹਦੇ ਵਿਚ ਕੁਝ ਇਨਸਾਨ ਤੇ ਕ਼ੌਮਾਂ ਅਗਾਂਹ ਅਗਾਂਹ ਅਗਲੀਆਂ ਸਫ਼ਾਂ ਵਿਚ ਹੁੰਦੀਆਂ ਹਨ ਤੇ ਬਹੁਤੇ ਬੰਦੇ ਉਹਨਾਂ ਤੋਂ ਕੁਝ ਪਿੱਛੇ ਉਹਨਾਂ ਦੇ ਮਗਰ ਟੁਰੇ ਆਉਂਦੇ ਹਨ । ਇਹੋ ਹਾਲ ਅੱਜ ਦਾ ਏ । ਇਨਸਾਨ ਦੇ ਮੁੱਢਲੇ ਮਸਲਿਆਂ ਜਾਂ ਵਖ਼ਤਾਂ ਦੇ ਹੱਲ ਕੱਢਣ ਤੇ ਇਨਸਾਨੀ ਤਹਿਜ਼ੀਬ ਜਾਂ ਰਹਿਤਲ ਦੀ ਤਰੱਕੀ ਜਾਂ ਵਾਧੇ ਦੀ ਜੰਗ ਵਿਚ ਕੁਝ ਫ਼ਰਦ ਤੇ ਕ਼ੌਮਾਂ ਅਗਾਂਹ ਹਨ ਤੇ ਕੁਝ ਫ਼ਰਦ ਤੇ ਕ਼ੌਮਾਂ

Sri Satguru Jagjit Singh Ji Elibrary NamdhariElibrary@gmail.com

ਉਹਨਾਂ ਤੋਂ ਬਹੁਤ ਪਿੱਛੇ ਉਹਨਾ ਦੇ ਮਗਰ ਲੱਗ ਕੇ ਆਉਣ ਤੇ ਮਜਬੂਰ ਹਨ । ਏਸ ਕਾਫ਼ਲੇ ਵਿਚ ਕਿਹੜਾ ਫ਼ਰਦ ਤੇ ਕਿਹੜੀ ਕੌਮ ਕਿਹੜੀ ਮੰਜ਼ਿਲ ਤੇ ਏ, ਏਸ ਗੱਲ ਦਾ ਪਤਾ ਲਗਾਉਣਾ ਕਿਸੇ ਡੂੰਘੇ ਰਾਜ਼ ਤੋਂ ਪਰਦਾ ਹਟਾਉਣ ਬਰਾਬਰ ਨਈਂ ਏ, ਸਗੋਂ ਏਸ ਗੱਲ ਦਾ ਚਾਨਣ ਹਰ ਸੁਰਤ ਵਾਲੇ ਬੰਦੇ ਨੂੰ ਏ । ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਅੱਜ ਅਸੀ ਕਿਹੜੀ ਥਾਂ ਤੇ ਖਲੋਤੇ ਆਂ ਤੇ ਕਿਉਂ ਖਲੋਤੇ ਆਂ ।

ਏਸ ਗੱਲ ਦਾ ਜਵਾਬ ਲੱਭਣ ਲਈ ਸਾਨੂੰ ਏਸ ਗੱਲ ਦਾ ਵੇਰਵਾ ਕਰਨਾ ਪਵੇਗਾ ਕਿ ਏਸ ਕਾਫ਼ਲੇ ਦੇ ਆਗੂ ਕੌਣ ਸਨ ਤੇ ਇਹ ਆਗੂ ਕਿਵੇਂ ਬਣੇ? ਜਦ ਅਸੀ ਇਹਨਾਂ ਦੇ ਆਗੂ ਬਨਣ ਦੀ ਵਜ੍ਹਾ ਲੱਭਾਂਗੇ ਤੇ ਕੁਝ ਇਹ ਵੀ ਆਖਣਗੇ ਕਿ ਇਹਨਾ ਦੇ ਆਗੂ ਬਨਣ ਵਿਚ ਇਹਨਾਂ ਦੀ ਲੁੱਟਸ਼ਮਾਰ ਦਾ ਵੱਡਾ ਹਿੱਸਾ ਏ। ਇਹ ਗੱਲ ਵੀ ਆਪਣੀ ਥਾ ਏ ਤੇ ਇਹ ਪੱਕੀ ਪੀਡੀ ਸੱਚਾਈ ਏ ਪਰ ਕੀ ਏਸ ਤੋਂ ਵੱਖ ਕੋਈ ਹੋਰ ਵੀ ਗੱਲ ਸੀ ਜਿਨ੍ਹੇ ਉਹਨਾ ਨੂੰ ਆਗੂ ਬਣਾਇਆ। ਏਸ ਗੱਲ ਦਾ ਇਕ ਜਵਾਬ ਤੇ ਇਹ ਹੈ ਕਿ ਅਸੀ ਇਹ ਵੇਖੀਏ ਕਿ ਇਹ ਆਗੂ ਕੌਮਾਂ ਅੱਜ ਕੀ ਕਰ ਰਹੀਆਂ ਹਨ ਤੇ ਇਹਨਾਂ ਦਾ ਜ਼ੋਰ ਕਿਸ ਗੱਲ ਤੇ ਏ। ਅੱਜ ਏਸ ਗੱਲ ਦਾ ਕਿਸੇ ਨੂੰ ਕੋਈ ਭੁਲੇਖਾ ਨਈਂ ਏ ਕਿ ਅੱਜ ਵੀ ਦੁਨੀਆਂ ਦੇ ਆਗੂ ਪੱਛਮ ਤੇ ਜਾਪਾਨ ਹਨ। ਇਹ ਸਮਾਜ 'ਮਾਰਕੀਟ ਦੇ ਸਮਾਜ' ਕਹਾਉਂਦੇ ਹਨ । ਭਾਵੇਂ ਏਥੇ ਮਾਰਕੀਟ ਦਾ ਰਾਜ ਏ ਪਰ ਇਹਨਾ ਸਮਾਜਾਂ ਦਾ ਸਭ ਤੋਂ ਵੱਧ ਜ਼ੋਰ ਦੋ ਗੱਲਾਂ ਤੇ ਲੱਗ ਰਿਹਾ ਏ । ਇਹਨਾਂ ਵਿਚੋਂ ਇਕ ਤਾਲੀਮ ਜਾਂ ਪੜ੍ਹਾਈ ਤੇ ਦੂਜਾ ਅਮਨ ਜਾਂ ਸ਼ਾਂਤੀ ਏ । ਤਾਲੀਮ ਜਾਂ ਜਾਣਕਾਰੀ ਦੀ ਹੱਦੋਂ ਵੱਧ ਅਹਿਮੀਅਤ ਪਾਰੋਂ ਇਹਨਾਂ ਸਮਾਜਾਂ ਨੂੰ ਜਾਣਕਾਰੀ ਦਾ ਸਮਾਜ ਵੀ ਆਖਿਆ ਜਾਂਦਾ ਏ। ਜਾਣਕਾਰੀ, ਉਹ ਇੰਜਣ ਏ ਜੋ ਇਹਨਾਂ ਸਮਾਜਾਂ ਦੀ ਗੱਡੀ ਨੂੰ ਖਿੱਚ ਰਿਹਾ ਏ ।

ਜਾਣਕਾਰੀ ਮਗਰੋਂ ਦੂਜਾ ਸਭ ਤੋਂ ਵੱਧ ਜ਼ਰੂਰੀ ਹਿੱਸਾ ਅਮਨ ਤੇ ਸ਼ਾਂਤੀ ਏ। ਮੈਂ ਜਿਵੇਂ ਪਹਿਲੇ ਆਖਿਆ ਏ ਇਹਨਾਂ ਸਮਾਜਾਂ ਤੇ ਮਾਰਕੀਟ ਜਾਂ ਵਪਾਰ ਦਾ ਰਾਜ ਏ ਤੇ ਏਸ ਰਾਜ ਨੂੰ ਚਲਾਉਣ ਵਾਲੇ ਏਸ ਨਤੀਜੇ ਤੇ ਪਹੁੰਚੇ ਹਨ ਕਿ ਵਪਾਰ ਲਈ ਜੰਗ ਨਹੀ ਸਗੋ ਅਮਨ ਚੰਗਾ ਏ ਤੇ ਇਹੋ ਹੀ ਅੱਜ ਦੀ ਏਸ ਦੁਨੀਆਂ ਦਾ ਨਾਅਰਾ ਏ । ਏਸ ਨਤੀਜੇ ਤੇ ਇਹ ਸਮਾਜ ਇਕ ਦਿਨ ਵਿਚ ਨਹੀ ਪਹੁੰਚੇ ਸਗੋਂ ਇਹਨਾਂ ਕਈ ਵਾਰ ਜੰਗਾਂ ਰਾਹੀ ਆਪਣੇ ਆਪ ਨੂੰ ਤਬਾਹ ਤੇ ਬਰਬਾਦ ਕੀਤਾ ਪਰ ਅੱਜ ਇਹ ਸਮਾਜ ਏਸ ਸੋਚ ਤੇ ਲੀਕ ਮਾਰ ਕੇ ਤੇ ਸਾਰੀਆਂ ਪੁਰਾਣੀਆਂ ਦੁਸ਼ਮਣੀਆਂ ਤੇ ਲੜਾਈਆਂ ਨੂੰ ਭੁੱਲ ਕੇ ਅਮਨ ਭਾਈਚਾਰੇ ਤੇ ਸਾਂਝ ਦੀ ਰਾਹ ਤੇ ਤੁਰ ਪਏ ਹਨ । ਇਹ ਅੱਜ ਹਰ ਉਸ ਸੋਚ ਅਸੂਲ ਤੇ ਕਾਨੂੰਨ ਨੂੰ ਬਦਲ ਰਹੇ ਹਨ ਜੋ ਏਸ ਅਮਨ ਤੇ ਭਾਈਚਾਰੇ ਦੀ ਰਾਹ ਵਿਚ ਰੋੜਾ ਬਣਦਾ ਏ।

ਹੁਣ ਜਦ ਸਾਨੂੰ ਏਸ ਗੱਲ ਦਾ ਪਤਾ ਲੱਗ ਗਿਆ ਏ ਕਿ ਅੱਜ ਇਨਸਾਨੀ ਤਹਿਜ਼ੀਬ ਜਾਂ ਰਹਿਤਲ (Civilization) ਦੇ ਕਾਫ਼ਲੇ ਦੇ ਆਗੂ ਕੌਣ

Sri Satguru Jagjit Singh Ji Elibrary NamdhariElibrary@gmail.com

ਹਨ ਤੇ ਉਹਨਾਂ ਦੇ ਆਗੂ ਬਨਣ ਦੀ ਵਜ੍ਹਾ ਕੀ ਏ ਤੇ ਹੁਣ ਅਗਲਾ ਸਵਾਲ ਇਹ ਹੈ ਕਿ ਅਸੀ ਏਸ ਕਾਫ਼ਲੇ ਵਿਚ ਕਿੱਥੇ ਖੜੇ ਆਂ। ਹੁਣ ਭਾਵੇਂ ਸਾਡੇ ਸਿਆਸਤਦਾਨ ਜੋ ਵੀ ਆਖਣ ਸਾਨੂੰ ਏਸ ਗੱਲ ਦਾ ਨਿਤਾਰਾ ਕਰਨ ਲਈ ਅੱਜ ਦੇ ਚਾਲੂ ਤੋਲ ਮੇਰਿਆਂ ਨੂੰ ਵਰਤਣਾ ਪਵੇਗਾ ਤੇ ਇਹ ਹਨ ਹਿੰਦਸੇ ਤੇ ਗਿਣਤੀ (statistics) । ਜਦ ਵੀ ਅਸੀ ਪੱਛਮ ਤੇ ਜਾਪਾਨ ਹਿੰਦਸਿਆਂ ਸਾਹਮਣੇ ਆਪਣੇ ਹਿੰਦਸੇ ਰੱਖਦੇ ਆਂ ਤੇ ਸਾਨੂੰ ਸਾਫ਼ ਸਿੱਧਾ ਨਜ਼ਰ ਆਉਂਦਾ ਏ ਕਿ ਅਸੀ ਕਿੱਥੇ ਖਲੋਤੇ ਆ । ਹੁਣ ਸਵਾਲ ਇਹ ਪੈਦਾ ਹੁੰਦਾ ਏ ਕਿ ਕੀ ਅਸੀ ਏਸ ਥਾਂ ਨੂੰ ਆਪਣਾ ਮੁਕੱਦਰ ਸਮਝ ਕੇ ਸਬਰ ਸ਼ੁਕਰ ਕਰਕੇ ਜਿਵੇਂ ਵੀ ਹਯਾਤੀ ਗੁਜ਼ਰੇ ਉਹਨੂੰ ਗੁਜ਼ਾਰ ਕੇ ਅਗਾਂਹ ਹੋਣਾ ਏ ? ਜਾਂ ਅਸੀ ਇਹਨਾਂ ਹਾਲਾਤ ਨੂੰ ਆਪਣੇ ਲਈ ਤੇ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਬਦਲਣਾ ਏ ?

ਸਾਡੇ ਬਹੁਤ ਸਾਰੇ ਗੁਆਂਢੀਆਂ ਵੀ ਏਸ ਸਵਾਲ ਤੇ ਗਹੁ ਕੀਤਾ ਏ ਤੇ ਉਹਨਾਂ ਏਸ ਥਾਂ ਨੂੰ ਮੁਕੱਦਰ ਸਮਝਣ ਦੀ ਥਾਂ ਏਸ ਨੂੰ ਬਦਲਣ ਦਾ ਫ਼ੈਸਲਾ ਕੀਤਾ ਏ । ਇਹਦੇ ਵਿਚ ਕੋਰੀਆਂ, ਸਿੰਘਾਪੁਰ, ਥਾਈਲੈਂਡ ਤੇ ਕਈ ਹੋਰ ਦੇਸ਼ ਵੀ ਸ਼ਾਮਿਲ ਹਨ ਤੇ ਉਹਨਾਂ ਅੱਜ ਦੀ ਆਗੂ ਕੌਮਾਂ ਦੇ ਕੱਢੇ ਹੋਏ ਨਤੀਜਿਆਂ ਨੂੰ ਮਿਸਾਲ ਬਣਾ ਕੇ ਆਪਣੀ ਕੌਮ ਦੀ ਤਰੱਕੀ ਦੇ ਵਾਧੇ ਲਈ ਜੰਗ ਸ਼ੁਰੂ ਕੀਤੀ ਏ।

ਜੇਕਰ ਅਸੀ ਆਪਣੇ ਆਪ ਨੂੰ ਕੌਮਪ੍ਰਸਤ ਤੇ ਇਨਸਾਨੀ ਦੋਸਤ ਆਖਦੇ ਆਂ ਤਾਂ ਤੇ ਸਾਨੂੰ ਇਕ ਨਾ ਇਕ ਦਿਨ ਆਪਣੇ ਸਮਾਜ ਦੀਆਂ ਜੱਦੀ-ਪੁਸ਼ਤੀ ਬੀਮਾਰੀਆਂ, ਭੁੱਖ ਅਨਪੜ੍ਹਤਾ, ਕੁਰੱਪਸ਼ਨ, ਜੁਰਮ ਤੇ ਨਾ-ਇਨਸਾਫ਼ੀ ਤੋਂ ਜਾਨ ਛੁਡਾਉਣ ਲਈ ਅੱਜ ਦੀਆਂ ਆਗੂ ਕੌਮਾਂ ਦੀ ਰਾਹ ਤੇ ਤੁਰਨਾ ਪਵੇਗਾ ।

ਹੁਣ ਏਸ ਰਾਹ ਤੇ ਤੁਰਨ ਦੀ ਗੱਲ ਕੌਣ ਕਰੇ । ਜਦ ਅਸੀ ਆਪਣੇ ਸਿਆਸਤਦਾਨਾਂ ਵੱਲ ਵੇਖਦੇ ਆਂ ਤੇ ਸਾਨੂੰ ਉਹ ਹੋਰ ਰਾਹ ਵਿਖਾਉਂਦੇ ਨਜ਼ਰ ਆਉਂਦੇ ਨੇ । ਇਹਨਾਂ ਵਿਚੋਂ ਸਭ ਤੋਂ ਖ਼ਤਰਨਾਕ ਇਨਸਾਨ ਦੁਸ਼ਮਣ ਤੇ ਸਮਾਜ ਦੁਸ਼ਮਣ ਰਾਹ ਜੰਗ ਦੀ ਏ । ਜੰਗ ਉਹ ਬੀਮਾਰੀ ਏ ਜਿਨ੍ਹੇ ਨਾ ਤੇ ਪੱਛਮ ਨੂੰ ਕੁਝ ਦਿੱਤਾ ਏ ਤੇ ਨਾ ਈ ਅੱਜ ਤੱਕ ਸਾਨੂੰ ਕੁਝ ਲੱਭਾ ਏ । ਜਦ ਅਜਿਹੀ ਸੂਰਤ ਬਣਦੀ ਏ ਕਿ ਕਿਸੇ ਕੌਮ ਦੇ ਆਗੂ ਜਾਂ ਸਿਆਸਤਦਾਨ ਏਸ ਕੌਮ ਜਾਂ ਸਮਾਜ ਨੂੰ ਸਿੱਧੀ ਰਾਹ ਵਿਖਾਉਣ ਤੋਂ ਇਨਕਾਰੀ ਹੋ ਜਾਂਦੇ ਹਨ ਤੇ ਓਸ ਵੇਲੇ ਅਜਿਹੇ ਧਰਮੀ ਗੁਰੂਆਂ ਜਾਂ ਸੰਗਤਾਂ ਜੋ ਅਮਨ ਤੇ ਭਾਈਚਾਰੇ ਦੀ ਗੱਲ ਕਰਦੀਆਂ ਹਨ ਉਹਨਾਂ ਵਿਚੋਂ ਨਾਮਧਾਰੀ ਸੰਗਤ ਇਕ ਏ । ਨਾਮਧਾਰੀ ਸੰਗਤ ਜਦ ਅਮਨ ਤੇ ਭਾਈਚਾਰੇ ਦੀ ਗੱਲ ਕਰਦੀ ਏ ਤੇ ਓਸ ਦੀ ਗੱਲ ਵਿਚ ਵਜ਼ਨ ਵੀ ਹੁੰਦਾ ਏ ਕਿਉਂਜੇ ਇਕ ਪਾਸੇ ਨਾਮਧਾਰੀ ਸੰਗਤ ਦਾ ਮੁੱਢ, ਬੁਨਿਆਦ ਪੰਜਾਬ ਏ । ਪੰਜਾਬ ਦਾ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਇਕ ਖ਼ਾਸ ਰੋਲ ਜਾਂ ਕਿਰਦਾਰ ਏ। ਨਾਮਧਾਰੀ ਸੰਗਤ ਦੀ ਦੂਜੀ ਖ਼ੂਬੀ ਆਪਣੇ ਧਰਮ ਨਾਲ ਵਫ਼ਾਦਾਰੀ (loyaliity) ਦਾ ਜ਼ੋਰ ਏ । ਏਸ ਤੋਂ ਵੱਖ ਨਾਮਧਾਰੀ ਸੰਗਤ ਵਿਚ ਇਕ ਡੀਸਿਪਲਨ ਜਾਂ ਨਿਜ਼ਾਮ-ਜ਼ਬਤ ਵੀ ਏ । ਜਦ ਮੈਂ

ਪੰਜਾਬ ਦੀ ਗੱਲ ਕਰਦਾ ਹਾਂ ਤੇ ਉਹਦੀ ਇਕ ਵਜ੍ਹਾ ਇਹ ਹੈ ਕਿ ਪੰਜਾਬ, ਹਿੰਦੁਸਤਾਨ ਤੇ ਪਾਕਿਸਤਾਨ ਦਾ ਉਹ ਹਿੱਸਾ ਏ ਜੋ ਦੋਹਾਂ ਮੁਲਕਾਂ ਵਿਚ ਸਭ ਤੋਂ ਵੱਧ ਅਹਿਮ ਏ ਤੇ ਇਹੋ ਉਹ ਹਿੱਸਾ ਏ ਜਿਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਿਆ ਏ ਤੇ ਏਸ ਅਮਨ ਭਾਈਚਾਰੇ ਤੇ ਏਕਤਾ ਦੇ ਕੰਮ ਦੀ ਸਭ ਤੋਂ ਵੱਧ ਲੋੜ ਵੀ ਪੰਜਾਬ ਨੂੰ ਈ ਏ । ਏਸ ਤੋਂ ਵੱਖ ਜੇਕਰ ਇਹ ਲਹਿਰ ਪੰਜਾਬੀ ਵਿਚ ਤਕੜੀ ਹੋ ਜਾਂਦੀ ਏ ਤੇ ਫੇਰ ਹਿੰਦੁਸਤਾਨ ਤੇ ਖ਼ਾਸ ਤੌਰ ਤੇ ਪਾਕਿਸਤਾਨ ਵਿਚ ਏਸ ਲਹਿਰ ਨੂੰ ਵਧਾਉਣਾ ਸੌਖਾ ਕੰਮ ਹੋਵੇਗਾ ।

ਹੁਣ ਸਵਾਲ ਇਹ ਹੈ ਕਿ ਨਾਮਧਾਰੀ ਫ਼ਲਸਫ਼ੇ ਨੂੰ ਅਗਾਂਹ ਵਧਾਉਣ ਵਾਲੇ ਏਸ ਕੰਮ ਨੂੰ ਕਿਸ ਹੱਦ ਤੱਕ ਆਪਣੀ ਜ਼ਿੰਮੇਵਾਰੀ ਸਮਝਦੇ ਹਨ । ਜਦ ਅਸੀ ਨਾਮਧਾਰੀ ਤਾਰੀਖ਼ ਨੂੰ ਵੇਖਦੇ ਆਂ ਤਾਂ ਸਾਨੂੰ ਨਾਮਧਾਰੀ ਗੁਰੂ ਰਾਮ ਸਿੰਘ ਜੀ ਅਮਨ, ਭਾਈਚਾਰੇ ਤੇ ਇਨਸਾਨੀਅਤ ਦਾ ਝੰਡਾ ਸਭ ਤੋਂ ਉੱਚਾ ਚੁੱਕੀ ਨਜ਼ਰ ਆਉਂਦੇ ਹਨ ।

ਹੁਣ ਜੇ ਅਮਨ ਨੂੰ ਵੇਲੇ ਦੀ ਸਭ ਤੋਂ ਵੱਡੀ ਜ਼ਰੂਰਤ ਮੰਨਦਿਆਂ ਹੋਇਆਂ ਨਾਮਧਾਰੀ ਫ਼ਲਸਫ਼ੇ ਦੇ ਆਗੂ ਏਸ ਉੱਦਮੀ ਕੰਮ ਦਾ ਝੰਡਾ ਚੁੱਕਣ ਦਾ ਫ਼ੈਸਲਾ ਕਰਦੇ ਹਨ ਤਾਂ ਫ਼ੇਰ ਅਗਲਾ ਕ਼ਦਮ ਏਸ ਕੰਮ ਕਰਨ ਦਾ ਮਤਾ ਜਾਂ ਹਿਕਮਤ ਅਮਲੀ (Strategy) ਏ। ਏਸ ਹਿਕਮਤ-ਅਮਲੀ ਦੀਆਂ ਦੋ ਸੂਰਤਾਂ ਹੋ ਸਕਦੀਆਂ ਹਨ :

1 ਖ਼ਾਲਸ ਧਾਰਮਿਕ ਪੱਧਰ ਤੇ ਏਸ ਕੰਮ ਨੂੰ ਅਗਾਂਹ ਵਧਾਉਣਾ ਤੇ ਏਸ ਫ਼ਲਸਫ਼ੇ ਨੂੰ ਫੈਲਾਉਣ ਦਾ ਮਕਸਦ ਨਾਮਧਾਰੀ ਸੰਗਤ ਵਿਚ ਨਵੇਂ ਨਾਮਧਾਰੀਆਂ ਦਾ ਵਾਧਾ ।

2 ਏਸ ਫ਼ਲਸਫ਼ੇ ਰਾਹੀ ਹਿੰਦੁਸਤਾਨ ਤੇ ਪਾਕਿਸਤਾਨ ਦੇ ਕਰੋੜਾਂ ਲੋਕਾਂ ਨੂੰ ਭੁੱਖ, ਅਨਪੜ੍ਹਤਾ ਤੇ ਜੰਗਾਂ ਦੇ ਅਜ਼ਾਬ ਤੋਂ ਨਿਜਾਤ ਜਾਂ ਮੁਕਤੀ ਦਿਵਾਉਣੀ ਤੇ ਏਸ ਖ਼ਿੱਤੇ ਦੇ ਲੋਕਾਂ ਨੂੰ ਦੁਨੀਆਂ ਦੇ ਆਗੂ ਲੋਕਾਂ ਦੀ ਸਫ਼ ਵਿਚ ਖਲਾਰਨਾ ।

ਜਿਵੇਂ ਏਸ ਫ਼ਲਸਫ਼ੇ ਨੂੰ ਹਿੰਦੁਸਤਾਨ ਤੇ ਪਾਕਿਸਤਾਨ ਵਿਚਕਾਰ ਅਮਨ ਤੇ ਭਾਈਚਾਰੇ ਨੂੰ ਪੈਦਾ ਕਰਨ ਲਈ ਵਰਤਣ ਦਾ ਫ਼ੈਸਲਾ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਤੇ ਨਾਮਧਾਰੀ ਸੰਗਤ ਨੇ ਕਰਨਾ ਏ । ਏਸ ਤਰ੍ਹਾਂ ਏਸ ਫ਼ਲਸਫ਼ੇ ਨੂੰ ਅਗਾਂਹ ਫੈਲਾਉਣ ਦੀ ਹਿਕਮਤ ਅਮਲੀ ਪੱਖ (Strategy) ਦਾ ਫ਼ੈਸਲਾ ਵੀ ਉਹਨਾਂ ਈ ਕਰਨਾ ਏ ।

ਅੱਜ ਏਸ ਗੱਲ ਦਾ ਕਿਸੇ ਤੋਂ ਓਹਲਾ ਨਈਂ ਏ ਕਿ ਮੁਕ਼ੱਦਰ ਦੇ ਏਸ ਜ਼ਾਲਮ-ਜ਼ਬਰ ਤੋਂ ਨਿਜਾਤ ਜਾਂ ਮੁਕਤੀ ਹਾਸਲ ਕਰਨ ਲਈ ਤਾਲੀਮ ਤੇ ਅਮਲ ਬਿਨਾਂ ਕੋਈ ਚਾਰਾ ਨਈਂ ਏ। ਜਿਥੋਂ ਤੀਕ ਇਨਸਾਨੀ ਤਾਰੀਖ਼ ਦੇ ਏਡੇ ਵੱਡੇ ਉੱਦਮ ਨੂੰ ਕਰਨ ਦੇ ਫ਼ੈਸਲੇ ਦਾ ਤਅਲਕ਼ ਏ ਏਸ ਦਾ ਫ਼ੈਸਲਾ ਤੇ ਨਾਮਧਾਰੀ ਗੁਰੂ ਰਾਮ

ਸਿੰਘ ਬਹੁਤ ਪਹਿਲਾਂ ਕਰ ਗਏ ਸਨ ਤੇ ਏਸ ਰਾਹ ਤੇ ਚੱਲ ਕੇ ਈ ਮਲੇਰਕੋਟਲੇ ਦੇ ਸ਼ਹੀਦਾਂ ਆਪਣੀਆਂ ਜਾਨਾਂ ਵਾਰੀਆਂ । ਏਸ ਰਾਹ ਤੇ ਚੱਲ ਕੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਨਾਮਧਾਰੀ ਸੰਗਤ ਨੂੰ ਅਮਨ ਤੇ ਸ਼ਾਂਤੀ ਦਾ ਨਿਸਾਨ ਬਣਾਇਆ । ਜਦ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਵਾਰੀ ਆਈ ਤੇ ਉਹਨਾਂ ਵੀ ਏਸ ਉੱਦਮ ਦਾ ਖਹਿੜਾ ਨਾ ਛੱਡਿਆ ਤੇ ਏਸ ਕੰਮ ਨੂੰ ਪੂਰੇ ਸੰਸਾਰ ਦੀ ਪੱਧਰ ਤੇ ਲੈ ਗਏ। ਉਹ ਕਈ ਅੰਤਰ-ਰਾਸ਼ਟਰੀ ਸ਼ਾਂਤੀ ਕਾਨਫਰੰਸਾਂ ਵਿਚ ਹਿੱਸਾ ਲੈਣ ਗਏ । ਥਾਈਲੈਂਡ ਵਿਚ ਸ਼ਾਂਤੀ ਪੈਗੋਡਾ (Pagoda) ਬਣਵਾਇਆ ਤੇ ਖ਼ੁਰੇ ਹੋਰ ਕੀ ਕੀ ਕੀਤਾ । ਇਹ ਲਿਸਟ ਬਹੁਤ ਲੰਮੀ ਏ। ਆਖਦੇ ਹਨ ਚਿਰਾਗ਼ ਥੱਲੇ ਹਨੇਰਾ ਪਰ ਏਸ ਸਾਰੇ ਉੱਦਮ ਵੇਲੇ ਇਕ ਥਾਂ ਖਾਲੀ ਰਹਿ ਗਈ ਤੇ ਇਹ ਉਹ ਥਾਂ ਸੀ ਜਿੱਥੇ ਨਾਮਧਾਰੀ ਸੰਗਤ ਦੇ ਅਮਨ ਤੇ ਭਾਈਚਾਰੇ ਦੇ ਫਲਸਫੇ ਦੇ ਪਹੁੰਚਣ ਦੀ ਸਭ ਤੋਂ ਵੱਧ ਲੋੜ ਏ ਇਹ ਥਾਂ ਏ ਲਹਿੰਦਾ ਪੰਜਾਬ। ਅੱਜ ਜੇਕਰ ਏਸ ਸਾਰੇ ਲਹਿੰਦੇ ਪੰਜਾਬ ਦੇ ਦਸ-ਕਰੋੜ ਵਸਨੀਕਾਂ ਵਿਚੋਂ ਜਾ ਕੇ ਪੁੱਛੀਏ ਕਿ ਨਾਮਧਾਰੀ ਗੁਰੂ ਰਾਮ ਸਿੰਘ ਤੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਕੌਣ ਸਨ ਤੇ ਇਹਨਾਂ ਕੀ ਆਖਿਆ ? ਮਲੇਰ ਕੋਟਲੇ ਦੇ ਸ਼ਹੀਦ ਕੌਣ ਸਨ ਤੇ ਇਹਨਾਂ ਕੁਰਬਾਨੀ ਕਿਉਂ ਦਿੱਤੀ ? ਨਾਮਧਾਰੀ ਸੰਗਤ ਦਾ ਇਨਸਾਨੀਅਤ ਦੀ ਭਲਾਈ ਤੇ ਵਾਧੇ ਲਈ ਕੀ ਸੁਨੇਹਾ ਏ ? ਅਮਨ ਸ਼ਾਂਤੀ ਤੇ ਭਾਈਚਾਰੇ ਲਈ ਨਾਮਧਾਰੀ ਸੰਗਤ ਕੀ ਕੀਤਾ ?

ਉਹ ਬੰਦੇ ਜੋ ਇਹਨਾਂ ਸਵਾਲਾਂ ਦੇ ਜਵਾਬ ਦੇ ਸਕਣਗੇ ਉਹਨਾਂ ਦੀ ਗਿਣਤੀ ਇਤਨੀ ਥੋੜ੍ਹੀ ਹੋਵੇਗੀ ਕਿ ਅਸੀ ਇਹ ਬੰਦੇ ਬੜੇ ਆਰਾਮ ਨਾਲ ਉਂਗਲੀਆਂ ਤੇ ਗਿਣ ਸਕਦੇ ਆਂ । ਇਹ ਬੜੇ ਦੁੱਖ ਵਾਲੀ ਗੱਲ ਏ । ਇਹ ਕਿਉਂ ਹੋਇਆ ? ਉਹਦੀ ਸਭ ਤੋਂ ਵੱਡੀ ਵਜ੍ਹਾ ਤੇ ਹਿੰਦੁਸਤਾਨ ਤੇ ਪਾਕਿਸਤਾਨ ਦੀ ਆਪਸ ਦੀ ਦੁਸ਼ਮਣੀ ਏ । ਦੂਜੀ ਵਜ੍ਹਾ ਇਹ ਹੈ ਕਿ ਨਾਮਧਾਰੀ ਸੰਗਤ ਸਮੇਤ ਹਿੰਦੁਸਤਾਨ ਦੀਆਂ ਦੂਜੀਆਂ ਧਰਮੀ ਸੰਗਤਾਂ ਇਹ ਸਮਝ ਲਿਆ ਕਿ ਪਾਕਿਸਤਾਨ ਜਾਂ ਤੇ ਇਕ ਭਿੱਟਿਆ ਮੁਲਕ ਏ ਜਾਂ ਫ਼ੇਰ ਏਥੇ ਸਾਰੇ ਦੁਸ਼ਮਣ ਵੱਸਦੇ ਹਨ ਤੇ ਏਥੇ ਅਮਨ ਸ਼ਾਂਤੀ ਤੇ ਭਾਈਚਾਰੇ ਦੀ ਗੱਲ ਕਰਨਾ ਨਾ ਸਿਰਫ ਖ਼ਤਰਨਾਕ ਏ ਸਗੋਂ ਏਸ ਧਰਤੀ ਵਿਚ ਅਮਨ ਤੇ ਸ਼ਾਂਤੀ ਦੇ ਬੀਜ ਨੂੰ ਗੱਡ ਕੇ ਏਸ ਨੂੰ ਜ਼ਾਇਆ ਕਰਨ ਵਾਲੀ ਗੱਲ ਏ ਕਿਉਂ ਜੇ ਇਹ ਇਕ ਅਜਿਹੀ ਬੰਜਰ ਜ਼ਮੀਨ ਇਹ ਕਿ ਏਸ ਚੋਂ ਕੁਝ ਨਹੀ ਜੰਮਣਾ ।

ਅਸਲ ਵਿਚ ਗੱਲ ਇਹ ਹੈ ਕਿ ਅਮਨ ਤੇ ਸ਼ਾਂਤੀ ਦੇ ਸੁਨੇਹੇ ਦੀ ਸਭ ਤੋਂ ਵੱਡੀ ਲੋੜ ਓਥੇ ਹੁੰਦੀ ਏ ਜਿੱਥੇ ਦੁਸ਼ਮਣੀ ਹੋਵੇ ਕਿਉਂ ਜੇ ਦੁਸ਼ਮਣੀ ਤੇ ਨਫ਼ਰਤ ਉਹ ਬੀਮਾਰੀ ਏ ਜੀਹਦਾ ਇਲਾਜ ਅਮਨ ਸ਼ਾਂਤੀ ਤੇ ਭਾਈਚਾਰਾ ਏ ।

ਭਾਵੇਂ ਵੇਲਾ ਬਹੁਤ ਲੰਘ ਗਿਆ ਏ ਪਰ ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀ ਵਿਗੜਿਆ । ਹੁਣ ਵੀ ਏਸ ਕੰਮ ਨੂੰ ਛੋਹਿਆ ਜਾ ਸਕਦਾ ਏ । ਅੱਜ

ਸੁਨੇਹਾ ਅਪੜਾਉਣ ਵਾਲੇ ਨਵੇ-ਨਵੇਂ ਸੰਦ (communication channels) ਜਿਵੇਂ ਰੇਡੀਓ, ਟੀ.ਵੀ. ਤੇ ਇੰਟਰਨੈਟ ਆ ਗਏ ਹਨ, ਏਸ ਕੰਮ ਨੂੰ ਕਰਨਾ ਸੌਖਾ ਹੋ ਗਿਆ ਏ । ਨਾਮਧਾਰੀ ਸੰਗਤ ਇਕ ਰੇਡੀਓ ਖੋਲ੍ਹ ਸਕਦੀ ਏ । ਇਕ ਅਜਿਹਾ ਟੀ.ਵੀ. ਚੈਨਲ ਵੀ ਚਾਲੂ ਕੀਤਾ ਜਾ ਸਕਦਾ ਏ । ਸਭ ਤੋਂ ਜ਼ਰੂਰੀ ਇਹ ਹੈ ਕਿ ਪਾਕਿਸਤਾਨ ਵਿਚ ਕਿਸੇ ਅਮਨ ਦੋਸਤ ਸੰਗਤ ਨਾਲ ਮਿਲ ਕੇ ਕੋਈ ਅਖਬਾਰ ਕੱਢਿਆ ਜਾ ਸਕਦਾ ਏ । ਨਾਮਧਾਰੀ ਸੰਗਤ ਦੇ ਗੁਰੂਆਂ ਤੇ ਸ਼ਹੀਦਾ ਬਾਰੇ ਕਿਤਾਬਾਂ ਛਪਵਾਈਆਂ ਜਾ ਸਕਦੀਆਂ ਹਨ । ਮਕਸਦ ਇਹ ਵੇ ਕਿ ਏਸ ਕੰਮ ਨੂੰ ਕਰਨ ਦੇ ਹਜ਼ਾਰਾਂ ਰਾਹ ਹਨ ਤੇ ਇਹ ਜ਼ਰੂਰੀ ਨਹੀਂ ਏ ਕਿ ਇਹ ਕੰਮ ਸਿਰਫ਼ ਨਾਮਧਾਰੀ ਸੰਗਤ ਈ ਕਰੇ ਇਹ ਕੰਮ ਕੋਈ ਵੀ ਸ਼ਰਧਾ ਵਾਲਾ ਨਾਮਧਾਰੀ ਕਰ ਸਕਦਾ ਹੈ ।

ਮੈਂ ਜਿਵੇਂ ਪਹਿਲੇ ਆਖਿਆ ਏ ਕਿ ਅੱਜ ਦੇ ਇਨਸਾਨ ਨੂੰ ਮਸੀਤਾਂ ਚੋਂ ਕੱਢ ਕੇ ਖੁਸਹਾਲੀ ਤੇ ਅਮਨ ਦੀ ਜ਼ਿੰਦਗੀ ਗੁਜ਼ਾਰਨ ਲਈ ਜੋ ਤਰੀਕ਼ਾ ਪੱਛਮ ਤੇ ਦੂਜੀਆਂ ਅਮੀਰ ਕੌਮਾਂ ਕੱਢਿਆ ਏ ; ਇਹ ਹੱਲ ਤੇ ਨਾਮਧਾਰੀ ਸੰਗਤ ਕੋਲ ਸਦੀਆਂ ਤੋ ਮੌਜੂਦ ਏ ਅਮਨ ਸਾਂਝ਼ੀ ਤੇ ਭਾਈਚਾਰੇ ਦੀ ਰਾਹ ਦਾ ਸੁਨੇਹਾ ਨਾਮਧਾਰੀ ਸੰਗਤ ਦਾ ਮਾਣ ਜ਼ਰੂਰ ਏ ਪਰ ਇਹ ਉਹਦੀ ਮਲਕੀਅਤ ਨਹੀ ਏ । ਇਹ ਤੇ ਇਕ ਭੰਡਾਰ ਏ ਜੀਹਦੇ ਵਿਚ ਏਸ ਧਰਤੀ ਤੇ ਵੱਸਦੇ ਹਰ ਇਨਸਾਨ ਦਾ ਹਿੱਸਾ ਏ । ਇਹ ਅਜਿਹਾ ਭੰਡਾਰ ਏ ਜੋ ਕਦੇ ਮੁੱਕਣਾ ਨਹੀਂ ਚਾਹੀਦਾ ਸਗੋਂ ਏਸ ਲੰਗਰ ਨੂੰ ਜਿਤਨਾ ਵੰਡਿਆ ਜਾਵੇ ਏਸ ਵਿਚ ਉਤਨਾ ਈ ਹੋਰ ਵਾਧਾ ਹੋ ਜਾਵੇਗਾ ।

(ਲਿਪੀਅੰਤਰ : ਜਗਜੀਤ ਕੌਰ)

Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਅਤੇ 21ਵੀਂ ਸਦੀ

ਡਾ. ਰਾਏ ਜਸਬੀਰ ਸਿੰਘ

ਨਾਮਧਾਰੀ ਗੁਰੂ ਰਾਮ ਸਿੰਘ ਜੀ ਦੀ ਜਿਨ੍ਹਾਂ ਨੇ ਉਨੀਵੀ ਸਦੀ ਦੇ ਦੂਜੇ ਅੱਧ ਵਿਚ ਪੰਜਾਬ ਵਿੱਚ ਸਮਾਜਿਕ ਧਾਰਮਿਕ ਤੇ ਰਾਜਸੀ ਖੇਤਰ ਵਿੱਚ ਪਰਿਵਰਤਨ ਲਿਆਂਦਾ ਅਤੇ ਪੰਜਾਬ ਨੂੰ ਵਿਕਾਸ ਦੇ ਰਾਹ ਤੇ ਪਾਇਆ ਵਿਸ਼ੇਸ਼ ਰਚਨਾ ਹੁਕਮਨਾਮੇ ਹੈ । ਇਹ ਜ਼ਿਆਦਾਤਰ, ਉਨ੍ਹਾਂ ਦੀ ਜਲਾਵਤਨੀ ਦੇ ਸਮੇ ਦੀ ਰਚਨਾ ਹੈ । ਇਸ ਵਿਚ ਉਨ੍ਹਾਂ ਨੇ ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖਾਂ ਨੂੰ ਜੀਵਨ ਦੇ ਸਰਬਪੱਖੀ ਖੇਤਰਾਂ ਵਾਸਤੇ ਰਹਿਨੁਮਾਈਆਂ ਤੇ ਹਦਾਇਤਾਂ ਪੇਸ਼ ਕੀਤੀਆਂ ਹਨ।

ਡਾ. ਗੰਡਾ ਸਿੰਘ ਦੀ ਪੁਸਤਕ ਕੂਕਿਆਂ ਦੀ ਵਿਥਿਆ ਵਿਚ 51 ਹੁਕਮਨਾਮੇ ਸ਼ਾਮਿਲ ਹਨ।[1] ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵੱਲੋਂ ਪ੍ਰਕਾਸ਼ਿਤ ਅਤੇ ਸ.ਜਸਵਿੰਦਰ ਸਿੰਘ ਵੱਲੋਂ ਸੰਪਾਦਿਤ ਪੁਸਤਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (1998) ਵਿੱਚ 65 ਹੁਕਮਨਾਮੇ ਦਰਜ ਹਨ ।[2] ਇਹ ਇਨ੍ਹਾਂ ਦੀ ਆਪਣੀ ਖੋਜ ਅਤੇ ਨਾਮਧਾਰੀ ਗੁਰੂ ਜਗਜੀਤ ਸਿੰਘ ਦੀ ਕਿਰ੍ਪਾ ਦਾ ਸਿੱਟਾ ਹਨ । ਅਸੀ ਆਪਣੇ ਅਧਿਐਨ ਲਈ ਇਸੇ ਪੁਸਤਕ ਨੂੰ ਆਧਾਰ ਬਣਾਇਆ ਹੈ ।

ਹੱਥਲੇ ਪਰਚੇ ਵਿੱਚ ਅਸੀ 21ਵੀਂ ਸਦੀ ਦੀਆਂ ਚਣੌਤੀਆਂ ਪ੍ਰਤੀ ਇਨ੍ਹਾਂ ਹੁਕਮਨਾਮਿਆਂ ਵੱਲੋਂ ਕੀਤੀ ਜਾਣ ਵਾਲੀ ਰਹਿਨੁਮਾਈ ਦੇ ਵੱਖ ਵੱਖ ਪੱਖ ਵੇਖਣ ਦਾ ਜਤਨ ਕੀਤਾ ਹੈ ।

ਅਜੋਕੀ ਸਦੀ ਦੀ ਸਭ ਤੋਂ ਵੱਡੀ ਸਮੱਸਿਆ ਸਾਖਰਤਾ ਤੇ ਗਿਆਨ ਸੰਬੰਧੀ ਹੈ । ਸੰਸਾਰੀਕਰਨ ਨੇ ਸੂਚਨਾ ਤੇ ਸਹੀ ਸੂਚਨਾ ਦੀ ਸਮੱਸਿਆ ਖੜੀ ਕਰ ਦਿੱਤੀ ਹੈ । ਪੰਜਾਬ ਦੀ ਕਾਫੀ ਵਸੋਂ ਅਜੇ ਅਨਪੜ੍ਹ ਹੈ । ਸਤਿਗੁਰੂ ਜੀ ਨੇ ਆਪਣੇ ਹੁਕਮਨਾਮਿਆਂ ਵਿਚ ਮੁੰਡਿਆਂ ਤੇ ਕੁੜੀਆਂ ਦੋਹਾਂ ਨੂੰ ਸਿੱਖਿਆ ਦੇਣ ਤੇ ਬੱਲ ਦਿੱਤਾ ਹੈ ਨਾਲ ਹੀ ਉਨ੍ਹਾਂ ਨੇ ਆਪਣੀ ਭਾਸ਼ਾ ਪੰਜਾਬੀ ਤੇ ਵੀ ਜ਼ੋਰ ਪਾਇਆ ਹੈ ।[3] ਉਨ੍ਹਾਂ ਦੀ ਇਹ ਦੇਣ ਅਦੁੱਤੀ ਹੈ।

Sri Satguru Jagjit Singh Ji Elibrary NamdhariElibrary@gmail.com

ਅਗਲਾ ਅਹਿਮ ਪੱਖ ਬਿਬੇਕ ਬੁੱਧੀ ਤੇ ਵਿਗਿਆਨਕ ਵਿਚਾਰਧਾਰਾ ਦਾ ਹੈ। ਸਤਿਗੁਰੂ ਜੀ ਆਪਣੀ ਗੱਲ ਜਾ ਹਦਾਇਤ ਕਿਸੇ ਉੱਪਰ ਠੋਸਦੇ ਨਹੀਂ ਸਗੋਂ ਉਹ ਆਖਦੇ ਹਨ ਕਿ ਆਪਣੇ ਦਿਮਾਗ ਨਾਲ ਸੋਚ ਪਰਖ ਕੇ ਅਮਲ ਕੀਤਾ ਜਾਵੇ। ਉਹ ਇਹ ਵੀ ਦੱਸਦੇ ਹਨ ਕਿ ਹੁਕਮਨਾਮਿਆਂ ਦੀਆਂ ਨਕਲਾਂ ਕਿਵੇਂ ਕਰਨੀਆਂ ਹਨ ਅਤੇ ਇਨ੍ਹਾਂ ਦੇ ਪਾਠ ਵਿਚ ਵਾਧਾ ਘਾਟਾ ਨਹੀਂ ਕਰਨਾ ।[4] ਉਹ ਚਰਨ ਧੂੜ ਲੈ ਕੇ ਪਾਖੰਡ ਕਰਨ ਵਾਲੇ ਕਾਰਜ ਨੂੰ ਮਿੱਟੀ ਕਹਿੰਦੇ ਹਨ ।[5] (57) ਇਉਂ ਸਤਿਗੁਰੂ ਜੀ ਇਸ ਸਦੀ ਦੀ ਵਿਗਿਆਨਕ ਸੂਝ ਦੇ ਵਿਕਾਸ ਕਰਨ ਵਾਲੀ ਖਾਸ ਸਮੱਸਿਆ ਦੀ ਨਬਜ਼ ਤੇ ਹੱਥ ਰਖਦੇ ਹਨ । ਇਹ ਸਾਡਾ ਹਿੰਦ ਵਾਸੀਆਂ ਦਾ ਸੰਵਿਧਾਨਕ ਫਰਜ ਵੀ ਹੈ। ਨੈਤਿਕਤਾ ਤੇ ਗਣਤੰਤਰ ਪਿਛਲੀਆ ਸਦੀਆਂ ਦੀ ਦੇਣ ਇਸ ਸਦੀ ਦੀਆਂ ਅਹਿਮ ਸਮੱਸਿਆਵਾਂ ਹਨ । ਇਨ੍ਹਾ ਨੇ ਨਾ ਕੇਵਲ ਸਿਆਸਤ ਸਗੋਂ ਕਰੀਬਨ ਹਰ ਖੇਤਰ ਨੂੰ ਹੀ ਗੰਧਲਾ ਕਰ ਛੱਡਿਆ ਹੈ। ਸਤਿਗੁਰੂ ਜੀ ਇਨ੍ਹਾਂ ਪੱਖਾਂ ਉੱਤੇ ਬਹੁਤ ਬਲ ਪਾਉਂਦੇ ਹਨ । ਉਨ੍ਹਾਂ ਨੇ ਰਹਿਤਨਾਮੇ ਵਿਚ ਸੀਲ ਸੰਤੋਖ, ਮਿਠਾਸ ਖਿਮਾ ਤੇ ਜ਼ੋਰ ਦਿੱਤਾ ਹੈ ।[6] ਉਹ ਮੰਦ ਕਰਮੀ ਦੀ ਦੀਵਾਨ ਵਿਚ ਹਾਜ਼ਰੀ ਤੇ ਰੋਕ ਲਾਉਂਦੇ ਹਨ।[7] ਉਨ੍ਹਾਂ ਨੇ ਰੰਡੀ ਬਾਜੀ ਤੇ ਮੁੰਡੇ ਬਾਜੀ ਦਾ ਡੱਟ ਕੇ ਵਿਰੋਧ ਕੀਤਾ ਹੈ[8] ਅਤੇ ਇਸ ਸੰਬੰਧੀ ਵਿਸ਼ੇਸ਼ ਹਿਦਾਇਤਾਂ ਦਿੱਤੀਆਂ ਹਨ ਅਤੇ ਅਜਿਹੇ ਕੁਕਰਮਾਂ ਦੇ ਸਿੱਟੇ ਚੰਗੀ ਤਰ੍ਹਾਂ ਸਮਝਾਏ ਹਨ ।

ਸਤਿਗੁਰੂ ਜੀ ਦਾ ਉਪਦੇਸ਼ ਸਾਰਿਆਂ ਲਈ ਸਾਂਝਾ ਹੈ । ਉਨ੍ਹਾਂ ਦਾ ਘੇਰਾ ਸਾਰਾ ਪੰਜਾਬ ਹੀ ਨਹੀਂ ਸਗੋਂ ਪੂਰੀ ਮਾਨਵਤਾ ਹੈ । ਉਨ੍ਹਾਂ ਨੇ ਔਰਤ ਮਰਦ ਦਾ ਸਮਾਜਿਕ ਧਾਰਮਿਕ ਜੀਵਨ ਸੰਬੰਧੀ ਕੋਈ ਵਿਤਕਰਾ ਨਹੀਂ ਰਖਿਆ । ਉਹ ਦਲਿਤਾਂ ਦੇ ਵੀ ਹਾਮੀ ਹਨ । ਸਤਿਗੁਰੂ ਜੀ ਇਹ ਖਿਆਲ ਰਖਦੇ ਹਨ ਕਿ ਉਨ੍ਹਾਂ ਦੇ ਹੁਕਮਨਾਮੇ ਸਾਰੀ ਸੰਗਤ ਵਾਸਤੇ ਹਨ । ਉਹ ਮੰਗਤੇ ਲੋਕਾਂ ਨੂੰ ਅੰਨ, ਕਪੜਾ ਦੇਣ ਦੀ ਹਿਦਾਇਤ ਕਰਦੇ ਹਨ।[9] ਗਰੀਬ ਨੂੰ ਬਲਦ ਤੇ ਗੱਡਾ ਦੀ ਸਹਾਇਤਾ ਦੇਣ ਦੇ ਹੱਕ ਵਿਚ ਹਨ ।[10] ਉਹ ਪੁੱਛਦੇ ਹਨ ਕਿ ਗੁਲਾਬੂ ਚਮਾਰ ਨੂੰ ਸੰਗਤ ਵਿਚ ਵੜਨ ਦਿੰਦੇ ਹਨ ਕਿ ਨਹੀ?[11] ਇਉਂ ਸਤਿਗੁਰੂ ਜੀ ਜਾਤਪਾਤ, ਅਮੀਰੀ ਗਰੀਬੀ ਤੋਂ ਉੱਪਰ ਉੱਠ ਕੇ ਸਮੂਹ ਮਾਨਵਤਾ ਨੂੰ ਆਪਣੇ ਘੇਰੇ ਵਿਚ ਲੈਂਦੇ ਹਨ ।

ਹੁਕਮਨਾਮਿਆਂ ਵਿਚ ਫਿਰਕਾਪ੍ਰਸਤੀ ਦਾ ਵਿਰੋਧ ਅਤੇ ਸਮੂਹ ਮਾਨਵਤਾ ਦੇ ਹੱਕ ਵਿਚ ਹਦਾਇਤਾਂ ਦਿੱਤੀਆਂ ਗਈਆਂ ਹਨ । ਦਸਿਆ ਗਿਆ ਹੈ ਕਿ ਭਜਨ ਦੇ ਪ੍ਰਤਾਪ ਨਾਲ ਕੀ ਲੋਹਾਰ ਤੇ ਕੀ ਬ੍ਰਾਹਮਣ ਸਭ ਤਰ ਜਾਂਦੇ ਹਨ । ਜੇ ਲੋਹਾਰ ਪ੍ਰਸਿੱਧੀ ਪ੍ਰਾਪਤ ਕਰ ਸਕਦਾ ਹੈ ਤਾਂ ਬ੍ਰਾਹਮਣ ਕਿਉਂ ਨਹੀ?[12] ਪਾਠ ਸੁਣਨ ਦੀ ਬੰਦਿਸ ਮਨਮੁਖਾਂ ਉਪਰ ਹੈ ਤਾਂ ਉਸ ਦਾ ਨੈਤਿਕ ਆਧਾਰ ਫਿਰਕਾਪ੍ਰਸਤੀ ਦਾ ਨਹੀਂ।

ਮਲੇਛ ਬਿਲਿਆਂ, ਅੰਗ੍ਰੇਜ਼ਾਂ ਨੂੰ ਆਖਿਆ ਗਿਆ ਹੈ।[13] ਇਨ੍ਹਾਂ ਦਾ ਵਿਰੋਧ ਆਪਣੇ ਅਧਿਕਾਰਾਂ ਦੀ ਰੱਖਿਆ ਤੇ ਆਜ਼ਾਦੀ ਦੇ ਪੱਖ ਤੋਂ ਹੈ ਇਸ ਵਿਚ ਵੀ ਫਿਰਕੇ ਦੇ ਪੱਖੋਂ ਕੋਈ ਵਿਰੋਧ ਨਹੀ । ਇਸ ਲਈ ਸਤਿਗੁਰੂ ਫਿਰਕਾਪ੍ਰਸਤੀ ਨੂੰ ਕੋਈ ਅਹਿਮੀਅਤ ਨਹੀ ਦਿੰਦੇ ਅਤੇ ਸਮੂਹ ਮਨੁੱਖਤਾ ਨੂੰ ਮੱਦੇ ਨਜ਼ਰ ਰੱਖਦੇ ਹਨ ।

ਆਪਣੇ ਤੇ ਗਰੀਬਾਂ ਦੇ ਅਧਿਕਾਰਾਂ ਦੀ ਰੱਖਿਆ ਸਤਿਗੁਰੂ ਜੀ ਦਾ ਮਨ ਭਾਉਂਦਾ ਵਿਸ਼ਾ ਹੈ । ਇਸੇ ਅਧੀਨ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਬਿਲਿਆਂ ਵਿਰੁੱਧ ਸੰਘਰਸ਼ ਛੇੜਿਆ ਅਤੇ ਇਹ ਪ੍ਰਹਲਾਦਸਰ ਵਾਲੀ ਪੋਥੀ ਆਦਿ ਦੀ ਪ੍ਰੇਰਨਾ ਨਾਲ ਕਾਰਜਸ਼ੀਲ ਰਹੇ।[14] ਉਹ ਖਾਲਸੇ ਨੂੰ ਭਲਾਈ ਦੇ ਕਾਰਜਾਂ ਬਾਰੇ ਵਿਚਾਰ ਕਰਨ ਦੀ ਹਦਾਇਤ ਦਿੰਦੇ ਹਨ।[15] ਉਹ ਵੇਲੇ ਦੀ ਸਰਕਾਰ ਦੀ ਨੌਕਰੀ ਨਾ ਕਰਨ ਸੰਬੰਧੀ ਵੀ ਹੁਕਮ ਦਿੰਦੇ ਹਨ।[16] ਗਰੀਬ ਲੋਕਾਂ ਦੀ ਮਦਦ ਕਰਨ ਬਾਰੇ ਵੀ ਉਨ੍ਹਾਂ ਦੀਆਂ ਹਦਾਇਤਾਂ ਪ੍ਰਾਪਤ ਹਨ । ਸਤਿਗੁਰੂ ਜੀ ਨੇ ਪਰਾਇਆ ਹੱਕ ਮਾਰਨ ਦਾ ਡੱਟ ਕੇ ਵਿਰੋਧ ਕੀਤਾ ਹੈ ਅਤੇ ਇਸ ਵਾਸਤੇ ਗੁਰਬਾਣੀ ਵਿਚੋਂ ਹੱਕ ਪਰਾਇਆ ਨਾਨਕਾ ਤੁਕ ਦਾ ਹਵਾਲਾ ਵੀ ਦਿੱਤਾ ਹੈ ।[17]

ਔਰਤਾਂ ਨੂੰ ਮਨੁੱਖਾਂ ਦੇ ਬਰਾਬਰ ਸਮਝਿਆ ਗਿਆ ਹੈ। ਰਹਿਤਨਾਮੇ ਵਿਚ ਤਤਕਾਲੀ ਸਾਮੰਤੀ ਸਮਾਜ ਦੀਆਂ ਬੁਰਾਈਆਂ-ਧੀ ਭੈਣ ਦਾ ਪੈਸਾ ਲੈਣਾ, ਵੱਟਾ ਕਰਨਾ, ਬਾਲ ਵਿਆਹ ਦਾ ਭਰਵਾਂ ਵਿਰੋਧ ਕੀਤਾ ਗਿਆ ਹੈ।[18] ਅਜਿਹਾ ਰਹਿਤਨਾਮਾ ਤੋਂ ਇਲਾਵਾ ਕਈ ਹੁਕਮਨਾਮਿਆਂ ਵਿਚ ਵੀ ਮਿਲਦਾ ਹੈ । ਇਹ ਸਮਝਾਇਆ ਗਿਆ ਹੈ ਕਿ ਉਪਰੋਕਤ ਬੁਰਾਈਆਂ ਦੇ ਕੀ ਨੁਕਸਾਨ ਹਨ। ਦੱਸਿਆ ਗਿਆ ਹੈ ਕਿ ਧੀ ਭੈਣ ਦਾ ਮੁੱਲ ਵੱਟਣ ਤੇ ਵੱਟਾ ਕਰਨ ਨਾਲ ਵਰ ਬੁੱਢਾ ਤੇ ਕਸੁਹਣਾ ਮਿਲਦਾ ਹੈ, ਕੁੜੀ ਦੇ ਘਰ ਰਿਜ਼ਕ ਨਹੀ ਹੁੰਦਾ ਅਤੇ ਕੁੜੀ ਦੁਖੀ ਤੇ ਵਿਭਚਾਰਨੀ ਹੋ ਜਾਂਦੀ ਹੈ ।[19] ਕੁੜੀ ਦੀ ਹਤਿਆ ਕਰਨ ਵਾਲੇ ਨਾਲ ਪੂਰੀ ਤਰ੍ਹਾਂ ਨਾ ਮਿਲਵਰਤਨ ਕਰਨ ਦੀ ਹਦਾਇਤ ਦਿੱਤੀ ਗਈ ਹੈ।[20] ਇਸ ਤੋਂ ਭਰੂਣ ਹਤਿਆ ਕਰਨ/ਕਰਾਉਣ ਵਾਲਿਆਂ ਨੂੰ ਸਬਕ ਲੈਣਾ ਚਾਹੀਦਾ ਹੈ। ਕੁੜੀ ਦੇ ਵਿਆਹ ਦੀ ਉਮਰ 18 ਸਾਲ ਤੇ ਮੁੰਡੇ ਦੀ 20 ਸਾਲ ਦੀ ਮਿਥੀ ਗਈ ਹੈ ।[21] (23-44) ਕਈ ਹੁਕਮਨਾਮਿਆਂ ਵਿਚ ਇਸ ਤੋਂ ਘੱਟ ਉਮਰ ਦੀ ਵੀ ਹਦਾਇਤ ਹੈ।[22] (56) ਅਜਿਹਾ ਤਾਂ ਕੀਤਾ ਗਿਆ ਹੈ ਕਿ ਲੋਕ ਹੌਲੀ ਹੌਲੀ ਬਚਿਆ ਦੇ ਬਹੁਤ ਘੱਟ ਉਮਰ ਵਿਚ ਵਿਆਹ ਕਰਨ ਦੀ ਆਦਤ ਛੱਡ ਸਕਣ । ਆਖਰੀ ਹੁਕਮਨਾਮਿਆਂ ਵਿਚ 18 ਤੇ 20 ਸਾਲ ਦੀ ਉਮਰ ਦਾ ਵਿਧਾਨ ਹੈ ।

ਪੰਜਾਬੀ ਤੇ ਭਾਰਤੀ ਸਮਾਜ ਵਿਚ ਸਿਹਤ ਤੇ ਸਫਾਈ ਵੱਡੀ ਸਮੱਸਿਆ ਰਹੀ ਹੈ । ਸਤਿਗੁਰੂ ਜੀ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ । ਉਨ੍ਹਾਂ ਨੇ

Sri Satguru Jagjit Singh Ji Elibrary NamdhariElibrary@gmail.com

ਕਰਮਕਾਂਡ ਦੇ ਆਧਾਰ ਉਤੇ ਸੀਤ ਪ੍ਰਸਾਦ ਦੇ ਨਾਂ ਤੇ ਛਕਾਈ ਜਾਂਦੀ ਜੂਠ ਦਾਂ ਡੱਟ ਕੇ ਵਿਰੋਧ ਕੀਤਾ ।[23] (12) ਸਣੇ ਕੇਸਾਂ ਦੀ ਰੋਜ਼ਾਨਾ ਸਫਾਈ ਅਤੇ ਨਾਮ ਦਾਨ ਇਸਨਾਨ ਮਨੁੱਖੀ ਜੀਵਨ ਦੇ ਆਦਰਸ਼ ਹਨ ।[24] ਉਹ ਰਵਾਇਤੀ ਦਵਾਈਆਂ ਦੀ ਹਦਾਇਤ ਵੀ ਕਰਦੇ ਹਨ[25] (15, 45) ਅਤੇ ਕੁਝ ਸਿੱਖਾ ਨੂੰ ਜਿਵੇਂ ਮੀਹਾ ਸਿੰਘ, ਦਯਾ ਕੌਰ (57) ਨੂੰ ਖਾਸ ਬਿਮਾਰੀਆਂ ਦੇ ਇਲਾਜ ਵੀ ਸੁਝਾਉਂਦੇ ਹਨ।[26] ਇਉਂ ਉਨ੍ਹਾਂ ਨੇ ਸਿਹਤ ਤੇ ਸਫਾਈ ਉਤੇ ਪੂਰਾ ਜ਼ੋਰ ਦਿੱਤਾ ।

ਪ੍ਰਦੂਸਣ ਵੀ ਇਸ ਸਦੀ ਦੀ ਮੁੱਖ ਸਮੱਸਿਆ ਹੈ ਜਿਸ ਰਾਹੀਂ ਪ੍ਰਾਕਿਰਤਕ ਨਿਜ਼ਾਮ ਵਿੱਚ ਬਹੁਤ ਗੜਬੜ ਮਚ ਗਈ ਹੈ । ਇਸ ਸੰਬੰਧੀ, ਖਾਸ ਕਰ ਸ਼ੋਰ ਪ੍ਰਦੂਸ਼ਣ ਸੰਬੰਧੀ ਉਨ੍ਹਾਂ ਜੋਟੀਆਂ ਰਾਹੀ ਸ਼ਬਦ ਪੜਨ ਉਤੇ ਲੋੜ ਪੈਣ ਤੇ, ਲੋੜੀਦੀ ਰੋਕ ਲਾਈ ਅਤੇ ਉਨ੍ਹਾਂ ਨੇ ਇਸ ਸੰਬੰਧੀ ਕਥਿਤ ਰੌਲੇ ਦੇ ਬ਼ਹਾਨੇ ਦਾ ਵੀ ਵਿਰੋਧ ਕੀਤਾ ਅਤੇ ਅਸਲੀ ਰੌਲੇ ਪ੍ਰਤੀ ਚੇਤਾਵਨੀ ਵੀ ਦਿੱਤੀ।[27] ਉਨ੍ਹਾਂ ਰਾਹੀ ਹਵਨ ਜੱਗ ਕਰਨ ਦੀ ਹਦਾਇਤ [28] ਦੀ ਰਵਾਇਤ ਅਨੁਸਾਰ, ਪ੍ਰਦੂਸ਼ਣ ਦੂਰ ਕਰਨ ਸੰਬੰਧੀ ਸਮਝੀ ਜਾਂਦੀ ਹੈ । ਇਸ ਰਾਹੀ ਵਾਤਾਵਰਣ ਸ਼ੁੱਧ ਕਰਨ ਦਾ ਜਤਨ ਕੀਤਾ ਜਾਂਦਾ ਹੈ । ਇਸ ਸੰਬੰਧੀ ਹੋਰ ਵਿਗਿਆਨਕ ਵਿਆਖਿਆ ਦੀ ਲੋੜ ਭਾਸਦੀ ਹੈ ਪਰ ਜੱਗ ਕਰਨ ਦੇ ਮੰਤਵ ਦਾ ਪ੍ਰਦੂਸਣ ਦੂਰ ਕਰਨ ਨਾਲ ਜੁੜਨਾ ਸਾਰਥਿਕ ਕਦਮ ਮੰਨਿਆ ਜਾ ਸਕਦਾ ਹੈ ।

ਨਸ਼ੇ ਤੇ ਦੁਰਾਚਾਰ ਅੱਜ ਕਲ ਇਸ ਸਮਾਜ ਦੀ ਬੜੀ ਵੱਡੀ ਮੁਸੀਬਤ ਬਣਦੀ ਜਾ ਰਹੀ ਹੈ । ਇਸ ਸੰਬੰਧੀ ਸਤਿਗੁਰੂ ਜੀ ਦੀ ਸਪਸ਼ਟ ਹਦਾਇਤ ਹੈ ਕਿ ਮਾਸ ਤੇ ਸ਼ਰਾਬ ਦਾ ਸੇਵਨ ਨਾ ਕੀਤਾ ਜਾਵੇ । ਇਸ ਸੰਬੰਧੀ ਗੁਰਬਾਣੀ ਵਿੱਚੋਂ ਵੀ ਹਵਾਲੇ ਦਿੱਤੇ ਗਏ ਹਨ।[29] (1 , 26) 49 ਹੁਕਮਨਾਮੇ ਵਿੱਚ ਮੀਹਾ ਸਿੰਘ ਨੂੰ ਰੰਡੀ ਬਾਜੀ ਸੰਬੰਧੀ ਹਦਾਇਤ ਵੇਖੀ ਜਾ ਸਕਦੀ ਹੈ।[30] ਫੀਮ ਤੇ ਸੁਖੇ ਬਾਰੇ ਹਦਾਇਤਾਂ[31] ਬਾਰੇ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਇਹ ਬਿਮਾਰੀਆਂ ਦੀਆਂ ਦੁਆਈਆਂ ਤੇ ਇਲਾਜ ਨਾਲ ਸੰਬੰਧਿਤ ਹਨ ।

ਸਤਿਗੁਰੂ ਜੀ ਰਾਹੀ ਪਾਠ ਕਰਨ, ਮਾਲਾ ਫੇਰਨ, ਭਜਨ ਕਰਨ, ਬਾਣੀਆਂ ਕੰਠ ਕਰਨ ਸੰਬੰਧੀ ਹਦਾਇਤਾਂ ਦਾ ਸੰਬੰਧ ਮਨੁੱਖ ਦੇ ਆਤਮਕ ਵਿਕਾਸ ਦੇ ਨਾਲ ਨਵੀ ਸਦੀ ਦੀਆਂ ਸਮੱਸਿਆਵਾਂ ਚਿੰਤਾਵਾਂ ਤੇ ਮਾਨਸਿਕ ਖਿਚਾਅ ਦੂਰ ਕਰਨ ਨਾਲ ਵੀ ਹੈ । ਸਰਬ ਰੋਗ ਦਾ ਔਖਧ ਨਾਮ ਦੇ ਹਵਾਲੇ[32] ਇਨ੍ਹਾਂ ਸਮੱਸਿਆਵਾਂ ਲਈ ਵੀ ਕਾਰਆਮਦ ਹਨ ।

ਸਤਿਗੁਰੂ ਜੀ ਕਿਰਤ ਦੇ ਸਭਿਆਚਾਰ ਵਿਚ ਵਿਸ਼ਵਾਸ਼ ਰੱਖਦੇ ਸਨ। ਉਨ੍ਹਾ ਨੇ ਵਿਹਲੇ ਰਹਿਣ ਦੇ, ਜੋ ਇਸ ਸਦੀ ਵਿੱਚ ਮੁਸੀਬਤ ਬਣਦਾ ਜਾ ਰਹੀ ਹੈ,

Sri Satguru Jagjit Singh Ji Elibrary NamdhariElibrary@gmail.com

ਵਿਰੋਧ ਵਿੱਚ ਵੀ· ਹਦਾਇਤਾਂ ਦਿੱਤੀਆਂ ਹਨ,[33] (44) ਉਹ ਭਰਾਵਾਂ ਦੇ ਇਕੱਠੇ ਰਹਿਣ ਅਤੇ ਔਰਤਾਂ ਦੇ ਸਿੱਧੇ ਸਿਖਾਏ ਅੱਡ ਨਾ ਹੋਣ ਬਾਰੇ ਵੀ ਸਿੱਖਿਆ ਦਿੰਦੇ ਹਨ।[34] (35) ਅਜੋਕੇ ਖੇਤੀ ਬਾੜੀ ਦੇ ਢਾਂਚੇ ਲਈ ਜਦੋ ਕਿ ਲੈਂਡ ਹੋਲਡਿੰਗ ਦਿਨੋ ਦਿਨ ਘਟ ਰਹੀ ਹੈ , ਉਨ੍ਹਾਂ ਦੀ ਇਹ ਹਦਾਇਤ ਬਹੁਤ ਕਾਰ ਆਮਦ ਹੈ ।

ਸਤਿਗੁਰੂ ਜੀ ਚੜ੍ਹਦੀਆਂ ਕਲਾ ਤੇ ਆਸ਼ਾਵਾਦੀ ਨਜ਼ਰੀਏ ਦੇ ਧਾਰਨੀ ਸਨ। ਅਜੋਕੀ ਸਦੀ ਵਿਚਲੀ ਨਿਰਾਸ਼ਾਵਾਦੀ ਦੀ ਸਮਸਿਆ ਲਈ ਵੀ ਉਨਾਂ ਪਾਸ ਹੱਲ ਹੈ । ਹੁਕਮਨਾਮਿਆਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਹ ਕਦੇ ਵੀ ਨਿਰਾਸ਼ਾ ਵਿਚ ਨਹੀ ਡੁੱਬੇ ਅਤੇ ਨਾ ਹੀ ਉਨ੍ਹਾਂ ਨੇ ਸੰਗਤਾਂ ਨੂੰ ਅਜਿਹਾ ਕਰਨ ਦਿੱਤਾ । ਉਹ ਸਿਰਫ਼ ਆਖਦੇ ਹਨ ਕਿ ਬਖੇਪਤਾ ਕੋਈ ਦਿਨ ਹੈ । ਹਮੇਸਾ ਬਖੇਪਤਾ ਨਹੀ ਰਹਿਣੀ।[35] (34) ਉਨ੍ਹਾਂ ਰਾਹੀ ਪ੍ਰਹਲਾਦਸਰ ਵਾਲੀ ਪੋਥੀ ਦੀ ਪ੍ਰੇਰਣਾ, ਰੂਸ ਦੀ ਆਮਦ ਦੀ ਆਸ[36] ਆਦਿ ਜੁਗਤਾਂ ਆਸ਼ਾਵਾਦ ਦਾ ਵੀ ਸਾਧਨ ਬਣਦੀਆਂ ਮੰਨੀਆਂ ਜਾ ਸਕਦੀਆਂ ਹਨ ।

ਇਉਂ ਅਸੀ ਵੇਖਦੇ ਹਾਂ ਕਿ ਸਤਿਗੁਰੂ ਜੀ ਦੇ ਹੁਕਮਨਾਮੇ ਇਕੀਵੀ ਸਦੀ ਰਾਹੀ ਪ੍ਰਸਤੁਤ ਚਣੌਤੀਆਂ ਦਾ ਸਾਰਥਿਕ ਹੱਲ ਪੇਸ਼ ਕਰਦੇ ਹਨ । ਇਨ੍ਹਾ ਦਾ ਘੇਰਾ ਕੇਵਲ ਨਾਮਧਾਰੀ ਸਮਾਜ ਹੀ ਨਹੀ ਕਿਉਂਕਿ ਸਤਿਗੁਰੂ ਜੀ ਦੀ ਪਹੁੰਚ ਵਿਚ ਵਿਰਕਾਪ੍ਰਸਤੀ ਦੇ ਅੰਸ਼ ਦੀ ਅਣਹੋਂਦ ਸੀ , ਉਨ੍ਹਾਂ ਸਾਹਵੇਂ ਸਾਰਾ ਪੰਜਾਬ ਤਾਂ ਕੀ, ਹਿੰਦੁਸਤਾਨ ਦੀ ਸਮੁੱਚੀ ਮਾਨਵਤਾ ਸੀ । ਸਤਿਗੁਰੂ ਦੀ ਸਿੱਖਿਆ ਸਰਬ ਮਾਨਵਤਾ ਦੇ ਸਾਹਮਣੇ ਚਾਨਣ ਮੁਨਾਰੇ ਵਾਂਗ ਹੈ ਅਤੇ ਸਭ ਦਾ ਫਰਜ ਬਣਦਾ ਹੈ ਕਿ ਉਸ ਤੋਂ ਰਹਿਨੁਮਾਈ ਦੀ ਰੌਸ਼ਨੀ ਪ੍ਰਾਪਤ ਕਰਨ ।

## ਹਵਾਲੇ ਅਤੇ ਟਿੱਪਣੀਆਂ


1. ਰੰਡਾ ਸਿੰਘ, ਕੂਕਿਆਂ ਦੀ ਵਿਥਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990
2. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1998
3. ਉਹੀ, ਪੰਨੇ 100, 181, 199
4. ਉਹੀ, ਪੰਨੇ 144, 496
5. ਉਹੀ, ਪੰਨੇ 451, 413, 192, 241, 461
6 ਉਹੀ, ਪੰਨੇ 101

I

7. ਉਹੀ, ਪੰਨੇ 102
8. ਉਹੀ, ਪੰਨੇ 384
9. ਉਹੀ, ਪੰਨੇ 228, 273
10. ਉਹੀ, ਪੰਨੇ 221
11. ਉਹੀ, ਪੰਨੇ 346-347
12. ਉਹੀ, ਪੰਨੇ 243
13. ਉਹੀ, ਪੰਨੇ 121, 129, 138
14. ਉਹੀ, ਪੰਨੇ 275, 380, 398
15. ਉਹੀ, ਪੰਨੇ 107
16. ਉਹੀ, ਪੰਨੇ 128
17. ਉਹੀ, ਪੰਨੇ 255-56
18. ਉਹੀ, ਪੰਨੇ 255
19. ਉਹੀ, ਪੰਨੇ 296
20. ਉਹੀ, ਪੰਨੇ 297
21. ਉਹੀ, ਪੰਨੇ 276, 376
22. ਉਹੀ, ਪੰਨੇ 443, 103
23. ਉਹੀ, ਪੰਨੇ 200
24. ਉਹੀ, ਪੰਨੇ 99, 100, 114
25. ਉਹੀ, ਪੰਨੇ 218, 378
26. ਉਹੀ, ਪੰਨੇ 449, 454
27. ਉਹੀ, ਪੰਨੇ 216
28. ਉਹੀ, ਪੰਨੇ 101
29. ਉਹੀ, ਪੰਨੇ 104, 298
30. ਉਹੀ, ਪੰਨੇ 403-404, 410
31. ਉਹੀ, ਪੰਨੇ 219, 378
32. ਉਹੀ, ਪੰਨੇ 219
33. ਉਹੀ, ਪੰਨੇ 374
34. ਉਹੀ, ਪੰਨੇ 337
35. ਉਹੀ, ਪੰਨੇ 328
36. ਉਹੀ, ਪੰਨੇ 279, 290

Sri Satguru Jagjit Singh Ji Elibrary NamdhariElibrary@gmail com

Sri Satguru Jagjit Singh Ji Elibrary NamdhariElibrary@gmail.com

# ਲੇਖਕ ਪਰਿਚੈ


1. ਡਾ. ਰਤਨ ਸਿੰਘ ਜੱਗੀ,
ਪ੍ਰੋਫੈਸਰ (ਰਿਟਾ.)
4193-ਅਰਬਨ ਐਸਟੇਟ,
ਫੇਜ਼ II, ਪਟਿਆਲਾ।

2. ਡਾ. ਦਰਸ਼ਨ ਸਿੰਘ
ਪ੍ਰੋਫੈਸਰ (ਰਿਟਾ.)
ਕੋਠੀ ਨੰ: 1360,
ਸੈਕਟਰ 40 B, ਚੰਡੀਗੜ੍ਹ।

3. ਡਾ. ਜੋਗਿੰਦਰ ਸਿੰਘ
ਪ੍ਰੋਫੈਸਰ
ਇਤਿਹਾਸ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

4. ਡਾ. ਜਸਬੀਰ ਸਿੰਘ ਸਾਬਰ
ਪ੍ਰੋਫੈਸਰ (ਰਿਟਾ.)
ਗੁਰੂ ਨਾਨਕ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

5. ਡਾ. ਮਹਿੰਦਰ ਕੌਰ ਗਿੱਲ
ਪ੍ਰਿੰਸੀਪਲ (ਰਿਟਾ.)
ਮਾਤਾ ਸੁੰਦਰੀ ਕਾਲਜ,
ਦਿੱਲੀ ਯੂਨੀਵਰਸਿਟੀ, ਦਿੱਲੀ।

6. ਡਾ. ਗੁਰਨਾਮ ਕੌਰ ਬੇਦੀ
ਸੀਨੀ. ਲੈਕਚਰਾਰ, ਪੰਜਾਬੀ ਵਿਭਾਗ,
ਮਾਤਾ ਸਰੂਪ ਰਾਣੀ ਗੌਰਮਿੰਟ ਕਾਲਜ ਫਾਰ ਵਿਮੈਨ
ਅੰਮ੍ਰਿਤਸਰ।

7. ਡਾ. ਕੰਵਲਜੀਤ ਕੌਰ ਗ੍ਰੋਵਰ
ਰੀਡਰ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

8. ਡਾ. ਜਤਿੰਦਰਪਾਲ ਸਿੰਘ ਜੌਲੀ,
ਰੀਡਰ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

9. ਡਾ. ਜੋਧ ਸਿੰਘ
ਪ੍ਰੋਫੈਸਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

10. ਸ. ਸੁਰਜੀਤ ਸਿੰਘ ਜੀਤ
ਸਤਲੁਜ, 36 ਮਾਰਗੇਰੀ, ਪਾਰਕ ਰੋਡ,
ਫਾਰੈਸਟ ਗੇਟ, ਈ 7934, ਲੰਦਨ
(ਯੂ.ਕੇ.)

11. ਡਾ. ਕਿਰਪਾਲ ਸਿੰਘ ਕਸੇਲ
ਮਕਾਨ ਨੰ: 42262/2
ਮਹਲਾ ਸੂਈ ਗਰਾਂ
ਨੇੜੇ ਰਾਮ ਆਸ਼ਰਮ, ਪਟਿਆਲਾ।

12. ਡਾ. ਸੁਤਿੰਦਰ ਸਿੰਘ ਨੂਰ
ਪ੍ਰੋਫੈਸਰ,
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ,
ਦਿੱਲੀ।

13. ਡਾ. ਬਲਜੀਤ ਕੌਰ
ਪ੍ਰੋਫੈਸਰ,
ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਰਿਜ਼ਨਲ ਸੈਂਟਰ, ਜਲੰਧਰ।

14. ਡਾ. ਧਰਮ ਸਿੰਘ
ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

15. ਡਾ. ਗੁਰਨਾਮ ਸਿੰਘ
ਪ੍ਰੋਫੈਸਰ ਤੇ ਮੁਖੀ,
ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

16. ਡਾ. ਮਿਸਿਜ਼ ਸ਼ਰਨ ਅਰੋੜਾ
ਸੀਨੀ. ਲੈਕਚਰਾਰ (ਰਿਟਾ.)
ਸੰਗੀਤ ਵਿਭਾਗ,
ਖਾਲਸਾ ਕਾਲਜ ਫਾਰ ਵਿਮੈਨ,
ਅੰਮ੍ਰਿਤਸਰ।

17. ਡਾ. ਵੀਰੇਂਦਰ ਕੁਮਾਰ
ਮੁਖੀ, ਸੰਗੀਤ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

18. ਸ. ਜਗਦੀਸ਼ ਸਿੰਘ ਵਰਿਆਮ
ਐਡੀਟਰ 'ਵਰਿਆਮ'
ਨਾਮਧਾਰੀ ਪ੍ਰਿੰਟਰਜ਼,
ਲਾਡੋਵਾਲੀ ਰੋਡ, ਜਲੰਧਰ-144001


Sri Satguru Jagjit Singh Ji Elibrary NamdhariElibrary@gmail.com

19. ਡਾ. ਦੇਵਿੰਦਰ ਸਿੰਘ
ਪ੍ਰੋਫੈਸਰ ਤੇ ਮੁਖੀ
ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ,
ਜੰਮੂ

20. ਡਾ. ਗੁਰਸ਼ਰਨ ਕੌਰ ਜੱਗੀ
ਪ੍ਰਿੰਸੀਪਲ, ਗੌਰਮਿੰਟ ਕਾਲਜ ਫਾਰ
ਵਿਮੈਨ,
ਪਟਿਆਲਾ।

21. ਡਾ. ਮਹੀਪ ਸਿੰਘ,
ਪ੍ਰੋਫੈਸਰ (ਰਿਟਾ.)
ਐਚ-108, ਸ਼ਿਵਾਜੀ ਪਾਰਕ,
ਪੰਜਾਬੀ ਬਾਗ, ਨਵੀ ਦਿੱਲੀ, 26.

22. ਸ. ਤਾਰਾ ਸਿੰਘ ਅਨਜਾਣ
ਲੈਕਚਰਾਰ, ਐਸ.ਸੀ.ਈ.ਆਰ.ਟੀ.
ਦਿੱਲੀ।

23. ਡਾ. ਸੱਯਦ ਆਸਿਫ ਸ਼ਾਹਕਾਰ
ਲਵ ਸਟਿੰਗਨ-4-13550.
ਟਾਈਰੇਸੋ, ਸਵੀਡਨ।

24. ਡਾ. ਰਾਏ ਜਸਬੀਰ ਸਿੰਘ
ਪ੍ਰੋਫੈਸਰ,
ਗੁਰੂ ਨਾਨਕ ਦੇਵ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

## *ਸੰਪਾਦਕ ਪਰਿਚੈ*

## ਡਾ. ਹਰਮਿੰਦਰ ਸਿੰਘ ਬੇਦੀ

*ਐਮ.ਏ. (ਹਿੰਦੀ, ਪੰਜਾਬੀ) ਪੀ.ਐਚ.ਡੀ., ਡੀ. ਲਿਟ.*

* ਹਿੰਦੀ ਅਤੇ ਪੰਜਾਬੀ ਵਿੱਚ 30 ਕਿਤਾਬਾਂ ਦੇ ਲੇਖਕ
* ਸਮਕਾਲੀ ਹਿੰਦੀ ਕਵਿਤਾ ਦੇ ਪ੍ਰਮੁੱਖ ਹਸਤਾਖਰ।
* ਰਾਸ਼ਟਰਪਤੀ ਵੱਲੋਂ ਹਿੰਦੀ ਸੇਵਾ ਲਈ ਸਨਮਾਨਿਤ।
* ਭਾਰਤ ਸਰਕਾਰ ਦੇ ਹਿੰਦੀ ਸਲਾਹਕਾਰ।
* ਹਿੰਦੀ ਸਾਹਿਤਯ ਸੰਮੇਲਨ ਇਲਾਹਾਬਾਦ ਵੱਲੋਂ ਸਾਹਿਤਯ ਮਹਾ ਮਹੋ ਉਪਾਧਿਆਇ ਦੀ ਡਿਗਰੀ ਨਾਲ ਸਨਮਾਨਿਤ।
* ਉਤਰ ਪ੍ਰਦੇਸ਼ ਸਾਹਿਤ ਅਕੈਡਮੀ ਵੱਲੋਂ ਸ਼ਿਰੋਮਣੀ ਸਾਹਿਤਕਾਰ ਵਜੋਂ ਪੁਰਸਕ੍ਰਿਤ
* ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਅਰਬਿੰਦੂ ਘੋਸ਼, ਮਹਾਤਮਾ ਗਾਂਧੀ ਉਪਰ ਮੋਨੋਗ੍ਰਾਫ ਪ੍ਰਕਾਸ਼ਿਤ।
* ਨਾਮਧਾਰੀ ਲਹਿਰ ਪੁਸਤਕ ਦੇ ਸੰਪਾਦਕ।
- ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੇ ਮੁੱਖੀ ਅਤੇ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

## ਜਸਵਿੰਦਰ ਸਿੰਘ

* ਨਾਮਧਾਰੀ ਇਤਿਹਾਸ ਸਾਹਿਤ ਦੇ ਪ੍ਰਮਾਣਿਕ ਵਿਦਵਾਨ
* ਨਾਮਧਾਰੀ ਸਾਹਿਤ ਦੇ ਦੁਰਲਭ ਖਰੜਿਆਂ ਦਾ ਸੰਪਾਦਕ।
* ਨਾਮਧਾਰੀ ਲਹਿਰ ਪੁਸਤਕ ਦੇ ਸਹਾਇਕ ਸੰਪਾਦਕ

ਪਤਾ : 2348 ਬੀ, ਰਾਜਾ ਪਾਰਕ ਸ਼ਕੂਰ ਬਸਤੀ, ਦਿੱਲੀ-110034.

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ISBN 81-7770-107-X

Sri Satguru Jagjit Singh Ji Elibrary NamdhariElibrary@gmail.com